# ਝਨਾਂ ਦੀ ਰਾਤ

ਹਰਿੰਦਰ ਸਿੰਘ ਮਹਿਬੂਬ

WWW.SIKHBOOKCLUB.COM

# ਤਨਾਂ ਦੀ ਰਾਤ

# ਝਨਾਂ ਦੀ ਰਾਤ

ਹਰਿੰਦਰ ਸਿੰਘ ਮਹਿਬੂਬ

ਸਿੰਘ ਬ੍ਰਦਰਜ਼
ਅੰਮ੍ਰਿਤਸਰ

JHANAN DI RAAT
(A collection of Punjabi Poetry)
*by*
HARINDER SINGH MEHBOOB

*ਸਾਹਿਤ ਅਕੈਡਮੀ, ਨਵੀਂ ਦਿੱਲੀ ਦੁਆਰਾ ਪੁਰਸਕ੍ਰਿਤ*

ISBN 81-7205-280-4

ਪਹਿਲੀ ਵਾਰ ਜਨਵਰੀ 1990
ਦੂਸਰੀ ਵਾਰ ਫ਼ਰਵਰੀ 2006

**ਮੁੱਲ : 375-00 ਰੁਪਏ**

*ਪ੍ਰਕਾਸ਼ਕ :*
**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਛਾਪਕ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਨਜ਼ਮਾਂ ਦੀ ਝਲਕ


*ਕਵਿਤਾ ਦੇ ਦੂਰ ਦਿਸਹੱਦੇ* 11

*ਤੇਰਾਂ ਵਰ੍ਹੇ ਪਿੱਛੋਂ* 40

**1. ਵਣ-ਵੈਰਾਗ 41-88**

1. ਭਰਮ-ਭੈਅ 45
2. ਸੁੱਤੀ ਨਾਰ 46
3. ਕੰਤ 48
4. ਕਿਸੇ ਜਾਂਗਲੀ ਨਾਰ ਨੂੰ 51
5. ਸੰਜੋਗ-ਵਿਜੋਗ 52
6. ਬਨਬਾਸ 59
7. ਪਛਤਾਵਾ 61
8. ਸੰਦਾਂ ਦੇ ਦੇਸ ਵਿਚ 63
9. ਇਕ ਅਰਜ਼ : ਕਾਲੀ ਰਾਤ ਦੇ ਜੋਬਨ ਅੱਗੇ 64
10. ਲੂੰਆਂ 68
11. ਪਹਾੜਾਂ ਦੀ ਵੇਦਨਾ 70
12. ਲਾਸ਼ 71
13. ਰੂਹਾਂ ਦਾ ਪਹੁਫਟਾਲਾ 74

**2. ਰੁੱਤਾਂ ਦੇ ਭੇਦ-ਭਰੇ ਖ਼ਤ 89-122**

1. ਅੰਮ੍ਰਿਤ ਵੇਲੇ ਦੀ ਲੋਅ 93
2. ਬਨਬਾਸੀ 95
3. ਰੁੱਤਾਂ ਦੇ ਸਖੀ ਵੱਲ ਲਿਖੇ ਖ਼ਤ 97

**3. ਪਿਆਰੇ ਦਾ ਦੇਸ 123-324**

1. ਉਮਰ ਦੇ ਰਾਹਾਂ ਤੇ 127
2. ਬੇਨਿਆਜ਼ਾਂ ਦੀ ਬਾਤ 128
3. ਫ਼ਜਰਾਂ ਦੀ ਕੋਲ 129
4. ਸ਼ਿੰਗਾਰ 130
5. ਉਠਾਂ ਵਾਲਿਆਂ ਦਾ ਵਿਜੋਗ 131
6. ਪੂਰਨ ਸਿੰਘ ਨੂੰ 133
7. ਸ਼ਹੀਦ ਉਧਮ ਸਿੰਘ ਨੂੰ 135
8. ਉਦਾਸ ਨੈਣ 136
9. ਮਨ ਪ੍ਰਦੇਸੀ 138
10. ਸਾਂਦਲ ਬਾਰ ਦੀ ਯਾਦ ਵਿਚ 140
11. ਵਤਨ ਦੀਆਂ ਜੂਹਾਂ ਵਿਚ 141
12. ਇਕ ਗੀਤ—ਠੰਢੀ ਹਵਾ ਨੇ 142
13. ਗੀਤ ਅੱਲਾ ਦੇ 143
14. ਸਰਕਾਰ ਨੂੰ 144
15. ਇਕ ਗੀਤ—ਵਣ ਵਲ ਜਾਂਦੇ 146
16. ਇਗ ਗੀਤ—ਜਾਗੋ ਨੀ ਕੂੰਬਲੋ 147
17. ਸ਼ਹੀਦ ਭਗਤ ਸਿੰਘ ਨੂੰ ਆਵਾਜ਼ਾਂ 148
18. ਇਕ ਗੀਤ—ਅਸਾਂ ਸਿਖਰ ਦੁਪਹਿਰਾਂ 151
19. ਇਕ ਗੀਤ—ਸ਼ਹੁ ਦੂਰ ਤੇ 152
20. ਸ਼ਾਮ ਸਿੰਘ ਅਟਾਰੀ ਵਾਲੇ ਦੀ ਵਿਦਾਇਗੀ 153
21. ਸਲਾਮ 155
22. ਧ੍ਰੂਵ ਤਾਰਾ 156
23. ਤੱਤੀ ਤਵੀ ਤੇ 157
24. ਕਾਫ਼ਰਾਂ ਦਾ ਗੀਤ— ਇਸ ਚਰਖ਼-ਜ਼ਿਮੀਂ ਨੂੰ 158

25. ਹੁੱਲਿਆ ਸਾਵਨ 159
26. ਹੀਰ ਦਾ ਨਜ਼ਾਰਾ 160
27. ਵਸਲ ਦੀ ਕੂਕ—
ਮੈਂ ਕਿਉਂ ਨਦੀਆਂ ਸੰਗ 162
28. ਫ਼ਕੀਰਾਂ ਦਾ ਗ਼ਜ਼ਬ 163
29. ਗਾਮੇ ਦੀ ਕਿਲਕਾਰੀ 166
30. ਗਾਮੇ ਦਾ ਇਲਾਹੀ ਜਲਾਲ 167
31. ਇਕ ਦੋਸਤ ਦੇ
ਗੀਤ ਨੂੰ ਸੁਣ ਕੇ 169
32. ਕੇਸਰ ਪਹਿਲਵਾਨ
ਦੀ ਸ਼ਾਨ ਵਿਚ 170
33. ਇਕ ਦੋਸਤ ਨੂੰ 171
34. ਪੰਜਾਬਣ ਦਾ ਗੀਤ 172
35. ਵਣਾਂ ਦਾ ਰਾਹੀ 173
36. ਦਰਿਆਵਾਂ ਦੇ ਹਾਲ 174
37. ਸ਼ਹੀਦ ਭਗਤ ਸਿੰਘ
ਦੀ ਯਾਦ ਵਿਚ 175
38. ਬੁੱਲ੍ਹੇ ਸ਼ਾਹ ਨੂੰ 177
39. ਪਿਆਰੇ ਦੇ ਦੇਸ ਨੂੰ ਅਲਵਿਦਾ 178
40. ਸਿਰਲੱਥ ਸਿਪਾਹੀ ਨੂੰ 182
41. ਮੁਜਾਹਿਦ ਨੂੰ 183
42. ਵਾਰਿਸ ਸ਼ਾਹ ਨੂੰ 184
43. ਝਨਾਂ ਦੀ ਨਾਰ ਨੂੰ 185
44. ਸ਼ਾਹ ਹੁਸੈਨ ਨੂੰ 186
45. ਦੋ ਸ਼ਹੀਦ 189
46. ਵਾਰਿਸ ਸ਼ਾਹ ਕੋਲ
ਇਕ ਫ਼ਰਿਆਦ 190
47. ਸ਼ਾਹ ਮੁਹੰਮਦ ਨੂੰ ਯਾਦ ਕਰ ਕੇ 192
48. ਇਕ ਗੀਤ—ਦੇਸਾਂ ਦਾ ਵੇਸ
ਵਟਾ ਕੇ ਜੋਗੀ 193
49. ਇਕ ਗੀਤ—ਤੂੰ ਦਰਿਆਵਾਂ
ਦਾ ਨੀਰ ਨੀ 194
50. ਪੱਛਮੀ ਪੰਜਾਬ ਦੇ ਲੋਕਾਂ ਨੂੰ 195
51. ਪੱਛਮੀ ਪੰਜਾਬ ਦੇ ਲੋਕਾਂ ਨੂੰ 198
52. ਸ਼ਹੀਦ ਭਗਤ ਸਿੰਘ ਦੇ
ਅੰਗਿਆਰਾਂ ਕੋਲ 200
53. ਵੇ ਜਾਂਗਲੀ ਛੈਲ ਛਬੀਲਿਆ 202
54. ਸਾਹਿਬਾਂ ਦੀ ਸੱਦ ਮਿਰਜ਼ੇ ਨੂੰ 203
55. ਢੋਲਣ ਮੁਜਾਹਿਦ 208
56. ਫ਼ਜਰ ਦੇ ਪੱਤਣਾਂ ਉੱਤੇ ਮੌਤ 210
57. ਸੋਹਣੇ ਦਾ ਸ਼ੌਕ 212
58. ਵੈਰਾਗ ਦੀ ਉਮਰ 215
59. ਤਲਬ ਗ਼ਰੀਬਾਂ ਦੀ 217
60. ਇਕ ਗੀਤ—
ਤੁਰਦਾ ਆਏ ਲਟਕੰਦੜਾ 218
61. ਮੁਰੀਦ ਦੀ ਤਲਬ 219
62. ਇਕ ਗੀਤ—
ਤੇਰੇ ਰਾਹ ਕਮਲੀ ਹੋ 221
63. ਕੌਲ ਫ਼ਕੀਰਾਂ ਦੇ 223
64. ਇਕ ਅਰਜ਼ 225
65. ਲੰਘੇ ਸਮੇਂ 226
66. "ਨੂਰ" ਨਾਲ ਚੰਡੀਗੜ੍ਹ
ਦੀਆਂ ਸੜਕਾਂ 'ਤੇ ਤੁਰਦਿਆਂ 227
67. ਬਿਜਲੀਆਂ ਦਾ ਹਾਸਾ 228
68. ਯਾਰਾਂ ਦਾ ਖ਼ੁਦਾਈ ਹਾਸਾ 229
69. ਮੈਂ 230
70. ਦਰਵੇਸ਼ਾਂ ਦੇ ਸਫ਼ਰ 232
71. ਡਾਕਟਰ ਮੁਹੰਮਦ ਇਕਬਾਲ ਨੂੰ 234
72. ਲਾਹੌਰ 235
73. ਗ਼ਦਰੀ ਬਾਬੇ ਨੂੰ 237
74. ਝਨਾਂ ਕਿਨਾਰੇ ਇਕ ਸੰਵ 239
75. ਇਕ ਗੀਤ—ਕੂੜੇ ਕੇਸ ਤੇਰੇ ਜਦ 240
76. ਕੁਲ ਆਲਮ ਮੇਰੀ ਨਜ਼ੀਰ... 241
77. ਏਥੋਂ ਤਖਤ ਹਜ਼ਾਰਾ ਦੂਰ... 242
78. ਬਹੁ ਦਰਿਆਵਾਂ ਦਾ ਮਾਣ... 246
79. ਕਿਉਂ ਬਾਗ਼ਾਂ ਨਾਲ ਪਿਆਰ... 248
80. ਜਦ ਪੈਣ ਬੂਰ ਨੂੰ ਛੱਲਾਂ... 249
81. ਪੰਜਾਬ ਦੀ ਇਕ
ਕੁੜੀ ਨੂੰ ਵੇਖ ਕੇ 250
82. ਪੰਜਾਬ ਦੀ ਵਾ 263
83. ਗੀਤ—ਮੈਂ ਬਾਂਦੀ
ਨਜ਼ਰ ਦੇ ਸ਼ਾਹ ਦੀ... 265

84. ਗੀਤ—ਤੂੰ ਪੁੱਤ ਦਰਿਆਵਾਂ ਦਾ... 267
85. ਗਿਆ ਸੂਰਜ ਛਿਪਦਾ ਨਾਲ... 269
86. ਚੜ੍ਹੇ ਸਤਲੁਜ ਦੀ ਸ਼ਾਨ 272
87. ਰਾਂਝੇ ਜੋਗੀ ਦਾ ਰੰਗਪੁਰ ਵਿਚ ਵੜਨਾ 274
88. ਪੋਠੋਹਾਰ ਦੀ ਫ਼ਜਰ ਦਾ ਗੀਤ 279
89. ਗੋਰਖ ਨਾਥ ਜੋਗੀ ਦਾ ਆਵੇਸ਼ 281
90. ਜੋਗ ਦੇ ਪੈਂਡੇ 288
91. ਰੋਹੀਆਂ ਦੇ ਨਾਗ ਦਾ ਹੁਸਨ 294
92. ਸੁੰਨਾ ਜੰਡ 296
93. ਸਫ਼ਰ 298
94. ਚੁੱਕ ਅੰਬਰ ਮਿਰੀ ਸਦਾ... 302
95. ਬਿਆਸਾ ਦਾ ਗੀਤ 304
96. ਜਿਹਲਮ ਦਾ ਗੀਤ 306
97. ਸੋਹਣਿਆਂ ਮ੍ਹਾਰੂਆ 307
98. ਸੂਫ਼ੀਆਂ ਦਾ ਗੀਤ— ਹਿੱਕ ਅਰਜ਼ ਗ਼ਰੀਬਣੀ ਨਾਰ ਦੀ 310
99. ਸੂਫ਼ੀਆਂ ਦਾ ਗੀਤ— ਇਹ 'ਵਾਜ ਅਲਾਹ ਦੇ... 313
100. ਗੀਤ—ਤੋਤੇ ਦੇ ਪਰ ਹੇਠ... 315
101. ਪਿਆਰੇ ਦੇ ਦੇਸ ਵਿਚ ਮੌਤ ਅਤੇ ਜੀਵਨ ਦੇ ਝਲਕੇ 317

## 4. ਆਖ਼ਰੀ ਸ਼ਾਮ 325-430

1. ਪੈਗ਼ੰਬਰ ਦਾ ਸਫ਼ਰ 329
2. ਕਾਲੇ ਖੂਹ ਵਿਚ ਪੂਰਨ ਦੀ ਫ਼ਰਿਆਦ 334
3. ਮਹਾਰਾਜਾ ਦਲੀਪ ਸਿੰਘ ਦੇ ਜਾਣ ਉੱਤੇ 339
4. ਭਰਿਆ ਹੋਇਆ ਉਦਾਸ ਮੇਲਾ 344
5. ਡਾਢਿਆਂ ਦੇ ਦਰਦ 348
6. ਅਜ਼ਾਨ 350
7. ਬਨਬਾਸ ਦੀਆਂ ਵਾਟਾਂ 352
8. ਰਹਿਮ 354
9. ਈਮਾਨ ਦਾ ਸਫ਼ਰ 356
10. ਚਾਵਾਂ ਦੀ ਰੁੱਤ 360
11. ਰਾਹ ਜਾਂਦੇ ਫ਼ਕੀਰ ਨੂੰ ਇਕ ਮਸਤ ਪੰਜਾਬਣ ਦੇ ਵਲਵਲੇ 362
12. ਇਕਰਾਰ 366
13. ਝਨਾਂ ਦੇ ਵਿਛੜੇ ਮੇਲਿਆਂ ਵਿਚ 368
14. ਮਾਹੀ ਦੀਆਂ ਯਾਦਾਂ ਮਾਹੀ ਦੇ ਵਸਦੇ ਦੇਸ ਵਿਚ 370
15. ਪੂਰਨ ਜੋਗੀ ਨੂੰ ਵੇਖ ਕੇ ਸੁੰਦਰਾਂ ਦੇ ਵਲਵਲੇ 373
16. ਹਸ਼ਰ ਦਿਹਾੜੇ ਦੇ ਮੇਲੇ 376
17. ਝੂੰਦਾਂ ਪਿੰਡ ਨੂੰ 378
18. ਮਨ ਪਰਦੇਸੀ ਜੇ ਥੀਐ 381
19. ਨਨਕਾਣੇ ਦੀਆਂ ਜੂਹਾਂ ਵਿਚ 383
20. ਵਾਟਾਂ ਫ਼ਕੀਰੀ ਦੀਆਂ 386
21. ਇਕ ਫ਼ਕੀਰ ਸੀਰਤ ਕੁੜੀ ਦੇ ਵਲਵਲੇ 388
22. ਵੈਰਾਗ ਦੀਆਂ ਵਾਟਾਂ 391
23. ਵੀਰਾਨ ਰਾਹਾਂ 396
24. ਸੂਫ਼ੀਆਂ ਦਾ ਗੀਤ— ਇਸ ਸੁੱਕੇ ਸ਼ਹੁ ਦੇ... 398
25. ਇਕ ਕਾਫ਼ੀ—ਉੱਚੇ ਟਿੱਬੇ... 400
26. ਸੂਫ਼ੀਆਂ ਦਾ ਗੀਤ— ਸਾਨੂੰ ਯਾਦ ਅੱਲਾ ਦੀਆਂ... 401
27. ਸ਼ਕਲ ਅਨਾਦਿ 402
28. ਸੂਫ਼ੀਆਂ ਦਾ ਗੀਤ— ਕੁੱਲ ਅੰਬਰ-ਜ਼ਿਮੀਂ... 404
29. ਵਾਹਗੇ ਤੋਂ ਪਾਰ ਵਸਦੇ ਪੰਜਾਬ ਨੂੰ ਅਸੀਸ 405
30. ਵੱਖਰਾ ਰਾਹ 408
31. ਸਿਦਕ ਦੇ ਮੋੜ 'ਤੇ 411
32. ਸਿੱਖ ਸ਼ਹੀਦ ਦੀ ਅਰਦਾਸ (ਕਲਗ਼ੀਆਂ ਵਾਲੇ ਦੇ ਦਰਬਾਰ ਵਿਚ) 413
33. ਫ਼ਨਾ ਦੇ ਮੁਕਾਮ 'ਤੇ 419
34. ਰਾਵੀ ਦੀ ਹੇਕ 421

## 5. ਝਨਾਂ ਦੀ ਰਾਤ (ਬੇਲਿਆਂ ਦੀ ਕੰਨਸੋਅ) 431-592


1. ਪੁਰਾਣੇ ਕਾਫ਼ਲਿਆਂ ਦੀ ਉਡੀਕ ਵਿਚ ਖਲੋਤੀ ਜਾਂਗਲੀ ਛੋਹਰ ਨੂੰ 435
2. ਇਕ ਵੀਰਾਨ ਮਸਜਿਦ ਨੂੰ ਵੇਖ ਕੇ 438
3. ਰਾਤ ਦੇ ਪਰਛਾਵਿਆਂ ਵਿਚ ਉੱਡਦੀ ਸੁੰਦਰੀ ਨੂੰ 440
4. ਇਕ ਅੰਞਾਣ ਜਿੰਦੜੀ ਨੂੰ 441
5. ਬੇਲਿਆਂ ਵਿਚ ਮਾਹੀ ਦੇ ਸੁਪਨੇ 443
6. ਬੇਲਿਆਂ ਵੱਲ ਜਾਂਦੀ ਸੋਹਣੀ ਨੂੰ 444
7. ਸੁੱਕੇ ਸਤਲੁਜ ਨੂੰ ਵੇਖ ਕੇ 447
8. ਸਾਜਨ ਦੇਸਿ ਵਿਦੇਸੜੀਏ ਸਾਨੇਹੜੇ ਦੇਦੀ 451
9. ਮੁੱਢ ਕਦੀਮ ਦੀਆਂ ਗਲੀਆਂ ਵਿਚ 454
10. ਵਿਛੜਿਆਂ ਦੇ ਮੇਲੇ 461
11. ਮਨ ਪਰਦੇਸੀ ਜੇ ਥੀਐ 463
12. ਛਲਦਾ ਜੋਬਨ 472
13. ਅੰਬਾਂ ਦੇ ਬਾਗ਼ਾਂ ਵਿਚ ਪੱਤਝੜ ਦੀ ਇਕ ਦੁਪਹਿਰ 474
14. ਬਿਆਸ ਦੇ ਕੰਢਿਆਂ 'ਤੇ ਪੱਤਝੜ ਦੀ ਇਕ ਸ਼ਾਮ 476
15. ਮੋਇਆਂ ਦੇ ਰਾਹ ਤੋਂ 479
16. ਸਦਾ ਉਡੀਕਾਂ 481
17. ਸੰਜੋਗ-ਵਿਜੋਗ ਦੀਆਂ ਨਦੀਆਂ 483
18. ਝਨਾਂ ਦੀ ਰਾਤ 492
19. ਸੋਹਣੀ ਦੀ ਆਖ਼ਰੀ ਰਾਤ 560
20. ਮਿਰਜ਼ੇ ਦੀ ਨੀਂਦ 575


## 6. ਕੁਰਲਾਉਂਦੇ ਕਾਫ਼ਲੇ 593-728


*ਸਰਗ ਪਹਿਲਾ :*
ਨਨਕਾਣਾ ਸਾਹਿਬ ਦੀਆਂ ਗਲੀਆਂ ਵਿਚ ਵਿਛੜੇ ਲੋਕਾਂ ਦਾ ਮੇਲਾ 597
*ਸਰਗ ਦੂਸਰਾ :*
ਕਾਫ਼ਲਾ ਸੁਪਨੇ ਵਿਚ 610
*ਸਰਗ ਤੀਸਰਾ :*
ਨੂਰ ਮਹਿਲ ਨੂੰ ਵਾਪਸੀ 639
*ਸਰਗ ਚੌਥਾ :*
ਬਾਲ ਵਰੇਸ ਦਾ ਇਕ ਸਫ਼ਰ 677
*ਸਰਗ ਪੰਜਵਾਂ :*
ਕੁਰਲਾਉਂਦੇ ਕਾਫ਼ਲੇ 693


## 7. ਸ਼ਹੀਦ ਦੀ ਅਰਦਾਸ 729-831


1. ਸ਼ਹੀਦ ਦੀ ਅਰਦਾਸ 733
2. ਸੁੰਞੇ ਵਿਹੜੇ 770
3. ਮੁੜ ਆ ਮਾਹੀ 772
4. ਮੁਹੰਮਦ ਸਾਹਿਬ ਦੇ ਇਕ ਸੁਪਨੇ ਪਿੱਛੋਂ 774
5. ਸੱਸੀ ਦੇ ਤਿਲ੍ਹਕਦੇ ਰੰਗ 776
6. ਵੇਦਨਾ ਦੇ ਚਾਰ ਪਹਿਰ 779
7. ਸਿੱਖ ਕੌਮ ਦੇ ਸਮੇਂ ਨੂੰ ਸ਼ਿਕਵੇ 781
8. ਖ਼ੂਨੀ ਸਾਕਿਆਂ ਪਿੱਛੋਂ 783
9. ਰਮਜ਼ਾਂ 787
10. ਪੱਛਮੀ ਪੰਜਾਬ ਦੇ ਲੋਕਾਂ ਦੀ ਫ਼ਰਿਆਦ 808
11. ਗੁਰੂ ਦੀ ਸ਼ਹੀਦਾਂ ਨੂੰ ਅਸੀਸ 810
12. ਤਿੰਨ ਦੁਆਵਾਂ 827
13. ਨੀਂਦਾਂ ਦਾ ਕਤਲ ਅਤੇ ਸ਼ਹੀਦ ਦਾ ਗਜ਼ਬ 829

# ਧੰਨਵਾਦ

*ਝਨਾਂ ਦੀ ਰਾਤ* ਦਾ ਦੂਸਰਾ ਸੰਸਕਰਣ ਛਾਪਣ ਉੱਤੇ ਮੈਂ ਆਪਣੇ ਦਰਿਆ ਦਿਲ ਪ੍ਰਕਾਸ਼ਕ 'ਸਿੰਘ ਬ੍ਰਦਰਜ਼' ਦਾ ਉਸ ਅੰਦਾਜ਼ ਵਿਚ ਧੰਨਵਾਦ ਕਰਦਾ ਹਾਂ, ਜਿਸ ਨੂੰ ਕਿ ਸਮਾਂ ਕਦੇ ਵੀ ਰਸਮੀ ਬੰਧਨ ਵਿਚ ਨਹੀਂ ਸੁੰਗੜਾਵੇਗਾ। [ਉਂਜ ਮੈਂ *ਝਨਾਂ ਦੀ ਰਾਤ* ਦੇ ਪਹਿਲੇ ਪ੍ਰਕਾਸ਼ਕ ਸ੍ਰੀ ਸੋਹਨ ਲਾਲ, ਖੰਨਾ (ਜਲੰਧਰ) ਦੇ ਪਿਆਰ ਦੀ ਮਧੁਰ ਕੋਮਲਤਾ ਨੂੰ ਵੀ ਨਹੀਂ ਭੁੱਲਿਆ।] ਹਾਂ, ਇਸ ਛਿਣ ਮੈਂ ਮਹਿਸੂਸ ਕਰਦਾ ਹਾਂ ਕਿ ਮੇਰੇ ਹੁਣ ਵਾਲੇ ਪ੍ਰਸਿੱਧ ਪ੍ਰਕਾਸ਼ਕ 'ਸਿੰਘ ਬ੍ਰਦਰਜ਼' ਸਾਲਾਂ ਤੋਂ ਸਾਹਿਤਿੱਕ ਸੁਹਜ ਅਤੇ ਸਿੱਖ ਕ੍ਰਿਤ ਦਾ ਇਕ ਦਿਲਕਸ਼ ਸੰਗਮ ਬਣਾ ਰਹੇ ਹਨ। ਜੀਣ-ਥੀਣ ਦੀਆਂ ਕੁਦਰਤੀ ਸ਼ਰਤਾਂ ਦਾ ਨਿਭਾਉ ਹੋਣ ਪਿੱਛੋਂ ਲਾਭ-ਹਾਣ ਦੇ ਸੰਸਾਰੀ ਚਕਰਵਿਊ ਨੂੰ ਮੁਨਾਸਿਬ ਹੱਦ ਤਕ ਤੋੜ ਕੇ 'ਸਿੰਘ ਬ੍ਰਦਰਜ਼' ਗੁਰਮਤਿ ਵਾਲੀ ਸ਼ੁੱਧ ਕ੍ਰਿਤ ਦੇ ਰਹੱਸ ਨੂੰ ਪਹਿਚਾਣਦੇ ਹਨ ਅਤੇ ਇਸੇ ਲਈ ਉਹ ਹਮੇਸ਼ਾ ਮਾਨਵੀ ਰਿਸ਼ਤਿਆਂ ਨੂੰ ਪਹਿਲ ਦਿੰਦੇ ਹਨ। (ਉਹਨਾਂ ਨਾਲ ਕਵੀ ਨੂੰ ਲੰਮਾ ਸਮਾਂ ਵਰਤਣ ਪਿੱਛੋਂ ਉਹਨਾਂ ਦੀ ਇਸ ਸਿਫ਼ਤ ਦਾ ਅਨੁਭਵ ਹੋਇਆ ਹੈ)।

'ਸਿੰਘ ਬ੍ਰਦਰਜ਼' ਦੀ ਰੂਹਿ ਰਵਾਂ ਸਰਦਾਰ ਗੁਰਸਾਗਰ ਸਿੰਘ ਐਮ.ਏ. ਨਿਰੇ ਪ੍ਰਕਾਸ਼ਕ ਹੀ ਨਹੀਂ ਹਨ, ਬਲਕਿ ਪੁਸਤਕਾਂ ਛਾਪਣ ਦੀ ਉੱਤਮ ਕਿਰਤ ਕਰਦਿਆਂ ਉਹ ਪੰਜਾਬੀ ਕਲਚਰ ਦੇ ਸੁਹਜ ਦੇ ਵਣਜਾਰੇ ਹੋ ਨਿਬੜੇ ਹਨ।

ਹਰਿੰਦਰ ਸਿੰਘ ਮਹਿਬੂਬ

ਗਿਆ ਸੂਰਜ ਛਿਪਦਾ ਨਾਲ ਮਿਰੇ,
ਕੋਈ ਤੁਰ ਗਿਆ ਦੀਵੇ ਬਾਲ ਮਿਰੇ।

ਚੜ੍ਹ ਸਮਾਂ ਨਜ਼ਰ ਦੇ ਲਹੂ ਗਿਆ,
ਰਾਹ ਡਿੱਗੇ ਘੋੜ ਚੁਫਾਲ ਮਿਰੇ।

ਡਿਗ ਪੈਂਦੇ ਸੂਰਜ ਅਰਸ਼ਾਂ ਤੋਂ,
ਰੰਗ ਲੈਂਦੇ ਕਦਮ ਸੰਭਾਲ ਮਿਰੇ।

ਮੈਂ ਸਬਕ ਸ਼ਰਾ ਦਾ ਯਾਦ ਕਰਾਂ,
ਪਈ ਵਿਹੜੇ ਪਵੇ ਧਮਾਲ ਮਿਰੇ।

ਟੁੱਟ ਪੈਣ ਫ਼ਕੀਰਾਂ ਦੇ ਕਾਸੇ,
ਸਿਰ ਸ਼ਾਹਾਂ ਚੜ੍ਹਣ ਜਲਾਲ ਮਿਰੇ।

ਸੁੰਨ ਛੱਡ ਗਿਆ ਵਿਚ ਰੋਹੀਆਂ ਮੈਂ,
ਪਏ ਦਸਦੇ ਬਿਰਖ ਹਵਾਲ ਮਿਰੇ।

*(ਪਿਆਰੇ ਦਾ ਦੇਸ, ਸ.ਫ਼ਾ 269 ਤੋਂ)*

# ਕਵਿਤਾ ਦੇ ਦੂਰ ਦਿਸਹੱਦੇ

## (ਕੁਝ ਟਿੱਪਣੀਆਂ—ਕੁਝ ਯਾਦਾਂ)

## (ੳ)

### 1

ਜਦੋਂ ਇਤਿਹਾਸ ਅਤੇ ਦਰਸ਼ਨ ਦੇ ਦੂਰ ਦਿਸਹੱਦਿਆਂ ਦੀ ਤਲਾਸ਼ ਵਿਚ ਤੁਰੀ ਨਸਰ ਵਿਚ ਲਿਖੀ ਮੇਰੀ ਲੰਮੀ ਪੁਸਤਕ *ਸਹਿਜੇ ਰਚਿਓ ਖ਼ਾਲਸਾ* ਮਾਰਚ 1988 ਵਿਚ ਛਪੀ, ਤਾਂ ਮੇਰੇ ਬਹੁਤ ਸਾਰੇ ਮੁਢ-ਕਦੀਮੀ ਅਤੇ ਨਵੇਂ ਦੋਸਤਾਂ ਵਲੋਂ *ਝਨਾਂ ਦੀ ਰਾਤ* ਦੇ ਛਾਪਣ ਦੀ ਫ਼ਰਮਾਇਸ਼ ਆਈ। ਉਂਞ ਤਾਂ ਪਿਛਲੇ ਦਸ ਸਾਲ ਤੋਂ ਮੇਰੇ ਦੋਸਤਾਂ ਦੀ ਅਪਣੱਤ ਇਹਨਾਂ ਕਵਿਤਾਵਾਂ ਨੂੰ ਛਾਪਣ ਦੀ ਪ੍ਰੇਰਣਾ ਮੇਰੇ ਅੰਦਰ ਜਗਾ ਰਹੀ ਸੀ, ਪਰ ਪ੍ਰੇਰਣਾ ਵੀ ਕਵਿਤਾ ਵਾਂਗ ਆਪਣੀ ਸੰਪੂਰਣਤਾ ਦੇ ਲਮਹੇ ਦੀ ਉਡੀਕ ਵਿਚ ਰਹਿੰਦੀ ਹੈ, ਜਦੋਂ ਕਿ ਮੁਕੰਮਲ 'ਹਾਂ' ਇਸ ਨਾਲ ਬਗ਼ਲਗੀਰ ਹੁੰਦੀ ਹੈ, ਅਤੇ ਅਮਲ ਦਾ ਚਾਅ ਭਰਿਆ ਸਫ਼ਰ ਸ਼ੁਰੂ ਹੁੰਦਾ ਹੈ। ਸੋ, ਪ੍ਰੇਰਣਾ ਦੇ ਮੁਕੰਮਲ ਹੋਣ ਦੀ ਉਹ ਘੜੀ *ਝਨਾਂ ਦੀ ਰਾਤ* ਦੇ ਸਿਰ ਉੱਤੇ ਆ ਖੜੀ ਹੋਈ।

ਇਹਨਾਂ ਹੀ ਦਿਨਾਂ ਵਿਚ ਮੇਰੇ ਹੁਸ਼ਿਆਰਪੁਰੀ ਦੋਸਤ ਸਿਰਦਾਰ ਚੇਤੰਨ ਸਿੰਘ ਖ਼ਾਲਸਾ (ਭਾਸ਼ਾ ਵਿਭਾਗ, ਪਟਿਆਲਾ) ਦੀ ਸੁਹਿਰਦਤਾ ਉਸ ਸਮੇਂ ਇਕ ਨਿਰਾਲੇ ਰੰਗ ਵਿਚ ਪ੍ਰਗਟ ਹੋਈ, ਜਦੋਂ ਉਹਨਾਂ ਨੇ ਆਪਣੇ ਪਿਆਰ ਦੇ ਧਿਆਨੀ ਨਸ਼ੇ ਦੇ ਸਦਕੇ *ਝਨਾਂ ਦੀ ਰਾਤ* ਦੀਆਂ ਕੁਲ ਕਾਵਿ-ਪੁਸਤਕਾਂ ਨੂੰ ਸਿਰਫ਼ ਦੋ ਮਹੀਨਿਆਂ ਵਿਚ ਹੀ ਆਪਣੀ ਹੁਸੀਨ ਲਿਖਤ ਦਾ ਜਾਮਾ ਪਹਿਣਾ ਦਿੱਤਾ। ਇਸ ਤਰ੍ਹਾਂ ਉਹਨਾਂ ਨੇ 1982 ਈ: ਦੀ ਵਫ਼ਾ ਦੇ ਉਸ ਕਾਂਡ ਦੀ ਯਾਦ ਨੂੰ ਇਕ ਵਾਰ ਫਿਰ ਤਾਜ਼ਾ ਕਰ ਦਿੱਤਾ, ਜਿਹਨਾਂ ਦਿਨਾਂ ਵਿਚ ਕਿ ਉਹ ਅਪਾਰ ਸਿਦਕ-ਦਿਲੀ ਨਾਲ *ਸਹਿਜੇ ਰਚਿਓ ਖ਼ਾਲਸਾ* ਦਾ ਉਤਾਰਾ ਕਰ ਰਹੇ ਸਨ। ਸੋ, ਮੈਂ *ਝਨਾਂ ਦੀ ਰਾਤ* ਨੂੰ ਛਾਪਣ ਦਾ ਫ਼ੈਸਲਾ ਕਰ ਲਿਆ।

### 2

*ਝਨਾਂ ਦੀ ਰਾਤ* ਦੀ ਗੱਲ ਕਰਨ ਤੋਂ ਪਹਿਲਾਂ ਮੈਂ ਵੇਖੇ ਅਤੇ ਅਣਵੇਖੇ ਸੱਜਣਾਂ ਨਾਲ ਵਿਸ਼ਵ ਦੀ ਮਹਾਨ ਕਵਿਤਾ ਬਾਰੇ ਆਪਣੇ ਅਨੁਭਵ ਸਾਂਝੇ ਕਰਨੇ ਚਾਹੁੰਦਾ ਹਾਂ। ਮੈਂ ਆਪਣੇ ਆਪ ਨੂੰ ਕੁਝ ਸਾਹਿਤਿੱਕ ਟਿੱਪਣੀਆਂ ਅਤੇ ਕੁਝ ਯਾਦਾਂ ਤਕ ਸੀਮਤ ਰੱਖਾਂਗਾ। ਸਾਹਿਤਿੱਕ ਟਿੱਪਣੀਆਂ ਵਿੱਚੋਂ ਮੇਰਾ ਕਾਵਿ ਸਿਧਾਂਤ ਉਭਰੇਗਾ, ਅਤੇ ਯਾਦਾਂ ਮੇਰੀ ਕਵਿਤਾ ਦੇ ਮਾਨਵਵਾਦੀ ਦ੍ਰਿਸ਼ਟੀਕੋਣਾਂ ਦੇ ਅਨੁਭਵੀ ਸਰੋਤਾਂ ਅਤੇ ਪਿਛੋਕੜ ਉੱਤੇ ਕੁਝ ਰੋਸ਼ਨੀ ਪਾਉਣਗੀਆਂ। ਮੈਂ ਇਕਰਾਰ ਕਰਦਾ ਹਾਂ ਪਈ ਭੁੱਲਣਹਾਰ ਹੋਣ ਦੇ ਬਾਵਜੂਦ ਈਮਾਨ ਦਾ ਦਾਮਨ ਨਹੀਂ ਛੱਡਾਂਗਾ; ਨਿਰਪੱਖ ਤੇ ਸੱਚਾ ਬਿਆਨ ਦੇਵਾਂਗਾ। ਖ਼ਿਆਲ ਦੀ ਇਸ ਵਾਟ ਉੱਤੇ ਜਦੋਂ ਆਪਣੀ ਕਵਿਤਾ ਦੀ ਵਾਰੀ ਆਈ, ਤਾਂ ਮੈਂ ਆਪਣੇ ਆਪ ਤੋਂ ਬਾਹਰ ਰਹਿ ਕੇ ਹੀ ਇਸ ਦੀ ਹੋਂਦ ਨੂੰ ਤੱਕਾਂਗਾ। ਜ਼ਿੰਦਗੀ ਨਾਲ ਸਾਲਾਂ ਦੀ ਮੁਹੱਬਤ ਅਤੇ ਲੰਮੇ ਸਬਰ ਨੇ ਮੈਨੂੰ ਆਪਣੇ ਆਪ ਨੂੰ ਆਪਣੇ ਆਪ ਤੋਂ ਬਾਹਰ ਰੱਖਣ ਦੀ ਦਾਤ ਬਖ਼ਸ਼ੀ ਹੋਈ ਹੈ।

ਜ਼ਰਾ ਦੇਖੀਏ ਤਾਂ ਸਹੀ ਪਈ ਮਹਾਨ ਕਵਿਤਾ ਦਾ ਦ੍ਰਿਸ਼ ਕਿੱਥੋਂ ਅਤੇ ਕਿਵੇਂ ਦਿਸਦਾ ਹੈ! ਕਈ ਵਾਰ ਮਹਾਨ ਕਵਿਤਾ ਦਾ ਜਿਸਮ ਨਿਰੋਲ ਖ਼ਿਆਲ-ਤਰਤੀਬ ਵਿੱਚੋਂ ਉਗਮਦਾ ਹੈ, ਪਰ ਕਈ ਵਾਰ ਇਸ ਦਾ ਪਰਧਾਨ ਰੂਪ ਕਿਸੇ ਦ੍ਰਿਸ਼ ਵਿੱਚੋਂ ਦਿਸਦਾ ਹੈ। ਭਾਵੇਂ ਮਹਾਨ ਕਵਿਤਾ ਖ਼ਿਆਲ-ਤਰਤੀਬ ਦੀ ਸੂਖਮਤਾ ਵਿੱਚੋਂ ਜ਼ਾਹਿਰ ਹੋਵੇ, ਭਾਵੇਂ ਇਹ ਦ੍ਰਿਸ਼ ਦਾ ਰੰਗ ਅਖ਼ਤਿਆਰ ਕਰ ਜਾਵੇ—ਇਸ ਵਿਚ ਕਿਸੇ **ਅਪਹੁੰਚ ਵਿਸ਼ਵ** ਦੀ ਹੋਂਦ ਹਰ ਸਮੇਂ ਰਹਿੰਦੀ ਹੈ, ਜਿਹੜਾ ਆਪਣੇ ਆਪ ਵਿਚ ਅਨਿਸਚਿਤ ਹੁੰਦਾ ਹੈ, ਜਾਂ ਨੀਮ-ਚਾਨਣ ਵਿਚ ਥੋੜ੍ਹਾ ਦਿਸਦਾ ਅਤੇ ਅਣਦਿਸਦਾ ਰਹਿੰਦਾ ਹੈ, ਪਰ ਇਸ ਦੀ ਅਛੂਹ ਸਥਿਤੀ ਹੀ ਕਵਿਤਾ ਦੇ ਦਿਸਦੇ ਆਪੇ (ਜਿਸਮ) ਨੂੰ ਨਿਸਚਿਤ ਕਰਦੀ ਹੈ। ਜਦੋਂ ਮਹਾਨ ਕਵਿਤਾ ਦਾ ਜਿਸਮ ਖ਼ਿਆਲ-ਤਰਤੀਬ ਨੂੰ ਅਪਣਾਉਂਦਾ ਹੈ, ਤਾਂ ਇਸ ਨਾਲ ਸੰਬੰਧਿਤ ਅਪਹੁੰਚ ਵਿਸ਼ਵ ਇਸ ਅੰਦਰ ਕਿਸੇ ਨ ਕਿਸੇ ਪਰਕਾਰ ਦੀ ਪ੍ਰਾਣ-ਸ਼ਕਤੀ ਜਾਂ ਰੂਹਾਨੀ ਖ਼ੂਬੀ ਨੂੰ ਲਹਿਰਾਉਂਦਾ ਹੈ, ਅਤੇ ਇਸ ਦੀ ਮਹਾਨਤਾ ਦੀ ਸ਼ਰਤ ਨੂੰ ਪੂਰੀ ਕਰਦਾ ਹੈ। ਜਿਵੇਂ 'ਮੂਲ ਮੰਤਰ' (ਜਪੁਜੀ) ਖ਼ਿਆਲ ਦੀ ਇਕ ਤਰਜ਼ ਬਣਾਉਂਦਾ ਹੈ, ਪਰ ਇਸ ਅੰਦਰਲਾ ਅਪਹੁੰਚ ਵਿਸ਼ਵ ਗੁਪਤ ਤੌਰ 'ਤੇ ਇਲਾਹੀ ਸ਼ਿੱਦਤ ਰਾਹੀਂ ਇਸ ਖ਼ਿਆਲ ਨੂੰ ਅਲੌਕਿਕਤਾ ਬਖ਼ਸ਼ਦਾ ਹੈ, ਅਤੇ ਜਿਸ ਦੇ ਸਿੱਟੇ ਵਜੋਂ ਨਿੱਕੇ ਆਕਾਰ ਵਾਲੇ ਸ਼ਬਦ-ਜਗਤ ਵਿਚ ਅਨੇਕਾਂ ਹੋਰ ਖ਼ੂਬੀਆਂ ਉਪਜਦੀਆਂ ਹਨ। ਸਮੁੱਚੇ ਜਪੁਜੀ-ਕਾਵਿ ਦੀ ਖ਼ਿਆਲ-ਤਰਤੀਬ ਵਿਚ ਇਹ ਖ਼ੂਬੀਆਂ ਬਹੁ-ਸ਼ਾਖ਼ਾਂ ਵਾਲੇ ਸੁਹਜ ਦਾ ਰੂਪ ਧਾਰ ਲੈਂਦੀਆਂ ਹਨ। ਸੋ, ਮਹਾਨ ਕਵਿਤਾ ਦਾ ਅਪਹੁੰਚ ਵਿਸ਼ਵ ਇਸ ਦੀ ਖ਼ਿਆਲ-ਨਿਰੰਤਰਤਾ ਵਿਚ ਸੁਹਜ ਦਾ ਸੰਚਾਰ ਕਰਦੇ ਸਮੇਂ ਸੂਖਮਤਾ, ਸੁਣੱਖੀ ਦਿੱਖ, ਰਸਿਕਤਾ ਅਤੇ ਸੱਚ ਦੀ ਅੰਤਮ ਪ੍ਰਮਾਣਿਕ ਸਥਿਤੀ ਵਰਗੇ ਗੁਣਾਂ ਨੂੰ ਆਪਣੇ ਪਿੱਛੇ ਪਿੱਛੇ ਇੰਞ ਤੋਰ ਲਿਆਉਂਦਾ ਹੈ, ਜਿਵੇਂ ਕਿਸੇ ਪੈਗੰਬਰ ਦੀ ਜ਼ਿਆਰਤ ਕਰਨ ਜਾ ਰਹੇ ਪੈਰੋਕਾਰ। ਸਮੁੱਚੇ ਜਪੁਜੀ ਉੱਤੇ ਵੀ ਇਹ ਨਿਰਣਾ ਐਨ ਢੁਕਦਾ ਹੈ।

ਕਈ ਵਾਰ ਮਹਾਨ ਕਵਿਤਾ ਖ਼ਿਆਲ ਦੀ ਨਗਨ ਪੁਸ਼ਾਕ ਨੂੰ ਉਤਾਰ ਕੇ ਸਰਸਬਜ਼ ਵਣਾਂ ਵਰਗੇ ਇਕ ਸੰਘਣੇ ਦ੍ਰਿਸ਼ ਵਿਚ ਬਦਲ ਜਾਂਦੀ ਹੈ, ਪਰ ਉਸ ਦੀ ਹੋਂਦ ਦਾ ਅਪਹੁੰਚ ਵਿਸ਼ਵ ਉਸ ਦੇ ਤਾਣੇ-ਪੇਟੇ ਅੰਦਰ ਬਿਜਲੀ ਵਰਗੇ ਤਿੱਖੇ ਸੰਕੇਤ ਲਹਿਰਾਉਂਦਾ ਰਹਿੰਦਾ ਹੈ, ਅਤੇ ਇੰਞ ਉਸ ਦੇ ਹੁਸਨ ਦੀ ਜ਼ਾਮਨੀ ਦਿੰਦਾ ਹੈ। ਇਸ ਪ੍ਰਸੰਗ ਵਿਚ ਕਵੀ ਜੌਹਨ ਕੀਟਸ ਦੀਆਂ ਮਹਾਨ ਓਡਾਂ (Odes) ਅਤੇ ਉਸ ਦੀ ਲੰਮੀ ਕਵਿਤਾ ਐੱਨਡਈਮੀਅਨ (Endymion) ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਇਹਨਾਂ ਕਵਿਤਾਵਾਂ ਵਿਚ ਖ਼ਿਆਲ ਗਾੜ੍ਹਾ ਹੋ ਕੇ ਸ਼ਕਤੀਸ਼ਾਲੀ ਸ਼ਬਦ-ਚਿਤ੍ਰਾਂ ਦੀ ਲੜੀ ਵਿਚ ਬਦਲ ਜਾਂਦਾ ਹੈ, ਜਿਸ ਦਾ ਕਾਰਨ ਅਪਹੁੰਚ ਵਿਸ਼ਵ ਵੱਲੋਂ ਆਉਂਦੀਆਂ ਯੂਨਾਨ ਅਤੇ ਰੋਮ ਦੀਆਂ ਮਿੱਥਾਂ ਦੇ ਅਕੱਥ ਸੁਹਜ ਦਾ ਜ਼ੋਰ ਹੈ। ਅੱਗੋਂ ਇਹ ਅਕੱਥ ਸੁਹਜ ਵੀ ਇਕੱਲਾ ਨਹੀਂ—ਧਰਤੀ ਅਤੇ ਉਸਦੇ ਸਭਿਆਚਾਰਾਂ ਦੇ ਭੂਤਕਾਲ ਵਿਚ ਮਿਟਦੇ ਹੋਏ ਅਨੇਕਾਂ ਨਜ਼ਾਰੇ ਇਸ ਦਾ ਸਾਥ ਦੇ ਰਹੇ ਹਨ, ਜਿਹਨਾਂ ਨੂੰ ਸਮੇਂ ਦੀ ਬਲਵਾਨ ਗਤੀ ਨੇ ਆਪਣਾ ਅੰਗ ਬਣਾ ਕੇ ਆਪਣੇ ਤਿੱਖੇ ਵਹਿਣ ਵਿਚ ਸ਼ਾਮਿਲ ਕਰ ਲਿਆ ਹੈ।

ਜੇ ਚਾਹੇ ਤਾਂ ਮਹਾਨ ਕਵਿਤਾ ਆਪਣੇ ਜਿਸਮ ਨੂੰ ਦ੍ਰਿਸ਼ ਅਤੇ ਖ਼ਿਆਲ ਦੇ ਵਿਲੱਖਣ ਸੰਤੁਲਨ ਵਿੱਚੋਂ ਵੀ ਸਾਜ ਸਕਦੀ ਹੈ। ਜ਼ਿੰਦਗੀ ਦੀਆਂ ਅਨੇਕਾਂ ਥਰਥਰਾਹਟਾਂ, ਖ਼ਿਆਲ ਅਤੇ ਦ੍ਰਿਸ਼ ਅੰਦਰ ਆਪਣੀ ਸਿਰਜਣਾ ਦਾ ਕੰਮ ਸ਼ੁਰੂ ਕਰ ਦਿੰਦੀਆਂ ਹਨ। ਇਸ ਤਰ੍ਹਾਂ ਦੀਆਂ ਕਵਿਤਾਵਾਂ ਵਿਚ ਛੁਪਿਆ ਅਪਹੁੰਚ ਵਿਸ਼ਵ ਕਦੇ ਤਾਂ ਸ਼ਬਦ-ਜਗਤ ਅੰਦਰ ਸਮੇਂ ਦੇ ਦੂਰ ਦਿਸਹੱਦਿਆਂ ਦੇ ਤੀਬਰ ਸੰਕੇਤ ਦਿੰਦਾ ਹੈ, ਕਦੇ ਮਨੁੱਖੀ ਫ਼ਿਤਰਤ ਦੀਆਂ ਗਹਿਰਾਈਆਂ ਦੇ ਗਾੜ੍ਹੇ ਹਨੇਰਿਆਂ ਅਤੇ ਚਮਕਦੇ ਸੂਰਜਾਂ ਦੇ ਨਾਲੋ ਨਾਲ ਪ੍ਰਭਾਵ ਦਿੰਦਾ ਹੈ, ਕਦੇ ਵਚਿੱਤਰ ਸਫ਼ਰਾਂ ਦੀ ਰਮਜ਼ ਜਗਾਉਂਦਾ ਹੈ, ਕਦੇ ਕੁਦਰਤ ਦੇ ਭੇਦ-ਭਰੇ ਜਲਵਿਆਂ ਅਤੇ ਸਮੁੰਦਰਾਂ ਵਰਗੇ ਜ਼ੋਰਾਵਰ ਜਲਾਲ ਨੂੰ ਸ਼ਬਦ-ਧੁਨੀ ਦਾ ਸਾਂਝੀਵਾਲ ਬਣਾ ਦਿੰਦਾ ਹੈ। ਸ਼ਿੱਦਤ ਅਤੇ ਸਹਿਜ ਇੱਕੋ ਹੀ ਰਮਜ਼ ਵਿਚ ਇਕੱਠੇ ਹੋ ਜਾਂਦੇ ਹਨ; ਮੌਤ ਅਤੇ ਜੀਵਨ ਇੱਕੋ ਹੀ ਦਰਵਾਜ਼ੇ ਅੱਗੇ

# ਕਵਿਤਾ ਦੇ ਦੂਰ ਦਿਸਹੱਦੇ

## (ਕੁਝ ਟਿੱਪਣੀਆਂ—ਕੁਝ ਯਾਦਾਂ)

## (ੳ)

### 1

ਜਦੋਂ ਇਤਿਹਾਸ ਅਤੇ ਦਰਸ਼ਨ ਦੇ ਦੂਰ ਦਿਸਹੱਦਿਆਂ ਦੀ ਤਲਾਸ਼ ਵਿਚ ਤੁਰੀ ਨਸਰ ਵਿਚ ਲਿਖੀ ਮੇਰੀ ਲੰਮੀ ਪੁਸਤਕ *ਸਹਿਜੇ ਰਚਿਓ ਖ਼ਾਲਸਾ* ਮਾਰਚ 1988 ਵਿਚ ਛਪੀ, ਤਾਂ ਮੇਰੇ ਬਹੁਤ ਸਾਰੇ ਮੁਢ-ਕਦੀਮੀ ਅਤੇ ਨਵੇਂ ਦੋਸਤਾਂ ਵਲੋਂ *ਝਨਾਂ ਦੀ ਰਾਤ* ਦੇ ਛਾਪਣ ਦੀ ਫ਼ਰਮਾਇਸ਼ ਆਈ। ਉਂਞ ਤਾਂ ਪਿਛਲੇ ਦਸ ਸਾਲ ਤੋਂ ਮੇਰੇ ਦੋਸਤਾਂ ਦੀ ਅਪਣੱਤ ਇਹਨਾਂ ਕਵਿਤਾਵਾਂ ਨੂੰ ਛਾਪਣ ਦੀ ਪ੍ਰੇਰਣਾ ਮੇਰੇ ਅੰਦਰ ਜਗਾ ਰਹੀ ਸੀ, ਪਰ ਪ੍ਰੇਰਣਾ ਵੀ ਕਵਿਤਾ ਵਾਂਗ ਆਪਣੀ ਸੰਪੂਰਣਤਾ ਦੇ ਲਮਹੇ ਦੀ ਉਡੀਕ ਵਿਚ ਰਹਿੰਦੀ ਹੈ, ਜਦੋਂ ਕਿ ਮੁਕੰਮਲ 'ਹਾਂ' ਇਸ ਨਾਲ ਬਗ਼ਲਗੀਰ ਹੁੰਦੀ ਹੈ, ਅਤੇ ਅਮਲ ਦਾ ਚਾਅ ਭਰਿਆ ਸਫ਼ਰ ਸ਼ੁਰੂ ਹੁੰਦਾ ਹੈ। ਸੋ, ਪ੍ਰੇਰਣਾ ਦੇ ਮੁਕੰਮਲ ਹੋਣ ਦੀ ਉਹ ਘੜੀ *ਝਨਾਂ ਦੀ ਰਾਤ* ਦੇ ਸਿਰ ਉੱਤੇ ਆ ਖੜੀ ਹੋਈ।

ਇਹਨਾਂ ਹੀ ਦਿਨਾਂ ਵਿਚ ਮੇਰੇ ਹੁਸ਼ਿਆਰਪੁਰੀ ਦੋਸਤ ਸਿਰਦਾਰ ਚੇਤੰਨ ਸਿੰਘ ਖ਼ਾਲਸਾ (ਭਾਸ਼ਾ ਵਿਭਾਗ, ਪਟਿਆਲਾ) ਦੀ ਸੁਹਿਰਦਤਾ ਉਸ ਸਮੇਂ ਇਕ ਨਿਰਾਲੇ ਰੰਗ ਵਿਚ ਪ੍ਰਗਟ ਹੋਈ, ਜਦੋਂ ਉਹਨਾਂ ਨੇ ਆਪਣੇ ਪਿਆਰ ਦੇ ਧਿਆਨੀ ਨਸ਼ੇ ਦੇ ਸਦਕੇ *ਝਨਾਂ ਦੀ ਰਾਤ* ਦੀਆਂ ਕੁਲ ਕਾਵਿ-ਪੁਸਤਕਾਂ ਨੂੰ ਸਿਰਫ਼ ਦੋ ਮਹੀਨਿਆਂ ਵਿਚ ਹੀ ਆਪਣੀ ਹੁਸੀਨ ਲਿਖਤ ਦਾ ਜਾਮਾ ਪਹਿਨਾ ਦਿੱਤਾ। ਇਸ ਤਰ੍ਹਾਂ ਉਹਨਾਂ ਨੇ 1982 ਈ: ਦੀ ਵਫ਼ਾ ਦੇ ਉਸ ਕਾਂਡ ਦੀ ਯਾਦ ਨੂੰ ਇਕ ਵਾਰ ਫਿਰ ਤਾਜ਼ਾ ਕਰ ਦਿੱਤਾ, ਜਿਹਨਾਂ ਦਿਨਾਂ ਵਿਚ ਕਿ ਉਹ ਅਪਾਰ ਸਿਦਕ-ਦਿਲੀ ਨਾਲ *ਸਹਿਜੇ ਰਚਿਓ ਖ਼ਾਲਸਾ* ਦਾ ਉਤਾਰਾ ਕਰ ਰਹੇ ਸਨ। ਸੋ, ਮੈਂ *ਝਨਾਂ ਦੀ ਰਾਤ* ਨੂੰ ਛਾਪਣ ਦਾ ਫ਼ੈਸਲਾ ਕਰ ਲਿਆ।

### 2

*ਝਨਾਂ ਦੀ ਰਾਤ* ਦੀ ਗੱਲ ਕਰਨ ਤੋਂ ਪਹਿਲਾਂ ਮੈਂ ਵੇਖੇ ਅਤੇ ਅਣਵੇਖੇ ਸੱਜਣਾਂ ਨਾਲ ਵਿਸ਼ਵ ਦੀ ਮਹਾਨ ਕਵਿਤਾ ਬਾਰੇ ਆਪਣੇ ਅਨੁਭਵ ਸਾਂਝੇ ਕਰਨੇ ਚਾਹੁੰਦਾ ਹਾਂ। ਮੈਂ ਆਪਣੇ ਆਪ ਨੂੰ ਕੁਝ ਸਾਹਿਤਿੱਕ ਟਿੱਪਣੀਆਂ ਅਤੇ ਕੁਝ ਯਾਦਾਂ ਤਕ ਸੀਮਤ ਰੱਖਾਂਗਾ। ਸਾਹਿਤਿੱਕ ਟਿੱਪਣੀਆਂ ਵਿੱਚੋਂ ਮੇਰਾ ਕਾਵਿ ਸਿਧਾਂਤ ਉਭਰੇਗਾ, ਅਤੇ ਯਾਦਾਂ ਮੇਰੀ ਕਵਿਤਾ ਦੇ ਮਾਨਵਵਾਦੀ ਦ੍ਰਿਸ਼ਟੀਕੋਣਾਂ ਦੇ ਅਨੁਭਵੀ ਸਰੋਤਾਂ ਅਤੇ ਪਿਛੋਕੜ ਉੱਤੇ ਕੁਝ ਰੋਸ਼ਨੀ ਪਾਉਣਗੀਆਂ। ਮੈਂ ਇਕਰਾਰ ਕਰਦਾ ਹਾਂ ਪਈ ਭੁੱਲਣਹਾਰ ਹੋਣ ਦੇ ਬਾਵਜੂਦ ਈਮਾਨ ਦਾ ਦਾਮਨ ਨਹੀਂ ਛੱਡਾਂਗਾ; ਨਿਰਪੱਖ ਤੇ ਸੱਚਾ ਬਿਆਨ ਦੇਵਾਂਗਾ। ਖ਼ਿਆਲ ਦੀ ਇਸ ਵਾਟ ਉੱਤੇ ਜਦੋਂ ਆਪਣੀ ਕਵਿਤਾ ਦੀ ਵਾਰੀ ਆਈ, ਤਾਂ ਮੈਂ ਆਪਣੇ ਆਪ ਤੋਂ ਬਾਹਰ ਰਹਿ ਕੇ ਹੀ ਇਸ ਦੀ ਹੋਂਦ ਨੂੰ ਤੱਕਾਂਗਾ। ਜ਼ਿੰਦਗੀ ਨਾਲ ਸਾਲਾਂ ਦੀ ਮੁਹੱਬਤ ਅਤੇ ਲੰਮੇ ਸਬਰ ਨੇ ਮੈਨੂੰ ਆਪਣੇ ਆਪ ਨੂੰ ਆਪਣੇ ਆਪ ਤੋਂ ਬਾਹਰ ਰੱਖਣ ਦੀ ਦਾਤ ਬਖ਼ਸ਼ੀ ਹੋਈ ਹੈ।

WWW.SIKHBOOKCLUB.COM 

ਜ਼ਰਾ ਦੇਖੀਏ ਤਾਂ ਸਹੀ ਪਈ ਮਹਾਨ ਕਵਿਤਾ ਦਾ ਦ੍ਰਿਸ਼ ਕਿੱਥੋਂ ਅਤੇ ਕਿਵੇਂ ਦਿਸਦਾ ਹੈ! ਕਈ ਵਾਰ ਮਹਾਨ ਕਵਿਤਾ ਦਾ ਜਿਸਮ ਨਿਰੋਲ ਖ਼ਿਆਲ-ਤਰਤੀਬ ਵਿੱਚੋਂ ਉਗਮਦਾ ਹੈ, ਪਰ ਕਈ ਵਾਰ ਇਸ ਦਾ ਪਰਧਾਨ ਰੂਪ ਕਿਸੇ ਦ੍ਰਿਸ਼ ਵਿੱਚੋਂ ਦਿਸਦਾ ਹੈ। ਭਾਵੇਂ ਮਹਾਨ ਕਵਿਤਾ ਖ਼ਿਆਲ-ਤਰਤੀਬ ਦੀ ਸੂਖਮਤਾ ਵਿੱਚੋਂ ਜ਼ਾਹਿਰ ਹੋਵੇ, ਭਾਵੇਂ ਇਹ ਦ੍ਰਿਸ਼ ਦਾ ਰੰਗ ਅਖ਼ਤਿਆਰ ਕਰ ਜਾਵੇ—ਇਸ ਵਿਚ ਕਿਸੇ **ਅਪਹੁੰਚ ਵਿਸ਼ਵ** ਦੀ ਹੋਂਦ ਹਰ ਸਮੇਂ ਰਹਿੰਦੀ ਹੈ, ਜਿਹੜਾ ਆਪਣੇ ਆਪ ਵਿਚ ਅਨਿਸਚਿਤ ਹੁੰਦਾ ਹੈ, ਜਾਂ ਨੀਮ-ਚਾਨਣ ਵਿਚ ਥੋੜ੍ਹਾ ਦਿਸਦਾ ਅਤੇ ਅਣਦਿਸਦਾ ਰਹਿੰਦਾ ਹੈ, ਪਰ ਇਸ ਦੀ ਅਛੂਹ ਸਥਿਤੀ ਹੀ ਕਵਿਤਾ ਦੇ ਦਿਸਦੇ ਆਪੇ (ਜਿਸਮ) ਨੂੰ ਨਿਸਚਿਤ ਕਰਦੀ ਹੈ। ਜਦੋਂ ਮਹਾਨ ਕਵਿਤਾ ਦਾ ਜਿਸਮ ਖ਼ਿਆਲ-ਤਰਤੀਬ ਨੂੰ ਅਪਣਾਉਂਦਾ ਹੈ, ਤਾਂ ਇਸ ਨਾਲ ਸੰਬੰਧਿਤ ਅਪਹੁੰਚ ਵਿਸ਼ਵ ਇਸ ਅੰਦਰ ਕਿਸੇ ਨ ਕਿਸੇ ਪਰਕਾਰ ਦੀ ਪ੍ਰਾਣ-ਸ਼ਕਤੀ ਜਾਂ ਰੂਹਾਨੀ ਖ਼ੂਬੀ ਨੂੰ ਲਹਿਰਾਉਂਦਾ ਹੈ, ਅਤੇ ਇਸ ਦੀ ਮਹਾਨਤਾ ਦੀ ਸ਼ਰਤ ਨੂੰ ਪੂਰੀ ਕਰਦਾ ਹੈ। ਜਿਵੇਂ 'ਮੂਲ ਮੰਤਰ' (ਜਪੁਜੀ) ਖ਼ਿਆਲ ਦੀ ਇਕ ਤਰਜ਼ ਬਣਾਉਂਦਾ ਹੈ, ਪਰ ਇਸ ਅੰਦਰਲਾ ਅਪਹੁੰਚ ਵਿਸ਼ਵ ਗੁਪਤ ਤੌਰ 'ਤੇ ਇਲਾਹੀ ਸ਼ਿੱਦਤ ਰਾਹੀਂ ਇਸ ਖ਼ਿਆਲ ਨੂੰ ਅਲੌਕਿਕਤਾ ਬਖ਼ਸ਼ਦਾ ਹੈ, ਅਤੇ ਜਿਸ ਦੇ ਸਿੱਟੇ ਵਜੋਂ ਨਿੱਕੇ ਆਕਾਰ ਵਾਲੇ ਸ਼ਬਦ-ਜਗਤ ਵਿਚ ਅਨੇਕਾਂ ਹੋਰ ਖ਼ੂਬੀਆਂ ਉਪਜਦੀਆਂ ਹਨ। ਸਮੁੱਚੇ ਜਪੁਜੀ-ਕਾਵਿ ਦੀ ਖ਼ਿਆਲ-ਤਰਤੀਬ ਵਿਚ ਇਹ ਖ਼ੂਬੀਆਂ ਬਹੁ-ਸ਼ਾਖਾਂ ਵਾਲੇ ਸੁਹਜ ਦਾ ਰੂਪ ਧਾਰ ਲੈਂਦੀਆਂ ਹਨ। ਸੋ, ਮਹਾਨ ਕਵਿਤਾ ਦਾ ਅਪਹੁੰਚ ਵਿਸ਼ਵ ਇਸ ਦੀ ਖ਼ਿਆਲ-ਨਿਰੰਤਰਤਾ ਵਿਚ ਸੁਹਜ ਦਾ ਸੰਚਾਰ ਕਰਦੇ ਸਮੇਂ ਸੂਖਮਤਾ, ਸੁਣੱਖੀ ਦਿੱਖ, ਰਸਿਕਤਾ ਅਤੇ ਸੱਚ ਦੀ ਅੰਤਮ ਪ੍ਰਮਾਣਿਕ ਸਥਿਤੀ ਵਰਗੇ ਗੁਣਾਂ ਨੂੰ ਆਪਣੇ ਪਿੱਛੇ ਪਿੱਛੇ ਇੰਝ ਤੋਰ ਲਿਆਉਂਦਾ ਹੈ, ਜਿਵੇਂ ਕਿਸੇ ਪੈਗ਼ੰਬਰ ਦੀ ਜ਼ਿਆਰਤ ਕਰਨ ਜਾ ਰਹੇ ਪੈਰੋਕਾਰ। ਸਮੁੱਚੇ ਜਪੁਜੀ ਉੱਤੇ ਵੀ ਇਹ ਨਿਰਣਾ ਐਨ ਢੁਕਦਾ ਹੈ।

ਕਈ ਵਾਰ ਮਹਾਨ ਕਵਿਤਾ ਖ਼ਿਆਲ ਦੀ ਨਗਨ ਪੁਸ਼ਾਕ ਨੂੰ ਉਤਾਰ ਕੇ ਸਰਸਬਜ਼ ਵਣਾਂ ਵਰਗੇ ਇਕ ਸੰਘਣੇ ਦ੍ਰਿਸ਼ ਵਿਚ ਬਦਲ ਜਾਂਦੀ ਹੈ, ਪਰ ਉਸ ਦੀ ਹੋਂਦ ਦਾ ਅਪਹੁੰਚ ਵਿਸ਼ਵ ਉਸ ਦੇ ਤਾਣੇ-ਪੇਟੇ ਅੰਦਰ ਬਿਜਲੀ ਵਰਗੇ ਤਿੱਖੇ ਸੰਕੇਤ ਲਹਿਰਾਉਂਦਾ ਰਹਿੰਦਾ ਹੈ, ਅਤੇ ਇੰਝ ਉਸ ਦੇ ਹੁਸਨ ਦੀ ਜ਼ਾਮਨੀ ਦਿੰਦਾ ਹੈ। ਇਸ ਪ੍ਰਸੰਗ ਵਿਚ ਕਵੀ ਜੌਹਨ ਕੀਟਸ ਦੀਆਂ ਮਹਾਨ ਓਡਾਂ (Odes) ਅਤੇ ਉਸ ਦੀ ਲੰਮੀ ਕਵਿਤਾ ਐਂਨਡਈਮੀਅਨ (Endymion) ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਇਹਨਾਂ ਕਵਿਤਾਵਾਂ ਵਿਚ ਖ਼ਿਆਲ ਗਾੜ੍ਹਾ ਹੋ ਕੇ ਸ਼ਕਤੀਸ਼ਾਲੀ ਸ਼ਬਦ-ਚਿਤ੍ਰਾਂ ਦੀ ਲੜੀ ਵਿਚ ਬਦਲ ਜਾਂਦਾ ਹੈ, ਜਿਸ ਦਾ ਕਾਰਨ ਅਪਹੁੰਚ ਵਿਸ਼ਵ ਵੱਲੋਂ ਆਉਂਦੀਆਂ ਯੂਨਾਨ ਅਤੇ ਰੋਮ ਦੀਆਂ ਮਿੱਥਾਂ ਦੇ ਅਕੱਥ ਸੁਹਜ ਦਾ ਜ਼ੋਰ ਹੈ। ਅੱਗੋਂ ਇਹ ਅਕੱਥ ਸੁਹਜ ਵੀ ਇਕੱਲਾ ਨਹੀਂ—ਧਰਤੀ ਅਤੇ ਉਸਦੇ ਸਭਿਆਚਾਰਾਂ ਦੇ ਭੂਤਕਾਲ ਵਿਚ ਮਿਟਦੇ ਹੋਏ ਅਨੇਕਾਂ ਨਜ਼ਾਰੇ ਇਸ ਦਾ ਸਾਥ ਦੇ ਰਹੇ ਹਨ, ਜਿਹਨਾਂ ਨੂੰ ਸਮੇਂ ਦੀ ਬਲਵਾਨ ਗਤੀ ਨੇ ਆਪਣਾ ਅੰਗ ਬਣਾ ਕੇ ਆਪਣੇ ਤਿੱਖੇ ਵਹਿਣ ਵਿਚ ਸ਼ਾਮਿਲ ਕਰ ਲਿਆ ਹੈ।

ਜੇ ਚਾਹੇ ਤਾਂ ਮਹਾਨ ਕਵਿਤਾ ਆਪਣੇ ਜਿਸਮ ਨੂੰ ਦ੍ਰਿਸ਼ ਅਤੇ ਖ਼ਿਆਲ ਦੇ ਵਿਲੱਖਣ ਸੰਤੁਲਨ ਵਿੱਚੋਂ ਵੀ ਸਾਜ ਸਕਦੀ ਹੈ। ਜ਼ਿੰਦਗੀ ਦੀਆਂ ਅਨੇਕਾਂ ਥਰਥਰਾਹਟਾਂ, ਖ਼ਿਆਲ ਅਤੇ ਦ੍ਰਿਸ਼ ਅੰਦਰ ਆਪਣੀ ਸਿਰਜਣਾ ਦਾ ਕੰਮ ਸ਼ੁਰੂ ਕਰ ਦਿੰਦੀਆਂ ਹਨ। ਇਸ ਤਰ੍ਹਾਂ ਦੀਆਂ ਕਵਿਤਾਵਾਂ ਵਿਚ ਛੁਪਿਆ ਅਪਹੁੰਚ ਵਿਸ਼ਵ ਕਦੇ ਤਾਂ ਸ਼ਬਦ-ਜਗਤ ਅੰਦਰ ਸਮੇਂ ਦੇ ਦੂਰ ਦਿਸਹੱਦਿਆਂ ਦੇ ਤੀਬਰ ਸੰਕੇਤ ਦਿੰਦਾ ਹੈ, ਕਦੇ ਮਨੁੱਖੀ ਫ਼ਿਤਰਤ ਦੀਆਂ ਗਹਿਰਾਈਆਂ ਦੇ ਗਾੜ੍ਹੇ ਹਨੇਰਿਆਂ ਅਤੇ ਚਮਕਦੇ ਸੂਰਜਾਂ ਦੇ ਨਾਲੋ ਨਾਲ ਪ੍ਰਭਾਵ ਦਿੰਦਾ ਹੈ, ਕਦੇ ਵਚਿੱਤਰ ਸਫ਼ਰਾਂ ਦੀ ਰਮਜ਼ ਜਗਾਉਂਦਾ ਹੈ, ਕਦੇ ਕੁਦਰਤ ਦੇ ਭੇਦ-ਭਰੇ ਜਲਵਿਆਂ ਅਤੇ ਸਮੁੰਦਰਾਂ ਵਰਗੇ ਜ਼ੋਰਾਵਰ ਜਲਾਲ ਨੂੰ ਸ਼ਬਦ-ਧੁਨੀ ਦਾ ਸਾਂਝੀਵਾਲ ਬਣਾ ਦਿੰਦਾ ਹੈ। ਸ਼ਿੱਦਤ ਅਤੇ ਸਹਿਜ ਇੱਕੋ ਹੀ ਰਮਜ਼ ਵਿਚ ਇਕੱਠੇ ਹੋ ਜਾਂਦੇ ਹਨ; ਮੌਤ ਅਤੇ ਜੀਵਨ ਇੱਕੋ ਹੀ ਦਰਵਾਜ਼ੇ ਅੱਗੇ

WWW.SIKHBOOKCLUB.COM 

ਪਹਿਰਾ ਦਿੰਦੇ ਹਨ। ਖ਼ਿਆਲ ਅਤੇ ਦ੍ਰਿਸ਼ ਦੇ ਅਜਿਹੇ ਅਜੀਬ ਸੰਤੁਲਨ ਅਤੇ ਸੁਮੇਲ ਸਮੇਂ ਅਪਹੁੰਚ ਵਿਸ਼ਵ ਆਪਣੀ ਸਿਰਜਣਾ ਨੂੰ ਅਪਕੜ ਸਿਖਰਾਂ ਤਕ ਅਕਸਰ ਹੀ ਲੈ ਜਾਂਦਾ ਹੈ। ਵਾਲਟ ਵਿਟਮੈਨ ਦੀ ਕਵਿਤਾ 'ਮੇਰੇ ਆਪੇ ਦਾ ਗੀਤ' (Song of Myself) ਵਿਚ ਖ਼ਿਆਲ ਦੀ ਇਕ ਮਹੀਨ ਪਰ ਸਰਬ-ਵਿਆਪਕ ਤਾਰ ਉੱਤੇ ਧਰਤੀ ਦੇ ਅਨੇਕਾਂ ਸੁਆਦਾਂ ਅਤੇ ਮਨੁੱਖੀ ਫ਼ਿਤਰਤ ਦੀਆਂ ਮੂੰਹ-ਜ਼ੋਰ ਉਡਾਰੀਆਂ ਦੇ ਵਿਵਰਣ ਸਹਿਜ ਅਤੇ ਜੋਸ਼ ਦੀ ਇਕ ਨਿਰਾਲੀ ਗਤੀ ਬਣਾਉਂਦੇ ਹਨ। ਕਵਿਤਾ ਅੰਦਰਲਾ ਅਪਹੁੰਚ ਵਿਸ਼ਵ ਪਰੀ ਕਹਾਣੀਆਂ ਵਾਂਗ ਹਨੇਰੇ ਦੇ ਸਮੁੰਦਰਾਂ ਦੇ ਹਜ਼ਾਰਾਂ ਦਰਵਾਜ਼ੇ ਤੋੜਦਾ ਹੋਇਆ ਰੂਹ ਦੀ ਆਖ਼ਰੀ ਅਜ਼ਾਦੀ ਦਾ ਅਹਿਸਾਸ ਕਦਮ ਕਦਮ ਉੱਤੇ ਕਰਵਾਉਂਦਾ ਹੈ। ਇਹ ਆਖ਼ਰੀ ਅਜ਼ਾਦੀ ਭਾਰਤੀ ਨਿਰਵਾਨ ਵਾਂਗ ਸ਼ਾਂਤ ਅਨੰਤਤਾ ਨਹੀਂ, ਸਗੋਂ ਇਹ ਕਿਸੇ ਅਜਿੱਤ ਹੜ੍ਹ ਦੇ ਥਪੇੜੇ ਵਰਗੀ ਹੈ। ਵੇਖੇ ਪਰਖੇ ਹੁਸਨ, ਮਾਣੇ ਹੋਏ ਹਜ਼ਾਰਾਂ ਸੁਆਦ ਅਤੇ ਪਹਿਚਾਣੀਆਂ ਹੋਈਆਂ ਸਭ ਸੋਚਾਂ ਆਪਣੀ ਸ਼ਖ਼ਸੀਅਤ ਗੁਆਏ ਬਿਨਾਂ ਰੂਹ ਦੀ ਆਖ਼ਰੀ ਅਜ਼ਾਦੀ ਵਿਚ ਸ਼ਾਮਿਲ ਹੋ ਗਈਆਂ ਹਨ। ਏਥੇ ਭਾਰਤ ਦੇ ਅਚਿਹਨ ਨਿਰਵਾਨ ਦਾ ਆਨੰਦ ਧਰਤੀ ਦੇ ਵਿਹੜੇ ਵਿਚ ਖਲੋਤਾ ਹੈ। ਇਹਨਾਂ ਨੁਕਤਿਆਂ ਨੂੰ ਕਵੀ ਜੀ ਦੀਆਂ ਦੋ ਹੋਰ ਨਜ਼ਮਾਂ 'ਖੁੱਲ੍ਹੀ ਸੜਕ ਦਾ ਗੀਤ' (Song of the Open Road) ਅਤੇ 'ਤੂਫ਼ਾਨ ਦਾ ਮਾਣ-ਮੱਤਾ ਸੰਗੀਤ' (Proud Music of the Storm) ਉੱਤੇ ਵੀ ਢੁਕਾਇਆ ਜਾ ਸਕਦਾ ਹੈ।

ਕਵਿਤਾ ਦੇ ਸਰੀਰ ਅਤੇ ਉਸ ਦੇ ਅਪਹੁੰਚ ਵਿਸ਼ਵ ਵਿਚਕਾਰ ਜਦੋਂ ਵਿਘਨ ਪੈਂਦਾ ਹੈ, ਉਦੋਂ ਉਸ ਦੀ ਮਹਾਨਤਾ ਨੂੰ ਵੀ ਸੱਟ ਵੱਜਦੀ ਹੈ। ਇਹ ਵਿਘਨ ਉਦੋਂ ਪੈਂਦਾ ਹੈ, ਜਦੋਂ ਕਵੀ ਮਹਾਨ ਕਵਿਤਾ ਦੀਆਂ ਉਡਾਰੂ ਰਮਜ਼ਾਂ ਨੂੰ ਕਵਿਤਾ ਦੇ ਜਿਸਮ ਵਿਚਲੇ ਸਪਸ਼ਟ ਦਿਸਦੇ (ਜਾਂ ਮੁਕਾਬਲਤਨ ਖਲੋਤੇ) ਖ਼ਿਆਲ ਵਿਚ ਢਾਲਣ ਦੀ ਕੋਸ਼ਿਸ਼ ਕਰਦਾ ਹੈ। ਵਰਡਜ਼ਵਰਥ ਦੀ ਕਵਿਤਾ 'ਟਿੰਟਰਨ ਐਬੇ' (Tintern Abbey) ਦੀ ਹਸਤੀ ਅਜਿਹੇ ਦੁਖਾਂਤ ਦਾ ਸਾਹਮਣਾ ਕਰਦੀ ਹੈ, ਭਾਵੇਂ ਇਸਦੀ ਮਹਾਨਤਾ ਖ਼ਤਮ ਨਹੀਂ ਹੁੰਦੀ, ਕਿਉਂਕਿ ਇਸ ਕਵਿਤਾ ਵਿਚ ਉਡਾਰੂ ਰਮਜ਼ ਸਾਹਮਣੇ ਇਸ ਦੇ ਖ਼ਿਆਲ ਦਾ ਉਲਾਰ ਬਹੁਤਾ ਜ਼ੋਰ ਨਹੀਂ ਪਕੜਦਾ। ਸਾਮੂਹਿਕ ਮਨੁੱਖੀ ਫ਼ਿਤਰਤ ਅਤੇ ਕਾਵਿ-ਮਨ ਦੀ ਉੱਜਲ ਸ਼ਖ਼ਸੀਅਤ ਵਿਚ ਹੁਸਨ ਦੀ ਤਾਜ਼ਗੀ ਦੇ ਬਦਲਦੇ ਰੂਪ ਜਿਹੜੇ ਕਿ ਕੁਦਰਤ ਦੇ ਵਰਤਾਰੇ ਦਾ ਹੀ ਅਨਿੱਖੜ ਅੰਗ ਹਨ, ਇਸ ਕਵਿਤਾ ਦੇ ਅਪਹੁੰਚ ਵਿਸ਼ਵ ਅੰਦਰ ਸਰਬ-ਵਿਆਪਕ ਹਨ, ਪਰ ਕਈ ਵਾਰ ਇਹ ਆਪਣੀ ਰੋਸ਼ਨ ਰੁਮਕ ਕਵਿਤਾ ਵਿਚ ਸਿੱਧੇ ਤੌਰ ਉੱਤੇ ਸੰਚਾਰਨ ਦੀ ਥਾਂ ਕਵੀ ਦੀਆਂ ਵਾਰਤਕਮਈ ਟਿੱਪਣੀਆਂ ਦਾ ਪਰਛਾਵਾਂ (ਜਾਂ ਅਕਲ ਦਾ ਸਤਹੀ ਵਿਸ਼ਲੇਸ਼ਣ) ਬਣ ਜਾਂਦੇ ਹਨ। ਫਿਰ ਵੀ ਕਵਿਤਾ ਦੀ ਮਹਾਨਤਾ ਇਸ ਕਾਰਨ ਪੂਰੀ ਕਲੰਕਿਤ ਨਹੀਂ ਹੁੰਦੀ, ਕਿਉਂਕਿ ਅਪਹੁੰਚ ਵਿਸ਼ਵ ਦੀ ਕੁਝ ਤਾਜ਼ਗੀ ਕਵੀ ਦੀਆਂ ਸਾਧਾਰਣ ਟਿੱਪਣੀਆਂ ਵਿਚ ਵੀ ਆਉਂਦੀ ਰਹਿੰਦੀ ਹੈ। ਦੂਜੇ ਪਾਸੇ ਉਸ ਦੀ ਇਕ ਹੋਰ ਕਵਿਤਾ 'ਅਮਰਤਾ ਦੀਆਂ ਸੱਦਾਂ' (Intimations of Immortality) ਦੀ ਮਹਾਨਤਾ ਪੂਰੀ ਤਰ੍ਹਾਂ ਦਾਗੀ ਹੋ ਜਾਂਦੀ ਹੈ, ਕਿਉਂਕਿ ਕਵੀ ਕਵਿਤਾ ਦੇ ਅਪਹੁੰਚ ਵਿਸ਼ਵ ਨਾਲੋਂ ਆਪਣਾ ਰਿਸ਼ਤਾ ਤੋੜ ਕੇ ਪਲੈਟੋ ਦੀਆਂ ਅਮਰਤਾ ਦੀਆਂ ਦਾਰਸ਼ਨਿਕ ਰਮਜ਼ਾਂ ਨੂੰ ਕਾਵਿਮਈ ਜੁਗਤਾਂ ਵਿਚ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਵਿਚ ਪੂਰੀ ਤਰ੍ਹਾਂ ਡੁੱਬ ਜਾਂਦਾ ਹੈ। ਕਵਿਤਾ ਦੀਆਂ ਖ਼ੂਬੀਆਂ ਖ਼ਿਆਲ ਦੀ ਦਿਸਦੀ ਚਾਲ ਤੋਂ ਅੱਗੇ ਨਹੀਂ ਜਾਂਦੀਆਂ, ਅਤੇ ਕੋਈ ਕਾਵਿ ਰਮਜ਼ ਅਣਕਹੀ ਨਹੀਂ ਰਹਿੰਦੀ।

ਲਿਬਨਾਨ ਦੇ ਖ਼ਲੀਲ ਜਿਬਰਾਨ ਦੇ ਕਾਵਿ ਅੰਦਰ ਅਪਹੁੰਚ ਵਿਸ਼ਵ ਦੀਆਂ ਅਬੁੱਝ ਰਮਜ਼ਾਂ ਦੀ ਗਤੀ ਕਮਜ਼ੋਰ ਹੋਣ ਕਾਰਨ ਹੀ ਉਸ ਦਾ ਕਾਵਿ ਮਹਾਨ ਕਵਿਤਾ ਦੀਆਂ ਸਿਖਰਾਂ ਨਹੀਂ ਛੋਂਹਦਾ। *ਪੈਗੰਬਰ* (*The Prophet*), *ਬਾਗ਼ੀ ਰੂਹਾਂ* (*Spirits Rebellious*) ਜਾਂ *ਪੂਰਬਗਾਮੀ* (*The Forerunner*) ਕੋਈ ਵੀ ਉਸਦਾ ਕਾਵਿ ਸੰਗ੍ਰਹਿ ਲੈ ਲਵੋ, ਉਸ ਦੀ ਕਵਿਤਾ ਸੁੰਦਰ

ਕਥਨਾਂ (Sublime Statements) ਦੇ ਸੰਗ੍ਰਹਿਆਂ ਤੋਂ ਅੱਗੇ ਨਹੀਂ ਜਾਂਦੀ। ਉਸ ਦੇ ਇਹ ਸੁੰਦਰ ਕਥਨ ਭਾਵੇਂ ਮਿੱਥਾਂ ਅਤੇ ਭਾਵੇਂ ਲੋਕ ਕਹਾਣੀਆਂ ਦੀ ਪੁਸ਼ਾਕ ਪਹਿਨਣ, ਇਹਨਾਂ ਦੀ ਅਵਾਜ਼ ਦੱਸੀ ਹੋਈ ਸੁੰਦਰਤਾ ਤੱਕ ਹੀ ਮਹਿਦੂਦ ਰਹਿੰਦੀ ਹੈ। ਉਸ ਦੇ ਕਾਵਿ-ਕਥਨਾਂ ਦੀ ਰਮਜ਼ ਔਸਤਨ ਮਿਠਾਸ ਨਾਲ ਭਰਪੂਰ ਹੈ, ਪਰ ਇਹਨਾਂ ਵਿੱਚੋਂ ਆਨੰਦ ਦਾ ਤਣਾਉ ਅਤੇ ਬਲੇਕ ਦੇ ਟਾਈਗਰ (Tiger) ਵਰਗੀ ਹੁਸੀਨ ਹਿੰਸਕ ਗਤੀ ਦੋਵੇਂ ਅਲੋਪ ਹਨ। ਦੂਰ ਦਿਸਹੱਦਿਆਂ ਦੇ ਰਹੱਸ ਖ਼ਲੀਲ ਦੇ ਕਾਵਿ ਸੰਕਲਪਾਂ ਅੰਦਰ ਹੜ੍ਹ ਵਰਗੀ ਛਲ ਪੈਦਾ ਨਹੀਂ ਕਰਦੇ, ਅਤੇ ਜੋ ਕੁਛ ਕਿਹਾ ਗਿਆ ਹੈ, ਉਸ ਤੋਂ ਵਡੇਰੇ ਕਿਸੇ ਅਣਕਹੇ ਜੋਬਨ ਦਾ ਇਕਰਾਰ ਨਹੀਂ ਕਰਦੇ। ਉਸ ਦੀਆਂ ਕਵਿਤਾਵਾਂ ਮਹਾਨ ਕਵਿਤਾ ਵਲ ਜਾਂਦਾ ਰਾਹ ਹਨ, ਪਰ ਆਪ ਮਹਾਨ ਨਹੀਂ। ਉਸ ਦੇ ਕਾਵਿ ਵਿਚ ਅਪਹੁੰਚ ਵਿਸ਼ਵ ਆਪਣਾ ਨਿਰਲੇਪ ਜ਼ੋਰ ਨਹੀਂ ਵਖਾਉਂਦਾ; ਇਸ ਦੇ ਸ਼ਬਦ-ਜਗਤ ਵਿਚ ਠੰਢੀ ਕਿਣਮਿਣ ਵਰਗਾ ਅਸਰ ਹੀ ਪੈਦਾ ਕਰਦਾ ਹੈ। ਖ਼ਲੀਲ ਆਪਣੇ ਅਣਦੱਸੇ ਉਸਤਾਦ ਸ਼ੇਖ਼ ਸਾਅਦੀ ਵਾਂਗ ਜ਼ਿੰਦਗੀ ਦੇ ਅਰੋਗ ਅਰਥਾਂ ਦੇ ਕਈ ਡੂੰਘੇ ਸੰਕੇਤ ਦੇ ਸਕਦਾ ਹੈ, ਅਤੇ ਸ਼ਬਦ-ਜਗਤ ਦੀ ਸੁੰਦਰ ਦਾਸਤਾਨ ਵੀ ਬਣ ਸਕਦਾ ਹੈ, ਪਰ ਦੂਰ ਦਿਸਹੱਦਿਆਂ ਦਾ ਸਿਹਰ ਜਗਾਏ ਬਿਨਾਂ ਮਹਾਨ ਕਵਿਤਾ ਦਾ ਦਾਤਾ ਨਹੀਂ ਬਣ ਸਕਦਾ।

ਮਹਾਨ ਕਵਿਤਾ ਆਪਣੇ ਨਾਲ ਧਰਤੀ ਅਤੇ ਅਸਮਾਨ ਦੇ ਅਣਗਿਣਤ ਪੈਂਡੇ ਤੋਰ ਸਕਦੀ ਹੈ, ਜਦੋਂ ਕਿ ਸਾਧਾਰਣ ਕਵਿਤਾ ਵੱਖ ਵੱਖ ਦ੍ਰਿਸ਼ਾਂ ਨੂੰ ਕੇਵਲ ਇਕ ਠੰਢੀ ਜਿਹੀ ਤਰਤੀਬ ਹੀ ਦਿੰਦੀ ਹੈ। ਇਸ ਦੇ ਲੁਤਫ਼ ਕੇਵਲ ਦਿਸਦੇ ਤਕ ਹੀ ਸੀਮਤ ਰਹਿੰਦੇ ਹਨ, ਅਤੇ ਇਸ ਦੀ ਅਬੁੱਝ ਰਮਜ਼ ਦੀ ਤਹਿ ਇਕ ਬਲਹੀਣ ਅਤੇ ਪਤਲੇ ਜਿਹੇ ਪਰਦੇ ਹੇਠ ਹੀ ਹੁੰਦੀ ਹੈ! ਅਪਹੁੰਚ ਵਿਸ਼ਵ ਵਲ ਇਸ ਦੇ ਸੁਆਦ ਦੀਆਂ ਬਾਰੀਆਂ ਨਹੀਂ ਖੁਲ੍ਹਦੀਆਂ। ਧਨੀ ਰਾਮ ਚਾਤ੍ਰਿਕ ਆਪਣੀ ਕਵਿਤਾ ਵਿਚ ਪੰਜਾਬ ਦੀ ਜ਼ਿੰਦਗੀ ਦੇ ਅਨੇਕਾਂ ਪਹਿਲੂ ਸ਼ਾਮਿਲ ਕਰਦਾ ਹੈ, ਪਰ ਉਸਦੀ ਕਵਿਤਾ ਦਾ ਸੁਹਜ ਇਕ ਯਾਦਗਾਰ ਤੋਂ ਅੱਗੇ ਨਹੀਂ ਜਾਂਦਾ। ਕਵੀ ਜੀ ਨਹੀਂ ਜਾਣਦੇ ਪਈ ਮਹਾਨ ਕਵਿਤਾ ਦੇ ਮੇਲੇ ਦੀ ਝਾਕੀ ਅਸਲੀ ਜ਼ਿੰਦਗੀ ਦੇ ਮੇਲੇ ਨਾਲੋਂ ਕਿਤੇ ਦਿਲਕਸ਼ ਅਤੇ ਨਿਆਰੀ ਹੁੰਦੀ ਹੈ। ਅਸਲੀ ਜ਼ਿੰਦਗੀ ਦਾ ਮੇਲਾ ਵਕਤੀ ਸ਼ੌਂਕ ਦਾ ਹਿੱਸਾ ਹੁੰਦਾ ਹੈ, ਜਦੋਂ ਕਿ ਮਹਾਨ ਕਵਿਤਾ ਦਾ ਮੇਲਾ ਸਰਬ ਸਮਿਆਂ ਦੇ ਆਂਗਣ ਵਿਚ ਲਗਦਾ ਹੈ। ਸਾਧਾਰਣ ਕਵਿਤਾ ਕੇਵਲ ਜੀਵਨ-ਦ੍ਰਿਸ਼ਾਂ ਨੂੰ ਜੋੜਦੀ ਹੈ, ਉਹਨਾਂ ਨੂੰ ਦਰਿਆ ਬਣਾਉਣ ਦਾ ਤਾਣ ਨਹੀਂ ਰੱਖਦੀ।

ਮਹਾਨ ਕਵਿਤਾ ਆਪਣੇ ਆਪ ਵਿਚ ਫ਼ਲਸਫ਼ਾ ਨਹੀਂ ਹੁੰਦੀ, ਪਰ ਉਸ ਦੇ ਵਿਸ਼ੇਸ਼ ਸੰਗੀਤ-ਮੰਡਲ ਵਿਚ ਫ਼ਲਸਫ਼ੇ ਦੀਆਂ ਕੁਲ ਉਚਾਈਆਂ ਅਤੇ ਗਹਿਰਾਈਆਂ ਪੈਦਾ ਹੁੰਦੀਆਂ ਹਨ। ਜਦੋਂ ਕਵੀ ਦਾ ਅਨੁਭਵ ਕਿਸੇ ਕਿਸਮ ਦੀ ਜ਼ਿਹਨੀ ਗ਼ੁਲਾਮੀ ਨਹੀਂ ਕਬੂਲਦਾ, ਜਦੋਂ ਉਸ ਦੀ ਚਾਲ ਸਾਹਮਣਿਉਂ ਬਾਹਰਲੇ ਫ਼ਲਸਫ਼ੇ ਦੀ ਹਰ ਦੀਵਾਰ ਹਟ ਜਾਂਦੀ ਹੈ, ਜਦੋਂ ਉਹ ਸਵੈ ਦੇ ਆਨੰਦ ਦੀਆਂ ਸਭ ਹੱਦਾਂ ਲੰਘ ਜਾਂਦਾ ਹੈ, ਅਤੇ ਜਦੋਂ ਉਹ ਸੈਭੰ ਸੁਹਜ ਦਾ ਸੁਆਮੀ ਬਣ ਜਾਂਦਾ ਹੈ, ਤਾਂ ਉਸ ਦੀ ਕਲਮ ਮਹਾਨ ਕਵਿਤਾ ਨੂੰ ਸਾਜਦੀ ਹੈ। ਇਸ ਪੜਾ ਉੱਤੇ ਪ੍ਰੋ: ਪੂਰਨ ਸਿੰਘ ਦੀ ਕਵਿਤਾ ਇਕ ਅਜੀਬ ਕ੍ਰਿਸ਼ਮਾ ਵਖਾਉਂਦੀ ਹੈ। ਉਹਨਾਂ ਦੀ ਕਵਿਤਾ ਵਿਚ ਅਪਹੁੰਚ ਵਿਸ਼ਵ ਦੀ ਕੋਈ ਸੁਤੰਤਰ ਹੋਂਦ ਨਹੀਂ ਰਹਿੰਦੀ, ਅਰਥਾਤ ਉਹਨਾਂ ਦੀ ਕਵਿਤਾ ਤੋਂ ਵੱਖਰੇ ਰੂਪ ਵਿਚ ਇਸ ਦੀ ਦੱਸ ਨਹੀਂ ਪਾਈ ਜਾ ਸਕਦੀ। ਅਪਹੁੰਚ ਵਿਸ਼ਵ ਉਹਨਾਂ ਦੀ ਕਵਿਤਾ ਵਿਚ ਓਤ ਪੋਤ ਹੈ! ਕੋਈ ਅਜ਼ਾਦ ਜਜ਼ਬਾ ਉਹਨਾਂ ਦੀ ਕਵਿਤਾ ਵਿਚ ਉੱਚੇ ਅਸਮਾਨਾਂ ਵਾਂਗ ਹਰ ਸੀਮਾ ਨੂੰ ਵੇਖਦਾ ਪਰ ਹਰ ਸੀਮਾ ਤੋਂ ਬਾਹਰ ਛੱਲਾਂ ਮਾਰ ਰਿਹਾ ਹੈ : ਲਫ਼ਜ਼ਾਂ ਵਿਚ ਇਸ ਤਰ੍ਹਾਂ ਟਿਕਿਆ ਹੈ ਕਿ ਕਿਸੇ ਹੋਰ ਤਰ੍ਹਾਂ ਟਿਕ ਨਹੀਂ ਸਕਦਾ, ਅਤੇ ਇਸ ਤਰ੍ਹਾਂ ਅਜ਼ਾਦ ਹੈ ਕਿ ਇਸ ਦੀ ਕੋਈ ਹੋਰ ਅਜ਼ਾਦੀ ਸੋਚੀ ਨਹੀਂ ਜਾ ਸਕਦੀ। ਪ੍ਰੋ: ਪੂਰਨ ਸਿੰਘ ਦੇ ਉਲਟ ਪ੍ਰੋ: ਮੋਹਨ ਸਿੰਘ ਦੀ ਕਵਿਤਾ ਦੀ ਮਹਾਨਤਾ ਇਕ ਖ਼ਾਸ ਪੜਾ ਉੱਤੇ ਆ ਕੇ ਰੁਕ ਜਾਂਦੀ ਹੈ। ਸਾਵੇ ਪੱਤਰ ਤੋਂ ਬੂਹੇ ਤਕ ਦੇ ਖਿੱਲਰੇ ਗੀਤ ਭਾਵੇਂ ਸੁੱਚੇ ਜਜ਼ਬਿਆਂ ਦੀ ਕੋਈ ਤਰਤੀਬ

WWW.SIKHBOOKCLUB.COM Page 17

ਢੂੰਡ ਸਕਦੇ ਹਨ, ਪਰ ਉਹਨਾਂ ਵਿਚਲਾ ਜਜ਼ਬਾ ਘਰ ਵਾਲੀ ਅਪਣੱਤ ਰੱਖਦਾ ਹੋਇਆ ਵੀ ਸਥਾਨਕ ਘੇਰਿਆਂ ਨੂੰ ਛੱਡ ਕੇ ਸਮੇਂ ਦੀਆਂ ਬਹੁੰ-ਤੈਹਾਂ ਵਿਚ ਉਤਰਣ ਦੀ ਸਮਰੱਥਾ ਨਹੀਂ ਰੱਖਦਾ। ਉਹਨਾਂ ਦੇ ਜਜ਼ਬੇ ਦੀਆਂ ਬਾਰੀਆਂ ਪੋਠੋਹਾਰ ਦੇ ਲੋਕ ਸਾਹਿਤ ਵਲ ਧੀਮੀ ਜਹੀ ਸੂਫ਼ੀ ਝਲਕ ਰੱਖਣ ਵਾਲੇ ਭਰਵੇਂ ਨਸ਼ੇ ਵਿਚ ਖੁਲ੍ਹਦੀਆਂ ਹਨ, ਪਰ ਉਹਨਾਂ ਦੀ ਕਵਿਤਾ ਦੀ ਮਿੱਠੀ ਧੁਨ ਸਿਰਫ਼ ਰਸੀਲੀ ਉਤਸੁਕਤਾ ਹੀ ਜਗਾਉਂਦੀ ਹੈ; ਅਬੁੱਝ ਰਮਜ਼ ਦਾ ਕੋਈ ਆਲਮ ਨਹੀਂ ਸਿਰਜਦੀ। ਕਵਿਤਾ ਵਿਚ ਰਸ-ਰੰਗ-ਸੁਗੰਧ ਦੀ ਦੁਨੀਆ ਵੀ ਹੰਭ ਜਾਂਦੀ ਹੈ, ਜੇ ਉਸ ਦੀ ਵਾਟ ਕਿਸੇ ਵਿਸ਼ਾਲ ਮੌਲਿਕ ਨਿਯਮ ਨੂੰ ਆਪਣਾ ਹਮਸਫ਼ਰ ਨਹੀਂ ਬਣਾਉਂਦੀ। ਮੋਹਨ ਸਿੰਘ ਦਾ ਜਜ਼ਬਾ ਲੋਕ ਸਾਹਿਤ ਅਤੇ ਕੁਦਰਤ ਦੇ ਹੁਸਨ ਨਾਲ ਇਕਸੁਰ ਹੋ ਕੇ ਇਕ ਮਧੁਰ ਕਲਪਨਾ ਨੂੰ ਜਨਮ ਜ਼ਰੂਰ ਦਿੰਦਾ ਹੈ, ਪਰ ਉਹਨਾਂ ਦੇ ਕਾਵਿ-ਵਿਵਰਣ ਕਵੀ ਕੀਟਸ ਵਾਂਗ ਸਮੇਂ ਦਾ ਇਕ ਅਜਿਹਾ ਮੰਡਲ ਸਾਹਮਣੇ ਨਹੀਂ ਲਿਆਉਂਦੇ, ਜਿਸ ਦੀਆਂ ਉਚਾਣਾਂ-ਨੀਵਾਣਾਂ ਵਿਚ ਹੁਸੀਨ ਸਭਿਆਚਾਰਾਂ ਦੇ ਦ੍ਰਿਸ਼ ਲਗਾਤਾਰ ਉਦੈ-ਅਸਤ ਹੋ ਰਹੇ ਹੋਣ ਅਤੇ ਜਿਹਨਾਂ ਦੀ ਸਿਰਜਣਾ ਦਾ ਸਿਹਰਾ ਕਿਸੇ ਵੀ ਹੋਰ ਨੂੰ, ਏਥੋਂ ਤੱਕ ਕਿ ਕੁਦਰਤ ਨੂੰ ਵੀ ਨਸੀਬ ਨ ਹੋਵੇ। ਸ਼ੁਰੂ ਅਤੇ ਆਖ਼ੀਰ ਵਿਚ ਕੇਵਲ ਕਵੀ ਹੀ ਇਸ ਦਾ ਸਿਰਜਕ ਰਹੇ। ਮਹਾਨ ਕਵੀ ਦਰਸ਼ਨ ਦਾ ਸਹਾਰਾ ਨਹੀਂ ਲੈਂਦੇ। ਉਹਨਾਂ ਦੀ ਕਵਿਤਾ ਦੀ ਸਰੋਦੀ ਗਹਿਰਾਈ ਹੀ ਮੌਲਿਕ ਦਰਸ਼ਨ ਹੋ ਨਿਬੜਦੀ ਹੈ। ਜੇ ਕਵੀ ਦੀ ਅੰਤਰ-ਦ੍ਰਿਸ਼ਟੀ ਦਾ ਪੈਂਡਾ ਆਪਣੇ ਨਾਲ ਕੁਦਰਤ ਅਤੇ ਜ਼ਿੰਦਗੀ ਦੇ ਰੱਜਵੇਂ ਨਜ਼ਾਰੇ, ਲੋਕ ਗੀਤਾਂ ਦੀਆਂ ਸਾਦੀਆਂ ਪਰ ਰਹੱਸਮਈ ਧੁਨਾਂ, ਲੋਕ ਸਾਹਿਤ ਦੇ ਕੁਦਰਤੀ ਜ਼ਰਖੇਜ਼ ਬੋਲ, ਵੰਨਸਵੰਨੀਆਂ ਮਿੱਥਾਂ ਦੀਆਂ ਧੂਹ ਪਾਉਂਦੀਆਂ ਸੱਦਾਂ ਅਤੇ ਫ਼ਲਸਫ਼ਿਆਂ ਦੇ ਸੰਗੀਤ ਵਿਚ ਪਲਟੇ ਇਸ਼ਾਰਿਆਂ ਦੇ ਕਾਫ਼ਲੇ ਆਪਣੇ ਨਾਲ ਤੋਰਨ ਦੀ ਸਮਰੱਥਾ ਰੱਖਦਾ ਹੋਵੇ, ਤਾਂ ਉਸ ਦੀ ਕਵਿਤਾ ਮਹਾਨ ਰੁਤਬਾ ਧਾਰਨ ਕਰਦੀ ਹੋਈ ਨਿਰੋਲ ਆਪਣੇ ਹੀ ਕਿਸੇ ਮੌਲਿਕ ਜਹਾਨ ਦੀ ਵਾਰਿਸ ਹੋ ਨਿਬੜਦੀ ਹੈ। ਪਰ ਪ੍ਰੋ: ਮੋਹਨ ਸਿੰਘ ਦੇ ਕਾਵਿ ਅਨੁਭਵ ਵਿਚ ਇਸ ਤਰ੍ਹਾਂ ਦੀ ਭਰਪੂਰਤਾ ਨਹੀਂ। ਸੋ, ਕਵੀ ਜੀ ਦੀ ਮਿਠਾਸ ਅਰਥਾਂ ਦੀ ਸਾਧਾਰਣਤਾ ਤੋਂ ਬਹੁਤੀ ਦੂਰ ਨਹੀਂ ਜਾਂਦੀ।

ਜਦੋਂ ਮਹਾਨ ਕਵਿਤਾ ਨਿੱਕੇ ਅਕਾਰ ਵਿਚ ਸਿਮਟਦੀ ਹੈ, ਤਦੋਂ ਇਸ ਦੇ ਚਮਤਕਾਰੀ ਪ੍ਰਭਾਵ ਦੇ ਕਾਨੂੰਨ ਵੀ ਬਦਲ ਜਾਂਦੇ ਹਨ। **ਨਿੱਕੀਆਂ ਕਵਿਤਾਵਾਂ** ਕਵੀ ਦੀਆਂ ਅਨੇਕਾਂ ਅਣਬੁੱਝ ਦਿਸ਼ਾਵਾਂ ਦੇ ਸੰਕੇਤ ਦੇਣੇ ਸ਼ੁਰੂ ਕਰ ਦਿੰਦੀਆਂ ਹਨ, ਜਿਹਨਾਂ ਅੰਦਰ ਅਣਲਿਖੀਆਂ ਚੀਜ਼ਾਂ ਦੇ ਇਕਰਾਰ ਮੌਜੂਦ ਹੁੰਦੇ ਹਨ। ਕਵਿਤਾ ਦਾ ਅਪਹੁੰਚ ਵਿਸ਼ਵ ਨਿੱਕੀ ਕਵਿਤਾ ਤੋਂ ਬਾਹਰ ਨਿਕਲ ਜਾਂਦਾ ਹੈ, ਅਤੇ ਇਹ ਅਣਲਿਖੀ ਸਿਰਜਣਾ ਵਿਚ ਸਮਾ ਜਾਂਦਾ ਹੈ—ਜਦੋਂ ਕਿ ਲੰਮੀਆਂ ਕਵਿਤਾਵਾਂ ਤੋਂ ਇਸਦੀ ਹੋਂਦ ਬਾਹਰ ਨਹੀਂ ਜਾਂਦੀ; ਉਹਨਾਂ ਦੇ ਅੰਦਰ ਹੀ ਵਸਦੀ ਹੈ। ਵੱਖ-ਵੱਖ ਸਮਿਆਂ ਵਿਚ ਲਿਖੀਆਂ ਸੁਤੰਤਰ ਨਿੱਕੀਆਂ ਕਵਿਤਾਵਾਂ ਆਖ਼ਿਰ ਵਿਚ ਇਕ ਲੰਮੀ ਕਵਿਤਾ ਦਾ ਰੂਪ ਧਾਰਨ ਕਰ ਜਾਂਦੀਆਂ ਹਨ, ਪਰ ਫਿਰ ਵੀ ਆਪਣੇ ਅਣਲਿਖੇ ਰੂਪਾਂ ਦੀ ਤਾਂਘ ਨਹੀਂ ਛਡਦੀਆਂ। ਸ਼ਾਹ ਹੁਸੈਨ ਦੀਆਂ ਕਾਫ਼ੀਆਂ ਨੂੰ ਸਮੁੱਚੇ ਰੂਪ ਵਿਚ ਸੰਜੋਗ-ਵਿਜੋਗ ਦੇ ਵਿਸ਼ਾਲ ਵਹਿਣ ਦੀ ਖਿੱਚ ਪੈਂਦੀ ਹੈ। ਉਹਨਾਂ ਦੀ ਹਰ ਕਾਫ਼ੀ ਦੀ ਸੁਤੰਤਰ ਹਸਤੀ ਅੰਦਰ ਕੋਈ ਅਪਕੜ ਧੂਹ ਛੁਪੀ ਹੋਈ ਹੈ, ਜਿਹੜੀ ਸਮੇਂ ਤੋਂ ਪਾਰ ਦੇ ਮਨਮੋਹਕ ਪਸਾਰਾਂ ਵਲ ਉਡਦੀ ਹੈ। ਇਹਨਾਂ ਕਾਫ਼ੀਆਂ ਦਾ ਸਥਾਨਕ ਰੰਗ ਬੇਮਿਸਾਲ ਹੈ—ਇਹਨਾਂ ਦੇ ਬਿੰਬ, ਸ਼ਬਦ-ਚਿਤ੍ਰ ਅਤੇ ਸੰਗੀਤ ਸ਼ਬਦ-ਜਗਤ ਵਿਚ ਅਨਿੱਖੜ ਹਨ, ਪਰ ਇਹਨਾਂ ਦੀ ਮੁੱਖ ਸਾਹਿਤਿੱਕ ਖ਼ੂਬੀ ਉਸ ਜਾਦੂ ਅੰਦਰ ਹੈ, ਜਿਹੜਾ ਇਹਨਾਂ ਦੀ ਰਹੱਸਮਈ ਤਰੰਗ ਅਪਹੁੰਚ ਵਿਸ਼ਵ ਵਲ ਠੇਲ੍ਹਦਾ ਹੈ, ਅਤੇ ਇੰਞ ਇਹਨਾਂ ਕਾਫ਼ੀਆਂ ਦੇ ਸੁਤੰਤਰ ਰੂਪਾਂ ਨੂੰ ਅਪਕੜ ਦਿਸ਼ਾਵਾਂ ਦੀ ਖਿੱਚ ਵਿਚ ਖੜੇ ਕਰ ਦਿੰਦਾ ਹੈ। ਪ੍ਰੋ: ਮੋਹਨ ਸਿੰਘ ਦੇ ਵਿੱਕੋਲਿਤ੍ਰੇ ਗੀਤ ਵੀ ਅਪਕੜ ਦਿਸ਼ਾਵਾਂ ਦੀ ਖਿੱਚ ਵਿਚ ਆਉਂਦੇ ਹਨ, ਪਰ ਉਹ ਖਿੱਚ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਜਿੰਨੀ ਜ਼ਬਰਦਸਤ ਨਹੀਂ। ਇਸ ਤਰ੍ਹਾਂ

WWW.SIKHBOOKCLUB.COM 

ਅਪਹੁੰਚ ਵਿਸ਼ਵ ਦੇ ਵਹਿਣ ਅੰਦਰ ਵਹਿਣ ਵਾਲੀ ਬਹੁਮੁਖੀ ਗਤੀ ਮੋਹਨ ਸਿੰਘ ਦੇ ਸੰਗੀਤਕ ਆਪੇ ਦਾ ਹਿੱਸਾ ਨਹੀਂ ਬਣਦੀ, ਜਿਸ ਦੀ ਦਾਰਸ਼ਨਿਕ ਅਨੁਪਮਤਾ ਨਵੇਂ ਤਾਰੇ ਦੇ ਜਨਮ ਲੈਣ ਵਰਗਾ ਕ੍ਰਿਸ਼ਮਾ ਹੁੰਦੀ ਹੈ। ਇਸੇ ਤਰ੍ਹਾਂ ਮਿਰਜ਼ਾ ਗ਼ਾਲਿਬ ਦੀ ਹਰ ਗ਼ਜ਼ਲ ਵਿਚ ਕਲਾਮਈ ਕਾਰੀਗਰੀਆਂ ਦੇ ਅਨੂਠੇ ਤੇਜ ਹਨ, ਜਿਹਨਾਂ ਦੀ ਅਕਹਿ ਵਚਿੱਤਰਤਾ ਆਪਣੇ ਆਪ ਵਿਚ ਇਕ ਨਵੇਂ ਦਰਸ਼ਨ ਦੇ ਨਾਜ਼ਲ ਹੋਣ ਦਾ ਦਰਜਾ ਰੱਖਦੀ ਹੈ, ਅਰਥਾਤ ਇਹਨਾਂ ਗ਼ਜ਼ਲਾਂ ਦੀ ਕਲਾਮਈ ਗੰਭੀਰਤਾ ਹੀ ਇਹਨਾਂ ਦਾ ਅਬੁੱਝ ਦਰਸ਼ਨ ਹੈ। ਪਰ ਜੇ ਡੂੰਘੀ ਨਿਗਾਹ ਨਾਲ ਦੇਖੀਏ, ਤਾਂ ਮਿਰਜ਼ਾ ਗ਼ਾਲਿਬ ਦਾ ਸਮੁੱਚਾ ਦੀਵਾਨ ਹੀ ਉਹਨਾਂ ਦੀਆਂ ਗ਼ਜ਼ਲਾਂ ਦੀ ਅਸਲੀ ਮਹਾਨਤਾ ਦਾ ਗਵਾਹ ਹੈ। ਦੁਨੀਆ ਦੀਆਂ ਸ਼ਹਿਨਸ਼ਾਹੀ ਪ੍ਰਾਪਤੀਆਂ ਤੋਂ ਵੀ ਉਚੇਰੀ ਬੇਨਿਆਜ਼ੀ ਦਾ ਕੋਈ ਬਲਦਾ ਜਲਾਲ ਮਿਰਜ਼ਾ ਦੇ ਦੀਵਾਨ ਦਾ ਵਿਸ਼ਾਲ ਬਿੰਬ ਹੈ, ਜਿਸ ਦੇ ਧ੍ਰਵੀ ਕੇਂਦਰ ਵਲ ਮਿਰਜ਼ਾ ਦੀ ਹਰ ਸੁਤੰਤਰ ਗ਼ਜ਼ਲ ਦਾ ਮੂੰਹ ਹੈ। ਕਵੀ ਦੇ ਕਾਵਿ-ਬਿੰਬ ਵਿੱਚ ਵਕਤ ਇਸ ਤਰ੍ਹਾਂ ਘੁੰਮ ਰਿਹਾ ਹੈ, ਕਿ ਵੱਖ ਵੱਖ ਸਮਿਆਂ ਉੱਤੇ ਲਿਖੇ ਸ਼ਿਅਰ ਇੱਕੋ ਅਨੰਤ ਨਜ਼ਾਰੇ ਦਾ ਹਿੱਸਾ ਬਣ ਗਏ ਹਨ : ਡੂੰਘੇ ਸੰਗੀਤਕ ਦਰਸ਼ਨ ਵਿਚ ਉਸਰੀ ਇਕ ਮਹਾਨ ਲੰਮੀ ਕਵਿਤਾ!

ਮੇਰੇ ਖ਼ਿਆਲ ਵਿਚ ਡਾ: ਹਰਿਭਜਨ ਸਿੰਘ ਦੀਆਂ ਕਾਵਿ ਪੁਸਤਕਾਂ *ਅਧਰੈਣੀ* ਅਤੇ *ਅਲਵਿਦਾ ਤੋਂ ਪਹਿਲਾਂ* ਵੀ ਗੀਤਾਂ ਦੇ ਸੰਗ੍ਰਹਿ ਹੋਣ ਦੇ ਬਾਵਜੂਦ ਸੰਯੁਕਤ ਲੰਮੀਆਂ ਕਵਿਤਾਵਾਂ ਦੇ ਹੁਸਨ ਵਿਚ ਪਲਟਣ ਦੀ ਸ਼ਕਤੀ ਰੱਖਦੀਆਂ ਹਨ। ਇਹਨਾਂ ਕਵਿਤਾਵਾਂ ਵਿਚਲੇ ਅਪਹੁੰਚ ਵਿਸ਼ਵ ਦੀ ਅਬੁੱਝ ਰਮਜ਼ ਇਹਨਾਂ ਦੇ ਸ਼ਬਦ-ਜਗਤ ਵਿਚ ਮੁਸਾਫ਼ਰੀ ਦੇ ਤਰਲ ਬਿੰਬ ਦੇ ਕੇਂਦਰ ਖੜੇ ਕਰ ਦਿੰਦੀ ਹੈ, ਜਿਹਨਾਂ ਦੀ ਕਸ਼ਿਸ਼ ਵਿਚ ਆ ਕੇ ਦ੍ਰਿਸ਼-ਚਿਤ੍ਰਾਂ ਦੀਆਂ ਮਧੁਰ ਧੁਨੀਆਂ ਇਕ ਸਾਂਝਾ ਨਾਚ ਪੈਦਾ ਕਰ ਲੈਂਦੀਆਂ ਹਨ। ਘਰ ਤੋਂ ਵਿਛੜਿਆ ਅਤੇ ਇਸ ਵਿਛੋੜੇ ਵਿੱਚੋਂ ਇਕ ਨਵੇਂ ਘਰ ਦੇ ਪੈਦਾ ਕਰਨ ਦੀ ਜੁਸਤਜੂ ਲੈ ਕੇ ਤੁਰਿਆ ਮੁਸਾਫ਼ਰ ਹੋਂਦ ਦੇ ਅੱਧ-ਚਾਨਣੇ ਅਤੇ ਅੱਧ-ਹਨੇਰੇ ਵਣਾਂ ਵਿੱਚੋਂ ਦੀ ਗੁਜ਼ਰਦਾ ਹੋਇਆ ਇਕ ਨਵੇਲਾ ਨਾਦ ਪੈਦਾ ਕਰਦਾ ਹੈ। ਰੂਹ ਅਤੇ ਸਰੀਰ ਦੇ ਭਿੰਨ ਭਿੰਨ ਧਰਾਤਲਾਂ ਦੀਆਂ ਨਿਰਾਕਾਰ ਹਰਕਤਾਂ ਵਿੱਚੋਂ ਕਵੀ ਜੀ ਅਤਿ ਨਾਜ਼ੁਕ ਬਿੰਬ, ਸੰਗੀਤਮਈ ਰੂਪਕ ਅਤੇ ਅਸਚਰਜਤਾ ਭਰੀਆਂ ਉਪਮਾਵਾਂ ਲੱਭ ਕੇ ਕਾਵਿ-ਦਿਸਹੱਦਿਆਂ ਦੀਆਂ ਦੂਰੀਆਂ ਦਾ ਕੋਮਲ ਵਿਸਮਾਦ ਸਿਰਜਦੇ ਹਨ। ਇੰਝ ਸੁਹਜਮਈ ਵਿਵਰਣਾਂ ਦੀਆਂ ਬਾਰੀਕ ਤੰਦਾਂ ਲੰਮੀਆਂ ਹੁੰਦੀਆਂ ਹੋਈਆਂ ਵੱਖ ਵੱਖ ਕਾਵਿ-ਤਰਕੀਬਾਂ ਵਿਚ ਰਹੱਸਮਈ ਗੂੰਜਾਂ ਪਾਉਂਦੀਆਂ ਹਨ, ਅਤੇ ਇਕ ਸਾਂਝੀ ਲੰਮੀ ਕਵਿਤਾ ਦਾ ਸੰਦੇਸ਼ ਦਿੰਦੀਆਂ ਹਨ।

## 3

ਮਹਾਨ ਕਵਿਤਾ ਧਰਤੀ ਅਤੇ ਅਸਮਾਨ ਦੀਆਂ ਪ੍ਰਤਿਨਿਧ ਖ਼ੂਬਸੂਰਤੀਆਂ, ਜਿਹੜੀਆਂ ਜ਼ਿੰਦਗੀ ਵਿਚ ਮਿਲਦੇ ਸੁਹਜ ਤੋਂ ਬਹੁਤ ਅੱਗੇ ਹੋਣ; ਜਿਹਨਾਂ ਦੇ ਕਲਾਵੇ ਵਿਚ ਫ਼ਜਰ ਅਤੇ ਤਿਰਕਾਲਾਂ ਦੇ ਸੁਮੇਲ, ਵਿਛੋੜੇ ਅਤੇ ਸਫ਼ਰ ਹੋਣ; ਜਿਹੜੀਆਂ ਗ਼ੈਬੀ ਅਤੇ ਦਿਸਦੇ ਪਰਦੇ ਦੇ ਸੰਗਮ ਉੱਤੇ ਦਮਕਣ; ਜਿਹਨਾਂ ਦੀ ਪਾਵਨਤਾ ਆਪਣੀ ਗਵਾਹੀ ਆਪ ਹੋਵੇ; ਜਿਹਨਾਂ ਦੀ ਸੁਖਮਤਾ ਅਮੁੱਕ ਹੋਵੇ ਅਤੇ ਜਿਹਨਾਂ ਦਾ ਸੰਗੀਤ ਅਥਾਹ ਚੁੱਪ ਵਿੱਚੋਂ ਜਦੋਂ ਵੀ ਚਾਹੇ ਬਾਹਰ ਆ ਸਕਦਾ ਹੋਵੇ; ਨੂੰ ਆਪਣੀ ਹੋਂਦ ਦਾ ਅਨਿੱਖੜ ਅੰਗ ਬਣਾਉਂਦੀ ਹੈ। ਮਨੁੱਖ ਧਰਤੀ ਅਤੇ ਅਸਮਾਨ ਦੇ ਜਿਹਨਾਂ ਮੋਹ-ਭਰੇ ਰਿਸ਼ਤਿਆਂ ਵਿਚ ਜਿਊਂਦਾ ਹੈ, ਮਹਾਨ ਕਵਿਤਾ ਉਹਨਾਂ ਦੀ ਸਰਬਕਾਲੀ ਅਹਿਮੀਅਤ ਦ੍ਰਿੜ੍ਹ ਕਰਵਾਉਂਦੀ ਹੈ; ਸਮੁੰਦਰ, ਪਹਾੜ, ਦਰਿਆ, ਥਲ, ਹਰੇ ਮੈਦਾਨ ਅਤੇ ਅਸਮਾਨ ਦੀ ਮਹਾਨਤਾ ਨੂੰ ਅਤਿ ਪ੍ਰਮਾਣਿਕ ਅੰਦਾਜ਼ ਵਿਚ ਦ੍ਰਿੜ੍ਹ ਕਰਵਾਏ ਬਿਨਾਂ ਸੱਚੀ ਕਵਿਤਾ ਇਹਨਾਂ ਨੂੰ ਆਪਣੇ ਚਾਅ ਵਿਚ ਸ਼ਾਮਿਲ ਨਹੀਂ ਕਰਦੀ। ਕਵਿਤਾ ਨੇ ਹਰ ਯੁਗ ਵਿਚ ਧਰਤੀ ਅਤੇ ਅਸਮਾਨ ਨਾਲ ਜੀਵਨ ਦੇ ਰਿਸ਼ਤਿਆਂ ਨੂੰ ਵਿਕਸਤ ਅਤੇ ਗਹਿਰਾ ਕਰਨਾ ਹੈ, ਅਤੇ ਇਹਨਾਂ ਨੂੰ ਆਪਣੀ ਰੂਹਾਨੀਅਤ ਵਿਚ ਪਰਵਾਰ ਦੇ ਜੀਆਂ ਵਾਂਗ ਨਵੀਂ

WWW.SIKHBOOKCLUB.COM 

ਤੋਂ ਨਵੀਂ ਅਪਣੱਤ ਨਾਲ ਥਾਂ ਦੇਣੀ ਹੈ। ਕੁਦਰਤ ਦੇ ਲਕੀਰੀ ਦ੍ਰਿਸ਼ਾਂ ਦੀਆਂ ਸੂਚੀਆਂ ਨੂੰ ਠੰਢੀ ਜਿਹੀ ਤਰਤੀਬ ਵਿਚ ਪਹਿਲ ਦੇਈ ਜਾਣਾ ਸੱਚੇ ਕਵੀ ਦੀ ਸ਼ਾਨ ਦੇ ਅਨੁਕੂਲ ਨਹੀਂ। ਜਜ਼ਬੇ ਦੀ ਬੇਮਿਸਾਲ ਸਿਖਰ ਉੱਤੇ ਪਹੁੰਚ ਕੇ ਹੀ ਕਵੀ ਕੁਦਰਤ ਨੂੰ ਦਿਸਦੇ ਤੋਂ ਅਣਦਿਸਦੇ ਤਕ ਸੁਜਿੰਦ ਕਰਦਾ ਹੈ, ਅਤੇ ਅਰਥਾਂ ਵਿਚ ਹਰ ਕਿਸਮ ਦੀ ਖੜੋਤ ਨੂੰ ਖ਼ਤਮ ਕਰ ਕੇ ਦਰਿਆ ਵਰਗੀ ਬਲਵਾਨ ਰਵਾਨੀ ਪੈਦਾ ਕਰਦਾ ਹੈ।

ਮਹਾਨ ਕਵਿਤਾ ਵਿਚ ਅਪਹੁੰਚ ਵਿਸ਼ਵ ਦੇ ਕੋਨੇ ਤਦੋਂ ਹੀ ਸਿਹਤਮੰਦ ਰੰਗ ਵਿਚ ਉਗਮਦੇ ਹਨ, ਜੇ ਕਵੀ ਆਪਣੀ ਕਵਿਤਾ ਦੀ ਸਾਮਿਗ੍ਰੀ ਅਤੇ ਸਿਰਜਣਾ-ਵਿਧੀਆਂ ਦੇ ਸੰਗਮ ਉੱਤੇ ਡੂੰਘੇ ਧਿਆਨ ਦਾ ਪਹਿਰਾ ਦੇ ਰਿਹਾ ਹੋਵੇ। ਦੂਜੇ ਲਫ਼ਜ਼ਾਂ ਵਿਚ ਜਦੋਂ ਕਵਿਤਾ ਦਾ ਵਿਸ਼ਾ ਅਤੇ ਰੂਪ ਇਕਾਗਰਤਾ ਦੀ ਇੱਕੋ ਹੀ ਨਿਰਵਿਘਨ ਲਿਸ਼ਕ ਵਿਚ ਸਮਾਏ ਹੋਣ, ਉਦੋਂ ਹੀ ਕਵਿਤਾ ਦੇ ਗਹਿਰੇ ਅਨੁਭਵ ਵੱਖ ਵੱਖ ਸਮਿਆਂ ਦੀਆਂ ਭਿੰਨ ਭਿੰਨ ਵਾਤਾਵਰਣਾਂ ਵਾਲੀਆਂ ਤਹਿਜ਼ੀਬਾਂ ਅਤੇ ਤਮੱਦਨਾਂ ਵਿਚ ਪੂਰਨ ਅਜ਼ਾਦੀ ਸਹਿਤ ਬੇਰੋਕ ਘੁੰਮ ਸਕਦੇ ਹਨ। ਅਜਿਹੀ ਮੰਤਵ-ਸਿੱਧੀ ਦੌਰਾਨ ਕਵਿਤਾ ਆਪਣੀ ਦੂਰ-ਰਸ ਪ੍ਰਭਾਵਾਂ ਵਾਲੀ ਦ੍ਰਿਸ਼ਟੀ ਵਿਚ ਚਿਰੰਜੀਵਤਾ ਲਿਆਉਣ ਲਈ **ਮਿੱਥ** ਦਾ ਸਹਿਯੋਗ ਮੰਗਦੀ ਹੈ, ਭਾਵੇਂ ਕਈ ਵਾਰ ਹੋਰਨਾਂ ਕਲਾਮਈ ਵਿਧੀਆਂ ਦਾ ਨਿਪੁੰਨ ਪ੍ਰਯੋਗ ਕਰਦੀ ਹੋਈ ਇਸ ਤੋਂ ਬਿਨਾਂ ਵੀ ਗੁਜ਼ਾਰਾ ਕਰ ਲੈਂਦੀ ਹੈ। ਮਿੱਥ ਦਾ ਸਫਲ ਪ੍ਰਯੋਗ ਕਰਨਾ ਕਵੀ ਲਈ ਕਵਿਤਾ ਦੇ ਅਥਾਹ ਸੋਮਿਆਂ ਦੀ ਹਾਥ ਲੈਣਾ ਹੈ। ਇਸ ਦੀ ਕਾਵਿਮਈ ਵਰਤੋਂ ਸਮੇਂ ਅਨੁਭਵ ਇਸ ਤਰ੍ਹਾਂ ਰੰਗ ਪਲਟਦਾ ਹੈ, ਜਿਵੇਂ ਪਰੀ-ਕਹਾਣੀਆਂ ਦੇ ਸਹਿਜ਼ਾਦਿਆਂ ਜਾਂ ਪ੍ਰੀਤ-ਪਾਤਰਾਂ ਦੇ ਅਲੌਕਿਕ ਡੂੰਘਾਣਾਂ ਅਤੇ ਮੋੜਾਂ ਵਾਲੇ ਵਿਸਮਾਦ-ਉਪਜਾਉਂਦੇ ਸਫ਼ਰ! ਰਸਿਕ ਕਥਾਵਾਂ ਨਾਲ ਪਰੁੱਚੀ ਬਹੁ-ਸ਼ਾਖ਼ਾਂ ਵਾਲੀ ਸੰਘਣੀ ਮਿੱਥ ਸਮਾਜ ਦੀ ਸਾਂਝੀ ਪ੍ਰਤਿਭਾ ਦੇ ਸੂਖਮ ਨਿਚੋੜਾਂ ਨੂੰ ਆਪਣੇ ਅੰਦਰ ਜਜ਼ਬ ਕਰ ਲੈਂਦੀ ਹੈ। ਇਹ ਸਮਾਜ ਦੇ ਭਿੰਨ ਭਿੰਨ ਵਰਤਾਰਿਆਂ ਤੇ ਮਨੁੱਖਾਂ ਦੀਆਂ ਵਿਸ਼ੇਸ਼ ਸੋਚਾਂ ਦੇ ਪ੍ਰਤਿਨਿਧ ਸੁਹਜ ਨੂੰ ਟਕਸਾਲੀ ਕਥਾ-ਰੂਪਾਂ ਵਿਚ ਸੰਯੁਕਤ ਕਰਦੀ ਹੈ। ਸੋ, ਇਹਨਾਂ ਦੇ ਦ੍ਰਿਸ਼ਟਮਾਨ ਰੂਪ ਵਿਚ ਤਰ੍ਹਾਂ ਤਰ੍ਹਾਂ ਦੇ ਸੂਖਮ ਇਤਿਹਾਸ ਇਸ ਤਰ੍ਹਾਂ ਛੁਪੇ ਹੁੰਦੇ ਹਨ, ਜਿਵੇਂ ਖ਼ਾਸ ਮੌਸਮਾਂ ਵਿਚ ਖ਼ਾਮੋਸ਼ ਟਿਕੇ ਸਮੁੰਦਰਾਂ ਵਿਚ ਦਰਿਆਵਾਂ ਦੀਆਂ ਚੰਚਲ ਲਹਿਰਾਂ ਦਾ ਛੁਪਿਆ ਹੋਣਾ, ਜਾਂ ਇਹਨਾਂ ਦੀ ਖਰ੍ਹਦੀ ਸਤਹ ਹੇਠ ਇਹਨਾਂ ਦੇ ਸ਼ਾਂਤ ਸੁਆਦਾਂ ਦੀ ਹੋਂਦ ਦਾ ਹੋਣਾ। ਮਿੱਥ ਦੇ ਦਿਸਹੱਦੇ ਐਨੀ ਦੂਰ ਤਕ ਫੈਲੇ ਹੁੰਦੇ ਹਨ ਕਿ ਤਹਿਜ਼ੀਬਾਂ ਦੇ ਸੈਂਕੜੇ ਇਤਿਹਾਸਕ ਪੈਂਡੇ ਇਹਨਾਂ ਵਿੱਚੋਂ ਲੱਭੇ ਜਾ ਸਕਦੇ ਹਨ; ਕਵਿਤਾ ਨਵੇਂ ਤੋਂ ਨਵੇਂ ਮੱਥੇ ਇਹਨਾਂ ਦੇ ਮੰਥਨ ਵਿੱਚੋਂ ਲਿਸ਼ਕੋਰ ਸਕਦੀ ਹੈ ਅਤੇ ਸਦੀਵੀ ਤ੍ਰਿਖਾ ਅਤੇ ਉਸ ਵਿੱਚੋਂ ਜਨਮਦੇ ਅਮਲਾਂ ਦੀਆਂ ਨੁਹਾਰਾਂ ਨੂੰ ਮਿੱਥਾਂ ਵਿੱਚੋਂ ਸਹਿਜ-ਸੁਭਾ ਪ੍ਰਗਟਾਉਣਾ ਐਨ ਸੰਭਵ ਗੱਲ ਹੈ। ਮਿੱਥ ਦੀ ਹਰਕਤ ਹਵਾ ਵਾਂਗ ਅਜ਼ਾਦ ਹੁੰਦੀ ਹੈ, ਇਸ ਕਾਰਨ ਇਸ ਦੇ ਸੁਹਜ-ਨਿਯਮ ਦੇ ਸਮੂਹ ਆਪਣੀ ਉਦਕਰਖ-ਅਵਸਥਾ ਵੇਲੇ ਸਮੇਂ ਅਤੇ ਸਥਾਨ ਨੂੰ ਇੱਕੋ ਕਲਪਨਾ ਵਿਚ ਅਭੇਦ ਕਰ ਲੈਂਦੇ ਹਨ, ਅਤੇ ਪੂਰਨ ਸੁਤੰਤਰਤਾ ਵਿਚ ਵਿਚਰਦੇ ਹਨ। ਕਵਿਤਾ ਵਿਚ ਮਿੱਥ ਦੀ ਅਨੁਭਵੀ ਵਰਤੋਂ ਅਪਹੁੰਚ ਵਿਸ਼ਵ ਦੀ ਸਹੀ ਪ੍ਰਤੀਤੀ ਦੇਣ ਵਿਚ ਵਡਮੁੱਲਾ ਯੋਗਦਾਨ ਪਾਉਂਦੀ ਹੈ।

ਮਿੱਥ ਦੀ ਸਭ ਤੋਂ ਖ਼ੂਬਸੂਰਤ ਵਰਤੋਂ ਕਵਿਤਾ ਉਸ ਸਮੇਂ ਕਰਦੀ ਹੈ, ਜਦੋਂ ਇਹ ਆਪਣੇ ਸਥੂਲ ਵਿਵਰਣਾਂ ਦੀ ਵਿਆਖਿਆ ਦੀ ਥਾਂ ਆਪਣੇ ਅੰਦਰ ਸੁੱਤੀਆਂ ਸੰਭਾਵਨਾਵਾਂ ਬ੍ਰਹਿਮੰਡ ਦੇ ਵਰਤਾਰੇ ਅਤੇ ਮਨੁੱਖੀ ਇਤਿਹਾਸ ਵਿੱਚੋਂ ਸਾਕਾਰ ਕਰ ਕੇ ਵਿਖਾ ਦਿੰਦੀ ਹੈ। ਕਈ ਵਾਰ ਅਨਾੜੀ ਕਵੀ ਮਿੱਥ ਦੇ ਸੰਪੂਰਣ ਅਰਥਾਂ ਨੂੰ ਧਿਆਨ ਵਿਚ ਰੱਖੇ ਬਿਨਾਂ ਇਸ ਦੇ ਕਿਸੇ ਇਕ ਟੋਟੇ ਵਿੱਚੋਂ ਸਾਧਾਰਣ ਜੇਹਾ ਅਰਥ ਤਰਾਸ਼ ਲੈਂਦੇ ਹਨ, ਅਤੇ ਮਿੱਥ ਦੇ ਮੂੰਹ-ਮੁਹਾਂਦਰੇ ਨੂੰ ਆਪਣੇ ਅਗਿਆਨ-ਵਸ ਵਲੂੰਧਰ ਦਿੰਦੇ ਹਨ। ਸ਼ਿਵ ਕੁਮਾਰ ਦੀ ਲੂਣਾ ਇਸ ਕਾਰਨ ਅਸ਼ਲੀਲ ਨਹੀਂ ਕਿ ਉਸ ਵਿਚ ਇਕ ਜੁਆਨ ਕਾਮੀ ਇਸਤ੍ਰੀ ਦੀ ਵਕਾਲਤ ਹੈ (ਕਿਉਂਕਿ ਇਹ ਪ੍ਰਕਾਰਜ ਤਾਂ

ਕਵੀ ਦੇ ਅਧਿਕਾਰ ਹੇਠ ਆਉਂਦਾ ਹੈ), ਪਰ ਲੂਣਾ ਇਸ ਕਾਰਨ ਅਸ਼ਲੀਲ ਹੈ ਪਈ ਇਸ ਵਿਚ ਪ੍ਰਗਟਾਇਆ ਨੁਕਤਾ ਪੂਰਨ ਦੇ ਆਪਣੇ ਬਾਗ਼ ਵਿਚ ਮੁੜ ਆਉਣ ਤਕ ਦੀ ਸਮੁੱਚੀ ਮਿੱਥ ਵਿਚ ਲਹਿਰਾਉਂਦੇ ਬਹੁ-ਤੈਹਾਂ ਵਾਲੇ ਹੁਸੀਨ ਅਨੁਭਵੀ ਸੱਚ ਦੇ ਮੁਕਾਬਲੇ ਵਿਚ ਆ ਕੇ ਮਨੁੱਖ ਦੇ ਰੋਗੀ ਮਨ ਦਾ ਇਕ ਕਮਜ਼ੋਰ ਜੇਹਾ ਤੱਥ ਬਣ ਕੇ ਰਹਿ ਜਾਂਦਾ ਹੈ। ਮਿੱਥ ਦੀ ਸਮੁੱਚੀ ਚੇਤਨਾ ਦੇ ਸੁਹਜ ਨਾਲੋਂ ਨਿਖੇੜ ਕੇ ਉਸਦੇ ਇਕ ਟੋਟੇ ਦੀ ਕੱਚੀ ਵਿਆਖਿਆ ਕਰਨਾ ਅਣਸਿਰਜਣਾਤਮਕ ਬਹਿਸ ਵਿਚ ਪੈਣਾ ਹੈ, ਅਤੇ ਅਲਹਿਦਗੀ ਵਿਚ ਨਿਵਾਸ ਕਰਦੀ ਕਾਵਿ-ਸਾਮਿਗ੍ਰੀ ਦਾ ਖੋਖਲਾਪਨ ਜ਼ਾਹਰ ਕਰਨਾ ਹੈ। ਅਜਿਹੀ ਸਥਿਤੀ ਵਿਚ ਜੇ ਇਸਤ੍ਰੀ ਦਾ ਕਿਰਦਾਰ ਮਿੱਥ ਦਾ ਕੇਂਦਰੀ ਧੁਰਾ ਹੋਵੇ, ਤਾਂ ਉਸ ਟੁਕੜੇ ਦਾ ਕੱਚਾ ਮੁਹਾਂਦਰਾ ਕਥਾ ਦੇ ਸੰਪੂਰਣ ਸੱਚ ਦੇ ਸਾਹਮਣੇ ਸ਼ਿਵ ਕੁਮਾਰ ਦੀ ਲੂਣਾ ਵਾਂਗ ਰੋਗੀ ਅਸ਼ਲੀਲਤਾ ਦਾ ਵਿਗੜਿਆ ਰੰਗ ਪੇਸ਼ ਕਰਦਾ ਹੈ। ਮਿੱਥ ਦੇ ਕਿਸੇ ਹਿੱਸੇ ਨੂੰ ਕਾਵਿਮਈ ਵਿਸਥਾਰ ਦਿੰਦੇ ਸਮੇਂ ਉਸ ਦੀਆਂ ਸਮੁੱਚੀਆਂ ਦਿਸ਼ਾਵਾਂ ਅਤੇ ਗਹਿਰਾਈਆਂ ਨੂੰ ਧਿਆਨ ਵਿਚ ਰੱਖੇ ਬਿਨਾਂ ਕਵੀ ਉਸ ਨੂੰ ਕਰੂਪ ਹੋਣੋਂ ਨਹੀਂ ਬਚਾ ਸਕਦਾ। ਦੂਜੇ ਪਾਸੇ ਜਦੋਂ ਕਵੀ ਇੰਦ੍ਰਿਆਵੀ ਜਗਤ ਦੀ ਅਪਰ-ਅਪਾਰ ਨਿਰਮਲਤਾ, ਕਲਾਮਈ ਸੰਵੇਦਨਾਵਾਂ, ਸਮਾਜਿਕ ਵਾਤਾਵਰਣ ਦੀਆਂ ਅਣਗਿਣਤ ਸੋਚਾਂ, ਜ਼ਿੰਦਗੀ ਦੀ ਇਤਿਹਾਸਕ ਚਾਲ ਦੀ ਤੀਖਣਤਾ ਅਤੇ ਰਹੱਸਮਈ ਵਿਸ਼ਾਲਤਾ, ਅਤੇ ਸਮੇਂ ਤੇ ਬ੍ਰਹਿਮੰਡ ਦੇ ਸੰਦਰਭ ਵਿਚ ਮਨੁੱਖੀ ਮਨ ਦੇ ਅਨੰਤ ਪ੍ਰਤਿਕਰਮ ਅਤੇ ਹੁੰਗਾਰੇ—ਆਦਿ ਨੂੰ ਮਿੱਥਾਂ ਦੀ ਰੋਸ਼ਨੀ ਨਾਲ ਜਗਾ ਜਗਾ ਕੇ ਵੇਖਦਾ ਅਤੇ ਕਿਸੇ ਨਵੀਂ ਕਾਵਿਮਈ ਮੂਰਤ ਦੇ ਅਨੁਪਾਤ ਵਿਚ ਲਿਆਉਂਦਾ ਹੈ, ਤਾਂ ਕਵਿਤਾ ਉਸ ਸਮੇਂ ਮਿੱਥ ਦਾ ਸਭ ਤੋਂ ਸੁੰਦਰ ਪ੍ਰਯੋਗ ਕਰ ਰਹੀ ਹੁੰਦੀ ਹੈ। ਜੌਹਨ ਮਿਲਟਨ ਮਿੱਥਾਂ ਦੀ ਸਹਾਇਤਾ ਨਾਲ ਵਕਤ ਦੀਆਂ ਬਹੁ-ਰੰਗੇ ਸੁਹਜ-ਸੁਆਦਾਂ ਵਾਲੀਆਂ ਦੂਰੀਆਂ ਤੋਂ ਧਰਤੀ ਅਤੇ ਅਸਮਾਨ ਦੀਆਂ ਅਜਿਹੀਆਂ ਅਕੱਥ ਰਮਜ਼ਾਂ ਸਾਹਮਣੇ ਲਿਆਉਣ ਵਾਲਾ ਮਹਾਂ-ਕਵੀ ਹੈ। 'ਦਿਲਗੀਰ ਚਿੰਤਕ' (I' Penseroso) ਅਤੇ 'ਖ਼ੁਸ਼ਦਿਲ ਸ਼ਾਇਰ' (L' Allegro) ਨਾਲ ਸੰਬੰਧਿਤ ਦੋ ਕਵਿਤਾਵਾਂ ਵਿਚ ਕਵੀ ਨੇ ਮਿੱਥਾਂ ਦੇ ਸੰਭਾਵਿਤ ਹੁਸਨ ਨੂੰ ਇਸ ਤਰ੍ਹਾਂ ਪ੍ਰਚੰਡ ਕੀਤਾ ਹੋਇਆ ਹੈ, ਪਈ ਮਨੁੱਖ ਦੀ ਉੱਜਲ ਫ਼ਿਤਰਤ ਦੇ ਨਾਲ ਤਾਰਿਆਂ ਨਾਲ ਛਲਕਦੀਆਂ ਪਾਵਨ ਰਾਤਾਂ ਅਤੇ ਫ਼ਜਰਾਂ ਵਿਚ ਆਦਿ-ਜੁਗਾਦੀ ਸੰਗੀਤ ਦੀਆਂ ਰਮਜ਼ਾਂ ਆਪਣੀ ਪਹਿਲ-ਤਾਜ਼ਗੀ ਦੇ ਪੈਂਡਿਆਂ ਸਮੇਤ ਆ ਜੁੜੀਆਂ ਹਨ। ਇਸ ਤਰ੍ਹਾਂ ਦੀਆਂ ਕਵਿਤਾਵਾਂ ਵਿਚ ਮਿੱਥਾਂ ਵਕਤ ਦੀ ਕਿਤਾਬ ਨੂੰ ਨਿਰ-ਉਚੇਚ ਫਰੋਲ ਫਰੋਲ ਵੇਖ ਰਹੀਆਂ ਹਨ। ਮਿਲਟਨ ਦੇ *ਗੁਆਚਿਆ ਸੁਰਗ* (*Paradise Lost*) ਅਤੇ ਹੋਮਰ ਦੇ *ਇਲੀਅਡ* (*The Illiad*) ਵਿਚ ਮਿੱਥਾਂ ਦੂਰ ਦਿਸਹੱਦਿਆਂ ਦੀ ਹਰ ਚਿੰਤਾ ਤੋਂ ਬਿਨਾਂ ਬਲਕਿ ਉਹਨਾਂ ਦੇ ਸ੍ਵੈਮਾਣ ਨਾਲ ਸਰਸ਼ਾਰ ਹੋ ਕੇ ਪੰਛੀ ਦੇ ਉੱਡਣ ਵਰਗੀ ਸੁਭਾਵਿਕਤਾ ਨਾਲ ਆਉਂਦੀਆਂ ਹਨ। ਜੌਹਨ ਕੀਟਸ ਅਤੇ ਟੈਨੀਸਨ ਮਿੱਥ ਦੇ ਘੇਰੇ ਵਿਚ ਰਹਿ ਕੇ ਉਹਨਾਂ ਦੀਆਂ ਉਦਾਸ ਅਤੇ ਖ਼ੁਸ਼ ਮੰਜ਼ਿਲਾਂ ਦੀ ਵਿਆਖਿਆ ਕਰਦੇ ਹਨ, ਜਦੋਂ ਕਿ ਮਿਲਟਨ ਅਤੇ ਹੋਮਰ ਇਸ ਦੁਨੀਆ ਅਤੇ ਉਸ ਦੁਨੀਆ ਦੇ ਰਾਜ਼ਾਂ ਨੂੰ ਤਲਾਸ਼ ਕਰਦਿਆਂ ਮਿੱਥਾਂ ਦੇ ਹਰ ਘੇਰੇ ਨੂੰ ਤੋੜ ਕੇ ਉਹਨਾਂ ਨੂੰ ਸਮੇਂ ਦੀ ਸੁਤੰਤਰ ਰਫ਼ਤਾਰ ਦਾ ਅੰਗ ਬਣਾ ਦਿੰਦੇ ਹਨ।

ਜੇ ਕਵੀ ਮਿੱਥਾਂ ਦੇ ਲੁਕੇ ਘੇਰੇ ਹਰਕਤ ਵਿਚ ਲਿਆਏ ਬਿਨਾਂ ਉਹਨਾਂ ਦੀ ਵਰਤੋਂ ਕਰੇ, ਤਾਂ ਕਵਿਤਾ ਦਾ ਸਮੁੱਚਾ ਧਿਆਨ ਅਖੰਡ ਗਹਿਰਾਈਆਂ ਵਾਲਾ ਨਹੀਂ ਬਣ ਸਕੇਗਾ। ਨਤੀਜੇ ਦੇ ਤੌਰ ਉੱਤੇ ਅਜਿਹੀਆਂ ਮਿੱਥਾਂ ਕਵਿਤਾ ਦੇ ਸਮੁੱਚੇ ਧਿਆਨ ਦਾ ਸੁਰਤਾਲ ਨਹੀਂ ਪਕੜ ਸਕਣਗੀਆਂ, ਜਾਂ ਬਹੁਤੀ ਵਾਰ ਇਸਦੀ ਅਣਹੋਂਦ ਵਿਚ ਹੀ ਵਿਚਰਣਗੀਆਂ। ਮਿਸਾਲ ਲਈ ਟੀ.ਐਸ. ਇਲੀਅਟ ਦੀ ਮਸ਼ਹੂਰ ਕਵਿਤਾ 'ਬੰਜਰ ਧਰਤੀ' (The Waste Land) ਵਿਚ 'ਗਰੇਲ' (The Grail Legend), 'ਫਿਸ਼ਰ ਕਿੰਗ' (Fisher King), 'ਟੇਰਿਸੀਅਸ' (Tiresias) ਵਰਗੀਆਂ ਲੋਕ ਅਤੇ ਪੌਰਾਣਿਕ ਕਥਾਵਾਂ ਵਿਚ ਏਕਤਾ ਅਤੇ ਨਿਰੰਤਰਤਾ ਨੂੰ

WWW.SIKHBOOKCLUB.COM 

ਕਾਵਿ-ਸਿਰਜਣਾਂ ਦੇ ਸਾਂਝੇ ਮੰਡਲ ਦੀ ਸ਼ਿੱਦਤ ਵਿੱਚੋਂ ਨਹੀਂ ਪੈਦਾ ਕੀਤਾ ਗਿਆ, ਬਲਕਿ ਇਹਨਾਂ ਮਿੱਥਾਂ ਦੇ ਸਾਧਾਰਣ ਵਿਸ਼ਲੇਸ਼ਣ ਜਾਂ ਵੱਧ ਤੋਂ ਵੱਧ ਕਲਪਨਾ ਦੀ ਪਹਿਲੀ ਉਪਰਲੀ ਤਹਿ ਵਿੱਚੋਂ ਉਪਜੇ ਦ੍ਰਿਸ਼ਟੀਕੋਣਾਂ ਦੇ ਆਧਾਰ ਉੱਤੇ ਇਹਨਾਂ ਦੀ ਆਪਸੀ ਸਾਂਝ ਦਰਸਾਈ ਗਈ ਹੈ। ਖ਼ਿਆਲ ਦੀ ਇਕਹਿਰੀ ਸੰਗਲੀ ਦੀ ਮਦਦ ਨਾਲ ਇਹਨਾਂ ਮਿੱਥਾਂ ਦੇ ਵੱਖ ਵੱਖ ਧਰਾਤਲ-ਕੋਣਾਂ ਨੂੰ ਇਕ ਦੂਜੇ ਨਾਲ ਜੋੜਿਆ ਗਿਆ ਹੈ। ਯੁਗ-ਚੇਤਨਾ ਵਿਚ ਆਈਆਂ ਗਿਰਾਵਟਾਂ ਦੇ ਚਿਤ੍ਰ ਸਾਧਾਰਣ ਵਿਅੰਗਮਈ ਕਹਾਣੀਆਂ ਦੇ ਸਮਾਚਾਰਾਂ ਵਾਂਗ ਕਵਿਤਾ ਵਿਚ ਆਏ ਹਨ, ਜਿਹੜੇ ਕਿ ਕਲਪਨਾ ਦੀ ਬਿੱਜਲਈ ਏਕਤਾ ਤੋਂ ਬਿਨਾਂ ਹੀ ਇਸ ਵਿਚ ਆਈਆਂ ਮਿੱਥਾਂ ਨਾਲ ਸਿਰਜਣਾਤਮਕ ਰਿਸ਼ਤੇ ਢੂੰਡਣ ਦਾ ਵਿਖਾਵਾ ਕਰਦੇ ਹਨ। ਕਵਿਤਾ ਮੁਸ਼ਕਿਲ ਹੈ, ਪਰ ਇਹ ਮੁਸ਼ਕਿਲ ਖ਼ਿਆਲ ਦੀ ਦਾਰਸ਼ਨਿਕ ਗਹਿਰਾਈ ਦੀ ਦੇਣ ਨਹੀਂ, ਸਗੋਂ ਇਸ ਨੇ 'ਬੰਜਰ ਧਰਤੀ' ਦੀ ਅਸਫਲ ਬਣਤਰ ਵਿੱਚੋਂ ਜਨਮ ਲਿਆ ਹੈ। ਇਸ ਕਵਿਤਾ ਨੇ ਚਿੰਤਨ ਦੀਆਂ ਪਗਡੰਡੀਆਂ ਉੱਤੇ ਸੁੱਤੀ ਆਧੁਨਿਕ ਯੁਗ ਦੀ ਰੋਗੀ ਚੇਤਨਾ ਨੂੰ ਲਗਾਤਾਰ ਅਰਥਾਂ ਦੀ ਸ਼ਿੱਦਤ ਬਖ਼ਸ਼ਦੇ ਧਿਆਨ ਦਾ ਆਸਰਾ ਨਹੀਂ ਦਿੱਤਾ, ਸਗੋਂ ਇਸ ਵਿਚ ਮਿੱਥਾਂ ਦੇ ਆਮ ਦ੍ਰਿਸ਼ਟੀਕੋਣਾਂ ਨੂੰ 'ਬੰਜਰ ਧਰਤੀ' ਦੇ ਖ਼ਿਆਲ ਦੀ ਏਕਤਾ ਵਿਚ ਲਿਆਉਣ ਦੀ ਇਕਹਿਰੀ ਬੌਧਿਕ ਕੋਸ਼ਿਸ਼ ਕੀਤੀ ਗਈ ਹੈ। ਕਿਸੇ ਬਲਵਾਨ ਅਨੁਭਵ ਨਾਲ ਨਿਰੰਤਰ ਰੂਪ ਵਿਚ ਜੁੜੀ ਜ਼ਬਰਦਸਤ ਕਲਪਨਾ ਦੇ ਕਾਨੂੰਨਾਂ ਅਨੁਸਾਰ ਇਹਨਾਂ ਮਿੱਥਾਂ ਅਤੇ ਯੁਗ-ਰੋਗ ਦੇ ਸੰਕੇਤਾਂ ਨੇ ਕਵਿਤਾ ਵਿਚ ਆਪਣਾ ਸਥਾਨ ਨਹੀਂ ਬਣਾਇਆ। ਸੋ, ਇਸ ਕਵਿਤਾ ਦੀਆਂ ਸਰੋਦਹੀਣ ਗੁੰਝਲਾਂ ਹੀ ਇਸ ਦੇ ਮੁਸ਼ਕਿਲ ਹੋਣ ਦਾ ਕਾਰਨ ਬਣੀਆਂ।

ਹਰ ਜ਼ਬਾਨ ਦਾ **ਲੋਕ-ਸਾਹਿਤ** ਅਜਿਹੀ ਅਸੀਮ ਮਿੱਥ ਦਾ ਦਰਜਾ ਰੱਖਦਾ ਹੈ, ਜਿਹੜੀ ਹਰ ਕਿਸਮ ਦੇ ਘੇਰੇ ਤੋਂ ਅਜ਼ਾਦ ਹੁੰਦੀ ਹੈ, ਅਤੇ ਆਦਿ-ਜੁਗਾਦੀ ਸਮੇਂ ਵਿਚ ਸਾਹ ਲੈਂਦੀ ਹੈ। ਲੋਕ-ਸਾਹਿਤ ਸੈਂਕੜੇ ਮਿੱਥਾਂ ਦੇ ਲਗਾਤਾਰ ਇਸ ਤਰ੍ਹਾਂ ਸੁਪਨੇ ਲੈਂਦਾ ਹੈ, ਜਿਵੇਂ ਸ਼ੈਲੇ ਦੀ 'ਪੱਛਮੀ ਹਵਾ' ਵਿਚ ਰੋਮ ਸਾਗਰ ਬੀਤੇ ਦੀਆਂ ਯਾਦਾਂ ਦੇ ਵਿਚਕਾਰ ਗਏ-ਗੁਆਚੇ ਹੁਸੀਨ ਸ਼ਹਿਰਾਂ ਨੂੰ ਮਦਹੋਸ਼ੀ ਵਿਚ ਵੇਖਦਾ ਹੈ। ਜੇ ਚਾਹੇ ਤਾਂ ਕਵੀ ਆਪਣੀ ਕਵਿਤਾ ਲਈ ਲੋਕ-ਸਾਹਿਤ ਵਿੱਚੋਂ ਮਜ਼੍ਹਬਾਂ ਦੇ ਰੂਹਾਨੀ ਰੰਗ, ਸਭਿਆਚਾਰਾਂ ਦੀਆਂ ਬਣਤਰਾਂ, ਪ੍ਰਕ੍ਰਿਤੀ ਦੇ ਬਿਨੋਦੀ ਜਲਵੇ, ਬਾਲਪਨ ਤੋਂ ਜਰਾ ਅਵਸਥਾ ਤਕ ਦੇ ਕੀਮਤੀ ਸੁਆਦਾਂ ਅਤੇ ਜੀਵਨ-ਮੌਤ ਦੇ ਅਧਿਆਤਮਕ ਤਾਲਾਂ ਨੂੰ ਪੁਨਰ-ਤਾਜ਼ਗੀ ਪ੍ਰਦਾਨ ਕਰਦਾ ਹੋਇਆ ਨਵੀਆਂ ਤੋਂ ਨਵੀਆਂ ਮਿੱਥਾਂ ਤਰਾਸ਼ ਸਕਦਾ ਹੈ। ਲੋਕ-ਸਾਹਿਤ ਕਿਸੇ ਵਿਧਾਨ ਵਿਚ ਨ ਆ ਸਕਣ ਵਾਲੀ, ਕਿਸੇ ਨੁਹਾਰ ਵਿਚ ਨਾਂਹ ਲਕੀਰੀ ਜਾਂਦੀ, ਕਿਸੇ ਹੱਦ ਨੂੰ ਨਾਂਹ ਸਵੀਕਾਰਦੀ, ਅਜਿਹੀ ਸੁਤੰਤਰ ਮਿੱਥ ਹੈ, ਜਿਸ ਦਾ ਸਗਲ ਰੂਪ ਮਹਾਨ ਕਵਿਤਾ ਵਿਚ ਵੀ ਪੂਰੀ ਤਰ੍ਹਾਂ ਨਹੀਂ ਸਮਾ ਸਕਦਾ, ਕੇਵਲ ਇਸਦੇ ਕੁਦਰਤ ਵਰਗੇ ਸੰਕਲਪਾਂ ਅਤੇ ਤਰਲ ਵਾਕੰਸ਼ਾਂ ਦੀਆਂ ਖ਼ੂਬੀਆਂ ਦੇ ਕੁਝ ਭਾਗ ਹੀ ਮਹਾਨ ਕਵਿਤਾ ਦੀ ਸੁਹਿਰਦਤਾ ਨੂੰ ਸ਼ਿੰਗਾਰਦੇ ਹਨ। ਲੋਕ-ਸਾਹਿਤ ਦੇ ਅਬੋਲ ਅਣਕਲਪੇ ਆਪੇ (Self) ਵਿਚ ਕਵਿਤਾ ਦੇ ਵੰਨਸਵੰਨੇ ਚਿਹਰੇ ਲਿਖੀ ਜਾਣ ਵਾਲੀ ਕਵਿਤਾ ਵਿਚ ਥਾਂ ਪ੍ਰਾਪਤ ਕਰਨ ਲਈ ਸਭ ਸਿਰਜਣਾ-ਛਿਣਾਂ ਉੱਤੇ ਤਾਂਘਦੇ ਹਨ, ਅਤੇ ਬਾਲ-ਮਾਸੂਮੀ ਵਿਚ ਉਸ ਦੀ ਗੋਦ ਵਲ ਆਉਣ ਲਈ ਉਮ੍ਹਲਦੇ ਹਨ। ਸ਼ੈਕਸਪੀਅਰ (*ਹੈਮਲਿਟ ਤੇ ਕਿੰਗ ਲੀਅਰ*), ਟੈਗੋਰ (*ਗੀਤਾਂਜਲੀ ਅਤੇ ਗਾਰਡਨਰ*) ਅਤੇ ਪੁਸ਼ਕਿਨ (ਲੰਮੀਆਂ ਨਜ਼ਮਾਂ ਜਿਵੇਂ 'ਵਣਜਾਰਾ', 'ਕਫ਼ਕਾਜ਼ ਦਾ ਕੈਦੀ' ਅਤੇ 'ਤਾਂਬੇ ਦਾ ਘੋੜਸਵਾਰ' ਵਗ਼ੈਰਾ) ਵਰਗੇ ਕਵੀਆਂ ਨੇ ਲੋਕ-ਸਾਹਿਤ ਦੀ ਪੌਰਾਣਿਕ ਅਤੇ ਸੰਗੀਤਕ ਪ੍ਰਤਿਭਾ ਨੂੰ ਚੇਤਨਾ ਦੀ ਹਾਥ ਲੈਣ ਲਈ ਵਰਤਿਆ; ਆਪਣੇ ਕਲਾਮਈ ਸਾਂਚਿਆਂ ਨੂੰ ਲੋਕ-ਸਾਹਿਤ ਦੇ ਕਥਾ-ਰਸ, ਵਿਅੰਗ, ਕੁਦਰਤੀ ਸੁਹਿਰਦਤਾ, ਸੁਹਜ-ਉਤਸੁਕਤਾ ਅਤੇ ਸੰਗੀਤਕ ਤਰਜ਼ਾਂ ਨਾਲ ਸੰਚਾਰਿਆ ਅਤੇ ਅਸਚਰਜਤਾ-ਭਰੀ ਤਾਜ਼ਗੀ ਦੀ ਛੂਹ ਦਿੱਤੀ। ਲੋਕ-ਸਾਹਿਤ ਦੀ ਤਾਜ਼ਗੀ ਸ਼ੈਲੀ ਅਪਕੜ ਅਤੇ ਸੰਕੇਤਕ ਹੁੰਦੀ ਹੈ, ਕਿ ਉੱਤਮ

WWW.SIKHBOOKCLUB.COM Page 22

ਤਰਜਮਿਆਂ ਦੀ ਪਕੜ ਵਿਚ ਵੀ ਨਹੀਂ ਆਉਂਦੀ। ਰੂਸ ਦੇ ਸਭ ਮਹਾਨ ਲੇਖਕਾਂ ਨੇ ਇਕ ਜ਼ਬਾਨ ਹੋ ਕੇ ਪੁਸ਼ਕਿਨ ਦੀ ਕਵਿਤਾ ਦੀ ਤਾਰੀਫ਼ ਕੀਤੀ ਹੈ, ਪਰ ਤਰਜਮੇ ਵਿਚ ਮੈਨੂੰ ਉਹ ਮਸਾਂ ਹੀ ਮੋਹਨ ਸਿੰਘ ਜੇਡਾ ਕਵੀ ਲਗਦਾ ਹੈ। ਕਾਰਨ ਇੱਕੋ ਹੈ, ਪਈ ਤਰਜਮਿਆਂ ਕੋਲੋਂ ਪੁਸ਼ਕਿਨ-ਕਾਵਿ ਵਿਚ ਵਰਤੇ ਲੋਕ-ਸਾਹਿਤ ਦੇ ਰੰਗਾਂ ਦੇ ਅਨੋਖੇ ਅੰਦਾਜ਼, ਲੋਕ-ਸੰਕਲਪਾਂ ਦੀ ਪ੍ਰਤਿਭਾਮਈ ਅਛੋਹ ਸਾਦਗੀ ਅਤੇ ਮਧੁਰ ਵਾਕੰਸ਼ਾਂ ਦੇ ਉਤਾਰ-ਚੜ੍ਹਾਅ ਮਜਬੂਰੀ ਵਸ ਪਕੜੇ ਨਹੀਂ ਗਏ। ਇਹ ਲੋਕ-ਸਾਹਿਤ ਦੀ ਅਮੀਰੀ ਦਾ ਕ੍ਰਿਸ਼ਮਾ ਹੈ। (ਮੇਰੇ ਲਈ ਪੁਸ਼ਕਿਨ ਦੇ ਦੋ ਪ੍ਰਸੰਸਕਾਂ ਚੈਖ਼ੋਵ ਅਤੇ ਪਾਸਤਰਨਾਕ ਦੇ ਵਾਰ ਵਾਰ ਅਜ਼ਮਾਏ ਹੋਏ ਸਾਹਿਤ-ਸੁਆਦਾਂ ਉੱਤੇ ਯਕੀਨ ਨਾਂਹ ਕਰਨਾ ਇਕ ਅਸੰਭਵ ਜੇਹੀ ਗੱਲ ਹੈ।)

× × × ×

ਜਦੋਂ ਕਵਿਤਾ ਵਿਚ ਉਪਮਾਵਾਂ, ਬਿੰਬ ਅਤੇ ਅਲੰਕਾਰ ਆਪਣੀ ਸਹਿਜ ਚਾਲ ਵਿਚ ਆਉਂਦੇ ਹਨ, ਤਾਂ ਇਹ ਲੋਕ-ਸਾਹਿਤ ਦੇ ਰਸਾਂ ਦੀਆਂ ਵਿਵਿਧ-ਪੱਖੀ ਦੂਰੀਆਂ ਦਾ ਲਗਾਤਾਰ ਪ੍ਰਭਾਵ ਦਿੰਦੇ ਹਨ। ਇਹ ਕਵਿਤਾ ਦੀਆਂ ਬਾਹਾਂ ਬਹੁਤ ਲੰਮੀਆਂ ਕਰ ਦਿੰਦੇ ਹਨ, ਅਤੇ ਜ਼ਿੰਦਗੀ ਦਾ ਸਾਰਾ ਮੋਹ ਕਾਵਿ-ਅਪਣੱਤ ਦੀ ਬੁੱਕਲ ਵਿਚ ਆ ਜਾਂਦਾ ਹੈ। ਛੋਟੇ ਕਵੀ ਬਾਹਰਮੁਖੀ ਸਮਾਨਤਾ ਵਾਲੀਆਂ ਇਕਹਿਰੀਆਂ ਉਪਮਾਵਾਂ, ਆਮ ਵਰਤਾਰੇ ਦੀ ਦੱਸ ਪਾਉਂਦੇ ਅਲੰਕਾਰ, ਜਾਂ ਜਾਣੀਆਂ-ਪਛਾਣੀਆਂ ਹੱਦਾਂ ਵਾਲੇ ਬਿੰਬ ਵਰਤਦੇ ਹਨ ਜਦੋਂ ਕਿ ਮਹਾਨ ਕਵੀ ਇਹਨਾਂ ਕਾਵਿ-ਜੁਗਤਾਂ ਨੂੰ ਆਪਣੀ ਵਿਸ਼ਾਲ ਅਤੇ ਗਹਿਰੀ ਸਹਿਜ ਛੋਹ ਦਿੰਦੇ ਹਨ। ਉਹਨਾਂ ਦੀਆਂ ਉਪਮਾਵਾਂ, ਬਿੰਬਾਂ ਅਤੇ ਅਲੰਕਾਰਾਂ ਵਿਚ ਕਈ ਕਈ ਮਿੱਥਾਂ ਇੱਕੋ ਥਾਂ ਇਕੱਠੀਆਂ ਹੋ ਜਾਂਦੀਆਂ ਹਨ, ਅਤੇ ਸਮੇਂ ਦੀਆਂ ਲੰਮੀਆਂ ਉਲਾਂਘਾਂ ਪੁੱਟਦੀਆਂ ਕੁਦਰਤ ਦੇ ਦੂਰ ਦਿਸਹੱਦਿਆਂ ਨਾਲ ਜਾ ਟਕਰਾਉਂਦੀਆਂ ਹਨ। ਕਈ ਵਾਰ ਕਾਲੀਦਾਸ, ਹਾਫ਼ਿਜ਼ ਸ਼ੀਰਾਜ਼ੀ ਅਤੇ ਵਾਰਿਸ ਸ਼ਾਹ ਵਰਗੇ ਮਹਾਨ ਕਵੀ ਵੀ ਆਪਣੀ ਕਵਿਤਾ ਵਿਚ ਕੇਵਲ ਦਿਸਦੇ ਮੁਕਾਬਲਿਆਂ ਵਿਚ ਪੈਂਦੀਆਂ ਇੱਕੋ ਰਸ ਵਿਚ ਇੱਕੋ ਸਤਹ ਵਾਲੀਆਂ ਰਸਮੀ ਤਸ਼ਬੀਹਾਂ ਵਰਤਦੇ ਹਨ, ਅਤੇ ਇਸ ਤਰ੍ਹਾਂ ਵਕਤੀ ਤੌਰ ਉੱਤੇ ਆਪਣੀਆਂ ਸਾਹਿਤਿੱਕ ਸਿਫ਼ਤਾਂ ਨੂੰ ਢਾਹ ਲਾਉਂਦੇ ਹਨ। ਦੂਜੇ ਪਾਸੇ ਟੈਗੋਰ ਵਰਗੇ ਮਹਾਨ ਕਵੀ ਦੂਰ-ਰਸਾਂ ਦੇ ਨਦੀ ਤੇ ਸਾਗਰ ਵਰਗੇ ਅਨੇਕਾਂ ਮਿਲਾਪਾਂ ਨੂੰ ਆਪਣੀਆਂ ਉਪਮਾਵਾਂ ਵਿਚ ਸੰਯੁਕਤ ਕਰ ਕੇ ਆਪਣੇ ਸਾਹਿਤਿੱਕ ਗੁਣਾਂ ਦੀ ਬੁਨਿਆਦ ਹੋਰ ਮਜ਼ਬੂਤ ਕਰ ਲੈਂਦੇ ਹਨ। ਉਂਝ ਵਿਸ਼ਵ-ਕਵਿਤਾ ਵਿਚ ਦੀਰਘ ਅਨੁਭਵਾਂ ਦੇ ਸੁਹਜਮਈ ਵਹਿਣ ਵਗਾਉਂਦੀਆਂ ਲੰਮੀਆਂ ਤਸ਼ਬੀਹਾਂ ਦੇਣ ਵਿਚ ਮੈਨੂੰ ਹੋਮਰ, ਸ਼ੈਕਸਪੀਅਰ ਅਤੇ ਮਿਲਟਨ ਦਾ ਕੋਈ ਸਾਨੀ ਨਜ਼ਰ ਨਹੀਂ ਆਉਂਦਾ।

ਮਹਾਨ ਕਵਿਤਾ ਵਿਚ ਬਿੰਬ ਕਲਪਨਾ ਨੂੰ ਘੜਨਾ ਨਹੀਂ ਪੈਂਦਾ; ਇਹ ਉਸਦੀ ਇਕੱਠੀ ਚਮਕ ਜਾਂ ਸਾਂਝੇ ਉਛਾਲ ਵਿੱਚੋਂ ਹੀ.ਉਤਪੰਨ ਹੁੰਦਾ ਹੈ, ਜਦੋਂ ਕਿ ਅਲੰਕਾਰ ਵਗ਼ੈਰਾ ਕਲਪਨਾ ਦੀ ਕਿਸੇ ਮਿਹਨਤੀ ਹਰਕਤ ਦਾ ਸਿੱਟਾ ਹੁੰਦੇ ਹਨ। ਕਵਿਤਾ ਵਿਚ ਸਰਬੋਤਮ ਬਿੰਬ ਸਰੀਰ ਵਿਚ ਲਹੂ ਦੇ ਹੋਣ ਵਾਂਗ ਉਸਦੀ ਹਰ ਸੰਵੇਦਨਾ ਉੱਤੇ ਛਾਇਆ ਹੁੰਦਾ ਹੈ। ਇਸਦੀਆਂ ਸੀਮਾਵਾਂ ਅਦ੍ਰਿਸ਼ਟ ਵੀ ਹੋ ਸਕਦੀਆਂ ਹਨ। ਚੀਨ ਦੇ ਲਾਉ-ਤਸੀ ਦੀ ਤਾਉ ਵਾਲੀ ਕਿਤਾਬ ਦੀ ਅਤਿ ਸਰਲ ਪਰ ਦੀਰਘ ਇਲਹਾਮਾਂ ਨਾਲ ਛਲਕਦੀ ਕਾਵਿਮਾਇਤਾ ਅਨਾਮ ਪਵਿੱਤਰਤਾ (Nameless Purity) ਦੇ ਅਚਿਹਨ ਬਿੰਬ ਵਿਚ ਇਸ ਤਰ੍ਹਾਂ ਉਤਰਦੀ ਹੈ, ਜਿਵੇਂ ਉਸ਼ਾ ਦੀ ਪਲ ਪਲ ਤਿਲ੍ਹਕਦੀ ਰੰਗੀਨੀ ਨਦੀ ਦੇ ਨਿਰਮਲ ਪਾਣੀਆਂ ਵਿਚ ਖੁਰਦੀ ਜਾ ਰਹੀ ਹੋਵੇ।

ਭਾਈ ਵੀਰ ਸਿੰਘ ਦੀ *ਕੰਤ ਮਹੇਲੀ* ਵਿਚ ਪਲ ਪਲ ਵਟਦਾ ਜੋਬਨ, ਵਿਜੋਗ, ਸਿੱਕ ਅਤੇ ਉਡੀਕ ਵਿਚ ਤੜਪਦਾ ਸਮਾਂ ਕਿਸੇ ਸੰਜੋਗੀ ਛਿਣ ਉੱਤੇ ਕਵਿਤਾ ਦੇ ਲੋਕ-ਸਾਹਿਤ ਦੇ ਸਿੰਧ ਵਿਚ ਲਿਸ਼ਕ ਕੇ ਫੈਲਦੇ ਕਿਸੇ ਵਿਸ਼ਾਲ ਬਿੰਬ ਦੀ ਹੋਂਦ ਧਾਰਨ ਕਰ ਲੈਂਦੇ ਹਨ, ਜਿਸ ਦੀ ਸੂਖਮ ਤਰਜ਼ ਇਸ ਮਹਾਨ ਕਵਿਤਾ ਦੀ ਹਰ ਇਕ ਧੁਨੀ ਨਾਲ ਇਕ ਜਾਨ ਹੈ।

**WWW.SIKHBOOKCLUB.COM** **Page 23**

ਕਈ ਵਾਰ ਕਵੀ ਦੀ ਚੇਤਨਾ ਨੂੰ ਵਿਸ਼ਵ-ਹੋਂਦ ਦੇ ਗਰਜਦੇ ਤੂਫ਼ਾਨਾਂ ਨਾਲ ਟਕਰਾਉਣਾ ਪੈਂਦਾ ਹੈ—ਕਈ ਵਾਰ ਕਿਸੇ ਪੈੜ ਨੂੰ ਲੱਭਣ ਲਈ ਮੌਤ ਦੀਆਂ ਤਪਦੀਆਂ ਰੇਤਾਂ ਨੂੰ ਕਿਸੇ ਜੇਤੂ ਜਨੂੰਨ ਦੇ ਨਸ਼ੇ ਵਿਚ ਕੂਕ ਕੂਕ ਕੇ ਸਰ ਕਰਨਾ ਪੈਂਦਾ ਹੈ, ਜਾਂ ਵਗਦੇ ਦਰਿਆ ਦੇ ਨੇੜੇ ਹੀ ਇਲਾਹੀ ਸਬਰ ਵਿਚ ਪਿਆਸਿਆਂ ਮੌਤ ਕਬੂਲਨੀ ਪੈਂਦੀ ਹੈ—ਕਦੇ ਜੀਵਨ-ਸੰਘਰਸ਼ਾਂ ਦੀ ਅਮੁੱਕ ਵਾਟ ਉੱਤੇ ਤੁਰਦਿਆਂ ਪਿਆਰ ਵਿਚ ਜ਼ਹਿਰ ਦਾ ਪਿਆਲਾ ਪੀਣ ਵਾਂਗ ਸ਼ਹੀਦੀ ਦਾ ਗਾਨਾ ਬੰਨ੍ਹਣਾ ਪੈਂਦਾ ਹੈ, ਅਤੇ ਕਈ ਵਾਰ ਕਵੀ-ਚੇਤਨਾ ਕੌਮਾਂ ਦੇ ਇਤਿਹਾਸਕ ਕਾਰਨਾਮਿਆਂ ਦੀ ਤਲਖ਼ ਪਰ ਪਾਕ ਸ਼ਕਤੀ ਨਾਲ ਭਰੀ ਉਡਾਰੂ ਕਾਂਗ ਨੂੰ ਕਾਵਿ ਦੇ ਸੰਯੁਕਤ ਬੋਲਾਂ ਵਿਚ ਪੰਛੀ ਦੇ ਆਹਲਣੇ ਵਿਚ ਆਉਣ ਵਾਂਗ ਉਤਾਰਦੀ ਹੈ। ਕਾਵਿ-ਸਿਰਜਣਾ ਦੇ ਅਜਿਹੇ ਲਮਹਿਆਂ ਉੱਤੇ ਕਵੀ ਨੂੰ ਜਾਂ ਤਾਂ ਜੀਵਨ-ਦ੍ਰਿਸ਼ਾਂ ਦੀ ਇਕ ਲੰਮੀ ਪਾਲ ਦਿਸਦੀ ਹੈ, ਜਿਹੜੇ ਕਿਸੇ ਰਸਿਕ ਕਾਵਿ-ਕਥਾ ਵਿਚ ਨਿਰੂਪਤ ਕੀਤੇ ਜਾ ਸਕਦੇ ਹੋਣ, ਜਾਂ ਉਸ ਨੂੰ ਕਿਸੇ ਅਕਹਿ ਸ਼ਿੱਦਤ ਵਾਲੀ ਅਕੱਥ ਉਡਾਣ ਦਾ ਅੰਗ ਬਣਨਾ ਪੈਂਦਾ ਹੈ, ਜਿਸ ਦੇ ਅਮੋੜ ਵੇਗ ਨੂੰ ਬਿੰਬਾਂ ਦੀ ਲੰਮੀ ਤੜਪਦੀ ਰਫ਼ਤਾਰ ਦਾ ਹਮਸਫ਼ਰ ਹੋਣਾ ਪੈਂਦਾ ਹੈ; ਜਾਂ ਚਿੰਤਨ ਦੀ ਅਜਿਹੀ ਮਹੀਨ ਲਿਸ਼ਕੋਰਦੀ ਤਾਰ ਦੇ ਦਰਸ਼ਨ ਕਰਨੇ ਪੈਂਦੇ ਹਨ, ਜਿਸ ਦੀ ਨਿਰਲੇਪ ਖਿੱਚ ਦੀਆਂ ਅਲੰਘ ਦੂਰੀਆਂ ਤੋਂ ਭੇਦ-ਭਰੇ ਤਾਰਿਆਂ ਦੀ ਅਮਿੱਟ ਖ਼ੂਬਸੂਰਤੀ ਲਗਾਤਾਰ ਸੈਨਤਾਂ ਮਾਰ ਰਹੀ ਹੋਵੇ, ਅਤੇ ਅਜਿਹੇ ਕਾਵਿ-ਅਨੁਭਵ ਨੂੰ ਵੀ ਨਿਰਾਕਾਰ ਖ਼ਿਆਲ ਦੀਆਂ ਮੂਰਤਾਂ ਦੀ ਨਿਰੰਤਰ ਲੜੀ ਵਿਚ ਪਲਟਣ ਦੀ ਲੋੜ ਪੈਂਦੀ ਹੈ। ਸੋ, ਨਤੀਜਾ ਇਹ ਕਿ ਇਸ ਕਿਸਮ ਦੇ ਤੇਜ਼ ਅਤੇ ਵਿਸ਼ਾਲ ਨਜ਼ਾਰੇ ਵਾਲੇ ਕਾਵਿ-ਅਨੁਭਵ ਵਿੱਚੋਂ **ਲੰਮੀ ਕਵਿਤਾ** ਉਗਮਦੀ ਹੈ।

ਚਿੰਤਨ ਦੀ ਲਗਾਤਾਰ ਅਮੂਰਤ ਤੋਂ ਮੂਰਤ ਵਿਚ ਪਲਟਦੀ ਨਿਸਚੇ-ਭਰੀ ਤੰਦ ਦੁਆਲੇ ਘੁੰਮਦੀ **ਲੰਮੀ ਕਵਿਤਾ** ਨਿਰੋਲ ਖ਼ੁਸ਼ਕ ਖ਼ਿਆਲ ਉੱਤੇ ਕਦੇ ਵੀ ਨਹੀਂ ਪਲਦੀ, ਸਗੋਂ ਚਿੰਤਨ ਨਾਲ ਜ਼ਿੰਦਗੀ ਦੇ ਡੂੰਘੇ ਤੋਂ ਡੂੰਘੇ ਸੁਆਦ ਅਤੇ ਸੰਘਰਸ਼ਾਂ ਦੇ ਭਿੰਨ ਭਿੰਨ ਤਾਲ, ਕਥਾ-ਰਸਾਂ ਅਤੇ ਕੁਦਰਤ-ਨਜ਼ਾਰਿਆਂ ਦੇ ਵੇਸ ਵਿਚ ਕਦਮ ਮਿਲਾ ਕੇ ਚਲਦੇ ਹਨ। ਖ਼ਿਆਲ ਦੀ ਬਾਰੀਕੀ ਅਤੇ ਜੀਵਨ-ਨਸ਼ੇ ਦੀਆਂ ਤਸਵੀਰਾਂ ਲੰਮੀ ਕਵਿਤਾ ਨੂੰ ਇਕ ਨਿਰਾਲੇ ਦ੍ਰਿਸ਼ ਵਿਚ ਢਾਲਦੀਆਂ ਹਨ, ਜਿਸ ਦੇ ਅਨੁਪਾਤ ਵਿਚ ਕੋਈ ਵਿਗੜਿਆ ਸੰਤੁਲਨ ਵਿਘਨ ਨਹੀਂ ਪਾਉਂਦਾ। ਡਾ: ਇਕਬਾਲ ਦੀ 'ਅਸਰਾਰਿ ਖ਼ੁਦੀ' ਮਨੁੱਖੀ ਚੇਤਨਾ ਦੇ ਅਜਿੱਤ ਰੂਪ (ਖ਼ੁਦੀ) ਦਾ ਹੁਸੀਨ ਮੁਜੱਸਮਾ ਪੇਸ਼ ਕਰਦੀ ਹੈ, ਜਿਸ ਨੂੰ ਰੂਹਾਨੀ ਅਰਥਾਂ ਦੀ ਧਾਰਨੀ ਮਿਅਰਾਜ ਦੇ ਕ੍ਰਿਸ਼ਮਿਆਂ ਵਾਲਾ ਮੁਹੰਮਦੀ ਇਸ਼ਕ ਸਹੀ ਅਤੇ ਸੁੱਚੀ ਖ਼ੁਰਾਕ ਦੇ ਰਿਹਾ ਹੈ। ਇਥੇ ਜ਼ਿੰਦਗੀ ਦੀ ਸ਼ਮੂਲੀਅਤ ਖ਼ਿਆਲ ਦੀ ਰਸਿਕਤਾ ਨੂੰ ਕਿਤੇ ਵੀ ਮੱਧਮ ਨਹੀਂ ਪੈਣ ਦਿੰਦੀ। ਇਸੇ ਕਵੀ ਦੀ ਇਕ ਹੋਰ ਲੰਮੀ ਕਵਿਤਾ 'ਤਲੂਇ ਇਸਲਾਮ' (*ਬਾਂਗਿਦਰਾ*) ਵਿਚ ਮੁਸਲਮਾਨ ਜਗਤ ਦੀ ਜਾਗ੍ਰਿਤੀ ਦਾ ਖ਼ੁਦੀ ਦੇ ਰੰਗ ਵਾਲਾ ਖ਼ਿਆਲ ਇਸਲਾਮੀ ਇਤਿਹਾਸ ਦੇ ਮੁਜਾਹਿਦੀ ਨਸ਼ੇ ਦੇ ਦ੍ਰਿਸ਼ਾਂ ਨਾਲ ਸਾਂਝ ਪਾ ਕੇ ਨਿਰਵਿਘਨ ਖ਼ੁਰਾਕ ਲੈਂਦਾ ਹੈ—ਕਿਤੇ ਵੀ ਖ਼ਿਆਲ ਅਤੇ ਜੀਵਨ ਦਾ ਸੰਤੁਲਨ ਨਹੀਂ ਵਿਗੜਦਾ, ਅਤੇ ਇਤਿਹਾਸ ਕਾਮਯਾਬੀ ਨਾਲ ਆਪਣੀ ਅੱਗ ਨੂੰ ਕਵਿਤਾ ਦੇ ਸੁੰਦਰ ਜੜਤ ਵਾਲੇ ਵਾਕੰਸ਼ਾਂ ਵਿਚ ਸਾਕਾਰ ਕਰ ਦਿੰਦਾ ਹੈ। ਡਾ: ਇਕਬਾਲ ਦੀ ਇਕ ਹੋਰ ਲੰਮੀ ਕਵਿਤਾ 'ਜਾਵੀਦ ਨਾਮਹ' ਭਾਵੇਂ ਮਸ਼ਹੂਰ ਬਹੁਤ ਹੈ, ਪਰ ਮੇਰੇ ਖ਼ਿਆਲ ਵਿਚ ਹੁਣੇ-ਕਥਿੱਤ ਦੋਵਾਂ ਕਵਿਤਾਵਾਂ ਜਿੰਨੀ ਕਾਮਯਾਬ ਨਹੀਂ। ਕਾਰਨ ਇਹ ਹੈ ਪਈ ਕਵੀ ਦੇ ਇਸਲਾਮੀ ਜ਼ਿੰਦਗੀ ਦੇ ਮੁਜਾਹਿਦੀ ਨਸ਼ੇ ਅਤੇ ਰੂਹਾਨੀਅਤ ਦੇ ਅਨੁਭਵਾਂ ਉੱਤੇ ਉਸ ਦੀ ਪੇਸ਼ ਕੀਤੀ ਸਮਕਾਲੀ ਰਾਜਸੀ ਪ੍ਰਸਥਿਤੀਆਂ ਨਾਲ ਨਜਿੱਠਦੀ ਦਾਰਸ਼ਨਿਕ ਬੌਧਿਕਤਾ ਬਹੁਤੀਆਂ ਥਾਵਾਂ ਉੱਤੇ ਭਾਰੂ ਹੈ। ਸੋ, ਕਵਿਤਾ ਕੁਝ ਹਿੱਸਿਆਂ ਵਿਚ ਉਲਾਰੂ ਜੋਸ਼ ਵਾਲੀਆਂ ਦਾਰਸ਼ਨਿਕ ਟਿੱਪਣੀਆਂ ਦਾ ਇਕ ਮਸਨੂਈ (ਕਾਵਿ-ਕੋਮਲਤਾ ਦੇ ਪ੍ਰਸੰਗ ਵਿਚ ਬੇਮੌਕਾ) ਜੋੜ ਪੇਸ਼ ਕਰਦੀ ਹੈ। ਉਂਝ ਵੀ

ਕਵਿਤਾ ਦਾ ਧਿਆਨ ਦਾਂਤੇ ਦੇ *ਦੈਵੀ ਸੁਖਾਂਤ* (*The Divine Comedy*) ਦੀ ਤਕਨੀਕੀ ਜੁਗਤ ਦੀ ਪੈਰਵੀ ਕਰਨ ਵਲ ਬਹੁਤਾ ਹੈ, ਅਤੇ ਇਸ ਕਾਰਨ ਕਵਿਤਾ ਦੀ ਅੰਤਰ-ਦ੍ਰਿਸ਼ਟੀ ਦੀ ਏਕਤਾ ਵਿਚ ਨੁਕਸ ਪੈ ਗਿਆ। ਸੋ, ਕਵੀ ਜੀ ਆਪਣੇ ਮਨ-ਭਾਉਂਦੇ ਕੁਰਾਨੀ ਮਿਅਰਾਜ ਦੇ ਅਨੁਭਵ ਨੂੰ ਇਸ ਕਵਿਤਾ ਦੀ ਤਕਨੀਕ ਵਿਚ ਜਜ਼ਬ ਨਹੀਂ ਕਰ ਸਕੇ।

ਜਦੋਂ ਲੰਮੀਆਂ ਕਵਿਤਾਵਾਂ ਕੁਦਰਤੀ ਜੀਵਨ ਦੇ ਗਲਪ-ਰਸ ਜਾਂ ਪੌਰਾਣਿਕ ਕਥਾ-ਰਸ ਦੇ ਵੇਸ ਨੂੰ ਅਪਣਾ ਲੈਣ, ਤਾਂ ਖ਼ਿਆਲ ਦੀ ਨੂਰੀ ਲੀਕ ਇਹਨਾਂ ਵਿਚ ਇਸ ਤਰ੍ਹਾਂ ਛੁਪ ਜਾਂਦੀ ਹੈ, ਜਿਵੇਂ ਮਹਿੰਦੀ ਦੇ ਹਰੇ ਪੱਤਿਆਂ ਵਿਚ ਸੂਹਾ ਰੰਗ। ਅਨੁਭਵ ਦੀਆਂ ਅਚਿਹਨ ਤੈਹਾਂ ਵਿਚ ਅਪਹੁੰਚ ਵਿਸ਼ਵ ਦਾ ਕੋਈ ਬੇਮੁਹਾਰਾ ਸੋਜ਼ ਕਵਿਤਾ ਦੇ ਅੰਦਰ-ਬਾਹਰ ਆਪਣੀ ਬਜ਼ੁਰਗੀ (ਕਾਮਲ ਪ੍ਰਤਿਭਾ) ਦਾ ਪਹਿਰਾ ਦੇਣਾ ਸ਼ੁਰੂ ਕਰ ਦਿੰਦਾ ਹੈ। ਸ਼ੈਲੇ ਦੀ ਲੰਮੀ ਨਾਟਕੀ ਕਵਿਤਾ 'ਬੰਧਨਹੀਣ ਪ੍ਰੋਮੀਥੀਅਸ' (Prometheus Unbound) ਵਿਚ ਮਨੁੱਖ ਦੀ ਅੰਤਮ ਅਜ਼ਾਦੀ ਭਾਵੇਂ ਖ਼ਾਮੋਸ਼ ਹੈ, ਪਰ ਸਰਬ-ਵਿਆਪਕ ਹੈ। ਚਾਰ ਚੁਫੇਰੇ ਪੌਰਾਣਿਕ ਪਰੀ-ਸੁਹਜ ਦਾ ਕੋਈ ਚਾਅ ਫੈਲਿਆ ਹੋਇਆ ਹੈ, ਅਤੇ ਰੰਗੀਨ ਖੰਭਾਂ ਦੀ ਕੋਈ ਆਪ-ਮੁਹਾਰੀ ਉਡਾਣ ਦਾ ਨਾਦ ਸੁਣਦਾ ਹੈ। ਇਸੇ ਤਰ੍ਹਾਂ ਬਾਇਰਨ 'ਸ਼ਿਲੌਂ ਦਾ ਕੈਦੀ' (Prisoner of Chillon) ਵਿਚ ਅਜ਼ਾਦੀ ਦੀ ਕੁਰਲਾਟ ਭਰੀ ਤਾਂਘ ਇਸ ਹੱਦ ਤੱਕ ਤੇਜ਼ਾਬੀ ਚੀਸ ਵਾਂਗ ਤੇਜ਼ ਅਤੇ ਸਰਬ-ਵਿਆਪਕ ਹੈ ਕਿ ਕਿਸੇ ਵੀ ਦਾਰਸ਼ਨਿਕ ਖ਼ਿਆਲ ਨੂੰ ਰਾਜਸੀ ਕੈਦੀਆਂ ਦੀ ਇਸ ਕਥਾ ਵਿਚ ਪ੍ਰਵੇਸ਼ ਕਰਨ ਲਈ ਕੋਈ ਤ੍ਰੇੜ ਜਾਂ ਵਿਰਲ ਨਜ਼ਰ ਨਹੀਂ ਆਉਂਦੀ। ਤਿਲਮਲਾਉਂਦੀ ਪੀੜ ਨੇ ਖ਼ਿਆਲ ਦੇ ਸਾਰੇ ਨਕਸ਼ਾਂ ਨੂੰ ਆਪਣੇ ਅੰਦਰ ਖੋਰ ਕੇ ਖਿੱਚ ਲਿਆ ਹੈ। ਕਵਿਤਾ ਦਾ ਅਪਹੁੰਚ ਵਿਸ਼ਵ ਗ਼ੁਲਾਮੀ ਦੀ ਬੇਰਹਿਮ ਜ਼ੰਜੀਰ ਨੂੰ ਇਤਿਹਾਸ ਦੀਆਂ ਕੁੱਲ ਦਰਮਾਂਦੀਆਂ ਕੌਮਾਂ ਵਿਚ ਫੈਲਾ ਦਿੰਦਾ ਹੈ, ਅਤੇ ਅਦਲ ਦੇ ਸਾਹਮਣੇ ਸੱਚੀ ਹੋਣ ਲਈ ਅਜ਼ਾਦੀ ਦੀ ਚੀਖ ਨੂੰ ਕਿਸੇ ਵੀ ਫ਼ਲਸਫ਼ੇ ਦੀ ਮੁਥਾਜੀ ਨਹੀਂ ਰਹਿੰਦੀ।

ਕਾਮਯਾਬ ਲੰਮੀਆਂ ਕਵਿਤਾਵਾਂ ਲੰਘ ਚੁੱਕੇ ਅਤੇ ਆਉਣ ਵਾਲੇ ਉਤਕ੍ਰਿਸ਼ਟ ਮਹਾਂ ਕਾਵਾਂ (Epics) ਦੀਆਂ ਆਵਾਜ਼ਾਂ ਹੁੰਦੀਆਂ ਹਨ, ਅਤੇ ਕਦੇ ਕਦੇ ਇਹਨਾਂ ਵਿਚ ਉਹਨਾਂ ਦੇ ਪ੍ਰਗਟ ਹੋਣ ਦੀ ਸੰਭਾਵਨਾ ਵੀ ਹੋ ਸਕਦੀ ਹੈ। ਭਾਵੇਂ ਇਹਨਾਂ ਦੀ ਦਿੱਖ ਅਤੇ ਬਣਤਰ ਆਪਣੇ ਆਪ ਵਿਚ ਸੰਪੂਰਣ ਅਤੇ ਆਦਰਸ਼ਕ ਹੁੰਦੀ ਹੈ, ਪਰ ਇਹਨਾਂ ਦੇ ਜਨਮ ਅਤੇ ਵਿਗਸਾਉ ਦੇ ਤਖ਼ਲੀਕੀ ਸਿਧਾਂਤ ਮਹਾਂਕਾਵਿ ਦੇ ਵਿਸ਼ਾਲ ਸੰਘਣੇ ਜਲਵਿਆਂ ਤੋਂ ਬਾਹਰ ਨਹੀਂ ਹੁੰਦੇ।

ਕਿਸੇ ਕਵੀ ਦੀਆਂ ਮਹਾਂ ਕਾਵਿ ਤੋਂ ਪਹਿਲਾਂ ਲਿਖੀਆਂ ਅਤੇ ਬਾਅਦ ਵਿਚ ਲਿਖੀਆਂ, ਖ਼ਾਸ ਕਰਕੇ ਲੰਮੀਆਂ ਕਵਿਤਾਵਾਂ, ਵਿਚ ਮਹਾਂ ਕਾਵਿ ਦੇ ਸਿਦਕ ਭਰੇ ਅੰਦਾਜ਼ ਹੋਣੇ ਲਾਜ਼ਮੀ ਹਨ। ਅਜਿਹਾ ਨ ਹੋਣ ਦੀ ਹਾਲਤ ਵਿਚ **ਮਹਾਂ ਕਾਵਿ** ਤਾਲ ਤੋਂ ਖੁੰਝੀ ਸਿਰਜਣਾ ਹੋਵੇਗੀ। ਮਿਸਾਲ ਲਈ ਗੁਰੂ ਨਾਨਕ ਸਾਹਿਬ ਦੀ ਸ਼ਖ਼ਸੀਅਤ ਦੇ ਇਲਾਹੀ ਨਾਦਾਂ ਅਤੇ ਯੁਗ-ਤਾਲ ਦਾ ਕੋਈ ਵੀ ਅਨੂਪਮ ਰੰਗ ਮੋਹਨ ਸਿੰਘ ਦੇ ਬਾਕੀ ਕਾਵਿ ਵਿਚ ਲਗਭਗ ਅਲੱਭ ਹੈ। ਸੋ *ਨਾਨਕਾਇਣ* ਵਿਚ ਕਵੀ ਜੀ ਗੁਰੂ ਸਾਹਿਬ ਦੀ ਬਾਣੀ ਨਾਲ ਪੂਰੀ ਤਰ੍ਹਾਂ ਇਕਸੁਰ ਨਹੀਂ, ਅਤੇ ਉਹਨਾਂ ਦੇ ਯੁਗ ਦੇ ਅਨੇਕਾਂ ਦ੍ਰਿਸ਼ਾਂ ਨਾਲ ਓਪਰੀ ਜੇਹੀ ਸਾਂਝ ਹੀ ਰੱਖਦੇ ਹਨ। ਗੁਰੂ ਨਾਨਕ ਸਾਹਿਬ ਦੀ ਚੇਤਨਾ ਕਿੰਨੀ ਡੂੰਘੀ ਅਤੇ ਬਹੁ-ਪਸਾਰੀ ਸੀ—ਇਸ ਪਾਸੇ ਵੀ ਕਵੀ ਜੀ ਨੂੰ ਕੋਈ ਖ਼ਾਸ ਵਾਕਫ਼ੀ ਨਹੀਂ। ਸੋ, ਇਹ ਖ਼ਾਮੀਆਂ ਇਸ ਰਚਨਾ ਨੂੰ ਮਹਾਨ ਨਹੀਂ ਬਣਨ ਦਿੰਦੀਆਂ।

ਅਸਲੀ ਮਹਾਂ ਕਾਵਿ ਦੀਆਂ ਰਮਜ਼ਾਂ ਯੁਗ ਦੇ ਅਰੂਪ ਵਹਿਣਾਂ, ਰਾਜਨੀਤੀ ਦੇ ਸੰਚਾਲਕ ਸੋਮਿਆਂ, ਸਮਾਜਾਂ ਦੀ ਬਣਤਰ ਦੇ ਬਾਰੀਕ ਤਰਕ ਅਤੇ ਕੁਦਰਤ ਦੇ ਨਿਸਚਿਤ ਮੰਜ਼ਿਲ ਵਲ ਵਧਦੇ ਸੁਹਜ ਵਿਚ ਫੈਲੀਆਂ ਰਹਿੰਦੀਆਂ ਹਨ, ਅਤੇ ਇਹਨਾਂ ਦਾ ਗੁਪਤ ਵੇਗ ਆਪਣੇ ਮਹਾਂ

WWW.SIKHBOOKCLUB.COM 

ਕਾਵਿਕ ਰੂਪ ਦੀ ਤਲਾਸ਼ ਕਰਦਾ ਹੋਇਆ ਅੱਗੇ ਵਧਦਾ ਹੈ, ਪਰ ਆਪਣੀ ਮੁਕੰਮਲ ਹਸਤੀ ਵਿਚ ਆਉਣ ਤੋਂ ਪਹਿਲਾਂ ਯੁਗ-ਚੇਤਨਾ ਵਿਚ ਇਸ ਦੇ ਅੰਸ਼ ਉੱਡਦੇ ਹੋਏ ਆਪਣੀ ਮਹਿਕ ਚੁਫੇਰੇ ਖਿੰਡਾਉਂਦੇ ਰਹਿੰਦੇ ਹਨ। ਸੋ, ਕਈ ਵਾਰ ਮਹਾਂ ਕਾਵਿ ਕਵੀ ਦੀ ਕਿਸੇ ਪੂਰਬ ਰਚਨਾ ਵਿਚ ਜੌਹਰ ਵਿਖਾਏ ਬਿਨਾਂ ਕੇਵਲ ਕਵੀ ਦੇ ਅਨੁਭਵ-ਜਗਤ ਵਿਚ ਆਪਣੀ ਗੁਪਤ ਪੇਸ਼ੀਨਗੋਈ ਕਰਦੇ ਹੋਏ ਸ਼ਬਦ-ਜਗਤ ਵਿਚ ਆਪਣਾ ਸਾਬਤ ਰੂਪ ਆ ਵਿਖਾਉਂਦੇ ਹਨ, ਜਿਵੇਂ ਭਾਈ ਵੀਰ ਸਿੰਘ ਦਾ *ਰਾਣਾ ਸੂਰਤ ਸਿੰਘ*, ਵਾਰਿਸ ਸ਼ਾਹ ਦੀ *ਹੀਰ* ਅਤੇ ਹੋਮਰ ਦੇ ਦੋਵੇਂ ਮਹਾਂ ਕਾਵਿ। ਏਥੇ ਨਿਜੀ ਅਨੁਭਵ-ਜਗਤ ਤੋਂ ਬਿਨਾਂ ਇਹਨਾਂ ਕਵੀਆਂ ਦੀ ਕਿਸੇ ਹੋਰ ਰਚਨਾ ਨੇ ਮਹਾਂ ਕਾਵਿ ਦੇ ਕਿਸੇ ਅੰਸ਼ ਨੂੰ ਸਹਿਜ ਪ੍ਰਮਾਣ ਦੇ ਤੌਰ ਉੱਤੇ ਨਿਰੂਪਤ ਨਹੀਂ ਕੀਤਾ। ਦੂਜੇ ਪਾਸੇ *ਦੈਵੀ ਸੁਖਾਂਤ* (*The Divine Comedy*) ਅਤੇ *ਗੁਆਚਿਆ ਸੁਰਗ* (*Paradise Lost*) ਵਰਗੇ ਉੱਤਮ ਮਹਾਂ ਕਾਵਾਂ ਨੇ ਆਪਣੇ ਆਉਣ ਦੀਆਂ ਨਿਸ਼ਾਨੀਆਂ ਇਹਨਾਂ ਕਵੀਆਂ ਦੀਆਂ ਲੰਮੀਆਂ ਕਵਿਤਾਵਾਂ ਵਿਚ ਪਵਿੱਤਰ ਕੌਲ- ਕਰਾਰਾਂ ਵਾਂਗ ਪਹਿਲਾਂ ਹੀ ਰੱਖ ਦਿੱਤੀਆਂ ਸਨ। ਅਜਿਹੀ ਰਸ਼ਕ-ਯੋਗ ਪ੍ਰਾਪਤੀ ਲਈ ਮਹਾਂ ਕਾਵਿ ਦੇ ਉਦੈ-ਛਿਣ ਦੁਆਲੇ ਸਮੁੱਚੇ ਯੁਗ ਦੀ ਇਕਾਗਰਤਾ ਦਾ ਹੋਣਾ ਲਾਜ਼ਮੀ ਹੈ।

ਕਈ ਵਾਰ ਲੰਮੀਆਂ ਕਵਿਤਾਵਾਂ ਵਿਚ ਮਹਾਂ ਕਾਵਿਕ ਅਨੁਭਵ ਦੀਆਂ ਝਾਕੀਆਂ ਪ੍ਰਗਟ ਹੋਣ ਦੇ ਬਾਵਜੂਦ ਰੋਗ ਨਾਲ ਪੁਰਜ਼ਾ ਪੁਰਜ਼ਾ ਹੋਈ ਯੁਗ-ਚੇਤਨਾ ਦੀਆਂ ਹੱਦਾਂ ਵਿਚ ਖਲੋਤੇ ਕਵੀ ਮਹਾਂ ਕਾਵਿ ਸਿਰਜਣ ਦੇ ਸਮਰੱਥ ਨਹੀਂ ਹੁੰਦੇ, ਜਿਵੇਂ 'ਬੰਜਰ ਧਰਤੀ' (The Waste Land) ਕੇਵਲ ਟੀ.ਐਸ. ਇਲੀਅਟ ਦੇ ਯੁਗ ਦੀ ਨਿੱਘਰੀ ਆਤਮਕ ਅਵਸਥਾ ਦਾ ਖਿੰਡਿਆ ਜੇਹਾ ਚਿਤ੍ਰ ਹੀ ਪੇਸ਼ ਨਹੀਂ ਕਰਦੀ, ਸਗੋਂ ਇਹ ਉਸ ਰੋਗ ਦਾ ਵੀ ਪਤਾ ਦਿੰਦੀ ਹੈ, ਜਿਸ ਤੋਂ ਕਵੀ ਜੀ ਖ਼ੁਦ ਵੀ ਉੱਪਰ ਨਹੀਂ ਉੱਠ ਸਕੇ, ਅਤੇ ਇਸੇ ਕਾਰਨ ਯੁਗ-ਰੋਗ ਬਿਆਨ ਕਰਨ ਵਾਲੀ ਕਾਵਿ-ਨਿਰਲੇਪਤਾ ਤਕ ਨਹੀਂ ਪਹੁੰਚੇ। ਅੰਗਰੇਜ਼ੀ ਸਾਹਿਤ ਦੀ ਆਖ਼ਰੀ ਮਹਾਨ ਕਵਿਤਾ 'ਯਾਦਾਂ ਦੇ ਉਡਦੇ ਰੰਗ' (In Memoriam) ਵਿਚ ਟੈਨੀਸਨ ਵਿਗਿਆਨ ਰਾਹੀਂ ਪੈਦਾ ਹੋਈਆਂ ਦੋ-ਚਿੱਤੀਆਂ ਨੂੰ ਪਾਰ ਕਰ ਕੇ ਅਮਰ ਹੋਂਦ ਦੇ ਜਿਸ ਮੁਕੰਮਲ ਸਿਦਕ ਦੀ ਪ੍ਰਾਪਤੀ ਲਈ ਤਾਂਘਦਾ ਹੈ, ਇੰਗਲਿਸਤਾਨ ਦੀ ਧਰਤੀ ਨੇ ਹੁਣ ਤਕ ਉਸ ਦੀ ਦੂਰ-ਛੋਹ ਨੂੰ ਕਿਸੇ ਉੱਤਮ ਮਹਾਂ ਕਾਵਿ ਵਿਚ ਸਾਕਾਰ ਨਹੀਂ ਕੀਤਾ, ਕਿਉਂਕਿ ਵੀਹਵੀਂ ਸਦੀ ਦੀਆਂ ਬੇਸ਼ੁਮਾਰ ਖ਼ੂਨੀ ਬੇ-ਅਦਲੀਆਂ ਤੋਂ ਉੱਪਰ ਉੱਠ ਕੇ ਅਤੇ ਵਿਗਿਆਨ ਦੀਆਂ ਪੈਦਾ ਕੀਤੀਆਂ ਪੇਚੀਦਗੀਆਂ ਨੂੰ ਸਰ ਕਰ ਕੇ ਟੈਨੀਸਨ ਦੇ ਸਿਦਕ ਦੀ ਤੜਪਦੀ ਤਾਂਘ ਨੂੰ ਨਿਰੂਪਤ ਕਰਨ ਵਾਲੀ ਇਕਾਗਰ ਸ਼ਕਤੀ ਕਿਸੇ ਵੀ ਕਲਪਨਾ ਨੂੰ ਨਸੀਬ ਨ ਹੋਈ।

ਉਪਰੋਕਤ ਸੰਕੇਤਕ ਟਿੱਪਣੀ ਦਾ ਮਨੋਰਥ ਏਥੇ ਸਿਰਫ਼ ਇਹ ਦਰਸਾਉਣਾ ਹੈ ਪਈ ਕਾਮਯਾਬ ਮਹਾਂ ਕਾਵਿ ਮਹਾਨ ਕਵਿਤਾ ਦੀ ਉੱਦਾਤਮਈ ਸਿਖਰ ਹੋ ਨਿਬੜਦਾ ਹੈ, ਅਤੇ ਲੰਮੀ ਕਵਿਤਾ ਉਸ ਦੀ ਆਖ਼ਰੀ ਪੂਰਬ ਮੰਜ਼ਿਲ। ਇਸ ਨੁਕਤੇ ਉੱਤੇ ਪਹੁੰਚ ਕੇ ਮਹਾਂ ਕਾਵਿ ਦੀ ਪ੍ਰਤੀਨਿਧ ਸਾਮਿਗ੍ਰੀ ਦੀ ਨੁਹਾਰ ਦਾ ਬਿਆਨ ਤਰਕ ਸੰਗਤ ਹੋਵੇਗਾ, ਜਿਹੜੀ ਕਿ ਇਸ ਪਰਕਾਰ ਬਣਦੀ ਹੈ:

(ੳ) ਮਹਾਂ ਕਾਵਿ ਵਿਚ ਬਾਹਰਮੁਖਤਾ ਦਾ ਵਿਸ਼ਾਲ ਤੀਬਰ ਨਜ਼ਾਰਾ ਹੋਵੇ, ਜਿਹੜਾ ਕਿ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਅਸਲੀਅਤ ਦੇ ਬੇਨਜ਼ੀਰ ਅਰਥਾਂ ਵਾਲੇ ਅਨੰਤ ਅਨੁਪਾਤ ਅਤੇ ਸੁਮੇਲ ਸਾਹਮਣੇ ਲਿਆਵੇ।

(ਅ) ਮਹਾਂ ਕਾਵਿ ਵਿਚ ਅਨੰਤ ਅਪਕੜ ਨਿਰਾਕਾਰਤਾ ਦੇ ਨਿਰੰਤਰ ਮੰਡਲ ਬਣਨ, ਅਰਥਾਤ ਅਸਲੀਅਤ ਦੇ ਬਾਹਰਲੇ ਦ੍ਰਿਸ਼ਾਂ ਦੇ ਨਾਲ ਨਾਲ ਚਿੰਤਨ ਦੇ ਅਛੋਹ ਪ੍ਰਬੰਧ ਕੋਈ ਸੁੰਦਰ ਕਤਾਰ ਬਣਾਉਂਦੇ ਹੋਣ।

(ੲ) ਮਹਾਂ ਕਾਵਿ ਦਾ ਹਰ ਬਾਹਰੀ ਨਜ਼ਾਰਾ ਸਦੀਵੀ ਸਮੇਂ ਨਾਲ ਅਨਿੱਖੜ ਸਾਂਝ ਰੱਖੇ, ਅਤੇ

ਆਪਣੀ ਅਸਲੀਅਤ ਨੂੰ ਕਾਇਮ ਰੱਖਦਾ ਹੋਇਆ ਉਸਦਾ ਜਿਊਂਦਾ-ਜਾਗਦਾ ਪ੍ਰਤੀਕ ਹੋਵੇ।

(ਸ) ਮਹਾਂ ਕਾਵਿ ਵਿਚ ਵਿਅਕਤੀਗਤ ਅਤੇ ਸਾਮੂਹਿਕ ਫ਼ਿਤਰਤ, ਅਕਲ ਅਤੇ ਰੂਹ ਦੀਆਂ ਵੰਨਸੁਵੰਨੀਆਂ ਗਹਿਰਾਈਆਂ ਜ਼ਾਹਿਰ ਹੋਣ।

ਉਪਰੋਕਤ ਚਾਰ ਪਹਿਲੂਆਂ ਦਾ ਮਹਾਂ ਕਾਵਿ ਵਿਚ ਕੁਦਰਤੀ ਸੁਹਜ-ਅਨੁਪਾਤ ਅਤੇ ਸੰਤੁਲਿਤ ਸ਼ਿੱਦਤ ਵਿਚ ਰਹਿਣਾ ਲਾਜ਼ਮੀ ਹੈ। ਇਹੋ ਮਹਾਂ ਕਾਵਿ ਦਾ ਸੱਚ ਹੈ। ਬਾਕੀ ਪੂਰਬ ਅਤੇ ਪੱਛਮ ਵਿਚ ਬਿਆਨ ਕੀਤੇ ਮਹਾਂ ਕਾਵਿ ਦੇ ਲੱਛਣ ਕੇਵਲ ਕਿਤਾਬੀ ਅਭਿਆਸ ਹਨ। ਅਸਲ ਵਿਚ ਇਹ ਚਾਰ ਪਹਿਲੂਆਂ ਵਾਲੀ ਅੰਤਰ-ਦ੍ਰਿਸ਼ਟੀ ਹੀ ਮਹਾਂ ਕਾਵਿ ਦੀ ਵਡਿੱਤਣ ਦੇ ਮਾਪ-ਦੰਡ ਨਿਸਚਿਤ ਕਰਦੀ ਹੈ। ਜਦੋਂ ਇਹਨਾਂ ਚਾਰ ਪਹਿਲੂਆਂ ਦਾ ਆਪਸੀ ਤਾਲ ਆਪਣੀ ਸਮਾਧੀ-ਰੂਪ ਇਕਸੁਰਤਾ ਗੁਆ ਬੈਠੇ, ਜਾਂ ਇਹਨਾਂ ਚਾਰ ਅੰਗਾਂ ਵਿੱਚੋਂ ਕਿਸੇ ਇਕ ਜਾਂ ਜ਼ਿਆਦਾ ਅੰਗਾਂ ਵਿਚ ਪ੍ਰਾਣ-ਤੀਬਰਤਾ ਘਟਣ ਦੇ ਸਿੱਟੇ ਵਜੋਂ ਖੜੋਤ (Stagnation) ਆ ਜਾਵੇ, ਤਾਂ ਮਹਾਂ ਕਾਵਿ ਦੀ ਸ਼ਾਨ ਸੀਮਤ ਪੈ ਜਾਂਦੀ ਹੈ। ਇਸ ਦ੍ਰਿਸ਼ਟੀਕੋਣ ਤੋਂ ਪ੍ਰਸਾਦ ਜੀ ਦੀ *ਕਾਮਾਯਨੀ* ਇਕ ਮੱਧਮ ਜਲਾਲ ਵਾਲਾ ਮਹਾਂ ਕਾਵਿ ਹੈ, ਕਿਉਂਕਿ ਉਸ ਦੀ ਪੌਰਾਣਿਕ ਕਥਾ ਕੇਵਲ ਪ੍ਰਤੀਕ-ਵਿਧੀ ਰਾਹੀਂ ਹੀ ਦਰਸ਼ਨ ਦੀ ਨਿਰਾਕਾਰ ਗਤੀ ਸਿਰਜਦੀ ਹੈ। ਸਿੱਟੇ ਵਜੋਂ ਜੀਵਨ-ਦ੍ਰਿਸ਼ਾਂ ਦਾ ਅਨੰਤ ਯਥਾਰਥ *ਕਾਮਾਯਨੀ* ਵਿੱਚੋਂ ਅਲੋਪ ਹੈ, ਅਤੇ ਚਿੰਤਨ-ਦ੍ਰਿਸ਼ਟੀ ਦੀ ਬਾਹਰਮੁਖਤਾ ਨਾਲ ਸਾਂਝ ਕਮਜ਼ੋਰ ਹੈ, ਅਤੇ ਇਸ ਦੀ ਗਤੀ ਨੂੰ ਪੂਰਨ ਸੁਤੰਤਰਤਾ ਵੀ ਨਹੀਂ ਮਿਲੀ। *ਕਾਮਾਯਨੀ* ਵਿਚ ਮਹਾਂ ਕਾਵਿ ਦਾ **ਸ**—ਅੰਗ ਤਾਂ ਅਤਿ ਬਲਹੀਣ ਹੈ; **ੲ**—ਅੰਗ ਵੀ ਪੌਰਾਣਿਕ-ਕਥਾ ਦਾ ਸਹਾਰਾ ਲੈ ਕੇ ਸਿਰਫ਼ ਪ੍ਰਤੀਕਮਈ ਪੱਧਰ ਤਕ ਹੀ ਆਪਣੀ ਹੋਂਦ ਰੱਖਦਾ ਹੈ। ਇਸ ਮਹਾਂ ਕਾਵਿ ਦੀ ਚਾਰ ਅੰਗਾਂ ਵਿਚ ਵਿਆਪ ਰਹੀ ਤਾਲਮਈ ਏਕਤਾ ਜੋਬਨਵੰਤ ਨਹੀਂ। ਸੋ, ਮਹਾਂ ਕਾਵਿ ਵਿਸ਼ਵ ਪੱਧਰ ਦਾ ਨਹੀਂ।

ਭਾਵੇਂ ਵਰਡਜ਼ਵਰਥ ਦੀ 'ਕਾਵਿ-ਪ੍ਰਸਤਾਵਨਾ' (The Prelude) ਅਤੇ ਭਾਈ ਵੀਰ ਸਿੰਘ ਦਾ *ਰਾਣਾ ਸੂਰਤ ਸਿੰਘ* ਤੰਦਰੁਸਤ ਅਸਲੀਅਤ, ਤਰਲ ਨਿਰਾਕਾਰਤਾ, ਸਮੇਂ ਦੀ ਜੀਵਨ-ਦਾਤੀ ਛੋਹ ਅਤੇ ਮਨੁੱਖੀ ਚੇਤਨਾ ਦਾ ਅਤਿ ਨਵੀਨ ਵਿਕਾਸ ਪੇਸ਼ ਕਰ ਸਕੇ ਹਨ, ਪਰ ਆਪਣੇ ਅੰਦਰ ਮਹਾਂ ਕਾਵਿ ਦੇ ਇਹਨਾਂ ਚਾਰ ਪਹਿਲੂਆਂ ਵਿਚਲੀ ਲੋੜੀਂਦੀ ਤੀਬਰਤਾ ਅਤੇ ਏਕਤਾ ਦਾ ਵਡੇਰਾ ਤਾਲ ਨਾਂਹ ਰੱਖਣ ਕਾਰਨ ਦੋਵੇਂ ਰਚਨਾਵਾਂ ਵਿਸ਼ਵ ਦੀ ਮਹਾਂ ਕਾਵਿਕ ਸਿਖਰ ਨੂੰ ਨਹੀਂ ਸਪਰਸ਼ ਸਕੀਆਂ।

ਦਾਂਤੇ ਦੇ *ਦੈਵੀ ਸੁਖਾਂਤ* (*The Divine Comedy*) ਵਿਚ ਚੇਤਨਾ ਦੇ ਅਨੇਕ ਡੂੰਘੇ ਵਹਿਣਾਂ ਨੂੰ ਵੰਨਸੁਵੰਨੀਆਂ ਸੰਵੇਦਨਾਵਾਂ ਨਾਲ ਥਰਕਦੇ ਲੰਮੇ ਪੈਂਡਿਆਂ ਉੱਤੇ ਭਰੇ ਦਰਿਆ ਵਾਲੀ ਇਕਾਗਰ ਨਿਰਵਿਘਨਤਾ ਵਿਚ ਤੋਰਿਆ ਗਿਆ ਹੈ। ਦੋਜ਼ਖ਼ (Inferno) ਪਛਤਾਵਾ-ਜਗਤ (Purgatory) ਅਤੇ ਸਵਰਗ (Paradise) ਭਰਪੂਰ ਚਿਤ੍ਰਾਂ ਵਿਚ ਕ੍ਰਮਵਾਰ ਗੁਨਾਹ ਦੀ ਅਮਿੱਟ ਪੀੜਾ, ਪਛਤਾਵੇ ਰਾਹੀਂ ਦੁਆ ਦੇ ਹੁਸਨ ਨੇੜੇ ਪਹੁੰਚਦੀਆਂ ਹੂੰਗਰਾਂ ਅਤੇ ਇਸ਼ਕ-ਬੰਦਗੀ ਦੇ ਬੇਸ਼ੁਮਾਰ ਨੂਰੀ ਜਲਵਿਆਂ ਨਾਲ ਲਿਪਟੀਆਂ ਮਨ-ਤਰੰਗਾਂ ਨੂੰ ਇਸ ਸ਼੍ਰੋਮਣੀ ਮਹਾਂ ਕਾਵਿ ਵਿਚ ਇਸ ਤਰ੍ਹਾਂ ਸਹਿਜ ਵਜਦ ਸਹਿਤ ਸਾਕਾਰ ਕੀਤਾ ਗਿਆ ਹੈ ਕਿ ਚਿੰਤਨ ਦੇ ਪੁਖਤ ਸੰਕਲਪਾਂ ਅਤੇ ਉਹਨਾਂ ਦੀਆਂ ਅਮੋੜ ਉਡਾਣਾਂ, ਗਹਿਰ-ਗੰਭੀਰ ਅਰਥਾਂ ਵਿਚ ਟੁੱਭੀਆਂ ਲਾਉਂਦਾ ਸਮਾਂ ਅਤੇ ਸਮਕਾਲੀ ਜੀਵਨ ਦੇ ਸਰਬਪੱਖੀ ਦ੍ਰਿਸ਼ਾਂ ਅਤੇ ਉਹਨਾਂ ਦੇ ਪਿਛੋਕੜ ਵਿਚ ਖੜੇ ਇਤਿਹਾਸਾਂ, ਮਿਥਿਹਾਸਾਂ ਅਤੇ ਧਰਮਾਂ ਦੇ ਕੀਮਤੀ ਰਹੱਸਾਂ ਨੂੰ ਕਵੀ ਦੇ ਅਨੁਭਵ ਨੇ ਸਰਬ ਮਨੁੱਖਤਾ ਦੀ ਰਵਾਂ ਫ਼ਿਤਰਤ ਦੀ ਏਕਤਾ ਵਿਚ ਲੈ ਆਂਦਾ ਹੈ। ਇਸ ਮਹਾਂ ਕਾਵਿ ਵਿਚ ਜਿਸ ਕਲਾਮਈ ਤਰੀਕੇ ਨਾਲ ਜ਼ਿੰਦਗੀ ਦੀ ਸ਼ਾਨ ਨੂੰ ਉਚਿਆਇਆ ਅਤੇ ਮੁਕੰਮਲ ਕੀਤਾ ਗਿਆ ਹੈ, ਉਸ ਕਿਸਮ ਦੀ ਤਖ਼ਲੀਕੀ ਪੁਖ਼ਤਗੀ ਅਤੇ ਭਰਪੂਰਤਾ ਤਕ

ਬਾਲਮੀਕ ਅਤੇ ਤੁਲਸੀ ਜੀ ਦੀਆਂ ਮਹਾਂ ਕਾਵਿਕ ਉੱਚਤਾ ਵਾਲੀਆਂ ਦੋਵੇਂ ਰਾਮਾਇਣਾਂ ਵੀ ਨਹੀਂ ਪਹੁੰਚੀਆਂ, ਕਿਉਂਕਿ ਇਹਨਾਂ ਉਤਕ੍ਰਿਸ਼ਟ ਰਚਨਾਵਾਂ ਵਿਚ ਮਹਾਂ ਕਾਵਿ ਦੇ ਪਿੱਛੇ ਕਥਿਤ ਚਾਰ ਅੰਗਾਂ ਦੇ ਸੰਤੁਲਨ ਵਿਚ ਹਰਕਤ ਕਰਦੀ ਜੀਵਨ-ਅਨੁਭਵ ਦੇ ਸੱਚਾਂ ਦੀ ਪਰਵਾਜ਼ 'ਦੈਵੀ ਸੁਖਾਂਤ' ਵਰਗੇ ਜ਼ੋਰਾਵਰ ਹੁਸਨ ਦੇ ਹਾਣ ਦੀ ਨਹੀਂ।

## 5

ਮੇਰੇ ਬਚਪਨ ਦੇ ਦੋਸਤ ਡਾ: ਗੁਰਤਰਨ ਸਿੰਘ ਅਕਸਰ ਕਿਹਾ ਕਰਦੇ ਹਨ ਪਈ ਕਿਸੇ ਸੁਭਾਗੀ ਘੜੀ ਉੱਤੇ ਮਹਾਨ ਕਵੀ ਭਵਿੱਖ ਦੇ ਉਹਨਾਂ ਰਾਹਾਂ ਉੱਤੋਂ ਦੀ ਗੁਜ਼ਰਦਾ ਹੈ, ਜਿਹਨਾਂ ਦੀ ਕਿਸੇ ਵੀ ਪੈੜ ਅਤੇ ਕਿਸੇ ਵੀ ਦਿਸ਼ਾ ਦਾ ਅਨੁਭਵ ਆਮ ਆਦਮੀ ਨੂੰ ਨਹੀਂ ਹੋ ਸਕਦਾ, ਜਦੋਂ ਕਿ ਕਵੀ ਉਹਨਾਂ ਨੂੰ ਇੰਨ ਬਿੰਨ ਸਾਹਮਣੇ ਵਰਤਦਿਆਂ ਵੇਖਦਾ ਹੈ। ਉਹਨਾਂ ਦਾ ਕਹਿਣਾ ਹੈ ਪਈ ਕਿਸੇ ਜਿਉਂਦੇ-ਜਾਗਦੇ ਵਿਅਕਤੀ ਜਾਂ ਕੌਮ ਬਾਰੇ ਲਿਖਤੀ ਕਵਿਤਾ ਕਈ ਵਾਰ ਉਸਦੀ ਤਕਦੀਰ ਵਾਂਗ ਸੱਚੀ ਹੋ ਜਾਂਦੀ ਹੈ—ਕਈ ਵਾਰ ਵਿਸ਼ੇਸ਼ ਵਿਅਕਤੀ ਜਾਂ ਕੌਮ ਲਈ ਵਰਦਾਨ ਅਤੇ ਕਈ ਵਾਰ ਸਰਾਪ ਹੋ ਨਿਬੜਦੀ ਹੈ। ਆਪਣੇ ਅਨੁਭਵੀ ਦੋਸਤ ਦੇ ਇਸ ਕਥਨ ਨਾਲ ਸਹਿਮਤ ਹੁੰਦਾ ਹੋਇਆ ਮੈਂ ਇਸ ਦੀ ਕੁਝ ਹੋਰ ਵਿਆਖਿਆ ਕਰਨੀ ਚਾਹੁੰਦਾ ਹਾਂ।

ਜ਼ਿੰਦਗੀ ਅਤੇ ਵਕਤ ਦੀਆਂ ਬੇਸ਼ੁਮਾਰ ਪ੍ਰਕ੍ਰਿਆਵਾਂ ਉੱਤੇ ਨਿਰੰਤਰ ਡੂੰਘਾ ਧਿਆਨ ਜੋੜਨ ਵਾਲੀ ਸਾਧਨਾ ਰਾਹੀਂ ਕਵੀ ਨੂੰ ਉੱਚਾ ਤਰਕ ਨਸੀਬ ਹੋ ਜਾਂਦਾ ਹੈ, ਜਿਸ ਦੀ ਮਦਦ ਲਈ ਕਵੀ ਦੇ ਗਿਆਨ-ਚਕਸ਼ੂ, ਆਵੇਸ਼ ਅਤੇ ਖ਼ਾਲਸ ਕਾਵਿ-ਪ੍ਰੇਰਣਾਵਾਂ ਆ ਬਹੁੜਦੇ ਹਨ। ਅੱਗੋਂ ਕਵੀ ਦੀਆਂ ਇਹਨਾਂ ਗਿਆਨਮਈ ਰਮਜ਼ਾਂ ਦੇ ਪਿਛੋਕੜ ਵਿਚ ਵੀ ਕਿਸੇ ਦਲੀਲ, ਜ਼ਬਤ ਅਤੇ ਤਰਤੀਬ ਦੀ ਲੋੜੀਂਦੀ ਮਾਤਰਾ ਹੁੰਦੀ ਹੈ। ਉੱਚਾ ਤਰਕ ਸਮੇਂ-ਸਥਾਨ ਦੇ ਮੁੱਢਲੇ ਦ੍ਰਿਸ਼ਟਮਾਨ ਬੰਧਨਾਂ ਤੋਂ ਮੁਕਤ ਹੁੰਦਾ ਹੈ, ਅਤੇ ਇਸ ਦੀ ਅਗਵਾਈ ਵਿਚ ਸੈਂਕੜੇ ਨਿੱਕੇ ਪਰ ਅਤਿ ਸੂਖਮ ਤਰਕ ਕੰਮ ਕਰਦੇ ਹਨ, ਜਿਹਨਾਂ ਦਾ ਰੁਤਬਾ ਗਿਆਨ ਦੀਆਂ ਆਮ ਦਲੀਲਾਂ ਨਾਲੋਂ ਕਿਤੇ ਬੁਲੰਦ ਹੁੰਦਾ ਹੈ। ਬਹੁਤ ਵਾਰ ਇਹ ਉੱਚਾ ਤਰਕ ਕਵਿਤਾ ਦੇ ਰਚਨਾ-ਛਿਣ ਨੂੰ ਸ਼ਕਤੀ ਅਤੇ ਵਿਸ਼ੇਸ਼ ਮੋੜ ਦਿੰਦਾ ਹੈ, ਪਰ ਉਸ ਦੇ ਰੂਪ ਅਤੇ ਵਿਸ਼ੇ ਤੋਂ ਬਾਹਰ ਰਹਿੰਦਾ ਹੈ। ਇਸ ਦਾ ਨਿਵਾਸ ਕਵਿਤਾ ਦੇ ਅਪਹੁੰਚ ਵਿਸ਼ਵ ਅੰਦਰ ਹੁੰਦਾ ਹੈ, ਜਿਸ ਨੂੰ ਪੂਰਨ ਨਿਰਲੇਪਤਾ ਦਾ ਸੁਆਮੀ ਕਹਿਣਾ ਬਣਦਾ ਹੈ। ਆਵੇਸ਼ ਦੀ ਅੰਤਮ ਸਿਖਰ ਉੱਤੇ ਪਹੁੰਚ ਕੇ ਕਵੀ ਦਾ ਧਿਆਨ ਬਿਜਲੀ ਦੀ ਤਰੰਗ ਵਾਂਗ ਇਤਿਹਾਸ ਦੇ ਖ਼ਾਸ ਮੰਡਲਾਂ ਵਿਚ ਤਕਦੀਰ ਦੇ ਅਣਪਛਾਤੇ ਨਿਯਮ ਨਾਲ ਇਕ ਜਾਨ ਹੋ ਕੇ ਘੁੰਮ ਜਾਂਦਾ ਹੈ, ਅਤੇ ਇਸ ਦੀ ਉਡਦੀ ਨਜ਼ਰ ਤੋਂ ਸੰਬੰਧਿਤ ਇਤਿਹਾਸ ਦਾ ਕੋਈ ਦ੍ਰਿਸ਼ ਓਹਲੇ ਨਹੀਂ ਰਹਿੰਦਾ। ਇਸ ਪ੍ਰਸੰਗ ਵਿਚ ਸ: ਕੁਲਵੰਤ ਸਿੰਘ ਗਰੇਵਾਲ ਦੀਆਂ 1964 ਈ: ਵਿਚ ਲਿਖੀਆਂ ਨਿਮਨਲਿਖਤ ਸਤਰਾਂ ਨੂੰ ਪੇਸ਼ ਕਰਦਾ ਹਾਂ :

*ਸਾਰਾ ਆਲਮ ਘੁੱਘ ਵਸਦਾ*
*ਪੰਜਾਬ ਉਜੜ ਗਿਆ ਲੋਕੋ।*
*ਸੱਸੀਆਂ ਬੇਖ਼ਬਰਾਂ ਦਾ ਰੰਗਲਾ*
*ਖ਼ਾਬ ਉਜੜ ਗਿਆ ਲੋਕੋ।*
*ਅਸੀਂ ਮੰਗਤਿਆਂ ਵਾਂਗੂੰ ਰੁਲ ਗਏ*
*ਬੰਨ੍ਹ ਸ਼ਹੀਦੀ ਗਾਨੇ।*
*ਦਿੱਲੀ ਦਾ ਹਰ ਚੌਕ ਮਿਰੀ*
*ਬਰਬਾਦ ਕਹਾਣੀ ਜਾਣੇ।*

1964 ਈ: ਵਿਚ ਪੰਜਾਬ ਦੇ ਹਾਲਾਤ ਆਮ ਵਰਗੇ ਸਨ, ਪਰ ਕੁਲਵੰਤ ਦੀ ਪ੍ਰਤਿਭਾ ਸਮੇਂ ਦੀਆਂ ਗਹਿਰੀਆਂ ਤੈਹਾਂ ਵਿਚ ਛੁਪੀ ਸਿੱਖ ਕੌਮ ਦੀ ਉਸ ਵੇਦਨਾ ਨੂੰ ਵੇਖ ਰਹੀ ਹੈ,

ਜਿਸ ਨੇ ਸੱਚ ਦੀ ਹਰ ਬੂੰਦ ਤੋਂ ਸੱਖਣੇ ਸਮੇਂ ਦੇ ਬੇ-ਅਦਲ ਹਾਕਮਾਂ ਲਈ ਜੀਵਨ ਦੀਆਂ ਸਭ ਮੰਜ਼ਿਲਾਂ ਉੱਤੇ ਬੇਪਛਾਣ ਰਹਿਣਾ ਹੈ। ਉੱਚਾ ਤਰਕ ਕਵੀ ਜੀ ਨੂੰ ਉਸ ਪੜਾ ਦੇ ਰੂਬਰੂ ਖੜਾ ਕਰ ਦਿੰਦਾ ਹੈ, ਜਿੱਥੇ ਸਿੱਖ ਕੌਮ ਦੀ ਵੇਦਨਾ, ਬੇਪੱਤੀ ਅਤੇ ਕੁਰਲਾਟ ਨੇ ਇਤਿਹਾਸ ਦੇ ਬਾਹਰਮੁਖੀ ਨਕਸ਼ਾਂ ਵਿਚ ਆ ਦਿਸਣਾ ਹੈ। ਸੋ, ਕਵੀ ਜੀ 1964 ਦੇ ਸ਼ਾਂਤ ਕਾਲ ਵਿਚ 'ਨੀਲਾ ਤਾਰਾ ਮੁਹਿੰਮ' (ਬਲੂ ਸਟਾਰ) ਨਾਲ ਸ਼ੁਰੂ ਹੋਏ ਨਾਂਹ ਦੱਸੇ ਜਾ ਸਕਣ ਵਾਲੇ ਬੇਪੱਤ ਹੋਣ ਦੇ ਕਿੱਸੇ, ਕਤਲਿਆਮ ਦੀਆਂ ਵਹਿਸ਼ੀ ਵੰਗਾਰਾਂ ਅਤੇ ਦਿੱਲੀ ਦੇ ਬੇਕਿਰਕ ਦਰਵਾਜ਼ਿਆਂ ਨਾਲ ਟਕਰਾਉਂਦੀਆਂ ਕੁਰਲਾਟਾਂ ਨੂੰ ਆਪਣੀ ਕਵਿਤਾ ਵਿਚ ਨਾਜ਼ਲ ਕਰ ਰਹੇ ਹਨ।

ਕਵੀ ਦੇ ਗਿਆਨ-ਚਕਸ਼ੂ ਵਿਚ ਇਹ ਇਲਹਾਮ ਵਰਗੀ ਰੋਸ਼ਨੀ ਕਿਹੜੇ ਸੋਮੇ ਤੋਂ ਆਈ ? ਮੇਰੇ ਖ਼ਿਆਲ ਵਿਚ ਮਹਾਨ ਕਵਿਤਾ ਨੂੰ ਤਿੰਨ ਸੋਮਿਆਂ ਤੋਂ ਉੱਚਾ ਤਰਕ ਨਸੀਬ ਹੁੰਦਾ ਹੈ, ਅਤੇ ਇਸ ਦੀ ਪ੍ਰਾਪਤੀ ਪਿੱਛੋਂ ਉਹ ਅਪਹੁੰਚ ਵਿਸ਼ਵ ਵਿਚ ਪ੍ਰਵੇਸ਼ ਕਰ ਕੇ ਉਸ ਨਾਲ ਇੱਕਮਿੱਕ ਹੋ ਜਾਂਦੀ ਹੈ। ਧਰਮ ਦਾ ਸਾਮੂਹਿਕ ਅਨੁਭਵ ਤ੍ਰੈ ਕਾਲ-ਦਰਸ਼ੀ ਕਵਿਤਾ ਦਾ ਪਹਿਲਾ ਸੋਮਾ ਹੈ, ਜਿਹੜਾ ਮਨੁੱਖੀ ਚੇਤਨਾ ਦੀ ਹਰ ਗਹਿਰਾਈ ਨੂੰ ਉੱਦਾਤ ਰੰਗ ਅਤੇ ਪਾਕੀਜ਼ਗੀ ਦੀ ਛੋਹ ਬਖ਼ਸ਼ਦਾ ਹੈ। ਅਸਮਾਨ ਅਤੇ ਧਰਤੀ ਦੇ ਆਲਿੰਗਨ ਵਿਚ ਖੀਵੀ ਹੁੰਦੀ ਅਤੇ ਸਰਬ ਜ਼ਿੰਦਗੀ ਦੇ ਮੋਹ ਜਗਾਉਂਦੀ ਇਸ਼ਕ ਦੀ ਵਿਅਕਤੀਗਤ ਤੀਬਰਤਾ ਮਹਾਨ ਕਵਿਤਾ ਦਾ ਦੂਸਰਾ ਸੋਮਾ ਹੈ। ਸਰੋਦੀ ਚਿੰਤਨ ਅਤੇ ਸ਼ੁਧ ਇੰਦ੍ਰਿਆਵੀ ਸੁਆਦਾਂ ਦੇ ਕਿਸੇ ਸੰਗਮ ਉੱਤੇ ਘੁੰਡ ਚੁਕਦੀ ਭਰਪੂਰ ਕੁਦਰਤ ਮਹਾਨ ਕਵਿਤਾ ਦੀ ਇਲਹਾਮੀ ਉਡਾਣ ਦਾ ਤੀਸਰਾ ਸੋਮਾ ਹੈ। ਇਹਨਾਂ ਤਿੰਨ ਸੋਮਿਆਂ ਤੋਂ ਧਿਆਨ ਦਾ ਤਿੱਖਾ ਵੇਗ ਪ੍ਰਾਪਤ ਕਰ ਕੇ ਕਵਿਤਾ ਉਥੇ ਪਹੁੰਚਦੀ ਹੈ, ਜਿੱਥੇ ਕਿ ਸਮੇਂ ਅਤੇ ਤਕਦੀਰ ਤੋਂ ਬਿਨਾਂ ਕਿਸੇ ਦੀ ਰਸਾਈ ਨਹੀਂ। ਸੋ, ਇਤਿਹਾਸ ਮਹਾਨ ਕਵਿਤਾ ਦੇ ਸੀਨੇ ਵਿਚ ਵੱਸਦਾ ਹੈ, ਅਤੇ ਪ੍ਰਚੰਡ ਰੋਸ਼ਨ ਛਿਣਾਂ ਉੱਤੇ ਉਸਦੇ ਨਾਲ ਉੱਡਦਾ ਹੈ।

ਕਵਿਤਾ ਇਕ ਪਾਸੇ ਤਾਂ ਵਿਅਕਤੀਗਤ ਚੇਤਨਾ-ਗਹਿਰਾਈਆਂ ਦੇ ਅਤਿ ਉੱਜਲ ਰੂਪਾਂ ਨੂੰ ਮਿਲਦੀ, ਉਹਨਾਂ ਨੂੰ ਸਮਾਜਿਕ ਚਿਤਰਪੱਟ ਉੱਤੇ ਫੈਲਾਉਂਦੀ, ਅਤੇ ਇਤਿਹਾਸਕ ਵਿਗਸਾਉ ਵਲ ਤੋਰਦੀ ਹੈ, ਅਤੇ ਇੰਝ ਉਹਨਾਂ ਦਾ ਨਵਾਂ ਅਨੁਭਵ ਵੀ ਬਣਾਉਂਦੀ ਹੈ। ਦੂਜੇ ਪਾਸੇ ਸਮਾਜਿਕ ਜ਼ਿੰਦਗੀ ਦੇ ਖ਼ਾਸ ਚੁਣੇ ਹੋਏ ਹਿੱਸਿਆਂ ਦਾ ਉਦਘਾਟਨ ਕਰਦੀ ਹੋਈ ਉਹਨਾਂ ਨੂੰ ਇਤਿਹਾਸ ਦੇ ਬਾਹਰਲੇ ਨਕਸ਼ਾਂ ਨਾਲ ਜੋੜਦੀ ਹੈ। ਇੰਝ ਕਵਿਤਾ ਇਤਿਹਾਸ ਦੀ ਬੁੱਕਲ ਵਿਚ ਆਪਣੇ ਜੀਵਨ-ਮੋਹ, ਕਲਿਆਨਕਾਰੀ ਗਤੀ ਦੇ ਤੰਦਰੁਸਤ ਬੀਜ ਅਤੇ ਇਲਹਾਮ ਛੁਪਾ ਦਿੰਦੀ ਹੈ।

x x x x

ਮਹਾਨ ਕਵੀ ਮੌਤ ਦੀ ਬਿਖਮ ਤੋਂ ਬਿਖਮ ਗੁਫ਼ਾ ਵਿਚ ਉਤਰਦੇ ਹਨ—ਉਸ ਦਾ ਅੰਤਮ ਹਨੇਰਾ ਲਭਦੇ ਹਨ—ਨਿਸ਼ੇਧ ਦੀਆਂ ਕੋਟਾਂ ਝਰੀਟਾਂ ਖਾਂਦੇ ਹਨ—ਮਾਰੂਥਲਾਂ ਦੀ ਕੁਰਲਾਟ ਬਣਦੇ ਹਨ—ਸਾਗਰਾਂ ਦੇ ਸੁੱਕ ਜਾਣ ਦੇ ਭੈਅ ਜਰਦੇ ਹਨ, ਅਤੇ ਇਨਸਾਨੀ ਹਸਤੀ ਦੇ ਤੁੱਛ ਅਤੇ ਫ਼ਜ਼ੂਲ ਹੋਣ ਦੇ ਵਿਸ਼ਾਦ ਨੂੰ ਸੀਨੇ ਉੱਤੇ ਉਠਾਉਂਦੇ ਹਨ—, ਤਾਂ ਕਿਤੇ ਜਾ ਕੇ ਉਹਨਾਂ ਨੂੰ ਜੀਣ ਦੇ ਸਿਦਕ ਦੀ ਅਮਿੱਟ ਸੂਹੀ ਲਕੀਰ ਦਿਸਦੀ ਹੈ। ਨਿਸ਼ੇਧ ਦੇ ਭਿਅੰਕਰ ਰਾਹਾਂ ਦੀ ਸਾਰਥਕਤਾ ਜ਼ਿੰਦਗੀ ਵਲ ਮੁੜ ਆਉਣ ਦੇ ਅਨਮੋਲ ਰਾਜ਼ਾਂ ਬਿਨਾਂ ਸਥਾਪਤ ਨਹੀਂ ਹੁੰਦੀ। ਸੋ, ਕਵੀ ਮੌਤ ਦੀ ਨਾਭ ਵੱਲ ਵਧਦਾ ਹੋਇਆ ਕਿਸੇ ਆਖ਼ਰੀ ਧਰਵਾਸ ਨੂੰ ਵੀ ਢੂੰਡਦਾ ਜਾਂਦਾ ਹੈ। ਧਰਮ ਦਾ ਸਾਬਤ ਅਨੁਭਵ ਉਸਦਾ ਮਦਦਗਾਰ ਬਣਦਾ ਹੈ, ਅਤੇ ਕਵੀ ਸਹਿਜ-ਸੁਭਾ ਅਚੇਤ ਹੀ ਵਿਗਿਆਨਕ ਤਰਕ ਦੀ ਹਰ ਚੋਟੀ ਸਰ ਕਰ ਲੈਂਦਾ ਹੈ; ਉਸਨੂੰ ਜੀਵਨ-ਮਿੱਥ ਦੇ ਸਭ ਰੰਗੀਨ ਭਰਮ ਸਦੀਆਂ ਤੋਂ ਬਿਨ-ਹੁੰਗਾਰਾ ਖਲੋਤੇ ਬੇਜਾਨ ਬੁੱਤਾਂ ਵਾਂਗ ਸੁੰਨ-ਮੁਸਾਨ ਲਗਦੇ ਹਨ, ਅਤੇ ਅੰਤਮ ਪੜਾ ਉੱਤੇ ਉਹ ਇਹਨਾਂ ਦਾ ਤਿਆਗ ਕਰ ਕੇ ਹਸਤੀ ਦੇ ਸਾਰਥਕ,

ਮੁਕੰਮਲ ਅਤੇ ਕਮਾਲ ਹੋਣ ਦੇ ਸਿਦਕ ਨੂੰ ਜਾ ਛੋਂਹਦਾ ਹੈ। ਸੋ, ਮਹਾਨ ਕਵੀ ਹਜ਼ਰਤ ਈਸਾ ਵਾਂਗ ਇਨਸਾਨੀ ਹਸਤੀ ਨੂੰ ਮੁਕੰਮਲ ਕਰਨ ਦਾ ਸੁਪਨਾ ਲੈ ਕੇ ਮੁੜ ਕੇ ਜਿਊਣ ਦੇ ਚਾਅ ਨਾਲ ਸੂਲੀ ਚੜ੍ਹਦਾ ਹੈ।

x x x x

ਦਰਸ਼ਨ ਦੀ ਕੋਈ ਕਿਸਮ, ਭਾਵੇਂ ਉਹ ਸਰਬਪੱਖੀ ਡੂੰਘਾਣਾਂ ਵਾਲੀ ਵੀ ਕਿਉਂ ਨ ਹੋਵੇ, ਮਹਾਨ ਕਵਿਤਾ ਵਿਚ ਸਿੱਧੇ ਤੌਰ ਉੱਤੇ ਸ਼ਾਮਿਲ ਨਹੀਂ ਹੋ ਸਕਦੀ। ਸਮੇਂ ਅਤੇ ਜ਼ਿੰਦਗੀ ਦੇ ਅਨੁਭਵ ਵਿਚ ਆਪਣੀ ਹਸਤੀ ਨੂੰ ਮੁਕੰਮਲ ਤੌਰ ਉੱਤੇ ਗੁਆਏ ਬਿਨਾਂ ਕੋਈ ਦਰਸ਼ਨ, ਭਾਵੇਂ ਉਹ ਖ਼ੁਦ ਹੀ ਕਵੀ ਵੱਲੋਂ ਸਿਰਜਿਆ ਕਿਉਂ ਨਾ ਹੋਵੇ, ਮਹਾਨ ਕਵਿਤਾ ਦਾ ਅੰਗ ਨਹੀਂ ਬਣ ਸਕਦਾ। ਵਰਡਜ਼ਵਰਥ, ਡਾ: ਇਕਬਾਲ ਅਤੇ ਭਾਈ ਵੀਰ ਸਿੰਘ ਵਰਗੇ ਮਹਾਨ ਕਵੀ ਵੀ ਜਦੋਂ ਆਪ-ਸਿਰਜੇ ਜਾਂ ਉਧਾਰੇ ਲਏ ਦਰਸ਼ਨ (ਜਾਂ ਖ਼ਿਆਲ-ਪ੍ਰਬੰਧ) ਦਾ ਸਿੱਧਾ ਅਸਰ ਕਬੂਲਦੇ ਹਨ, ਅਤੇ ਉਸਨੂੰ ਖੁੱਲ੍ਹਮ-ਖੁੱਲ੍ਹਾ ਬੁਲਾਵਾ ਦਿੰਦੇ ਹਨ, ਤਾਂ ਉਹਨਾਂ ਦੇ ਕਾਵਿ-ਅਨੁਭਵ ਨਾਲ ਬਹੁਤ ਕੁਝ ਬੇਜਾਨ ਚੰਬੜਿਆ ਰਹਿੰਦਾ ਹੈ, ਅਤੇ ਉਸ ਦੀ ਤਰਲ ਅਵਸਥਾ ਅੱਗੇ ਅਧੂਰੇ ਖਾਕੇ ਰੋਕਾਂ ਬਣ ਕੇ ਖੜੇ ਰਹਿੰਦੇ ਹਨ। ਵਰਡਜ਼ਵਰਥ ਦੀ 'ਕਾਵਿ-ਪ੍ਰਸਤਾਵਨਾ' (The Prelude), ਇਕਬਾਲ ਦੇ 'ਜਾਵੀਦ ਨਾਮਹ' ਅਤੇ ਭਾਈ ਵੀਰ ਸਿੰਘ ਦੇ *ਰਾਣਾ ਸੂਰਤ ਸਿੰਘ* ਵਿਚ ਚਿੰਤਨ ਦੀ ਬਾਹਰਲੀ ਦਖ਼ਲ-ਅੰਦਾਜ਼ੀ ਕਾਵਿ ਦੀ ਮੁੱਖ ਧਾਰਾ ਦੇ ਜੋਸ਼ ਅਤੇ ਹੁਸਨ ਨੂੰ ਸੁਸਤ ਕਰਨ ਦਾ ਕਾਰਨ ਬਣਦੀ ਹੈ, ਕਿਉਂਕਿ ਨਿਰੇ ਖ਼ਿਆਲ ਦੀ ਹੈਸੀਅਤ ਕਾਵਿ ਵਿਚ ਸ਼ਾਮਿਲ ਹੋਣ ਵਾਲੇ ਜ਼ਿੰਦਗੀ ਦੇ ਭਰੇ ਮੇਲੇ ਸਾਹਮਣੇ ਕਿਸੇ ਅਜਨਬੀ ਮੂਰਤ ਤੋਂ ਵੱਧ ਨਹੀਂ ਹੁੰਦੀ, ਜਿਹੜੀ ਕਿ ਹੁਸੀਨ ਹੋਣ ਦੇ ਬਾਵਜੂਦ ਬੇਰਸੀ ਅਤੇ ਬੇਜਾਨ ਹੀ ਹੁੰਦੀ ਹੈ।

ਕੋਈ ਰੂਹਾਨੀਅਤ ਤੋਂ ਸੱਖਣਾ ਖ਼ਿਆਲ-ਪ੍ਰਬੰਧ, ਜਿਸ ਨੇ ਜ਼ਿੰਦਗੀ ਦੇ ਰਾਜਸੀ ਅਤੇ ਸਮਾਜਿਕ ਅਦਾਰਿਆਂ ਨਾਲ ਆਪਣਾ ਰਸਮੀ ਵਫ਼ਾ ਵਾਲਾ ਰਿਸ਼ਤਾ ਬਣਾ ਲਿਆ ਹੋਵੇ, ਮਹਾਨ ਕਵਿਤਾ ਦੇ ਬਿੰਬ ਵਿਚ ਨਹੀਂ ਪਲਟ ਸਕਦਾ। ਮੇਰੇ ਖ਼ਿਆਲ ਵਿਚ ਰਚਨਾਤਮਕ ਪੱਧਰ ਉੱਤੇ **ਮਾਰਕਸਵਾਦੀ ਸਿਧਾਂਤ** ਨਾਲ ਵਫ਼ਾਦਾਰੀ ਕਵਿਤਾ ਨੂੰ ਅਜ਼ਾਦ ਉਡਾਣ ਤੋਂ ਰਹਿਤ ਕਰ ਦਿੰਦੀ ਹੈ, ਕਿਉਂਕਿ ਮਾਰਕਸਵਾਦ ਦੀ ਸੁਤੰਤਰ ਹੋਂਦ ਸੰਪੂਰਣ ਦਰਸ਼ਨ ਦਾ ਦਰਜਾ ਨਹੀਂ ਰੱਖਦੀ। ਪਿਛਲੇ 72 ਸਾਲਾਂ ਵਿਚ ਸ਼ਕਤੀਸ਼ਾਲੀ ਕਮਿਊਨਿਸਟ ਹਕੂਮਤਾਂ ਦੇ ਪਿਛਲੱਗ ਵਿਦਵਾਨਾਂ ਨੇ ਮਾਰਕਸਵਾਦ ਨਾਲ ਬਹੁਤ ਸਾਰੇ ਫ਼ਲਸਫ਼ਿਆਂ ਦੇ ਲਗਾਓ ਦਰਸਾ ਕੇ ਅਤੇ ਵਾਦ-ਵਿਵਾਦ ਰਚਾ ਕੇ ਇਸ ਨੂੰ ਧਿੰਙੋਜ਼ੋਰੀ ਸੱਚੇ ਅਮਲ ਦਾ ਰਾਹ ਦੱਸਦੀ ਸਰਬੋਤਮ ਫ਼ਿਲਾਸਫ਼ੀ ਸਾਬਤ ਕਰਨ ਦੇ ਯਤਨ ਕੀਤੇ ਹਨ, ਪਰ ਸਾਹਿਤ ਦੇ ਗਹਿਰ-ਗੰਭੀਰ ਅਨੁਭਵੀ ਸਿਧਾਂਤਾਂ ਨੇ ਇਸ ਦਾਅਵੇ ਨੂੰ ਕਦੇ ਵੀ ਕਬੂਲ ਨਹੀਂ ਕੀਤਾ। ਮਾਰਕਸਵਾਦ ਵੱਲੋਂ ਮਿਥੇ ਗਏ ਮਨੁੱਖੀ ਚੇਤਨਾ ਦੇ ਸਮਾਜਿਕ ਅਮਲਾਂ ਅਤੇ ਪ੍ਰਕਾਰਜਾਂ ਦੇ ਮਸਨੂਈ ਜਿਹੇ ਸਿਧਾਂਤਾਂ ਨੇ ਕਵਿਤਾ ਦੀ ਮੁੱਖ ਸਾਮਿਗ੍ਰੀ ਅਰਥਾਤ ਅਕਲ ਅਤੇ ਜ਼ਮੀਰ ਦੇ ਅਸਲ ਰਾਜ਼ਾਂ ਤਕ ਪਹੁੰਚ ਨਹੀਂ ਕੀਤੀ। ਦੂਜੇ ਪਾਸੇ ਰਾਜਨੀਤਕ ਅਤੇ ਸਮਾਜਿਕ ਧਰਾਤਲ ਉੱਤੇ ਵੀ ਮਾਰਕਸਵਾਦ ਨੇ ਵਫ਼ਾ ਅਤੇ ਈਮਾਨ ਦੇ ਕੋਈ ਆਦਰਸ਼ਕ ਮਿਆਰ ਸਥਾਪਤ ਨਹੀਂ ਕੀਤੇ। ਇਸ ਨੇ ਲੈਨਿਨ ਤੋਂ ਗੋਰਬਾਚੇਵ ਤਕ ਇਕ ਕਠੋਰ ਅੰਦਰੂਨੀ ਧੜੇਬੰਦੀ ਦੇ ਇਤਿਹਾਸ ਨੂੰ ਹੀ ਦੁਹਰਾਇਆ। ਮਾਰਕਸਵਾਦ ਪ੍ਰਤੀ ਅਤਿਕਥਤ ਅਤੇ ਆਧਾਰ-ਰਹਿਤ ਸ਼ਰਧਾ ਨੇ ਵਿਸ਼ਵ-ਪੱਧਰ ਉੱਤੇ ਖ਼ੁਸ਼ਾਮਦ, ਭਰਮ ਅਤੇ ਹਉਮੈ ਦੇ ਐਬਾਂ ਨੂੰ ਰੱਜ ਕੇ ਫੈਲਾਇਆ, ਜਿਹਨਾਂ ਦੀ ਸਹੀ ਨੁਮਾਇਸ਼ *ਸੋਲਜ਼ੇਨਿਤਸਿਨ ਦੇ ਗੋਲਾਗ* (*The Gulag Archipelago*) ਵਿਚ ਬੇਬਾਕ ਹੋ ਕੇ ਕੀਤੀ ਗਈ ਹੈ—ਇਕ ਪੁਸਤਕ, ਜਿਸ ਦੀ ਲੰਮੇ ਮਾਨਵ-ਅਪਮਾਨ ਅਤੇ ਸਿਧਾਂਤਾਂ ਦੇ ਦਿਲ-ਦੁਖਾਵੇਂ ਸ਼ੋਰ ਪਿੱਛੋਂ ਰੂਸ ਵਿਚ ਸਮਾਜਿਕ ਪਰਵਾਨਗੀ ਮਿਲਣੀ ਸੰਸਾਰ ਕਮਿਊਨਿਸਟ ਭਾਈਚਾਰੇ ਦੀ ਸਦਾ ਹੀ ਸ਼ਰਮਿੰਦਗੀ ਦੇਣ ਵਾਲੀ ਨੈਤਿਕ ਹਾਰ ਹੈ।

ਉਪਰੋਕਤ ਸੰਖਿਪਤ ਟਿੱਪਣੀ ਕਰਨ ਦਾ ਮੰਤਵ ਇਹੋ ਹੈ, ਪਈ ਸਾਹਿਤਿੱਕ ਮਾਰਕਸਵਾਦੀ ਸੰਬੋਧਾਂ ਦੀ ਸੀਮਤ ਪਹੁੰਚ ਹੋਣ ਕਾਰਨ ਇਹ ਮਹਾਨ ਕਵਿਤਾ ਦੀ ਸਿਰਜਣਾ ਵਿਚ ਆਖ਼ਿਰ ਤਕ ਸਹਾਇਕ ਨਹੀਂ ਹੋਣਗੇ। ਇਸ ਸਿਧਾਂਤ ਕੋਲ ਮਨੁੱਖੀ ਚੇਤਨਾ ਵਿਚ ਸਦੀਆਂ ਤੋਂ ਸੁੱਤੀਆਂ ਤ੍ਰਾਸਦੀਆਂ ਨੂੰ ਆਪਣੀ ਫ਼ਰਾਖ਼ਦਿਲੀ ਦੇ ਕਲਾਵੇ ਵਿਚ ਲੈਣ ਦੀ ਸਮਰੱਥਾ ਨਹੀਂ। ਇਸ ਦੀ ਇਤਿਹਾਸਕ ਅਤੇ ਸਿਧਾਂਤਕ ਤਰਜ਼ ਵਿਚ ਵਿਸ਼ਾਲ ਧਰਵਾਸ ਪੈਦਾ ਕਰਨ ਵਾਲਾ ਸੂਖਮ ਤਰਕ ਨਹੀਂ। ਧਰਮ ਦੇ ਅਨੁਭਵੀ ਸੱਚ ਵਾਂਗ ਮਾਰਕਸਵਾਦ ਕੋਲ ਕੋਈ ਐਸੀ ਗਿਆਨ-ਦ੍ਰਿਸ਼ਟੀ ਨਹੀਂ, ਜਿਹੜੀ ਮੌਤ ਅਤੇ ਜੀਵਨ ਦੀ ਨਿਸਬਤ ਵਿਚ ਅਮਰ ਸਕੂਨ ਨੂੰ ਸਥਾਪਤ ਕਰ ਸਕਦੀ। ਧਰਮ-ਸੰਕਲਪਾਂ ਕੋਲ ਮਨੁੱਖੀ ਚੇਤਨਾ ਦੇ ਅਪਹੁੰਚ ਸੋਮਿਆਂ ਤਕ ਪਹੁੰਚਣ ਦੇ ਸਿੱਧੇ ਰਾਹ ਹਨ, ਜਦੋਂ ਕਿ ਮਾਰਕਸਵਾਦ ਚਿੰਤਨ ਦੀਆਂ ਮਸਨੂਈ ਤਦਬੀਰਾਂ ਦਾ ਗ਼ੁਲਾਮ ਹੈ।

ਇਸ ਸਦੀ ਵਿਚ ਮਾਰਕਸਵਾਦ ਦੀਆਂ ਸੋਚ-ਵਿਧੀਆਂ ਨੇ ਕਿਸੇ ਵਿਸ਼ਵ-ਪੱਧਰ ਦੇ ਕਵੀ ਨੂੰ ਜਨਮ ਨਹੀਂ ਦਿੱਤਾ। ਕਈ ਦਰਮਿਆਨੇ ਦਰਜੇ ਦੇ ਮਾਰਕਸਵਾਦੀ ਕਵੀ ਸਮੇਂ ਦੀਆਂ ਲੋੜਾਂ ਕਾਰਨ, ਕਿਸੇ ਰੰਗੀਨ ਭਰਮ-ਵਸ ਜਾਂ ਸ਼ਖ਼ਸੀਅਤ ਦੀ ਬਣਾਵਟੀ ਸਜ-ਧਜ ਦੇ ਨਜ਼ਰੀਏ ਤੋਂ ਇਸ ਸਿਧਾਂਤ ਦੇ ਪੈਰੋਕਾਰ ਹਨ, ਜਦੋਂ ਕਿ ਆਪਣੀਆਂ ਵਧੀਆ ਰਚਨਾਵਾਂ ਵਿਚ ਉਹਨਾਂ ਨੇ ਅਚੇਤ ਤੌਰ ਉੱਤੇ ਇਸ ਦੀ ਵਰਤੋਂ ਕਰਨ ਤੋਂ ਗੁਰੇਜ਼ ਕੀਤਾ ਹੈ। ਮੋਹਨ ਸਿੰਘ ਅਤੇ ਫ਼ੈਜ਼ ਅਹਿਮਦ ਫ਼ੈਜ਼ ਦੀ ਜਿੰਨੀ ਕੁ ਉੱਤਮ ਕਵਿਤਾ ਹੈ, ਉਹ ਮਾਰਕਸਵਾਦੀ ਸਿਧਾਂਤ ਦੇ ਪ੍ਰਭਾਵ ਦੀ ਗਰਿਫ਼ਤ ਵਿਚ ਨਹੀਂ। ਮਾਰਕਸੀ ਸਿਧਾਂਤ ਦੇ ਕਵਿਤਾ ਦੇ ਅਨੁਭਵੀ ਸੱਚ ਤੋਂ ਦੂਰ ਹੋਣ ਦਾ ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ, ਕਿ ਚੀਨੀ ਇਨਕਲਾਬ ਦੇ ਜਨਮਦਾਤਾ ਮਾਉ-ਜ਼ੇ-ਤੁੰਗ ਦੀ ਪੌਰਾਣਿਕ ਸੂਹਜ ਵਿਚ ਪਰੁੱਚੀ ਵੀਣਿਕ ਕਵਿਤਾ ਵਿਚ ਇਸ ਖ਼ੁਸ਼ਕ ਸਿਧਾਂਤ ਦਾ ਕੋਈ ਚਿਹਨ-ਚੱਕਰ ਸਪਸ਼ਟ ਨਜ਼ਰ ਨਹੀਂ ਆਉਂਦਾ।

ਪਾਬਲੋ ਨੇਰੂਦਾ ਦੀਆਂ ਇਕਹਿਰੇ ਬਿੰਬਾਂ ਵਾਲੀਆਂ ਸ਼ੋਗੀਲੀਆਂ ਕਵਿਤਾਵਾਂ ਅਤੇ ਮਾਇਕੋਵਸਕੀ ਦੀਆਂ ਲੈਨਿਨ ਬਾਰੇ ਲਿਖੀਆਂ ਕਵਿਤਾਵਾਂ ਸਿਧਾਂਤਕ ਅਫ਼ਵਾਹਾਂ ਦੀ ਕੱਚੀ ਬੁਨਿਆਦ ਉੱਤੇ ਖੜੀਆਂ ਹੋਣ ਕਾਰਨ ਜਿੱਥੇ ਸੁਰ ਅਤੇ ਤਖ਼ੱਈਅਲ ਦੇ ਪੱਖੋਂ ਪਹਿਲਾਂ ਹੀ ਘੱਟ ਲਹੂ ਵਾਲੀਆਂ ਸਨ, ਉਥੇ *The Gulag Archipelago* ਦੇ ਰੂਸ ਵਿਚ ਪ੍ਰਕਾਸ਼ਤ ਹੋਣ ਦੀ ਸੰਭਾਵਨਾ ਪਿੱਛੋਂ ਇਹਨਾਂ ਦਾ ਰੁਤਬਾ ਚਮਕੀਲੀ ਇਸ਼ਤਿਹਾਰ-ਬਾਜ਼ੀ ਤਕ ਹੀ ਸੀਮਤ ਰਹਿ ਜਾਵੇਗਾ।

ਸ਼੍ਰੇਣੀ-ਸੰਘਰਸ਼ ਦੇ ਸਿਧਾਂਤ ਨੇ ਜਦ ਕਾਵਿ-ਅਨੁਭਵ ਨਾਲ ਸੁਮੇਲ ਕੀਤਾ, ਤਾਂ ਕਲਪਨਾ ਨੇ ਕੁਝ ਸੱਚੀਆਂ ਅਤੇ ਕੁਝ ਫ਼ਰਜ਼ੀ ਪ੍ਰਸਥਿਤੀਆਂ ਨੂੰ ਸਾਹਮਣੇ ਲਿਆਂਦਾ, ਜਿਹਨਾਂ ਵਿੱਚੋਂ ਕਿ ਮਾਰਕਸਵਾਦੀ ਕਵਿਤਾ ਦੇ ਬਹੁਤ ਸਾਰੇ ਮਜ਼ਮੂਨਾਂ ਦੀ ਚੋਣ ਕੀਤੀ ਗਈ : ਅਪਮਾਨ ਦੀ ਚੀਸ, ਬੇ-ਅਦਲੀ ਵਿਰੁੱਧ ਨਪੀੜੇ ਲੋਕਾਂ ਦੀ ਚੀਖ, ਜ਼ਖ਼ਮੀ ਰੂਹ ਵਿੱਚੋਂ ਉਭਰਦੀ ਜਿੱਤ ਦੀ ਆਵਾਜ਼, ਸੋਨ-ਭਵਿੱਖ ਦੀ ਉਮੀਦ ਦੇ ਨਾਅਰੇ, ਆਦਿ। ਪਾਕਿਸਤਾਨ ਦੇ ਫ਼ੈਜ਼ ਅਹਿਮਦ ਫ਼ੈਜ਼, ਤੁਰਕੀ ਦੇ ਨਾਜ਼ਮ ਹਿਕਮਤ ਅਤੇ ਚਿੱਲੀ ਦੇ ਪਾਬਲੋ ਨੇਰੂਦਾ ਦੀ ਕਵਿਤਾ ਨੇ ਇਸ ਕਿਸਮ ਦੀਆਂ ਆਵਾਜ਼ਾਂ ਦੀ ਕਾਫ਼ੀ ਸੁੰਦਰ ਨੁਮਾਇੰਦਗੀ ਕੀਤੀ, ਪਰ ਇਸ ਕਵਿਤਾ ਦੇ ਇਕ ਵੱਡੇ ਭਾਗ (ਖ਼ਾਸ ਕਰਕੇ ਫ਼ੈਜ਼ ਦੀ ਕਵਿਤਾ) ਨੂੰ ਭੁਲੇਖੇ ਅਧੀਨ ਹੀ ਮਾਰਕਸਵਾਦੀ ਚਿੰਤਨ ਨਾਲ ਜੋੜਿਆ ਜਾਂਦਾ ਹੈ, ਕਿਉਂਕਿ ਦੁਨੀਆ ਦਾ ਹਰ ਨਾਸਤਕ ਜਾਂ ਆਸਤਕ ਬਾਗ਼ੀ ਕਵੀ, ਭਾਵੇਂ ਫ਼ੈਜ਼ ਹੋਵੇ, ਭਾਵੇਂ ਖ਼ੁਸ਼ਹਾਲ ਖ਼ਾਂ ਖਟਕ ਹੋਵੇ, ਅਤੇ ਭਾਵੇਂ ਮਹਾਨ ਕਵੀ ਲਾਰਡ ਬਾਇਰਨ ਹੋਵੇ, ਸੱਚਮੁੱਚ ਉਹ ਬੇਇਨਸਾਫ਼ੀ ਸਾਹਮਣੇ ਇਸੇ ਕਿਸਮ ਦੀ ਘਾਇਲ ਕੁਰਲਾਟ, ਬੇਪੱਤੀ ਦੀ ਤੜਪ, ਅਤੇ ਕ੍ਰਾਂਤੀਕਾਰੀ ਉਮੀਦ ਦੀ ਕਾਵਿਮਈ ਸ਼ਿੱਦਤ ਨੂੰ ਸ਼ਬਦ-ਜਗਤ ਦਾ ਅੰਗ ਬਣਾਏਗਾ। ਏਥੋਂ ਤਕ ਕਿ ਅਤਿ ਧਾਰਮਕ ਕਵੀ ਖ਼ਲੀਲ ਜਿਬਰਾਨ ਵੀ ਆਪਣੇ ਕਾਵਿ ਦੇ ਬਗ਼ਾਵਤੀ

ਨਾਦ ਵਿਚ ਬੇ-ਅਦਲ ਹਾਕਮਾਂ ਨੂੰ ਵੰਗਾਰਦੀਆਂ ਅਤੇ ਜਿੱਤ ਦਾ ਨਾਅਰਾ ਬੁਲੰਦ ਕਰਦੀਆਂ ਸ਼ਹਾਦਤੀ ਚੀਸਾਂ ਪੈਦਾ ਕਰ ਕੇ ਵਿਖਾ ਦਿੰਦਾ ਹੈ।

ਅੱਗੋਂ ਸ਼੍ਰੇਣੀ-ਸੰਘਰਸ਼ ਦੇ ਅਟੱਲ ਮੰਨੇ ਜਾਂਦੇ ਸਿਧਾਂਤ ਨੇ ਕਵਿਤਾ ਦੇ ਉਪਰੋਕਤ ਰੌਂਅ ਰਸਮ ਵਿਚ ਬੰਨ੍ਹ ਦਿੱਤੇ, ਕੁਦਰਤੀ ਨਾਂਹ ਰਹਿਣ ਦਿੱਤੇ, ਅਤੇ ਸਿੱਟੇ ਦੇ ਤੌਰ ਉੱਤੇ ਸੀਮਤ ਘੇਰਿਆਂ ਵਿਚ ਲੈ ਆਂਦੇ। ਪੂਰਬੀ ਯੂਰਪ ਦੇ ਸਮਾਜਵਾਦੀ ਦੇਸ਼ਾਂ ਵਿਚ ਸ਼੍ਰੇਣੀ- ਸੰਘਰਸ਼ ਦੇ ਨਾਮ ਥੱਲੇ ਹੋਏ ਘੋਰ ਜ਼ੁਲਮਾਂ, ਕ੍ਰਾਂਤੀ ਤੋਂ 1950 ਤਕ ਰੂਸ ਦੇ ਸੋਧ-ਕੈਂਪਾਂ ਵਿਚ ਤਿਲ ਤਿਲ ਕਰ ਕੇ ਕੋਹੇ ਲੋਕ, ਤਿਆਨਮਿਨ ਚੌਕ ਵਿਚ ਹੋਏ ਵਿਦਿਆਰਥੀਆਂ ਦੇ ਕਤਲਿਆਮ ਅਤੇ ਬੁਲਗਾਰੀਆ ਵਿਚ ਫਾਸ਼ੀ ਸਮਿਆਂ ਦੀ ਯਾਦ ਦਿਵਾਉਂਦੇ ਤੁਰਕੀ ਨਸਲ ਦਾ ਬੀਜਨਾਸ਼ ਕਰਨ ਦੇ ਨੰਗੇ ਮਨਸੂਬਿਆਂ ਵਿਰੁੱਧ ਇਕ ਦਿਨ ਬੇਪੱਤੀ 'ਚੋਂ ਉਠਦੀਆਂ ਫ਼ਰਿਆਦਾਂ ਅਤੇ ਉਮੀਦ ਦੇ ਬੋਲ ਭਵਿੱਖ ਦੇ ਕਵੀ ਦੀ ਜ਼ਬਾਨ ਉੱਤੇ ਵਧੇਰੇ ਕੁਦਰਤੀ ਰੌਂਅ ਵਿਚ ਆਉਣਗੇ, ਕਿਉਂਕਿ ਉਦੋਂ ਕਵੀ ਬੱਝਵੇਂ ਖੋਖਲੇ ਸਿਧਾਂਤਾਂ ਦੀ ਰਸਮ ਦਾ ਗ਼ੁਲਾਮ ਨਹੀਂ ਹੋਵੇਗਾ।

ਭਵਿੱਖ ਦੀ ਕਵਿਤਾ ਵਿਚ ਅਫ਼ਗਾਨਿਸਤਾਨ ਦੇ ਮੁਜਾਹਦੀਨ ਦੀ ਬੇਮਿਸਾਲ ਜੱਦੋ ਜਹਿਦ ਸ਼੍ਰੇਣੀ-ਸੰਘਰਸ਼ ਦੀ ਕਵਿਤਾ ਵਿਚਲੀ ਤੜਪ-ਭਰੀ ਉਮੀਦ ਦੇ ਨਾਅਰੇ ਨਾਲੋਂ ਕਿਤੇ ਬਲਵਾਨ ਅਤੇ ਪਾਵਨ ਰੋਹ ਵਿਚ ਗਰਜੇਗੀ, ਕਿਉਂਕਿ ਉਦੋਂ ਕਾਵਿਮਈ ਸੱਚ ਨੂੰ ਸੁਆਰਥੀ ਸਿਧਾਂਤਕਾਰਾਂ ਅਤੇ ਆਪ-ਹੁਦਰੇ ਹਾਕਮਾਂ ਦੀਆਂ ਸਾਜ਼ਿਸ਼ੀ ਅਫ਼ਵਾਹਾਂ ਨੇ ਨਹੀਂ ਘੇਰਿਆ ਹੋਵੇਗਾ। ਅਫ਼ਗਾਨਿਸਤਾਨ ਦੇ ਪ੍ਰੇਰਣਾ-ਸਰੋਤ ਧੁਰੋਂ ਮਿਲੀ ਆਜ਼ਾਦੀ ਦੀ ਮਨੁੱਖੀ ਸਿੱਕ ਦੇ ਜ਼ਿੰਦਾ ਪ੍ਰਤੀਕ ਰਹਿਣਗੇ।

ਹਾਕਮਾਂ ਵੱਲੋਂ ਫੈਲਾਈਆਂ ਸਾਜ਼ਿਸ਼ੀ ਅਫ਼ਵਾਹਾਂ ਇਤਿਹਾਸ ਵਿਚ ਅਕਸਰ ਹੀ ਹਕੀਕਤ ਦਾ ਵੇਸ ਧਾਰਨ ਕਰ ਲੈਂਦੀਆਂ ਹਨ, ਜਦੋਂ ਝੂਠ ਬਿਲਕੁਲ ਸੱਚ ਦੇ ਮੁਲੰਮੇ ਵਿਚ ਲਿਸ਼ਕਦਾ ਹੈ। ਅਜਿਹੀ ਸਥਿਤੀ ਵਿਚ ਪੈਦਾ ਹੋਈ ਸੁੰਦਰ ਕਵਿਤਾ ਵੀ ਸਦੀਵੀ ਪ੍ਰੇਰਣਾ ਤੋਂ ਰਹਿਤ ਹੁੰਦੀ ਹੈ, ਕਿਉਂਕਿ ਇਤਿਹਾਸ ਦੇ ਗ਼ਲਤ ਫ਼ੈਸਲਿਆਂ ਉੱਤੇ ਖਲੋਤੀਆਂ ਨਜ਼ਮਾਂ ਦੀ ਦਾਰਸ਼ਨਿਕ ਜੜ੍ਹ ਪ੍ਰਚਲਤ ਸਾਮੂਹਿਕ ਭਰਮ ਵਿਚ ਲੱਗੀ ਹੁੰਦੀ ਹੈ, ਜਿਵੇਂ ਬੰਗਲਾ ਦੇਸ਼ ਦੀ ਦੁੱਖ-ਭਰੀ ਦਾਸਤਾਨ ਅਨੇਕਾਂ ਭਾਰਤੀਆਂ ਦੇ ਯਕੀਨ ਦਾ ਉਸ ਵੇਲੇ ਹਿੱਸਾ ਬਣੀ ਜਦੋਂ ਇਤਿਹਾਸ ਅਫ਼ਵਾਹਾਂ ਨਾਲ ਭਾਈਵਾਲੀ ਪਾ ਕੇ ਉਹਨਾਂ ਨੂੰ ਯਥਾਰਥ ਦੀ ਝੂਠੀ ਸ਼ਕਲ ਦੇ ਰਿਹਾ ਸੀ। ਇਹੋ ਕਾਰਨ ਹੈ, ਡਾਕਟਰ ਹਰਿਭਜਨ ਸਿੰਘ ਵਰਗੇ ਉੱਤਮ ਕਵੀ ਦੀਆਂ *ਅਲਫ਼ ਦੁਪਹਿਰ* ਵਿਚ ਸੰਗ੍ਰਹਿਤ ਬੰਗਲਾ ਦੇਸ਼ ਦੀ ਉਤਪੱਤੀ ਨਾਲ ਸੰਬੰਧਿਤ ਕਵਿਤਾਵਾਂ ਮਨਮੋਹਣੀ ਦਿੱਖ ਦੇ ਬਾਵਜੂਦ ਸੱਚ ਦੇ ਸ਼੍ਰੋਮਣੀ ਜਜ਼ਬੇ ਦਾ ਤਿਆਗ ਕਰ ਕੇ ਗ਼ਲਤ ਅਫ਼ਵਾਹਾਂ ਉੱਤੇ ਪਲੀ ਰਸਮ ਦੇ ਬੇਜਾਨ ਬੰਧਨ ਵਿਚ ਬੱਝ ਗਈਆਂ ਹਨ, ਜਿਵੇਂ ਬਹੁਤ ਵਾਰ ਸ਼੍ਰੇਣੀ-ਸੰਘਰਸ਼ ਦੀ ਕਵਿਤਾ ਸੱਚ ਦੇ ਭੇਸ ਵਿਚ ਪ੍ਰਗਟ ਹੋਏ ਭਰਮ ਉੱਤੇ ਪਲਦੀ ਹੈ। ਜਦੋਂ ਇਤਿਹਾਸ ਸੱਚ ਅਤੇ ਝੂਠ ਵਿਚਕਾਰ ਨਿਤਾਰਾ ਕਰਨ ਵਾਲੀ ਵਾਲ ਨਾਲੋਂ ਬਾਰੀਕ ਨੈਤਿਕ ਸਥਿਤੀ ਉੱਤੇ ਪਹੁੰਚਿਆ ਹੋਵੇ, ਉਦੋਂ ਜੋ ਕਵੀ ਹਿਰਸਾਂ ਵਿੱਚੋਂ ਉੱਠੀਆਂ ਅਫ਼ਵਾਹਾਂ ਦੇ ਛਲੇਡਾ-ਰੂਪੀ ਮਾਇਆ ਚੱਕਰ ਵਿਚ ਫਸ ਕੇ ਸੱਚ ਨਹੀਂ ਬੋਲ ਸਕਦਾ, ਜਾਂ ਘੱਟੋ ਘੱਟ ਖ਼ਾਮੋਸ਼ ਨਹੀਂ ਰਹਿ ਸਕਦਾ, ਉਸ ਕਵੀ ਨੂੰ ਕਲਾ-ਹੂਰਾਂ (Muses) ਆਪਣੇ ਦਿਲ ਦੇ ਸਾਰੇ ਭੇਦ ਨਹੀਂ ਦਿੰਦੀਆਂ। ਭਵਿੱਖ ਦਾ ਕਵੀ ਰਹਿਮ ਦੇ ਸਹੀ ਰਾਹ ਤੋਂ ਦੂਰ ਲਿਜਾਂਦੀਆਂ ਮਸ਼ਹੂਰੀਆਂ ਦੀ ਹਿਰਸ ਨੂੰ ਆਪਣੀ ਚੇਤਨਾ ਵਿੱਚੋਂ ਇਸ ਤਰ੍ਹਾਂ ਜਲਾਵਤਨ ਕਰ ਦੇਵੇਗਾ, ਜਿਵੇਂ ਸੁਆਰਥੀ ਮੋਹ ਤੋਂ ਬਚਣ ਲਈ ਇਸਲਾਮ ਦੇ ਮਸ਼ਹੂਰ ਜਰਨੈਲ ਤਾਰਿਕ ਨੇ ਸਪੇਨ ਦੇ ਸਮੁੰਦਰੀ ਕੰਢੇ ਉੱਤੇ ਆਪਣੇ ਹੀ ਜਹਾਜ਼ਾਂ ਨੂੰ ਜਲਾ ਦਿੱਤਾ ਸੀ। ਕਵੀ ਲਈ ਦੇਸ-ਭਗਤੀ ਦਾ ਮਤਲਬ ਸਮੇਂ ਦੇ ਹਾਕਮਾਂ ਦੀ ਮਗਰਮੱਛ-ਨੀਤੀ ਦੀ ਲਪੇਟ ਵਿਚ ਆਉਣਾ ਨਹੀਂ ਹੁੰਦਾ। ਉਸ ਲਈ ਦੇਸ-ਭਗਤੀ ਇਕ ਮੁਤਬੱਰਕ ਜਜ਼ਬਾ ਹੈ, ਪਰ ਇਸ ਜਜ਼ਬੇ ਦੀ ਪਾਲਣਾ ਮਾਨਵਵਾਦ ਦੀ ਕੀਮਤ ਉੱਤੇ ਨਹੀਂ ਕੀਤੀ ਜਾ ਸਕਦੀ।

ਬੰਗਲਾ ਦੇਸ਼ ਦੀ ਉਤਪੱਤੀ ਅਤੇ ਦੁਖਾਂਤ ਦਾ ਕਾਰਨ ਵੀ ਹਮਸਾਇਆਂ ਦੀ ਉਹੀ ਸਾਜ਼ਿਸ਼ ਸੀ, ਜਿਹੜੀ ਕਦੇ ਲੰਕਾ, ਨਿਪਾਲ ਅਤੇ ਭੂਟਾਨ ਵਰਗੇ ਬੇਚੈਨ ਰਾਜਾਂ ਦੇ ਸਿਰ ਉੱਤੇ ਕਿਸੇ ਭਿਅੰਕਰ ਹੋਣੀ ਵਾਂਗ ਮੰਡਲਾਈ ਸੀ, ਅਤੇ ਭਾਰਤ ਦੇ ਮੁੱਖ ਰਾਜਸੀ ਦਲਾਂ ਦੇ ਚੁਸਤ ਤਰੀਕੇ ਇਹਨਾਂ ਬੇਚੈਨੀਆਂ ਨੂੰ ਸੁਤੰਤਰਤਾ ਦੇ ਸੰਗਰਾਮ ਬਣਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਸਨ। ਜੇ ਭਵਿੱਖ ਦੇ ਕਵੀਆਂ ਦੀ ਕਲਪਨਾ ਭਰਮ-ਗ੍ਰਸਤ ਹੋ ਕੇ ਪਿਛੋਕੜ ਦੇ ਅਸਲ ਤੱਥ ਨੂੰ ਪਹਿਚਾਣੇ ਬਿਨਾਂ ਇਹਨਾਂ ਅਖੌਤੀ ਜੰਗਾਂ ਅਤੇ ਇਹਨਾਂ ਨਾਲ ਜੁੜੇ ਦੁੱਖਾਂ ਦੇ ਆਦਰਸ਼ਕ ਰੂਪ ਪੇਸ਼ ਕਰੇਗੀ, ਤਾਂ ਉਹਨਾਂ ਕਵਿਤਾਵਾਂ ਦੀ ਹਸਤੀ ਮਾਰੂਥਲਾਂ ਵਿਚ ਪਾਣੀ ਵਾਂਗ ਚਮਕਦੀ ਰੇਤ ਤੋਂ ਵੱਧ ਕੁਝ ਨਹੀਂ ਹੋਵੇਗੀ।

## (ਅ)

### 6

ਬਚਪਨ ਤੋਂ ਹੀ ਧਰਤੀ ਅਤੇ ਅਸਮਾਨ ਦੇ ਨਜ਼ਾਰੇ ਅਤੇ ਇਹਨਾਂ ਨਾਲ ਜੁੜੀ ਸੁਹਿਰਦ ਮਹਿਮਾਨ ਵਰਗੀ ਜ਼ਿੰਦਗੀ ਦੇ ਬੋਲ ਮੇਰੀ ਫ਼ਿਤਰਤ ਉੱਤੇ ਮਾਂ-ਪਿਉ ਵਰਗੀ ਧਰਵਾਸ ਭਰੀ ਛਾਂ ਕਰਦੇ ਰਹੇ ਹਨ। ਇਹਨਾਂ ਨਾਲ ਮੇਰੀ ਘਰ ਵਰਗੀ ਨੇੜਤਾ ਰਹੀ ਹੈ, ਅਤੇ ਇਹਨਾਂ ਜਲਵਿਆਂ ਤੋਂ ਦੂਰੀ ਅਤੇ ਕਈ ਵਾਰ ਇਹਨਾਂ ਦੀ ਅਮਿੱਤ ਮਿਠਾਸ ਨੂੰ ਚੱਖਣ ਲਈ ਉਡਦੀ ਤੜਪ ਮੇਰੀ ਤਬੀਅਤ ਅੰਦਰ ਉਦਰੇਵਿਆਂ ਦੇ ਹੜ੍ਹ ਲਿਆਉਂਦੀ ਰਹੀ ਹੈ। ਧਰਤੀ ਦੇ ਕਈ ਖ਼ਾਸ ਰੂਪ (ਜਿਵੇਂ ਥਲ ਅਤੇ ਸਾਗਰ) ਮੈਂ ਬਹੁਤ ਬਾਅਦ ਵਿਚ ਵੇਖੇ, ਪਰ ਜਦੋਂ ਵੀ ਵੇਖੇ ਮੈਨੂੰ ਉਹਨਾਂ ਅੰਦਰ ਰੰਚਕ ਮਾਤਰ ਵੀ ਅਜਨਬੀਪਨ ਨਜ਼ਰ ਨ ਆਇਆ, ਕਿਉਂਕਿ ਮੁੱਦਤਾਂ ਤੋਂ ਉਹਨਾਂ ਦੇ ਅਣਵੇਖੇ ਰੂਪ ਮੇਰੇ ਨਾਲ ਪਿਆਰੇ ਦੋਸਤਾਂ ਵਾਂਗ ਤੁਰ ਰਹੇ ਸਨ।

ਜੇ ਕਵੀ ਦੇ ਅਨੁਭਵ ਵਿਚ ਅਪਣੱਤ ਦੀ ਗਹਿਰਾਈ ਅਤੇ ਤੀਬਰਤਾ ਹੋਵੇ, ਤਾਂ ਧਰਤੀ-ਅਸਮਾਨ ਦੇ ਹੁਸਨ ਦੀਆਂ ਛੇ ਦੀ ਗਿਣਤੀ ਤੋਂ ਬਿਨਾਂ ਅਨੇਕਾਂ ਹੋਰ ਦਿਸ਼ਾਵਾਂ ਵੀ ਉਸਦੇ ਸਾਹਮਣੇ ਉਜਾਗਰ ਹੋ ਜਾਂਦੀਆਂ ਹਨ—ਉਸ ਦੀ ਚੇਤਨਾ ਇਸ ਦੇ ਹਰ ਜੁਜ਼ ਦੀ ਨੇੜਤਾ ਵਿਚ ਚਲੀ ਜਾਂਦੀ ਹੈ, ਅਤੇ ਉਸਦਾ ਬਲਦਾ ਸ਼ੌਕ ਇਸ ਦੇ ਇਕ ਤੋਂ ਇਕ ਪਰਦੇ ਹੇਠ ਰੋਸ਼ਨੀ ਸੁੱਟ ਕੇ ਇਸ ਦੀ ਸੰਪੂਰਣ ਪਛਾਣ ਤਕ ਪਹੁੰਚਦਾ ਹੈ। ਧਰਤੀ ਦੇ ਹੁਸਨ ਦੀ ਅਪਣੱਤ ਜੇ ਆਪਣੇ ਪਹਿਲੇ ਪੜਾ ਵਿਚ ਕਵੀ-ਅਨੁਭਵ (ਚੇਤਨਾ) ਨੂੰ ਸੂਫ਼ੀ ਵਾਲੇ ਵਜਦ ਵਿਚ ਨਾਂਹ ਵੀ ਪਲਟੇ, ਤਾਂ ਆਖ਼ਰੀ ਪੜਾ ਵਿਚ ਉਚੇਰੇ ਤਰਕ ਦੇ ਜ਼ਬਤ ਵਿਚ ਬੰਨ੍ਹਿਆ ਉੱਦਾਤ-ਨਸ਼ਾ ਸ਼ਬਦ-ਜਗਤ ਵਿਚ ਜ਼ਰੂਰ ਉਤਰਦਾ ਹੈ। ਸੋ, ਕਵੀ ਦੀ ਅਪਣੱਤ-ਚੇਤਨਾ ਵਿਚ ਸਮਾਂ (Time) ਸੂਰਜ ਦੀਆਂ ਕਿਰਨਾਂ ਵਾਂਗ ਫੈਲਦਾ ਹੈ, ਅਤੇ ਧਰਤ-ਅਸਮਾਨ ਦੇ ਹੁਸਨ ਨੂੰ ਉਸ ਵਿਸ਼ਾਲ ਵਰਤਮਾਨ ਵਿਚ ਡੋਬ ਦਿੰਦਾ ਹੈ, ਜਿਹੜਾ ਕਿ ਲੰਘੀਆਂ ਅਤੇ ਆਉਣ ਵਾਲੀਆਂ ਸਦੀਆਂ ਨਾਲ ਅਤਿ ਸਹਿਜ ਵਿਚ ਜੁੜਿਆ ਹੁੰਦਾ ਹੈ। ਅਪਣੱਤ ਖਲੋਤੀ ਹਕੀਕਤ ਨਹੀਂ, ਸਗੋਂ ਇਸ ਦੀ ਹਰਕਤ ਬੇਪਨਾਹ ਹੈ; ਇਹ ਸਮੇਂ ਨੂੰ ਅੱਗੇ ਤੋਂ ਅੱਗੇ ਲਿਜਾਂਦੀ ਹੈ, ਜਿਹੜਾ ਧਰਤੀ-ਅਸਮਾਨ ਦੇ ਸਭ ਕੋਨੇ ਫਰੋਲ ਮਾਰਦਾ ਹੈ। ਇਹ ਕਣ ਕਣ ਵਿਚ ਚਲੰਤ ਅਤੇ ਹਰ ਪਾਸੇ ਉਡਦਾ ਵਰਤਮਾਨ ਹੈ।

ਧਰਤੀ-ਅਸਮਾਨ ਦੀ ਮਨੋਹਰ ਜ਼ਿੰਦਗੀ ਦੇ ਦ੍ਰਿਸ਼ਾਂ ਅਤੇ ਇਹਨਾਂ ਦੀਆਂ ਦਹਿਲੀਜ਼ਾਂ ਨੂੰ ਰੰਗਦਾ ਨਾਰਾਂ ਦਾ ਜੋਬਨ ਇਹਨਾਂ ਨੂੰ ਹੋਰ ਹੋਰ ਵੇਖਣ ਦੀ ਸੁਹਜਮਈ ਬੇਚੈਨੀ ਪੈਦਾ ਕਰਦਾ ਹੈ, ਅਤੇ ਇਹਨਾਂ ਦੀ ਨੇੜਤਾ ਨੂੰ ਖੋਰ ਕੇ ਦੂਰੀਆਂ ਵਿਚ ਬਦਲ ਦਿੰਦਾ ਹੈ। ਸਿੱਟੇ ਦੇ ਤੌਰ ਉੱਤੇ ਉਦਰੇਵੇਂ ਦੀ ਪਰਵਾਜ਼ ਸ਼ੁਰੂ ਹੁੰਦੀ ਹੈ, ਅਤੇ ਜੇ ਉਦਰੇਵਾਂ ਸਥੂਲ-ਖਲੋਤੀ ਉਪਭਾਵਕਤਾ ਤੋਂ ਉੱਪਰ ਉੱਠਿਆ ਹੋਵੇ, ਤਾਂ ਇਹ ਧਰਤੀ-ਅਸਮਾਨ ਦੇ ਅਲੌਕਿਕ ਰੂਪ ਨੂੰ ਬਲਵਾਨ ਸਮੇਂ

WWW.SIKHBOOKCLUB.COM Page 33

ਦੇ ਵੇਸ ਵਿਚ ਮਿਲਦਾ ਹੈ। ਕਵੀ ਦੇ ਅਨੁਭਵ ਵਿਚ ਸਿਹਤਮੰਦ ਉਦਰੇਵਾਂ ਸਮੇਂ ਦੀ ਇਕ ਅਜਿਹੀ ਮਧੁਰ ਬੇਚੈਨ ਹਰਕਤ ਬਣ ਜਾਂਦਾ ਹੈ, ਜਿਹੜੀ ਸਪਰਸ਼ ਵਿਚ ਆਉਣ ਵਾਲੇ ਹਰ ਮੋਏ ਅੰਸ਼ ਵਿਚ ਬਿੱਜਲਈ ਹਰਾਰਤ ਵਾਲੀਆਂ ਤੜਪਾਂ ਜਗਾਉਂਦੀ ਹੈ। ਜ਼ਿੰਦਗੀ ਨੂੰ ਮਿਲਣ ਅਤੇ ਮੁੜ ਮਿਲਣ ਦੀਆਂ ਧੁਨਾਂ ਅਪਣੱਤ ਅਤੇ ਉਦਰੇਵੇਂ ਵਿੱਚੋਂ ਹੀ ਜਨਮ ਲੈਂਦੀਆਂ ਹਨ, ਅਤੇ ਆਪਣੀ ਨਾਸ਼ਮਾਨਤਾ ਨੂੰ ਪਾਰ ਕਰ ਕੇ ਇਸ ਦੇ ਅਮਰ ਅੰਗਾਂ ਨੂੰ ਆਪਣੇ ਅੰਗ ਬਣਾਉਣ ਦੀ ਤਮੰਨਾ ਵੀ ਮਾਨਵ-ਹੋਂਦ ਏਥੋਂ ਹੀ ਪੈਦਾ ਕਰਦੀ ਹੈ। ਸਾਬਤ ਅਪਣੱਤ ਅਤੇ ਸਾਬਤ ਉਦਰੇਵਾਂ ਮੋਹ ਦੀ ਅਜਿਹੀ ਉੱਜਲ ਇੰਤਹਾ ਹੁੰਦੀ ਹੈ, ਜਿਸ ਵਿਚ ਕਵੀ-ਅਨੁਭਵ ਧਰਤੀ-ਅਸਮਾਨ ਦੀ ਨਿੱਕੀ ਤੋਂ ਨਿੱਕੀ ਥਰਥਰਾਹਟ ਨੂੰ ਸੁਣਨ ਦੇ ਸਮਰੱਥ ਹੁੰਦਾ ਹੈ, ਇਹਨਾਂ ਦੇ ਮਹੀਨ ਤੋਂ ਮਹੀਨ ਸੁੰਦਰ ਬੁੱਤਾਂ ਵਿਚ ਗੂੰਜਦਾ ਹੈ, ਅਤੇ ਇਹਨਾਂ ਦੀ ਅਸਲੀਅਤ ਦੇ ਹਰ ਕੇਂਦਰ ਨੂੰ ਪਛਾਣ ਕੇ ਉਸ ਦੇ ਧੁਰ ਅੰਦਰ ਉਤਰਦਾ ਹੈ। ਧਰਤ-ਅਸਮਾਨ ਦੇ ਨਜ਼ਾਰੇ ਸਮੇਂ ਦੇ ਨਿਰੰਕੁਸ਼ ਵਹਿਣਾਂ ਵਿਚ ਤਬਦੀਲ ਹੋਣ ਪਿੱਛੋਂ ਵੀ ਆਪਣੇ ਜ਼ਬਤ ਦੇ ਹੁਸਨ ਨੂੰ ਕਾਇਮ ਰੱਖਦੇ ਹਨ।

ਕੀ ਜੀਵਨ-ਖ਼ੂਬਸੂਰਤੀ ਦੇ ਚੋਜਾਂ ਨੂੰ ਕੇਵਲ ਅਪਣੱਤ ਅਤੇ ਉਦਰੇਵਾਂ ਹੀ ਸਮੇਂ ਦੀ ਪਲ ਪਲ ਸਿਰਜਣਾ-ਉਪਜਾਉਂਦੀ ਹੋਂਦ ਬਖ਼ਸ਼ਦੇ ਹਨ ? ਨਹੀਂ ਜੀ।—ਮਨੁੱਖੀ ਚੇਤਨਾ ਦੀਆਂ ਕੁਝ ਹੋਰ ਉਡਾਣਾਂ ਵੀ ਇਹਨਾਂ ਨਾਲ ਹੁੰਦੀਆਂ ਹਨ, ਮਿਸਾਲ ਲਈ ਇੰਦ੍ਰਿਆਵੀ ਅਨੁਭਵ ਦੇ ਸੁੱਚੀ ਸੁਰਤਿ ਵਿਚ ਪਲਟੇ ਕ੍ਰਿਸ਼ਮੇ। ਇੰਦ੍ਰਿਆਵੀ ਅਨੁਭਵ ਧਰਤ-ਅਸਮਾਨ ਦੇ ਜਲਵਿਆਂ ਅਤੇ ਨਾਰ ਦੇ ਰਸ-ਰੰਗਾਂ ਦੀਆਂ ਸਿਖਰੀ ਛੋਹਾਂ ਨਾਲ ਬੇਦਾਗ਼ ਦੋਸਤੀ ਪਾਲਦਾ ਹੋਇਆ ਸਮੇਂ ਅਤੇ ਸੁੱਚੀ ਸੁਰਤਿ ਦਾ ਹਾਣੀ ਹੋ ਨਿਬੜਦਾ ਹੈ। ਇਹ ਇੰਦ੍ਰਿਆਵੀ ਅਨੁਭਵ ਸ਼ਿਵ ਕੁਮਾਰ ਦੀ ਲੂਣਾ ਵਾਂਗ ਬਾਂਝ ਅਤੇ ਸਤਹੀ ਕੁਰੱਖ਼ਤਤਾ ਵਾਲਾ ਨਹੀਂ ਹੁੰਦਾ। ਇਹ ਦੂਰ-ਦਿਸਹੱਦਿਆਂ ਨਾਲ ਟਕਰਾਉਂਦਾ ਹੋਇਆ ਸਮੇਂ ਦੀ ਅਪਰ-ਅਪਾਰ ਛਲ ਨੂੰ ਆਪਣੇ ਜੋਸ਼ ਦੇ ਨਿਰਮਲ ਕਲਾਵਿਆਂ ਵਿਚ ਘੁੱਟ ਲੈਂਦਾ ਹੈ। ਇੰਦ੍ਰਿਆਵੀ ਅਨੁਭਵ ਮੁਬਾਰਿਕ ਹੈ, ਜੇ ਇਸ ਨੂੰ ਜ਼ਿੰਦਗੀ ਦਾ ਅਨੰਤ ਜਜ਼ਬਾ ਵਰਦਾਨ ਦੇ ਰਿਹਾ ਹੋਵੇ। ਉਦੋਂ ਇਸ ਰਾਹੀਂ ਫ਼ਿਤਰਤ ਦੀ ਅਮੀਰੀ ਨੂੰ ਜਾਣਿਆ ਜਾ ਸਕਦਾ ਹੈ—ਉਸਦੀਆਂ ਸਭ ਤੈਹਾਂ ਦੀ ਅਲੌਕਿਕ ਵਚਿੱਤਰਤਾ ਸੂਰਜ ਦੀ ਰੋਸ਼ਨੀ ਵਿਚ ਆ ਜਾਂਦੀ ਹੈ, ਅਤੇ ਇੰਦ੍ਰਿਆਵੀ ਅਨੁਭਵ ਨੂੰ ਮਿਲੇ ਵਕਤ ਦੇ ਲੰਮੇ ਹੱਥ ਉਸ ਦੀਆਂ ਕੁਲ ਗਹਿਰਾਈਆਂ ਵਿਚ ਲੁਕੇ ਸੁਹੱਪਣ ਨੂੰ ਤਰਾਸ਼ ਕੇ ਅਮਰ ਬੁੱਤ ਸਾਜ ਲੈਂਦੇ ਹਨ। ਇਸ ਤਰ੍ਹਾਂ ਇੰਦ੍ਰਿਆਵੀ ਅਨੁਭਵ ਨਿਰਾ ਫ਼ਿਤਰਤ ਦੇ ਰੰਗੀਨ ਰਾਜ਼ ਹੀ ਫ਼ਾਸ਼ ਨਹੀਂ ਕਰਦਾ, ਅਤੇ ਨਿਰਾ ਉਸ ਦੇ ਗਹਿਰ-ਗੰਭੀਰ ਸੱਚਾਂ ਦੀ ਗਤਿ-ਮਿਤਿ ਲੈ ਕੇ ਉਹਨਾਂ ਦੀ ਤਸਵੀਰ ਹੀ ਨਹੀਂ ਖਿੱਚਦਾ, ਬਲਕਿ ਉਸ ਦੀ ਪੁਨਰ-ਸਿਰਜਣਾ ਵੀ ਕਰਦਾ ਹੈ, ਅਤੇ ਇੰਝ ਉਸ ਨੂੰ ਨਵਾਂ ਚਿਹਰਾ ਬਖ਼ਸ਼ਦਾ ਹੈ। ਕਵੀ ਜੌਹਨ ਕੀਟਸ ਦੀ ਸਮੁੱਚੀ ਰਚਨਾ ਅਤੇ ਟੈਗੋਰ ਦੇ *ਗਾਰਡਨਰ* (*The Gardener*) ਨਾਲੋਂ ਕਾਫ਼ੀ ਘੱਟ, ਪਰ ਫੇਰ ਵੀ ਬਹੁਤ ਤਸੱਲੀ-ਬਖ਼ਸ਼, ਪ੍ਰੋ: ਮੋਹਨ ਸਿੰਘ ਦਾ ਇੰਦ੍ਰਿਆਵੀ ਅਨੁਭਵ ਜੇ ਕਵਿਤਾ ਦੀਆਂ ਕੁਝ ਹੋਰ ਨਿਰਾਕਾਰ ਸ਼ਰਤਾਂ ਪੂਰੀਆਂ ਕਰ ਦਿੰਦਾ, ਤਾਂ ਇਸ ਨੂੰ ਮਹਾਨ ਕਵਿਤਾ ਦੀ ਪਹਿਲੀ ਕਤਾਰ ਵਿਚ ਰਸ਼ਕ-ਯੋਗ ਰੁਤਬਾ ਮਿਲਣਾ ਸੀ।

ਇੰਦ੍ਰਿਆਵੀ ਅਨੁਭਵ ਸਮੇਂ ਨੂੰ ਸਮੁੰਦਰ ਦੀਆਂ ਕੁਤੂਹਲ ਰਚਾਉਂਦੀਆਂ ਲਹਿਰਾਂ ਵਾਂਗ ਉਛਾਲਦਾ ਹੈ। ਫਿਰ ਇਕ ਨਵੀਂ ਸਿਰਜਣਾ-ਲੀਲਾ (ਜ਼ਿੰਦਗੀ ਦੇ ਖੁੱਲ੍ਹੇ ਦੌੜਦੇ ਜਲੂਸ) ਦਾ ਪਹੁ-ਫਟਾਲਾ ਹੁੰਦਾ ਹੈ। ਸਮੇਂ ਦੀ ਛਾਤੀ ਵਿੱਚੋਂ ਧਰਤੀ ਦੀਆਂ ਅਣਗਿਣਤ ਵਾਟਾਂ ਕਿਸੇ ਅਦ੍ਰਿਸ਼ਟ ਆਲਿੰਗਨ ਵੱਲ ਉਮ੍ਹਲ ਉਮ੍ਹਲ ਕੇ ਉਠਦੀਆਂ ਹਨ, ਅਤੇ ਧਰਤ-ਅਸਮਾਨ ਦੇ ਹੁਸਨ ਦੀ ਇਕ ਵਿਰਾਟ ਤਰਜ਼ ਮਾਂ ਦੀਆਂ ਲੋਕ ਬਾਤਾਂ ਵਰਗਾ ਇਕ ਮਧੁਰ ਹੁੰਗਾਰਾ ਭਰਦੀ ਹੈ, ਅਤੇ ਅਖ਼ੀਰ ਸੁਣਦੀ ਸੁਣਦੀ ਸਰਬ-ਵਿਆਪਕ ਨੀਂਦ ਦਾ ਵੇਸ ਧਾਰ ਕੇ ਵਕਤ ਵਿਚ ਮੁੜ ਸਮਾ ਜਾਂਦੀ ਹੈ। ਇਸ ਪੜਾ ਉੱਤੇ ਇੰਦ੍ਰਿਆਵੀ ਅਨੁਭਵ ਰਾਹੀਂ ਮੇਲੇ, ਨਾਚ, ਬਾਰਾਂ ਦੇ ਸੋਹਣੇ

WWW.SIKHBOOKCLUB.COM 

ਨਜ਼ਾਰੇ, ਪੁਰਾਣੇ ਘਰ, ਥਲਾਂ-ਦਰਿਆਵਾਂ ਨੂੰ ਮਿਲਦੇ ਕਾਫ਼ਲੇ, ਭੁੱਲੇ ਵਿਸਰੇ ਬੇਲੀ, ਅਤੇ ਲੋਕ-ਸਾਹਿਤ ਦੇ ਪਰੀ-ਸੁਪਨਿਆਂ ਦੀ ਅਛੋਹ ਮਾਸੂਮੀ ਵਿਚ ਸਦੀਆਂ ਤੋਂ ਸੁੱਤੇ ਕੌਮਾਂ ਦੇ ਮਨ ਦੇ ਡੂੰਘੇ ਸੱਚ ਸ਼ਬਦ-ਜਗਤ ਵਿਚ ਇਸ ਤਰ੍ਹਾਂ ਉਤਰਦੇ ਹਨ, ਕਿ ਇਹਨਾਂ ਸਭਨਾਂ ਦੀ ਹਸਤੀ ਅਨੰਤਤਾ ਦਾ ਵਰਦਾਨ ਹੋ ਨਿਬੜਦੀ ਹੈ, ਮਤਲਬ ਕਿ ਹਰ ਚੀਜ਼ ਦੁਆਲੇ ਅਨੰਤਤਾ ਅਮਰ ਇਕਰਾਰ ਦੀਆਂ ਤਿਲ੍ਹਕਦੀਆਂ ਝਲਕਾਂ ਲੈ ਕੇ ਘੁੰਮਦੀ ਹੈ। ਤੁਛ ਨਿੱਕੀਆਂ ਚੀਜ਼ਾਂ ਵੱਡੇ ਸੁਹਜ ਦੀ ਕਿਸੇ ਅਸੀਸ ਵਰਗੀ ਛਾਂ ਹੇਠ ਖਲੋ ਜਾਂਦੀਆਂ ਹਨ। ਇਸ ਤਰ੍ਹਾਂ ਕਵਿਤਾ ਰਾਹੀਂ ਧਰਤ-ਅਸਮਾਨ ਦੀਆਂ ਮਾਮੂਲੀ ਵਸਤਾਂ ਨੂੰ ਪ੍ਰਥਮ ਵਰਦਾਨ ਪ੍ਰਾਪਤ ਹੁੰਦਾ ਹੈ।

x x x x

ਮੈਂ ਬੜੀ ਵਾਰ ਆਪਣੇ ਕਾਵਿ-ਅਨੁਭਵ ਨੂੰ ਧਰਤ-ਅਸਮਾਨ ਦੇ ਪ੍ਰਚੰਡ ਸੁਹਜ ਵਿਚ ਉਤਰਦਿਆਂ ਵੇਖਿਆ, ਪਰ ਨਿਰਵਾਨ ਵਰਗੇ ਸ਼ਾਂਤ ਦ੍ਰਿਸ਼ਾਂ ਦਰਮਿਆਨ ਖਲੋਤਿਆਂ ਮੈਨੂੰ ਅਚਾਨਕ ਹੌਲ ਵੀ ਪਏ। ਇਸ ਹੌਲ ਦੇ ਗ਼ਜ਼ਬ ਨਾਲ ਮਾਹੀ ਦਾ ਮੁੱਖ ਵੇਖਣ ਵਾਲੀ ਮੇਰੀ ਸਮਾਧੀ ਨਾਲ ਬੈਠੀਆਂ ਅਧਰੈਣੀਆਂ ਦੇ ਤਾਰੇ ਡੋਲ ਗਏ, ਅਤੇ ਸਮਾਂ ਮਨੁੱਖ ਦੇ ਆਦਿ-ਜੁਗਾਦੀ ਸਿਦਕ ਨਾਲ ਕੰਡਿਆਲੀ ਅਤੇ ਵਿਹੁਲੀ ਜ਼ੰਜੀਰ ਵਾਂਗ ਲਿਪਟ ਕੇ ਉਸ ਨੂੰ ਅੰਤਮ ਤੌਰ ਉੱਤੇ ਖ਼ਤਮ ਕਰਨ ਲੱਗਾ, ਅਤੇ ਏਥੋਂ ਤਕ ਨਿਰਹੋਂਦ ਕੀਤਾ ਕਿ ਉਸ ਨੂੰ ਮੌਤ ਦੇ ਦੋਜ਼ਖ਼ੀ ਸਰਾਪ ਵਿੱਚੋਂ ਵੀ ਕੱਢ ਦਿੱਤਾ। ਮਨੁੱਖੀ ਨਜ਼ਰਾਂ ਉੱਤੇ ਮਾਹੀ ਦੇ ਦੀਦਾਰ ਦੀਆਂ ਅੰਮ੍ਰਿਤੀ ਸ਼ਬਨਮਾਂ ਵਾਰਨ ਵਾਲੀਆਂ ਫ਼ਜਰਾਂ ਨੂੰ ਇਸ ਹੌਲ ਨੇ ਝਰੀਟ ਦਿੱਤਾ। ਮੈਨੂੰ ਯਾਦ ਹੈ, ਸੁੱਚੀ ਸੁਰਤਿ ਅਤੇ ਇੰਦ੍ਰਿਆਵੀ ਅਨੁਭਵ ਦੀ ਇੰਤਹਾ ਵਿੱਚੋਂ ਫੁੱਟੀਆਂ ਧਰਤ-ਅਸਮਾਨ ਤਕ ਸਰਸਬਜ਼ ਵਣਾਂ ਦੀਆਂ ਸੰਘਣੀਆਂ ਅਤੇ ਸਰਸਬਜ਼ ਡਾਰਾਂ ਨੂੰ ਹੌਲ ਦੀਆਂ ਅਮੋੜ ਅੱਗਾਂ ਨੇ ਬੜੀ ਵਾਰ ਹਸ਼ਰ ਦਿਹਾੜੇ ਦੇ ਆਖ਼ਰੀ ਪਲ ਤਕ ਆਪਣੀ ਲਪੇਟ ਵਿਚ ਲਿਆ ਸੀ। ਸ਼ਾਇਦ ਮਾਹੀ ਦਾ ਹੋਰ ਦੀਦਾਰ ਕਰਨ ਵਾਲੀ ਸ਼ਿੱਦਤ ਕਾਰਨ ਧਰਤ-ਅਸਮਾਨ ਦੇ ਸੁਹਜ- ਸਾਂਚਿਆਂ ਨੂੰ ਚਕਨਾਚੂਰ ਕਰਨ ਵਾਲਾ ਇਹ ਹੌਲ ਪਿਆ ਹੋਵੇ। ਹੋ ਸਕਦਾ ਹੈ, ਵਿਅਕਤੀਗਤ ਅਤੇ ਸਾਮੂਹਿਕ ਗੁਨਾਹਾਂ ਦੇ ਤਿੱਖੇ ਅਹਿਸਾਸ ਦੇ ਨਤੀਜੇ ਵੱਜੋਂ ਕੋਹ ਸੁੱਟਣ ਵਾਲੇ ਇਸ ਭੈਅ ਨੇ ਮੇਰੀ ਗ਼ਰੀਬ ਹਸਤੀ ਵੱਲ ਆਪਣੀਆਂ ਕਹਿਰਵਾਨ ਮੁਹਾਰਾਂ ਮੋੜੀਆਂ ਹੋਣ।

ਪਹਿਲੇ ਦੌਰ ਵਿਚ ਆਖ਼ਰੀ ਹੁਸਨ ਵੇਖਣ ਦੀ ਸ਼ਿੱਦਤ ਜਦੋਂ ਮਾਨਵ-ਹਸਤੀ ਨੂੰ ਤ੍ਰੈ-ਕਾਲਾਂ ਅਤੇ ਬ੍ਰਹਿਮੰਡਾਂ ਦੀ ਅਨੰਤਤਾ ਦੇ ਸਾਹਮਣੇ ਖੜਾ ਕਰਦੀ ਹੈ, ਤਾਂ ਉਸ ਨੂੰ ਆਪਣੇ ਸਥਾਨ ਦੀ ਤੁੱਛਤਾ ਨਜ਼ਰ ਆਉਂਦੀ ਹੈ। ਮਾਹੀ ਦੇ ਸਿਦਕ ਦੀ ਅਣਹੋਂਦ ਕੂਕਦੀ ਹੈ, ਅਤੇ ਇਸ ਦੇ ਅਹਿਸਾਸ ਗੁਨਾਹ ਬਣ ਕੇ ਬੇਬਸੀ ਵਿਚ ਰੋਂਦੇ ਹਨ। ਸਫ਼ਰ ਡੋਲਣ ਲੱਗਦਾ ਹੈ। ਤੱਖਈਅਲ ਨੇ ਜਿਹੜੇ ਹੁਸਨ ਨੂੰ ਲੰਮੀ ਸਾਧਨਾ ਨਾਲ ਕਮਾਇਆ ਸੀ, ਉਸ ਦਾ ਹਰ ਪਹਿਲੂ ਬੇਰਸ ਅਤੇ ਬੇਮਤਲਬ ਹੋ ਜਾਂਦਾ ਹੈ। ਅੰਤਰ-ਦ੍ਰਿਸ਼ਟੀ ਨੇ ਜਿੰਨਾ ਜ਼ਿਆਦਾ ਪੱਲੂ ਫੈਲਾਇਆ ਸੀ, ਓਨੇ ਹੀ ਲੰਮੇ ਪੈਂਡੇ ਵਿਚ ਮੌਤ ਦਾ ਆਦ੍ਰਿਸ਼ਟ ਭੈਅ ਫੈਲਦਾ ਗਿਆ। ਸਕੂਨ ਦੇ ਰੰਗ ਬਿਖਰ ਜਾਂਦੇ ਹਨ, ਅਤੇ ਬੇਚੈਨੀਆਂ ਦੀ ਅਰਾਜਕਤਾ ਬੇਵਫ਼ਾ ਨਾਰ ਵਾਂਗ ਤੁਰਸ਼ ਹਾਸੇ ਹਸਦੀ ਹੈ। ਇੰਞ ਧਰਤੀ-ਅਸਮਾਨ ਨਾਲ ਸਾਂਝ ਦੇ ਪ੍ਰਥਮ ਵਰਦਾਨ ਦੀ ਉਮਰ ਬੀਤਦੀ ਜਾਪਦੀ ਹੈ।

ਕਵੀ ਦਾ ਅਨੁਭਵ ਹਰ ਹਾਲਤ ਵਿਚ ਆਪਣੀ ਜ਼ਾਤ ਅਤੇ ਸਮੁੱਚੀ ਮਾਨਵਤਾ ਦੀ ਹੋਂਦ ਦੇ ਸੱਚ ਨੂੰ ਸਾਬਤ ਕਰਨਾ ਚਾਹੁੰਦਾ ਹੈ। ਇਹ ਗੱਲ ਫੇਰ ਹੀ ਸਿਰੇ ਚੜ੍ਹ ਸਕਦੀ ਹੈ, ਜੇ ਆਦਮੀ ਬ੍ਰਹਿਮੰਡ ਦੀ ਅਨੰਤਤਾ, ਸਮੇਂ ਦੇ ਅਸੀਮ ਨਜ਼ਾਰੇ ਅਤੇ ਮੌਤ-ਖਲਾ ਦੇ ਸਾਹਮਣੇ ਆਪਣੀ ਯਾਦ ਸਥਾਪਤ ਕਰ ਕੇ ਵਿਖਾ ਦੇਵੇ, ਇਹਨਾਂ ਦੇ ਸੀਨੇ ਉੱਤੇ ਆਪਣਾ ਕੋਈ ਪੱਕਾ ਨਿਸ਼ਾਨ ਲਗਾਵੇ, ਮਾਹੀ ਦੀ ਨਜ਼ਰ ਨੂੰ ਕਿਸੇ ਅਟੱਲ ਟਿਕਾਣੇ ਉੱਤੇ ਸਦੀਵੀ ਤੌਰ ਉੱਤੇ ਮਿਹਰ ਵੰਡਦੀ ਵੇਖੇ, ਅਤੇ ਨਾਸ਼ਮਾਨਤਾ ਦੇ ਪਤਾਲਾਂ ਤਕ ਆਪਣਾ ਹੱਥ ਛੁਹਾਉਣ ਦੀ ਜੁਰਅਤ ਕਰੇ। ਪਰ ਕਵੀ ਪਹਿਲੇ ਦੌਰ ਵਿਚ ਇਸ ਸੰਕਟ ਨੂੰ ਸਰ ਨਹੀਂ ਕਰ ਸਕਦਾ। ਸਿਦਕ ਤੋਂ ਬਿਨਾਂ

WWW.SIKHBOOKCLUB.COM 

ਸਾਰਾ ਆਲਮ ਇਕ ਫਿੱਕੇ ਤੱਥ ਵਿਚ ਵਟ ਜਾਂਦਾ ਹੈ, ਅਤੇ ਇਕ ਭਿਅੰਕਰ ਮੰਤਵਹੀਣਤਾ ਸਮੇਂ ਵਿਚ ਸਾਂਭੇ ਹਰ ਬੀਜ ਨੂੰ ਬਾਂਝ ਕਰ ਦਿੰਦੀ ਹੈ। ਵਿਅਕਤੀਗਤ ਅਤੇ ਸਾਮੂਹਿਕ (ਜ਼ਾਤੀ ਅਤੇ ਕੌਮੀ) ਬੇ-ਪੱਤੀਆਂ ਦੀ ਚੀਖ਼ ਸਾਹੋ-ਸਾਹ ਹੋ ਕੇ ਸਭ ਅਸਮਾਨਾਂ ਨੂੰ ਚੀਰਦੀ ਹੈ, ਅਤੇ ਮਾਸੂਮਾਂ ਦੀ ਕੁਰਲਾਟ ਨਾਲ ਧਰਤੀ ਦਾ ਜ਼ੱਰਾ ਜ਼ੱਰਾ ਵਲੂੰਧਰਿਆ ਜਾਂਦਾ ਹੈ, ਅਤੇ ਮਨੁੱਖੀ ਚੇਤਨਾ ਦਾ ਕੋਈ ਵੀ ਘਰ ਬੇਕਿਰਕ ਦਹਿਸ਼ਤ ਦੇ ਵਾਰ ਤੋਂ ਖ਼ਾਲੀ ਨਹੀਂ ਰਹਿੰਦਾ। ਨਾ-ਉਮੀਦੀ ਇਸ ਹੱਦ ਤਕ ਕਿ ਸਮੇਂ ਦੇ ਕਿਸੇ ਮੰਡਲ ਵਿਚ ਕਬਰ ਦਾ ਖ਼ਾਲੀਪਨ ਵੀ ਨਸੀਬ ਨਹੀਂ ਹੁੰਦਾ !!

ਜਦੋਂ ਪੱਤ ਲੁੱਟਣ ਦੇ ਕਿੱਸੇ ਚੇਤਨਾ ਦੇ ਸਾਰੇ ਨਿਜ਼ਾਮ ਨੂੰ ਭੈਅ-ਭੀਤ ਕਰ ਦਿੰਦੇ ਹਨ, ਗੁੰਮਨਾਮੀ ਆਪਣੀਆਂ ਕਰੂਰ ਗੁਫ਼ਾਵਾਂ ਵਿਚ ਪੈਗ਼ੰਬਰਾਂ ਤਕ ਨੂੰ ਭਸਮ ਕਰ ਲੈਂਦੀ ਹੈ, ਤਦੋਂ ਕਵਿਤਾ ਦੇ ਅਪਹੁੰਚ ਵਿਸ਼ਵ ਵਿੱਚੋਂ ਮੌਤ ਦੇ ਪਾਰਲੇ ਕੰਢੇ ਤਕ ਨਿਭਣ ਵਾਲਾ ਧੁੰਧਲਾ ਜੇਹਾ ਸਿਦਕ ਅਪਮਾਨ, ਨਿਰਾਸ਼ਾ ਅਤੇ ਕੰਗਾਲੀ ਦੀ ਇੰਤਹਾ ਦੇ ਹੁੰਦਿਆਂ ਵੀ ਮੌਤ ਦੀ ਬੇਰਾਹ ਦੋਜ਼ਖ਼ੀ ਚੁੱਪ ਨਾਲ ਜਾ ਟਕਰਾਉਂਦਾ ਹੈ। ਆਦਮੀ ਕੁਫ਼ਰ, ਬੇਅਦਬੀ, ਤ੍ਰਿਸਕਾਰ ਅਤੇ ਬੇਪੱਤੀ ਦੀ ਸਥਿਤੀ ਨੂੰ ਨਿਸ਼ੰਗ ਕੂਕ ਰਾਹੀਂ ਦਸਦਾ ਹੈ, ਅਤੇ ਆਪਣੀ ਨਾ-ਉਮੀਦੀ ਅਤੇ ਗੁੰਮਨਾਮ ਅਵਸਥਾ ਦੀਆਂ ਦਾਸਤਾਨਾਂ ਨੂੰ ਦੱਸਣ ਵਿਚ ਕੋਈ ਗੁੱਝਾ ਸੁਆਦ ਲੈਂਦਾ ਹੈ। ਉਹ ਆਪਣੇ ਵਿਸ਼ਾਦ ਦੀ ਸੁਰ ਨੂੰ ਉੱਚੀ ਕਰ ਕੇ ਇਸ ਤੋਂ ਗ਼ਜ਼ਬ ਢਾਹੁਣ ਦਾ ਕੰਮ ਲੈਂਦਾ ਹੈ, ਅਤੇ ਆਪਣੀ ਕੁਰਲਾਟ ਨੂੰ ਦਹਿਸ਼ਤ ਦਾ ਵੇਸ ਬਖ਼ਸ਼ਦਾ ਹੈ। ਤਦੋਂ ਢੀਠ ਕਾਇਰਤਾ ਮਾਣਯੋਗ ਜਿੱਤ ਵਿਚ ਬਦਲਦੀ ਜਾਪਦੀ ਹੈ। ਕਵੀ ਇਸ ਸਿਦਕ ਤੱਕ ਐਵੇਂ ਨਹੀਂ ਪਹੁੰਚਦਾ। ਦੈਵੀ ਸਾਦਿਕ, ਗੁਰੂ, ਵਲੀ ਜਾਂ ਮਾਹੀ ਦੇ ਧਰਵਾਸ ਦੇ ਨੇੜੇ ਹੋਣ ਦੀ ਕੋਈ ਧੀਮੀ ਝਲਕ ਉਸ ਵਿਚ ਅਜਿਹਾ ਵਿਸ਼ਵਾਸ ਲਿਆਉਂਦੀ ਹੈ; ਕੋਈ ਅੱਥਰੂ-ਰੰਗਿਆ ਸ਼ਿਕਵਾ ਧੁੰਧ ਉਹਲੇ ਤੁਰਿਆ ਹੋਇਆ ਜੀਵਨ-ਅਪਣੱਤ ਦੀਆਂ ਡੂੰਘਾਣਾਂ ਦਾ ਵੀ ਸੰਕੇਤ ਦਿੰਦਾ ਹੈ; ਪਰ ਮਾਹੀ ਦੇ ਪੱਕੇ ਟਿਕਾਣੇ ਦੀ ਪ੍ਰਤੀਤੀ ਨਾਂਹ ਹੋਣ ਕਾਰਨ ਇਸ ਵਿਸ਼ਵਾਸ ਨੂੰ ਖ਼ੂਨੀ ਹਨੇਰੇ ਦੇ ਝਟਕੇ ਲਗਦੇ ਰਹਿੰਦੇ ਹਨ। ਇਸ ਰੰਗ ਵਿਚ ਮੋਮਨ ਅਤੇ ਕਾਫ਼ਰ ਨਾਲੋ ਨਾਲ ਤੁਰਦੇ ਹਨ :

*ਵੇਦ ਕੁਰਾਨ ਗ੍ਰੰਥ ਤੇ*
*ਦਰਵੇਸ਼ ਨੂੰ ਸ਼ਿਕਵਾ,*
*ਦੀਵਾ ਬੁਝਦਾ ਜਦੋਂ ਵੀ*
*ਮੈਂ ਰੋਂਵਦੀ ਰਹੀਆਂ।* *(ਆਖ਼ਰੀ ਸ਼ਾਮ ਵਿੱਚੋਂ)*

ਜਦੋਂ ਗਿਰੇਬਾਨ ਪਾਟ ਪਾਟ ਕੇ ਉੱਡਦਾ ਹੈ, ਉਦੋਂ ਆਪਣੀ ਤਬਾਹੀ ਦਾ ਨਿਰਾਲਾ ਸ੍ਵੈਮਾਣ ਕਾਵਿ ਅਨੁਭਵ ਵਿਚ ਲਿਸ਼ਕਦਾ ਹੈ, ਕਿਉਂਕਿ ਚੇਤਨਾ ਦੀ ਕਿਸੇ ਤਹਿ ਵਿੱਚੋਂ ਦੀਦਾਰ ਦੀ ਉਮੀਦ ਦਾ ਚੋਰ ਆਪਣੀ ਮਸੀਂ ਸੁਣੀ ਜਾ ਸਕਣ ਵਾਲੀ ਦਸਤਕ ਦਿੰਦਾ ਹੈ। ਨਤੀਜੇ ਵਜੋਂ ਧਰਤ-ਅਸਮਾਨ ਦੇ ਮੋਹ ਨਾਲ ਤਿਰਕਾਲਾਂ, ਸਵੇਰਾਂ ਅਤੇ ਦੁਪਹਿਰਾਂ ਦੇ ਗ਼ਮ ਨਾਲੋ ਨਾਲ ਚੱਲਦੇ ਹਨ—ਪੀਂਘ ਦੇ ਹੁਲਾਰੇ ਨਾਲ ਉਦਰੇਵੇਂ-ਉਦਾਸੀਆਂ ਹੌਲ ਹੌਲ ਕੇ ਉੱਡਦੇ ਹਨ। ਉਂਝ ਅਜਿਹੀ ਅਵਸਥਾ ਵੀ ਸਿਦਕ ਦਾ ਪੱਕਾ ਟਿੱਲਾ ਨਹੀਂ ਬਣਦੀ।

ਜਦੋਂ ਉਮੀਦ ਦੈਵੀ ਦੀਦਾਰ ਦਾ ਚਿਹਰਾ ਕੁਝ ਹੋਰ ਨਿਖਾਰਦੀ ਹੈ, ਤਾਂ ਧਰਵਾਸ ਦੇਣ ਵਾਲੇ ਦੇ ਮੁੜ ਆਉਣ ਦਾ ਸਿਦਕ ਕੁਝ ਹੋਰ ਪੱਕਾ ਹੋ ਜਾਂਦਾ ਹੈ। ਜਿਉਂ ਜਿਉਂ ਉਮੀਦ ਦੀ ਸ਼ਿੱਦਤ ਵਧਦੀ ਹੈ, ਤਿਉਂ ਤਿਉਂ ਵਕਤ ਦੀ ਪਰਵਾਜ਼ ਮਹੀਨ ਤੋਂ ਮਹੀਨ ਹੁੰਦੀ ਜਾਂਦੀ ਹੈ। ਇਸਦੇ ਕਾਫ਼ਲੇ ਵਿਚ ਇਨਸਾਨ ਦੇ ਆਦਰਸ਼ਕ ਸੁਪਨੇ ਤੇ ਸ਼ੁਭ ਅਮਲ, ਰਾਜਨੀਤਕ ਅਤੇ ਸਮਾਜਿਕ ਅਦਾਰਿਆਂ ਦੇ ਕ੍ਰਾਂਤੀਕਾਰੀ ਦਾਈਏ, ਮਨ ਦੀ ਦੁਨੀਆ ਦੀਆਂ ਯੁਗ-ਪ੍ਰਭਾਤਾਂ, ਲਟਕੰਦੜੀਆਂ ਤੋਰਾਂ ਅਤੇ ਕੁਦਰਤ ਦੇ ਖਰੂਦੀ ਅਤੇ ਚੰਨ-ਚਾਨਣੀ ਵਰਗੇ ਸ਼ਾਂਤ ਨਸ਼ੇ ਸਾਬਤ ਜ਼ਿੰਦਗੀ ਬਣ ਕੇ ਸ਼ਾਮਿਲ ਹੁੰਦੇ ਹਨ। ਵਕਤ ਬਲਵਾਨ ਹੜ੍ਹ ਵਾਂਗ ਵਹਿੰਦਾ ਹੈ, ਪਰ ਰੂਹ-ਚੇਤਨਾ-ਸਿਦਕ ਨੂੰ ਲਗਾਤਾਰ ਘਾਇਲ ਕਰਨ ਵਾਲੇ ਸ਼ੰਕੇ ਵੀ ਨਾਲ ਰਹਿੰਦੇ ਹਨ।

ਮੁੱਦਤ ਹੋ ਗਈ ਏ, **ਮਹਿੰਦਰਾ ਕਾਲਜ** ਪਟਿਆਲਾ ਵਿੱਚ ਪੜ੍ਹਦਿਆਂ ਕਾਵਿ ਦੇ ਅੰਦਰਲੇ ਦ੍ਰਿਸ਼ ਵਿਚ ਮੈਂ ਵੀ ਬਹੁਤ ਵਾਰ ਮੌਤ ਦੇ ਕਦੇ ਨ ਮੁੱਕਣ ਵਾਲੇ ਕੋਹਾਂ ਵਿਚ ਆਪਣੀ ਮਾਮੂਲੀ ਹਸਤੀ ਦੇ ਗੁੰਮ ਜਾਣ ਦੇ ਭੈਅ ਨੇ ਵਲੂੰਧਰਿਆ ਅਤੇ ਮੂਰਛਿਤ ਕੀਤਾ ਸਾਂ। ਦੈਵੀ ਦੀਦਾਰ ਦੀ ਤਲਬ ਸ਼ੰਕਿਆਂ ਵਿਚ ਰੋਲ ਕੇ ਮੈਨੂੰ ਉਮੀਦ ਦੇ ਕਈ ਪੜਾਵਾਂ ਤਕ ਲੈ ਕੇ ਗਈ। ਉਹਨਾਂ ਦਿਨਾਂ ਵਿਚ ਕੁਲਵੰਤ ਸਿੰਘ ਗਰੇਵਾਲ ਨੂੰ ਕਲਗ਼ੀਧਰ ਨਾਲ ਐਨੀ ਮੁਹੱਬਤ ਸੀ, ਪਈ ਉਹਨਾਂ ਦਾ ਨਾਂ ਲੈਂਦਿਆਂ ਹੀ ਉਸ ਦੀਆਂ ਅੱਖਾਂ ਗਿੱਲੀਆਂ ਹੋ ਜਾਇਆ ਕਰਦੀਆਂ ਸਨ। ਭਾਵੇਂ ਹਸਤੀ ਦੀ ਮੰਤਵਹੀਣਤਾ ਨੂੰ ਤੱਕ ਤੱਕ ਮੈਂ ਤ੍ਰਭਿਆ ਹੋਇਆ ਸਾਂ, ਪਰ ਮੇਰੇ ਅੰਦਰ ਲੁਕੀ ਅਬੁੱਝ ਤੜਪ ਦੀ ਬਾਹਰਲੀ ਗਵਾਹੀ ਦਿੰਦੀਆਂ ਇਸ ਕਿਸਮ ਦੀਆਂ ਮਿਸਾਲਾਂ ਮੇਰੇ ਲਈ ਵੱਡਾ ਧਰਵਾਸ ਸਿੱਧ ਹੋਈਆਂ। ਕਾਵਿ-ਸਾਧਨਾ ਦੇ ਸੁਤੰਤਰ ਅਧਿਆਤਮਕ ਰਾਹਾਂ ਉੱਤੇ ਅਰਥਹੀਣ ਹਸਤੀ ਦੀਆਂ ਮੌਤ ਅੰਦਰ ਗ਼ਰਕੀਆਂ ਗੁੰਮਨਾਮੀਆਂ ਨਾਲ ਭਿੜਦਿਆਂ ਕਲਗ਼ੀਧਰ ਦਾ ਪਾਕ ਚਿਹਰਾ ਮੇਰੇ ਲਈ ਸਰਬੋਤਮ ਸਹਾਰਾ ਹੋ ਨਿਬੜਿਆ।

ਜ਼ਿੰਦਗੀ ਦੀ ਅਸੀਮ ਨਿਰਾਰਥਕਤਾ ਦੇ ਕਠੋਰ ਜਕੜ ਨੂੰ ਤੋੜਨ ਲਈ ਗੁਰੂ-ਪੈਗ਼ੰਬਰ ਦੇ ਸਿਦਕ-ਜਗਾਉਂਦੇ ਬੋਲ ਕਵੀਆਂ ਦੀ ਮਦਦ ਲਈ ਬਹੁੜਦੇ ਹਨ। ਇਹ ਧਰਮ-ਸੰਕਲਪਾਂ ਦਾ ਸੁਹਜ ਹੀ ਹੈ, ਜਿਹੜਾ ਕਵੀ-ਮਨ ਨੂੰ ਡੂੰਘੇ ਤੋਂ ਡੂੰਘੇ ਨਿਰਾਕਾਰ ਸੱਚਾਂ ਵਿਚ ਉਤਾਰਦਾ ਹੈ। ਪੈਗ਼ੰਬਰ ਤੋਂ ਬਿਨਾਂ ਨਾਰੀ-ਹੁਸਨ ਦੀ ਧਰਮ-ਰੁਤਬੇ ਤਕ ਪਹੁੰਚੀ ਪਰ ਧਰਤੀ ਨਾਲ ਜੁੜੀ ਸਰੋਦੀ ਤਰਲਤਾ ਜੀਵਨ-ਨਿਰਾਰਥਕਤਾ ਦੀਆਂ ਮਾਯੂਸੀਆਂ ਵਿਚ ਕਵੀ ਲਈ ਕੋਮਲ ਧਰਵਾਸ ਬਣਦੀ ਹੈ। ਇਸ ਵੇਲੇ ਤਸੱਵੁਫ ਦੀ ਪ੍ਰਤੀਤੀ ਅਤੇ ਗਿਆਨ ਨਾਰੀ-ਹੁਸਨ ਨੂੰ ਬਿਲਕੁਲ ਸਹੀ ਦਿਸ਼ਾ ਵਲ ਤੋਰਦੇ ਹਨ। ਤਸੱਵੁਫ ਨਾਰੀ-ਹੁਸਨ ਦੇ ਵਲਵਲੇ ਨੂੰ ਤਰਕਸ਼ੀਲ ਅਤੇ ਸੁੱਚੇ ਅਨੁਪਾਤ ਵਾਲੇ ਸਡੌਲ ਨਿਜ਼ਾਮ ਵਿਚ ਢਾਲਦਾ ਹੈ। ਤਸੱਵੁਫ ਅਨੰਤਤਾ ਵਿਚ ਅਜ਼ੀਮ ਹੁਸਨ ਵਾਲੇ ਨੁਕਤੇ ਦੀ ਅਹਿਮੀਅਤ ਬਿਆਨ ਕਰਦਾ ਹੈ, ਅਤੇ ਉਸ ਦੇ ਟਿਕਾਣੇ ਨੂੰ ਆਖ਼ਰੀ ਸੱਚ ਸਾਹਮਣੇ ਸਥਾਪਤ ਕਰਦਾ ਹੈ। ਮੇਰੇ ਪਰਮ ਮਿੱਤ੍ਰ ਸ: ਹਰਦਿਲਜੀਤ ਸਿੰਘ ਲਾਲੀ ਨੇ ਮੇਰੇ ਵੱਲ ਮੁਸਕਰਾ ਕੇ ਵੇਖਦਿਆਂ ਭਾਈ ਵੀਰ ਸਿੰਘ ਦੀ ਕਵਿਤਾ ਦੀ ਇਕ ਕਮਜ਼ੋਰੀ ਵੱਲ ਕਦੇ ਇਸ਼ਾਰਾ ਕੀਤਾ ਸੀ ਕਿ ਭਾਵੇਂ ਭਾਈ ਸਾਹਿਬ ਵਿਚ ਸੂਫ਼ੀ ਖ਼ਿਆਲਾਂ ਦੇ ਲਤੀਫ਼ ਝਲਕਾਰੇ ਹਨ ਪਰ ਉਹ ਆਪਣੀ ਕਵਿਤਾ ਵਿਚ ਇਹਨਾਂ ਦਾ ਖੁੱਲ੍ਹ ਕੇ ਨਿਸੰਗ ਇਜ਼ਹਾਰ ਕਰਨ ਤੋਂ ਝਿਜਕਦੇ ਹਨ, ਅਤੇ ਉਹਨਾਂ ਨੂੰ ਸੀਨੇ ਵਿਚ ਹੀ ਦਬਾਈ ਰੱਖਦੇ ਹਨ। ਲਾਲੀ ਸਾਹਿਬ ਦਾ ਇਹ ਕਹਿਣ ਤੋਂ ਭਾਵ ਸੀ ਪਈ ਤਸੱਵੁਫ ਵਿਚ ਇਸ਼ਕ ਦੀ ਰਮਜ਼ ਸਭਨਾਂ ਧਰਮਾਂ ਦੇ ਕਿਸੇ ਵੀ ਗੰਭੀਰ ਦੈਵੀ ਸੱਚ ਤੋਂ ਦੂਰ ਨਹੀਂ, ਸਮਾਜ ਅਤੇ ਸਿਆਸਤ ਦੇ ਆਦਰਸ਼ਕ ਅਰਥਾਂ ਦੀ ਧਾਰਨੀ ਹੈ, ਅਤੇ ਫ਼ਲਸਫ਼ੇ ਦੀ ਸੰਜੀਦਗੀ ਤੋਂ ਵੀ ਬਾਹਰ ਨਹੀਂ। ਸੋ, ਜੇ ਕੋਈ ਕਵੀ ਇਸ ਦੇ ਅੰਸ਼ ਆਪਣੇ ਅੰਦਰ ਰੱਖਦਿਆਂ ਹੋਇਆਂ ਉਹਨਾਂ ਨੂੰ ਪ੍ਰਗਟਾਉਣ ਤੋਂ ਝਿਜਕਦਾ ਹੈ, ਤਾਂ ਇਹ ਉਸਦੀ ਕਾਵਿ-ਕਲਾ ਲਈ ਇਕ ਮਹਿੰਗਾ ਸੌਦਾ ਹੈ।

ਇਸਤ੍ਰੀ ਦੇ ਰੂਹਾਨੀ ਜਿਸਮ ਦਾ ਧਿਆਨ ਮਨੁੱਖੀ ਚੇਤਨਾ ਵਿਚ ਵਜਦ ਨੂੰ ਤਰੰਗਤ ਕਰਦਾ ਹੈ। ਵਜਦ ਫ਼ਿਤਰਤ ਦੇ ਸੰਗੀਤ ਦਾ ਹੜ੍ਹ ਹੈ, ਪਰ ਜ਼ਬਤ ਤੋਂ ਰਹਿਤ ਨਹੀਂ। ਇਹ ਹਕੀਕਤ ਦਾ ਜਲਵਾ ਹੈ, ਅਤੇ ਇਸ ਦੀ ਰਗ ਰਗ ਵਿਚ ਸੂਖਮ ਤਰਕ ਲਹੂ ਵਾਂਗ ਚੱਕਰ ਲਗਾਉਂਦਾ ਹੈ। ਇਹ ਮਿਲਣ ਦੇ ਬੇਪਨਾਹ ਚਾਅ ਨਾਲ ਭਰਿਆ ਹੈ, ਅਤੇ ਆਦਿ-ਜੁਗਾਦੀ ਸੋਜ਼ ਨਾਲ ਹੁਸਨ ਦੇ ਅਰਥਾਂ ਨੂੰ ਨਵੀਂ ਤੋਂ ਨਵੀਂ ਤਹਿ ਤਕ ਲਿਆਉਂਦਾ ਹੈ। ਇਹ ਅਖੰਡ ਜਜ਼ਬੇ ਵਿਚ ਬੰਨ੍ਹੀ ਗੰਭੀਰ ਅਕੀਦਤ ਹੈ, ਪਰ ਇਸ ਦੀਆਂ ਸਭ ਸ਼ਾਖਾਂ ਕਲਿਆਨਕਾਰੀ ਫ਼ਲਸਫ਼ਿਆਂ ਉੱਤੇ ਝੁਕੀਆਂ ਹੋਈਆਂ ਹਨ। ਜੇ ਜ਼ਿੰਦਗੀ ਇਸ ਦੇ ਸਹੀ ਜ਼ਾਵੀਏ ਵਿਚ ਆ ਜਾਵੇ, ਤਾਂ ਇਸ ਦੇ ਨੂਰੀ ਨਿਯਮਾਂ ਵਿੱਚੋਂ ਵੀ ਪੈਗ਼ੰਬਰ ਵਾਲਾ ਸਿਦਕ ਅਨੁਭਵ ਕੀਤਾ ਜਾ ਸਕਦਾ ਹੈ। ਸੱਠਵਿਆਂ ਵਿਚ 'ਗੁਰਤਰਨ' ਆਪਣੀ ਜਨੂੰਨੀ ਅਕੀਦਤ ਦੇ ਰੰਗ ਵਿਚ ਠੀਕ ਹੀ ਕੋਈ ਇਸ ਭਾਵ ਵਾਲਾ ਬੋਲ ਬੋਲਿਆ ਕਰਦਾ ਸੀ : ਪਈ ਮਨੁੱਖ ਦੀ ਕੀਟ-ਹਸਤੀ ਨੂੰ

ਗੁੰਮਨਾਮੀ ਤੋਂ ਬਚਾਉਣ ਵਾਲੀ ਗੁਰੂ-ਪੀਰ ਦੇ ਆਖ਼ਰੀ ਵਾਅਦੇ ਦੀ ਪਵਿੱਤਰਤਾ ਕਦੇ ਕਦੇ ਕਿਸੇ ਨਾਰ ਦੇ ਚਿਹਰੇ 'ਤੇ ਵੀ ਝਲਕਦੀ ਹੈ।

ਜਦੋਂ ਆਖ਼ਰੀ ਟਿਕਾਣਾ ਦੱਸਦਾ ਗੁਰੂ-ਪੈਗ਼ੰਬਰ, ਰੂਹਾਨੀਅਤ ਵਿਚ ਰੰਗਿਆ ਨਾਰੀ-ਹੁਸਨ ਅਤੇ ਚਿੰਤਨ ਦੀਆਂ ਹੱਦਾਂ ਵਿਚ ਖੜਾ ਇਸ਼ਕ-ਵਲਵਲਾ ਮਨੁੱਖੀ ਹੋਂਦ ਦੀ ਸਦੀਵੀ ਗੁੰਮਨਾਮੀ ਵਿਰੁੱਧ ਸਿਦਕ ਅਤੇ ਧਰਵਾਸ ਦੇ ਅਮਰ ਦਰਾਂ ਨੂੰ ਖੋਲ੍ਹਦੇ ਹਨ, ਤਾਂ ਉਹਨਾਂ ਦਾ ਅਮਨ ਐਨਾ ਵਿਵਿਧ-ਅਯਾਮੀ ਹੁੰਦਾ ਹੈ, ਅਤੇ ਜ਼ਿੰਦਗੀ ਦੇ ਐਨੇ ਸ਼ੁਅਬਿਆਂ ਨੂੰ ਆਪਣੇ ਮਿੱਠ ਕਲਾਵੇ ਵਿਚ ਲੈਂਦਾ ਹੈ ਪਈ ਸਮੇਂ ਦੇ ਵਿਸ਼ਾਲ ਪਰਦੇ ਉੱਤੇ ਹਕੀਕਤ ਦਾ ਇਕ ਅਭੁੱਲ ਜਲਵਾ ਝਿਲਮਿਲਾ ਉਠਦਾ ਹੈ, ਜਿਸ ਉੱਤੇ ਰੂਹ ਅਤੇ ਤਹਿਜ਼ੀਬਾਂ ਦੇ ਇਤਿਹਾਸ ਆਪਣੇ ਭੇਦ ਕਲਾ-ਹੂਰਾਂ (Muses) ਦੀ ਕਲਮ ਨਾਲ ਲਕੀਰਦੇ ਹਨ।

x x x x

ਫਿਰ ਕੁਦਰਤ ਦੇ ਹੱਸਾਸ ਬੰਦਿਆਂ ਨੂੰ ਕਿਸੇ ਖਿੱਤੇ, ਕਿਸੇ ਮਜ਼੍ਹਬ, ਕਿਸੇ ਕੌਮ, ਕਿਸੇ ਤਹਿਜ਼ੀਬ ਜਾਂ ਸਮੁੱਚੀ ਮਾਨਵਤਾ ਨੂੰ ਨਾਸ਼ਮਾਨਤਾ ਦੇ ਆਖ਼ਰੀ ਖ਼ਲਾ ਤੋਂ ਵੀ ਬਾਹਰ ਸੁੱਟੇ ਜਾਣ ਦਾ ਜ਼ਾਲਿਮ ਹਰਾਸ ਆ ਚੰਬੜਦਾ ਹੈ, ਯਅਨੀ ਸਾਮੂਹਿਕ ਪੱਧਰ ਉੱਤੇ ਮਿਟ ਜਾਣ ਅਤੇ ਬੇ-ਰਾਹ ਗੁੰਮਨਾਮੀ ਵਿਚ ਗ਼ਰਕ ਜਾਣ ਦਾ ਅੰਗ ਅੰਗ ਨੂੰ ਰੂਹ ਤਕ ਕੱਟਦਾ ਜੱਲਾਦ-ਭੈਅ ਸਿਰ ਉੱਤੇ ਆ ਬੈਠਦਾ ਹੈ। ਇਹ ਗ਼ਮ ਅਤੇ ਭੈਅ ਉਹਨਾਂ ਨੂੰ ਹੀ ਚੰਬੜਦੇ ਹਨ, ਜਿਹਨਾਂ ਨੇ ਮੌਤ ਪਿੱਛੋਂ ਹਰ ਟਿਕਾਣੇ ਨੂੰ ਗੁਆ ਲੈਣ ਦਾ ਹੌਲ ਜਰਿਆ ਹੋਵੇ। ਸੰਸਾਰ ਅਮਨ-ਲਹਿਰ ਦੇ ਗੀਤ ਇਸ ਬੇਚੈਨੀ ਵਿਚ ਕੋਈ ਬਲੀ ਸਹਾਰਾ ਨਹੀ ਬਣ ਸਕਦੇ। ਇਹ ਵਕਤੀ ਅਤੇ ਸਤਹੀ ਇਲਾਜ ਹੀ ਕਰ ਸਕਦੇ ਹਨ, ਕਿਉਂਕਿ ਉੱਚੇ ਤਰਕ ਦੀ ਗੱਲ ਉੱਚੇ ਤਰਕ ਰਾਹੀਂ ਹੀ ਸਮਝਾਈ ਜਾ ਸਕਦੀ ਹੈ; ਮਹਾਨ ਅਨੁਭਵ ਵਿੱਚੋਂ ਨਿਕਲੀ ਸਮੱਸਿਆ ਦਾ ਸਮਾਧਾਨ ਮਹਾਨ ਅਨੁਭਵ ਰਾਹੀਂ ਹੀ ਹੁੰਦਾ ਹੈ।

1962 ਈ: ਦੇ ਦਿਨਾਂ ਤੋਂ ਮੈਨੂੰ ਲਾਲੀ ਸਾਹਿਬ ਅਤੇ (ਡਾ:) ਗੁਰਭਗਤ ਸਿੰਘ ਦੀ ਨੇੜਤਾ ਪ੍ਰਾਪਤ ਸੀ, ਜਿਹੜੇ ਅਫ਼ਲਾਤੂਨ (Plato) ਅਤੇ ਕਿੰਨੇ ਸਾਰੇ ਆਧੁਨਿਕ ਚਿੰਤਕਾਂ ਦੇ ਸੂਖਮ ਦ੍ਰਿਸ਼ਟੀਕੋਣਾਂ ਨੂੰ ਮਹਾਨ ਗਲਪ ਵਾਲੀ ਰੌਚਿਕਤਾ ਵਿਚ ਬਿਆਨ ਕਰਨ ਦਾ ਸਹਿਜ ਰੱਖਦੇ ਸਨ। ਸਾਡੀ ਸੰਗਤ ਵਿੱਚੋਂ ਪ੍ਰੇਮ ਪਾਲੀ ਅਤੇ ਨਵਤੇਜ ਭਾਰਤੀ ਨਿਰੰਤਰ ਤੌਰ ਉੱਤੇ ਹਿੰਦੋਸਤਾਨੀ ਫ਼ਲਸਫ਼ੇ ਨੂੰ ਪੜ੍ਹਦੇ ਰਹਿੰਦੇ ਸਨ। ਨਵਤੇਜ ਭਾਰਤੀ ਇਸਤ੍ਰੀ ਦੇ ਅਧਿਆਤਮਕ ਸੁਹਜ ਦਾ ਬਲਵਾਨ ਕਵੀ ਸੀ, ਜਦੋਂ ਕਿ ਪ੍ਰੇਮ ਪਾਲੀ ਸਾਹਿਤ ਦਾ ਅਨੁਭਵੀ ਚਿੰਤਕ ਸੀ। ਮੈਂ ਅਤੇ ਗੁਰਬਖ਼ਸ਼ ਸੋਚ ਸਾਹਿਤ, ਮਾਰਕਸਵਾਦ ਦੇ ਇਤਿਹਾਸਕ ਦ੍ਰਿਸ਼ਟੀਕੋਣ ਅਤੇ ਮਾਓ-ਜ਼ੇ-ਤੁੰਗ ਦੇ *ਲੰਮੇ ਸਫ਼ਰ* (*The Long March*) ਨੂੰ ਪੜਤਾਲਣ ਅਤੇ ਘੋਖਣ ਦੇ ਸ਼ੌਕੀਨ ਸਾਂ। ਉਂਝ ਸੂਫ਼ੀਵਾਦ ਦੇ ਅਰੂਪ ਰਾਹਾਂ ਉੱਤੇ ਤੁਰਨ ਅਤੇ ਜਿਊਣ ਵਿਚ ਮੈਨੂੰ ਖ਼ਾਸ ਮਜ਼ਾ ਆਉਂਦਾ ਸੀ। ਅਜੀਬ ਗੱਲ ਹੈ, ਐਨੇ ਅਨੁਭਵੀ ਅਤੇ ਤਰਕਵਾਦੀ ਦੋਸਤਾਂ ਦਰਮਿਆਨ ਰਹਿੰਦਿਆਂ ਹੋਇਆਂ ਵੀ 1965 ਦੇ ਸ਼ੁਰੂ ਵਿਚ ਮੈਨੂੰ ਇਕ ਹੌਲਨਾਕ ਸੰਸੇ ਨੇ ਘੇਰ ਲਿਆ। *ਪਿਆਰੇ ਦਾ ਦੇਸ* ਦੀਆਂ ਕਿੰਨੀਆਂ ਹੀ ਨਜ਼ਮਾਂ ਗਵਾਹ ਹਨ ਕਿ ਉਹਨਾਂ ਦਿਨਾਂ ਵਿਚ ਕਲਗ਼ੀਧਰ ਦੇ ਪਿਆਰੇ ਪੰਥ ਦੀ ਹਸਤੀ ਦੇ ਅਲੋਪ ਹੋ ਜਾਣ ਦਾ ਸੰਸਾ ਮੈਨੂੰ ਦਿਨ-ਰਾਤ ਘਾਇਲ ਕਰ ਰਿਹਾ ਸੀ। ਉਸ ਵੇਦਨਾ ਨੂੰ ਆਪਣੇ ਦੋਸਤਾਂ ਦਰਮਿਆਨ ਉਸ ਵੇਲੇ ਮੈਂ ਇਕੱਲਾ ਹੀ ਹੰਢਾ ਰਿਹਾ ਸਾਂ। ਪੰਥ ਦੀ ਸਾਮੂਹਿਕ ਚੇਤਨਾ ਵਿੱਚੋਂ ਕਲਗ਼ੀਧਰ ਦੀ ਮੁਹੱਬਤ ਦਾ ਸੁੱਕਣਾ ਅਤੇ ਰਸਮ ਦੇ ਬੇਜਾਨ ਪਿੰਜਰਾਂ ਦੀ ਜ਼ਿਹਨੀ ਗ਼ੁਲਾਮੀ ਦੇ ਤੀਬਰ ਅਨੁਭਵ ਨੇ ਮੇਰੇ ਅੰਦਰ ਪੰਥ ਦੀ ਤਕਦੀਰ ਲਈ ਕੋਈ ਦਹਿਲ-ਭਰਿਆ ਸੰਸਾ ਪੈਦਾ ਕਰ ਦਿੱਤਾ, ਅਤੇ ਉਸ ਪਿੱਛੋਂ ਮਹਾਤਮਾ ਗਾਂਧੀ ਅਤੇ ਉਸ ਦੀ ਕਤਾਰ ਵਿਚ ਖੜੇ ਪੰਥ ਨਾਲ ਹਸਦ ਕਰਨ ਵਾਲੇ ਹੋਰ ਬਹੁਤ ਸਾਰੇ ਰਾਜਸੀ ਲੇਖਕਾਂ ਦੇ ਅਧਿਐਨ ਨੇ ਇਸ ਸੰਸੇ ਦੀਆਂ ਜੜ੍ਹਾਂ ਨੂੰ ਡੂੰਘੀਆਂ ਕਰ ਦਿੱਤਾ।

WWW.SIKHBOOKCLUB.COM Page 38

ਅਰਦਾਸ ਦੀ ਅਹਿਮੀਅਤ ਦੀ ਸਹੀ ਪ੍ਰਤੀਤੀ ਮੈਨੂੰ ਉਹਨਾਂ ਦਿਨਾਂ ਵਿਚ ਹੀ ਹੋਈ ਸੀ। ਅਰਦਾਸ ਸਤਿਗੁਰੂ ਦੇ ਨੂਰੀ ਜਲਵੇ ਨੂੰ ਮੌਤ ਦੇ ਖ਼ਲਾ ਤਕ ਲਿਜਾਂਦੀ ਹੋਈ ਉਹਨਾਂ ਦੇ ਰਹਿਮ ਨਾਲ ਇਸ ਨੂੰ ਭਰ ਦਿੰਦੀ ਹੈ, ਅਤੇ ਇਸ ਦੀਆਂ ਕਹਿਰਵਾਨ ਹੱਦਾਂ ਦੇ ਨਿਸ਼ਾਨ ਉਹਨਾਂ ਦੀ ਅਜ਼ੀਮ ਰਹਿਮਤ ਵਿਚ ਖੁਰ ਜਾਂਦੇ ਹਨ।

ਕੌਮ ਦੀ ਰੂਹਾਨੀ ਗਿਰਾਵਟ, ਉਸ ਦੁਆਲੇ ਈਰਖਾਲੂ ਸ਼ਕਤੀਆਂ ਦਾ ਘੇਰਾ ਅਤੇ ਉਸ ਦਾ ਮੌਤ ਦੀ ਗੁੰਮਨਾਮ ਗੁਫ਼ਾ ਵੱਲ ਧਕੇਲੇ ਜਾਣਾ ਜਦ ਕਵਿਤਾ ਵਿਚ ਨਸ਼ਰ ਹੁੰਦਾ ਹੈ, ਤਾਂ ਅੰਤਰ-ਦ੍ਰਿਸ਼ਟੀ ਦਾ ਸਭ ਤੋਂ ਪ੍ਰਭਾਵਕ ਰੂਪ ਅਧਿਆਤਮਕ ਰਮਜ਼ ਵਾਲਾ ਹੀ ਹੋਣਾ ਚਾਹੀਦਾ ਹੈ, ਕਿਉਂਕਿ ਇਸ ਰਾਹੀਂ ਹੀ ਜ਼ਿੰਦਗੀ ਦੇ ਬਹੁ-ਪਸਾਰਾਂ ਵਿਚ ਇਤਿਹਾਸਕ ਸ਼ਕਤੀਆਂ ਦੀ ਪ੍ਰਤਿਭਾ ਦੇ ਸਭ ਤੋਂ ਉੱਤਮ ਨਤੀਜੇ ਸਾਹਮਣੇ ਆਉਂਦੇ ਹਨ। ਕੌਮ ਦੀ ਸਾਮੂਹਿਕ ਹੋਂਦ ਦੇ ਪੱਕੇ ਤੌਰ ਉੱਤੇ ਮਿਟਣ ਦਾ ਭੈਅ ਵਿਅਕਤੀਗਤ ਹੋਂਦ ਦੀ ਸਦੀਵੀ ਤਬਾਹੀ ਦੇ ਭੈਅ ਨਾਲੋਂ ਕਿਤੇ ਬਲਵਾਨ ਹੁੰਦਾ ਹੈ। ਜੇ ਕਵੀ ਦੀ ਅੰਤਰ-ਦ੍ਰਿਸ਼ਟੀ ਠੀਕ ਪਾਸੇ ਵਲ ਸਫ਼ਰ ਕਰ ਰਹੀ ਹੋਵੇ, ਤਾਂ ਕੋਈ ਸੱਚੀ ਅਰਦਾਸ ਉਸ ਦੇ ਨਾਲ ਆ ਖੜੀ ਹੁੰਦੀ ਹੈ, ਜਿਹੜੀ ਕੌਮ ਦੀਆਂ ਰੂਹਾਨੀ ਸਮੱਸਿਆਵਾਂ ਅਤੇ ਉਸਦੀ ਤ੍ਰਾਸਦੀ ਦੇ ਸਮਾਜਿਕ ਅਤੇ ਰਾਜਨੀਤਕ ਪਹਿਲੂਆਂ ਨੂੰ ਪੂਰੀ ਰੋਸ਼ਨੀ ਵਿਚ ਵੇਖਦੀ ਹੈ। ਦੈਵੀ ਦੀਦਾਰ ਦੇ ਕਲਿਆਨਕਾਰੀ ਦ੍ਰਿਸ਼ ਦੀਆਂ ਕੁਲ ਬਰਕਤਾਂ ਅਤੇ ਇਕਰਾਰਾਂ ਦੇ ਰਹੱਸ ਵੀ ਸਮਝ ਪੈ ਜਾਂਦੇ ਹਨ। ਅਰਦਾਸ ਮਾਹੀ ਕੋਲੋਂ ਮੌਤ ਵਿਚ ਜੀਵਨ ਦੀ ਮੁਕੰਮਲ ਜਿੱਤ ਦਾ ਇਕਰਾਰ ਮੰਗਦੀ ਹੈ, ਜਿਸਦੀ ਹੱਕਦਾਰ ਬਣਨ ਲਈ ਕਵਿਤਾ ਨੂੰ ਕੁਲ ਜੀਵਨ ਇਸ਼ਕ ਦੀ ਕੋਮਲਤਾ ਨਾਲ ਮਾਲਾਮਾਲ ਕਰਨਾ ਪੈਂਦਾ ਹੈ।

ਮੇਰੇ ਖ਼ਿਆਲ ਵਿਚ ਸ਼ਹੀਦ ਅਤੇ ਅਰਦਾਸ ਮੌਤ ਵਲ ਇਕੱਠਿਆਂ ਹੀ ਜਾਂਦੇ ਹਨ। ਮੌਤ ਦੇ ਬਿਖੜੇ ਪੈਂਡੇ ਉੱਤੇ ਜਿਹੜੇ ਸ਼ਹੀਦ ਅਰਦਾਸ ਨਾਲ ਨਹੀਂ ਤੁਰਦੇ, ਉਹਨਾਂ ਦੇ ਆਦਰਸ਼ ਨੂੰ ਸ਼ੁਹਰਤਾਂ ਦੀ ਦੁਨਿਆਵੀ ਲਾਲਸਾ ਸਮੁੱਚੀ ਜ਼ਿੰਦਗੀ ਉੱਤੇ ਫੈਲਣ ਨਹੀਂ ਦਿੰਦੀ, ਅਤੇ ਇਸਦੀ ਪਵਿੱਤਰਤਾ ਦੇ ਅਨੇਕ ਪ੍ਰਕਾਸ਼ਾਂ ਤਕ ਇਹਨਾਂ ਸ਼ਹੀਦਾਂ ਦੀ ਪਹੁੰਚ ਨਾਂਹ ਹੋਣ ਕਾਰਨ ਇਹਨਾਂ ਦਾ ਰੁਤਬਾ ਅਸਲੀ ਮਹਾਨਤਾ ਨੂੰ ਨਹੀਂ ਛੋਂਹਦਾ। ਸ: ਭਗਤ ਸਿੰਘ ਇਸ ਵੰਨਗੀ ਦੇ ਸ਼ਹੀਦ ਹਨ। *ਪਿਆਰੇ ਦਾ ਦੇਸ* ਵਿਚ ਉਹਨਾਂ ਦੀ ਸ਼ਹੀਦੀ ਦਾ ਰੰਗ ਮੈਨੂੰ ਸਵੀਕਾਰ ਸੀ, ਪਰ *ਸ਼ਹੀਦ ਦੀ ਅਰਦਾਸ* ਤਕ ਉਹ ਮੇਰੇ ਕਾਵਿ-ਅਨੁਭਵ ਵਿਚ ਨਹੀਂ ਰਹੇ। ਅਸਲੀ ਸ਼ਹਾਦਤ ਜਦੋਂ ਅਧਿਆਤਮਕ ਧਰਾਤਲ ਅਪਣਾ ਲੈਂਦੀ ਹੈ, ਤਾਂ ਉਸ ਦਾ ਕਰਮ-ਖੇਤਰ ਬ੍ਰਹਿਮੰਡ ਦੀਆਂ ਅਨੇਕ ਦੂਰੀਆਂ ਤਕ ਆਪਣੇ ਨਿਸ਼ਾਨ ਲਗਾ ਦਿੰਦਾ ਹੈ, ਅਤੇ ਇਸ ਪ੍ਰਕ੍ਰਿਆ ਰਾਹੀਂ ਸਮਾਜਿਕ ਜ਼ਿੰਦਗੀ ਵਿਚ ਕੁਦਰਤ ਦਾ ਕੋਈ ਅਪਹੁੰਚ ਸੱਜਰਾਪਨ ਸ਼ਾਮਿਲ ਹੋ ਜਾਂਦਾ ਹੈ। ਅਸਲੀ ਸ਼ਹਾਦਤ ਮਨੁੱਖੀ ਚੇਤਨਾ ਨੂੰ ਅਜਿਹਾ ਸਿਦਕ ਪ੍ਰਦਾਨਦੀ ਹੈ, ਜਿਸਦੀ ਪਰਾ-ਸੂਖਮਤਾ ਅੰਦਰ ਜੀਵਨ-ਸੰਘਰਸ਼ਾਂ ਦੀ ਵਿਜੈ ਦਾ ਇਲਹਾਮ ਉਤਰਦਾ ਰਹਿੰਦਾ ਹੈ। ਮੇਰਾ ਯਕੀਨ ਹੈ, ਇਹ ਇਸ਼ਾਰੇ ਹਥਲੀ ਰਚਨਾ ਦੀ ਕਾਵਿ-ਅਨੁਭੂਤੀ ਦੇ ਅਨੁਕੂਲ ਹਨ।

## 7

1968 ਦੇ ਆਖ਼ੀਰ ਵਿਚ ਜਦੋਂ ਮੈਂ ਖ਼ਾਲਸਾ ਕਾਲਜ, ਗੜ੍ਹਦੀਵਾਲਾ ਵਿਖੇ ਬਤੌਰ ਅਧਿਆਪਕ ਪ੍ਰਵੇਸ਼ ਕੀਤਾ, ਤਾਂ ਉਪਰੋਕਤ ਰਹੱਸਮਈ ਚਿੰਤਨ-ਅਨੁਭਵ ਮੇਰੀ ਚੇਤਨਾ ਵਿਚ ਇਕ ਫੱਬਵੀਂ ਤਰਤੀਬ ਬਣਾ ਚੁੱਕਿਆ ਸੀ। ਇਹ ਹੁਸ਼ਿਆਰਪੁਰ ਦਾ ਜ਼ਿਲ੍ਹਾ ਕਵੀ ਮੁਨੀਰ ਨਿਆਜ਼ੀ ਦਾ ਦੇਸ ਹੈ। ਪਹਿਲਾਂ ਪਹਿਲਾਂ ਏਥੋਂ ਦੀਆਂ ਪਤਲੀਆਂ-ਛੋਹਲੀਆਂ ਨਦੀਆਂ ਨੂੰ ਕਲਾਵੇ ਵਿਚ ਘੁਟਦੀ ਫ਼ਜਰਾਂ ਅਤੇ ਤਿਰਕਾਲਾਂ ਦੀ ਅਲੌਕਿਕ ਰਮਣੀਕਤਾ, ਬਿਆਸ ਦਰਿਆ ਤੋਂ ਅੰਬਾਂ ਦੇ ਬਾਗ਼ਾਂ ਵਲ ਉਡਦੀਆਂ ਜੋਬਨ-ਮੱਤੀਆਂ ਹਵਾਵਾਂ ਦੇ ਲੁਤਫ਼, ਪੋਠੋਹਾਰਣਾਂ ਤੋਂ ਵੀ ਵੱਧ ਏਥੋਂ ਦੀਆਂ ਚੰਚਲ ਮਿੱਠ-ਬੋਲੜੀਆਂ ਨਾਰਾਂ ਅਤੇ ਏਥੋਂ ਦੇ ਨਵੇਂ ਬਣੇ ਦੋਸਤਾਂ ਦੇ

WWW.SIKHBOOKCLUB.COM Page 39

ਚਾਅ ਨੇ ਮੇਰੇ ਅਵਚੇਤਨ ਵਿਚ ਸੁੱਤੇ ਕਿਸੇ ਨਿਰਾਲੇ ਕਾਵਿ-ਸੁਹਜ ਨੂੰ ਜਗਾ ਦਿੱਤਾ। ਸੋ, ਮੈਂ ਏਥੇ ਆ ਕੇ ਲਿਖੀ ਆਪਣੀ ਪਹਿਲੀ ਕਵਿਤਾ "ਚਾਵਾਂ ਦੀ ਰੁੱਤ" (*ਆਖ਼ਰੀ ਸ਼ਾਮ*) ਵਿਚ ਇਸ ਦੇਸ ਦੀ ਵਚਿੱਤਰ ਕੋਮਲਤਾ ਨੂੰ ਆਪਣਾ ਪ੍ਰਥਮ ਸਜਦਾ ਕੀਤਾ, ਭਾਵੇਂ ਇਸਦੇ ਲਫ਼ਜ਼ਾਂ ਪਿੱਛੇ ਦਰਦ ਦੀ ਕੋਈ ਧੀਮੀ ਜੇਹੀ ਕਸਕ ਵੀ ਪੈਂਦੀ ਸੀ।

ਉਪਰੋਕਤ ਸੁਹਜ-ਪ੍ਰਤੀਤੀ ਦਾ ਹੜ੍ਹ ਬਹੁਤ ਸਾਰੀਆਂ ਨਵੀਆਂ ਦਿਸ਼ਾਵਾਂ ਧਾਰਨ ਕਰਨ ਵਾਲਾ ਹੀ ਸੀ, ਕਿ ਇਕ ਦਿਨ ਮੇਰੇ ਵਿਦਿਆਰਥੀ-ਕਾਲ ਦੇ ਇਕ ਦੋਸਤ ਸ: ਜੋਗਿੰਦਰ ਸਿੰਘ ਹੀਰ, ਜਿਹੜੇ ਕਿ ਇਕ ਬੁਲੰਦ ਪਾਏ ਦੇ ਲੋਕ-ਗਾਇਕ ਵੀ ਸਨ, ਦੀ ਗੜ੍ਹਦੀਵਾਲਾ ਵਿਖੇ ਆਮਦ ਨੇ ਮੇਰੇ ਤੱਖ਼ਈਅਲ ਨੂੰ ਕੌਮ ਦੀ ਸੰਜੀਦਾ ਤਕਦੀਰ ਦੇ ਚਿੰਤਨ ਵਲ ਮੋੜ ਦਿੱਤਾ। ਉਹ ਦੋ ਦਿਨ ਗੜ੍ਹਦੀਵਾਲਾ ਵਿਖੇ ਰਹੇ, ਅਤੇ ਦੋ ਦਿਨ ਹੀ *ਪੁਰਾਤਨ ਅਹਿਦਨਾਮਾ (The Old Testament)* ਦੇ ਕਿਸੇ ਦ੍ਰਿਸ਼ਟਾ (Visionary) ਵਾਂਗ ਸਿੱਖ ਕੌਮ ਨਾਲ ਹੋ ਰਹੀਆਂ ਅਤੇ ਹੋਣ ਵਾਲੀਆਂ ਬੇਇਨਸਾਫ਼ੀਆਂ ਬਾਰੇ ਚਿਤਾਵਨੀਆਂ ਦਿੰਦੇ ਰਹੇ, ਅਤੇ ਕਈ ਵਾਰ ਜਜ਼ਬਾਤ ਵਿਚ ਆ ਕੇ ਰੋਏ ਵੀ। ਹੀਰ ਸਾਹਿਬ ਦੀ ਇਸ ਨਿਰਛਲ ਚੀਖ਼ ਨੂੰ ਸੁਣ ਕੇ ਮੈਂ ਸਿੱਖ ਧਰਮ ਦੇ ਚਿੰਤਨ ਅਤੇ ਇਤਿਹਾਸ ਦੀ ਪੁਨਰ-ਸਿਰਜਣਾ ਦੇ ਵਕਤੀ ਤੌਰ ਉੱਤੇ ਭੁੱਲੇ ਇਰਾਦੇ ਨੂੰ ਇਕ ਵਾਰ ਫਿਰ ਦ੍ਰਿੜ੍ਹਤਾ ਨਾਲ ਯਾਦ ਕੀਤਾ। ਇਸ ਘਟਨਾ ਤੋਂ ਸਾਢੇ ਤਿੰਨ ਸਾਲ ਪਿੱਛੋਂ ਸ਼ੁਰੂ ਹੋਣ ਵਾਲੀ ਮੇਰੀ ਪੁਸਤਕ *ਸਹਿਜੇ ਰਚਿਓ ਖ਼ਾਲਸਾ* ਦੀ ਸਿਰਜਣਾ ਪਿੱਛੇ ਬੇਸ਼ਕ ਕੋਈ ਅਟੱਲ ਕਾਵਿਮਈ ਧੂਹ ਵੀ ਕੰਮ ਕਰਦੀ ਸੀ, ਪਰ ਹੀਰ ਸਾਹਿਬ ਦੀ ਗਹਿਰ-ਗੰਭੀਰ ਚਿਤਾਵਨੀ ਨੇ ਇਸ ਪੁਸਤਕ ਦੀ ਤਕਦੀਰ ਨੂੰ ਜ਼ਰੂਰ ਕੋਈ ਦਿਸ਼ਾ ਦਿੱਤੀ।

*ਸਹਿਜੇ ਰਚਿਓ ਖ਼ਾਲਸਾ* ਵਿਚ ਪੰਥ ਦੀ ਤਕਦੀਰ ਨਾਲ ਸੰਬੰਧਿਤ ਪੂਰਬ ਕਥਿਤ ਰਹੱਸਮਈ ਚਿੰਤਨ-ਅਨੁਭਵ (ਸਾਮੂਹਿਕ ਤੌਰ ਉੱਤੇ ਮਿਟ ਜਾਣ ਦਾ ਭੈਅ ਅਤੇ ਉਸ ਦਾ ਇਲਾਜ) ਨੂੰ ਯਥਾਰਥ ਦਾ ਲੇਖਾ-ਜੋਖਾ ਕਰਦੇ ਤਰਕ ਰਾਹੀਂ ਪੇਸ਼ ਕੀਤਾ ਗਿਆ। ਇਸ ਨੂੰ ਲਿਖਦਿਆਂ ਲਿਖਦਿਆਂ ਮੈਂ ਆਪਣੇ ਕਾਵਿ ਰਚਨ ਦੇ ਕਿੰਨੇ ਹੀ ਕੀਮਤੀ ਸਾਲ ਖ਼ਰਚ ਕਰ ਦਿੱਤੇ। ਫੇਰ ਵੀ ਮੈਂ ਗੜ੍ਹਦੀਵਾਲਾ ਦੀ ਸਰਸਬਜ਼ ਪਰ ਪੰਥਕ ਵੇਦਨਾ ਦੀਆਂ ਕੰਨਸੋਆਂ ਨਾਲ ਵਿੰਨ੍ਹੀ ਧਰਤੀ ਉੱਤੇ 1987 ਤਕ *ਆਖ਼ਰੀ ਸ਼ਾਮ*, *ਝਨਾਂ ਦੀ ਰਾਤ*, *ਕੁਰਲਾਉਂਦੇ ਕਾਫ਼ਲੇ* ਅਤੇ *ਸ਼ਹੀਦ ਦੀ ਅਰਦਾਸ* ਨਾਂ ਦੇ ਚਾਰ ਕਾਵਿ-ਸੰਗ੍ਰਹਿ ਸਿਰਜ ਹੀ ਲਏ। ਇਹਨਾਂ ਕਵਿਤਾਵਾਂ ਵਿਚ ਇਨਸਾਨ ਅਤੇ ਕੁਦਰਤ ਦੇ ਸੀਨੇ ਵਿਚ ਪਲਦਾ ਹੁਸਨ ਆਸ਼ਿਕ ਦੀ ਨਜ਼ਰ ਵਿਚ ਬੈਠਿਆ ਹੈ, ਇਲਾਹੀ ਵਲਵਲੇ ਦੀ ਤਾਸੀਰ ਬਣਿਆ ਹੈ, ਸ਼ਹੀਦ ਦੀ ਆਵਾਜ਼ ਨਾਲ ਉੱਡਿਆ ਹੈ, ਅਤੇ ਆਖ਼ਿਰ ਵਿਚ ਇਸ ਨੇ ਮੌਤ ਨੂੰ ਆਪਣੇ ਹੀ ਸ਼੍ਰੋਮਣੀ ਰੰਗ ਦੀ ਮਹਿਕ ਬਣਾ ਲਿਆ ਹੈ। ਇੰਝ *ਸਹਿਜੇ ਰਚਿਓ ਖ਼ਾਲਸਾ* ਦੀ ਤਾਰਕਿਕ ਤਰਜ਼ ਵੀ ਆਪਣੇ ਸਰੋਦੀ ਸੋਮਿਆਂ ਦੀ ਚਮਤਕਾਰੀ *ਕੁਲ ਕੁਲ* ਤਕ ਤਾਰਿਆਂ-ਜੜੇ ਅਸਮਾਨ ਹੇਠ ਪਿਆਸੇ ਮਿਰਗਾਂ ਵਾਂਗ ਜਾਂਦੀ ਰਹੀ।

x x x x

ਮੇਰਾ ਵਿਸ਼ਵਾਸ ਹੈ, ਕਵੀ ਵੱਲੋਂ ਵਰਤੀਆਂ ਗਈਆਂ ਮਿੱਥਾਂ ਵਿਚ ਟੀ.ਐਸ. ਇਲੀਅਟ ਵਾਂਗ ਮਸ਼ੀਨੀ ਢੰਗ ਨਹੀਂ ਅਪਣਾਇਆ ਜਾਣਾ ਚਾਹੀਦਾ, ਕਿਉਂਕਿ ਇਸ ਤਰ੍ਹਾਂ ਮਿੱਥ ਇਕਹਿਰੀ ਸਤਹ ਵਾਲਾ ਲੰਮਾ ਪ੍ਰਤੀਕ ਜਾਂ ਅਨੁਭਵ ਦੀ ਸਮਾਂਨਾਂਤਰ ਰੇਖਾ ਵਾਲਾ ਰੂਪਕ ਹੀ ਪੈਦਾ ਕਰ ਸਕਦੀ ਹੈ, ਪਰ ਜ਼ਿੰਦਗੀ ਨਾਲ ਸਿੱਧੇ ਤੌਰ ਉੱਤੇ ਜੁੜੀ ਕਿਸੇ ਬਹੁ-ਪਾਸਾਰੀ ਕਾਵਿ-ਅਨੁਭੂਤੀ ਨੂੰ ਨਹੀਂ ਪੇਸ਼ ਕਰ ਸਕਦੀ। ਮਿੱਥਾਂ, ਪ੍ਰਤੀਕ-ਕਥਾਵਾਂ (Allegory), ਤਸ਼ਬੀਹਾਂ, ਰੂਪਕ, ਸ਼ਬਦ-ਚਿਤ੍ਰ ਅਤੇ ਹੋਰ ਅਲੰਕਾਰ ਇਤਿਹਾਸ, ਕੁਦਰਤ ਅਤੇ ਜ਼ਿੰਦਗੀ ਦੇ ਸੀਨੇ ਵਿੱਚੋਂ ਅੰਬਾਂ ਦੇ ਬੂਰ ਵਾਂਗ ਜੋਬਨਮਈ ਜੋਸ਼ ਨਾਲ ਉਮ੍ਹਲਦੇ ਹੋਏ ਕਾਵਿ-ਜਗਤ ਵੱਲ ਆਉਣੇ ਚਾਹੀਦੇ ਹਨ। ਮੇਰੀਆਂ ਕਵਿਤਾਵਾਂ ਵਿਚ ਨਿਰੰਤਰ ਘੁੰਮਦੇ ਬਿੰਬ ਮਿਲਣਗੇ, ਜਿਹਨਾਂ ਦੀ ਆਕਰਸ਼ਣ ਵਿਚ ਪ੍ਰਤੀਕ, ਮਿੱਥਾਂ, ਤਸ਼ਬੀਹਾਂ ਤੇ ਰੂਪਕ ਆਦਿ ਕਾਵਿਮਈ ਤਾਲ ਵਿਚ

WWW.SIKHBOOKCLUB.COM 

ਚਲਦੇ ਹੋਏ ਆਪਣੀਆਂ ਅਨੁਭਵ-ਤਰੰਗਾਂ ਇਕ ਦੂਜੇ ਵਲ ਸੁੱਟਦੇ ਰਹਿੰਦੇ ਹਨ। ਕਾਵਿ-ਮੰਥਨ ਦੇ ਇਸ ਛਿਣ ਵਿਚ ਨਿਰਾਕਾਰ ਅਤੇ ਸਥੂਲ ਲੋੜ ਪੈਣ ਉੱਤੇ ਇਕ ਦੂਜੇ ਵਿੱਚੋਂ ਆਪਣੀ ਤਸ਼ਬੀਹ ਢੂੰਡਦੇ ਹਨ; ਦੋ ਜਾਂ ਤਿੰਨ ਮਿੱਥਾਂ ਦੇ ਸੂਖਮ ਅਰਥ ਮਿਲ ਕੇ ਇਕ ਨਵੀਂ ਮਿੱਥ ਸਾਜ ਲੈਂਦੇ ਹਨ; ਆਰੀਆਈ ਅਨੁਭਵ ਸਾਮੀ ਅਨੁਭਵ ਨਾਲ ਬਗ਼ਲਗੀਰ ਹੋ ਸਕਦਾ ਹੈ; ਗੰਭੀਰ ਚਿੰਤਨ ਨਿਸ਼ੰਗ ਹੋ ਕੇ ਲੋਕ ਗੀਤਾਂ ਵਾਲੇ ਅੰਦਾਜ਼ ਅਪਣਾ ਲੈਂਦਾ ਹੈ; ਰੂਪਕ ਮਿੱਥ ਵਲ ਦੌੜਦਾ ਹੈ, ਅਤੇ ਮਿੱਥ ਉਪਮਾ ਦੇ ਲਘੂ ਬੁੱਤ ਵਿਚ ਸਮਾ ਸਕਦੀ ਹੈ।

ਇਹਨਾਂ ਕਾਵਿ-ਸੰਗ੍ਰਹਿਆਂ ਵਿਚ ਜਿਊਂਦੇ ਜਾਂ ਨੇੜ ਭੂਤ-ਕਾਲ ਵਿਚ ਹੋਏ ਵਿਅਕਤੀਆਂ (ਜਿਵੇਂ ਰੁਸਤਮਿਜ਼ਮਾਂ ਗਾਮਾ) ਅਤੇ ਇਤਿਹਾਸ ਦੀਆਂ ਪਰਤੱਖ ਘਟਨਾਵਾਂ ਸੰਬੰਧੀ ਲਿਖੀਆਂ ਨਜ਼ਮਾਂ ਨੂੰ ਮੇਰੇ ਕਾਵਿ-ਅਨੁਭਵ ਦੇ ਸੁਹਜਮਈ/ਰਹੱਸਮਈ ਹਕੀਕੀ ਜਲਵਿਆਂ ਦੇ ਪ੍ਰਤੀਕ ਸਮਝਣਾ ਠੀਕ ਹੋਵੇਗਾ, ਜਿਹੜੇ ਕਿ ਆਖ਼ਿਰ ਵਿਚ ਮੇਰੀਆਂ ਲੰਮੀਆਂ ਕਵਿਤਾਵਾਂ ਦੇ ਨਿਰੰਤਰ ਘੁੰਮਦੇ ਬਿੰਬਾਂ ਵਿਚ ਹੀ ਜਾ ਮਿਲਣਗੇ। ਹਕੀਕਤ ਵਿਚ ਅਸਲ ਵਿਅਕਤੀ (ਜ਼ਿੰਦਾ ਜਾਂ ਮੋਇਆ) ਅਤੇ ਕਾਵਿ-ਵਿਅਕਤੀ ਵਿਚ ਬਹੁਤਾ ਫ਼ਰਕ ਨਹੀਂ ਹੁੰਦਾ। ਅਸਲ ਵਿਅਕਤੀ ਕਾਵਿ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਪ੍ਰਤੀਕ-ਕਥਾ ਦਾ ਓਹਲਾ ਜਿਹਾ ਰੱਖ ਲੈਂਦੇ ਹਨ, ਅਤੇ ਵੱਡੇ ਅਰਥ ਉਹਨਾਂ ਦੀ ਪਛਾਣ ਦੇ ਅੱਗੇ ਆ ਜਾਂਦੇ ਹਨ। ਮਨੁੱਖੀ ਹੋਂਦ ਨਾਲ ਸੰਬੰਧਿਤ ਦ੍ਰਿਸ਼ਟਮਾਨ ਯਥਾਰਥ ਚਿੰਤਨਸ਼ੀਲ ਸੱਚ ਦੀ ਸ਼ਕਲ ਧਾਰਨ ਕਰ ਲੈਂਦਾ ਹੈ, ਜਿਵੇਂ ਕਵਿਤਾ 'ਝਨਾਂ ਦੀ ਰਾਤ' ਦੀ ਹੂਰ, 'ਕੁਰਲਾਉਂਦੇ ਕਾਫ਼ਲੇ' ਦੀ ਰਾਵੀ ਅਤੇ 'ਸ਼ਹੀਦ ਦੀ ਅਰਦਾਸ' ਦੀ ਲਿਵਲੀਨ ਅਸਲੀ ਨਾਰੀਆਂ ਦੇ ਪ੍ਰਤੀਕ-ਸੱਚਾਂ ਦੀ ਹੀ ਨੁਮਾਇੰਦਗੀ ਕਰਦੀਆਂ ਹਨ। ਕਵਿਤਾ ਦੀ ਬਿਬੇਕੀ ਸ਼ਕਤੀ ਰਾਹੀਂ ਅਸਲ ਵਿਅਕਤੀ ਦੀ ਰੂਹ ਦੇ ਅਪਰਤੱਖ ਨਜ਼ਾਰੇ ਅਤੇ ਪਰਤੱਖ ਅਮਲ ਕਿਸੇ ਅਬੁੱਝ ਹਕੀਕਤ ਦਾ ਅਲੌਕਿਕ ਜਾਮਾ ਪਹਿਣ ਕੇ ਜ਼ਿੰਦਗੀ ਦੇ ਸਰਬ ਸਾਂਝੇ ਹੁਸਨ ਦਾ ਅੰਗ ਬਣ ਜਾਂਦੇ ਹਨ। ਅਸਲ ਵਿਅਕਤੀ ਦੀ ਸ਼ਨਾਖ਼ਤ ਨੂੰ ਕਵਿਤਾ ਦੀ ਸ਼ਾਨ ਮਨੁੱਖੀ ਯਾਦ ਤੋਂ ਜਾਂ ਤਾਂ ਲਾਂਭੇ ਕਰ ਦਿੰਦੀ ਹੈ, ਜਾਂ ਫਿਰ ਉਸ ਨੂੰ ਡੂੰਘੀ ਮਹੀਨ ਚੇਤਨਾ ਦੀ ਨਿੰਦਰਾਈ ਜਿਹੀ ਧੀਮੀ ਪਛਾਣ ਵਿਚ ਬਦਲ ਦਿੰਦੀ ਹੈ।

ਮੈਂ *ਝਨਾਂ ਦੀ ਰਾਤ* ਵਿਚ ਸੱਤ ਕਾਵਿ-ਸੰਗ੍ਰਹਿ (ਚਾਰ ਪੂਰੇ ਅਤੇ ਤਿੰਨਾਂ ਦੇ ਕੁਝ ਹਿੱਸੇ) ਇੱਕੋ ਜਿਲਦ ਵਿਚ ਇਸ ਲਈ ਪੇਸ਼ ਕਰ ਰਿਹਾ ਹਾਂ, ਕਿਉਂਕਿ ਵੱਖ ਵੱਖ ਪੁਸਤਕਾਂ ਛਾਪਣ ਉੱਤੇ ਰੁਪਿਆ ਅਤੇ ਵਕਤ ਵਧੇਰੇ ਖ਼ਰਚ ਆਉਂਦੇ ਹਨ, ਪਰ ਮੇਰੇ ਕੋਲ ਇਹਨਾਂ ਦੋਵਾਂ ਦੀ ਤੋਟ ਹੈ। ਹਾਂ, ਮੇਰਾ ਸਰਮਾਇਆ ਮੇਰੇ ਦੋਸਤਾਂ ਦੀ ਫ਼ਰਾਖ਼ਦਿਲੀ ਹੈ। *ਸਹਿਜੇ ਰਚਿਓ ਖ਼ਾਲਸਾ* ਨੂੰ ਵੇਚਣ ਲਈ ਮੈਂ ਸ੍ਵੈਮਾਣ ਨੂੰ ਜ਼ਰਬ ਪਹੁੰਚਾਣ ਵਾਲੇ ਤਰੀਕੇ ਨਹੀਂ ਵਰਤੇ; ਯਕੀਨ ਕਰਨਾ ਮੈਂ ਹੁਣ ਵੀ ਬੇਮੁਹਾਰ ਪਿਆਰ ਕਰ ਸਕਦਾ ਹਾਂ, ਪਰ ਚਾਪਲੂਸੀ ਵੱਸ ਡਾਹਢਿਆਂ ਅੱਗੇ ਸਿਰ ਨਹੀਂ ਝੁਕਾ ਸਕਦਾ।

ਖ਼ਾਲਸਾ ਕਾਲਜ ਨਾਲ ਅਟੁੱਟ ਮੋਹ ਵਿਚ ਬੱਝੇ ਆਪਣੇ ਦਰਵੇਸ਼ ਦੋਸਤ ਪਾਖਰ ਸਿੰਘ ਅਤੇ ਕਾਲਜ ਦੇ ਕੁਝ ਖ਼ਾਸ ਮਿਹਰਬਾਨ ਅਧਿਆਪਕ ਦੋਸਤਾਂ ਦਾ ਸ਼ੁਕਰ ਅਦਾ ਕਰਨ ਲਈ ਮੈਨੂੰ ਕੋਈ ਢੰਗ ਨਹੀਂ ਸੁਝਦਾ, ਜਿਹਨਾਂ ਦਾ ਮੋਹ ਹਮੇਸ਼ਾ ਹੀ ਸਿਰਜਣਾਤਮਕ ਸਾਧਨਾ ਵਿਚ ਮੇਰਾ ਹਮਸਫ਼ਰ ਰਿਹਾ। ਸੱਚ ਹੈ, ਪਿਆਰ, ਬੇਗ਼ਰਜ਼ ਮਦਦ ਅਤੇ ਸੱਚੀ ਪ੍ਰੇਰਣਾ ਦਾ ਕਰਜ਼ਾ ਕਿਸੇ ਇਨਸਾਨ ਤੋਂ ਕਦੇ ਉਤਾਰਿਆ ਨਹੀਂ ਗਿਆ।

"ਆਸ਼ਿਕ ਦੇ ਦਿਲ ਉੱਤੇ ਜਿੰਨਾ ਮਰਜ਼ੀ ਬੋਝ ਪਾ ਲਵੋ, ਉਸਦਾ ਸਬਰ ਨਹੀਂ ਮੁੱਕੇਗਾ" ਪ੍ਰੋ: ਮੋਹਨ ਸਿੰਘ ਦੇ ਆਪਣੇ ਕੰਨਾਂ ਨਾਲ ਸੁਣੇ ਇਸ ਬਚਨ ਦੀ ਪਾਲਣਾ ਕਰਦਿਆਂ ਹੋਇਆਂ ਮੈਂ ਆਪਣੇ ਹੁਸ਼ਿਆਰਪੁਰੀ ਦੋਸਤਾਂ ਦੀ ਅਣਥੱਕ ਸੁਹਿਰਦਤਾ ਨੂੰ ਵਾਰ ਵਾਰ ਅਜ਼ਮਾ ਕੇ ਖ਼ੁਸ਼ ਅਤੇ ਹੈਰਾਨ ਹੁੰਦਾ ਰਿਹਾ ਹਾਂ। ਖ਼ਾਸ ਕਰ ਜਦੋਂ ਮੈਂ ਕਵੀ ਵਾਲੇ ਰੰਗ ਵਿਚ ਹੋਵਾਂ, ਇਹਨਾਂ ਹੁਸ਼ਿਆਰਪੁਰੀਆਂ ਦੀ ਦਰਵੇਸ਼ੀ ਤੋਂ ਇਨਕਾਰ ਕਰਨਾ ਮੇਰੇ ਲਈ ਬੜੀ ਮੁਸ਼ਕਿਲ ਜੇਹੀ ਗੱਲ ਹੈ।

ਹੁਣ ਮੇਰਾ ਕਵੀ-ਮਨ ਦਿਸਦੀ ਅਸਲੀਅਤ ਦੀ ਜ਼ਮੀਨ ਉੱਤੇ ਖਲੋ ਕੇ *ਸਹਿਜੇ ਰਚਿਓ ਖ਼ਾਲਸਾ* ਵਿਚ ਆਖੀਆਂ ਗੱਲਾਂ ਦੀ ਹੋਰ ਸਫ਼ਾਈ (Justification) ਦੇਣ ਲਈ ਹਿਸਾਬੀ ਦਲੀਲਾਂ ਵਿਚ ਨਹੀਂ ਪੈਣਾ ਚਾਹੁੰਦਾ। ਮੈਂ ਕਿਸੇ ਲੰਮੀ ਕਾਵਿ-ਸਿਰਜਣਾ ਦੇ ਵਿਜੈਈ ਜਲਾਲ ਰਾਹੀਂ ਹੀ ਉਸ ਦੇ ਸੱਚ ਨੂੰ ਸਥਾਪਤ ਕਰਨ ਲਈ ਤ੍ਰਿਖਾਵੰਤ ਹਾਂ। ਇਹ ਕਵਿਤਾਵਾਂ ਵਿਚਕਾਰਲਾ ਪੜਾ ਹਨ। ਇਹ ਅਗਲੀ ਕਵਿਤਾ ਨੂੰ ਸਮਝਣ ਲਈ ਵਰਨ-ਮਾਲਾ (Alphabet) ਹਨ। ਵੇਖੇ ਅਤੇ ਅਣਵੇਖੇ ਸੱਜਣ ਇਸ ਨੂੰ ਮਨਜ਼ੂਰ ਕਰਨ :

*ਰੁਕ ਰੁਕ ਵਗਦਾ ਨਦੀ ਦਾ ਪਾਣੀ*
*ਰੁਕ ਰੁਕ ਗਾਵਾਂ ਗੀਤ।*
*ਨਦੀਏ ਨੀ ਤੇਰਾ ਦੂਰ ਸਮੁੰਦਰ*
*ਦੂਰ ਅਸਾਡਾ ਮੀਤ।* *(ਨਵਤੇਜ ਸਿੰਘ ਭਾਰਤੀ)*

x x x x

ਪਟਿਆਲੇ ਤੋਂ ਹਸਨ ਅਬਦਾਲ ਤਕ ਦਾ ਵੈਰਾਗ ਇਹਨਾਂ ਕਵਿਤਾਵਾਂ ਦੀ ਜ਼ਮੀਨ ਉੱਤੇ ਵਗ ਰਿਹਾ ਹੈ। ਪਿਛਲੇ ਚਾਰ ਸੰਗ੍ਰਹਿਆਂ ਵਿਚ ਉਸ ਪਾਰ ਦੇ ਦੋਸਤਾਂ ਦੀਆਂ ਆਵਾਜ਼ਾਂ ਵੀ ਮੇਰੇ ਸ਼ਬਦ-ਜਗਤ ਵਿਚ ਮੁਕ ਸੌਂ ਰਹੀਆਂ ਹਨ। ਇਹਨਾਂ ਕਵਿਤਾਵਾਂ ਦੇ ਪਹਿਲੇ ਤਿੰਨ ਸੰਗ੍ਰਹਿ ਕਦੇ ਨ ਭੁੱਲਣ ਵਾਲੇ ਉਹਨਾਂ ਅਤਿ ਪਿਆਰੇ ਦਿਨਾਂ ਦੀਆਂ ਯਾਦਗਾਰਾਂ ਹਨ, ਜਦੋਂ ਵਕਤ ਦੇ ਸ਼ਾਹ ਸਵਾਰ ਦੀ ਪੀੜ ਦਾ ਸਾਡੀ ਮਾਸੂਮੀ ਨੂੰ ਨਹੀਂ ਸੀ ਪਤਾ। ਜ਼ਹਿਰ ਉਦੋਂ ਵੀ ਸੀ, ਪਰ ਮਿਠਾਸ ਦਾ ਜ਼ਿਆਦਾ ਖ਼ਿਆਲ ਸੀ। ਨਵਤੇਜ ਭਾਰਤੀ ਦੀਆਂ ਸਾਹਿਤਿੱਕ ਜਿੱਤਾਂ ਦਾ ਸਿਲਸਿਲਾ ਸ਼ੁਰੂ ਹੋਣ ਵਾਲਾ ਹੀ ਸੀ, ਜਦੋਂ ਉਸ ਨੇ ਇਕ ਦੋਸਤ ਦੇ ਮਿਹਨੇ ਦੀ ਤਲਖ਼ੀ ਨ ਸਹਾਰਦੇ ਹੋਏ ਆਪਣੀਆਂ ਡੇਢ ਸੌ ਤੋਂ ਉੱਪਰ ਕੁਝ ਨਿੱਕੀਆਂ ਅਤੇ ਬਹੁਤੀਆਂ ਲੰਮੀਆਂ ਨਜ਼ਮਾਂ ਨੂੰ ਅਗਨ-ਭੇਟ ਕਰ ਦਿੱਤਾ। ਭਾਵੇਂ ਇਕ ਸਾਲ ਲੰਘਣ ਉੱਤੇ ਜਲੀਆਂ ਕਵਿਤਾਵਾਂ ਵਿੱਚੋਂ ਜ਼ਬਾਨੀ ਯਾਦ ਵੀਹ-ਪੰਝੀ ਨਿੱਕੀਆਂ ਕਵਿਤਾਵਾਂ ਦਾ ਇਕ ਕਾਵਿ-ਸੰਗ੍ਰਹਿ ਉਸ ਨੇ ਛਾਪਿਆ ਵੀ, ਪਰ ਇਸ ਸਦਮੇ ਦੀ ਪੀੜ ਨੂੰ ਉਹ ਭੁੱਲ ਨਾ ਸਕਿਆ ਅਤੇ ਪ੍ਰਦੇਸ ਵਿਚ ਵੀ ਉਦਾਸ ਹੀ ਰਿਹਾ। ਉਹਨਾਂ ਹੀ ਦਿਨਾਂ ਵਿਚ ਭੈਣ ਦਲੀਪ ਕੌਰ ਟਿਵਾਣਾ ਤਪੋਵਣਾਂ ਤੋਂ ਆਧੁਨਿਕ ਕਾਲ ਤਕ ਦੇ ਇਸਤ੍ਰੀ-ਮਨ ਦੀ ਕੋਮਲਤਾ ਅਤੇ ਵੇਦਨਾ ਦਾ ਸਰੋਦੀ ਚਿੰਤਨ ਕਿਸੇ ਨਵੇਂ ਮਹਾਨ ਨਾਵਲ ਵਿਚ ਦਰਸਾਉਣ ਲਈ ਸਾਧਨਾ ਕਰ ਰਹੇ ਸਨ। (ਮੈਂ ਨਹੀਂ ਜਾਣਦਾ ਉਹਨਾਂ ਦਾ ਇਹ ਸੁਪਨਾ ਹੁਣ ਕਿਸ ਪੜਾ ਉੱਤੇ ਹੈ!) ਉਦੋਂ ਗੁਰਬਖਸ਼ ਸੋਚ ਅਤੇ ਗੁਰਭਗਤ ਸਿੰਘ ਭਵਿੱਖ ਦੇ ਜੀਵਨ ਦੀ ਹਲਾਹਲ ਤੋਂ ਬੇਪਰਵਾਹ ਕਲਾਸੀਕਲ ਸਾਹਿਤ ਦੇ ਅੰਦਾਜ਼ ਨਸ਼ਈ ਸ੍ਵੈਮਾਣ ਨਾਲ ਬਿਆਨ ਕਰਿਆ ਕਰਦੇ ਸਨ, ਅਤੇ ਹੋਮਰ ਦੀਆਂ ਲੰਮੀਆਂ ਸਨਾਤਨੀ ਤਸ਼ਬੀਹਾਂ ਦਾ ਹੁਸਨ-ਜਾਦੂ ਅਮਲੀ ਜੀਵਨ ਵਿਚ ਵੰਡਿਆ ਕਰਦੇ ਸਨ। ਉਦੋਂ ਕਾਫ਼ਲੇ ਦੇ ਨਗਾਰੇ ਦੀ ਚੋਟ ਤੋਂ ਸਭ ਬੇਖ਼ਬਰ ਸਨ। ਉਹਨਾਂ ਦਿਨਾਂ ਵਿਚ ਲਾਲੀ ਸਾਹਿਬ ਦਰਸ਼ਨ ਅਤੇ ਸਾਹਿਤ ਦੀਆਂ ਸੈਂਕੜੇ ਦਾਸਤਾਨਾਂ ਵਿਚ *ਪੰਛੀਆਂ ਦੀ ਮਹਿਫ਼ਲ* ਦੇ ਕਰਤਾ ਫਰੀਦ-ਉਦ-ਦੀਨ ਅੱਤਾਰ ਦੀ ਚਿੰਤਨਸ਼ੀਲ ਸਾਦਗੀ ਵਾਲਾ ਤਸੱਵੁਫ ਦਾ ਵਾਰਤਾਲਾਪੀ ਰਸ ਰਾਤਾਂ ਦੇ ਲੰਮੇ ਜਸ਼ਨਾਂ ਵਿਚ ਜ਼ਿੰਦਾ ਕਰ ਦਿਆ ਕਰਦੇ ਸਨ। ਪ੍ਰੋ: ਪ੍ਰੀਤਮ ਸਿੰਘ ਕਦੇ ਹਾਜ਼ਰ ਨਾ ਹੋਣ ਦੇ ਬਾਵਜੂਦ ਇਹਨਾਂ ਮਹਿਫ਼ਲਾਂ ਦੀ ਗੁਪਤ ਪ੍ਰੇਰਣਾ ਸਨ। ਉਹਨਾਂ ਦਿਨਾਂ ਵਿਚ ਮੈਂ ਇਸ ਕਤਾਰ ਵਿਚ ਸਭ ਤੋਂ ਪਿੱਛੇ ਖ਼ਾਮੋਸ਼ ਖਲੋਤਾ ਹੁੰਦਾ ਸਾਂ। ਸ਼ਾਇਦ ਉਹਨਾਂ ਮਿੱਤ੍ਰਾਂ ਦੇ ਕਿਸੇ ਗ਼ੋਸ਼ੇ ਵਿਚ ਮੈਨੂੰ ਵੀ ਥੋੜੀ ਜਿੰਨੀ ਥਾਂ ਮਿਲ ਜਾਵੇ।

(20-7-89) **ਹਰਿੰਦਰ ਸਿੰਘ ਮਹਿਬੂਬ**

**WWW.SIKHBOOKCLUB.COM** 

# ਤੇਰਾਂ ਵਰ੍ਹੇ ਪਿੱਛੋਂ

ਪਿਛਲੇ ਨਿਬੰਧ ਲਿਖੇ ਨੂੰ ਤੇਰਾਂ ਵਰ੍ਹੇ ਬੀਤ ਚੁੱਕੇ ਹਨ। ਰੂਸ ਅਤੇ ਯੂਰਪ ਦੇ ਸਮਾਜਵਾਦੀ ਨਜ਼ਾਮ ਬਿਖਰ ਚੁੱਕੇ ਹਨ। ਨਾਜ਼ਿਮ, ਹਿਕਮਤ, ਮਾਇਕੋਵਸਕੀ ਅਤੇ ਪਾਬਲੋ ਨੇਰੂਦਾ ਦੇ ਉਲੀਕੇ ਰੂਸੀ ਕ੍ਰਾਂਤੀ ਤੋਂ ਪ੍ਰੇਰਣਾ ਲੈਂਦੇ ਸੰਘਰਸ਼, ਕ੍ਰਾਂਤੀਕਾਰੀ ਚੜ੍ਹਤਲਾਂ, ਸੁਪਨੇ, ਆਦਰਸ਼, ਜ਼ਖ਼ਮ ਅਤੇ ਜੇਲ੍ਹਾਂ ਦੇ ਹੁੰਮਸ ਫ਼ਰਜ਼ੀ ਯਥਾਰਥ ਦੀ ਧਰਤੀ ਅਤੇ ਗਗਨ ਵਿਚਕਾਰ ਤ੍ਰਿਸ਼ੰਕੂ ਵਾਂਗ ਲਟਕਦੇ ਬੀਤੇ ਦਾ ਮਸਨੂਈ ਇਤਿਹਾਸ ਬਣ ਚੁੱਕੇ ਹਨ। Konstantin Simis ਦੀ ਕਿਤਾਬ *USSR: Secrets of A Corrupt Society* (1982) ਅਤੇ *ਬਾਤ ਇਕ ਬੀਤੇ ਦੀ* (ਸੁਕੀਰਤ, 1999) ਵਿਚ ਇਕਹਿਰੇ ਪਦਾਰਥਵਾਦ ਉੱਤੇ ਖੜੇ ਇਨਕਲਾਬ ਦੇ ਜੋ ਸੰਕਟ ਸਾਹਮਣੇ ਆਏ, ਉਹੀ ਪਤਨ ਇਸਦਾ ਪੱਖ ਪੂਰਦੇ ਸ਼ਾਇਰਾਂ ਦੇ ਕਾਵਿ-ਗੁਣਾਂ ਵਿਚ ਵਿਆਪਿਆ। ਮਿਸਾਲ ਲਈ ਪਾਬਲੋ ਨੇਰੂਦਾ ਦੀ ਕਵਿਤਾ ਸਾਗਰ, ਵਣ ਅਤੇ ਪਹਾੜਾਂ ਨੂੰ ਵਾਰ ਵਾਰ ਚਿਤਵ ਕੇ ਵੀ ਉਹਨਾਂ ਦੀ ਸੁਜੀਵ ਰੂਹ ਦਾ ਪ੍ਰਭਾਵ ਨਹੀਂ ਦੇ ਸਕੀ। ਜੀਵਨ ਦੀ ਸਿਹਤਮੰਦ ਸੰਪੂਰਣਤਾ ਦੀ ਮੰਜ਼ਿਲ ਕਵਿਤਾ ਨੂੰ ਨੇੜ ਭਵਿੱਖ ਵਿਚ ਕਿਤੇ ਵੀ ਨਹੀਂ ਦਿਸ ਰਹੀ। ਪੰਜਾਬੀ ਕਵਿਤਾ ਵਿਚ ਬਹੁ-ਚਰਚਿਤ ਪਰਾ-ਆਧੁਨਿਕਵਾਦ ਗਿਆਨ ਦੀਆਂ ਵਿਭਿੰਨ ਸ਼ਾਖਾਵਾਂ ਨੂੰ ਜੀਵਨ-ਰਸ ਵਾਲਾ ਤਨਾ ਨਹੀਂ ਪ੍ਰਦਾਨ ਕਰ ਸਕਿਆ। ਅਜਿਹੀ ਕਵਿਤਾ ਵਿਚ ਇਕਾਗਰਤਾ ਕਿਤੇ ਨਹੀਂ। ਭਾਸ਼ਾ, ਦਰਸ਼ਨ, ਵਿਗਿਆਨ, ਇਤਿਹਾਸ, ਮਨੋਵਿਗਿਆਨ, ਜਾਤੀ ਲੱਛਣਾਂ ਅਤੇ ਸਭਿਅਤਾਵਾਂ ਦੀ ਨਵੀਂ ਪਹਿਚਾਣ ਆਦਿ ਦੇ ਕਾਹਲੀ ਵਿਚ ਕੀਤੇ ਵਿਸ਼ਲੇਸ਼ਣ ਮਨੁੱਖੀ ਚੇਤਨਾ ਵਿਚ ਹਫੜਾ-ਦਫੜੀ ਜੇਹੀ ਫੈਲਾ ਰਹੇ ਹਨ ਅਤੇ ਉਹ ਇਸ ਅੰਦਰ ਤਾਲਮਈ ਦ੍ਰਿਸ਼ ਨਹੀਂ ਬਨਣ ਦੇ ਰਹੇ। ਪਰਾ-ਆਧੁਨਿਕ ਕਵਿਤਾ ਗਿਆਨ ਦੇ ਅਜਿਹੇ ਖਿੰਡਾਉ ਦੀ ਸ਼ਿਕਾਰ ਹੈ, ਜਿਸ ਨੂੰ ਕਿਸੇ ਨਿਸਚਿਤ ਕੇਂਦਰ ਦੀ ਪਛਾਣ ਨਹੀਂ। ਪਿਛਲੇ ਦਹਾਕੇ ਵਿਚ ਉਪਜੀ ਕਵਿਤਾ ਅਜਿਹੀ ਤ੍ਰਾਸਦੀ ਵਿੱਚੋਂ ਲੰਘ ਰਹੀ ਹੈ, ਜਿਹੜੀ ਉਸ ਨੂੰ ਸਦੀਆਂ ਦੀ ਇਕਾਗਰਤਾ ਰਾਹੀਂ ਕਮਾਏ ਆਪਣੇ ਕੋਮਲ ਗੁਣਾਂ ਦੀ ਬਹੁਰੰਗਤਾ ਤੋਂ ਵਿਰਵੀ ਕਰ ਰਹੀ ਹੈ। ਕਵਿਤਾ ਦੀ ਨਾਜ਼ਕ ਵਿਧਾ ਤੋਂ ਬਹੁਤ ਨੀਵੇਂ ਧਰਾਤਲ ਉੱਤੇ ਵਿਚਰਦੀਆਂ ਧੜੇਬੰਦੀਆਂ ਪਰਾ-ਆਧੁਨਿਕ ਕਵਿਤਾ ਦੀ ਅਗਵਾਈ ਕਰ ਰਹੀਆਂ ਹਨ। ਸਾਡੇ ਖ਼ਿਆਲ ਵਿਚ ਸੰਪੂਰਣ ਇਕਾਗਰ ਜ਼ਿੰਦਗੀ ਦਾ ਗਹਿਰਾ/ਗਤੀਸ਼ੀਲ ਅਨੁਭਵ ਹੀ ਮਹਾਨ ਕਵਿਤਾ ਨੂੰ ਸਿਰਜਦਾ ਹੈ।

(10-9-2002) **ਹਰਿੰਦਰ ਸਿੰਘ ਮਹਿਬੂਬ**

1

# ਵਣ-ਵੈਰਾਗ

*(1961-62 ਵਿਚ ਲਿਖੀਆਂ ਨਜ਼ਮਾਂ ਵਿੱਚੋਂ ਕੁਝ)*



ਮਜਮੂਏ ਦੇ ਛਪਣ ਦਾ ਵੇਲਾ
ਧੀ ਨੂੰ ਘਰ 'ਚੋਂ ਵਿਦਿਆ ਕਰਨ ਦੇ ਵੇਲੇ ਵਾਂਗੂੰ ਲੱਗੇ।

ਜਦ ਇਹ ਵੇਲਾ ਆਵੇ
ਵਰ੍ਹਿਆਂ ਪਹਿਲਾਂ ਲਿਖੀਆਂ ਸ਼ੇਵਾਂ
ਇਕ ਇਕ ਕਰਕੇ ਲੱਭੀਏ
ਵਧ ਘੱਟ ਕਰਕੇ, ਛਾਂਟੀਏ, ਜੋੜੀਏ...

ਭਾਵੇਂ ਆਉਣੇ ਵਾਲਾ ਵੇਲਾ
ਯਾਦਾਂ ਦੀ ਇਸ ਬਰੀ ਨੂੰ ਨਿੰਦੇ
ਭਾਵੇਂ ਸੀਨੇ ਲਾਵੇ...

*(ਡਾ. ਰਿਆਜ਼ ਮਜੀਦ, ਲਾਇਲਪੁਰ)*

# ਸਮਰਪਣ

ਡਾ: ਸਤਿੰਦਰ ਸਿੰਘ ਨੂਰ ਦੇ ਨਾਂ, ਮੁਢ-ਕਦੀਮੀ ਦੋਸਤੀ
ਦੇ ਕਿਸੇ ਉੱਜਲ ਸੁਪਨੇ ਨੂੰ ਯਾਦ ਰੱਖਣ ਲਈ;
ਮੁਹੱਬਤ ਦੀ ਕਿਸੇ ਸ਼ਾਨ ਨੂੰ ਮੁੜ ਤੱਕਣ
ਦੀ ਹਸਰਤ ਨਾਲ; ਵਗ ਚੁੱਕੇ ਦਰਿਆ ਦੀ
ਆਵਾਜ਼ ਨੂੰ ਹਵਾਵਾਂ ਵਿਚ ਮੁੜ
ਸੁਣਨ ਦੀ ਉਡੀਕ ਵਿਚ।

# ਵਣ-ਵੈਰਾਗ ਬਾਰੇ

ਇਸ ਕਾਵਿ-ਪੁਸਤਕ ਦੀਆਂ ਸਭ ਕਵਿਤਾਵਾਂ 60 ਤੋਂ 62 ਸੰਨ ਦੇ ਵਿਚਾਲੇ ਲਿਖੀਆਂ ਗਈਆਂ। ਸਿਰਫ਼ 'ਬਨਬਾਸ' ਕਵਿਤਾ ਹੀ 1956 ਵਿਚ ਲਿਖੀ ਗਈ, ਜਿਸ ਨੂੰ ਕਿ ਲੰਘੇ ਦਿਨਾਂ ਦੇ ਵਤਨ ਛੱਡਣ ਦੇ ਨਿੱਜੀ ਹੌਕੇ ਨਾਲ ਰਿਸ਼ਤਾ ਜੋੜਨ ਲਈ ਮੈਂ *ਵਣ-ਵੈਰਾਗ* ਵਿਚ ਸ਼ਾਮਿਲ ਕਰ ਲਿਆ। ਇਹਨਾਂ ਸਾਲਾਂ ਵਿਚ ਸੌ ਤੋਂ ਉੱਪਰ ਕ੍ਰਾਂਤੀਕਾਰੀ ਕਵਿਤਾਵਾਂ ਵੀ ਲਿਖੀਆਂ, ਜਿਹੜੀਆਂ ਕਿ ਡਾ: ਹਰਿਭਜਨ ਸਿੰਘ ਹੋਰਾਂ ਦੀ *ਅਲਫ਼ ਦੁਪਹਿਰ* ਵਾਂਗ ਸੋਹਣੀਆਂ ਹੋਣ ਦੇ ਬਾਵਜੂਦ ਸਮੇਂ ਦੀਆਂ ਲਹਿਰਾਂ ਦੀ ਮੱਲੋ-ਜ਼ੋਰੀ ਬਣਾਈ ਹਕੀਕਤ ਉੱਤੇ ਖੜੀਆਂ ਸਨ। ਸੋ, ਉਹਨਾਂ ਨੂੰ ਰੱਦ ਕਰ ਦਿੱਤਾ ਗਿਆ। ਜ਼ਰਾ ਸਿਆਣਾ ਹੋਣ ਉੱਤੇ ਮੈਨੂੰ ਸਮਝ ਪਈ ਕਿ ਸ਼੍ਰੇਣੀ-ਸੰਘਰਸ਼ ਦੇ ਇਕਹਿਰੇ ਫ਼ਾਰਮੂਲੇ ਦੀ ਜ਼ਿੰਦਗੀ ਦੇ ਡੂੰਘੇ ਸੱਚਾਂ ਨਾਲ ਕਦੇ-ਕਦੇ ਹੀ ਅਸਲ ਸਾਂਝ ਹੁੰਦੀ ਹੈ।

ਇਹਨਾਂ ਕਵਿਤਾਵਾਂ ਵਿਚ ਨਾਇਕ ਕਿਸੇ ਪਾਵਨ ਚਿਹਰੇ ਦੇ ਸੁਪਨੇ ਵਿੱਚੋਂ ਸਕੂਨ ਲੈ ਰਿਹਾ ਹੈ, ਅਤੇ ਉਸ ਤੋਂ ਵਿੱਛੜ ਕੇ ਗੁਨਾਹਗਾਰ ਵਾਂਗ ਉਮਰ ਗੁਜ਼ਾਰਦਾ ਹੈ। ਕਹਿ ਨਹੀਂ ਸਕਦਾ ਉਸ ਨੇ ਉਹ ਚਿਹਰਾ ਸੱਚੀ-ਮੁੱਚੀ ਵੇਖਿਆ ਹੈ, ਜਾਂ ਨਹੀਂ। ਪਰ ਇਕ ਗੱਲ ਸਪਸ਼ਟ ਹੈ, ਹੁਸੀਨ ਚਿਹਰੇ ਦਾ ਸੁਪਨਾ ਨਾਇਕ ਦੀ ਪਾਕ ਫ਼ਕੀਰੀ ਹੈ, ਉਸ ਦੀ ਅਧਿਆਤਮਕ ਜੁਸਤਜੂ ਹੈ, ਉਸ ਦਾ ਕੁਦਰਤ ਦਾ ਸਫ਼ਰ ਹੈ ਅਤੇ ਗੁਨਾਹ ਤੋਂ ਨਜਾਤ ਹੈ। ਉਸ ਦਾ ਦੈਵੀ ਦੀਦਾਰ ਤੋਂ ਵਿਛੜਨਾ ਮਨੁੱਖੀ ਹੋਂਦ ਦੀ ਮੂਰਛਾ ਹੈ, ਅਤੇ ਜਨਮ-ਮਰਨ ਦੇ ਭਾਰ ਥੱਲੇ ਦੱਬੀ ਲਾਸ਼ ਹੋਣਾ ਹੈ। ਇਕ ਬੰਦੇ ਦਾ ਗੁਨਾਹ ਸਾਰੇ ਯੁਗ ਦਾ ਗੁਨਾਹ ਹੋ ਸਕਦਾ ਹੈ। ਇਕ ਬੰਦੇ ਦੀ ਚੀਖ਼ ਦਾ ਜੁਆਬ ਕਈ ਯੁਗਾਂ ਦੇ ਗੁਨਾਹ ਕੁਰਲਾ ਕੇ ਦੇ ਸਕਦੇ ਹਨ। ਉਹ ਰਲ ਕੇ ਉਸ ਨੂੰ ਪਾਰ ਨਹੀਂ ਲੰਘਾ ਸਕਦੇ; ਪਾਰ ਉਹ ਇਕੱਲਾ ਹੀ ਜਾਵੇਗਾ। ਜੀਵਨ ਦੀ ਚੰਨ-ਚਾਨਣੀ ਵਿਚ ਇਕ ਸੰਘਣਾ ਵਣ ਸੁੱਤਾ ਹੈ, ਜਿਸ ਵਿਚ ਯੁਗਾਂ ਦੇ ਗੁਨਾਹਗਾਰ ਮੂਰਛਿਤ ਪਏ ਹਨ। ਕਈਆਂ ਦੀ ਮੂਰਛਾ ਹੁਸਨ ਦੀ ਸੱਦ ਨੇ ਤੋੜੀ, ਤੇ ਉਹ ਸਰਸਬਜ਼ ਵਿਸ਼ੈਲੇ ਵਣ ਨੂੰ ਪਾਰ ਕਰ ਗਏ। ਉਹ ਲਾਸ਼ ਨਾਂਹ ਰਹੇ। ਉਹ ਮਸੀਹਾ ਬਣ ਗਏ। ਭਾਵੇਂ ਉਹਨਾਂ ਦੀ ਚੀਖ਼ ਇਕੱਲੀ ਸੀ, ਪਰ ਸਾਰਾ ਸੰਸਾਰ ਮਾਹੀ ਨੂੰ ਮਿਲਣ ਲਈ ਉਹਨਾਂ ਦੇ ਨਾਲ ਸੀ। ਜਨਮ ਇਕ ਪਰਦਾ ਹੈ, ਜੋ ਮਿਲਣ ਅਤੇ ਵਿਛੜਨ ਦੇ ਛਿਣ ਉੱਤੇ ਹੀ ਦਿੱਸਦਾ ਹੈ। ਮਿਲਣ ਦੀ ਤ੍ਰਿਖਾ ਫ਼ਰਿਹਾਦ ਦੇ ਲੱਖਾਂ ਸੰਘਰਸ਼ਾਂ ਵਿੱਚੋਂ ਦੀ ਗੁਜ਼ਰਦੀ ਹੈ; ਸੁੱਤੀ ਨਾਰ ਨੂੰ ਜਗਾਉਣ ਦਾ ਖ਼ਿਆਲ ਆਉਂਦਾ ਹੈ। ਵਿਛੜਨਾ ਸਿਦਕ ਦੇ ਗੁਆਚ ਜਾਣ ਦੀ ਦਾਸਤਾਨ ਬਣਦਾ ਹੈ: ਮਲਾਹਾਂ ਦੇ ਪਛਾਣੇ ਗਏ ਪੁੱਤਰ ਦੀ ਪਿਆਸ ਅਤੇ ਮੂਰਛਾ! *(21-9-89)*

# 1

## ਭਰਮ-ਭੈਅ

ਸੂਰਜ ਛਿਪਦੇ ਕੋਲੇ ਸਖੀਏ
ਕੋ ਪੰਛੀ ਕੁਰਲਾਇਆ,
ਤਰਕਾਲਾਂ ਦੇ ਦੇਸ ਅੰਦਰਾਂ
ਕੌਣ ਕੌਣ ਨਹੀਂ ਆਇਆ ?

ਸੂਰਜ ਤਿਨ੍ਹਾਂ 'ਤੇ ਲਾਲੀ ਵਾਰੇ
ਰਾਤ ਜਿਨ੍ਹਾਂ ਦੇ ਪੱਲੇ;
ਰੰਗ ਨੂੰ ਰੰਗ ਦੇ ਦੇਸ ਉਡਾਵਾਂ
ਖ਼ਤ ਕੋਈ ਸਾਨੂੰ ਘੱਲੇ।

ਕਿਸ ਜੂਹ ਵਿਚ ਹੁਣ ਡਾਰ ਨੂੰ ਮਿਲਣਾ
ਪੰਛੀ ਜੋ ਕੁਰਲਾਂਦਾ
ਪੱਛਮ ਦੀ ਰੁਤ ਮੋਹਿਆ ਇਸ ਨੂੰ
ਮੁੱਕਦੀ ਤੇ ਪਛਤਾਂਦਾ।

ਦੂਰ ਸਰਾਂ ਦੇ ਕੰਢੇ ਸਖੀਏ
ਹੰਝੂ ਜਲ ਵਿਚ ਰਲਿਆ,
ਕਲਵਲ ਹੋ ਕੇ ਭੌਂਦੇ ਫਿਰਣਾ
ਪਾਣੀਆਂ ਦੇ ਵਿਚ ਮਰਿਆ।

ਸੋਹਣਾ ਸੰਞਾਂ ਵਿਚ ਗੁਆ ਕੇ
ਅੱਗ-ਘਰ ਮੈਂ ਨਹੀਂ ਜੀਣਾ,
ਕੰਵਲਾਂ ਦੀ ਜਿਸ ਪਿਆਸ ਬੁਝਾਈ
ਮੈਂ ਉਸ ਜਲ ਨੂੰ ਪੀਣਾ।

ਦੂਰ ਲਾਲੀਆਂ ਕੰਬ ਕੰਬ ਗਈਆਂ
ਪਾਣੀ ਕਦੇ ਨ ਰੋਇਆ,
ਕੂੰਜ ਨੂੰ ਡਾਰੋਂ ਵਿਛੜ ਜਾਣ ਦਾ
ਭਰਮ ਕਿਉਂ ਸਈਏ ਹੋਇਆ ?

•


WWW.SIKHBOOKCLUB.COM 

# 2

# ਸੁੱਤੀ ਨਾਰ

ਮੈਂ ਇਕ ਸੁੱਤੀ ਨਾਰ ਸਰ੍ਹਾਣੇ
ਕਿਹਾ: ਜਾਗ ਨੀ ਰੁੱਤੇ
ਲੱਖਾਂ ਆਇ ਖੜ੍ਹੇ ਸੌਦਾਗਰ
ਫੁੱਲਾਂ ਦੇ ਦਰ ਉੱਤੇ।

ਤੇਰੀ ਕੁਟੀਆ 'ਤੇ ਰਾਹੀਆਂ ਨੂੰ
ਆ ਕੇ ਸੂਰਜ ਛਿਪਿਆ,
ਪੱਛਮ ਦੇ ਰੰਗ ਮਿਲਣੇ ਆਏ
ਆਏ, ਜਾਣ ਲਈ ਉੱਠੇ।

ਰੰਗ ਦਾ ਕੁਈ ਇਤਬਾਰ ਨ ਕਰਿਓ
ਇਹ ਜੋਗੀ, ਪ੍ਰੀਤ ਕਚੇਰੀ,
ਛੱਲ ਹੈ, ਮੇਰੇ ਦੇਖਣ ਦੀ ਗੱਲ
ਮੋਹ ਪਾ ਪੈਂਡੇ ਉੱਚੇ।

ਰੈਣ ਬਸੇਰਾ ਦਰਦ ਘਨੇਰਾ
ਦੁੱਖ ਮੰਜ਼ਲ ਦੇ ਕਿੰਨੇ!
ਮਿਤ੍ਰ ਪਿਆਰੇ 'ਤੇ ਮਰ ਜਾਣਾ
ਜਿਸ ਨਗਰੀ ਵਿਚ ਸੁੱਤੇ।

ਤਿਰੇ ਮੁਰੀਦਾਂ ਦੇ ਸਾਹਵੇਂ ਤਾਂ
ਤੈਂ ਜਾਗਣ ਦਾ ਵੇਲਾ
ਘਟਦੀ ਸੂਰਜ ਦੀ ਵੀ ਉਮਰਾ
ਰੰਗਾਂ ਦਾ ਦਿਲ ਟੁੱਟੇ।

ਤੇਰੇ ਵਣ ਦੀ ਦੁਨੀਆ ਤੇਰੀ
ਅਸੀਂ ਤਾਂ ਦੂਰ ਦੇ ਬੰਦੇ,
ਗੱਲ ਕਰ ਚਲੇ ਜਾਵਾਂਗੇ ਏਥੋਂ
ਜਾਗ ਸੁਹਣੀਏਂ ਰੁੱਤੇ।

ਤੈਨੂੰ ਰੁੱਤ ਮੈਂ ਆਖਣ ਵਾਲਾ
ਉਹ ਨਿੰਦਰਾਇਆ ਪਾਣੀ,
ਜਿਸ ਦੇ ਉੱਤੇ ਖੰਭ ਫੈਲਾ ਕੇ
ਕੰਵਲ ਯੁਗਾਂ ਤੋਂ ਸੁੱਤੇ।

ਇਹ ਕੀ ਭਲਾ ਮਾਣ ਹੈ ਤੈਨੂੰ ?
ਪੌਣਾਂ ਦਾ ਸੰਗ ਤੱਜਣਾ,
ਉਮਰ ਨੂੰ ਇੰਞ ਕੀਲ ਕੇ ਸੌਣਾ
ਰਹਿਣਾ ਮਹਿਕ-ਵਿਗੁੱਤੇ।

ਵਿਸੁ ਵਿਸ਼ਵ ਦੀ ਭਰਕੇ ਨਾਗੋ
ਫਣਾਂ 'ਚ ਰੋਹ ਨੂੰ ਬਾਲੋ,
ਜ਼ਰਾ ਏਸ ਸੁਪਨੇ ਦੀ ਸ਼ੀਰੀਂ
ਕੌੜੇ ਡੰਗ ਨਾ' ਟੁੱਟੇ।

•


WWW.SIKHBOOKCLUB.COM

## 3

# ਕੰਤ

ਕੰਤ ਦੀ ਥਾਹ ਨ ਲੈ ਤੂੰ ਸਖੀਏ
ਕੌਣ ਕੰਤ ਹੈ ਮੇਰਾ:
ਜਲਾਂ 'ਚੋਂ ਮੇਰਾ ਰੂਪ ਪਛਾਣੇ
ਪੱਥਰਾਂ ਉੱਤੇ ਵਸੇਰਾ।

ਕੇਸਾਂ ਨੂੰ ਧਾਹ ਚੜ੍ਹੀ ਜੁਆਨੀ
ਜਨਮ ਮੇਘ ਦਾ ਹੋਇਆ,
ਪੰਧ ਕਿਸੇ ਨੇ ਕੀਤਾ ਲੰਮਾ
ਦਰ ਵਿਚ ਆਣ ਖਲੋਇਆ।

ਮੇਰਿਆਂ ਕੁਲ ਰਾਹਾਂ ਦਾ ਭੇਤੀ
ਦੀਵਿਆਂ ਦਾ ਵਣਜਾਰਾ,
ਰਹਿੰਦੀ ਉਮਰ ਦੀ ਪੂੰਜੀ ਲੈ ਕੇ
ਰਾਹੀਂ ਬਲੇ ਪਿਆਰਾ।

ਸੱਦ ਰਿਜ਼ਕ ਦੀ ਕਿਹੜੇ ਵੇਲੇ
ਸੁਣੀ ਦਿਲਾਂ ਦੇ ਮਾਹੀ?:
ਜਿਸ ਰਾਤੀਂ ਮੈਂ ਭੇਦ ਚਿਰੋਕਾ
ਦਸਣਾ ਸਈ ਸ਼ਰਮਾਈ।

ਰੁੱਤਾਂ ਦੇ ਬਹੁ ਕਾਸਦ ਆਏ
ਕੀ ਕੁੱਝ ਅਸੀਂ ਗੁਆਇਆ?
ਪੱਥਰ ਕੁਟਦੇ ਮਾਹੀ ਦਾ ਕੋ
ਮੀਤ ਦੇਸ ਨਹੀਂ ਆਇਆ।

ਚਿੰਤਾ ਕੰਤ ਦੀ ਬਹੁਤ ਸਿਆਣੀ
ਦੂਰ ਵਸੇ ਜੀ ਮੇਰਾ।
ਕੇਸ ਮੇਰੇ ਤੂੰ ਭੁੱਲ ਨ ਸਕਿਉਂ
ਪਿਆਰ ਕੀ ਜਾਣਾ ਤੇਰਾ!


WWW.SIKHBOOKCLUB.COM

ਮਾਹੀ ਕਦੇ ਪੱਥਰਾਂ ਨੂੰ ਤੋੜੇ
ਕਦੇ ਰੰਗਾਂ ਨੂੰ ਛੋਹੇ।
ਕਾਗਦ 'ਤੇ ਇਕ ਜ਼ੁਲਫ ਜਾਂ ਢਿਲਕੀ
ਫ਼ਜਰ ਦਾ ਵੇਲਾ ਹੋਏ।

ਵੇਲੇ ਫ਼ਜਰ ਦੇ 'ਵਾਜਾਂ ਪਈਆਂ,
ਹੁਕਮ ਆਏ ਸਰਕਾਰੋਂ।
ਮੁੰਦ ਸੁਪਨਿਆਂ ਦੇ ਨੈਣਾਂ ਨੂੰ,
ਤੁਰੇ ਹੁਸਨ ਦੇ ਬਾਰੋਂ।

ਹੁਸਨ ਦਾ ਸੁਪਨਾ ਪੂੰਜੀ ਕਿਸਦੀ ?
ਨ ਕੰਤ ਨ ਮੇਰੀ
ਉਸ ਸੁਪਨੇ ਦੀ ਬਾਤ ਸੁਣਾਵਾਂ
ਜਿਸ ਸੁਪਨੇ ਵਿਚ ਦੇਰੀ।:

ਕੰਤ ਮੇਰਾ ਧੁੱਪਾਂ ਦਾ ਜਾਇਆ,
ਕਦੇ ਕਦੇ ਛਾਂ ਮਾਣੀ।
ਭਾਰੇ ਬੋਲ ਪੱਥਰਾਂ ਦੇ ਸੁਣਕੇ
ਸੁਣੇ ਬਿਰਖ ਦੀ ਬਾਣੀ।

ਮਹਿਕ ਚੰਬੇਲੀ ਆਂਗਨ ਸਾਡੇ
ਆ ਕੁਈ ਨੀਰ ਛੁਹਾਏ।
ਸੋਨ-ਸੁਰਾਹੀ ਮਾਹੀ ਦੀ ਵਿਚ
ਅਸਾਂ ਤਾਂ ਕੰਵਲ ਤਰਾਏ।

ਡੋਲ ਜਾਣ ਕੰਵਲ ਦੀਆਂ ਪੱਤੀਆਂ
ਮਾਹੀ ਦਾ ਦਿਲ ਡੋਲੇ।
ਕਿਹੜੀ ਰੁੱਤ ਵਿਚ ਕੋਇਲ ਹੈ ਆਈ,
ਕੌਣ ਵਿਯੋਗੀ ਬੋਲੇ!

ਇਸ ਬਾਰੀ 'ਚੋਂ ਜੂਹ ਮਾਹੀ ਦੀ
ਤੱਕ ਕੇ ਜੀਉ ਡੁਲਾਣਾ।
ਇਸ ਬਾਰੀ 'ਚੋਂ ਪੌਣ ਪਈ ਵੱਗੇ,
ਜਿਸ ਸਾਜਨ ਵਲ ਜਾਣਾ।

ਪੱਤੀ ਸਬਜ਼ ਕੰਵਲ ਦੀ ਢਿਲਕੀ
ਦੁੱਧ-ਰੰਗ ਸ਼ਰਮਾਈ।
ਕੀ ਇਸ ਫੁੱਲ ਨੂੰ ਹੋਇਆ ਸਖੀਏ ?
ਓਦਰਿਆ ਜਿਉਂ ਮਾਹੀ।


WWW.SIKHBOOKCLUB.COM

ਰਾਤਾਂ ਦਾ ਦਿਲ ਕੰਤ 'ਤੇ ਆਇਆ
ਤਾਰੇ ਵਾਰਨ ਆਈਆਂ।
ਰਾਹ ਵਿਚ ਚੰਨ ਦੀਆਂ ਗਲੀਆਂ ਅੰਦਰ
ਖੇਡਣ ਲੱਗੀਆਂ ਦਾਈਆਂ।

ਛੋਹ ਨੂੰ ਕੰਤ ਜਾਣ ਨਾ ਜਾਵੇ
ਫੜੀਆਂ ਚੰਨ ਕਲਾਈਆਂ।
ਕੱਜ ਕੱਜ ਤੁਰਨ ਕੰਤ ਵਲ ਜਿੰਦੂ
ਰੈਣਾਂ ਨਿਹੁੰ ਦੀਆਂ ਜਾਈਆਂ।

ਕੰਤ ਮੇਰਾ ਕੁੱਲ ਆਲਮ ਜਾਣੇ
ਤੂੰ ਬਸ ਸਈਏ ਭੁੱਲੀ।
ਖੇਡ ਦੀ ਉਮਰਾ ਪਾਈ ਬੁਝਾਰਤ
ਜੁਆਨੀ ਦੀ ਰੁੱਤ ਹੁੱਲੀ।

•


WWW.SIKHBOOKCLUB.COM

# 4
# ਕਿਸੇ ਜਾਂਗਲੀ ਨਾਰ ਨੂੰ

ਤੇਰੇ ਵਾਂਗ ਹਵਾ ਵਿਚ ਵਲ ਪੈਂਦੇ।
ਅਸੀਂ ਰੋਹੀਆਂ ਦੇ ਵੱਲ ਚੱਲ ਪੈਂਦੇ।

ਜਦ ਤੇਰਾ ਹਵਾ ਨੂੰ ਨਾਂ ਦੱਸੀਏ,
ਉਹਦੀ ਗੋਦੀ ਤਰੇਲ ਦੇ ਫਲ ਪੈਂਦੇ।

ਤੈਨੂੰ ਢੱਕੀ ਦੇ ਵਿਚ ਭਾਲਣ ਲਈ,
ਅਸੀਂ ਨਾਲ ਸ਼ੈਦਾਈਆਂ ਰਲ ਪੈਂਦੇ।

ਤਿਰੀ ਸੂਰਤ ਸਾਡੇ ਨੈਣੀ ਤਕ,
ਲੁਕ ਫੁੱਲਾਂ ਥੱਲੇ ਥਲ ਪੈਂਦੇ।

ਸਾਡੇ ਸਬਰ-ਹੁਸਨ ਦੀ ਕਾਂਗ ਚੜ੍ਹੀ,
ਲੱਖ ਢਾਬਾਂ ਦੇ ਕੰਬ ਜਲ ਪੈਂਦੇ।

ਅਸੀਂ ਨੇਰ੍ਹਾਂ ਨੂੰ ਮਚਕੋੜਦੇ ਹਾਂ,
ਜਦ ਰੂਪ ਤੇਰੇ ਦੇ ਛਲ ਪੈਂਦੇ।

ਜਦ ਰਾਹ ਨ ਸਾਨੂੰ ਲਭਦਾ ਕੁਈ,
ਤਦ ਸੀਨੇ ਸਾਡੇ ਸੱਲ੍ਹ ਪੈਂਦੇ।

ਸਾਡੀ ਖੇਡ ਨੂੰ ਚਾਲੂ ਰੱਖਣ ਲਈ,
ਤੇਰੇ ਦੀਵੇ ਅੰਬਰੀਂ ਬਲ ਪੈਂਦੇ।

ਤੇਰੇ ਵਾਂਗ ਹਵਾ ਵਿਚ ਵਲ ਪੈਂਦੇ।
ਅਸੀਂ ਰੋਹੀਆਂ ਦੇ ਵੱਲ ਚੱਲ ਪੈਂਦੇ।

•

WWW.SIKHBOOKCLUB.COM

## 5
# ਸੰਜੋਗ-ਵਿਜੋਗ

ਮਿਰੀ ਰੂਹ ਚੋਂ ਫੁੱਟੇ
ਇਕ ਰਾਤ ਮਿੱਟੀ-ਰੰਗੇ ਰੋਗ ਦੇ ਕੀੜੇ
ਵਿਸ਼ ਭਰਨ ਲਈ ਪੂਰੇ ਦੀਆਂ ਪੌਣਾਂ ਵਿਚ।
ਬੇਚੈਨ ਜਿਹੇ ਮਿਰੇ ਫੇਫੜੇ ਹੋਏ
ਤਪਦਿਕੀ ਥਕਨ ਤੋਂ ਲੈ ਲੈ ਕੇ ਸ਼ਕਤੀ
ਪੌਣਾਂ ਦੇ ਅੰਗ ਮੇਰੀ ਹੋਂਦ ਨੇ ਵਿੰਨ੍ਹੇ।
ਇਕ ਘੋਰ ਯੁਧ ਪਿੱਛੋਂ ਪੌਣਾਂ ਪਲੋਸੇ
ਸਿਹ ਦੇ ਤਕਲੇ ਮੇਰੀ ਹੋਂਦ ਵਿਚ ਕਿੰਨੇ।

ਫਿਰ ਬੇਸੁਰਤ ਕਰ ਸੋਹਣੀਆਂ ਮੈਨੂੰ
ਪੈਰ ਸੁਹਣੇ ਤਾਰਿਆਂ ਵਰਗੇ, ਤਾਰਿਆਂ ਜਿੰਨੇ
ਸੀਤਲ ਚੰਦ੍ਰਮਾ-ਰੰਗੇ ਧਰੇ ਆ ਰੂਹ ਤੇ।

ਚਾਨਣ-ਨੇਰ੍ਹ ਦੇ ਛਲਾਵੇ ਜਹੇ ਗੂੰਜੇ
ਨੀਂਦਾਂ ਦੇ ਦੇਸ ਵਿਚ ਸੌਣ ਦੀ ਰੁੱਤੇ,
ਰੂਹ ਦੇ ਸੈਂਕੜੇ ਦਰਾਂ 'ਚੋਂ ਨਿਕਲੀਆਂ ਪੌਣਾਂ
ਨੀਂਦ ਦੇ ਰਾਹੀ ਦਰਾਂ ਵਿਚ ਸੁੱਤੇ।

ਅੱਥਰੂ ਸਿਮਣ ਤਕ ਮੇਰੀ ਨਜ਼ਰ ਦੇ ਵਿੱਚੋਂ
ਦਰਿਆ ਵਗਦਾ ਰਿਹਾ ਮਾਰਦਾ ਠਾਠਾਂ
ਕੈਸਾ ਨਵੇਂ ਰੰਗਾਂ ਦਾ ਜਸ਼ਨ ਹੋਇਆ!

ਫੁੱਟਦੇ ਰਹੇ ਵਣਾਂ ਵਣਾਂ ਦੇ ਪੱਤੇ
ਨੀਂਦਾਂ ਦੇ ਬ੍ਰਿਛਾਂ ਦੇ ਬ੍ਰਿਛ ਇਸ ਤਰ੍ਹਾਂ ਟੁੱਟੇ
ਜਿਉਂ ਮੈਂ ਵੱਸਦੇ ਜਹਾਨ ਵਿਚ ਕੱਲਾ ਹੀ ਹੋਵਾਂ।

ਵਗੀ ਵਗੀ ਫਿਰ ਸ਼ਾਂਤ 'ਤੇ ਨਿਰਮਲ
ਅਨੰਤ ਹੀ ਅਨੰਤ ਧਾਰ ਤਾਜ਼ਗੀ ਦੀ


WWW.SIKHBOOKCLUB.COM

ਜਿਉਂ ਕੁਦਰਤਾਂ ਵਾਲੇ ਦਾ ਨਵਾਂ ਨਿਯਮ ਬਣਿਆਂ।
— — — — — — — — — — — — — — —
— — — — — — — — — — — — — — —

ਨਦੀਆਂ-ਪੈਰ ਲੱਗੀ ਸੁਪਨੇ ਦੀ ਮਹਿੰਦੀ
ਮੈਂ ਸੁੱਕੇ-ਹਰੇ ਘਾਹ ਦੇ ਦੇਸ ਵਿਚ ਸੁੱਤਾ।...
ਸਾਏ ਡੁਬਕੀਆਂ ਮਾਰਨ ਮੈਲੀ ਫਿਜ਼ਾ ਵਿਚ
ਉਡਣ ਟਾਹਲੀਆਂ ਦੇ ਖਾਕੀ ਪੱਤਰਾਂ ਦੇ ਪੱਤਰ,
ਖੁਸ਼ਕ ਮੁਸਕਾਨ ਮੇਰੇ ਕੇਸਾਂ 'ਚੋਂ ਨਿਕਲੇ
ਸੁੱਕੇ ਪੱਤਰਾਂ ਵਾਂਗੂੰ ਡੋਲਦੇ ਮੁੜ ਮੁੜ।

ਚੀਕਦਾ ਪੰਛੀ ਇਉਂ ਲਗੇ ਕਿ ਉਸਦੀ ਵਾਜ ਨੇ
ਸਦੀਆਂ ਤੋਂ ਕਦੇ ਵੀ ਪਾਣੀ ਨਹੀਂ ਪੀਤਾ,
ਉੱਡ ਗਿਆ ਹਸਦਾ, ਥਲਾਂ ਨੂੰ ਰਾਜ਼ ਦਸਦਾ।
ਉਹ ਮੇਰੀ ਯਾਦ ਵਿਚ ਅੱਥਰੂ ਭਰ ਗਿਆ
ਜਿਸਦੇ ਪਰਾਂ ਦੀਆਂ ਜੜ੍ਹਾਂ ਸੀ ਸੁੱਕੀਆਂ।
ਮੈਂ ਥਲਾਂ ਦੇ ਕੰਢੇ ਤੇ ਸੁੱਤਾ ਸਾਂ
ਸ਼ਿਸ਼ ਕਿਸੇ ਰਿਸ਼ੀ ਦਾ ਫਿਟਕਾਰਿਆ ਹੋਇਆ।

ਤਾਰਿਆਂ ਦੇ ਵਣਾਂ 'ਚੋਂ ਨਿਕਲੀਆਂ ਰਾਤੀਂ
ਸਾਉਣ ਦੀ ਰੁੱਤੇ ਪੁਰੇ ਦੀਆਂ ਪੌਣਾਂ,
ਚਾਂਦੀ ਭਿੱਜੀ ਅਰਸ਼ ਤੇ ਤਾਰਿਆਂ ਵਾਲੀ
ਰੂਪ-ਛਾਵਾਂ ਹੇਠ ਪਏ ਸਫਰ ਨੇ ਹੁੰਦੇ।
ਨਾਗਾਂ ਨੇ ਚਾਲ ਭੁੱਲੀ, ਵੰਝਲੀ ਮਾਰਦੀ ਹਾਕਾਂ,
ਪਹਾੜਾਂ ਤੋਂ ਉਤਰ ਕਿਸ ਜੋਗੀ ਨੇ ਔਣਾ ?

ਦੂਰ ਪ੍ਰਛਾਵਿਆਂ 'ਚ ਗੱਡਾ ਚੀਕਦਾ
ਅਜਬ ਹੀ ਸਬਰ ਦੀ ਪਾਉਂਦਾ ਕਹਾਣੀ।
ਖਲੋ ਗਿਆ ਮੇਰੇ ਕੋਲ ਆਪ ਹੀ ਆ ਕੇ
ਬਿਰਧ ਦਾ ਹੱਥ ਮੇਰੀ ਛਾਤੀ ਤੇ ਟਿਕਿਆ
ਜੁਆਨ ਪੁੱਤਰ ਮੇਰੀ ਅੱਖਾਂ ਤੇ ਝੁਕਿਆ;
ਭੇਦ-ਭਰੀਆਂ ਵੈਦ ਦੀਆਂ ਅੱਖਾਂ ਦੇ ਵਾਂਗ
ਜੋ ਟਿਕਣ ਕਿਸੇ ਹੋਣੀ ਦੇ ਨੁਕਤੇ ਤੇ ਜਾ
ਜੋ ਦੱਸਣ ਕਿ ਵਿਛੜਦੇ ਉਮਰਾਂ ਦੇ ਹਾਣੀ
ਇਉਂ ਨੈਣਾਂ 'ਚ ਤੋਲ ਕੇ ਮੈਨੂੰ, ਬੋਲਿਆ ਬੁੱਢਾ :
"ਇਹ ਪਿਛਲੇ ਜਨਮ ਵਿਚ ਮਲਾਹਾਂ ਦਾ ਪੁੱਤਰ ਸੀ,
ਚਿਰਾਂ ਤੋਂ ਏਸ ਨੇ ਪੀਤਾ ਨਹੀਂ ਪਾਣੀ।"

WWW.SIKHBOOKCLUB.COM

ਪੂਰੇ ਨੇ ਛੱਲ ਮਾਰੀ ਬਦਲੀਆਂ ਨਾਲ
ਸਾਵਣ ਦੇ ਰਾਹਾਂ ਤੋਂ ਗੀਤ ਇਕ ਆਇਆ।
ਬਿਰਧ ਨੇ ਇਉਂ ਅਡੋਲ ਤਲੀਆਂ ਤੇ ਚੁੱਕਿਆ
ਜਿਉਂ ਮੇਰੀ ਹੋਂਦ 'ਚੋਂ ਕਿਣਕਾ ਨਾ ਖੋਵੇ,
ਆਇਆ ਬਿਰਧ ਦੇ ਨੈਣਾਂ 'ਚ ਮਾਵਾਂ ਦਾ ਨੀਰ।
ਪਤਾਲ ਦੇ ਨੇੜੇ ਖੂਹਾਂ 'ਚ ਡਿੱਗਣ ਜਿਹੇ
ਡੋਲ ਪਏ ਜ਼ਿਮੀਂ ਤੋਂ ਉਠਦਿਆਂ
ਮੈਂ ਪਾਪ ਦੇ ਟੁਟਦਿਆਂ ਜਰੀ ਇਕ ਪੀੜ,
ਮੇਰੇ ਜਿਸਮ ਵਿਚ ਸੈਆਂ ਤੰਦਾਂ ਦੀ ਈਰਖਾ ਪਾ ਕੇ
ਸੀ ਯੁਗਾਂ ਦੀ ਨੀਂਦ ਵਿਚ ਸੌਂ ਗਿਆ ਤੰਦੂਆ
ਡੰਗਾਂ ਨੂੰ ਖਿੱਚਿਆ ਕਿਸੇ ਨੇ ਅਖੀਰ।

ਗੱਡੇ ਦੀ ਟੋਰ ਬਣੀ ਮਿੱਠੀ ਜਿਹੀ
ਗਮ ਦੀ ਚਾਂਦਨੀ ਬੰਸੀ ਚੋਂ ਜਾਗ ਕੇ
ਪਾਰੇ ਦੇ ਵਾਂਗ ਵਗਦੀ ਗਈ
ਜਿਵੇਂ ਇੱਕ ਟਿੱਲੇ ਤੋਂ ਜੋਗੀ ਕਿਸੇ
ਨਾਗ ਕਾਲਾ ਛੱਡਿਆ ਕਿਸੇ ਕਾਤਿਲ ਦੇ ਵਲ
ਬਿਜਲੀ ਦੇ ਵਾਂਗ ਜੋ ਰੋਹੀਆਂ 'ਚ ਤਿਲ੍ਹਕਦਾ,
ਤਿਵੇਂ ਸੋਹਣੇ ਦੇ ਬੁੱਲ੍ਹਾਂ ਚੋਂ ਨਿਕਲਕੇ
ਆਤਮਾ ਦੇ ਅਨੰਤ ਰਾਹਾਂ ਦੇ ਕੰਢੜੇ
ਸੁੱਤੇ ਉਮਰ ਦੇ ਦੁਸ਼ਮਣ ਨੂੰ ਡੰਗ ਕੇ
ਇਕ ਵਾਜ ਜਾਂਦੀ ਤਿਲ੍ਹਕਦੀ, ਚਿਲਕਦੀ।

ਫਿਰ ਸਦੀਵੀ ਰੰਗ ਵਿਚ ਮਿੱਠੀ ਆਵਾਜ਼
ਯੁਗਾਂ ਤੋਂ ਵਗਦੀ ਨਦੀ ਦੇ ਵਾਂਗ
ਤੁਰਨ ਲੱਗੀ ਆਤਮਾ ਖੋਰ ਕੇ ਸਾਰੀ।
ਜਾਦੂ ਹੇਠ ਬੇਹੋਸ਼ੀ ਦੀ ਪਰੀ ਸੀ ਫੈਲੀ
ਉਸ ਵੇਲੇ ਜਦੋਂ ਫਿਰ ਚਾਂਦਨੀ ਅੰਦਰ
ਦੋ ਸਫ਼ੈਦ ਬੁੱਢੇ ਕੰਵਲ ਜਿਉਂ ਵਿਗਸੇ
ਮਦ ਸੂਹੀ ਪੀਂਵਦੇ ਫਿਰਨੀ ਤੇ ਬਹਿ
ਪਿੰਡ ਜਿਹਦੇ ਕੰਢੇ ਸੀ ਵਸਣਾ ਕਦੇ।
ਘੋੜੇ ਦੇ ਭੇਸ ਵਿਚ ਦੇਵ ਦੇ ਵਾਂਗੂੰ
ਪੂਰਾ ਸੀ ਦੌੜਦਾ ਫਿਰਦਾ
ਚੀਕਦੇ ਗੱਡੇ ਦੇ ਕੋਲ।

ਤ੍ਰਿਕਾਲਾਂ ਦੀ ਰੁੱਤੇ, ਨੇਰ੍ਹ ਦੇ ਘਾਟਾਂ ਤੇ
ਨ੍ਹਾਉਣ ਆਈ ਚਾਨਣ ਦੀ ਤਾਰ ਕੁਈ ਕੁਈ।
ਘੁਲੇ ਉਹ ਪੌਣੀਂ, ਸੁਣਕੇ ਜੋ ਬੰਸਰੀ
ਪੰਛੀਆਂ ਦੇ ਨੈਣਾਂ ਚੋਂ ਅੱਥਰੂ ਵੱਗੇ।
ਮੇਰੀ ਸਾਰੰਗ-ਤਿਖਾ ਨੂੰ ਮੂਰਛਿਤ ਕਰਕੇ
ਦੋ ਹੋਠਾਂ ਚੋਂ ਵਗ ਪਈਆਂ ਸ਼ੀਰੀਆਂ।
ਸੁਆਦ ਦੇ ਕੰਬਦੇ ਪੰਜੇ 'ਚ ਅੜੀ ਰਹੀ ਬੇਹੋਸ਼ੀ,
ਹੜਾਂ ਵਿਚ ਮਧੁਰ ਤੁਣਕੇ ਮਹੀਨ ਕਿੰਨੇ!
ਮੁਸਾਫ਼ਰਾਂ ਦੇ ਵਾਂਗ ਜੋ ਭੂਤ ਦੇ ਰਾਹਾਂ ਵਿਚ
ਬਹੁਤ ਲੰਮੀ, ਬਹੁਤ ਵੈਰਾਗਨ ਹੋ ਖੋਈ
ਸਿਤਾਰਿਆਂ ਤਕ ਭਰੀ ਉਸ ਨਦੀ ਦੇ ਅੰਦਰ
ਲਾ ਕੇ ਤਾਰੀ ਵਿਛੜਦੇ ਦਰਦ ਦੇ ਕੰਢੇ ਤੋਂ।

ਮਿਰੇ ਦੇਸ ਵਿਚ ਆਈਆਂ ਦੂਰ ਤੋਂ ਪੌਣਾਂ
ਜੁਆਨ ਖੋਇਆ, ਰਿਹਾ ਬੁੱਢਾ, ਅਸੀਂ ਕੱਲੇ!
ਲੱਖਾਂ ਨਦੀਆਂ ਦੇ ਪਾਰੋਂ ਬੰਸੀ ਮਾਰਦੀ ਵਾਜਾਂ।
ਪਾਣੀ ਦੇ ਅੰਦਰ ਮੇਰੇ ਫੇਫੜੇ ਤਰਦੇ ਸੀ
ਪਾਣੀ ਹੀ ਪਾਣੀ ਮੇਰੇ ਸਾਹਾਂ 'ਚ ਫਿਰਦਾ
ਪਾਗਲ ਪਾਣੀਆਂ 'ਚ ਲਹੂ ਦੇ ਬੁਲਬੁਲੇ ਫੈਲੇ
ਬਾਹਾਂ ਨੂੰ ਐਪਰ ਤੇਹ ਲਗੀ, ਮੇਰੀਏ ਜਿੰਦੇ!
ਤੜਪਣ ਮੱਛੀਆਂ ਵਾਂਗੂੰ, ਖੋਹ ਜਿਹੀ ਪੈਂਦੀ—
ਮੈਂ ਮਸਲਣਾ ਚਾਹੁੰਦਾ ਸਾਂ ਕਿਸੇ ਕੰਵਲ ਨੂੰ ਛਾਤੀ ਤੇ
ਕਣ ਕਣ ਮੈਂ ਉਸਦੀ ਮਹਿਕ ਸੀ ਪੀਣੀ
ਮਾਸੂਮੀਅਤ ਕਿਸੇ ਚਿਹਰੇ ਦੀ ਜ਼ਾਲਿਮ
ਮੈਂ ਨੱਪਣੀ ਚਾਹੁੰਦਾ ਸਾਂ ਦਿਲ ਵਾਲੇ ਪਾਸੇ
ਨੱਪ ਨੱਪ ਕਿਸੇ ਚਿਹਰੇ ਨੂੰ ਛਾਤੀ ਤੇ ਉਦੋਂ
ਮੈਂ ਲਾਉਣਾ ਚਾਹਿਆ ਦੁੱਧ-ਰੰਗਾ ਨਿਸ਼ਾਨ—
ਪਾਗਲਪਨ ਸਾਂਭ ਕੇ ਲੈ ਜਾ ਰਿਹਾ ਗੱਡੇ ਤੇ
ਸ਼ਿਸ਼ ਕਿਸੇ ਰਿਸ਼ੀ ਦਾ ਫਿਟਕਾਰਿਆ ਹੋਇਆ।

— — — — — — — — — — —

ਮੋਮਬੱਤੀਆਂ ਜਲੀਆਂ ਬ੍ਰਿਛਾਂ ਦੇ ਝੁੰਡ ਅੰਦਰ
ਮੋਮ-ਕਤਰੇ ਟਾਹਣਾਂ ਚੋਂ ਢਹਿੰਦੇ
ਜਿਵੇਂ ਕੋਈ ਰੋਏ
ਕਾਲੇ ਨ੍ਹੇਰਾਂ 'ਚ ਕਿਚਰਕ ਵਿਯੋਗ ਖੋਏ ?
ਜਿਚਰਕ ਅਰਜ਼ਾਂ ਭਰੀ ਸੋਹਣੇ ਅੱਥਰੂ ਦੀ ਲੋਏ।

WWW.SIKHBOOKCLUB.COM

ਖਲੋ ਗਿਆ ਗੱਡਾ।
ਵਿਰਲ ਚੋਂ ਦਿੱਸਿਆ:
ਮੇਰੀਆਂ ਉਡੀਕਾਂ ਚੋਂ ਵਿਛੜਿਆ ਪੱਥਰ
ਜਿਸ ਤੇ ਥੱਕੇ ਸ਼ਲੋਕ ਸੀ, ਨਿੰਦਰਾਈਆਂ ਬੱਤੀਆਂ
ਜੋ ਮੁੱਦਤਾਂ ਤੋਂ ਮੇਰੀ ਉਡੀਕ ਵਿਚ ਖੁਰੀਆਂ
ਸ਼ਲੋਕਾਂ ਤੇ ਝੁਕੇ ਨੈਣ ਤ੍ਰਬਕ ਪਏ ਕਿੰਨੇ
ਯਾਰ ਇਕ ਕੂਇਆ ਰਾਜੇ ਦੇ ਏਲਚੀ ਵਾਂਗੂੰ:
"ਮਹਾਰਾਜ! ਤੁਸਾਂ ਦਾ ਫਿਟਕਾਰਿਆ ਸ਼ਿਸ਼
ਗੁਨਾਹਗਾਰ ਦੋਸਤ ਹੈ ਸਾਡਾ ਪਰਤਿਆ।"
ਗੱਡੇ ਤੋਂ ਹੱਥ-ਬੰਨ੍ਹ ਤੁਰਿਆ ਤਰਸ ਹੀ ਜਾਣੀ
"ਇਹ ਪਿਛਲੇ ਜਨਮ ਵਿਚ ਮਲਾਹਾਂ ਦਾ ਪੁੱਤਰ ਸੀ
ਯੁਗਾਂ ਤੋਂ ਏਸ ਨੇ ਪੀਤਾ ਨਹੀਂ ਪਾਣੀ।"
ਉਹ ਰਿਸ਼ੀ ਵੱਲ ਤੱਕੀ
ਨੈਣ ਉਸਦੇ ਸ਼ਾਂਤ ਚੁਪ-ਕੀਤੇ ਜਹੇ ਸਨ
ਜਿਨ੍ਹਾਂ ਵਿਚ ਤਰਲਾ ਸੀ ਹਾਣੀਆਂ ਵਾਲਾ:
'ਫਿਰ ਤੇਰੇ ਦਰਾਂ ਤੇ ਆਇਆ ਹੈ, ਬਾਬਾ
ਸ਼ਿਸ਼ ਕਿਸੇ ਰਿਸ਼ੀ ਦਾ ਫਿਟਕਾਰਿਆ ਹੋਇਆ।'

ਵਤਨ ਦੀਆਂ ਜੂਹਾਂ 'ਚ ਆ ਕੇ
ਫੇਰ ਮੈਂ ਵਤਨ ਤੋਂ ਵਿਛੜਿਆ,
ਖੜੇ ਫਿਰ ਮੇਰੇ ਯਾਰ ਨਦੀ ਦੇ ਕੰਢੇ
ਛਿਪਿਆ ਦੂਰ...ਫਿਰ ਕਿਸੇ ਦੇ ਰਾਹ ਤੇ ਸਲਾਮ।

ਹੋਏ ਪਤਾ ਨਹੀਂ ਅਸੀਂ ਕਿੰਨੀ ਕੁ ਵਾਰ
ਰਾਜਧਾਨੀਆਂ ਨ੍ਹੇਰੇ ਦੀਆਂ ਵਿਚ ਦਾਖ਼ਿਲ।
ਮੇਰੇ ਜਿਉਂ ਵਿਛੜੇ ਬਿਰਧ ਨੂੰ ਵੀ ਸ਼ਾਇਦ
ਕਾਫ਼ਲੇ ਦਾ ਮਿਲਿਆ ਨ ਕੋਈ ਸੌਦਾਗਰ।
ਇਕ ਢੋਕ ਆਈ, ਅੰਬੇ ਗਏ ਬੈਲਾਂ ਦੇ ਪੈਰ
ਥੱਕ ਗਏ ਗੱਡੇ ਦੇ ਪਹੀਏ
ਪੰਧ ਦਾ ਨਾਗ ਕਹਿਰ ਵਿਚ ਲਿਪਟਿਆ,
ਖੁਲ੍ਹੇ ਅਰਸ਼ ਨੂੰ ਸੌਂਪ ਦਿੰਦਾ ਜਦੋਂ ਮਹਿਬੂਬ ਜਿਉਂ
ਕਿਸੇ ਪੰਧ ਪਿੱਛੋਂ ਮੁਸਾਫ਼ਰ ਜਾਨ ਤੇ ਦੁਨੀਆ।

ਆਉਣ ਵਾਲਾ ਸੀ ਉਹ ਪਲ ਜਦੋਂ ਕਿ ਬੁੱਢੇ ਨੇ
ਕੁੱਲੀ ਵਾਲਿਆਂ ਨੂੰ ਲੰਮੀ ਵਾਜ ਇਕ ਮਾਰੀ—
ਰਾਤ ਕੰਬੀ ਧੂਸ ਕਾਲੀ, ਬੁੱਤ ਕੁੱਝ ਕੰਬੇ—
ਨੇਰੇ 'ਚ ਜਾਨ ਪੈ ਗਈ, ਇਨਸਾਨ ਜਨਮੇ!

ਦੋ ਨੇ ਮੈਨੂੰ ਅਡੋਲ ਗੱਡੇ 'ਚੋਂ ਲਾਹਿਆ
ਉੱਗੀਆਂ ਰਾਤ ਦੇ ਕੰਧੇ ਮਾਨੁੱਖ ਦੀਆਂ ਬਾਹਾਂ।

ਪੌਣਾਂ ਉੱਠੀਆਂ ਗੰਧਲੀਆਂ ਨਦੀਆਂ ਦੇ ਵਾਂਗੂੰ
ਮਲਾਹਾਂ ਦੇ ਘਰ ਪਿਛਲਾ ਜਨਮ ਸੀ ਮੇਰਾ;
ਬਲ ਰਹੇ ਨੀਲ ਦੀ ਕਿਸ਼ਤੀਏਂ ਦੀਵੇ
ਕਿਸੇ ਅਨੰਤ ਘਾਟ ਨੂੰ ਕੱਸਿਆ ਜ਼ੰਜੀਰਾਂ,
ਮਲਾਹ ਸਾਂ ਪਿਛਲੇ ਜਨਮ ਵਿਚ ਅੱਥਰੂਆਂ ਵਾਲੇ
ਪੀ ਲਿਆ ਸਾਨੂੰ ਨਦੀਆਂ ਦੇ ਨੀਰਾਂ।

ਨੰਗੇ ਨੀਲ ਵਿਚ ਲੱਖਾਂ ਹੀ ਤਾਰੇ ਬਲੇ
ਘਾਟ-ਕਿਸ਼ਤੀਆਂ ਵਿਚ ਸੁੱਤੇ ਮਲਾਹ!
ਮੋਮਬੱਤੀਆਂ ਦੇ ਸਾਏ ਤ੍ਰਬਕਦੇ, ਜੀਕੂੰ
ਪੈਗ਼ਾਮ ਕੋਈ ਸੂਰਜ ਦਾ ਆਇਆ ਕਿ ਆਇਆ।

ਮੈਂ ਆਹ ਜਹੀ ਸੁਣੀ ਇਕ ਨਦੀ ਦੇ ਪਾਰ
ਮਲਾਹਾਂ ਦੇ ਸਿਰ ਉੱਤੇ, ਆਣ ਕੇ ਜੁੜੀਆਂ
ਨੀਂਦ-ਜਾਗ ਦੋ ਸਈਆਂ ਲੋਰ ਦੇ ਘਾਟਾਂ ਤੇ—
ਕੂਕ ਨਿਕਲੀ ਕੈਦਖ਼ਾਨਾ ਅਕਲ ਦਾ ਢਾਹ ਕੇ:
"ਵਾਜ ਮਾਰੀ ਕਿਸੇ ਨੇ ਮੈਨੂੰ, ਤੋੜ ਜ਼ੰਜੀਰਾਂ
ਪਹਿਲੇ ਦਿਨ ਕਿਸ਼ਤੀ ਲੈ ਪਾਰ ਮੈਂ ਜਾਣਾ!"

ਭਰਾ ਕਮਲਾ ਜਿਹਾ ਸਮਝਕੇ ਵਾਜਾਂ ਨਿੱਘੀਆਂ
ਆਈਆਂ ਕਿ 'ਏਸ ਵੇਲੇ ਤੁਰਨ ਨ ਰਾਹੀ'
ਮੈਂ ਕਿਹਾ 'ਤੁਸੀਂ ਨਾ ਜਾਣੋਂ ਵੀਰਨੋ
ਰੂਪ ਨੂੰ ਸੁੱਤਾ ਛੱਡ ਕੇ ਕੱਲਮ ਕੱਲੜਾ
ਵਿਯੋਗ ਤਾਂ ਰਾਤਾਂ ਨੂੰ ਨਦੀਆਂ ਤੇ ਰੋਂਦਾ।'

ਪਾਰ ਬੁੱਧ ਦਾ ਅੱਥਰੂ ਲਿਸ਼ਕਿਆ ਜੀਕੂੰ।
"ਤੋੜ ਦੇਵੋ ਮੇਰੇ ਲਹੂ ਦੀਆਂ ਜ਼ੰਜੀਰਾਂ
ਤੋੜ ਦੇਵੋ ਇਹ ਅੱਥਰੂ, ਇਹ ਚੀਕਾਂ ਤੋਂ ਖ਼ਾਲੀ।
ਖਿੱਚੋ ਜ਼ਰਾ ਇਹ ਧੜਕਣਾ ਕਮਜ਼ੋਰ ਨੇ
ਬਸ ਨਿੱਕੇ ਜਿਹੇ ਦਿਲ ਤੋਂ ਉਭਰ ਕੇ ਡਿੱਗਣ।"

ਮੇਰੀ ਚੀਕ ਤੇ ਮੁਸਕਰਾ ਸੌਂ ਗਏ ਸੱਭੇ
ਨਦੀਆਂ ਦੇ ਪਾਰ ਕੋਈ ਹੋਵੇ ਜਾਂ ਨਾ ਹੋਵੇ...
ਖੁੱਲੇ ਨਸ਼ੇ ਦੇ ਗੁੰਚੇ, ਨੀਂਦ ਦੀਆਂ ਮਹਿਕਾਂ
ਲੱਸਦੇ ਪਾਣੀਆਂ ਉੱਤੇ ਠੰਡ ਬਣ ਚੋਈਆਂ—


WWW.SIKHBOOKCLUB.COM

ਭੈ, ਦਰਦ, ਸ਼ੰਕੇ ਮੇਰੀ ਛਾਤੀ 'ਚ ਡੋਲਣ
ਐਵੇਂ ਕੁੱਝ ਅੱਥਰਾਂ ਮੇਰੀ ਨਜ਼ਰ ਵਿਚ ਰੋਈਆਂ।
ਵਾਜ ਆਈ, 'ਜਾਗ ਵੀਰਾ ਪਾਰ ਹੈ ਜਾਣਾ।'
ਜ਼ਾਤ ਮੇਰੀ ਨੀਵੀਂ ਅੰਤਲੀ ਵਾਰ ਹੱਸੀ :
"ਮੈਂ ਸ਼ਿਸ਼ ਤੇਰੇ ਗੁਰੂ ਦਾ ਫਿਟਕਾਰਿਆ ਹੋਇਆ
ਬੋਲ ਨ, ਛੋਹ ਨ, ਵੇਖ ਨ ਮੈਨੂੰ।"
"ਵਾਲ ਮੇਰੇ ਖੁੱਲੇ ਚਿਰਾਂ ਤੋਂ ਵੀਰਾ,
ਫਿਰ ਰੁਕ ਕੇ, ਠੰਡੀ ਵਾਜ ਵਿਚ ਬੋਲੀ :
'ਤੇਰਾ ਵੀ ਅੱਥਰੂ ਕਿਸੇ ਤੋਂ ਲੁਕਿਆ ਨਹੀਂ।"

ਕੁੱਝ ਕਦਮ ਤਿਲ੍ਹਕੀ ਛੋਰ ਤੋਂ ਕਿਸ਼ਤੀ,
ਲਹਿਰਾਂ ਸਾਜ਼ਸ਼ ਕਰਨ ਕੋਈ ਨ੍ਹੇਰ ਦੇ ਓਹਲੇ,
ਸਮੇਂ ਸਮੇਂ ਗੋਤਾ ਜਿਹਾ ਆਉਂਦਾ ਸੀ ਸਾਨੂੰ;
ਕਦੇ ਕਦੇ ਫ਼ਰਜ਼ ਜਿਹਾ ਪੂਰਾ ਕਰਨ ਲਈ
ਸੁਸਤ ਜਿਹਾ ਚੱਪੂ ਮੈਂ ਪਾਣੀਆਂ 'ਚ ਮਾਰਾਂ।
ਵਾਲਾਂ ਦੀ ਛਾਂ ਪਲਮ ਪਈ ਮੇਰੀ ਛਾਤੀ ਤੇ
ਨਾੜਾਂ 'ਚ ਬਿਜਲੀਆਂ ਦੌੜਣ, ਬਲਨ ਚੁੰਮ੍ਹਨ
ਕਾਂਬਿਆਂ 'ਚ ਦੌੜ ਜਾਵਣ ਜੋ ਛੁਹਣ ਤੋਂ ਪਹਿਲਾਂ।

ਜੁਗਾਂ ਜੀਵੇ ਕੇਸਾਂ ਦਾ ਰੇਸ਼ਮੀ ਬੁੱਲ੍ਹਾ।
ਮਿਰੇ ਬੁੱਤ ਦੇ ਉੱਤੇ ਸਫ਼ੈਦ ਸ਼ੁਅਲੇ ਦੇ ਵਾਂਗ
ਉਸ ਦੇ ਨੱਕ, ਕੰਨ, ਬੁੱਲ੍ਹਾਂ ਦਾ ਚਾਨਣ ਬਲੇ।
ਜੀਅ ਕਰੇ ਉਸ ਰਵੀ ਦੇ ਬਲਦੇ ਹੱਥ ਨੂੰ ਫੜਕੇ
ਪਾਣੀਆਂ 'ਚ ਮਾਰ ਜਾਵਾਂ ਸਦਾ ਲਈ ਗੋਤਾ।
ਫਿਰ ਸੋਹਣੀ ਦੇ ਨੈਣਾਂ ਚੋਂ ਨਿਕਲਕੇ ਕੋਈ
ਚਿੰਤਾ ਨਦੀ ਤੇ ਫੈਲੀ ਸ਼ਾਂਤ ਤ੍ਰਿਕਾਲਾਂ ਜਿਹੀ—
ਵੇਹਣ ਸਜਨਾਂ ਦੇ ਅੱਥਰੂ ਨਦੀਆਂ ਦੀ ਲੀਲਾ
ਖਿੰਡ ਕੇ ਮਰ ਜਾਣ ਕਿਸੇ ਦਹਿਲੀਜ਼ ਤੇ।
ਭਿੱਜੇ ਨੈਣ ਲੈ ਅਸਾਂ ਨੇ ਪਾਰ ਜਾਣਾ
ਬ੍ਰਿਹਾ ਜਗਾਵਣ, ਨਦੀਆਂ ਦੀ ਜ਼ਾਤ ਹੀ ਐਸੀ।
ਮੈਂ ਵੇਖਿਆ ਵਿਛੜਦੀ ਸੋਹਣੀ ਦੇ ਵੱਲ
"ਤਰਸ ਖਿਮਾ ਦੇ ਰਾਹਾਂ 'ਚ ਜਾਣ ਵਾਲੀ
ਦਿਲ ਨੂੰ ਕਿਸੇ ਹੁਸਨ ਦੀ ਕੂਲ ਤੇ ਬੈਠਾ ਕੇ
ਚਲੀ ਜਾਵੇਗੀ ਕਿਧਰ ਨੂੰ ? ਮੇਰਿਆ ਰੱਬਾ।"
ਮੈਂ ਗਿਲਾ ਕਰਨ ਲਈ ਰੋਕਿਆ ਚੱਪੂ।

•


WWW.SIKHBOOKCLUB.COM

# 6

# ਬਨਬਾਸ

ਇਸ ਰੋਹੀ ਚੋਂ ਆ ਰਹੀਆਂ ਨੇ
ਮੌਤ ਮਿਰੀ ਦੀਆਂ ਵਾਜਾਂ
ਦੂਰ ਨਗਾਰੇ ਸੂਰਮਿਆਂ ਦੇ
ਗੂੰਜਨ ਸੁਣ ਫਰਿਆਦਾਂ।

ਕੱਚੇ ਘਰਾਂ ਦੇ ਬੂਹਿਆਂ ਅੱਗੇ
ਰੋਂਦੀਆਂ ਮਾਵਾਂ ਆਈਆਂ
ਕਣਕਾਂ ਪੱਕੀਆਂ ਦੀ ਰੁੱਤੇ ਕਿਉਂ
ਦਰਦ ਉਮਰ ਦੇ ਲਿਆਈਆਂ।

ਸਾਡੇ ਵੱਡ ਵਡੇਰਿਆਂ ਤੋਂ ਨੇ
ਮਿਰਗਾਂ ਨਾਲ ਯਰਾਨੇ,
ਮਾਵਾਂ ਰੋਹੀਆਂ ਨੂੰ ਨਾ ਛੱਡ ਕੇ
ਵਸਨਾ ਦੇਸ ਬਿਗਾਨੇ।

"ਮਾਏ ਕਣੀ ਪਿਆਰ ਦੀ ਨਿੱਕੀ
ਨੈਣ ਨਿਮਾਣੇ ਦੋਏ,"
ਮਾਂ ਦੇ ਤਰਸ ਦੇ ਖੰਭ ਨਿਤਾਣੇ
ਦੇਖ ਬੱਚੜੇ ਰੋਏ।

ਦੂਰ ਪਾਣੀਆਂ ਨੂੰ ਕੀ ਹੋਇਆ,
ਹੂੰਗਰ ਮਾਰ ਬੁਲਾਣਾ।
ਪੁਸ਼ਤਾਂ ਦਾ ਇੱਕ ਗੀਤ ਸਾਂਭਿਆ,
ਮਾਂਝੀ ਨੂੰ ਭੁਲ ਜਾਣਾ।

ਔਹ ਤਾਰਾ ਬਰਬਾਦ ਹੋ ਗਿਆ
ਬਰਬਾਦੀ ਦੀਆਂ ਸੋਆਂ।
ਏਸ ਉਜੜਦੇ ਪਿੰਡ ਵਿਚ ਆਈਆਂ
ਵਿਹੜਿਆਂ ਫਿਰਦੀ ਰੋਆਂ।

WWW.SIKHBOOKCLUB.COM Page 62

ਵਤਨ ਦਾ ਪਾਣੀ ਕੂੰਜਾਂ ਨੂੰ ਨ
ਚਹੁੰ ਕੁੰਟਾਂ ਚੋਂ ਥਿਆਏ।
ਥੱਕੀਆਂ ਅਰਸ਼ਾਂ ਦੀਆਂ ਪੌਣਾਂ ਵਿਚ
ਰਾਖ ਉਡੰਦੀ ਜਾਏ।

ਸੂਰਜ ਪਰਾਂ ਤੇ ਚਾਨਣ ਲਾਏ
ਜਦ ਪਰਦੇਸੋਂ ਚੱਲੀ,
ਵਤਨਾਂ ਦੇ ਵਿਚ ਰੌਲੇ ਮੱਚੇ
ਕੂੰਜ ਨਿਮਾਣੀ ਕੱਲੀ।

*(1956)*

•


WWW.SIKHBOOKCLUB.COM

# 7

# ਪਛਤਾਵਾ

ਚਾਨਣ ਦੇ ਰੰਗ ਭਰਮ ਕੇ ਐਵੇਂ
ਚੰਨ ਨਾਲ ਪਿਆਰ ਨਾ ਪਾਈਏ,
ਚੱਲ ਨੀ ਜਿੰਦੇ ਨ੍ਹੇਰ 'ਚ ਜਾ ਕੇ
ਅੱਪਣਾ ਦੀਪ ਜਗਾਈਏ।

ਵਣਾਂ 'ਚ ਉਸ਼ਾ ਦੀ ਝੁੱਗੀ ਵੱਲੇ
ਵਾਂਗ ਮੁਸਾਫ਼ਿਰ ਜਾਈਏ।
ਵਰ੍ਹਿਆਂ ਪਿੱਛੋਂ ਨ੍ਹੇਰ ਦੇ ਦਰ ਤੇ
ਭਰਮ ਭਰਮ ਕੇ ਆਈਏ।

ਹਾਇ ਨੀ ਲੰਘੇ ਸਮਿਆਂ ਦਾ ਇੱਕ
ਬੁੱਲਾ ਸਫ਼ਰ 'ਚ ਰਲਿਆ।
ਹਾਇ ਨੀ ਮਸਾਂ ਪਛਾਣੇ ਸਾਨੂੰ
ਜੋਬਨ ਦਾ ਪੱਤ ਹਰਿਆ।

ਘੜਾ ਮਿਰੇ ਦਰਾਂ ਦਾ ਜਾਦੂ
ਨੂਰ ਓਸ ਨਾਲ ਭਰਿਆ।
ਜਿਸ ਨੇ ਨਿਆਣੀ ਉਮਰ 'ਚ ਮੈਨੂੰ,
ਵਣਾਂ ਹੇਠ ਸੀ ਛਲਿਆ।

ਰਾਤ ਚਾਨਣੀ ਦੇ ਪ੍ਰਛਾਵੇਂ
ਕਿਸ ਰਾਹੀ ਨੇ ਮੋਹੇ।
ਨੀਂਦ ਵਾਂਗ ਤਾਂ ਛੋਹ ਕੇ ਸਾਨੂੰ
ਕਿਸੇ ਦਰਦ ਵਿਚ ਖੋਏ।

ਅੱਥਰੂ ਵਾਂਗੂੰ ਚੰਨਾ ਤਪਿਆ
ਜ਼ਾਲਮ ਦੁਨੀਆਂ ਹੋਏ।
ਸੁੰਞੇ ਜੱਗ ਦੇ ਬੰਦਿਆਂ ਦੀ ਆ
ਪਿਆਸ ਬੁਝਾਵੋ ਕੋਇ।

WWW.SIKHBOOKCLUB.COM

ਜ਼ਖਮ ਦਰਦ ਦੇ ਨੈਣਾਂ ਅੰਦਰ
ਰਾਹ ਖਾਰੇ ਨੇ ਸਾਰੇ।
ਇਕ ਪਰਦੇਸਨ ਛਲ ਨੇ ਆ ਕੇ
ਕਿਉਂ ਦਰਵੇਸ਼ ਨੇ ਮਾਰੇ?

ਰੈਣ ਨਾਲ ਮੈਂ ਮੋਹ ਕਿਉਂ ਪਾਵਾਂ
ਕਿਉਂ ਮੈਂ ਗਿਣਾਂ ਸਿਤਾਰੇ?
ਇਹ ਤਾਂ ਭੂਤ ਦੀ ਗ਼ਾਰ ਸੁਨਹਿਰੀ
ਤਿਲ੍ਹਕੇ ਵਕਤ ਸਾਂ ਮਾੜੇ।

ਬਾਲ ਲਵਾਂਗੇ ਸੁੰਵੇ ਖੂੰਜੇ
ਚਾਨਣ ਦਾ ਰੰਗ ਕੋਈ।
ਅਗੋਂ ਬੁਝਣ ਵਾਲੇ ਦੀ ਮਰਜ਼ੀ
ਕਿਸਮਤ ਹੋਰ ਜੇ ਹੋਈ।

•


WWW.SIKHBOOKCLUB.COM

## 8
# ਸੰਢਾਂ ਦੇ ਦੇਸ ਵਿਚ

ਸੰਤਰੇ ਦੇ ਹਰੇ ਹਰੇ ਬੂਟਿਆਂ ਦੇ ਕੋਲ ਵੇ।
ਪੀਲੀ ਪੀਲੀ ਕਣਕਾਂ ਦੇ ਦਿਲ ਰਹੇ ਡੋਲ ਵੇ।

ਟਾਹਲੀਆਂ ਦੇ ਪੱਤਿਆਂ 'ਚ ਨ੍ਹੇਰ ਆ ਕੇ ਬੈਠਿਆ,
ਅੰਬਰਾਂ ਨੇ ਚੰਨ ਖ਼ਾਤਰ ਦਰ ਦਿੱਤਾ ਖੋਲ੍ਹ ਵੇ।

ਗੇਰੂਏ ਦੇ ਪਾਣੀ ਵਾਲਾ ਖ਼ਾਲ ਪਿਆ ਵਗਦਾ,
ਚਟਾਲੜੇ ਦੇ ਖੇਤਾਂ 'ਚ ਗੁਲਾਲ ਰਿਹਾ ਘੋਲ ਵੇ।

ਕੰਢੜੇ ਤੇ ਕੋਈ ਪਰਦੇਸੀ ਆ ਕੇ ਬੈਠਿਆ,
ਸੰਤਰੇ ਦੇ ਬੂਟਿਆਂ ਜਿਉਂ ਚੁੱਪ ਤੇ ਅਡੋਲ ਵੇ।

ਉਹਦੇ ਨੈਣਾਂ ਵਿੱਚੋਂ ਨਿਕਲ ਕੂਲਾ ਕੂਲਾ ਚਾਨਣਾ,
ਰੱਤਿਆਂ ਅਨਾਰਾਂ ਵਿੱਚੋਂ ਰਿਹਾ ਮੈਨੂੰ ਟੋਲ ਵੇ।

ਟਾਹਲੀਆਂ ਦੇ ਆਲ੍ਹੇ-ਦੁਆਲੇ ਪੌਣ ਪਈ ਸਹਿਕਦੀ,
ਹਾਇ ਨ ਉਹਨੂੰ ਚੁੰਮ੍ਹਦਾ ਪਰਦੇਸੀਏ ਦਾ ਬੋਲ ਵੇ।

ਰੋਸਾ ਦਿਲੇ ਵਿੱਚ ਨ ਲਿਆਵੀਂ ਮੇਰੇ ਹਾਣੀਆਂ,
ਬਿੰਦ ਘੜੀ ਲਈ ਉਹਨੂੰ ਆਖ ਲਵਾਂ ਢੋਲ ਵੇ।

•


WWW.SIKHBOOKCLUB.COM 

# 9

ਇਕ ਅਰਜ਼ :

# ਕਾਲੀ ਰਾਤ ਦੇ ਜੋਬਨ ਅੱਗੇ

[ਲੋਕ ਗੀਤਾਂ ਦੀਆਂ ਰੂਹਾਂ ਦੇ ਸਾਂਝੇ ਬੋਲ ਤੇ ਖਿਲਰਵੇਂ ਅੰਦਾਜ਼]

ਕਾਲੀਏ ਰਾਤੇ ਮੈਂ ਬਾਰੀ 'ਚ ਬੈਠਾ
ਕਿਧਰ ਸੰਗੀਤ ਤੇਰੇ ਜੋਬਨ ਦਾ ਵਰਸੇ ?
ਮੈਂ ਰੋਂਦੇ ਸਿਤਾਰੇ ਦੇ ਸਾਹਾਂ ਨੂੰ ਸੁਣਦਾਂ
ਤੇਰਾ ਜੋਬਨ ਏ ਐਨਾ! ਅਸੀਂ ਤਰਸੇ।
ਖੋਟਾ ਇਹ ਸਾਵਨ ਗ਼ਰੀਬਾਂ ਨੂੰ ਮਾਰੇ
ਗ਼ਮ ਮੇਰਾ ਅੱਥਰੂ ਦੇ ਪਾਣੀ ਨ ਸਰਸੇ।

ਕਾਲੀਏ ਰਾਤੇ ਮੈਂ ਗਗਨਾਂ ਦਾ ਰਾਹੀ
ਮੇਘਾਂ 'ਚ ਕੁਚਲੇ ਨੇ ਚਾਨਣ ਹਜ਼ਾਰਾਂ।
ਹੌਕੇ ਜਿਹੇ ਵਿਚ ਜਿੰਦੂ ਦਾ ਮਰਨਾ
ਮੌਤ ਦੀ ਹੂੰਗਰ ਨੂੰ ਬਿਜਲੀ ਨੇ ਧੂਹਣਾ
ਕੁਚਲੇ ਹੋਏ ਚਾਨਣ ਦਾ ਮਾਰਨਾ ਮਾਰਾਂ;
ਅਰਸ਼ਾਂ ਦੇ ਅੰਦਰ ਜਿਉਂ ਕੂਣਾਂ ਪਹਾੜਾਂ
ਮੈਂ ਸੁਣਦਾ, ਮੈਂ ਵੇਂਹਦਾ ਹਾਂ ਬਾਰੀ 'ਚ ਬੈਠਾ—
ਸੈਆਂ ਕ੍ਰਾਂਤੀਆਂ ਦੇ ਪਿੱਛੋਂ ਨੀ ਰਾਤੇ
ਬਾਰੀ ਤੇ ਦਸਤਕ ਆ ਦੇਵਣ ਫ਼ੁਹਾਰਾਂ।

ਕਾਲੀਏ ਰਾਤੇ ਮੈਂ ਬਾਰੀ 'ਚ ਬੈਠਾ
ਜ਼ੁਲਫ਼ਾਂ ਦੇ ਉਹਲੇ ਸੁਣਾਂ ਕੁਰਲਾਟਾਂ।
ਤਿਰੇ ਬੇਸ਼ੁਮਾਰ ਜੋਬਨ ਦੇ ਪੈਰਾਂ ਤੇ ਅੜੀਏ
ਸਿਸਕਣ ਰਾਹੀਆਂ ਦੀ ਯਾਦਾਂ 'ਚ ਵਾਟਾਂ।
ਸਿਤਾਰੇ ਦੇ ਪੱਥਰ ਨੇ ਲੰਮੀ ਕਹਾਣੀ
ਯੁਗਾਂ ਦੇ ਸਫ਼ਰਾਂ 'ਚ ਤੁਰੀਆਂ ਨੇ ਰਾਤਾਂ।

ਰਾਤੇ ਮੈਂ ਤੈਂਡਿਆਂ ਰਾਹਾਂ ਦਾ ਬੇਲੀ
ਕਮਾਦਾਂ 'ਚ ਭਿਜਦੇ ਜਨੌਰਾਂ ਦੇ ਸੁਪਨੇ—


WWW.SIKHBOOKCLUB.COM

ਸੈਹੇ ਦੇ ਖ਼ਤ ਵਿਚ ਪਰਲੋਂ ਦਾ ਵਰ੍ਹਨਾ
ਲੂੰਬੜ ਦੀ ਖੁੱਡ ਵਿਚ ਜਲ ਦੀਆਂ ਮਹਿਕਾਂ
ਬਘਿਆੜਾਂ ਦੀਆਂ ਅੱਖਾਂ ਵਿਚ ਕਾਮ ਦਾ ਚੜ੍ਹਣਾ
ਮਾਣਸ ਨੇ ਤੀਵੀਂ ਦੀ ਯਾਦ 'ਚ ਰੋਣਾ—
ਮੈਂ ਜਾਣਾ ਕਿ ਸਭ ਥਾਂ ਸ੍ਰਿਸ਼ਟੀ ਨੇ ਜਲਣਾ
ਕਾਲੀਏ ਰਾਤੇ ਪੈਗ਼ੰਬਰ ਦੇ ਵਾਂਗੂੰ
ਮੈਂ ਜਾਣਾ ਕਿ ਕਿਸ ਥਾਂ ਹੈ ਬ੍ਰਿਹਾ ਨੇ ਹੋਣਾ।

ਰਾਤੇ ਮੈਂ ਤੈਂਡਿਆਂ ਰਾਹਾਂ ਦਾ ਬੇਲੀ,
ਕਾਲਿਆਂ ਮਿਰਗਾਂ ਦੀ ਜੂਹ 'ਚ ਪਾਣੀ!
ਸਿੰਗ ਮਾਸੂਮਾਂ ਦੇ ਰਾਣੀ ਦੇ ਚਰਨੀਂ
ਸੁਪਨੇ 'ਚ ਝੁਕਦੇ ਨੇ ਰਾਤਾਂ 'ਚ ਜਾਣੀ—
ਇਹ ਨ੍ਹੇਰੇ ਦੀ ਗਾਰਾਂ 'ਚ ਪਾਣੀ ਦਾ ਵਸਨਾ
ਸਤਾਉਣਾ ਇਉਂ ਕੁਦਰਤ ਦੇ ਰਿਸ਼ੀਆਂ ਨੂੰ ਆ ਕੇ
ਵੈਰਾਗਾਂ 'ਚ ਡੁੱਬੀ ਇਹ ਬਾਤ ਪੁਰਾਣੀ।
ਸੋਹਣੀ ਦਾ ਦੇਸ ਪਰਾਇਆ ਹੈ ਹੋਇਆ
ਬਾਗ਼ਾਂ ਦੀ ਸੁਣਦੇ ਹਾਂ ਹੋਰ ਕਹਾਣੀ।
ਕਾਲੀਏ ਰਾਤੇ ਤੂੰ ਕੇਸਾਂ ਨੂੰ ਧੋ ਧੋ
ਭਰਿਆ ਏ ਮਿਰਗਾਂ ਦੀ ਜੂਹ 'ਚ ਪਾਣੀ।

ਰਾਤੇ ਮੈਂ ਤੈਂਡਿਆਂ ਰਾਹਾਂ 'ਚ ਜਾਗਾਂ
ਮਹਾਂ ਤਿਮਰ ਨੂੰ ਜਾ ਵਣ ਵਣ ਪਛਾਣਾਂ।
ਨ੍ਹੇਰੇ ਦਾ ਜੋਬਨ ਜੋ ਸ਼ਾਖਾਂ 'ਚ ਵਸਦਾ
ਇਹ ਸਮਿਆਂ ਦੀ ਵਸਤੀ ਦਾ ਚੋਰ ਹੈ ਕੋਈ,
ਮਹਿਕਾਂ ਨੂੰ ਕੰਧੇ ਤੇ ਚੁੱਕ ਚੁੱਕ ਕੇ ਲਿਆਣਾ।
ਸ਼ਿਕਵੇ ਤੋਂ ਖ਼ਾਲੀ ਤ੍ਰੇਲਾਂ ਦੀ ਛਣ ਛਣ
ਆ ਪੱਤਾਂ ਦੇ ਜੋਬਨ 'ਚ ਹੁੰਮ-ਹੁਮਾਈ;
ਸਹਿਮੇ ਹਨੇਰਾਂ ਨੂੰ ਭਿਉਂ ਭਿਉਂ ਕੇ ਜਾਣਾ।
ਚੋਰਾਂ ਨੂੰ ਆ ਕੇ ਹੈਰਾਨੀ ਹੀ ਘੇਰੇ
ਅੰਤਾਂ ਦੀ ਮਿਹਰਾਂ ਦਾ ਭੇਤੀ ਹੋ ਔਣਾ!
ਘੁੰਡ ਵਿਚ ਜੋਬਨ ਨੂੰ ਸਮਝਣ ਵਾਲਾ
ਮਿੱਠਾ ਜਿਹਾ ਕੋਈ ਭਰਮ ਨਿਆਣਾ—
ਸੰਗੀਤਾਂ ਦੇ ਜਾਦੂ ਦੇ ਪਹਿਰੇ 'ਚ ਆਇਆ
ਕਾਇਨਾਤ ਹਨ੍ਹੇਰੇ ਨੂੰ ਲੱਗੇ ਅੰਞਾਣੀ।

ਕਾਲੀਏ ਰਾਤੇ ਮੈਂ ਬਾਰੀ 'ਚ ਬੈਠਾ
ਮੈਂ ਤੀਵੀਂ ਦੇ ਅੰਗਾਂ ਦੇ ਸੁਪਨੇ ਪਛਾਣਾਂ।
ਮੈਂ ਦਿਲ ਦੀਆਂ ਲਹਿਰਾਂ ਨੂੰ ਮੁੱਠੀ 'ਚ ਘੁੱਟਾਂ
ਮੈਂ ਤੀਵੀਂ ਦੇ ਅੰਗਾਂ ਦਾ ਰਾਜ਼ ਨ ਜਾਣਾਂ।
ਅੰਗਾਂ ਦੀ ਮਹਿਕ ਤਾਂ ਬਕਬਕੀ ਤੱਤੀ
ਕਾਮ-ਤ੍ਰਿਸ਼ਨਾ 'ਚ ਜੀਵਨ ਮੈਂ ਮਾਣਾਂ।

ਰਾਤੇ ਮੈਂ ਤੈਂਡਿਆਂ ਰਾਹਾਂ ਦਾ ਭੇਤੀ
ਮੀਹਾਂ 'ਚ ਭਿੱਜੇ ਮੈਂ ਸਾਹਾਂ ਨੂੰ ਚੁੰਮਾਂ।
ਰੂਹ ਦੇ ਪਤਾਲਾਂ ਦੇ ਭੇਤਾਂ ਨੂੰ ਦੱਸਣ
ਮੇਰੀ ਇਹ ਬਸਤੀ 'ਚ ਆਏ ਨੇ ਦੂਰੋਂ
ਮੈਂ ਯਾਰਾਂ ਦੇ ਕਾਸਿਦ ਦੇ ਰਾਹਾਂ ਤੇ ਵਿਛਿਆ
ਮੈਂ ਉਸਦੀ ਪਛਾਣੀ ਏ ਨਜ਼ਰ ਹੀ ਦੂਰੋਂ।

ਕਾਲੀਏ ਰਾਤੇ ਮੈਂ ਬਾਰੀ 'ਚ ਬੈਠਾ
ਮੇਰੀ ਵੀ ਸੋਹਣੀ ਦਾ ਕਾਲਾ ਏ ਬਾਣਾ।
ਨੇੜੇ ਦਾ ਲੱਖਾਂ ਝਨਾਵਾਂ ਤੋਂ ਅੱਗੇ
ਲੱਖਾਂ ਹੀ ਵਰ੍ਹਿਆਂ ਦਾ ਬ੍ਰਿਛ ਪੁਰਾਣਾ—
ਵਸਦਾ ਏ ਜਿੱਥੇ ਕਿ ਸੁੱਤੀ ਉਹ ਸੋਹਣੀ
ਪਹਿਰਾ ਕੋਈ ਦਿੰਦਾ ਏ ਨਾਗ ਸਤਾਣਾ।
ਫੁੰਕਾਰਾ ਜੇ ਮਾਰੇ ਮੈਂ ਜਾਨ ਨਾ' ਲਾਵਾਂ
ਸੁੱਟ ਮਣੀ, ਨ ਉਹ ਚੁੱਕੇ ਨਿਤਾਣਾ।

ਰਾਤੇ ਮੈਂ ਤੈਂਡਿਆਂ ਰਾਹਾਂ ਦਾ ਬੇਲੀ
ਪਾਣੀ ਦੇ ਜੋਬਨ 'ਚ ਸਾਂਵਲਾ ਸਾਵਨ।
ਹੋਈ ਭੱਜ ਗਗਨ ਦੇ ਪਹਾੜਾਂ ਦੇ ਉਹਲੇ
ਦੂਰ ਬੱਦਲੀ ਇਕ ਬਿਜਲੀ ਦੇ ਲਹਿੰਗੇ ਵਾਲੀ,
ਚੱਲੀ ਏ ਯਾਰਾਂ ਦੀ ਖ਼ੈਰ ਮਨਾਵਣ।
ਜੋਬਨ ਦੇ ਵਾਣ ਲੈ ਰਾਤ ਹੈ ਫਿਰਦੀ,
ਹਿਜਰ ਦੀ ਨੀਂਦਰ ਦੀ ਅਲਖ ਮੁਕਾਵਣ।
ਕੰਵਲਾਂ ਜਿਹੀ ਨੀਂਦਰ! ਸ਼ੈਦਾਈ ਰਾਤਾਂ!
ਕੇਸਾਂ ਦੇ ਸੁੱਤੇ ਹੁਸਨ ਨੂੰ ਰੁਲਾਵਣ—
ਧੂਹ ਧੂਹ ਕੇ ਕੇਸਾਂ ਦੀ ਸਾਰੀ ਜੁਆਨੀ
ਕਾਲੀਆਂ ਰਾਤਾਂ ਤਾਂ ਕਹਿਰ ਕਮਾਵਣ।
ਝਾਂਜੇ ਚਲੇ ਗਏ ਪਿਆਰੀ ਤੇ ਵਰ੍ਹ ਵਰ੍ਹ
ਸੂਰਜ ਨ ਆਇਆ ਏ ਕੇਸ ਸੁਕਾਵਣ।



WWW.SIKHBOOKCLUB.COM 

ਤੇਰੇ ਤਾਂ ਜੋਬਨ ਦੀ ਸਾਰ ਨ ਮੈਨੂੰ
ਮੈਂ ਹੰਝਾਂ ਦੇ ਪਾਣੀ ਨੂੰ ਆਇਆਂ ਸਤਾਵਣ।
ਚਾਰਾ ਵੀ ਹੈ ਕੋਈ ਗ਼ਰੀਬਾਂ ਦਾ ਲੋਕੋ
ਹਰਫ਼ ਨ ਲੱਭਣ ਤਾਂ ਅੱਥਰੂ ਆ ਜਾਵਣ।

ਕਾਲੀਏ ਰਾਤੇ ਮੈਂ ਬਾਰੀ 'ਚੋਂ ਦੇਖਾਂ
ਨ੍ਹੇਰੇ ਦੇ ਉੱਠਣ ਤੂਫ਼ਾਨ ਹਜ਼ਾਰਾਂ।
ਇਉਂ ਬੇਮੁਹਾਰੇ ਹੋ ਫ਼ੌਜਾਂ ਦਾ ਚੜ੍ਹਨਾ!
ਕਿਹੜੇ ਇਹ ਦੇਸ 'ਚ ਤੁਰੀਆਂ ਨੇ ਵਾਰਾਂ?
ਮੀਹਾਂ ਦੀ ਛੱਲਾਂ 'ਚ ਭਿੱਜਦੇ ਹੀ ਜਾਣਾ
ਧੁੰਮ੍ਹ ਜਨੂੰਨ ਦੀਆਂ ਚੜ੍ਹੀਆਂ ਨੇ ਧਾੜਾਂ।
ਕਿੱਥੇ ਕੁ ਰਣ ਜੀਨ੍ਹੇ ਖ਼ੂਨ ਨੂੰ ਪੀਣਾ,
ਅੱਗ ਦੀ ਪੌਣਾਂ 'ਚ ਮੌਤ ਫੁੰਕਾਰਾਂ?
ਮਹਿਕਾਂ ਇਹ ਦੱਸਣ: ਕੋ ਰਾਖਸ਼ ਦੀ ਹੋਣੀ
ਛਾਨਣੀ ਹੋ ਜਾਣਾ ਲੋਹ ਦੇ ਮੀਨਾਰਾਂ।
ਤੈਂਡਿਆਂ ਨੈਣਾਂ 'ਚ ਤਾਰੇ ਦੇ ਪਾਣੀ
ਰਾਤੇ ਨੀ ਸਾਹਾਂ 'ਚ ਲੱਖ ਹਬਕਾਰਾਂ।
ਮੈਂ ਫੜਣ ਤੂਫ਼ਾਨਾਂ ਦੀ ਵਾਗਾਂ ਨੂੰ ਆਇਆ
ਕਿਹੜੇ ਜੀ ਦੇਸ 'ਚ ਜਾਣਾ ਸੁਆਰਾਂ?
ਕਾਲਿਆਂ ਵੇਸਾਂ 'ਚ ਜਾਂਦੇ ਸਿਪਾਹੀਓ
ਰਾਹਾਂ 'ਚ ਵਣ ਇਕ ਨਦੀਆਂ ਦੇ ਪਾਰਾਂ—
ਉੱਤਰ ਵੱਲ ਕਰ ਪੈਹਾ ਕਿ ਜਿੱਥੇ,
ਟੂਣੇਂ ਕਰੇਂਦੀਆਂ ਸੋਹਣੀਆਂ ਨਾਰਾਂ।
ਪੈਹੇ ਦੀ ਹੱਦ ਨੂੰ ਚੁੰਮ੍ਹ ਕੇ ਜਾਣਾ
ਡੂੰਘਿਆਂ ਪਿੰਡਾਂ 'ਚ ਮੋੜ ਮੁਹਾਰਾਂ।
ਸਿਪਾਹੀ ਹੋ ਦੇਖਣ ਨੂੰ ਦਿਲ ਦੇ ਸੌਦਾਗਰ
ਦੇਣੀਆਂ ਸਾਂਵਲ ਨੂੰ ਸਾਡੀਆਂ ਸਾਰਾਂ।
ਸਾਵਣ ਦੀ ਯਾਦਾਂ 'ਚ ਲੱਖਾਂ ਛਲਾਵੇ
ਝਲਕ ਕੇ ਲਹਿਰਾਂ 'ਤੇ ਛਿਪਣ ਬਹਾਰਾਂ।

•


WWW.SIKHBOOKCLUB.COM

# 10

## ਲੂੰਆਂ

ਠੰਢੇ ਸਾਗਰਾਂ ਦੇ ਸੁਪਨੇ ਲੈਂਦੀਆਂ,
ਲੂੰਆਂ ਆਈਆਂ ਫੁੱਲਾਂ ਦੇ ਘਾਟ ਵੇ।
ਵੇ ਇਹ ਰੰਗਾਂ ਦੇ ਚਸ਼ਮੇ ਤੇ ਆਣ ਕੇ,
ਬਣ ਗਈਆਂ ਨੇ ਕ਼ੈਸ ਦੀ ਜ਼ਾਤ ਵੇ।

ਵੇ ਇਹ ਜਾਣਨ ਨ ਜਾਣਨ ਨ ਕਮਲੀਆਂ
ਰੁੱਠੈ ਸੱਜਨਾਂ ਦੇ ਸੀਨੇ 'ਚ ਖਾਰ ਵੇ।
ਵੇ ਇਹ ਤੱਤੀਆਂ ਦੇ ਪੈਂਡੇ ਅੰਦਰਾਂ,
ਮੌਤ ਖੋਲੇਗੀ ਸਿਵਿਆਂ ਦੇ ਬਾਰ ਵੇ।

ਧੀਆਂ ਚੱਲੀਆਂ ਵੈਰਾਗਨਾਂ ਤੱਤੀਆਂ
ਪਾ ਬਾਬਲ ਦੇ ਦੇਸ ਤੇ ਝਾਤ ਵੇ।
ਸਾਜਨ ਠਾਰਸੀ ਹਿੱਕ ਨੂੰ ਕਿਸ ਤਰ੍ਹਾਂ ?
ਪੀ ਕੇ ਚੱਲੀਆਂ ਨੇ ਸੂਰਜ ਦੀ ਲਾਟ ਵੇ।

ਲੂੰਆਂ ਲੰਘੀਆਂ ਸਰੋਵਰਾਂ ਕੋਲ ਦੀ
ਜਾਗੇ ਪਾਣੀ ਦੇ ਸੈਆਂ ਹੀ ਘੁੱਟ ਵੇ।
ਛੰਭ ਵਾਜਾਂ ਹੀ ਰਹੇ ਬਸ ਮਾਰਦੇ
ਤੱਤੀ ਧਰਤ ਦੇ ਅੰਙਨਾ ਉੱਠ ਵੇ।

ਲੂੰਆਂ ਕਪੜੇ ਮੈਲੇ ਪਾ ਚੱਲੀਆਂ,
ਰਾਹ ਵਿੱਚ ਚੰਨ ਦੀ ਆਉਣੀ ਏਂ ਰਾਤ ਵੇ।
ਕਿਰਨਾਂ ਧੋਬਨਾਂ ਕਰਨਗੀਆਂ ਖੜਕ ਉੱਠ
ਭਰੇ ਨੀਂਦਰਾਂ ਗੰਧਾਂ ਦੇ ਘਾਟ ਵੇ।

ਨੀਲਮ ਦੇਸ ਦੀ ਜੂਹ ਵੀ ਝਲਕਦੀ
ਪੀਤੀ ਲੂੰਆਂ ਨੇ ਰੱਜ ਪ੍ਰਭਾਤ ਵੇ।
ਨਾਪਿਆ ਨਿੱਕੀ ਜਹੀ ਹਿੱਕ ਵਿੱਚ ਯਾਰ ਨੂੰ
ਭਰੀ ਨਾਚਾਂ ਦੇ ਨਾਲ ਉਂਘਲਾਟ ਵੇ।

WWW.SIKHBOOKCLUB.COM

ਪੰਛੀ ਚੰਨ ਦਾ ਅੰਬਰੀਂ ਉੱਡਿਆ
ਤੱਕਨ ਆਇਆ ਸੁਹਾਗ ਦੀ ਰਾਤ ਵੇ।
ਸਾਗਰ ਲਹਿਰਾਂ ਦੀ ਜੀਭਾਂ ਨਾ' ਬੋਲਿਆ
ਹੋਈ ਗੀਤਾਂ ਵਿੱਚ ਇਸ਼ਕ ਦੀ ਬਾਤ ਵੇ।

ਲੂੰਆਂ ਗਰਭ ਦੀ ਦਾਤ ਲੈ ਚੱਲੀਆਂ
ਭਰਨ ਪੇਕਿਆਂ ਵੱਲ ਉਲਾਂਘ ਵੇ।
ਸੁਆਗਤ ਸੱਜਨ-ਨਿਸ਼ਾਨੀ ਦਾ ਕਰਨ ਲਈ
ਚਮਕਣ ਬਿੱਜਲੀਆਂ ਸੁਪਨਿਆਂ ਵਾਂਗ ਵੇ।

•


WWW.SIKHBOOKCLUB.COM

# 11
# ਪਹਾੜਾਂ ਦੀ ਵੇਦਨਾ

ਪਹਾੜਾਂ ਦੀ ਵੇਦਨਾ ਪੋਹ ਦੇ ਗਗਨ ਤੇ
ਤ੍ਰੇਲਾਂ ਦੇ ਵਹਿਣ ਕੂੰਜਾਂ ਦੀ ਵਾਜ 'ਤੇ ਕੰਬਨ—
ਪਹਾੜਾਂ ਦੇ ਹੰਝੂ ਉਸ਼ਾ ਦੀ ਲਾਲੀ ਤੋਂ
ਖਿੱਚੇ ਗਏ ਗਗਨ ਤੇ ਅਜ਼ਲਾਂ ਦੇ ਵਾਂਗੂੰ,
ਪਹਾੜ ਕੂੰਜਾਂ ਬਣ ਆਏ ਨੀਂਦ ਵਿੱਚ ਜਿੰਦੇ
ਕੰਵਲ ਬਣੇ ਤਿਰੀ ਨੀਂਦ ਵਿੱਚ ਰਾਗ ਦੇ ਸੰਗਮ।

ਕੀ ਸੁਣੇ? ਕੀ ਦਿੱਸੇ? ਪੋਹ ਦੀ ਰੁੱਤੇ
ਕਿਸ ਕਾਲ ਦੇ ਕਿਨਾਰਿਆਂ ਉੱਤੇ
'ਟਿਕ ਟਿਕ' ਕਰ ਰਿਹਾ ਤੇਸਾ ਪਹਾੜੀਆਂ ਉੱਤੇ—
ਝੋਲੀਆਂ ਗਗਨਾਂ ਦੀਆਂ ਟਸਕ ਪਈਆਂ
ਊਸ਼ਾਵਾਂ ਚੋਂਦੀਆਂ ਫ਼ਰਿਹਾਦ ਦੇ ਸਿਰ ਤੇ—
'ਟਿਕ ਟਿਕ' ਲਹਿੰਦੀ ਹੀ ਜਾਂਦੀ ਡੂੰਘ-ਡੂੰਘਾਣੀਂ,
ਝੀਲ ਵਿੱਚ ਕਿਸੇ ਨਹਿਰ ਦੀ ਜਾਗ ਖੁੱਲ੍ਹੇ।

•


WWW.SIKHBOOKCLUB.COM

## 12

# ਲਾਸ਼

ਕੁੱਲੀ ਦੇ ਭੜ੍ਹਦਾਏ ਨ੍ਹੇਰੇਂ
ਲਾਸ਼ ਪਈ ਇਕ ਖੋਈ,
ਚਲੇ ਗਏ ਲੱਖਾਂ ਹੀ ਤਾਰੇ
ਕਹਿ : 'ਏਥੇ ਨਾ ਕੋਈ'

ਹਿਸੀ ਪਰਤ ਦੀਆਂ ਮੰਜ਼ਲਾਂ ਲੰਘਦੇ
ਆ ਗਏ ਰਾਹੀ ਪਿਆਸੇ,
ਝਾਤ ਜਹੀ ਪਾ ਤੁਰਦੇ ਹੋਏ
ਤਪੇ ਥਲਾਂ ਜਿਉਂ ਕਾਸੇ।

ਨ੍ਹੇਰ ਦਾ ਕਾਲਾ ਪੰਜਾ ਰੱਖੀ
ਗਹਿਰਾਂ ਵਾਂਗ ਪਹਾੜਾਂ
ਲਾਸ਼ ਦੀ ਹਿੱਕ ਨੂੰ ਦੱਬੀ ਖੜੀਆਂ
ਖਿਚਿ ਜੱਲਾਦ-ਕਟਾਰਾਂ।

ਨੀਰ-ਵਿਹੂਣੇ ਪਾਟੇ-ਤ੍ਰੇੜੇ
ਛੰਭ ਤੇ ਮਿਰਗ ਵੈਰਾਗੀ,
ਆ ਕੇ ਚਲਾ ਗਿਆ ਸੰਞਾਂ ਨੂੰ
ਅੰਤਮ ਵਾਰ ਤਿਆਗੀ।

ਪੀਲੇ ਭੂਕ ਬ੍ਰੋੜ ਦੀ ਟੀਸਿਉਂ
ਵੇਂਹਦੀ ਗਿਰਝ ਉਜਾੜਾਂ,
ਫਫੇਕੁਟਣ ਧੌਣ ਖਿੱਚ ਬੈਠੀ
ਸੂਰਜ ਛਿਪਦੇ ਸਾਰਾਂ।

ਹੰਝੂ ਦੀ ਕੰਬਨੀ ਜਹੇ ਹੌਂਕੇ
ਭਰ ਵੇਦਨਾ ਕੋਈ,
ਕਿਸੇ ਅੰਤਲੇ ਰਾਹੀ ਦੇ ਸੰਗ
ਤੁਰੀ ਓਦਰੀ ਹੋਈ।

WWW.SIKHBOOKCLUB.COM

ਲਾਸ਼ ਦੇ ਅੰਦਰ ਜਾਗ ਰਹੇ ਨੇ
ਲਹਿਰ ਲਹਿਰ ਦੇ ਪਾਣੀ
ਟਪਰੀਵਾਸਾਂ ਵਾਂਗੂੰ ਘੁੰਮਦੀ
ਰਗ ਰਗ ਵਾਜ ਪਛਾਣੀ।

ਫਿਰ ਵੀ ਕੋਈ ਦਰਦ-ਵਿਹੂਣਾਂ
ਹੱਸਦਾ ਕਫ਼ਨਾਂ ਵਾਲਾ।
ਸੁੱਕਿਆਂ ਪੱਤਰਾਂ ਦੇ ਵਿਚ ਤਣਦਾ
ਇਕ ਮਟਮੈਲਾ ਜਾਲਾ।

ਲਾਸ਼ ਦੇ ਅੰਦਰ ਵਗਣ ਵਗਣ ਪਏ
ਸੈ ਜਨਮਾਂ ਦੇ ਪਾਣੀ;
ਜੋ ਪਰਦੇਸੀ ਡਾਢੇ ਸੱਜਨਾਂ
ਕਦੇ ਅਮਾਨਤ ਜਾਣੀ।

— — — — — —

ਬੇਪਰਵਾਹ ਸਾਂਵਲਾ ਜਾਂਦਾ
ਅਜਬ ਰੁੱਤ ਦਾ ਸੁਆਮੀ।
ਅੱਡੀਆਂ ਬਾਹੀਂ ਵੱਲ ਉਡਾ ਗਿਆ
ਜੁਗਨੂੰ ਵਾਂਗ ਜੁਆਨੀ।

ਰੁੱਤਾਂ ਵਾਲੇ ਦੇ ਪੋਟੇ ਦੀ
ਛੋਹ ਤਾਰੇ ਜਹੀ ਹੋਈ।
ਪਿੱਛੇ ਕਿਸੇ ਨੈਣ ਵਿੱਚ ਵਿਲਕੇ
ਮਹਿਕ ਨਿਆਣੀ ਕੋਈ।

ਉਮਰ ਉਮਰ ਦੇ ਅੱਥਰੂ ਦੀ ਇੰਞ
ਸ਼ੂਨ ਕੰਬਨੀ ਜਾਣਨ,
ਡੁੱਬਦੇ ਸੂਰਜ ਦੇ ਕਿੰਗਰੇ ਤੇ
ਮੁਕਦੇ ਮੁਕਦੇ ਚਾਨਣ।

ਵਿਸਰ ਗਏ ਦੋ ਭਿਖਿਆ ਮੰਗਦੇ
ਨੈਣ ਅਰਜ਼ ਦੇ ਮਾਰੇ।
ਘੁੱਟ ਨੂਰ ਦਾ ਭਰਕੇ ਛਾਵੇਂ
ਮੰਜ਼ਲੀਂ ਭੁੱਲ ਗਏ ਪਿਆਰੇ।

ਕਿਸੇ ਸਿਤਾਰੇ ਦੇ ਵੱਲ ਵੇਂਹਦੇ
ਨੈਣ ਚਮਕ ਕੇ ਰੋਏ।
ਉਮਰਾਂ ਬੀਤ ਗਈਆਂ ਇੰਞ ਸਿਰ ਤੋਂ
ਚਾਨਣਾ ਵਾਲੇ ਖੋਏ।


WWW.SIKHBOOKCLUB.COM

ਕੁੱਝ ਰਾਹਾਂ ਦੀ ਰਾਖੀ ਕਰਕੇ
ਪਹਿਰੇਦਾਰ ਗ਼ਰੀਬਾਂ।
ਰੋਂਦਿਆਂ ਜਮ ਦੇ ਕੰਧੇ ਲੱਦੀਆਂ
ਉਮਰਾਂ ਦੀਆਂ ਉਡੀਕਾਂ।

ਲਾਸ਼ ਦੇ ਸਿਰ ਤੇ ਨਹੀਂ ਅੱਜ ਚੜ੍ਹਿਆ
ਡੁਬਕੀ ਲਾ ਇਕ ਤਾਰਾ;
ਜਿਸਦੇ ਚਾਨਣ ਦੇ ਵਿਚ ਭਰਿਆ
ਨੀਰ ਸਰਾਂ ਦਾ ਨਿਆਰਾ।

ਚਾਨਣ-ਬਸਤੀ ਉਜੜੇ ਨ੍ਹੇਰੋਂ
ਪੰਛੀ ਦੱਸੇ ਜਾ ਕੇ :
"ਨ੍ਹੇਰਾ ਦੂਰ ਜਿਹਦੀ ਰਗ ਅੰਦਰ
ਵਗੇ ਨ ਚਾਨਣ ਆ ਕੇ।"

ਕੀੜਾ ਨਿਕਲ ਰੁੱਡ 'ਚੋਂ ਸੋਚੇ :
"ਕਿਸ ਮਹਿਕ ਵੱਲ ਜਾਵਾਂ ?
ਲਾਸ਼ ਦੇ ਨੈਣਾਂ ਦੇ ਵਿੱਚ ਜੀਵੇ
ਕਿਸ ਯੁਗ ਦਾ ਪ੍ਰਛਾਵਾਂ ?"

•

WWW.SIKHBOOKCLUB.COM

# 13

# ਰੂਹਾਂ ਦਾ ਪਹੁਫਟਾਲਾ

## (1)

"ਜ਼ਾਲਿਮਾ ਚਾਂਦਨੀ ਵਗੀ, ਚਾਂਦਨੀ ਉੱਠੀ
ਕਾਲੀ ਮੇਘ ਜਹੀ ਪਹਾੜ ਦੀ ਟੀਸੀ ਤੋਂ।
ਬਣਿਆਂ ਚੰਨ ਕੋਲ ਸਿਤਾਰਿਆਂ ਦਾ ਅੱਖਰ
ਨੂਰ ਨੇ ਭਿਉਂ ਦਿਤੇ ਵਣਾਂ ਦੇ ਪੱਤਰ—
ਜਾਗ ਪਰਦੇਸੀਆ, ਕੋਈ ਆਇਆ ਪਹਾੜਾਂ ਤੇ।
ਮਿੱਟੀ 'ਚ ਲਿਟੀਆਂ ਬੁੱਢਿਆਂ ਨਾਗਾਂ ਦੇ ਵਾਂਗੂੰ
ਅਧਖੜ ਵਣਾਂ ਦੀ ਤਪਸ਼ ਹੇਠ ਬਰਸਾਂ ਤੋਂ
ਥੱਕੀਆਂ ਜੜ੍ਹਾਂ ਕੀ ਜਾਣਨ ਕਿ ਅੰਮ੍ਰਿਤ ਨੇ
ਕਿਸੇ ਪਲ ਰਾਖ-ਰੰਗੀ ਮੌਤ ਪੀ ਜਾਣੀ ਹੈ।

ਧਸੇ ਧਰਤੀ 'ਚ ਬਿਰਖਾਂ ਦੇ ਬੇ-ਜਾਨ ਫੇਫੜੇ
ਕੋਹਾਂ 'ਚ ਮਿੱਟੀ ਦਾ ਮੁਰਦਾ ਹੈ ਵਿਛਿਆ;
ਕੌਣ ਜਾਣੇ ? ਉਹਨਾਂ ਨੂੰ ਦੂਰ ਦੀ ਦੁਨੀਆ 'ਚੋਂ
ਕਾਲਿਆਂ ਮੇਘਾਂ ਨਾ' ਉੱਡਦੀ
ਚਿੱਟਿਆਂ ਹੰਸਾਂ 'ਚ ਘੁੰਮਦੀ
ਸਖੀ ਲਗਰਾਂ ਦੀ ਹਰੀ-ਭਰੀ ਨੇ ਚੁੰਮ੍ਹਨਾ
ਤੇ ਡੁਲ੍ਹਣਾ ਉਸ ਸੋਹਣੀ ਸਮੀਰ ਦੇ ਨੈਣੀਂ—
ਉੱਠ ਜ਼ਾਲਿਮਾ, ਕੋਈ ਆਇਆ ਪਹਾੜਾਂ ਤੇ।"

ਨੀਂਦ ਖੁਲ੍ਹੀ, ਮੈਂ ਕਿਹਾ : 'ਵਤਨ ਨੂੰ ਪਰਤਾਂ
ਪੀ ਚਲਾਂ ਇਸ ਕੰਵਲ ਤੋਂ ਹੀ ਨੀਰ ਦੀ ਚੂਲੀ
ਇਸ ਉਮਰ ਦੀ ਨੀਂਦ ਤੇ ਛਾਂ ਰਹੀ ਜੀਂਦੀ।
ਦੂਧ ਕੰਵਲ ਦੇ ਅੰਗਾਂ ਦਾ ਚਾਨਣਾ ਲੈ ਕੇ
ਸਿੰਜੀ ਨੀਂਦ ਜੁਆਨੀ ਦੀ ਸੋਹਣੀਆਂ ਤ੍ਰੇਲਾਂ।...
ਕ੍ਰੋਧ ਖਿੰਘਰ ਜਿਹਾ ਬਣ ਹੱਡਾਂ 'ਚ ਸੁੱਤਾ
ਬੋਲ੍ਹਾ ਅੰਦਰੋਂ ਬਾਹਰੋਂ, ਫ਼ਕੀਰ ਦੇ ਸੀਸ ਨੂੰ ਭੰਨਣ


WWW.SIKHBOOKCLUB.COM

ਜੋ ਸੀ ਗਿੜ੍ਹਿਆ ਕਹਿਰ ਵਿਚ ਸੁੱਕੀ ਪਹਾੜੀ ਤੋਂ;
ਸੋਹਣੇ ਕੰਵਲ ਕੋਲੋਂ ਬਖ਼ਸ਼ਿਸ਼ਾਂ ਨੈਣਾਂ ਦੀਆਂ
ਪਾਈਆਂ ਉਸ ਗ਼ਰੀਬ ਪੱਥਰ ਨੇ ਮੰਨ ਕੇ ਭੁੱਲਾਂ
ਤੇ ਵੈਰਾਗ ਦੇ ਪਾਣੀ ਵਗੇ ਨੀਂਦ ਦੇ ਰਾਹਾਂ ਵਿੱਚ...

ਜਾਂ ਚੰਨ ਦੇ ਕੰਢੇ ਲਹਿਰਾਂ ਕੰਬੀਆਂ
ਤੇ ਘੁਲੀ ਮੇਰਿਆਂ ਹੱਡਾਂ 'ਚ
ਸੈਆਂ ਪਹਾੜਾਂ ਦੀ ਨੀਂਦ—
ਤਾਂ ਪੈਂਡੇ ਮਾਰ ਕੇ ਬਰਫ਼ਾਂ ਦੀ ਚਾਂਦਨੀ ਪਿਆਰੀ
ਆਈ ਅਜਨਬੀ ਬਣ ਕੇ ਕੰਵਲ ਦੇ ਦੁਆਰੇ ਤੇ।...

ਉਸ ਦੇ ਪੈਂਡੇ ਦੇ ਜਾਦੂ ਛਿਣ ਲਏ ਜੀਵੇਂ!
ਅਰਸ਼ਾਂ ਨੂੰ ਛੂੰਹਦੇ, ਠੰਡੀਆਂ ਪੌਣਾਂ 'ਚ ਤਰਦੇ
ਅਰਸ਼ਾਂ ਦੇ ਰੰਗ ਹਿੱਲੇ ਰੂਹਾਂ ਦੇ ਦੇਸ—
ਲਾਲੀ ਨਦਰ ਦੀ ਟਿਕੀ ਰਹੀ ਜਿੰਦ 'ਤੇ ਜੀਵੇਂ!
ਕਾਫ਼ਲੇ ਤੁਰਦੇ ਰਹੇ ਤੇਰੀ ਦੁਨੀਆ ਤੋਂ ਆ ਕੇ
ਯੁਗਾਂ ਪਹਿਲਾਂ ਕੰਵਲ ਤੂੰ ਜਾਦੂ ਛਿਣੇ!

ਵਤਨ ਨੂੰ ਪਰਤਾਂ ਰਾਤ ਹੈ ਲੰਮੀ
ਅੱਧੀ ਰਾਤ ਮੈਂ ਜੋਗੀ ਦੇਸ ਜਾ ਆਖਾਂ:
"ਜਾਗ ਕਿ ਨਦੀਆਂ ਦੇ ਨਵੇਂ ਰਾਹ ਮੈਂ ਲੱਭੇ!
ਜਾਗ ਕਿ ਵਣਾਂ ਵਿਚ ਤੇਰੇ ਸੰਤ ਮੈਂ ਦੇਖੇ!
ਹਵਾਏ ਜਗਾ ਨੀ ਸੁੱਤੇ ਕਬਰ ਵਿਚ ਹਾਣੀ
ਆਖ ਕਿ ਤੁਸਾਂ ਦਾ ਆਇਆ ਅਜਬ ਹੀ ਬੇਲੀ।"
ਪੀ ਚਲਾਂ ਇਸ ਕੰਵਲ ਤੋਂ ਨੀਰ ਦੀ ਚੂਲੀ!

ਗ਼ੁੱਸੇ, ਗਿਲੇ, ਹਿਰਸ, ਪਾਪ ਨ ਮੋਏ!
ਜੀਣ ਸੁਫਨੇ ਦੀ ਜਲੀ ਮਿੱਟੀ ਦੇ ਵਾਂਗੂੰ।
ਤ੍ਰਿਸ਼ਨਾਵਾਂ ਤੇ ਭਲਾ ਰੂਹ ਕਿਉਂ ਰੌਸ਼ਨ ਹੈ?
ਜੜ੍ਹਾਂ ਬੁੱਢੀਆਂ ਲੁਕਾ ਕੇ ਮਹਿਕਣ ਵਣ ਕਿਉਂ ਮੇਰੇ?
ਮਿੱਟੀ ਦੇ ਮੁਰਦੇ ਤੇ ਰੰਗਾਂ ਦਾ ਕਫ਼ਨ ਤਾਂ ਨਹੀਂ
ਮੈਂਡੀ ਅੱਧੀ ਰੂਹ ਤੇ ਵਗਦਾ
ਹਾਇ! ਇਹਨਾਂ ਰੰਗਾਂ ਦਾ ਪਾਣੀ!

ਇਲਹਾਮ ਹੋਇਆ ਕਿਹੜੇ ਪਹਾੜਾਂ ਤੋਂ?
ਲਗਰਾਂ ਨੇ ਵੰਨ ਕੀਤੇ ਮਿੱਟੀ 'ਚੋਂ ਨਿਕਲਕੇ
ਕਲੀਆਂ ਹੁੰਮ ਹੁਮਾਈਆਂ, ਕੰਵਲ ਦੇ ਦੁਆਲੇ—

WWW.SIKHBOOKCLUB.COM 

ਟੀਸੀਆਂ ਤੇ ਢਿਲਕੀਆਂ ਗੋਰੀਆਂ ਰਾਤਾਂ
ਅੱਜ ਸਭਨਾਂ ਤ੍ਰੇਲਾਂ ਦੀ ਝੋਲ ਵਿਚ ਤਾਰੇ,
ਹਾਇ ਮੈਂ ਭੁੱਲ ਗਿਆ ਨਦੀ ਦੇ ਕਿਨਾਰੇ।

ਕਿੱਥੇ ਗਈ ਮੇਰੇ ਦੇਸ ਦੇ ਪਾਣੀ ਜੋ ਲਿਆਉਂਦੀ ?
ਉਹ ਕੰਵਲ ਨਾ ਦੀਂਹਦਾ, ਜੋ ਪਹਿਰੇਦਾਰ ਸੀ ਮੇਰਾ,
ਜਿੰਦ ਵਸੇ ਜਿਸ ਦੀ ਪਤਾਲ ਦੇ ਖੂਹਾਂ ਵਿੱਚ।

ਜਾਣ ਨੱਸੇ ਰਾਜ ਕਰਿ ਵਣਾ ਵਿੱਚ ਬਰਸਾਂ
ਉਹ ਨਾਗ ਹੰਕਾਰੀ, ਮਹਿਕ ਦੇ ਮਾਰੇ।
ਵਣ ਜਿਵੇਂ ਕੰਵਲ ਬਣ ਪੈਰਾਂ ਤੇ ਝੁਕਿਆ
ਉਹ ਜਾਣ ਨ ਦੇਂਦਾ, ਉਹ ਪੈਰਾਂ ਨੂੰ ਛੋਂਹਦਾ।
ਚੰਨ ਜ਼ੋਰ ਕਰਦਾ, ਲਗਰਾਂ ਹਿੱਕ ਤੇ ਪਲਮਣ
ਨੰਨ੍ਹੀਆਂ ਤ੍ਰੇਲਾਂ ਨੈਣਾਂ 'ਚ ਝਮਕਣ—
ਹਾਇ, ਮੈਂ ਭੁੱਲ ਗਿਆ ਨਦੀ ਦੇ ਕਿਨਾਰੇ !!

ਮੈਂ ਤੁਰਿਆ, ਕੁੱਝ ਕਦਮਾਂ ਤੇ ਸ਼ਾਖ ਹਿੱਲੇ
ਢਿਲਕੇ ਜੂੜੇ ਜਹੀ, ਸਿਰੇ ਤੇ ਝੂੰਮਦਾ ਪੰਖੀ।
ਚੰਨ ਦੀ ਰਗੜ ਵਜੇ ਅਰਸ਼ਾਂ ਤੋਂ ਆ
ਪੰਖ ਦੀ ਸਫ਼ੈਦੀ ਹੋਰ ਵੀ ਚਮਕੇ।
ਚੁੰਜ ਵਿਚ ਕਲੀ, ਨੈਣ ਸਨ ਉਡੀਕਦੇ ਮੈਨੂੰ।...
ਨਜ਼ਰ ਦਾ ਡੰਗ ਮਾਰ ਮਿਰੇ ਲੁਕੇ ਪਾਪਾਂ ਤੇ,
ਪ੍ਰਸੰਨ ਹੋ, ਤੱਕ ਲੁਕੇ ਰੰਗਾਂ ਨੂੰ ਪੁੱਛੇ :
"ਮਿਰੇ ਰਾਗ ਨੇ ਜਗਾਇਆ ਹੁਣੇ ਤੂੰ ਜਾਪੇਂ"

ਮੈਂ ਕਿਹਾ : "ਤੇਰੇ ਰਾਗ ਨੇ ਜਗਾਇਆਂ
ਪਰ ਇਹ ਸਾਰਾ ਵਣ ਨਾਰ ਕਿਉਂ ਬਣਿਆਂ !
ਮਗ਼ਰੂਰ ਸ਼ਾਖਾਂ ਲਮਕੀਆਂ ਵੇਲਾਂ ਹੋ ਕਿਉਂ ?
ਚੁਭਣ ਪੈਰਾਂ 'ਚ ਸੂਲਾਂ ਨਖਰਿਆਂ ਵਾਂਗੂੰ—
ਪੌਣੀਂ ਸਾਹ ਨ ਰਹੇ ਸੂਰਜ ਦੇ ਕਿਉਂ ?
ਜ਼ਰਦ ਉਲਝੇ ਸਿਰ ਨਾ ਰਹੇ ਬਿਰਖਾਂ ਦੇ ਵੱਡੇ
ਕਰਦੇ ਸੀ ਜੋ ਮਿਟ ਰਹੇ ਸ਼ਾਹਾਂ ਦੇ ਵਾਂਗੂੰ
ਲਗਰ ਦੀ ਕਲਗੀ ਸਜਾਉਣ ਦਾ ਮਾਣ ਫੋਕਾ।

ਔਰ ਪੱਥਰ ਸੌਂ ਰਹੇ ਪਤਲੀਆਂ ਧਾਰਾਂ ਦੇ ਥੱਲੇ
ਜਿਨ੍ਹਾਂ ਸੰਗ ਚਿਤਰੇ ਹਜ਼ਾਰਾਂ
ਧਾੜ ਕੇ ਪਰਬਤਾਂ ਅੰਦਰ

WWW.SIKHBOOKCLUB.COM

ਖ਼ੂਨੀ ਨਹੁੰਦਰਾਂ ਤਿੱਖੀਆਂ ਕਰਦੇ।
ਹਾਥੀ ਚਿੰਘਾੜਣ ਤਾਂ ਜਿਹੜੇ ਚਿੰਘਾੜਣ
ਅੱਜ ਉਹ ਪੱਥਰ ਅਰਾਧਨਾ ਨਾਰਾਂ ਦੀ ਕਰਦੇ।
ਚਾਂਦਨੀ ਦੇ ਹੁਕਮ ਵਿੱਚ ਤੁਰ ਰਹੇ ਪਾਣੀ
ਇਹ ਮੇਘ ਨੇ ਬੂੰਦਾਂ 'ਚ ਉੱਡਦੇ ਪਏ,
ਰੂਹ ਦੀ ਅਨੰਤ ਛਾਂ ਥੱਲੇ
ਨੀਂਦ ਪਈ ਅਜ਼ਲਾਂ ਦੀ,
ਸੌਂ ਗਿਆ ਮੇਰਾ ਗ਼ੁੱਸਾ ਮਹਿਕ ਦੀ ਦੁਨੀਆ।

ਹਾਇ! ਨਿੰਦ੍ਰਿਆ ਗਏ ਮੇਰੇ ਸੂਰਮੇ ਬਾਣ
ਮੇਰੇ ਬੋਲੀਂ ਘੂਕ ਨਾ ਗੂੰਜੇ ਸੰਘਰਸ਼ਾਂ ਦੀ।
ਮੇਰੀ ਨਾੜਾਂ 'ਚ, ਮੇਰੀ ਲਹੂ-ਬੂੰਦਾਂ 'ਚ ਕਿਧਰੋਂ
ਕਾਮ ਦਾ ਰਾਗ ਪਿਆ ਸੀਸ ਨੂੰ ਧਾਏ।
ਨਾ ਜਾਣਾ ? ਕੰਵਲ ਦੀ ਛਾਂ ਵਾਲੇ ਠੰਢੇ ਬੈਕੁੰਠੀਂ
ਕਦੋਂ ਜਾ ਗੂੰਜਣ ਤਾਨਾਂ ਬਰੀਕ ਇਹ।
ਇਹ ਆਕਾਸ਼, ਇਹ ਸਿਤਾਰੇ, ਮੇਰੀ ਹਸਤੀ
ਕਸਮ ਅੱਲਾ ਦੀ ਮੈਨੂੰ ਨਾਰ ਹੀ ਜਾਪਣ।"

ਪੰਖੀ ਨੇ ਨਜ਼ਰ ਚੁੱਕੀ ਜਿਸ ਵਿਚ ਮਰਦ ਸੀ ਪੂਰਾ
ਤੇ ਯੁਗਾਂ ਦੀ ਬਜ਼ੁਰਗੀ ਦੇ ਚਿੰਤਨ ਦਾ ਜਲਵਾ
ਧਾਰਮਿਕ ਪੁਰਸ਼ਾਂ ਦੇ ਵਾਂਗੂੰ, ਬਾਬੇ ਦੀ ਵਾਜ ਵਿੱਚ ਪੁੱਛੇ :
"ਕੌਣ ਹੈਂ ਤੂੰ ? ਕਿੱਥੋਂ ਹੈਂ ਆਇਆ ?
ਬਹੁਤ ਬੋਲੇਂ, ਨਸ਼ੇ ਵਿਚ ਜੀਵੇਂ।"

ਮੈਂ ਕਿਹਾ : "ਹੈਵਾਨ ਸਾਂ ਮੈਂ ਬਾਬਾ
ਛੁਰੀਆਂ ਦੀ ਤਿੱਖੀ ਧਾਰ ਨਜ਼ਰ ਵਿੱਚ ਕਰਦਾ
ਜੱਲਾਦ ਮੇਰੇ ਅੰਦਰ ਦਾ ਫ਼ਿਜ਼ਾ ਵਿਚ ਦੌੜੇ
ਕੱਢਦਾ ਜਗਤ ਨੂੰ ਚੀਕ ਕੇ ਗਾਲ੍ਹਾਂ।
ਸੰਘਰਸ਼ ਵਿੱਚ ਮੈਂ ਗੂੰਜਣਾ ਚਾਹਿਆ;
ਕੁੱਝ ਗੀਤਾਂ 'ਚ ਭਰੀ ਮੈਂ ਹਥੌੜੇ ਦੀ ਵਾਜ—
ਪਰ ਯੁਗ ਦੇ ਸਿੱਥਲ ਅਭਿਮਾਨੀ ਰਾਜਿਆਂ ਵੱਲੋਂ
ਜੱਲਾਦਾਂ ਦੇ ਖ਼ੂਨੀ ਤਪੇ ਨੈਣਾਂ ਦੇ ਵਿੱਚੋਂ
ਇਕ ਅੱਗ ਆ ਕੇ ਮੇਰੀ ਹਸਤੀ 'ਚ ਮੱਚੀ।
ਕਰੋਧ, ਘਿਰਣਾ, ਸ਼ੱਕਾਂ ਦੀ ਗਰਮ ਦਲਦਲ 'ਚੋਂ
ਨਿਕਲ ਨਾ ਸੂਰਮਾ ਰਣਾਂ ਦਾ ਬਣਿਆਂ।
ਆਤਮਾ-ਜਿਸਮ ਦੀ ਪੂਨਮ ਦੇ ਦੀਦ ਲਈ
ਮੈਂ ਆਇਆ ਹਾਂ ਤਿਰੇ ਵਣਾਂ ਵਿੱਚ ਬਾਬਾ।"

WWW.SIKHBOOKCLUB.COM

ਕਿਹਾ ਪੰਖੀ : "ਤੇਰੀ ਵਾਰਤਾ ਲੰਮੀ ਏ
ਤੂੰ ਖ਼ੂਨਖਾਰ ਦੁਨੀਆ ਦੇ ਨਿੱਕਿਆਂ ਪਾਪਾਂ ਤੇ
ਦਿਲਗੀਰ ਹੋ ਗਿਆ ਧਰਤੀ ਦੇ ਬੇਟਿਆ।
ਇਹ ਵਣਾਂ ਵਿੱਚ ਆ ਤੂੰ ਰਿਸ਼ੀ ਵੀ ਬਣਿਆਂ;
ਅਣਵਰ੍ਹੇ ਕਾਲੇ ਬੱਦਲਾਂ ਦੀ ਛਾਵੇਂ
ਗਾ ਉੱਠਿਆ ਪੰਖੀਆਂ ਦਾ ਜਗਤ ਜਲੰਦਾ
ਰੂਹਾਂ ਦੀ ਵੇਦਨਾ ਤਰਸ ਲਈ ਕੂਕੀ।

ਭਿੰਨੀ ਰਾਤ ਵਿੱਚ ਜਾ ਰਹੇ ਅੱਲਾ ਦੇ ਪਿਆਰੇ
ਇਲਹਾਮ ਦੀ ਬਾਣੀ ਘੋਲ ਗਏ ਨੀਂਦਰਾਂ।
ਗੰਧ ਡੁਲ੍ਹੀ ਕੰਵਲ-ਛਾਵਾਂ 'ਚੋਂ ਜਗਤ ਦੇ ਫੁੱਲਾਂ ਦੀ
ਸੀ ਨੀਂਦ ਤੇਰੀ ਸ਼ਾਂਤ ਮਹਾਂ ਸਾਗਰਾਂ ਵਰਗੀ।
ਬਾਰੂਦ ਦਾ ਫਣ, ਹੌਂਦ ਵਿੱਚ ਸੁੱਤਾ ਹੈ ਭਾਵੇਂ
ਡੂੰਘੇ ਖੂਹਾਂ ਦੇ ਰਾਜ਼ ਨੇ ਤੇਰੇ ਵਿੱਚ ਬੀਬਾ।

ਅਮਲ ਦੀ ਗਰਜ ਨ ਸੁਣੀਂ ਤੂੰ ਦੁਨੀਆ ਦੇ ਅੰਦਰ
ਤੈਂ ਰਾਹਾਂ ਤੇ ਦੈਵੀ ਨੂਰ, ਪਰ ਮੰਜ਼ਲ ਸੀ ਛੋਟੀ।
ਤਿਰੇ ਚੰਦਰਮਾ ਹੇਠ ਰਾਹ ਹੋਰ ਵੀ ਨੇ ਸੋਹਣੇ,
ਉਹ ਗਿਲਾ ਕਰਸੀ ਜਿਨ੍ਹੂੰ ਛੋਹ ਸਮਾਂ ਨਾਰੀ।"

"ਕਿਨ੍ਹੂੰ ਛੋਹ ਸਮਾਂ ਨਾਰੀ ?
ਹਾਂ, ਹਾਂ! ਸਾਂਵਲ ਬੁੱਤ ਹੈ ਦਿਸਿਆ
ਕਾਲੀ ਮੇਘ ਜਹੀ ਪਹਾੜ ਦੀ ਟੀਮੀ ਤੋਂ।"
ਇਕ ਨੈਣ ਦੀ ਪਲਕ ਕੰਬੀ
ਕੁੱਝ ਸੋਚ ਕੇ ਡੂੰਘਾ
ਪੰਖੀ ਏਸ ਪਲ ਹੋ ਗਿਆ ਹੋਰ ਵੀ ਸਿਆਣਾ :

"ਬਰਸ ਬੀਤੇ, ਸਹਿਮ ਕੇ ਤਖ਼ਤ ਸੀ ਡੋਲੇ।
ਰੌਲਾ ਪਿਆ ਰਾਜ ਵਿਚ : ਮਰੇ ਕੋਈ ਦੁਖੀਆ।
ਜੀਣ ਲੱਗੇ ਭੈਅ ਵਿਚ ਪਹਾੜਾਂ ਦੇ ਪੱਥਰ ਵੀ—
ਜ਼ਮੀਰ ਦੇ ਚੋਰ ਕਾਲੀਆਂ ਗੁਫ਼ਾਵਾਂ 'ਚ ਉਤਰੇ
ਭੀੜੀਆਂ ਸੁਰੰਗਾਂ 'ਚ ਨੱਸੇ
ਹੱਦ ਨੂੰ ਚਿਮਟੇ
ਤਿਰੀ ਹੂੰਗਰ ਦੇ ਉਡਣੇ ਸੱਪ ਤੋਂ ਡਰ ਡਰ।
ਕੁਰਲਾਟ ਦਾ ਹਥੌੜਾ ਵਜਦਾ ਰਿਹਾ ਦਿਨ-ਰਾਤ ਨੂੰ ਬਰਸਾਂ
ਉਨੀਂਦਰੇ ਕੈਦੀ ਦੇ ਵਾਂਗ ਸਮਾਂ ਲੋਹਾ ਹੋ ਖੜਿਆ!


WWW.SIKHBOOKCLUB.COM

ਫਿਰ ਤੂੰ ਸੌਂ ਗਿਆਂ ਇਕ ਚਾਨਣੀ ਰਾਤੇ।
ਨੀਂਦ ਤੇ ਛਾਂ ਰਹੀ ਇਕ ਕੰਵਲ ਦੀ ਬਰਸਾਂ
ਦਿਲ ਜ਼ੀਦਾ ਡੁੱਬਿਆ ਸਿਤਾਰਿਆਂ ਦੇ ਪਾਣੀ।
ਫਿਰ ਤੇਰੇ ਸਿਰ ਤੇ ਚੜ੍ਹ ਇਕ ਸਿਤਾਰੇ ਨੇ
ਸੈਨਤਾਂ ਮਾਰੀਆਂ ਰਾਹੀਆਂ ਨੂੰ ਬਰਸਾਂ।
ਇਕ ਕੰਕਰੀ ਰਾਹ ਕਿਸੇ ਵਾਦੀ ਨੂੰ ਜਾਂਦਾ
ਬਾਰਾਂ ਮਹੀਨੇ ਕਰਨ ਜਿਸ ਤੇ ਟਾਹਲੀਆਂ ਛਾਵਾਂ,
ਜਿਥੇ ਹਮੇਸ਼ ਜੜ੍ਹਾਂ ਵਹਿੰਦੇ ਪਾਣੀਆਂ ਨੂੰ ਪੀਂਦੀਆਂ।
ਕੁੱਝ ਜੋਗਨਾਂ, ਕੁੱਝ ਫ਼ਕੀਰਾਂ ਦੇ ਨਾਲ ਉਸ ਰਾਹ ਤੇ
ਸ਼ਹਿਰਾਂ ਨੂੰ ਛਡਿ ਸਾਂਵਲ ਨਾਰ ਇਕ ਚੱਲੀ।
ਜਿਉਂ ਵੀ ਹੋਇਆ ਉਹ ਆਈ ਪਹਾੜ ਤੇ,
ਸ਼ਰਮ ਛੋਹੀ ਜ਼ੁਲਫ਼ ਨੇ ਨੈਣਾਂ ਦੀ।
ਚਾਂਦਨੀ ਦੇ ਘੁੰਘਟ 'ਚ ਸਮਾਂ ਸ਼ਰਮਾਵੇ ਵੀ,
ਪੱਥਰ ਦਾ ਰਥ ਲਈ ਦੌੜਦਾ ਜਾਵੇ ਵੀ।
ਤਦ ਮੈਂ ਜਾਣਿਆ ਤੇਰੀ ਹੂੰਗਰ ਨੂੰ ਸੁਣਕੇ
ਉਹ ਸਮੇਂ ਦਾ ਅਣੂ ਸੀ ਕੰਕਰ ਹੋ ਡਿੱਗਾ ਜੋ
ਤੇਰੇ ਵਣਾਂ ਦੀ ਨਿੱਕੀ ਜਹੀ ਥਾਂ ਅੰਦਰ—
ਸਮਾਂ ਸਰਬ ਜ਼ਿੰਦਗੀ ਦੁਆਲੇ
ਰੇਸ਼ਮ ਦੇ ਕੀੜੇ ਦੇ ਵਾਂਗੂੰ
ਲਿਪਟਦਾ ਜਾਂਦਾ, ਲਿਪਟਦਾ ਜਾਂਦਾ।"

## (2)

ਅਸੀਂ ਹੈਰਾਨੇ ਹੋ ਗਏ, ਭੇਦ ਨ ਜਾਣੇ ਦੋ
ਇਸ ਆਲਮ ਵਿੱਚ ਸੁਣੀ ਨ, ਇਹੋ ਜਿਹੀ ਕੰਨਸੋਅ।

ਸ਼ਾਖ ਭਰੀ ਸੀ ਭਰ ਗਈ, ਨਾਲ ਨਵੀਂ ਖ਼ੁਸ਼ਬੋ
ਸੰਗਮਰਮਰੀ ਪੰਖ 'ਚੋਂ, ਖਿੜੀ ਕੰਵਲ ਦੀ ਲੋਅ।

ਮੈਂ ਕਿਰਨਾਂ ਤੇ ਵਾਰ ਕੇ, ਵੇਦਨ-ਅੱਥਰੂ ਕੋਅ
ਬਾਹਾਂ ਕਰਕੇ ਕਿਸੇ ਵੱਲ, ਮਾਰੀ ਵਾਜ ਖਲੋ:

"ਕਲੀਆਂ ਚੁੰਮ ਕੇ ਆਈਆਂ, ਸੱਤ ਅਰਸ਼ਾਂ ਤੋਂ ਜੋ
ਅੱਜ ਤਾਂ ਸੋਹਣੇ ਹੱਥ ਨਾ,' ਰਿਸ਼ਮਾਂ ਦੇਵੋ ਧੋ।

ਝੋਕ ਜਿੰਦ ਦੀ ਅੰਦਰਾਂ, ਫੁੱਲ ਮੈਂ ਲਏ ਲੁਕੋ
ਕਾਲੀ ਜ਼ੁਲਫ਼ 'ਚ ਲਵੋ ਜੀ, ਲੱਖਾਂ ਰੰਗ ਪਰੋ।

WWW.SIKHBOOKCLUB.COM

ਕੀ ਬਰਫ਼ਾਂ ਵੱਲ ਜਾਵਣਾ, ਸਦਾ ਹੀ ਸੁੱਤੀਆਂ ਜੋ
ਜਾਦੂਗਰਨੀ ਨਦੀ ਵਿਚ, ਜ਼ੁਲਫ਼ਾਂ ਦੇਵੇ ਡੁਬੋ।"

ਮੇਰੀ ਲੰਮੀ ਵਾਜ ਦਾ, ਲੰਮਾ ਪੈਂਡਾ ਜੋ
ਯੁਗ ਯੁਗ ਉਸ ਤੇ ਉੱਡਣਗੇ, ਲੱਖਾਂ ਪੰਛੀ ਰੋ।

ਉੱਡਦੇ ਉੱਡਦੇ ਵੇਹਣਗੇ, ਹਰ ਪਰਬਤ ਤੇ ਉਹ
ਤੁਰਸ਼ ਝਰੀਟ ਆਵਾਜ਼ ਦੀ, ਪਿਆਰ ਮੇਰੇ ਦਾ ਰੋਹ।

ਮੈਂ ਪੰਖੀ ਵੱਲ ਵੇਖਿਆ, ਨਜ਼ਰਾਂ ਦੇ ਵਿੱਚ ਖੋਹ,
ਕੁੰਡ ਬਹਿਸ਼ਤਾਂ ਵਾਲੜੇ, ਬੂੰਦ ਨ ਦੇਂਦੇ ਕੋ।

ਜਾਪੇ ਉਸ ਨੇ ਪੰਖ ਨੂੰ, ਚਿੱਟੀ ਅਗਨ ਡੁਬੋ
ਬਰਸਾਂ ਹੀ ਸੀ ਰੱਖਿਆ, ਥਲ ਜਿੱਤਣ ਲਈ ਕੋ।

ਇਕ ਦੂਰ ਦੀ ਨਦੀ ਦੀ, ਪਿਆਸ ਉਹਦੀ ਵਿੱਚ ਖੋਹ
ਘਾਟ ਜ਼ੀਦੇ ਤੇ ਜਾਣ ਲਈ, ਤਿਆਰ ਰਿਹਾ ਸੀ ਹੋ।

"ਕਿਸ ਅਰਸ਼ਾਂ ਦੇ ਪਰਬਤੋਂ, ਨੀਰ ਰਹੇ ਨੇ ਚੋਅ,
ਦੱਸੀਂ ਪੰਖੀ ਮੈਂਡਿਆ, ਜੂਹ ਦਿਲਬਰ ਦੀ ਉਹ।

ਕਿਉਂ ਸਮੇਂ ਵਿਚ ਭਰ ਗਿਆ, ਰੂਪਮਤੀ ਦਾ ਮੋਹ ?
ਤੇ ਪੱਥਰ ਦਾ ਰਥ ਵੀ, ਕਿਉਂ ਰੂਪ ਸਮੇਂ ਦੇ ਦੋ ?"

## (3)

ਲੂੰਅ ਮੈਲੀ ਦੇ ਅੰਦਰਾਂ, ਚਿੱਟੇ ਪੰਖ ਲੁਕੋ,
ਇੱਕੋ ਪਲ ਵਿੱਚ ਗਿਆ ਸੀ, ਪੰਖੀ ਬੁੱਢਾ ਹੋ।

ਉਸਦੀ ਫੈਲੀ ਨਜ਼ਰ ਸੀ, ਜਿਉਂ ਖਿੜਕੀ ਹੋਈ ਡਾਟ,
ਜਿੱਥੇ ਫੱਟੇ ਦੁੱਧ ਜਿਉਂ, ਸਮਾਂ ਗਿਆ ਸੀ ਪਾਟ।

ਕਹੇ: "ਤਪੇ ਹੋਏ ਯੋਜਨਾਂ, ਉੱਡਦਾ ਜਾਂਦਾ ਸਾਂ,
ਪਈ ਤਪੰਦੇ ਪੰਖ ਤੇ, ਸਾਂਵਲ ਬੁੱਤ ਦੀ ਛਾਂ।

ਮਨ ਦੀ ਫ਼ਿਜ਼ਾ 'ਚੋਂ ਬਰ੍ਹਸਿਆ, ਠੰਡਾ ਬੱਦਲ ਕੋ
ਕਿਥੇ ਕੁ ਚਿੱਟਾ ਚੰਦ੍ਰਮਾ, ਰਿਹਾ ਅਰਸ਼ ਨੂੰ ਧੋ ?

ਮਾਨਵ-ਕਰਮ ਚੋ ਸਮਾਂ ਸੀ, ਮੇਘ ਨਾਦ ਦੇ ਵਾਂਗ
ਤੀਰ-ਤੇਗ ਲੈ ਧਾੜ੍ਹਿਆ, ਮਾਰ ਜਗਤ-ਰਣ ਚਾਂਗ।


WWW.SIKHBOOKCLUB.COM

ਕੂਲ ਹਿਮਾਲਾ ਦੀ ਜੀਏ! ਜਿੱਥੋਂ ਸਮੇਂ ਦੀ ਛੋਹ,
ਹਿਰਦੇ ਬੁੱਧ ਦੇ ਉਤਰਕੇ, ਅਮਰ ਗਈ ਸੀ ਹੋ।

ਅੱਜ ਸਮੇਂ ਦੀ ਬਚੜਿਆ, ਹੋਰ ਹੋਰ ਸੀ ਛੱਬ,
ਰੂਪਮਤੀ ਦੇ ਦੇਸ ਵਿੱਚ, ਦਿੱਸਿਆ ਚਾਨਣ ਰੱਬ।"

'ਹੋਂਦ ਸਮੇਂ ਦੀ ਜਾਣ ਲਈ, ਕੀ ਪੰਖੀ ਜੀ ਤੈਂ?
ਜੇ ਸਮਝੋ ਤਾਂ ਦੱਸ ਦਿਉ, ਵਤਨ ਨੂੰ ਜਾਣਾ ਮੈਂ।'

"ਮਨ ਦੀ ਫ਼ਿਜ਼ਾ 'ਚੋਂ ਲੰਘਦੀ", ਪੰਖੀ ਕਹੇ "ਤਾਰੀਖ
ਭਾਰੀ ਪਰਬਤ ਵਾਂਗ ਜੋ, ਕੇਸਾਂ ਜਹੀ ਬਾਰੀਕ।

ਝਿੰਮ ਝਿੰਮ ਕਰਦੀ ਆਤਮਾ, ਅਣੂ ਅਣੂ ਦੀ ਲੋਅ
ਅੱਲਾ ਜਾਣੇ ਪਹੁੰਚਦੀ, ਕਿੱਥੇ ਕਿੱਥੇ ਖ਼ੁਸ਼ਬੋ।

ਅਮਲ ਅਣੂ ਤੋਂ ਪਾਰ ਵੀ, ਹੁੰਦਾ ਭੈਅ ਵਿੱਚ ਕੰਬ,
ਓਸ ਅਮਲ ਦਾ ਕੋਈ ਵੀ, ਰੂਪ ਚਿਹਨ ਨ ਰੰਗ—

ਉਸ ਕੰਪਨ ਤੱਕ ਸਮੇਂ ਦੀ, ਜਾਂਦੀ ਹੈ ਸ਼ਾਹ ਰਗ,
ਆਏ ਓਥੋਂ ਨਿਕਲ ਕੇ, ਏਸ ਜਗਤ ਵਿੱਚ ਵਗ।

ਮਾਦੇ ਤੋਂ ਮਾਨੁੱਖ ਤੱਕ, ਚਾਨਣ ਦੇ ਪਰਵਾਰ,
ਕਿਤੇ ਦਾਗੀ, ਕਿਤੇ ਧੁੰਦਲੇ, ਕਿਤੇ ਦੇਣ ਚਮਕਾਰ।

ਜਿੱਥੇ ਚਾਨਣ ਜ਼ੋਰ ਹੈ, ਤਿੱਥੇ ਅਮਲ ਚੇਤੰਨ,
ਸਮਾਂ ਤੁਰੇਂਦਾ ਬਾਲਕੇ, ਕੰਦਰਾ ਦੇ ਵਿੱਚ ਚੰਨ।

ਛੁੱਟੇ ਅਮਲ ਚੋਂ ਚਾਨਣਾ, ਪਾ ਟੁਟਦੇ ਤਾਰੇ ਮਾਤ
ਦੇਸ ਦੇਸ ਵਿਚ ਉੱਡਦੀ, ਅਮਲ ਵਿੱਚੋਂ ਹੀ ਰਾਖ਼।

ਮਾਦੇ ਤੋਂ ਮਾਨੁੱਖ ਤੱਕ, ਉਡਿ ਵਿੰਗੇ-ਤਿੱਖੇ ਰਾਹ
ਪਸ਼ੂ ਤੋਂ ਚੇਤਨ ਦੇਵਤਾ, ਬਣਦਾ ਰਿਹਾ ਸਦਾ।

ਬੁੱਤ ਬੰਦੇ ਦਾ ਆਖ਼ਰੀ, ਜਿਸ ਵਿਚ ਫਟਦੇ ਨੂਰ,
ਜੋ ਮੈਲੇ ਹੋ ਥੱਕਦੇ, ਹੋ ਕੇ ਸਮੇਂ ਤੋਂ ਦੂਰ।

ਰੂਹ ਬੰਦੇ ਦੀ ਘਿਸਰਦੀ, ਜਿਉਂ ਕੁਈ ਜ਼ਖ਼ਮੀ ਸੱਪ,
ਫਿੱਕੀ ਰੂਹ ਵਿਚ ਉੱਗਦੀ, ਨਿਰੀ ਮਿੱਟੀ ਦੀ ਅੱਖ।

ਫਿਰ ਜ਼ਿਮੀਆਂ ਦੀ ਮਾਲਕੀ, ਫਿਰ ਖ਼ੂਨਾਂ ਦੇ ਖ਼ੂਨ!
ਫਿਰ ਛਬੀਆਂ ਵਿੱਚ ਚਿਲਕਦਾ, ਹੌਂਕ ਬੇਅਕਲ ਜਨੂੰਨ।

ਜਦ ਵੀ ਰਾਖਸ਼ ਆਇਆ, ਨ ਸਮੇਂ ਵਿੱਚ ਲੋਅ
ਝੁਕੀ ਹੈ ਕਮਰ ਗ਼ੁਲਾਮ ਦੀ, ਜਲੇ ਈਰਖਾ-ਰੋਹ।

ਉਸ ਵੇਲੇ ਫਿਰ ਅਣੂੰ ਤੋਂ, ਪਾਰ ਦਾ ਜਿਹੜਾ ਸੇਕ,
ਦਿੰਦਾ ਆ ਕੇ ਦੂਰ ਤੋਂ, ਲਹੂ-ਬੂੰਦ ਨੂੰ ਛੇਕ।

ਤਦ ਮਾਨਸਰੋਵਰ ਝੀਲ ਤੇ, ਕਾਸਦ ਪਹੁੰਚੇ ਆ
ਸਿਖਰ ਹਿਮਾਲਾ ਰਿਸ਼ੀ ਕੁਈ, ਦੇਵੇ ਸੰਖ ਵਜਾ।

ਜਾਂਦੇ ਤੱਤੀ ਤਵੀ ਤੇ, ਠੰਢੇ ਸਾਗਰ ਛਾ
ਤੁਰ ਪੂਰਬ ਤੇ ਸੰਤ ਕੁੱਲ, ਨੈਣ ਠਾਰਦੇ ਆ।

ਤਦ ਹੇਮਕੁੰਟ ਨੂੰ ਜਾਣਦੇ, ਦੁਨੀਆਂ ਦੇ ਕਿਰਸਾਨ
ਤਦ ਮਹਿਲਾਂ ਵਿਚ ਪਹੁੰਚਦੀ, ਬਰਫ਼ਾਂ ਦੀ ਮੁਸਕਾਨ।

ਤਦ ਖੰਡੇ ਵਿਚ ਘੂਕਦੀ, ਬੱਜਰ-ਚੀਰ ਘੁੰਘਾਰ,
ਕੱਚੀ ਗੜ੍ਹੀ ਚੋਂ ਸੱਕਦੀ, ਸ਼ਾਹਾਂ ਨੂੰ ਵੰਗਾਰ।

ਨੇਕੀ ਬਦੀ ਦਾ ਹੋ ਰਿਹਾ, ਜਗਤ-ਤਮਾਸ਼ਾ ਜੋ,
ਉਸ ਵਿਚ ਆਪਣੇ ਅਮਲ ਨੂੰ, ਦੇਂਦਾ ਸਮਾਂ ਸਮੋ।

ਬੰਨ੍ਹੀ ਸਮੇਂ ਨੇ ਕੁਦਰਤਾਂ, ਹਸਤੀ ਅਮਰ ਸਦੀਵ,
ਮਾਨਵ ਜਿਸ ਦੇ ਸੱਚ ਨੂੰ, ਜਾਣੇ ਹਸ਼ਰਾਂ ਤੀਕ।

ਕੁਦਰਤ ਲੰਮੇ ਰਾਜ ਵਿੱਚ, ਪਰਚਮ ਸਮੇਂ ਦਾ ਜਾਣ;
ਜਿਸ ਦੇ ਤੇਜ ਨੂੰ ਦੱਸਦੇ, ਨਦੀਆਂ ਅਤੇ ਤੂਫ਼ਾਨ।

ਸੱਚ ਕੁੱਝ ਲੋਕੀਂ ਆਖਦੇ, ਕੁਦਰਤ ਨੂੰ ਦਰਬਾਰ
ਜਿਸਦੇ ਅੰਦਰ ਸੋਭਦੀ, ਨੇਕੀ ਦੀ ਸਰਕਾਰ।"

"ਸੱਚ ਓ ਪੰਖੀ ਪਿਆਰਿਆ, ਵਤਨਾਂ ਨੂੰ ਮੈਂ ਜਾ,
ਵਿੱਥਿਆ ਸੱਚ ਦੀ ਜਗਤ ਵਿੱਚ, ਦੇਵਾਂਗਾ ਵਰਤਾ।

ਹੁਣ ਤਾਂ ਜਿੰਦ 'ਤੇ ਢੋਂਵਦੀ, ਸਾਗਰ ਪੂਰੇ ਦੀ ਵਾ,
ਕਿਸੇ ਯਾਰ ਦੀ ਮਹਿਕ ਅੱਜ, ਜ਼ਾਲਮ ਰਹੇ ਲੁਕਾ।

ਲੁਕ ਧ੍ਰੁਵਾਂ ਦੀ ਬਰਫ਼ ਵਿੱਚ, ਕੰਬੇ ਪਈ ਤਰੰਗ
ਦੱਸੋ ਹੁਣ ਤਾਂ ਜਿੰਦ ਤੇ, ਟੂਣਾ ਕਰਦੇ ਰੰਗ।

ਕੁਝ ਤਾਂ ਦੱਸੋ ਹੰਸ ਜੀ, ਨਸ਼ਿਆਂ-ਭੁੱਲੀ ਉਹ
ਧ੍ਰੁਵ ਰੈਣਾਂ ਤੋਂ ਡੂੰਘੜੀ, ਲੁਕੇ ਨੀਰ ਦੀ ਸੋਅ
ਲੈ ਗਈ ਜਿੰਦ ਨੂੰ ਖਿੱਚਕੇ, ਧ੍ਰੁਵ ਤਾਰੇ ਤੇ ਜੋ।


WWW.SIKHBOOKCLUB.COM

ਹਾਇ ਤੂੰ ਜਿੰਦ ਨੂੰ ਮਾਰ ਨ, ਲੁਕ ਕੇ ਨ੍ਹੇਰ ਦੀ ਕੁੰਟ,
ਪਾਣੀ ਸੰਗ ਨ ਰੋੜ੍ਹ ਤੂੰ, ਯੋਗੀ ਦਾ ਬੈਕੁੰਠ।

ਅੰਤ-ਅਨੰਤ 'ਚ ਛਲਕਦੇ, ਤਿਲਕਣ ਬਣ ਸ਼ਮਸ਼ੀਰ,
ਪੱਕੇ ਨੱਕੇ ਸਿਤਾਰਿਆਂ, ਦੇ ਰੋਕ ਨਾ ਸਕਣ ਨੀਰ।

ਪੁਰਾ ਉਡੰਦਾ ਜਾਂਵਦਾ, ਘੁੰਮਦੇ ਤਾਰੇ ਖਿੱਚ,
ਹਰ ਚਾਨਣ ਦੀ ਠੰਢ ਨੂੰ, ਓਸ ਪੁਰੇ ਦੇ ਵਿੱਚ:

ਰਹੀ ਧ੍ਰੁਵਾਂ ਤੋਂ ਆਂਵਦੀ, ਲੈ ਰੈਣਾਂ ਦੇ ਰਾਜ਼,
ਸਾਗਰ ਉੱਤੇ ਉਡਦਿਆਂ, ਹੰਸਾਂ ਦੀ ਆਵਾਜ਼।

ਕੂਲਾਂ-ਨੀਂਦ ਲੈ ਪੁਰੇ ਵਿੱਚ, ਫਿਰਦੇ ਮਧੁਰ ਸ਼ਲੋਕ,
ਛਾਵਾਂ ਚਾਂਦਨੀ ਵਾਲੀਆਂ, ਝੁਲਦੀ ਠੰਢੜੀ ਝੋਕ।

ਜਿਹੜੀ ਸੋਹਣੀ ਅਸਾਂ ਤੇ, ਗਿਲੇ ਨੇ ਕਰਨੇ ਲੱਖ।
ਹਾਲ ਓਸ ਦਾ ਪੰਖੀਆ, ਸਾਨੂੰ ਤੇ ਕੁਝ ਦੱਸ।"

ਪੰਖੀ ਬੋਲੇ: "ਮਿਲੇਗੀ, ਵਤਨਾ ਨੂੰ ਤੂੰ ਜਾ,
ਉਹ ਤਾਂ ਹਰ ਇਕ ਨਦੀ ਦੇ, ਜਾਣੇ ਲੰਮੜੇ ਰਾਹ।"

## (4)

ਤਾਰਾ-ਵਣ 'ਚੋ ਨਿਕਲੀਆਂ, ਲੰਮੀਆਂ ਪੌਣਾਂ ਗਾ
ਪੱਤਿਆਂ ਕੋਲੋਂ ਪੁੱਛਦੀਆਂ, ਸੈ ਮੁਲਕਾਂ ਦੇ ਰਾਹ।

ਵਣ ਦੇ ਪੱਤੇ ਡੰਗਦੀ, ਪੰਛੀ ਦੀ ਆਵਾਜ਼,
ਲੱਖ ਵਰ੍ਹੇ ਦੀ ਚੁੱਪ 'ਚੋਂ, ਜਿਉਂ ਕੁਈ ਨਿਕਲੇ ਰਾਜ਼।

ਮਾਰੇ ਪਈ ਕਿਲਕਾਰੀਆਂ, ਮਿੱਟੀ ਸਕੇ ਨ ਉੱਡ
ਸਾਡੇ ਪੰਖ ਨ ਸੋਹਣਿਆਂ, ਕੂਕਣ ਸੱਭੇ ਯੁਗ।

ਤੂੰ ਮਹਿਕੰਦੇ ਚੰਬਿਆ, ਰਾਹਾਂ ਵਿੱਚ ਨ ਆ,
ਮੈਨੂੰ ਵਤਨ ਦੀ ਨਦੀ ਤੇ, ਯਾਰ ਮਿਲਣ ਦੇ ਚਾਅ।

ਨਦੀ ਵਤਨ ਦੀ ਚੜ੍ਹੀ ਹੈ, ਘਾਹ ਵਿੱਚ ਮਹਿਕ ਬਣੀ,
ਚਾਨਣ ਵਿੱਚੋਂ ਨਿਕਲਕੇ, ਕੰਢੜੇ ਪਵੇ ਕਣੀ।

ਜੋਗੀ ਵਾਂਗੂੰ ਧਾਰ ਲਈ, ਜਿਵੇਂ ਅਨੰਤਾਂ ਚੁੱਪ,
ਨਦੀ ਵਗੇਂਦੀ ਸਮੇਂ ਤੋਂ, ਬ੍ਰਿਛਾਂ ਦੇ ਵਿੱਚ ਲੁਕ।


WWW.SIKHBOOKCLUB.COM

ਮੈਂ ਪਾਣੀ ਵਲ ਵੇਖਿਆ, ਪਾ ਜਿੰਦਾਂ ਤੇ ਸੰਞ,
ਲਾਲੀ ਚਿੱਟੇ ਚਾਨਣੇ, ਛਿਪ ਛਿਪ ਜਾਵੇ ਕੰਬ।

ਜਿੰਦ-ਸੰਞ ਵਿੱਚ ਨਾ ਉੱਡੇ, ਦਰਮਾਂਦਾ ਬੇਚੈਨ,
ਸੰਞ ਦਾ ਪੰਛੀ ਕਟਣ ਲਈ, ਉਦਰੇਵੇਂ ਦੀ ਰੈਣ।

ਕੁਲ ਚਾਨਣ ਨੂੰ ਨਜ਼ਰ ਭਰਿ, ਘੁੱਟ ਤਾਰਿਆਂ ਦੇ ਅੰਗ,
ਮੈਂ ਇਸ ਸੁੱਤੀ ਨਦੀ ਤੋਂ, ਕੁੱਝ ਨ ਸਕਿਆ ਮੰਗ।

ਸੰਤ ਪੌਣ ਜਿਉਂ ਗੁਜ਼ਰਦੇ, ਰੱਬ ਦਾ ਮੰਦਰ ਜਾਣ,
ਭਰੀ ਜਲਾਂ ਦੇ ਨਾਲ ਜਿਉਂ, ਮਿੱਠੀ ਨਦਰ ਜਹਾਨ।

ਸਾਗਰ ਤਕ ਕੁਰਲਾਟ ਪਾ, ਕਣੀਆਂ ਕਣੀਆਂ ਚਾ,
ਰੱਖੇ ਜਿਵੇਂ ਪਪੀਹਾਂ, ਜਲ ਦੇ ਕੁੰਡ ਲੁਕਾ।

ਰੱਖੇ ਠੰਢਾ ਦੇਸ ਇਹ, ਨੈਣ ਜਿਵੇਂ ਵੀ ਮੁੰਦ
ਦੂਰ ਦੇ ਰਣ ਚੋਂ ਆਣ ਪਰ, ਸੁਣੇ ਢੋਲ ਦੀ ਰੁੰਗ।

"ਸੁਤੀਏ ਨਦੀਏ ਵੇਖ ਲੈ, ਫੁੱਲਾਂ ਦਿੱਤੀਏਂ ਲੱਦ
ਕੀਤੀ ਗੀਤਾਂ ਛਾਨਣੀ, ਹਰੀ ਤੇਰੀ ਸਰਹੱਦ।":

ਹੇਕ ਲਾਈ ਅਲਬੇਲੜੇ, ਉਹ ਬਿਰਖਾਂ ਤੋਂ ਪਾਰ
ਹੱਥਾਂ ਅੰਦਰ ਛਲਕਦੇ, ਤੋੜੇ ਜਾਮ ਹਜ਼ਾਰ।

ਰਾਜ ਸੁੰਞ ਵਿੱਚ ਚਾਨਣੇ, ਜਿਉਂ ਖੂਹਾਂ ਦੇ ਨੀਰ
ਲੰਘਿਆ ਮੋਰ ਦੀ ਵਾਜ ਦਾ, ਕੰਦਰਾਵਾਂ ਚੋਂ ਤੀਰ।

•

ਮੇਰੀ ਜਿੰਦ ਤੇ ਪਿਆ ਕੁੱਝ, ਆ ਚਾਨਣ ਦਾ ਜ਼ੋਰ,
ਮਾਰੀ ਕੁੱਲ ਸਿਤਾਰਿਆਂ, ਰਲ ਮਿਲ ਕੇ ਚਿਲਕੋਰ।

ਮੈਂ ਪਿੰਡਾਂ ਦੀ ਜੂਹ ਨੂੰ, ਰਾਹੀ ਮਿਲਿਆ ਹੋ,
ਜਿਸ ਦੇ ਮੱਥੇ ਵਣਾਂ ਨੇ, ਗੱਲ ਲਿਖੀ ਸੀ ਕੋਅ।

ਬੁੱਤ ਕੰਧਾਂ ਦੇ ਨਿਸਰਦੇ, ਕੀ ਚਾਨਣ ਦੇ ਰੰਗ।
ਪਾ ਪਾ ਪਿੰਡ ਚੋ ਲੰਘਿਆ, ਫਿੱਕੇ ਚੋਲੇ ਚੰਦ।

ਪੌਣ ਕਿਨਾਰੇ ਗਗਨ ਵਿੱਚ, ਖਿੜਿਆ ਤਾਰਾ ਡੁੱਬ,
ਕਾਮਧੇਨ ਦੇ ਕੁੰਡ ਚੋਂ, ਭਰੇ ਕਮਲ ਵਿਚ ਦੁੱਧ।

ਅੱਜ ਪੁਲੀਆਂ ਤੇ ਮਿਲਣਗੇ, ਕਿਧਰੋਂ ਸਾਜਨ ਦੋ
ਧੋਂਦੇ ਨਦੀ ਤੇ ਰਾਤ ਨੂੰ, ਤਾਰੇ ਰੋ ਰੋ ਲੋਅ।



WWW.SIKHBOOKCLUB.COM 

ਪਹੁ ਫੁਟੀ ਮੈਂ ਜਾਣਿਆਂ, ਦਰਦ ਕਰੇਂਦਾ ਕੌਣ ?
ਛੱਡਣ ਆਈ ਦੂਰ ਤਕ, ਵਣਾਂ ਦੇ ਵਿੱਚੋਂ ਪੌਣ।

ਲਾਈ ਸਮਾਧੀ ਨਦੀ ਨੇ, ਉਸ ਪੱਥਰ ਨੂੰ ਧੋ
ਅਨੰਤ ਧੂਵਾਂ ਤੋਂ ਫੁੱਟਿਆ, ਕੰਵਲ ਚਾਨਣਾ ਹੋ।

ਉਜਲੇ ਨੈਣਾਂ ਵੇਖਿਆ, ਕਿਵੇਂ ਸਵੇਰਾਂ ਲੰਘ
ਧਾਹ ਕੇ ਜਿੰਦ ਨੂੰ ਚੰਬੜੇ, ਪੰਧ ਨਦੀਆਂ ਦੇ ਸੰਗ।

ਉਸਦੇ ਚਿੱਟੇ ਚਰਨ ਤੇ, ਸਭ ਤਾਰਿਆਂ ਤੇ ਛਾ
ਝੁਲ ਝੁਲ ਝਾਂਝੇ ਊਂਘਦੇ, ਰੈਣ-ਵਣ ਕੰਪਾ।

ਕਰ-ਕਮਲ ਜੀ ਕੰਬ ਗਏ, ਉਹ ਸ਼ਰਮਾਈ ਰੋ,
ਆਵੇ ਉਸਦੇ ਹੁਸਨ ਚੋਂ, ਜਨਮ ਜਨਮ ਦੀ ਸੋ।

ਉਹ ਚਾਨਣ ਤੇ ਡਿੱਗੀਆਂ, ਨਜ਼ਰਾਂ ਮੀਂਹ ਜਿਉਂ ਰੁੰਨ,
ਜਿਥੇ ਉੱਠ ਪਤਾਲ ਚੋਂ, ਵਾਜਾਂ ਹੋਈਆਂ ਗੁੰਮ।

ਹੱਥ ਉਹਦੇ ਕੁਈ ਸ਼ੈ!
ਪਥਰੀਂ ਸੁੱਤੇ ਜਲਾਂ ਦੀ, ਸੁਰਗ ਪੁਰੀ ਵਿੱਚ ਰਹਿ
ਜਲ-ਰੈਣਾਂ ਤੋਂ ਕੂੰਜ ਉਸ, ਪੰਕਜ ਲਏ ਸੀ ਲੈ।

ਜਿੱਥੇ ਰਾਤਾਂ ਕਾਲੀਆਂ ਬਹਿਣ ਸੋਹਣੀਆਂ ਹੋ
ਜਿੱਥੇ ਸੂਰਜ ਚੜ੍ਹੇ ਨਾ, ਬਿਨ ਤਾਰਿਆਂ ਦੀ ਲੋਅ;

ਜਿੱਥੇ ਉਸ ਦੇ ਦੇਸ਼ ਚੋਂ, ਲੁਕਦੀ ਆਏ ਸਮੀਰ,
ਖੂਹਾਂ ਦੀਆਂ ਸੈ ਮੰਜ਼ਲਾਂ, ਲੰਘ ਕੇ ਆਵੇ ਨੀਰ।

ਓਸ ਨੀਰ ਸੰਗ ਬੱਝਿਆ ਇਕ ਸਰਵਰ ਦਾ ਮੁੱਢ
ਕਥਾ ਨੀਰ ਦੀ ਚਲੀ ਹੈ, ਨਵੀਂ ਨਵੀਂ ਹਰ ਯੁੱਗ, :

"ਗਈਆਂ ਤ੍ਰੇਲਾਂ ਭਰਮਕੇ, ਵਿਚ ਪਹਾੜਾਂ ਡੁੱਬ
ਪੱਥਰ ਸਰਾਪੇ ਸੱਖਣੇ, ਠੰਢੇ ਹੋਏ ਯੁਗ।"

ਬੰਸ ਤਾਰਿਆਂ ਦੇ ਯੁਗ-ਰੈਣੀ, ਸਿਖਰ ਪਹਾੜਾਂ ਕੰਬ
ਚੜ੍ਹੇ ਛਿਪੇ ਇਸ ਤਾਲ ਤੇ, ਲਾ ਨਸ਼ਿਆਂ ਨੂੰ ਅੰਗ।

ਜਿਸ ਜਲ ਰਾਤਾਂ ਡੂੰਘੀਆਂ, ਜਿਸ ਜਲ ਡੂੰਘੇ ਰਾਜ਼
ਉਸ ਜਲ ਵਿੱਚੋਂ ਸਮੇਂ ਨੇ, ਮਾਰੀ ਉਹਨੂੰ ਆਵਾਜ਼।

ਮੇਰੀ ਜਿੰਦ ਦੇ ਸਾਗਰੀਂ, ਦੀਵੇ ਹੋ ਗਏ ਗੁੱਲ
ਨ੍ਹੇਰ ਪਿਆ, ਤੇ ਥਾਂ ਥਾਂ, ਦਰਦ ਗਏ ਸੀ ਰੁਲ।

ਅੱਥਰੇ ਬੋਲ ਜੁਆਨੀਆਂ, ਗਏ ਜ਼ੁਲਫ਼ਾਂ ਜਿਉਂ ਖੁੱਲ੍ਹ,
ਅਦਬ ਮੈਂ ਕੀਤੇ ਦੁਨੀ ਵਿੱਚ, ਜੋਬਨ ਦੇ ਘਰ ਭੁੱਲ।

ਸਰ ਕੰਢਿਆਂ ਤੇ ਦੂਰ ਤੋਂ, ਨ੍ਹੇਰੀ ਵਾਂਗ ਤਰੰਗ,
ਵੱਜਦੀ ਪੱਥਰ ਤੋੜ ਕੇ, ਮਰ ਕੁਰਲਾਉਂਦੇ ਡੰਗ।

ਰੋ ਕੇ ਵਾਜਾਂ ਮਾਰਦੇ, ਤਾਰੇ ਯੁਗਾਂ ਤੋਂ ਤੰਗ,
ਹੰਝ ਦੇ ਚਾਨਣ ਕਸਕਦੇ, ਦਮਕਣ ਉਸ ਦੇ ਅੰਗ।

ਮਿੱਠ-ਭਰਮੀ ਪਈ ਭਰਮਦੀ, ਅੰਤ ਨਾ ਜਾਣੇ ਉਹ।
ਕੀ ਵਸ ? ਹਰ ਇਕ ਰਾਹ ਤੇ, ਤ੍ਰਬਕ ਰਹੀ ਸੀ ਲੋਅ।

ਮੈਂ ਤਰਲਾ ਕਰ ਆਖਿਆ : "ਤੁਸੀਂ ਕੌਣ ਗਏ ਆ ?
ਮੈਨੂੰ ਆਪਣਾ ਆਖ ਕੇ, ਜ਼ਰਾ ਜਾਵੋ ਸ਼ਰਮਾ।"

ਉਸ ਨੇ ਨਦੀ 'ਚ ਵੇਖ ਕੇ, ਪੁਛ ਲਏ ਉਸ ਦੇ ਪੰਧ
ਉਹ ਬੋਲੀ ਤਾਂ ਹੋ ਗਏ, ਚੇਤਨ ਚੇਤਨ ਅੰਗ—

"ਮੁਦਤਾਂ ਹੋਈਆਂ ਚੰਦਰਮਾ, ਮੈਨੂੰ ਲਿਆ ਲੁਕਾ
ਜਿਉਂ ਜਿਉਂ ਸੂਰਜ ਚੜ੍ਹੇ ਜੀ, ਮੈਂ ਜਾਵਾਂ ਲਜਿਆ।"

ਅੰਬਰਾਂ ਦੇ ਵਿੱਚ ਫੈਲੀਆਂ, ਬਰਫ਼ਾਂ ਬਣ ਕੇ ਰੁੱਤ,
ਚਿੱਟੀ ਘੁੱਘੀ ਪੌਣ ਰਹੀ, ਬਿਹਬਲ ਬਿਹਬਲ ਘੁੱਟ।

ਹੰਸਾਂ ਵਰਗੀ ਦੇਹ ਲੈ, ਬਹਿਣਾ ਨਦੀਆਂ ਕੋਲ
ਪਾਣੀ ਸਾਹਮੇ ਓਸਨੇ, ਜ਼ੁਲਫ਼ਾਂ ਦਿੱਤੀਆਂ ਖੋਲ੍ਹ।

ਮੈਂ ਉਸ ਦੇ ਹਰ ਅੰਗ ਤੇ, ਵਾਰਨ ਲਈ ਜਿੰਦ ਕੁੱਲ,
ਹਮਰਾਹੀ ਇਕ ਉਮਰ ਦੇ, ਮੰਜ਼ਲਾਂ ਤੇ ਗਿਆ ਭੁੱਲ।

"ਕਿਹੜੇ ਮੁਲਕੋਂ ਆਈ ਹੈਂ, ਕੂੰਜ ਜਹੀ ਨੀ ਤੂੰ ?
ਸਦਾ ਤੋਂ ਕੱਲੀ ਹੋਣ ਦਾ, ਉਦਰੇਵਾਂ ਧਰਤੀ ਨੂੰ।

ਤੂੰ ਆਈ ਜਦ ਘਾਟ ਤੇ, ਚੜ੍ਹਿਆ ਸਫ਼ਰ ਦਾ ਯੁਗ
ਨੱਸੀ ਵਿੱਚ ਪਗ-ਡੰਡੀਆਂ, ਕਮਲੀ ਰਮਲੀ ਬੁੱਧ।

ਸੁੰਞੇ ਰਾਹ ਵਣਾਂ ਦੇ ਲੱਖਾਂ, ਤੈਂਡੇ ਪਗਾਂ ਨੂੰ ਚੁੰਮ੍ਹ,
ਟੂਣਾ ਕਰਕੇ ਪੌਣ ਤੇ, ਕਿਧਰੇ ਹੋ ਗਏ ਗੁੰਮ।

ਤੈਂਡੇ ਦਰ ਤੇ ਸੁੱਤੀਆਂ, ਰੁੱਤਾਂ ਵਿਚ ਉਡੀਕ,
ਸੰਞਾਂ ਪਾ ਪਾ ਜਾਣਗੇ, ਪੰਛੀ ਹੰਝੂਆਂ ਤੀਕ।


WWW.SIKHBOOKCLUB.COM

ਪਰ ਇਹ ਵੀ ਤੂੰ ਜਾਣਦੀ, ਹੁਸਨ ਜਾਂ ਆਉਂਦੇ ਉੱਠ,
ਭਰੇ ਵੇਦਨਾ ਜਿੰਦੜੀ, ਹੌਕਾ ਜਾਂਦਾ ਟੁੱਟ।

ਖੰਭ ਜਿੰਦ ਦੇ ਫੜਕਦੇ, ਰੋਹੀਆਂ ਹੇਠ ਉਦਾਸ,
ਜਲਾਂ ਥਲਾਂ ਵਲ ਵੇਖਦੀ, ਵਿਲਕ ਮੰਗੇ ਧਰਵਾਸ।

ਉਸ ਵਣ ਨੂੰ ਵੀ ਜਾਣਕੇ, ਵੇਦਨ ਜਾਂਦੀ ਹੰਭ,
ਜਿਸ ਵਣ ਵਾਜਾਂ ਮਾਰਦੇ, ਕੋਇਲਾਂ ਵਾਂਗੂੰ ਰੰਗ।

ਲੁਕ ਕੇ ਗਾਈ ਵੇਦਨਾ, ਅੱਧੀ ਰਾਤ ਦੀ ਹਿੱਕ,
ਮੈਂ ਜੋਗੀ ਨੇ ਜਾਣ ਲਈ, ਵਣਾਂ ਵਣਾਂ ਦੀ ਸਿੱਕ।

ਸੋਚਾਂ ਸੋਨ-ਸਵੇਰ ਨੂੰ, ਕੀ ਮੈਂ ਪਾਇਆ ਵਣ,
ਦਇਆ ਕਰੋ ਜੀ ਦਰਾਂ ਤੇ, ਮਰ ਵਰਸਣਗੇ ਘਣ।

ਭੈਅ ਦੇ ਸਾਗਰ ਡੂੰਘੜੇ, ਕਿਤੇ ਨ੍ਹੇਰ ਵਿੱਚ ਵਾਸ,
ਆਈ ਮਹਾਂ ਭੁਚਾਲ ਚੋਂ, ਹੋ ਇਕ ਪੌਣ ਉਦਾਸ।

ਪਰਬਤ ਜਹੀਆਂ ਬਰਕਤਾਂ, ਹੇ ਮੇਘਾਂ ਜਿਹੇ ਹੱਥ,
ਜੇ ਥੋੜੇ ਅਸਮਾਨ ਵਿਚ, ਝੋਲ ਜਾਣ ਦਿਉ ਵੱਸ।"

## (5)

ਕੰਧੀ ਹੁਸਨ ਦੀ ਚਾਨਣੇ, ਗਏ ਮੇਘ ਜਿਉਂ ਘੁੱਲ,
ਕੰਬੇ ਪੱਤਰ ਵਣਾਂ ਦੇ, ਮਹਿਕਾਂ ਜਾਵਣ ਰੁੱਲ।

ਪਿਆਰ-ਬਿਜਲੀਆਂ ਉਡਦੀਆਂ, ਜਿਉਂ ਗਈਆਂ ਸ਼ਰਮਾ
ਜਿੰਦ ਨੂੰ ਆਕੇ ਵੀਣੀਆਂ, ਬੇਬਸ ਦੇਣ ਫੜਾ।

ਜਾਣ ਨ ਲਹਿਰਾਂ ਮਰਦੀਆਂ, ਭੈੜੇ ਯਾਰ ਦੀ ਛੋਹ
ਚਾਰ ਚੁਫ਼ੇਰੇ ਨਦੀ ਵਿੱਚ, ਜਾਣ ਜਲੂਣਾਂ ਹੋ।:

'ਆਉਣਾ ਤੇਰੇ ਵਣਾਂ ਨੂੰ, ਜਾਣਾ ਵਣਾਂ ਚੋਂ ਹੀ
ਕੂੰਜਾਂ ਕੋਲੋਂ ਗਗਨ ਦੇ, ਰਾਹ ਨ ਪੁਛਿਓ ਜੀ।'

•


WWW.SIKHBOOKCLUB.COM 

# *ਵਣ-ਵੈਰਾਗ*
# ਮੁੱਢ ਕਦੀਮੀ ਮੇਲੇ ਦੇ ਨਾਲ ਨਾਲ

*ਵਣ-ਵੈਰਾਗ* ਦੀ ਸਿਰਜਣਾ ਮੇਰੇ ਅੰਦਰ ਉਸ ਸਮੇਂ ਦੀ ਯਾਦ ਜਗਾਉਂਦੀ ਹੈ, ਜਦੋਂ ਪਟਿਆਲੇ ਦੇ ਭੂਤਵਾੜੇ ਦੀ ਬੌਧਿਕ ਅਮੀਰੀ ਆਪਣੇ ਭਰ ਜੋਬਨ ਵਿਚ ਸੀ, ਜਦੋਂ ਸਾਡੇ ਹਜ਼ਾਰਾਂ ਧਿਆਨੀ ਛਿਣ ਕਾਲ ਤੋਂ ਪਾਰ ਜਾ ਕੇ ਕਿਸੇ ਮਸਤ ਮੇਲੇ ਨੂੰ ਵੇਖਣ ਦੇ ਚਾਅ ਨਾਲ ਭਰੇ ਰਹਿੰਦੇ ਸਨ ਅਤੇ ਜਦੋਂ 'ਨੂਰ' ਇਸ ਮੇਲੇ ਵਿਚ ਸਾਹਿਤ ਦੇ ਝਿਲਮਲਾਂਦੇ ਰੰਗਾਂ ਦੀ ਜ਼ਿੰਦਾ ਹੋਲੀ ਉਸ ਜੋਸ਼ ਨਾਲ ਹੀ ਖੇਡਿਆ ਕਰਦਾ ਸੀ, ਜਿਸ ਦੇ ਅਨੂਠੇ ਵਜਦ ਦਾ ਦ੍ਰਿਸ਼ ਸ਼ਾਇਰ 'ਗੋਯਾ' ਨੇ ਮਹਿਕਦੇ ਰੰਗਾਂ ਦੇ ਮੀਂਹ ਵਾਲੀ ਗ਼ਜ਼ਲ ਵਿਚ ਬੰਨ੍ਹਿਆ ਹੈ :

*ਗੁਲਿ ਹੋਲੀ ਬਬਾਗਿ ਦਹਰ ਬੂ ਕਰਦ.....* *(ਗ਼ਜ਼ਲ 33)*

ਉਦੋਂ ਰਿਗ ਵੇਦ ਨੂੰ ਪੜ੍ਹਨਾ ਵੀ ਮੇਰੇ ਲਈ ਪਾਰ ਦੇ ਮੇਲੇ ਦੇ ਕਿਸੇ ਅਲੌਕਿਕ ਦ੍ਰਿਸ਼ ਨੂੰ ਵੇਖਣਾ ਹੀ ਸੀ। ਮੇਰਾ ਸੰਜੋਗ ਵਿਜੋਗ ਦੇ ਜ਼ਿੰਦਾ ਅਰਥ ਦਿੰਦੇ ਦਰਿਆਵਾਂ, ਸੂਖਮ ਸੰਵਾਂ ਦੇ ਸਹਿਜ ਸੰਗੀਤ, ਜੋਬਨ ਮੱਤੀਆਂ ਰਾਤਾਂ ਦੇ ਸਹੰਸਰ ਰੌਆਂ, ਸਦਾ ਸੱਜਰੇ ਤਾਰਿਆਂ ਦੇ ਵਣਾਂ, ਨੀਂਦ ਵਿਚ ਕੂੰਜਾਂ ਵਾਂਗ ਉੱਡਦੇ ਵੇਦਨਾ-ਭਰੇ ਪਹਾੜਾਂ, ਭੇਦ-ਭਰੇ ਪੰਛੀਆਂ ਅਤੇ ਇੰਦ੍ਰਿਆਵੀ ਸੁਆਦਾਂ ਨਾਲ ਟਸਕਦੇ ਸੁਪਨਿਆਂ ਨੂੰ ਮਿਲਣਾ ਸਭ ਕਾਲਾਂ ਦੇ ਪਾਸ਼ਵੀ ਹਨੇਰੇ (ਵਿਸ਼ੇਸ਼ ਕਰਕੇ ਸਮਕਾਲੀ ਸਾਜ਼ਿਸ਼ਾਂ ਦੇ ਹੁੰਮਸ ਦੀਆਂ ਬੇਰਾਹ ਗ਼ਾਰਾਂ) ਉੱਤੇ ਜਿੱਤ ਪ੍ਰਾਪਤ ਕਰਨ ਦਾ ਹੁਲਾਰਾ ਸੀ। 'ਸੁੱਤੀ ਨਾਰ' ਨੂੰ ਜਗਾਉਣ ਦੀ ਅਦਾ ਮੇਰੇ ਲਈ ਅਣਛੁਹ ਨਜ਼ਾਕਤ ਦੇ ਖੇੜੇ ਨੂੰ ਆਵਾਜ਼ ਦੇਣਾ ਸੀ। ਸੋ, ਉਦੋਂ ਮੈਂ ਆਪਣੀ ਰਹੱਸਮਈ ਅਦਾ ਨਾਲ ਸੁਤੰਤਰ ਅਤੇ ਸਦਾ ਨਿਰਲੇਪ ਦ੍ਰਿਸ਼ਟੀ ਦੀ ਸ਼ਕਤੀ ਰਾਹੀਂ ਮਨੁੱਖ ਦੇ ਵਿਸ਼ਵ-ਵਿਆਪੀ ਸਮਕਾਲੀ ਧ੍ਰੋਹ ਨੂੰ ਦੂਰ ਕਰਨ ਲਈ ਤ੍ਰਿਖਾਵੰਤ ਸਾਂ। ਮੇਰੀ ਅਜਿਹੀ ਕਾਵਿਮਈ ਅਨੁਭੂਤੀ ਵੀ ਮਾਨਵ ਦੀ ਜਿੱਤ ਦਾ ਇਕ ਖ਼ਾਸ ਅੰਦਾਜ਼ ਸੀ, ਕਿਉਂਕਿ ਪਰਾ-ਆਧੁਨਿਕਵਾਦ ਅਤੇ ਮਾਰਕਸਵਾਦੀ ਦ੍ਰਿਸ਼ਟੀ ਤੋਂ ਬਿਨਾਂ ਵੀ ਮਨੁੱਖ ਦੀ ਵਿਜੈਈ ਸਿਰਜਣਾ ਦੇ ਅਨੇਕ ਬਿੰਬ, ਪ੍ਰਤੀਕ, ਚਿਹਨ ਜਾਂ ਦ੍ਰਿਸ਼ਟਾਂਤ ਹੋ ਸਕਦੇ ਹਨ। ਜ਼ਿੰਦਗੀ ਦੇ ਸੁੱਚੇ ਇਸ਼ਕ ਉੱਤੇ ਪਕੜ ਕਾਇਮ ਰਹੇ, ਤਾਂ *ਵਣ-ਵੈਰਾਗ* ਦੀ ਜਿੱਤ ਸੈਂਕੜੇ ਵੇਸਾਂ ਵਿਚ ਸਾਹਮਣੇ ਆਵੇਗੀ।

ਸੋ, *ਵਣ-ਵੈਰਾਗ* ਦੀ ਸਿਰਜਣਾ ਸਮੇਂ ਨੂਰ ਸਾਹਿਬ ਸਮੇਤ ਅਸੀਂ ਸਭ ਵਿਅਕਤੀ ਤੋਂ ਸਮੂਹ ਤਕ ਦੇ ਬਹੁ-ਪਰਤੀ ਸਮਕਾਲੀ ਹੁੰਮਸ ਤੋਂ ਪਾਰ ਦੇ ਖੁੱਲ੍ਹੇ ਮੈਦਾਨਾਂ ਵਿਚ ਛੁਪੀ ਵੇਦਨਾ ਲੈ ਕੇ ਲੁੱਡੀਆਂ ਪਾਉਂਦੇ ਭਰੇ ਮੇਲਿਆਂ ਦੇ ਤਾਲਿਬ ਸਾਂ। ਇਹ ਵੱਖਰੀ ਗੱਲ ਹੈ ਕਿ ਮੈਂ ਹੁਣ ਉਸ ਦੂਰ ਦੇ ਮੇਲੇ ਵਿਚ ਇਕੱਲਾ ਹਾਂ।

*(23-9-2002)*

## 2

# ਰੁੱਤਾਂ ਦੇ ਭੇਦ-ਭਰੇ ਖ਼ਤ



ਮੈ ਰੋਵੰਦੀ ਸਭੁ ਜਗੁ ਰੁਨਾ
ਰੁੰਨੜੇ ਵਣਹੁ ਪੰਖੇਰੂ॥

ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ
ਜਿਨਿ ਹਉ ਪਿਰਹੁ ਵਿਛੋੜੀ॥

ਸੁਪਨੈ ਆਇਆ ਭੀ ਗਇਆ
ਮੈ ਜਲੁ ਭਰਿਆ ਰੋਇ॥

ਆਇ ਨ ਸਕਾ ਤੁਝ ਕਨਿ ਪਿਆਰੇ
ਭੇਜਿ ਨ ਸਕਾ ਕੋਇ॥

*(ਵਡਹੰਸੁ ਮਹਲਾ ੧)*

ਗੋਰੇ ਕਾਗ਼ਜ਼ ਵਰਗੀ ਜਾਨ ਨੂੰ
ਦੇ ਲਫ਼ਜ਼ਾਂ ਦੀ ਭੀਕ।

ਸਾਡੇ ਇਕਲਾਪੇ ਨੂੰ ਤੇਰੇ
ਖ਼ਤ ਦੀ ਅਜੇ ਉਡੀਕ।

*(ਡਾ: ਰਿਆਜ਼ ਮਜੀਦ—ਲਾਇਲਪੁਰ)*

# ਸਮਰਪਣ

ਕਵੀ, ਫ਼ਿਲਾਸਫ਼ਰ ਅਤੇ ਬੇਨਿਆਜ਼ਾਂ ਦੀ ਮਹਿਫ਼ਲ ਦੇ
ਸਰਤਾਜ, ਯਾਰਾਂ ਦੇ ਦਿਲਾਂ ਦੀ ਜਾਣਨ ਵਾਲੇ ਸਾਡੇ
ਪਿਆਰੇ ਸੱਜਣ, ਹਰਦਿਲਜੀਤ ਸਿੰਘ 'ਲਾਲੀ'
(ਪਟਿਆਲਾ) ਦੇ ਨਾਂ।

# ਖ਼ਤ ਪੜ੍ਹਨ ਤੋਂ ਪਹਿਲਾਂ

ਇਹ ਤਿੰਨ ਕਵਿਤਾਵਾਂ 1963 ਵਿਚ ਲਿਖੀਆਂ ਸਨ। "ਰੁੱਤਾਂ ਦੇ ਭੇਦ-ਭਰੇ ਖ਼ਤ" ਇਕ ਲੰਮੀ ਕਵਿਤਾ ਹੈ, ਜਿਸ ਦਾ ਇਕ ਚੌਥਾਈ ਭਾਗ ਹੀ ਥਾਂ ਦੀ ਥੁੜ ਕਾਰਨ ਏਥੇ ਦਿੱਤਾ ਜਾ ਰਿਹਾ ਹੈ। ਪੂਰੀ ਕਵਿਤਾ ਕਦੇ ਫੇਰ ਪੇਸ਼ ਕਰਾਂਗਾ।

ਰੁੱਤਾਂ ਦੀ ਲੰਮੀ ਕਵਿਤਾ ਇਕ ਸ੍ਵੈ-ਸਿਰਜੀ ਮਿੱਥ ਹੈ, ਜਿਸ ਦੇ ਨਿਰਮਲ ਜਿਸਮ ਵਿਚ ਕਈ ਹੋਰ ਹਿੰਦੂ ਮਿੱਥਾਂ ਦੇ ਚਿਹਨ-ਚੱਕਰ ਵੀ ਪਛਾਣੇ ਜਾ ਸਕਦੇ ਹਨ। ਰੁੱਤਾਂ ਵੈਰਾਗਿਆ ਮਨ ਹਨ, ਜਿਹੜਾ ਆਪਣੇ ਅੰਦਰ ਰੰਗ ਪੈਦਾ ਕਰਨ ਵਾਲੇ ਨੂੰ ਢੂੰਡ ਰਿਹਾ ਹੈ। ਉਸ ਦੀ ਤਲਬ ਦੂਰ ਦਿਸਹੱਦਿਆਂ ਤਕ ਥਰਕ ਰਹੀ ਹੈ, ਅਤੇ ਉਸ ਦੇ ਚਲੇ ਜਾਣ ਕਾਰਨ ਦੇਸ ਉੱਜੜ ਰਿਹਾ ਹੈ। ਰੰਗਾਂ ਦਾ ਨਸ਼ਾ ਵਣਾਂ ਦੇ ਪੱਤਿਆਂ ਅਤੇ ਸੁਗੰਧਾਂ ਵਿਚ ਲਿਆਉਣ ਵਾਲੇ ਦੀ ਯਾਦ ਮਾਨਵ-ਹਿਰਦੇ ਵਿਚ ਤਾਜ਼ਾ ਹੈ, ਅਤੇ ਇਸ ਕਾਰਨ ਜ਼ਿੰਦਗੀ ਦਾ ਇਕਰਾਰ ਜ਼ਿੰਦਾ ਹੈ, ਪਰ ਸਰੀਰ ਦੀ ਛਾਂ ਸਰੀਰ ਨਹੀਂ ਹੁੰਦੀ। ਉਸਦੀ ਪਰਤੱਖ ਆਮਦ ਹੀ ਖ਼ਾਬਾਂ ਦੇ ਫ਼ਿਰਦੌਸ ਨੂੰ ਅਸਲੀਅਤ ਦੀ ਸ਼ਾਨ ਮੁਹੱਈਆ ਕਰੇਗੀ। ਫਿਰ ਵੀ ਇਹ ਸਰੀਰਕ ਅਤੇ ਰੂਹਾਨੀ ਰੂਹ ਦਾ ਸੰਗਮ ਰੋਜ਼ ਦਿਹਾੜੀ ਦੀ ਜ਼ਿੰਦਗੀ ਵਿਚ ਸੁਹਜ ਦੇ ਨਵੇਂ ਕਪਾਟ ਖੋਲ੍ਹੇਗਾ, ਅਤੇ ਕਦਮਾਂ ਨੂੰ ਨਵੇਂ ਸੰਘਰਸ਼ਾਂ ਲਈ ਬੇਤਾਬ ਕਰੇਗਾ। ਰੁੱਤਾਂ ਦੀ ਵਿਸ਼ਾਲਤਾ ਮਨ ਅਤੇ ਰੂਹ ਦੀ ਵਿਸ਼ਾਲਤਾ ਹੈ। ਉਸ ਵਿਚ ਜ਼ੋਰਦਾਰ ਹਿਲਜੁਲ ਆਉਣੀ ਨਵੇਂ ਮਨੋਵਿਗਿਆਨਕ ਪਹਿਲੂਆਂ ਦੇ ਉਜਾਗਰ ਹੋਣ ਦੀ ਸੂਚਕ ਹੈ। ਇਸ ਨਾਲ ਸੁਹਜ-ਪਛਾਣ ਦੇ ਨਵੇਂ ਨਿਯਮ ਹੋਂਦ ਵਿਚ ਆਉਣੇ ਲਾਜ਼ਮੀ ਹਨ।

ਕੋਈ ਸ਼ੱਕ ਨਹੀਂ ਕਿ ਜ਼ਿੰਦਗੀ ਦੇ ਨਕਸ਼ ਆਦਿ-ਜੁਗਾਦੀ ਹੀ ਰਹਿਣਗੇ, ਅਤੇ ਇਸ ਦੇ ਜਜ਼ਬੇ ਦੇ ਭੇਦ ਓਸੇ ਹੀ ਪੁਰਾਣੇ ਨਾਜ਼ ਵਿਚ ਉਘੜਨਗੇ, ਪਰ ਹਰ ਨਵੀਂ ਤਲਬ ਦੀ ਅਦਾ ਹੋਰ ਹੋਵੇਗੀ। ਇਹ ਅਦਾ ਜਹਾਨ ਅਤੇ ਰੂਹ ਦੀਆਂ ਲੋੜਾਂ ਦੀ ਨਵੀਂ ਵਿਆਖਿਆ ਕਰੇਗੀ, ਇਕ ਨਵੀਂ ਪੈਗ਼ੰਬਰੀ ਨਜ਼ਰ ਬਣਾਵੇਗੀ, ਅਤੇ ਮਾਹੀ ਦੀਆਂ ਪੈੜਾਂ ਵਿੱਚੋਂ ਥਲ ਦਾ ਕੋਈ ਵੱਖਰਾ ਜਨੂੰਨ ਭਾਲੇਗੀ। ਫਿਰ ਵੈਰਾਗ ਅਤੇ ਮਿਲਣ ਦੀ ਭਾਵਕ ਨੈਤਿਕਤਾ ਦੇ ਕਾਇਦੇ-ਕਾਨੂੰਨ ਵੀ ਹੋਰ ਹੋਣਗੇ। ਭਾਵੇਂ ਸ਼ਬਦ-ਜਗਤ ਦੀਆਂ ਮਿੱਥਾਂ, ਅਲੰਕਾਰ-ਲੜੀਆਂ ਅਤੇ ਗੋਂਦ-ਵਿਧੀਆਂ ਘਾਹ ਦੇ ਉੱਗਣ ਵਾਂਗ ਮੁੱਢ-ਕਦੀਮੀ ਸਾਦਗੀ ਤੋਂ ਬਾਹਰ ਨਹੀਂ ਜਾਂਦੀਆਂ, ਪਰ ਮਨ ਅਤੇ ਰੂਹ ਦੇ ਪੇਸ਼ ਕੀਤੇ ਰੰਗ ਹਰ ਛਿਣ ਉੱਤੇ ਚਮਤਕਾਰ ਵਿਖਾਉਂਦੇ ਹਨ। ਇਹ ਲੰਮੀ ਕਵਿਤਾ ਇਸ ਰਹੱਸ ਨੂੰ ਖੋਲ੍ਹਣ ਦਾ ਇਕ ਨਿਮਾਣਾ ਜਿਹਾ ਯਤਨ ਹੈ।

*(22-7-1989)*

# 1
# ਅੰਮ੍ਰਿਤ ਵੇਲੇ ਦੀ ਲੋਅ

ਅੰਮ੍ਰਿਤ ਵੇਲੇ ਦਿਸਹੱਦੇ ਤੇ
ਇਕ ਲੁਕਵੀਂ ਜਿਹੀ ਲੋਅ!

ਵਣਾਂ ਦੇ ਆਂਙਣ ਦੇ ਵਿਚ ਆਇਆ
ਕੱਲ੍ਹ ਸੂਰਮਾ ਜੋ

ਲੈ ਲੈ ਸਰਕਾਰਾਂ ਤੋਂ ਬਦਲੇ
ਚਮਕੇ ਉਹਦੀ ਸੰਜੋਅ।

ਪਲ ਵਿਚ ਆਇਆ ਅਜਬ ਬੇਦਰਦੀ
ਸਾਨੂੰ ਕਹੇ ਜਲੋ!

ਉਹ ਤੇ ਉਮਰ ਦਾ ਹਿੱਸਿਆ ਕੈਦੀ
ਕੋਲ ਨਾ ਰਿਸ਼ਮਾਂ ਦੋ।

ਕੰਦਰਾ ਦੇ ਵਿਚ ਯੁਗ ਯੁਗ ਸੌਂ ਕੇ
ਚਾਨਣ ਰਿਸ਼ਮਾਂ ਖੋ

ਆਪਣੇ ਵਣਾਂ ਨੂੰ ਮੁੜ ਕੇ ਆਇਆ
ਲੈ ਨੇਰ੍ਹਾਂ ਦੀ ਛੋਹ।

ਸੁਣ ਸੁਣ ਕਦੇ ਕਦੇ ਕੁਝ ਅੱਥਰੂ
ਖੜ ਖੜ ਦੇਂਦਾ ਸੋਅ:

ਸੰਘਣੇ ਬ੍ਰਿਛਾਂ ਦੀ ਬਸਤੀ ਵਿਚ
ਸੁੱਤਾ ਸਾਜਨ ਕੋ।

ਦੂਰ ਕਲਰਾਂ ਦੇ ਵਿਚ ਸੁੱਤੇ
ਆ ਕੇ ਯੋਗੀ ਦੋ।

ਉਸ ਲੋਇ ਨੂੰ ਜਾ ਕੇ ਦੇਖਾਂ
ਪਿੰਡ ਪਿੰਡਾਂ ਚੋਂ ਹੋ।

WWW.SIKHBOOKCLUB.COM

ਮੇਰੀਆਂ ਕੁੱਲ ਫ਼ਰਿਆਦਾਂ ਹੇਠੋਂ
ਉਠੇ ਮਾਂ ਦਾ ਮੋਹ :

ਕਿਸੇ ਵਲੀ ਨੇ ਆਉਣਾ ਬੱਚਾ
ਸਮਿਆਂ ਦੀ ਕੰਨਸੋਅ।

ਨੇਰ੍ਹ ਦਾ ਸੀਨਾ ਪਾੜ ਸੁੰਢ ਨੇ
ਜਾਨ ਨਿਮਾਣੀ ਖੋਹ

ਜਿਹੜੀ ਕਬਰ ਦੇ ਅੰਦਰ ਦੱਬੀ
ਆਈ ਓਧਰ ਖ਼ੁਸ਼ਬੋ।

ਖੂਹੇ ਦੇ ਵਿਚ ਜਾਂ ਕੋਈ ਪੂਰਨ
ਵੈਰੀਆਂ ਸੁੱਟਿਆ ਕੋਹ।

ਮੇਰੇ ਨੈਣ 'ਚ ਅੱਥਰੂ ਆਇਆ
ਦੇਸ ਦੇਸਾਂ 'ਚੋਂ ਹੋ।

ਰੱਬ ਜਾਣੇ ਕੋਈ ਦੂਰ ਦੁਰਾਡੇ
ਰਿਹਾ ਸਿਤਾਰਾ ਰੋ।

•

WWW.SIKHBOOKCLUB.COM

# 2

# ਬਨਬਾਸੀ

ਕਦੋਂ ਓਹ ਨਗਰੀ ਨੂੰ ਮੁੜਿਆ
ਬਨਬਾਸਾਂ ਤੋਂ ਜਾ ਕੇ ?
ਕਦੋਂ ਓਸਦੇ ਅੱਥਰੂ ਆਉਣਾ
ਉਮਰਾਂ ਦਾ ਗ਼ਮ ਖਾ ਕੇ ?

ਕਿਵੇਂ ਗਿਆ ਬਨਬਾਸਾਂ ਨੂੰ ਉਹ
ਇਹ ਤਾਂ ਰਾਜਾ ਜਾਣੇ,
ਅਸਾਂ ਤਾਂ ਕਿਸੇ ਵਿਜੋਗਣ ਨੈਣੀਂ
ਤੇਰਾਂ ਵਰ੍ਹੇ ਪਛਾਣੇ।

ਸੁਣਿਆਂ ਉਸਦਾ ਦਰਦ ਡੂੰਘੇਰਾ
ਸੁਣਿਆਂ ਉਹ ਬਹੁੰ ਪਿਆਰਾ
ਕੋਈ ਆਖਦਾ ਸੰਗ ਓਸਦਾ,
ਪੀੜ ਉਪਾਵਨਹਾਰਾ।

ਕਿਸੇ ਵੰਝਲੀਆਂ ਵਾਲੇ ਦੇ ਘਰ
ਚਾਕਰ ਰਹਿ ਉਹ ਪਲਿਆ,
ਕੁੱਲ ਸਾਂਵਲਾ ਦਰਸ ਓਸਦਾ
ਕਿਸੇ ਨਾਰ ਨ ਛਲਿਆ।

ਸੁਣਿਆਂ ਉਸਦੀ ਕੁੱਲ ਜੁਆਨੀ
ਵਿਛੜਿਆਂ ਸੰਗ ਬੀਤੀ।
ਸੁਣਿਆਂ ਉਹ ਤਾਂ ਮੋਇਆ ਜੀਂਦਾ
ਜ਼ਹਿਰ ਚਿਰਾਂ ਤੋਂ ਪੀਤੀ।

ਜਗਤ ਦੇ ਪ੍ਰਿਯ ਦੇ ਸੰਗ ਗਾਵੇ,
'ਨਾਗ ਨਿਵਾਸਾਂ ਦੇ ਰਹਿਣਾ'
ਜੁਗਾਂ ਨ੍ਹੇਰ ਦੀ ਕਾਲੀ ਕੰਬਲੀ
'ਤੇ ਮੌਤ ਸੰਗ ਬਹਿਣਾ।

WWW.SIKHBOOKCLUB.COM

ਉਸ ਜੋਬਨ ਦਾ ਹਾਲ ਉਹ ਪੁੱਛਦਾ
ਉਸ ਵੇਲੇ ਜਿਸ ਆਉਣਾ,
ਵਾਰ ਅੰਤਲੀ ਸੰਞਾਂ ਵੇਲੇ
ਸੂਰਜ ਨੇ ਜਦ ਸੌਣਾ।

ਆਥਣ ਵੇਲੇ ਵਿਚ ਵਣਾਂ ਦੇ
ਹਾਲ ਦੱਸੇ ਜਗ ਚਿਰ ਦਾ;
ਕਿਸ ਭੇਸ ਵਿਚ ਆਈ ਵੇਦਨਾ
ਭੇਦ ਜਾਣਦਾ ਫਿਰਦਾ।

ਕਾਈ ਦਸਦੀ ਮੈਂ ਇਕ ਵਾਰੀ
ਜਾਂਦਾ ਗਲੀ ਬੁਲਾਇਆ,
ਰੋਗ ਅਵੱਲੜੇ ਵਾਲਾ ਸਾਜਨ
ਅੱਥਰੂ ਵਾਂਗ ਗੁਆਇਆ।

ਕਹਿੰਦਾ ਉਹ "ਮੈਂ ਨ੍ਹੇਰ ਓਸਦੀ
ਗਲੀ 'ਚ ਕੌਲ ਨਿਭਾਣਾ;
ਜਦੋਂ ਕਦੇ ਸੂਰਜ ਅਸਮਾਨੋਂ
ਮੌਤ ਨਾਲ ਬੁਝ ਜਾਣਾ।"

ਸਾਰੇ ਜੱਗ ਤੋਂ ਪਿਆਸਾ ਬੰਦਾ
ਥਲਾਂ ਦਾ ਵੀਰ ਪਿਆਰਾ,
ਕਹਿਣ ਲੱਗਿਆ ਖੂਹ ਤੇ ਆ ਕੇ
"ਨੈਣ ਭਰੇ ਜੱਗ ਸਾਰਾ।"

•

## 3

# ਰੁੱਤਾਂ ਦੇ ਸਖੀ ਵੱਲ ਲਿਖੇ ਖ਼ਤ

ਰੁੱਤਾਂ ਨੇ ਪਰਦੇਸਾਂ ਵਿੱਚੋਂ
ਖ਼ਤ ਦਰਦ ਦਾ ਪਾਇਆ।
ਸਾਡੀ ਮੁੜ ਤਕਦੀਰ ਨਾ ਜਾਗੀ
ਹਰ ਰੰਗ ਅੱਥਰੂ ਆਇਆ।

ਇਕ ਤਾਂ ਪੰਛੀ ਪਾਰ ਪਹਾੜਾਂ
ਗਿਆ ਸੀ, ਅਜੇ ਨਹੀਂ ਆਇਆ
ਦੂਜਾ ਚਿਰਾਂ ਦਾ ਬਰਫ਼ਾਂ ਪਾਸੇ
ਲੋਕਾਂ ਮਾਰ ਮੁਕਾਇਆ।

ਤੀਜਾ ਪੰਛੀ ਤੂਤ ਤੇ ਰੋਂਦਾ
ਓਦਰਿਆ ਘਬਰਾਇਆ।
ਚੌਥਾ ਉਮਰ ਦਾ ਅਜੇ ਨਿਆਣਾ
ਤੇਰੇ ਦੇਸ ਸਿਧਾਇਆ।

ਕਾਸਦ ਹੋ ਕੇ ਉਮਰ ਗੁਆਉਣੀ
ਹਰ ਸੰਗੀ ਫ਼ੁਰਮਾਇਆ,
ਨੌਕਰ ਚਲੇ ਗਏ ਸਭ ਘਰ ਨੂੰ
ਸਾਨੂੰ ਆਖ ਪਰਾਇਆ।

ਚੌਥਾ ਕਾਸਦ ਜਿਸਨੇ ਸਖੀਏ
ਸਾਡਾ ਹੁਕਮ ਵਜਾਇਆ,
ਉਸਨੂੰ ਇਕ ਤਾਂ ਗੱਲ ਇਹ ਦੱਸੀਂ
ਕਦ ਸਾਜਨ ਘਰ ਆਇਆ।

ਮਹਿਕਾਂ ਦਾ ਤਾਂ ਆਉਣਾ ਜਾਣਾ
ਧੁਰੋਂ ਹੀ ਕਿਸੇ ਲਿਖਾਇਆ,
ਜਿਸ ਰੁੱਤ ਤੂੰ ਮਾਣ ਸੀ ਕਰਦੀ
ਉਸ ਰੁੱਤ ਮੀਤ ਵੀ ਆਇਆ ?

ਦੂਜੀ ਗੱਲ ਮੁਸਾਫ਼ਿਰ ਬਾਰੇ
ਘਰ ਨ ਜਿਹੜਾ ਸਮਾਇਆ।
ਦੇਸ ਤੇਰੇ ਦੀ ਕੰਦਰਾ ਦੇ ਵਿਚ
ਚੋਰ ਅਸਾਡਾ ਆਇਆ।

— — — — — — — —

ਪਹਿਲੇ ਖ਼ਤ ਵਿਚ ਸੁਪਨ ਨਿਖੁੱਟਾ
ਚਿੰਤਨ-ਦੇਸ ਪਾਰ ਪਿਰੁ ਸੁੱਤਾ।
ਬਣਦੀ ਮਿਟਦੀ ਮਨ ਦੀ ਛਾਇਆ
ਸਾਹਮੇ ਨੂਰ ਪਰਮਨੰਦ ਪਾਇਆ।

ਸੋਈ ਸਖੀ ਵੇਦਨਾ ਜਾਣੀ
ਤਨ ਮਨ ਕਰਨ ਜਿਦੇ ਸੰਗ ਬਾਣੀ।
ਘੋਰ ਬਿਛੋਹ ਦੇ ਮਨ ਅਗਿਆਨ 'ਚ
ਜੋ ਉੱਡਦੀ ਰਹੀ ਅਮਰ ਬਿਬਾਨ 'ਚ।੧।

ਰੁੱਤਾਂ ਨੇ ਪ੍ਰਦੇਸਾਂ ਵਿੱਚੋਂ
ਖ਼ਤ ਦਰਦ ਦਾ ਪਾਇਆ
ਸਾਡੀ ਮੁੜ ਤਕਦੀਰ ਨ ਜਾਗੀ
ਹਰ ਰੰਗ ਅੱਥਰੂ ਆਇਆ।

ਦਿਲ ਦੇ ਸੰਗੀਆਂ ਨੂੰ ਵੈਰਾਗੇ
ਕੋਈ ਕੱਲਾ ਪਲਕੀਂ ਆਏ
ਨੈਣਾਂ ਦੇ ਵਿਚ ਅੱਥਰੂ ਚੜ੍ਹਕੇ
ਮੌਤ-ਦੇਸ ਢਲ ਜਾਏ।

ਬੈਠ ਪਹਾੜਾਂ ਦੀਆਂ ਬਰਫ਼ਾਂ ਤੇ
ਸੁਣ ਸੁਣ ਦੂਰੋਂ ਸੋਆਂ
ਕੂੰਜਾਂ ਵਾਂਗੂੰ ਓਦਰ ਗਈਆਂ
ਇਕ ਜਨਮ ਵਿਚ ਛੋਹਾਂ।

ਹੁਣ ਤਾਂ ਸ਼ਹੁ ਦੀਆਂ ਛੋਹਾਂ ਦੇ ਵੀ
ਦਿਨ ਆਏ ਨੇ ਪੁੱਗਣ।
ਵੇਹਣ ਦੂਰ ਟੀਲਿਆਂ ਤੇ ਬਹਿ,
ਭਰ ਭਰ ਹੌਕੇ ਉੱਡਣ।

ਅੱਜ ਉਹ ਰਾਤੀਂ ਕਲਮ ਦੀ ਪਲਕੀਂ
ਚਿੱਟਿਆਂ ਹੰਝੂਆਂ ਆਂਹੂੰ
ਬਰਫ਼ਾਂ ਦੀਆਂ ਕੂੰਟਾਂ 'ਚੋਂ ਆਈਆਂ
ਮੂਕ ਤ੍ਰੇਲਾਂ ਵਾਂਗੂੰ।

ਖ਼ੁਸ਼ਬੋਆਂ ਦੇ ਮਹਿਲਾਂ ਵਿੱਚੋਂ
ਦੋ ਪੈਰਾਂ ਦੇ ਤਾਰੇ
ਚੁੰਮ੍ਹ ਨੀਂਦਾਂ ਨੂੰ ਅੱਧੀ ਰਾਤੀਂ
ਖਿਸਕ ਗਏ ਵਣਜਾਰੇ।

ਦੋ ਅਧ-ਮਿਟੀਆਂ, ਖਿੰਡੀਆਂ ਖਿੰਡੀਆਂ,
ਨਦੀ ਕਿਨਾਰੇ ਪੈੜਾਂ;
ਜਿਹਨਾਂ ਨੂੰ ਤੱਕ ਨੀਰ ਵਹਾਵਣ
ਦੋ ਪ੍ਰਦੇਸਨ ਲਹਿਰਾਂ।

ਨਦੀ-ਪਾਣੀਆਂ ਤੇ ਨਾ ਰਹੀਆਂ
ਸ਼ਾਹ ਕੇਸਾਂ ਦੀਆਂ ਛਾਂਵਾਂ;
ਨਾ ਰੋਂਦਾ ਕੰਵਲਾਂ ਤੇ ਕੋਈ
ਝੁਕ ਠੰਢਾ ਪ੍ਰਛਾਵਾਂ।

ਸੋਨ ਵਾਣ ਚਿਰਾਂ ਤੋਂ ਕੋਈ
ਖੁਭਿਆ ਜੋ ਸੀ ਸ਼ਾਖੀਂ
ਚੋਰ ਸ਼ਿਕਾਰੀ ਸਾਰ ਨ ਸਾਨੂੰ
ਖਿੱਚ ਕੇ ਲੈ ਗਿਆ ਰਾਤੀਂ।

ਘਾਹ ਦੇ ਕੋਲੋਂ ਖੋਹ ਇਕ ਹੰਝੂ
ਸਾੜ ਸੁਪਨ ਦੀਆਂ ਛਾਵਾਂ,
ਦਿਸਹੱਦੇ ਵਿਚ ਗੁੰਮ ਨੇ ਹੋਈਆਂ
ਮਿਰਗਾਂ ਵਾਂਗ ਹਵਾਵਾਂ।

ਅੱਧ-ਮੀਟੇ ਨੈਣਾਂ ਦੀਆਂ ਧੁੰਧਾਂ
ਡੁੱਬੀਆਂ ਸੰਧਿਆ-ਪਾਣੀ
ਇਹ ਟੂਣੇ ਵੀ ਤੋੜ ਗਏ ਨੇ
ਡੰਗਣੇ-ਚਾਨਣ ਜਾਣੀ।

ਪੱਤੀਆਂ ਤੋਂ ਕਲਵਲ ਹੋ ਜਲ ਗਈ
ਠੰਢ ਪੋਟਿਆਂ ਦੀ ਕੋਈ।
ਨੀਲ ਮਹੀਨ ਪਾਣੀਆਂ ਕੰਧੇ
ਝੁਕ ਲੱਗੀ ਖ਼ੁਸ਼ਬੋਈ।

ਕੋਈ ਬੇ-ਦਰਦਾਂ ਨੂੰ ਜਾ ਆਖੋ
ਅਜਬ ਦੇਸ ਦੇ ਅੰਬਰ,
ਰੁੱਤਾਂ ਦਾ ਦਿਲ ਟੁੱਟ ਰਿਹਾ ਹੈ
ਕੰਬਦੇ ਵਣ ਦੇ ਅੰਦਰ।

WWW.SIKHBOOKCLUB.COM

ਸੰਧਿਆਂ ਵੇਲੇ ਯਾਰ ਮਿਲਣ ਲਈ
ਅੰਗ ਅੰਗ ਜਲ ਜਾਏ,
ਮੱਚਦੀ ਸੂਹੀ ਹਿੱਕ ਤੇ ਸੂਰਜ
ਰਾਹੀਆਂ ਦੇ ਸਿਰ ਲਾਏ।

ਛੋਹ ਛੋਹ ਤ੍ਰਿਸ਼ਨਾ ਬੁੱਝੀ ਨ ਤੱਤੀ
ਜਲਦੇ ਬੁੱਲ੍ਹ ਘਬਰਾਏ
ਦਿਲ ਨੇ ਮੂੰਹ ਨਦੀਆਂ ਵਿਚ ਦਿੱਤਾ
ਇਕ ਅੰਮ੍ਰਿਤ ਨ ਥਿਆਏ।

ਲੱਖਾਂ ਰਾਹੀਆਂ ਦੇ ਜੋਬਨ ਨੂੰ
ਲੋਹ-ਖੂਹਾਂ ਵਿਚ ਪਾਇਆ,
ਲਾਲ ਥੰਮ੍ਹ ਤਪਦੇ ਰਹੇ, ਉਹ ਨ
ਕਾਫ਼ਲਿਆਂ ਵਿਚ ਆਇਆ।

ਲੱਖ ਪਹਾੜਾਂ ਉਤੋਂ ਮਿਟਿਆ
ਮਿਹਰਬਾਨ ਇਕ ਪੰਜਾ,
ਚੁੰਮ੍ਹਨ ਆਇਆ ਜਿਸਨੂੰ ਦੂਰੋਂ
ਰੱਬ ਤੋਂ ਆਕੀ ਬੰਦਾ।

ਸਾਡੀ ਪ੍ਰੀਤ ਮੂਰਛਾ ਵੇਲੇ
ਖ਼ੂਨ ਉਛਲ ਕੇ ਕਿੰਨਾ!
ਫੁਟ ਕੇ ਉਸਦੀ ਛਾਤੀ ਵਿੱਚੋਂ
ਚੜ੍ਹਿਆ ਲੋਕਾ ਤਿੰਨਾ।

ਗਗਨਾਂ ਦੇ ਜਾਮੇ ਤੇ ਛਿੱਟਾਂ!
ਫੱਟ ਲੋਥੜੇ ਉੱਡੇ;
ਏਸ ਫ਼ਿਜ਼ਾ ਵਿਚ ਕੌਣ ਹੈ ਖ਼ੂਨੀ ?
ਲਾਲ ਨਜ਼ਰ ਇਕ ਉੱਡੇ।

ਮੂਰਛਾ ਪਈ ਨੂੰ ਮੁੱਦਤਾਂ ਹੋਈਆਂ
ਫਿਰ ਇਕ ਪੰਛੀ ਆਇਆ;
ਜਿਸਨੇ ਉਸਦੇ ਜੀਂਦੇ ਹੋਣ ਦਾ
ਭਰਮ ਅਸਾਂ ਨੂੰ ਪਾਇਆ।

ਰੋਇਆ ਉਹ ਕਿ ਇਕ ਕੰਦਰਾ ਵਿਚ
ਸੌ ਉਸ ਵਰ੍ਹੇ ਗੁਜ਼ਾਰੇ,
ਮੂੰਹ-ਪੱਥਰਾਂ ਤੇ ਬੈਠੇ ਲੱਖਾਂ
ਪਹਿਰਾ ਦੇਣ ਸਿਤਾਰੇ।

ਓਸ ਪਤਾਲਾਂ ਦੇ ਪਾਣੀ ਜਿਉਂ
ਉਸ ਦੀਆਂ ਨਜ਼ਰਾਂ ਲੁਕੀਆਂ,
ਸੰਧਿਆ ਅਤੇ ਸਵੇਰਾਂ ਜਿਸ ਤੇ
ਰੰਗ-ਸ਼ਾਖਾਂ ਨ ਝੁਕੀਆਂ।

ਤਾਨਾਂ ਵਰਗੀਆਂ ਕਾਲੀਆਂ ਜ਼ੁਲਫ਼ਾਂ
ਜਿਸ ਥਾਂ ਦਿਲ ਉਹ ਧੜਕਣ,
ਨਿੰਦ੍ਰਾਇਆਂ ਸੱਪਾਂ ਦੇ ਵਾਂਗੂੰ
ਵਾਂਗ ਬੇਹੋਸ਼ੀ ਸਰਕਣ।

ਫਿਰ ਓਹ ਰੋਇਆ ਕੋਈ ਉਡੀਕੇ
ਨੈਣ ਖੁਲ੍ਹਣ ਦਾ ਵੇਲਾ,
ਨੀਂਦਾਂ ਕੋਲੇ ਜਾਗ ਰਿਹਾ ਹੈ
ਪੰਖੀ ਜਿਹਾ ਸੁਹੇਲਾ।

ਵੇ ਕਾਸਦ! ਧਰਵਾਸ ਦਵਾਇਆ
ਰਹੇਂ ਯੁਗਾਂ ਤੀਕ ਜੀਂਦਾ,
ਕੀ ਹੋਇਆ ਜੇ ਕੋਲ ਨ ਸਾਡੇ
ਮੀਤ ਹੋਰ ਜਗ ਥੀਂਦਾ।

ਸਾਡੇ ਸਰਾਂ ਦੀ ਠੰਡੀ ਬਾਣੀ
ਪੰਛੀ ਗਾਇਨ ਪੁਰਾਣੀ,
ਸੁੱਕੇ ਖੂਹਾਂ ਦੇ ਵਿਚ ਫੁੱਟੇ
ਨਾਲ ਚਾਂਦਨੀ ਪਾਣੀ।

ਖੂਹ ਗੇੜ ਕੇ ਜਿਸ ਜੋਗੀ ਨੇ
ਬਾਗ਼ ਨੂੰ ਕੀਤਾ ਹਰਿਆ,
ਉਸ ਪੂਰਨ ਦੇ ਪਰਤਣ ਵਾਂਗੂੰ
ਅੰਮ੍ਰਿਤ ਨਜ਼ਰੀਂ ਭਰਿਆ।

ਚਿੰਬੜੇ ਰਹੇ ਨੈਣਾਂ ਨੂੰ ਬਰਸੀਂ
ਪੁੱਤਾਂ ਦੇ ਗ਼ਮ ਭੈੜੇ,
ਫਿਰ ਇਛਰਾਂ ਦੀ ਛਾਤੀ ਜੀਕਰ
ਸ਼ੀਰ ਬੱਚੇ ਲਈ ਲਹਿਰੇ;

ਏਦਾਂ ਨੀਂਦਾਂ-ਜਾਗਾਂ ਅੰਦਰ
ਹੱਥ ਉਸਦਾ ਜਿੰਦ ਲਾ ਕੇ,
ਰੋਂਦੀਆਂ ਸੋਅ ਇਹ ਦਸਦੀਆਂ ਫਿਰੀਆਂ
ਉਮਰਾਂ ਦੇ ਗ਼ਮ ਖਾ ਕੇ।


WWW.SIKHBOOKCLUB.COM

ਕੇਸ ਤ੍ਰੇਲਾਂ-ਭਿੱਜੇ ਓਹੀ
ਮੂਕ ਖਿੰਡੇ ਚੰਨ-ਚਾਨਣ,
ਜਿਵੇਂ ਵੇਦਨਾ ਕੋਲੋਂ ਚਿਰਦੀ
ਮੰਗ ਖਿਮਾ ਲਜਿਆਵਣ।

ਨੀਂਦਾਂ ਦਾ ਹਰ ਕਤਰਾ ਕੂਕੇ
ਜੋਬਨ ਬਣ ਬਣ ਟੁੱਟਾਂ,
ਤਾਨ ਬੰਸਰੀ ਦੀ ਵੀ ਸੁਣ ਲਈ
ਡੂੰਘੇ ਮੱਧਰੇ ਰੁੱਖਾਂ।

ਨੀਂਦ 'ਚ ਕਸਕਾਂ, ਮੁੜ ਹੰਸਾਂ ਦੀ
ਜਿੰਦ ਹੋਈ ਦੁਖਿਆਰੀ,
ਪੰਖਾਂ ਦਾ ਲਹੂ ਜਾਣਨ ਨ, ਵਿਚ
ਕੰਵਲਾਂ ਉਮਰ ਗੁਜ਼ਾਰੀ।

ਨੀਂਦ ਦੇ ਕੰਢੇ ਕੰਢੇ ਲੁਕ ਭਰਮਾਂ
ਵੇਖੀ ਆਤਮਾ ਸਾਰੀ;
ਨਦੀ ਦੇ ਪਾਰੋਂ ਤੀਰ ਚੱਲਿਆ,
ਹੂੰਗਰ ਸਰਵਣ ਮਾਰੀ।

ਡਰੇ ਹੋਏ ਨੈਣ ਸੀ ਜੀਂਦੇ
ਵਿਚ ਸ਼ੂਕਦੇ ਤੀਰਾਂ;
ਕੁੱਝ ਹੀ ਯਾਰ ਮਿਲਣ ਦੀਆਂ ਆਸਾਂ
ਆਣ ਕ੍ਰਾਹੁੰਦੀਆਂ ਪੀੜਾਂ।

ਜਾਗਾਂ ਨੀਂਦਾਂ ਤੇ ਟੁੱਟ ਪਈਆਂ
ਮਾਰ ਕੇ ਜ਼ਾਲਮ ਚੀਕਾਂ,
ਦਗਣ ਲਗੀਆਂ ਦੁਖਦੇ ਨੈਣੀਂ
ਰੱਤ-ਰੋਹ ਤਪੀਆਂ ਸੀਖਾਂ।

ਇਸ ਰਣ ਦੇ ਕੁਰਲਾਟ ਦੇ ਅੰਦਰ
ਵਿਚ ਖ਼ੂਨਾਂ ਤੇ ਗਰਦਾਂ,
ਨਦੀਆਂ ਵੀ ਤਾਂ ਵਗਦੀਆਂ ਰਹੀਆਂ
ਲੈ ਕੁੱਝ ਮਿੱਠੀਆਂ ਦਰਦਾਂ।

ਰਹੀ ਆਤਮਾ ਨੀਂਦੀ ਟੋਹ ਲੈ
ਰੰਗ ਵਾਲੇ ਲਈ ਜੀਂਦੀ,
ਰਹੀ ਓਸਦੇ ਨਾਂ ਤੇ ਬਰਸੀਂ
ਲੱਖਾਂ ਨਦੀਆਂ ਪੀਂਦੀ।


WWW.SIKHBOOKCLUB.COM

ਨਦੀਆਂ ਉੱਤੇ ਰੁਆ ਦੋ ਪੰਛੀ
ਰੂਹ ਸਾਡੀ ਮਿਠ-ਭਰਮੀ,
ਲਹਿਰਾਂ ਦੇ ਲਾਰੇ ਦੀ ਬੈਠੀ
ਵੇਹਣ ਲਈ ਕੋਈ ਕਰਨੀ।

ਚਕਵਾ ਚਕਵੀ ਕੰਢੀਂ ਕੂਕਣ
ਇਹ ਨਦੀਆਂ ਦਾ ਜੀਣਾ!
ਖ਼ਾਬਾਂ ਵਿਚ ਮਨਜ਼ੂਰ ਸੀ ਕੀਤਾ
ਜ਼ਹਿਰਾਂ ਨੂੰ ਅਸੀਂ ਪੀਣਾ।

ਵਿਸ-ਘੋਲਦੀ ਚੇਤੰਨਤਾ ਨੇ
ਮਾਰਿਆ ਇਕ ਫੂੰਕਾਰਾ,
ਧੂੰਧਾਂ ਵਾਂਗੂੰ ਜਿਸ ਨਾ' ਉਡਿਆ
ਠਗਣੀਆਂ ਦਾ ਸੰਸਾਰਾ।

ਜ਼ਹਿਰਾਂ ਪੀ ਕੇ ਮਿਲਣ ਦੇ ਸੁਪਨੇ
ਆ ਸੂਰਜ ਨੇ ਤੋੜੇ,
ਵਿਯੋਗ ਦੀਆਂ ਵਾਜਾਂ ਵੀ ਮੱਧਮ
ਸਮਿਆਂ ਨੇ ਰੰਗ ਮੋੜੇ।

ਵਿਯੋਗ ਦੀਆਂ ਲੱਖਾਂ ਛੋਹਾਂ ਗਈਆਂ
ਕੰਠ ਕੰਤ ਬਿਨ ਸੁੱਕੇ
ਅੱਥਰੂ ਓਸ ਕਦੇ ਨਾ ਭੇਜੇ
ਸਾਹ ਜੋਬਨ ਦੇ ਮੁੱਕੇ।

ਉਸ ਸ਼ਹੁ ਦਾ ਵੀ ਆਉਣਾ ਹੀ ਸੀ!
ਦੱਸੀਏ ਕੋਈ ਨਜ਼ਾਰਾ,
ਅੱਜ ਤਾਂ ਉਸ ਦੀਆਂ ਛੋਹਾਂ ਦਾ ਜੀ
ਕੋਈ ਨ ਅੰਤ ਸ਼ੁਮਾਰਾ।

ਸਾਂਵਰ ਬੁੱਤ ਦੀ ਬਾਤ ਸੁਣਾਈਏ
ਜਿਸਨੇ ਗੀਤ ਰਚਾਏ,
ਜੋ ਕੁਲ ਜਨਮਾਂ ਕੋਇਲਾਂ ਵਾਂਗੂੰ
ਬੂਰ ਦੇ ਕੂਕਣ ਆਏ।

ਏਸ ਜਨਮ ਦੀ ਲੰਮੀ ਪੱਤਝੜ
ਨ ਅੱਥਰੂ ਵਿਚ ਬੋਲੇ,
ਬੂਰ ਪਏ ਨੂੰ ਉਮਰਾਂ ਹੋਈਆਂ
ਜਾਂ ਮਨ ਉਂਞ ਹੀ ਡੋਲੇ।

ਸਾਂਵਰ ਬੁੱਤ ਦੀ ਬਾਤ ਸੁਣਾਈਏ
ਜਿਸਦਾ ਅੱਜ ਪ੍ਰਛਾਵਾਂ,
ਮੂਕ ਚੋਰ ਚਾਂਦਨੀ ਅੰਦਰ
ਲੰਘਿਆ ਸੰਗ ਹਵਾਵਾਂ।

ਕਸਕ ਮੱਥੇ ਤੇ ਚਮਕ ਚਮਕ ਕੇ
ਚੜ੍ਹਦੀ ਹੋਈ ਦੀਵਾਨੀ,
ਇਕ ਜਿੰਦੜੀ ਦੀ ਤੰਦ ਨਿਮਾਣੀ
ਇਕ ਬਿਜਲੀ ਬਉਰਾਣੀ।

ਇਕ ਵਣ ਲੱਖਾਂ ਛੋਹਾਂ ਹਰੀਆਂ
ਇਕ ਵਣ ਠੰਡੀਆਂ ਭੂਰਾਂ,
ਉਂਵ ਇਕ ਪਾਸੇ ਰੋਹੀਆਂ ਅੰਦਰ
ਰੋਵਣ ਸੁੰਞੀਆਂ ਧੂੜਾਂ।

ਬਹੁਤ ਕੁਝ ਪ੍ਰਦੇਸੀ ਹੋਇਆ
ਕੋਈ ਕੋਈ ਲਗਰ ਹੀ ਫੁੱਟੇ।
ਪੂਰਾ ਬ੍ਰਿਛ ਹਰਾ ਜੇ ਹੋਵੇ
ਭਰਮ ਮਰਨ ਦਾ ਟੁੱਟੇ।

ਮਹਾਂ ਨਦੀ ਇਕ ਵਗਦੀ ਲੰਮੀ
ਜਿਸ ਵਿਚ ਪੱਤਿਆਂ ਗਾ ਕੇ,
ਇਕ ਪਲ ਪਿੱਛੋਂ ਰੁੜ ਜਾਣਾ ਹੈ
ਪੀਲਾ ਰੰਗ ਪਰਨਾ ਕੇ।

ਪਤਲੀ ਜਿੰਦ ਨੇ ਯਾਦ ਪੁਰਾਣੀ
ਹਰੀ ਕਰੀ ਜਿਉਂ ਕਹੀਏ
ਅੱਥਰੂ ਵਾਂਗੂੰ ਕੁੱਲ ਛੋਹਾਂ ਇਹ
ਬੀਤ ਨ ਜਾਵਣ ਸਈਏ।

ਭਮਕ ਕਾਸਣੀ ਚਾਂਦਨੀ ਅੰਦਰ
ਘੁਲੀ ਅਚਾਨਕ ਆ ਕੇ,
ਪਹਿਲੀ ਰਾਤੀਂ ਦੇਸ ਜਾਂ ਸਾਡਾ
ਤਕਿਆ ਉਸ ਸ਼ਰਮਾ ਕੇ।

ਪ੍ਰਛਾਵੇਂ ਜਿਉਂ ਬੋਲ ਤਿਲ੍ਹਕਦਾ
ਗੰਧ ਭਰੇ ਅਚਾਨਕ ਬਾਤੀਂ,
ਸਾਂ ਸਾਂ ਨੀਂਦ ਦੀ ਮਧੁਰ ਜਹੀ ਜਿਉਂ
ਚਾਨਣੀ ਤਿਉਂ ਅੱਧ-ਰਾਤੀਂ।

ਫ਼ਿਜ਼ਾ ਦੇ ਕਾਂਬੇ ਕੋਲ ਸੀ ਹਿਲਦਾ
ਹੱਥ ਬਿਜਲੀਆਂ ਧੂਹਿਆ,
ਕੰਬ ਕੰਬ ਫੈਲ ਗਈਆਂ ਦੋ ਬਾਹਾਂ
ਭੜਕ ਨਜ਼ਾਰਾ ਕੂਇਆ।

ਰੁਗ ਭਰ ਭਰ ਕੇ ਵਹਿਸ਼ੀ ਮੁੱਠਾਂ
ਹੰਝੂ ਭੋਂਅ ਤੋਂ ਖੋਹੇ
ਮਹਿਕਾਂ ਦਾ ਦਲ ਅੰਬਰੀਂ ਚੜ੍ਹਿਆ
ਬਾਂਹੀਂ ਜ਼ੋਰ ਨਾ ਕੋਇ।

ਹੜ ਪੱਤੀਆਂ ਦਾ ਪੀਚਦਿਆਂ ਹੀ
ਕਾਂਗਾਂ ਵਿਚ ਸੁਦਾਈ,
ਕਿਹਾ ਜਨੂੰਨ ਸੀ! ਦੋ ਬਾਹਾਂ ਵਿਚ
ਜਿੰਦ ਧਰਤ ਦੀ ਆਈ।

ਮੇਘ ਕਾਸ਼ਨੀ, ਮੇਘ ਸੰਤਰੀ,
ਮੇਘ ਸੀ ਨੀਲਾ ਨੀਲਾ;
ਦੋ ਨੈਣ ਉਠਣ ਤੇ ਬਣ ਗਈ
ਦੋ ਘਾਟਾਂ ਤੇ ਲੀਲਾ।

ਕੱਚੀਆਂ ਪੱਤੀਆਂ ਦੇ ਰੰਗ ਤ੍ਰੇਲੀਂ
ਘੋਲ ਉਹ ਸੈ ਵਾਰਾਂ
ਪਿਆਲਿਆਂ ਵਿਚ ਸ਼ਰਾਬਾਂ ਪਾ ਕੇ
ਤੁਰਿਆ ਵਲ ਪਹਾੜਾਂ।

ਸੰਗੀਆਂ ਵਲ ਮੁਸਕਾ ਪਹਾੜੀਂ
ਮਦ-ਪਿਆਲੇ ਉਸ ਵੀਟੇ
ਕਿਸਮਤ-ਬਿਜਲੀਆਂ ਨੌਂਹੀਂ ਪਾ ਕੇ
ਪੱਥਰ ਫੇਰ ਝਰੀਟੇ।

ਗੂੰਜ ਪਹਾੜਾਂ ਅੰਦਰ ਸੰਖਾਂ
ਖਿੱਚ ਪਾਵਨ ਸਦ ਲੰਮੀ,
ਦਿੱਤੀ ਜਾਂ, ਸਦੀਆਂ ਦੇ ਪਾਰੋਂ
ਜਾਗੀ ਰੋ ਕੇ ਧੰਮੀ।

ਮੋਇਆਂ ਮਜ਼੍ਹਬਾਂ ਦੇ ਲੱਖ ਅੱਥਰੂ
ਪਾੜ ਕੇ ਕਬਰਾਂ ਕੰਬੇ,
ਪਾਪ ਦੀਆਂ ਨਾੜਾਂ ਦੇ ਵਿੱਚੋਂ
ਪੰਘਰ ਸਿਤਾਰੇ ਲੰਘੇ।


WWW.SIKHBOOKCLUB.COM Page 108

ਉਸ ਸ਼ਹੁ ਦਾ ਵੀ ਆਉਣਾ ਹੀ ਸੀ
ਜਾਨਾਂ ਪਾ ਕੰਬਾਵਣ,
ਅੰਗਾਂ ਵਿਚ ਹੁਣ ਛੁਹ ਦੇ ਜੋਬਨ
ਕੋਹ ਕੇ ਅੱਥਰੂ ਜਾਵਣ।

— — — — —
— — — — —
— — — — —
— — — — —

ਦੂਜੇ ਖ਼ਤ਼ ਵਿਚ ਕੰਦਰਾ ਕਾਲੀ,
ਮਹਾਂ ਗਿਆਨ ਦੀ ਜੋਤ ਸੰਭਾਲੀ।
ਜ਼ੋਰ ਮਹਾਂ ਪੱਥਰ ਵਿਚ ਸੈਣਾ
ਕਠਨ ਤਪੱਸਿਆ ਜੋਤ ਦਾ ਪੈਣਾ।੨।

ਹਿਸ ਗਈ ਚਮਕ ਚਰਨ ਦੀ ਅਰਸ਼ੀਂ
ਕੁਲ ਤਾਰੇ ਕੁਮਲਾ ਗਏ,
ਸੋਨ ਤੀਰਾਂ ਨੇ ਪਰਬਤ ਡੰਗੇ
ਨਦੀਆਂ ਵਿਚ ਸਮਾ ਗਏ।

ਖੰਡ-ਮੰਡਲ ਆਗਾਸ ਪਤਾਲੀਂ
ਚਾਨਣ ਨੀਰ ਵਹਾਉਣਾ,
ਫੁੱਲ ਦਾ ਡੋਲ ਜਾਣਾ ਸੁਣ ਦੇਸੀਂ
ਮਹਿਕ ਵੈਰਾਗਣ ਆਉਣਾ।

ਹਿੰਮ ਤਾਰੇ ਦੇ ਮਹਾਂ ਦੁਆਰੇ
ਕਵਣ ਖੰਡ ਦਾ ਪੰਖੀ ?
ਅਨੰਤ ਨੀਰ ਜਿਤ ਕੁੰਟੀਂ ਲਰਜ਼ੇ
ਤਿਤ ਧਿਰ ਗੀਤ ਸੁਅੰਤੀ।

ਫੇਰ ਬਸੰਤਰ ਦੇ ਮੰਡਲ ਵਿਚ
ਸੂਹੀ ਲਾਟ ਅਨੰਤੀ।
ਖੰਡ ਜਲੇ ਜਾਂ, ਨੈਣ ਭਰੇ ਤਾਂ,
ਹਿੰਮ ਤਾਰੇ ਦੇ ਪੰਖੀ।

ਬਿਰਖਾਂ ਦੇ ਮੰਡਲ ਵਿਚ ਬਹਿ ਕੇ
ਕਾਲੀ ਕੋਇਲ ਦਾ ਜੀਣਾ,
ਕਹੀ ਵੈਰਾਗਣ ਸੇਜਲ ਹੋ ਗਈ
ਖੰਡ ਮੰਡਲ ਦੀ ਰੀਣਾ।

WWW.SIKHBOOKCLUB.COM

ਕੋਇਲ ਨੇ ਭਗਤ ਜਗਾਏ, ਦਿਖਣ ਨ
ਨਿਰਮਲ ਜਲ ਜਿਉਂ ਨਜ਼ਰਾਂ,
ਓਸ ਟਿੰਘ ਤੇ ਬਹਿ ਕੇ ਰੋਈਆਂ
ਦੂਰ ਖੰਡਾਂ ਦੀਆਂ ਫ਼ਜਰਾਂ।

ਨੀਂਦ 'ਚ ਭਗਤ, ਨੀਂਦ ਵਿਚ ਪਰੀਆਂ,
ਨੀਂਦ ਭਰੀ ਵਿਚ ਨਾਗਾਂ।
ਪਤਾਲ ਅਸੰਖ ਬਨਸਪਤੀ ਮੌਲੀ
ਖੰਡ ਜਗਾਇਆ ਭਾਗਾਂ।

ਮੇਘ ਸਿਤਾਰੇ ਦੀ ਲਿਟ ਲੰਮੀ
ਕਿਸ ਬਿਜਲੀ ਨੇ ਧੂਹੀ ?
ਸ਼ਿਆਮ ਹੁਸਨ ਨੂੰ ਪਈ ਮੂਰਛਾ
ਇਕ ਪਲ ਹੰਝ ਨਾ ਕੂਈ।

ਅਨੰਤ ਨੂਰ ਦੇ ਪੱਥਰਾਂ ਉਤੇ
ਉਤਰੇ ਹੰਸ ਸੁਹਾਣਾ,
ਕਿਸੇ ਸੁਨਹਿਰੀ ਤਾਰੇ ਦਾ ਇਹ
ਖੰਡਰ ਬਹੁਤ ਪੁਰਾਣਾ।

ਸੁੰਨ ਘਾਮ ਮੰਡਲ ਵਿਚ ਪੌਣਾਂ
ਕਿਉਂ ਨ ਜੁਗਾਂ 'ਚ ਜਲੀਆਂ ?
ਹੌਕੇ ਭਰ ਭਰ ਉਠ ਉਠ ਡਿਗਣਾ
ਰੇਤ ਨ ਦੋਜ਼ਖ਼ ਰਲੀਆਂ।

ਜਗਨ ਨਾਥ ਦੇ ਸੀਸ ਤੇ ਸੋਹੇ
ਰੂਹ ਕੰਮੀਏਂ ਦੀ ਕੰਬੀ,
ਲੋਇ ਲੋਇ ਦੇ ਸਿੰਧ ਨੂੰ ਲਿਪਟੀ
ਜਿਸਦੀ ਨਾਗਣ ਡੰਡੀ।

ਗਿਰੀ ਥੱਰਾਟਾਂ ਦੇ ਵਿਚ ਚਮਕੇ
ਗਜ਼ ਖਿੱਚੇ ਸਾਜ਼ਿੰਦੇ
ਨਾਂਗੇ ਮਹਾਂਬਲੀ ਸਾਮੁੰਦਾਂ
ਬੈਠ ਸਹੇ ਬਿੱਜ-ਬਿੰਗੇ।

ਚਮਕ ਚਰਨ ਦੀ ਕੁਲ ਕੂੰਟਾਂ ਵਿਚ
ਵਿੰਨ੍ਹੀ ਸੂਰਜਾਂ ਜਲਕੇ,
ਅਮਰ ਹੋਏ, ਅੱਥਰੂ ਭਰ ਆਏ,
ਹਰ ਯੋਜਨ ਵਿਚ ਬਲ ਕੇ।


WWW.SIKHBOOKCLUB.COM

ਵਿਰਾਟ ਲਿਲਾਟ ਬੱਜਰ ਦੀ ਤਿਊੜੀ
ਸੁੰਨ ਕੰਦਰਾ ਨੇ ਪਾਈ,
ਚਮਕਾਂ ਬਿਨਸ ਗਈਆਂ ਨਭ ਅੰਦਰ
ਨੀਂਦ ਮੀਤ ਨੂੰ ਆਈ।

ਅਗਮ ਅਗਾਸ ਪਤਾਲੀਂ ਸੌਂ ਗਏ
ਤੁਰ ਪਥਰੀਲੀਆਂ ਵਾਟਾਂ।
ਚਾਨਣ ਜਗਤ ਦਾ ਬੇਹਿੱਸ ਕੀਤਾ
ਪੱਥਰ ਦਿਆਂ ਲਿਲਾਟਾਂ।

ਮਹਾਂ ਅਕਾਰੀ ਦੇਹ ਜੋਗੀ ਦੀ
ਵਿਕਰਾਲ ਗੁਫ਼ਾ ਦੀ ਗੁੱਠੇ,
ਖਿੰਘਰਾਂ ਉੱਤੇ ਪੱਥਰ ਬਣਕੇ
ਸ਼ੇਸ਼ ਨਾਗ ਨੇ ਸੁੱਤੇ।

ਮੀਤ ਅਸਾਡਾ ਸ਼ਾਮ ਓਸਦੀ
ਲੋਇ ਲੋਇ ਘੁੰਮਿ ਆਵੇ।
ਦੇ ਦਿਖਾਲੀ ਸ਼ਾਹ ਕੇਸਾਂ ਦੀ
ਵਣਾਂ ਵਿੱਚੋਂ ਤੁਰ ਜਾਵੇ।

ਜਿੱਤ ਦਾ ਮਾਣ ਗੁਮਾਨ ਨ ਕੀਜੇ।
ਅਭਿਮਾਨ ਨ ਕੀਜੇ ਰਾਈ,
ਪੱਥਰ ਦੇ ਖੰਜਰ ਨੇ ਦੇਣਾ
ਸੂਹਾ ਤੇਜ ਮੁਕਾਈ।...

— — — — — —

ਬਹੁਤ ਪਿਆਸ ਜਗਤ ਨੂੰ ਲੱਗੀ
ਕਿਸ ਧਰ ਚਰਨ ਸੁਆਂਤੀ ?
ਕਾਮਧੇਨ ਦੇ ਦੁੱਧ 'ਚ ਘੁਲ ਗਏ
ਪੁੰਨ, ਪਿਆਰ ਤੇ ਸ਼ਾਂਤੀ।

ਡੀਲ ਅਡੋਲ ਪੱਥਰ ਦੇ ਸਾਹਮੇ
ਰਾਜਨ ਵਾਂਗ ਅਨੰਤੀ,
ਨਿਰਭੈ ਕੰਵਲ ਡੋਲ ਜਦ ਜਾਵੇ
ਪਾਪ ਦੀ ਸ਼ਾਨ ਬੇਅੰਤੀ।


WWW.SIKHBOOKCLUB.COM

ਘੋਰ ਪਤਾਲਾਂ ਦੇ ਵਿਚ ਜੋਗੀ
ਪਰਬਤ ਸੁੰਨ ਸਮਾਧੀ,
ਮੀਤ ਦੇ ਨੈਣਾਂ ਦੇ ਕਾਜਲ ਦੀ
ਧਾਰ ਦੋ ਲੋਚਣ ਜਾਗੀ।

ਦੋਇ ਕਰ ਮੁੰਦ ਸਜਨ ਦੀ ਕਾਂਇਆਂ
ਪਦਮ ਨਿਰਾਲਮ ਹੋਈ।
ਤਿਪ ਤਿਪ ਊਸ਼ਾ-ਰੰਗਾਂ ਦੀ ਥਰਕੀ
ਕਾਂਇਆਂ ਰਹੀ ਨ ਕੋਈ !

ਸਿੱਕ ਮੀਨ ਦੀ ਤਿਪ ਤਿਪ ਭਰਨੀ
ਛੂਹਣੇ ਨੈਂ ਦੇ ਪਾਣੀ,
ਚਿੱਟਾ ਬਾਣਾ ਬਹਿ ਗਏ ਸਾਜਨ
ਪੌਣੀਂ ਅਉਧ ਵਿਹਾਣੀ।

ਵੱਡ ਪਰਤਾਪੀ ਸੰਗ ਮੂਰਤ ਨੂੰ
ਜਲ ਭਰ ਸੀਸ ਨਿਵੰਦਾ,
ਪਿਰ ਦੇ ਹੰਝੂਆਂ ਦੇ ਵਿਚ ਸਿਸਕੇ
ਸਾਰਾ ਜਗਤ ਜਲੰਦਾ।

ਮਹਾਂਬਲੀ ਸੂਰੇ ਦੀ ਛਾਤੀ
ਬਿਖ ਦੇ ਬਾਣ ਚਲਾ ਕੇ,
ਮੋਹਿਆ ਉਸ ਨੂੰ ਨੀਂਦਾਂ ਅੜੀਏ
ਸੁਪਨ 'ਚ ਕੰਵਲ ਜਗਾ ਕੇ।

ਜ਼ਹਿਰ ਦੇ ਬਲਦੇ ਨੈਣਾਂ ਸਾਹਮੇ
ਪੱਤੀ ਇਕ ਇਕ ਵਿਗਸੇ।
ਬਰਸ ਬੀਤ ਜਾਣਗੇ ਸਖੀਏ
ਚੰਨਾਂ ਜਗਣਾ ਹੱਸ ਕੇ।

ਹਿੰਮ ਸ਼ਿਲਾ ਦੇ ਡੂੰਘੇ ਖੂਹੀਂ
ਸੈਣ ਭਿੰਨੀਆਂ ਰੈਣਾਂ,
ਸਾਈਂ ਤੁਰੇ ਅਜ਼ਲ ਦੇ ਦੇਸੋਂ
ਦੇਸ ਨੂਰ ਦੇ ਸੈਣਾ।

ਹਿੰਮ ਆਸਨ ਤੋਂ ਤੁਰਿਆ ਕੋਈ
ਭਿੰਨੀਏ ਰੈਣ ਗਵੰਦਾ,
ਪੈਰੀਂ ਛਾਲੇ ਕੰਦਰਾ ਵੜਿਆ
ਪਿਰ ਦੇ ਕੋਲ ਸੁਹੰਦਾ।


WWW.SIKHBOOKCLUB.COM

ਸੁਪਨੇ ਦੇ ਬੈਕੁੰਠਾਂ ਅੰਦਰ
ਕੋ ਪਦਮ ਵਿਗਸੰਦਾ,
ਬਿਸਮ ਬਿਸਮ ਹੋ ਸਖੀ ਸੁਹੇਲਾ
ਬਿੰਦ ਬਿੰਦ ਨੂਰ ਛੁਹੰਦਾ।

— — — — —

ਤੀਜੇ ਕ੍ਸ਼ਤ ਦਾ ਕਵਨ ਮਹੀਨਾ ?
ਮਨ ਸਿਕਦੇ ਧਰਵਾਸ ਨ ਕੀਨਾ।
ਗਹਿਰ-ਗੰਭੀਰ ਜੋ ਦਾਨਾ ਬੀਨਾ,
ਰੁੱਤਾਂ ਤਿਸ ਸਾਂਈਂ ਦੀ ਗੀਨਾ।
ਤਿਸਦੀ ਲੰਮੀ ਮੂਰਤ ਤਾਂਈ
ਤਰਸਨ ਸੇਜਲ ਹੋਇ ਜ਼ਮੀਨਾਂ।੩।

ਲਾਲ ਗੁਲਾਲ ਪਰਬਤਾਂ ਉੱਤੇ
ਕੌਣ ਵਣਾਂ ਨੂੰ ਰੋਈ ?
ਭਰੇ ਵਣਾਂ 'ਚੋਂ ਕੂੰਜ ਵਿਛੁੰਨੀ
ਦਹਿਦਿਸ ਆਥਣ ਹੋਈ।

ਸੂਹੀਆਂ ਨਦੀਆਂ ਨੇ ਛੱਲ ਮਾਰੀ
ਮਾਹਣੀਆਂ ਅੱਥਰੂ ਕੇਰੇ,
"ਧੀਏ" ਪਰਬਤ ਕਿਹਾ ਨਦੀ ਨੂੰ
"ਫੁੱਲ ਪਿਆਸੇ ਤੇਰੇ।"

ਰੱਤੇ ਖੰਭ ਵਣਾਂ ਦੇ ਪੰਛੀ
ਰੋ ਪਏ ਮੁਲਕ ਬਿਗਾਨੇ,
ਕਾਲ-ਸਾਮੁੰਦਾਂ ਦੀ ਥਾਹ ਔਖੀ
ਹੰਝ ਦੀ ਲਿਸ਼ਕ ਨ ਜਾਣੇ।

ਸਗਲ ਵਣਾਂ ਤੇ ਸੂਰਜ ਛਿਪਿਆ
ਤ੍ਰੇਲ ਦਾ ਆਗਮ ਸੁਣਿਆਂ।
ਭੇਸ ਮਾਤਮੀ ਰੈਣ 'ਚ ਆਵੇ
ਤੈਂ ਵੇਦਨ ਨਿਰਗੁਣਿਆਂ!

ਤ੍ਰੇਲ ਭਰੀ ਪਵਨ ਦੇ ਸਾਗਰ
ਸਖੀਆਂ ਬਹੁਤ ਕਿਹੋਈ।
ਹੋਸ਼ ਗਈ ਜਾਂ, ਲੋਚ ਗਈ ਤਾਂ,
ਪਰੀ ਨੂੰ ਡੋਲ ਪਿਉਈ।


WWW.SIKHBOOKCLUB.COM 

ਚਕਾਚੂੰਧ ਰਾਤ ਦੀ ਦੁਨੀਆ
ਸਹਿਮ ਜਾਣ ਨੈਂ-ਤੋਰਾਂ।
ਤਾਰਿਆਂ ਦੀ ਛਾਂ ਜਲ ਬਲ ਉਮਰਾਂ
ਸੁਣਦੇ ਕੌਣ ਘੰਘੋਰਾਂ ?

ਖ਼ੂਨ ਹੋਏ ਵਣਾਂ ਵਿਚ ਤੱਕੇ
ਠੰਢੜੀ ਦਇਆ ਦੀ ਛਾਂ ਨੇ।
"ਸਿੰਘ ਜੰਗਲ ਦੇ ਨ ਭਰ ਅੱਥਰੂ"
ਅੱਜ ਕਿਹਾ ਕਿਸ ਮਾਂ ਨੇ ?

ਬ੍ਰਹਿਮੰਡਾਂ ਦੇ ਗਿਰੀ ਕੰਬਾ ਕੇ
ਸ਼ੀਹਾਂ ਉਮਰ ਗੁਜ਼ਾਰੀ,
ਤਪਦੇ ਥੰਮ੍ਹਾਂ ਜਿਹੇ ਨੈਣਾਂ ਦੀ
ਤਪਸ਼ ਹਰੇ ਬਨਵਾਰੀ।

ਕਿਹਾ ਬਾਜ਼ ਸ਼ੀਂਹ ਨੂੰ "ਕਿਉਂ ਬੇਲੀ
ਤਪਦੇ ਨੈਣ ਨੂੰ ਪੀਣਾ ?
ਮੈਂ ਹੰਸ ਦੇ ਖ਼ੂਨ ਦਾ ਪਿਆਸਾ
ਤੁਧ ਦਾ ਮਿਰਗ ਤੇ ਜੀਣਾ।"

ਸ਼ੀਂਹ ਕਿਹਾ "ਨਾ ਬਲੀ ਸਮੇਂ ਦਾ
ਮੈਂ ਕੋ ਅੱਥਰ ਭਿਖਾਰੀ—
ਮੈਂ ਜ਼ੋਰਾਵਰ, ਜਿਸ ਤਬਕਾਂ ਦੀ
ਹਵਾ ਗਰਜ ਕੇ ਪਾੜੀ।"

ਨਦੀ-ਤੀਰ ਤੇ ਦੀਵਾ ਚਮਕੇ
ਅੱਧੀ ਰਾਤ ਦੇ ਬੇਲੇ।
ਸ਼ੇਸ਼ ਨਾਗ ਜਿਸਦੀ ਲੋਅ ਲੈ ਕੇ
ਸਾਮੁੰਦਾਂ ਤਕ ਮੇਲ੍ਹੇ।

ਗਰਬ ਗੁਮਾਨ ਰਹੇਗਾ ਉਮਰਾਂ
ਦੂਰ ਖੜਗ ਪਿਆ ਲਿਸ਼ਕੇ।
ਮੇਲ੍ਹ ਰਹੇ ਨਾਗਾਂ ਦੇ ਸਿਰ ਤੇ
ਦੀਨ-ਦੁਖੀ ਰੁੱਤ ਸਿਸਕੇ।

ਮਾਂਝੀ! ਘਾਟ ਏਸ ਕਿਸ ਆਉਣਾ ?
ਨ ਗਾ ਗੀਤ ਪੁਰਾਣਾ,
ਅੱਧੀ ਰਾਤ ਦੇ ਮਾਰੇ ਉੱਤੇ
ਫ਼ਜਰਾਂ ਨੀਰ ਵਹਾਣਾ।


WWW.SIKHBOOKCLUB.COM

ਅੰਮ੍ਰਿਤ ਵੇਲੇ ਕੂਕ ਕੋਇਲ ਦੀ
ਖੰਡਾਂ ਖੰਡਾਂ ਵਿਚ ਜਾਣੀ,
ਮਹਾਂ ਬਿਰਖ ਤੇ ਬਹਿ ਕੇ ਛਾਣੇ
ਤ੍ਰੈਕਾਲਾਂ ਦੇ ਪਾਣੀ।

ਇਹ ਤਕਦੀਰ ਕਹੀ ਮਹਿਕ ਦੀ
ਤ੍ਰੇਲੀਂ ਸਿੰਮ ਸਿੰਮ ਜੀਣਾ।
ਦਰਸ ਫੁੱਲਾਂ ਦਾ ਕੂੰਬਲ ਕੂੰਬਲ
ਰੋ ਰੋ ਨਿਮ ਨਿਮ ਪੀਣਾ।

ਲੰਮੇ ਦੇਸ ਆਉਣ ਵਿਚ ਰੈਣਾਂ,
ਵਣ ਵਣ ਤ੍ਰੇਲ ਜਾਂ ਚੋਈ
ਪੱਤੇ ਜਾਗ ਫ਼ਜਰ ਦੇ ਵੇਲੇ
ਕਰਨ ਲਗੇ ਅਰਜ਼ੋਈ।

— — — — —

ਚੌਥੇ ਖ਼ਤ ਦੀ ਸੁਣੀ ਕਹਾਣੀ,
ਜਿਸ ਦੀ ਰਮਜ਼ ਭਰੀ ਸਭ ਬਾਣੀ।
ਸਖੀਏ ਸਹਿਜ ਅਰਾਧਨਾ ਜਾਣੀਂ
ਅਨਹੱਦ ਨਾਦ ਪਤਾਲੀਂ ਰਮਦਾ
ਤਹਿ ਤੇ ਤੇਜ਼ ਤੂਫਾਨ ਪਛਾਣੀਂ।8।

— — — — —

— — — — —

ਸਾਵਣ ਦੀ ਰੁੱਤ ਜੋਬਨ ਦਰ ਤੇ
ਚਿਣਗਾਂ ਦੀਆਂ ਪੁਕਾਰਾਂ।
ਬਨ-ਬ੍ਰਿਛਾਂ ਤੇ ਜਲ ਜਲ ਪਈਆਂ
ਪਾਰੇ ਦੀਆਂ ਕਟਾਰਾਂ।

ਕੂਕੇ ਲਗਰਾਂ ਦੇ ਮਨ ਪਿਆਸੇ
ਕਣੀਆਂ ਖੰਜਰ ਮਾਰੀ,
ਦਰਸ ਦਿਓ ਸਖੀਆਂ ਨੂੰ ਆ ਕੇ
ਪੰਕਜ ਮੀਰ ਮੁਰਾਰੀ।

ਜ਼ਾਲਿਮ ਮਣੀਆਂ ਦੇ ਹੜ ਝੂਲਣ
ਸਿਖਰ ਅਡੋਲ ਸਿਤਾਰਾ।
ਨਾਗ-ਨ੍ਰਿਤ ਮੇਦਨੀ ਜਾਪੇ
ਅੰਧ ਵਿਚ ਕਹਿਰ-ਪਸਾਰਾ।


WWW.SIKHBOOKCLUB.COM

ਭੰਨ ਸ਼ਮਸ਼ੀਰਾਂ ਵੇਗ ਚੀਰਦਾ
ਤਕਦੀਰਾਂ ਅਭਿਮਾਨੀ,
ਤੋੜ ਸ੍ਰਿਸ਼ਟੀ ਦੀ ਕਾਇਆਂ ਨੂੰ
ਕਲਕੀ ਹੋਏ ਨੂਰਾਨੀ।

ਦੁਸ਼ਟ ਦਮਨ ਸ਼ਮਸ਼ੀਰ ਦੇ ਵਾਲੀ
ਸ੍ਵੇਤ ਅਸ਼ਵ, ਬਿੱਜ ਕਹਿਰੀ,
ਜਦ ਆਏ ਤਾਂ ਵਿਸੁ-ਪਾਪ ਦੀ
ਕਾਲੀ ਨਦੀ ਸੁਨਹਿਰੀ।

ਨੱਚੇ ਸ਼ੇਸ਼ ਨਾਗ ਅੰਧ ਗਗਨੀਂ
ਵਿਸ ਦੇ ਚਮਕਣ ਮਣਕੇ
ਕਾਲੀ ਜੀਭ ਫਿਰੀ ਸਾਮੁੰਦੀਂ,
ਫਣ ਤੇ ਤਾਰੇ ਦਮਕੇ।

ਪਰਬਤ ਤੋੜ ਭਸਮ ਕਰ ਨਦੀਆਂ
ਭੰਨ ਸ੍ਰਿਸ਼ਟਿ ਦਾ ਦੁਆਰਾ,
ਤਿੱਖਾ ਨੂਰ ਵਣਾਂ ਨੂੰ ਚੀਰੇ
ਚਮਕੇ ਜਨਮ ਕੁਆਰਾ।

ਨਵੇਂ ਜਨਮ ਦੇ ਪਰਬਤਾਂ ਵਿੱਚੋਂ
ਅਜਬ ਚਾਨਣਾ ਹੋਇਆ।
ਲਈ ਬਲੀ ਗਜਰਾਜਾਂ ਦੀ ਆ,
ਨਾਮ ਪਾਪ ਦਾ ਧੋਇਆ।

ਜਦ ਅਪਰਾਧਣ ਅੰਮ੍ਰਿਤ ਧਾਰਾ
ਹੋ ਕੰਵਲਾਂ 'ਚੋਂ ਉੱਗੀ,
ਦੌੜੇ ਮਹਾਂ ਅਗਨ ਚੋਂ ਪਾਣੀ
ਸਹਿਜ ਦੀ ਉਮਰਾ ਪੁੱਗੀ।

ਸਾਵਣ ਦੀ ਰੁੱਤ ਜੋਬਨ ਦਰ ਤੇ
ਚਿਣਗਾਂ ਦੀਆਂ ਪੁਕਾਰਾਂ।
ਕੰਜਕ ਸਹਿਜ ਰੂਪ ਹੋ ਆਈਆਂ
ਤਬ ਜਲ ਮੇ ਸਰਕਾਰਾਂ।

ਅਦਿੱਸ ਰਾਜ ਪਰਬਤਾਂ ਉੱਤੋਂ
ਖਾਇ ਠੋਕਰਾਂ ਪਾਣੀ,
ਡੀਲ ਅਡੋਲ ਕਾਮਨੀ ਪਰਸਣ
ਥਰਕਣ ਹੋਇ ਨੂਰਾਨੀ।


WWW.SIKHBOOKCLUB.COM

ਅਮਰ ਕੁੰਟ ਵਿਚ ਪਰਸੇ ਜਿਹਨਾਂ
ਡੁਲਦੇ ਕੇਸ ਸ਼ਾਹਾਨੇ,
ਅਮਰ ਰਿਤੂ ਵਿਚ ਅਮਰ ਵੇਗ ਹੋ
ਤਾਰੇ ਹੋਇ ਬਿਗਾਨੇ।

ਮਸਤਕ ਹਿੰਮ ਗੰਭੀਰ ਸੁਹਾਣਾ
ਜਗਮਗ ਪਰਸਣ ਮਣੀਆਂ,
ਕੰਵਲ ਅਡੋਲ ਪਗਾਂ ਤੇ ਡਿੱਗਣ
ਬਲਿਹਾਰੀ ਹੋ ਕਣੀਆਂ।

ਅਸਾਂ ਕਿਹਾ ਜਾਂ "ਸੂਰਜ ਮਾਂ ਕਿਉਂ
ਕਣੀ ਤੇਰੇ ਦਰ ਦਾਮਨਿ ?"
ਸ਼ਮਨ ਨਦਰ ਦੇ ਰੰਗ ਦੋਜ਼ਖ਼ੀਂ
ਡੋਲ੍ਹ ਕੇ ਲਗੀ ਸੁਨਾਵਣ :

"ਬੂੰਦ ਰਵੀ ਦੋ ਸਖੀ ਸੁਹੇਲਾ
ਸਿਮਰਣ, ਅਗਨ-ਜੁਆਨੀ।
ਜਨਮ ਜਨਮ ਸੂਰਜ ਜਾਂ ਤਪਦੇ
ਜਲ ਹੋ ਜਾਣ ਨੂਰਾਨੀ।"

"ਸੱਤ ਜਹਾਨਾਂ ਦੇ ਵਿਚ ਪਾਣੀ
ਕਹਿਰ!" ਕਿਹਾ ਗਜਰਾਜਾਂ,
"ਇੱਕੋ ਕੰਵਲ ਰਹੇਗਾ ਬਾਕੀ"
ਸੁੰਨ 'ਚੋਂ ਆਉਣ ਅਵਾਜ਼ਾਂ।

ਤਿੱਖੀ ਧਾਰ ਫੁੱਲਾਂ ਤੇ ਡਿਗਦੀ
ਬੋਲੀ ਦਇਆ ਜਗਾ ਕੇ,
ਦਾਮਨਿ ਤਪੇ ਸਹਿਜ ਮੁਸਕਾਵੇ
ਗੰਭੀਰ ਰੂਪ ਸ਼ਰਮਾ ਕੇ।

"ਕਿਸੇ ਸੁਭਾਗੀ ਸੰਧਿਆ ਵੇਲੇ
ਚਾਨਣ ਲੈ ਅਣਜਾਣਾ,
ਗਰਬ ਗੁਮਾਨੀ ਮੇਘਾਂ ਦੇ ਘਰ
ਮਹਿਕਾਂ ਪੰਧ ਮੁਕਾਣਾ।"...

ਛਮ ਛਮ 'ਤੇ ਕੋਈ ਸਹਿਮ ਪਸਰਿਆ
ਥੰਮ੍ਹ ਗਈਆਂ ਸ਼ਮਸ਼ੀਰਾਂ।
ਝਿੰਮ ਝਿੰਮ ਘਸਮਾਨਾਂ ਵਿਚ ਹੋਈ
ਸਰ ਸਰ ਕਰਨ ਸਮੀਰਾਂ।


WWW.SIKHBOOKCLUB.COM

ਅਨਹਦ ਰਾਗ ਬਣੀ ਵਣ-ਕਾਇਆਂ
ਅਟੰਕ ਵੈਰਾਗਣ ਆਈ,
ਆਬ ਗਗਨ ਦੀ ਰਹੀ ਦੂਧੀਆ
ਝਿੰਮ ਝਿੰਮ ਪੰਖ ਹਿਲਾਈ।

— — — — —

ਨਾਗਨ ਕਹੇ "ਕਿਉਂ ? ਅੱਜ ਪਿਰ ਜੀ
ਰੰਗ ਸ਼ਾਂਤ ਤਿਸ਼ਨ ਦਾ,
ਵਿਸੁ ਦੇ ਸ਼ਿਆਮ ਅੰਬਰ ਵਿਚ ਮੀਤਾ
ਨਾਦ ਅਸੰਖ ਰਿਸ਼ਮ ਦਾ।"

ਭਿੰਨੀ ਰੈਣੜੀ ਰੰਗ ਅਜੇ ਨ
ਕਰੇ ਸੁਖਨ ਸੰਗ ਨਾਗਨ :
"ਜਦ ਨੈਂ ਜਲੀ ਵਣਾਂ ਦੇ ਦੁਆਰੇ
ਤਦ ਵੀ ਰੰਗ ਸੀ ਰਾਗਨ।

"ਹੇ ਨਾਗਨ ! ਹਰ ਵਿਸ ਸੂਕਦੀ
ਉਸ ਸੰਗਮ ਤੇ ਜਾਣਾ
ਜਿੱਥੇ ਸੋਨ ਅੰਮ੍ਰਿਤਾਂ ਆ ਕੇ
ਤਰਸ-ਨਿਧਾਨ ਹੋ ਜਾਣਾ।

"ਜਿਥੇ ਗਗਨ ਖੁਲ੍ਹਣਗੇ ਰੋ ਕੇ
ਪਾਪ ਤਰਸ ਵਿਚ ਪਿਆਸੇ
ਵਸਣ ਜਨੂੰ ਦੇ ਤਪਦੇ ਸਿਰ ਤੇ
ਛਾਂ ਬਣ ਬ੍ਰਿਛ ਹੁਲਾਸੇ।

"ਉਥੇ ਪਿਆਰੀ ਸ਼ਾਂਤ ਹੋ ਜਾਣਾ
ਵਿਸੁ ਦਾ ਕਹਿਰ ਗੁਰੀਲਾ,
ਰਾਗ ਦੀ ਕੁਲ ਕੁਲ ਦੇ ਵਿਚ ਸਿਮਣਾ
ਹਰ ਪੱਥਰ ਸ਼ੋਰੀਲਾ॥"

ਰਿਸ਼ਮ ਰਿਸ਼ਮ ਨੇ ਸੁਣੀ ਅਭੇਦ ਹੋ
ਸੁਹਲ ਸਖੀ ਦੀ ਬਾਣੀ
ਦੀਰਘ ਧਿਆਨ ਰਵਾਨ ਨੈਂ ਕੰਚਨ
ਸੰਝ-ਸਰੋਦ 'ਚ ਜਾਣੀ।

— — — — —
— — — — —
— — — — —


WWW.SIKHBOOKCLUB.COM

ਪਤਲੀ ਸਖੀ ਜਲਾਂ ਦੀ ਕੰਪਨ
ਰਮਜ਼ ਸੰਵਾਂ ਦੀ ਜਾਣੀ
ਜਾਂ ਪਰਬਤ ਦੇ ਮਸਤਕ ਜਾਗੀ
ਪ੍ਰਾਚੀਨ ਕੋਈ ਬਾਣੀ।

ਮਹਿਕ ਅਭੰਗ ਲਤਾ ਉਹ ਜਾਣੀ
ਵੇਦਨ ਸੰਵ ਸਮਾਇਆਂ
ਨੀਂਦ ਤਰੰਗ ਭਰੀ ਸੀ ਕੇਸਾਂ
ਨੂਰ-ਆਨੰਦ ਸੀ ਕਾਇਆਂ।

— — — — —

ਸਖੀ ਅੰਮ੍ਰਿਤਾਂ ਦੀ ਡਲ੍ਹਕਣ ਤੇ
ਧਿਆਨ-ਸੰਗੀਤ ਸੀ ਆਪੇ,
ਰਾਜ ਆਨੰਦ, ਕਰੁਣਾ ਦਾ ਚਾਨਣ,
ਇਉਂ ਸੰਧਿਆ ਘਰ ਜਾਪੇ।

ਜੋ ਆਵੇਸ਼ ਨੀਰਜ ਤੇ ਛਾਇਆ
ਜੋ ਚਾਨਣ ਧੁਰ ਪਾਣੀ,
ਉਸ ਸਖੀ ਨੇ ਅਨਹੱਦ ਘਰ ਵਿਚ
ਅਗਨੀ-ਰਿਤੂ ਪਛਾਣੀ।

ਵਣ ਦੀਆਂ ਰਗਾਂ 'ਚ ਚਿਲਕ ਰਿਹਾ ਸੀ
ਬਾਜ਼ ਉਡੰਦਾ ਕੋਈ
ਅਮਰ ਸੰਵਾਂ ਵਿਚ ਅੱਗ ਹੰਝੂਆਂ ਦੀ
ਲੱਖ ਸ਼ਮਸ਼ੀਰਾਂ ਹੋਈ।

— — — — —
— — — — —
— — — — —

— — — — —
— — — — —
— — — — —

ਸਿੱਧ ਅੰਮ੍ਰਿਤਾਂ ਦਾ ਉਹ ਕਾਇਆਂ
ਅੱਪਣਾ ਨੂਰ ਬਣਾਏ,
ਉਸ ਦੇ ਚਰਨ ਕਮਲ ਨੂੰ ਛੂਹ ਕੇ
ਸਭ ਸੁਪਨਾ ਹੋ ਜਾਏ।

— — — — —
— — — — —

ਬੱਜਰ ਭੁਜਾ ਤੋਂ ਤੋੜ ਬਿਜਲੀਆਂ
ਸੀਸ ਤੋਂ ਫੂਲ ਨਿਆਰੇ,
ਵਣ ਅਭਿਮਾਨੀ ਦੀਵਾ ਲੈ ਕੇ
ਆਇਆ ਸਖੀ ਦੁਆਰੇ।

— — — — —

ਵਣ ਜੋਗੀ ਦੇ ਸੀਸ ਸਮਾਇਆ
ਸਿੰਧ-ਪੰਖਣੂ-ਰਾਗਾ,
ਤਾਨ ਸਮੇਟ ਗਗਨ ਦੀ ਜੇਤੂ
ਮੂਕ ਮੂਕ ਅਨੁਰਾਗਾ।

ਹਮ ਅਭੇਦ ਸਾਗਰ ਇਕ ਜੋਨੀ
ਦ੍ਵੈਤ ਮੇ ਪਿਰ ਕੀ ਵਿੱਥਿਆ ਰੋਨੀ
ਕੋਊ ਜਨਮ ਕੰਦਰਾ ਨਿਆਂ-ਧਾਮਾਂ
ਪ੍ਰਿਥਮੇ ਪਿਰੁ ਕਾ ਛਿਪਨ-ਠਿਕਾਣਾ

ਠਹਿਰ ਸਖੀ, ਭੁਲਿ ਪਰਮ ਗਿਆਨਾ
ਹਮ ਬਿਛੋਹ ਮੇ ਮਰਗ ਕੋ ਜਾਨਾ
ਹਮ ਫਿਰ ਕਹੀ ਵਿਵਾਦ ਕੀ ਬਾਨੀ
ਕਠਿਨ ਬਾਤ ਹੀ ਪਰੀ ਸੁਨਾਨੀ।

ਰੁੱਤ ਸਾਵਣ ਦੀ ਪੌਣਾਂ ਭਰੀਆਂ
ਕਣੀ ਕਣੀ ਜਿੰਦ ਝੀਣੀ,
ਨੂਰੀ ਰਾਤ ਜੋ ਮੌਤ ਜਲਾਂ ਤੇ
ਚਮਕਿ ਬਿਜਲੀਆਂ ਪੀਣੀ।

ਜੇ ਮੌਤ ਦੀ ਸਾਬਰ ਧਰ ਤੇ
ਪਾਪ ਨਦਰ ਲਈ ਰੋਏ,
ਮੋਘਲਿਆਂ ਵੀ ਕਰਨੀ ਭਰਨੀ
ਤਰਸ ਬੰਬੀਹੇ ਮੋਏ।

ਮੌਤ ਦਾ ਸਬਰ, ਅੱਥਰ ਦਾ ਪਾਣੀ,
ਜੀਵਨ ਵਲ ਨ ਜਾਏ।
ਤਿਤ ਵਲ ਲੰਘ ਪ੍ਰਭਾਤਾਂ ਜੀਵਨ
ਵਾਂਗ ਸਮੀਰਾਂ ਆਏ।

— — — — —


WWW.SIKHBOOKCLUB.COM

ਡੂੰਘੀ ਸੁੰਨ ਮੌਤ ਦੀ ਉੱਤੇ
ਨੈਣ ਗੁਨਾਹ ਦੇ ਭਾਰੀ,
ਮਾਵਾਂ ਵਾਂਗੂੰ ਭਿੱਜ ਸੂਰਜ ਦੇ
ਛਿਪ ਗਏ ਨੈਣ ਨੀਲਾਰੀ।

ਤਿੱਪ ਨੀਰ ਦੀ, ਤਿੱਪ ਚਾਨਣ ਦੀ
ਕਿਉਂ ਸਰਾਪ ਤੇ ਡੁੱਲ੍ਹੇ ?
ਕਿਸੇ ਹਰੀ ਕੁੰਟ ਦੇ ਉਹਲਿਉਂ
ਭੇਦ ਮਾਹੀ ਦਾ ਖੁੱਲ੍ਹੇ।

— — — — —
— — — — —
— — — — —
— — — — —

ਸੁੰਨ ਮੌਤ ਦੇ ਤਪਦੇ ਆਂਗਣ
ਅੰਮ੍ਰਿਤ ਵੇਲਾ ਹੋਇਆ,
ਉਠੀ ਪੁਕਾਰ ਧੁਵਾਂ ਤਕ ਜਾਣੀ
ਨਰਕ ਸੁਰਗ ਤਕ ਰੋਇਆ।

ਜ਼ਾਲਿਮ ਡੰਗ ਸੁੰਨ ਦਾ ਖਾ ਕੇ
ਰਾਤ ਸਰਾਪਾਂ ਵਾਲੀ,
ਅਹਿੱਲ ਪੱਥਰ ਜਿਉਂ ਯੁਗਾਂ ਜਾਂ ਤਪਦੀ
ਆਉਣ ਬੂੰਦ ਦੇ ਸੁਆਲੀ।

ਖਾਰੇ ਮੌਤ-ਜਲਾਂ ਨੂੰ ਝੂਣੇ
ਉਸ ਦੀ ਤਾਨ ਇਲਾਹੀ।
ਹਰੀ ਕੁੰਟ 'ਚੋਂ ਭਰ ਭਰ ਕਾਸੇ
ਆਉਣ ਸੁਆਲੀ ਰਾਹੀ।

ਛੱਲ ਵਿਚ ਸਲ੍ਹ ਗਗਨ ਦੇ ਪੈਂਦੇ
ਲਗਰਾਂ ਕੋਲ ਬਉਰਾਨੀ,
ਪਰਤ ਪ੍ਰਾਣ ਆਇ ਘਰ ਸਖੀਏ
ਪਰ ਜਿੰਦ ਰਹੇ ਹੈਰਾਨੀ।

ਸਾਵਣ ਦੀ ਰੁੱਤ ਪੌਣਾਂ ਭਰੀਆਂ
ਪਿਰੁ ਅਤੀਤ ਰੰਗ ਹੋਇਆ।
ਜਗਮਗ ਦੂਰ ਗਗਨ ਤੇ ਕਰਦਾ
ਰੁੱਤ ਵਿਚ ਚਰਨ ਡਬੋਇਆ।

— — — — —

WWW.SIKHBOOKCLUB.COM

ਹੋਇ ਨਸੀਮ ਰੰਗ ਪ੍ਰਭਾਤੀ
ਪਿਰੁ ਦੇ ਨੈਣ ਜਗਾਂਦੇ।
ਇਕ ਇਕ ਬੂੰਦ ਫੁੱਲਾਂ ਤੋਂ ਲੈ ਕੇ
ਚਰਨਾਂ ਉੱਤੇ ਵਸਾਂਦੇ।

ਸੰਗਮ ਨਦੀ ਨਦੀ ਦੇ ਲੱਖਾਂ
ਕੁਟੀ ਕੁਟੀ ਜਿੰਦ ਥੀਵੇ।
ਕੰਦਰਾਂ ਵਾਲਾ ਸਿਮਰਿ ਜਗਾਏ
ਜਲ-ਧਾਰਾਂ ਨੇ ਦੀਵੇ।

ਸੰਖਾਂ ਵਾਲੀ ਸੰਞ-ਘਾਟ ਤੇ
ਨਾਦ ਅਨੰਤ ਵਜਾਵੇ।
ਕੁਟੀ ਕੁਟੀ ਵਿਚ ਤਾਰਾ ਜਗਦਾ
ਦੇਸ ਅਕਾਲ ਸੁਹਾਵੇ।

ਸੰਵਾਂ ਦੇ ਵਿਚ ਕੂੰਜਾਂ ਉੱਡਣ!
ਇਹ ਵਿਗਾਸ ਦਾ ਵੇਲਾ
ਅੱਥਰੂ ਕੁਲ ਆਗਾਸੀਂ ਦਮਕੇ
ਤਿਮਰ-ਹੁਲਾਸ ਨਵੇਲਾ।

ਵੱਡੀ ਰਾਤ ਹੋਈ ਹੇ ਨੈਣੋਂ
ਸੌਂਈਏ ਸਮਾਂ ਸੁਹੇਲਾ...
ਸਿਮਰਣ ਮਧੁਰ ਸਮੀਰਾਂ ਦਾ ਜੀ
ਇਹ ਅਨੰਦ ਦੀ ਖੇਲਾ...

ਮਹਾਂ ਅਨੰਦ ਤੋਂ ਸਿਮਰਣ ਦੀ ਜਦ
ਅਉਧ ਬੀਤ ਹੈ ਜਾਂਦੀ,
ਤਦ ਇਕ ਪੌਣ ਜੋ ਸਖੀ ਰਹੀ ਸੀ
ਕੋ ਵਿਸੁ-ਜੀਭ ਛੁਹਾਂਦੀ।

ਫਿਰ ਜਨੂੰਨ ਦਾ ਭਖੇ ਅੰਗਾਰਾ
ਜਿੰਦ ਮੌਤ ਨੂੰ ਸੇਵੇ,
ਤਿੱਪ ਨੀਰ ਤੋਂ ਪਰਬਤ ਤੱਕ ਨੂੰ
ਓਟ ਨ ਜੋਬਨ ਦੇਵੇ।

— — — — —

WWW.SIKHBOOKCLUB.COM

ਕਦੇ ਸੋਗ ਦਾ ਤੀਰ ਡੂੰਘੇਰਾ,
ਕਦੇ ਵੇਦਨਾ ਭਾਰੀ
ਹੋ ਕੇ ਅੰਮ੍ਰਿਤ-ਨਦੀਆ ਛਹਿੰਦੀ
ਵਿਸੁ ਸਾਗਰ ਵਿਚ ਸਾਰੀ।

ਅਰਸ਼ ਦੇ ਪਾਰੋਂ ਹੂੰਗਰ ਮਾਰੀ
ਰਾਖ ਬਣੇ ਕੁਕਨੂਸਾਂ।
ਕਾਲੀ ਧਰਤ ਗੁਨਾਹਾਂ ਮਾਰੀ
ਜਰਿ ਮੋਇਆ ਦੀਆਂ ਕੂਕਾਂ...

ਇਕ ਹੱਥ ਪਰਬਤ, ਇਕ ਹੱਥ ਫੜਦੀਆਂ
ਬੱਜਰ ਧਾਤ ਸਰਕਾਰਾਂ।
ਲੋਅ ਦੀ ਨਦੀ ਪੰਜੇ ਚੋਂ ਫੁਟਦੀ
ਕੇਸਾਂ 'ਚੋਂ ਜਲਧਾਰਾਂ।

ਨੈਣ ਦੀ ਜੋਤ, ਹਿਜਰ ਦਾ ਦਾਰੂ
ਦੀਨ ਦੁਖੀ ਨੂੰ ਮਿਲਿਆ।
ਬਾਗ਼ ਹਰੇ ਮਾਵਾਂ ਦੇ ਹੋ ਗਏ
ਜੋਗੀ ਦੇਸ ਨ ਹਿੱਲਿਆ।

ਅਗਨੀ ਠਾਰ ਜੋ ਥਲਾਂ ਨੂੰ ਮਾਰੇ
ਬਾਲ ਮੌਤ-ਘਰਿ ਤਾਰਾ,
ਲੱਜਿਆ ਦਾ ਅੱਥਰੂ ਦੇ ਸਭ ਨੂੰ
ਛੋਡ ਜਾਏ ਸੰਸਾਰਾ।

ਉਹ ਨ ਦਿਸਦਾ ਤੇਜ ਓਸਦਾ
ਵਾਂਗ ਉਕਾਬਾਂ ਆਵੇ,
ਖੋਹ ਸੂਹਾ ਫੁੱਲ ਪਾਤਸ਼ਾਹਾਂ ਤੋਂ
ਰੰਕ ਦੇ ਦੁਆਰੇ ਜਾਵੇ।

— — — — —
— — — — —

"ਤੈਂ ਸੰਜੀਵਨੀ ਬੂਟੀ ਦਿੱਤੀ
ਜ਼ਖ਼ਮ ਨ ਮੋੜੇ ਤਨ ਨੇ।
ਤੈਂ ਛਿਪਨਾ ਬਸ ਗਰਬ ਜਗਾਵੇ"
ਕਿਹਾ ਰੋਸ ਵਿਚ ਮਨ ਨੇ।


WWW.SIKHBOOKCLUB.COM Page 123

ਮੌਤ ਤੇ ਅੰਮ੍ਰਿਤ ਦੋਵੇਂ ਪੀਤੇ
ਬਹੁੰ ਜਨਮਾਂ ਦੇ ਤਨ ਨੇ;
ਸੁਚੇਤ ਅਚੇਤਨ, ਫਿਰ ਮਾਰੂਥਲ,
ਲਗਰ ਪ੍ਰਾਣ ਦੀ ਜਨਮੇ।

— — — — —

"ਤੈਂ ਤੇ ਰੋਸ ਸਜਨ ਇਕ ਮੈਨੂੰ"
ਫੇਰ ਕਿਹਾ ਮਰਿ ਮਨ ਨੇ
"ਤੈਂ ਛਿਪ ਨੂਰੀ ਨੈਣ ਛੁਹਾਏ
ਅਗਨੀ ਜਾਣੇ ਤਨ ਨੇ।"

— — — — —

ਸ਼ੇਰਾਂ ਦੇ ਪੰਜਿਆਂ ਨਾ' ਰੁਲਿਆ
ਪੱਥਰਾਂ ਤੇ ਇਕ ਸਾਇਆ,
ਕਿਹੜੀਆਂ ਨਦੀਆਂ ਲੈ ਗਈਆਂ ਨੇ
ਫੁੱਲ ਜਿਉਂ ਜਲ ਕੁਮਲਾਇਆ ?

ਹਰਫ਼ ਪਾਉਂਦਿਆਂ ਸੁੰਵੇ ਆਂਗਣ
ਆਈਆਂ ਛੂਹਣ ਤਰੰਗਾਂ,
ਜਿਹਨਾਂ ਦੇ ਪੈਰਾਂ ਵਿਚ ਰੁਲ ਕੇ
ਜਨਮ ਲਏ ਕਈ ਅੰਗਾਂ।

ਭਖਦੇ ਮਾਸ ਦੀਆਂ ਉਹ ਛੋਹਾਂ
ਗੰਧ ਫ਼ਿਜ਼ਾ ਦੀ ਤੱਤੀ,
ਕਿਹੜੇ ਦੇਸੀਂ ਚਲੀਆਂ ਗਈਆਂ
ਪਿੰਜਰ ਕਰਕੇ ਵੱਖੀ।

ਓਸ ਮਾਸ ਵਿਚ ਜਗ ਦਾ ਚਾਨਣ
ਸੂਰਜਾਂ ਵਿੱਚੋਂ ਰਲਦਾ,
ਓਸ ਮਾਸ ਦਾ ਲੂੰਬਾ ਅੱਜ ਤੱਕ
ਬਾਹਾਂ ਦੇ ਵਿਚ ਬਲਦਾ।

ਹੰਝ ਸ਼ੁਦੈਣਾਂ ਦੀ ਪਏ ਡੰਗਦੇ
ਭਖ ਸਾਹ ਵਿਚ ਜਨੂੰਨਾਂ।
ਸੀ ਪੈਰਾਂ ਵਿਚ ਰੋਲ ਦਿੱਤੀਆਂ
ਫੜ ਫੜ ਹੰਝ ਮਾਸੂਮਾਂ।


WWW.SIKHBOOKCLUB.COM

ਨਵੇਂ ਜਨਮ ਦੀ ਸੋਨ ਚੁੰਨਰੀਆ,
ਨੂੰ ਇਹ ਅਗਨ ਕੰਬਾਇਆ।
ਨਵੇਂ ਨਵੇਂ ਇਕ ਨਗਨ ਜਹੇ ਬੁੱਤ
ਨੈਣਾਂ ਨੂੰ ਚੁੰਧਿਆਇਆ।

ਸਬਰਾਂ ਸਾਹਮੇ ਹੁਣ ਕਿਉਂ ਛਿਪਦੀ
ਚਮਕ ਸੂਰ ਨਗਨ ਦੀ ?
ਕਾਇਆਂ ਚੀਰ ਖੰਡਾਂ ਦੀ ਉਸਨੇ
ਵਾਹੀ ਤੇਗ ਅਗਨ ਦੀ।

ਓਸ ਤੇਗ ਦਾ ਵਾਰ ਜਾਨ ਤੇ
ਕਿਉਂ ਫ਼ਿਜ਼ਾ ਵਿਚ ਰੁਕਿਆ ?
ਕਿਉਂ ਉਹ ਕਾਇਰ ਨਜ਼ਾਰੇ ਵਾਲਾ
ਕੰਦਰਾਵਾਂ ਵਿਚ ਲੁਕਿਆ ?

ਓਸ ਕਹਿਰ ਦਾ ਜ਼ੋਰ ਨ ਸਾਥੋਂ
ਕਲਮਾਂ ਵਿਚ ਸਮਾਇਆ
ਉਸ ਦੀਆਂ ਛੋਹਾਂ ਮੁੜ ਮੁੜ ਆਵਣ
ਉਹ ਤਾਂ ਕਦੇ ਨਾ ਆਇਆ।

•

(1962 ਈ: ਵਿਚ ਲਿਖੀ ਲੰਮੀ ਕਵਿਤਾ ਦਾ ਕੁਝ ਹਿੱਸਾ)

(ਇਤਿ)



WWW.SIKHBOOKCLUB.COM



3

# ਪਿਆਰੇ ਦਾ ਦੇਸ

ਚਿੜੀਆਂ ਵੋ ਬਾਰ ਨੀਆਂ
ਰੱਜ ਕੇ ਨ ਵੇਖੀਆਂ ਵੋ
ਅੱਖੀਂ ਸਾਂਵਲ ਯਾਰ ਨੀਆਂ।

*(ਨੈਂ ਝਨਾਂ)*

ਬੜੇ ਪੁਰ-ਦਰਦ ਨੇ ਕਿੱਸੇ ਦਿਲਾਂ ਦੇ
ਬੜੀ ਪੁਰ-ਸੋਜ਼ ਏ ਰੂ-ਦਾਦ ਘਰ ਦੀ।

ਲਿਖੀ ਵੇਲੇ ਨੇ-ਲਹੂਆਂ ਨਾਲ ਜਿਹੜੀ
ਕਹਾਣੀ ਏ ਕਿਸੇ ਬਰਬਾਦ ਘਰ ਦੀ।

ਅਜੇ ਵਸਨੀਕ ਤੇ ਸੁੱਤੇ ਨੇ ਘਰ ਦੇ
ਅਜੇ ਤੇ ਬੇਅਸਰ ਫਰਿਆਦ ਘਰ ਦੀ।

ਮਿਲੇ ਸੀ ਬੇ-ਹਿਸਾਬੇ ਦਰਦ ਓਦੋਂ
ਜਦੋਂ ਰੱਖੀ ਗਈ ਬੁਨਿਆਦ ਘਰ ਦੀ।

*(ਅਕਰਾਮ ਮਜੀਦ, ਲਾਇਲਪੁਰ—"ਤਨੇ ਦਾ ਰੋਗ")*

# ਸਮਰਪਣ

ਲੰਘ ਚੁੱਕੇ ਸੋਹਣੇ ਸਮਿਆਂ
ਦੇ
ਕਿਸੇ ਭੇਦ-ਭਰੇ ਹੌਕੇ ਦੀ ਯਾਦ
ਵਿਚ,
ਪਿਆਰੇ ਯਾਰ ਅਬਦੁਲ ਗ਼ਫ਼ੂਰ ਕੁਰੈਸ਼ੀ
(ਪਾਕਿਸਤਾਨ) ਦੇ ਨਾਂ.....

# ਪਿਆਰੇ ਦਾ ਦੇਸ : ਸਦੀਵੀ ਵਰਦਾਨ

ਇਹ ਕਾਵਿ-ਸੰਗ੍ਰਹਿ 1965-66 ਵਿਚ ਇਕ ਸਾਲ ਤੋਂ ਕੁਝ ਵਧ ਸਮੇਂ ਵਿਚ ਲਿਖਿਆ ਗਿਆ, ਭਾਵੇਂ 1955 ਵਿਚ ਲਿਖੀਆਂ ਦੋ ਕਵਿਤਾਵਾਂ ਵੀ ਇਸ ਵਿਚ ਬਤੌਰ ਨਿਸ਼ਾਨੀ ਸ਼ਾਮਿਲ ਕੀਤੀਆਂ ਹਨ। ਉਦੋਂ ਪ੍ਰੋ: ਪ੍ਰੀਤਮ ਸਿੰਘ ਦੀ ਕੋਠੀ ਦੇ ਸਾਹਮਣੇ ਵਾਲਾ ਘਰ ਛੱਡ ਕੇ ਮੇਰੇ ਬਹੁਤੇ ਦੋਸਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹੋਸਟਲ ਨੰਬਰ ਤਿੰਨ ਵਿਚ ਜਾ ਠਹਿਰੇ ਸਨ। ਇਸ ਸੰਗ੍ਰਹਿ ਦੀਆਂ ਬਹੁਤੀਆਂ ਨਜ਼ਮਾਂ ਮੈਂ ਚਾਹ ਦੇ ਸਮੇਂ ਭੈਣ ਦਲੀਪ ਕੌਰ ਟਿਵਾਣਾ ਦੀ ਹਾਜ਼ਰੀ ਵਿਚ ਆਪਣੇ ਦੋਸਤਾਂ ਨੂੰ ਉਥੇ ਸੁਣਾਈਆਂ ਸਨ।

ਉਹਨਾਂ ਦਿਨਾਂ ਵਿਚ ਮੈਂ ਯੋਗ ਅਤੇ ਤਸੱਵੁਫ ਦੇ ਅਨੁਭਵਾਂ ਥਾਣੀ ਗੁਜ਼ਰ ਰਿਹਾ ਸਾਂ। ਪੰਜਾਬ ਦੇ ਅਤੀਤ ਅਤੇ ਵਰਤਮਾਨ ਦੇ ਵੇਖੇ ਅਤੇ ਅਣਵੇਖੇ ਪਾਤਰ, ਨਜ਼ਾਰੇ, ਪਸ਼ੂ, ਪੰਛੀ ਅਤੇ ਸ਼ਹਿਰ ਮੇਰੇ ਬ੍ਰਿਹਾ ਅਤੇ ਵਜਦ ਵਿਚ ਅਕਸਰ ਇਕੱਠੇ ਹੁੰਦੇ ਸਨ। ਪਟਿਆਲੇ ਤੋਂ ਪੰਜਾ ਸਾਹਿਬ, ਅਤੇ ਸਿਆਲਕੋਟ ਤੋਂ ਮੁਲਤਾਨ ਤਕ ਦੀ ਜ਼ਿੰਦਗੀ ਦੇ ਪ੍ਰਤਿਨਿਧ ਬੋਲ ਕਲਪਨਾ ਦੀਆਂ ਉਡਾਣਾਂ ਵੇਲੇ ਭੂਤ-ਭਵਿੱਖ-ਭਵਾਨ ਨਾਲ ਮੁਲਾਕਾਤ ਕਰਦੇ ਸਨ। ਸੋ ਇਹ ਕਵਿਤਾਵਾਂ ਅੱਡ ਅੱਡ ਹੁੰਦੀਆਂ ਹੋਈਆਂ ਵੀ ਇਕ ਹਨ। ਸਭ ਦਾ ਰਿਸ਼ਤਾ ਕਿਸੇ ਅਬੋਲ ਬਿੰਬ ਨਾਲ ਹੈ, ਜਿਸ ਵਿੱਚੋਂ ਕੋਈ ਸਦੀਵੀ ਧਰਵਾਸ ਮਾਨਵਤਾ ਦੀਆਂ ਬੇਸਿਦਕੀਆਂ ਤਕ ਪਹੁੰਚਦਾ ਹੈ। ਹਰ ਕਵਿਤਾ ਉਸ ਸੱਚ ਦੀ ਪ੍ਰਤੀਕ ਹੈ, ਜਿਹੜਾ ਕਿ ਸਭ ਕਵਿਤਾਵਾਂ ਦੇ ਅਪਕੜ ਬਿੰਬ ਦੀ ਨਿਗਾਹ ਵਿਚ ਹੈ। ਜਿਉਂਦੀਆਂ ਅਤੇ ਅਤੀਤ ਦੇ ਸੁਪਨੇ ਵਿਚ ਖੁਰ ਗਈਆਂ ਰੂਹਾਂ ਮੈਨੂੰ ਕਿਸੇ ਇੱਕੋ ਮੇਲੇ ਵਿਚ ਨਜ਼ਰ ਪਈਆਂ ਸਨ, ਕਿਉਂਕਿ ਸਭ ਨੇ ਕਿਸੇ ਅਪਹੁੰਚ ਵਿਸ਼ਵ ਕੋਲੋਂ ਮਿਲਣ ਦੀ ਮਨਜ਼ੂਰੀ ਲਈ ਹੋਈ ਹੈ।

ਇਸ਼ਕ ਹਕੀਕੀ ਇਨਸਾਨ, ਧਰਤੀ ਅਤੇ ਅਸਮਾਨ ਨੂੰ ਅਜ਼ਮਾਇਸ਼ ਵਿਚ ਪਾ ਕੇ ਉਹਨਾਂ ਨੂੰ ਸਿਦਕ ਦੇ ਇੱਕੋ ਘਰ ਵਿਚ ਰਹਿਣ ਲਈ ਪ੍ਰੇਰਦਾ ਹੈ। ਸਾਡੇ ਸਿਦਕ ਨੂੰ ਵੀ ਸਤਿਗੁਰਾਂ ਨੇ ਪੰਜਾਬ ਬਖ਼ਸ਼ਿਆ ਹੈ। ਮੀਆਂ ਮੀਰ ਵਰਗੇ ਵ ੀਆਂ ਅਤੇ ਸਿੰਘ ਸ਼ਹੀਦਾਂ ਨੇ ਇਸ ਦੀ ਹਮਾਇਤ ਕੀਤੀ ਹੈ। ਸਾਮੂਹਿਕ ਰੂਪ ਵਿਚ ਾ..ਟ ਜਾਣ ਦਾ ਭੈਅ ਪੰਜਾਬ-ਮਨ ਨੂੰ ਨਦੀ ਦੇ ਭੁਰਦੇ ਕੰਢੇ ਵਾਂਗ ਖੋਰ ਸਕਦਾ ਹੈ, ਪਰ ਜੇ ਇਸ ਦੀ ਸਿਦਕ-ਨਜ਼ਰ ਇਸ ਦੇ ਆਦਿ-ਜੁਗਾਦੀ ਦ੍ਰਿਸ਼ ਦੀ ਇਲਾਹੀ ਸੰਪੂਰਣਤਾ ਨੂੰ ਵੇਖ ਸਕੇ, ਤਾਂ ਇਸ ਦੇ ਇਖ਼ਲਾਕ ਅਤੇ ਅਮਲ ਨੂੰ ਗੁਰੂ ਦਾ ਸਦੀਵੀ ਵਰਦਾਨ ਪਾਲੇਗਾ। ਮੇਰੀ ਅਕੀਦਤ ਇਹੋ ਕਹਿੰਦੀ ਹੈ।

*(22-7-1989)*

## 1

# ਉਮਰ ਦੇ ਰਾਹਾਂ ਤੇ

ਫੇਰ ਮੈਂ ਉਮਰ ਦੇ ਰਾਹਾਂ ਤੋਂ ਜਾਗਿਆ
ਖੇਡਦਾ ਖੇਡਦਾ, ਤੋੜਦਾ ਕਾਲ ਕਾਲਾਂ ਦੇ ਵੈਰ ਨੂੰ
ਖੇਡਾਂ ਦੇ ਦਰਿਆ ਵਿਚ, ਮੈਂ ਦੇਸ ਪੰਜਾਬ ਦੀ ਕਿਸਮਤ ਉਛਾਲਦਾ,
ਮੈਂ ਆ ਗਿਆ ਉਮਰ ਦੇ ਰਾਹਾਂ ਤੇ ਗਾਂਵਦਾ—
ਮਾਰਦਾ ਤਾਰਿਆਂ ਦੇ ਹੇਠ ਅਲਬੇਲੀਆਂ ਚੀਖਾਂ
ਚੜ੍ਹਦਿਆਂ ਸੂਰਜਾਂ ਦੇ ਜਸ਼ਨ ਦੇਖਦਾ
ਮੈਂ ਤੁਰ ਆਇਆ ਸ਼ਹੁ ਦਰਿਆਵਾਂ ਦੇ ਵਲ ਜੀ।

ਸਾਡੇ ਲਹੂ ਦੇ ਬੇਸ਼ੁਮਾਰ ਜਲਾਲ ਦੇ ਉੱਤੇ ਨੱਚਦਾ
ਸਾਡੀਆਂ ਮਾਸੂਮ ਅਦਾਵਾਂ ਦਾ ਸਾਗਰ
ਐਨਾ ਮਹਾਨ, ਐਨਾ ਬਲੀ ਤੇ ਐਨਾ ਅਪਾਰ ਜੀ !!
ਫੇਰ ਵੀ ਕਿਸੇ ਨੇ ਫੰਧ ਵਿਚ ਫਾਥਿਆ !!!

ਚਾਨਚਕ ਨਾਗ ਜਿਉਂ ਵਲ ਖਾਂਦਾ, ਤਿਲ੍ਹਕਿਆ, ਚਮਕਿਆ,
ਬੇਸ਼ੁਮਾਰ ਛਾਤੀਆਂ ਦੇ ਲਹੂ ਦਾ ਸਾਗਰ
ਸੂਲੀਆਂ ਵਲ ਲਪਕਿਆ।

*(ਅਕਤੂਬਰ, 1965)*

•

WWW.SIKHBOOKCLUB.COM 

## 2

# ਬੇਨਿਆਜ਼ਾਂ ਦੀ ਬਾਤ

ਸਾਨੂੰ ਬੇ-ਨਿਆਜ਼ਾਂ ਨੇ ਮਾਰਿਆ, ਓ ਯਾਰ।
ਅਸਾਂ ਲੱਖ ਵਾਰ ਅੱਥਰੂ ਨੂੰ ਵਾਰਿਆ, ਓ ਯਾਰ।

ਕਿਤੇ ਪੌਣਾਂ ਹੱਥ ਨੀਂਦਰਾਂ ਦਾ ਗੀਤ ਭੇਜ ਦੇ
ਅਸਾਂ ਸੱਥਰਾਂ ਤੇ ਰਾਤ ਨੂੰ ਗੁਜ਼ਾਰਿਆ, ਓ ਯਾਰ।

ਪਿੱਠ ਕਰਕੇ ਫ਼ਕੀਰਾਂ ਦੇ ਕੋਲੋਂ ਲੰਘ ਗਏ
ਖੜੇ ਬਿਰਖਾਂ ਨੇ ਹਾਰਕੇ ਪੁਕਾਰਿਆ, ਓ ਯਾਰ।

ਹਾਕਾਂ ਥਲਾਂ ਵਿਚ ਮਾਰ ਡਿੱਗੇ ਹੰਭ-ਹੁੱਟ ਕੇ
ਆ ਕੇ ਪੰਖੀਆਂ ਨੇ ਜ਼ੁਲਫ਼ ਨੂੰ ਸੰਵਾਰਿਆ, ਓ ਯਾਰ।

ਸਾਨੂੰ ਸਬਰ ਕਸਾਈ ਨੇ ਕੁੱਠ ਉਮਰਾਂ
ਡੂੰਘੇ ਪੁਲਾਂ ਕੋਲ ਆਣਕੇ ਵੰਗਾਰਿਆ, ਓ ਯਾਰ।

ਸਾਨੂੰ ਸਿਖਰ ਦੁਪਹਿਰਾਂ ਨੇ ਪੇਸ਼ ਪਈਆਂ
ਤੈਨੂੰ ਬਿਰਖਾਂ ਦੀ ਛਾਵਾਂ ਨੇ ਪਿਆਰਿਆ, ਓ ਯਾਰ।

ਕਿੱਥੇ ਆਣ ਪਰਦੇਸੀਆਂ ਦੀ ਜਾਨ ਟੁੱਟ ਗਈ
ਸੋਹਣੇ ਦੇਸ ਦਾ ਕੀ ਆਣਕੇ ਸੰਵਾਰਿਆ, ਓ ਯਾਰ!

ਤੇਰੇ ਦਰ ਉੱਤੇ ਅਰਜ਼ਾਂ ਦਾ ਮਾਣ ਤੋੜਕੇ
ਐਵੇਂ ਅੱਥਰੀ ਜੁਆਨੀ ਨੂੰ ਵਗਾੜਿਆ, ਓ ਯਾਰ।

ਸਾਡੇ ਅੱਥਰੂ ਦੀ ਦੇਖੋ ਆਣ ਬਾਤ ਮੁਕ ਗਈ
ਅਸਾਂ ਮੁੜ ਮੁੜ ਹਿਜਰ ਨੂੰ ਸ਼ਿੰਗਾਰਿਆ, ਓ ਯਾਰ।

ਸਾਡੇ ਘੋੜੇ ਦੀਆਂ ਵਾਗਾਂ ਨੂੰ ਚੁੰਮ੍ਹ ਜ਼ਾਲਿਮਾ
ਤੂੰ ਨਦੀਆਂ ਦੇ ਕੰਢੇ ਬਾਜ਼ੀ ਹਾਰਿਆ, ਓ ਯਾਰ।

*(ਮਈ, 1965)*

•

WWW.SIKHBOOKCLUB.COM 

# 3

# ਫ਼ਜਰਾਂ ਦੀ ਕੋਲ

[ਬਾਰ ਦੀ ਯਾਦ ਵਿਚ]

ਤੈਂਡੀ ਫ਼ਜਰਾਂ 'ਚ ਕੂਕੇ ਕੋਲ ਵੇ,
ਵੱਡੇ ਪਿਆਰੇ ਬਾਗ਼ਾਂ ਦੇ ਬੋਲ ਵੇ।

ਤੇਰੀ ਅੱਖੀਆਂ ਤੇ ਦਾਵ੍ਹਾ ਏ ਸਾਡਾ ਕੁਝ,
ਐਵੇਂ ਹੰਝੂ ਬੇਗਾਨੇ ਨ ਰੋਲ ਵੇ।

ਐਵੇਂ ਡਿੱਗੀਆਂ ਅਰਸ਼ ਤੋਂ ਦੋ ਕਣੀਆਂ
ਪਏ ਡਾਢੇ ਹੀ ਨੀਂਦਾਂ ਨੂੰ ਹੌਲ ਵੇ।

ਸਾਡੇ ਹੱਥਾਂ ਤੇ ਖਿੜਿਆ ਏ ਫੁੱਲ ਸੋਹਣਾ,
ਦੂਰ ਵਜਦੇ ਹਸ਼ਰ ਦੇ ਢੋਲ ਵੇ।

ਬੀਬਾ ਲੱਖ ਮਜ਼੍ਹਬਾਂ ਦੇ ਖੜ੍ਹਿਆਂ ਕੀਤੇ,
ਹਿੱਕੋ ਸੱਚੇ ਸਿਦਕ ਦੇ ਕੌਲ ਵੇ।

ਤੈਂਡੀ ਫ਼ਜਰਾਂ 'ਚ ਕੂਕੇ ਕੋਲ ਵੇ,
ਵੱਡੇ ਪਿਆਰੇ ਬਾਗ਼ਾਂ ਦੇ ਬੋਲ ਵੇ।

*(ਮਈ, 1965)*

•

WWW.SIKHBOOKCLUB.COM

# 4

# ਸ਼ਿੰਗਾਰ

[ਬਾਰ ਦੀ ਯਾਦ ਵਿਚ]

ਕੇਡੇ ਚਾਅ ਨਾਲ ਕਰੇ ਸ਼ਿੰਗਾਰ ਵੋ
ਸਾਡਾ ਬੇਪ੍ਰਵਾਹੀਆਂ ਦਾ ਪਿਆਰ ਵੋ !

ਲਾਂਭੇ ਰੱਖ ਮਜ਼੍ਹਬਾਂ ਨੂੰ ਬੇਲੀਆ
ਅਸੀਂ ਮੌਜੀ ਝਨਾਵਾਂ ਦੇ ਹਾਰ ਵੋ।

ਗੱਲ ਸੁਣੇ ਨ ਸੱਚੀ ਸਰਕਾਰ ਵੋ
ਅਸੀਂ ਖੜ੍ਹੇ ਬੇਲੇ ਦੇ ਦੁਆਰ ਵੋ।

ਜਿਹੜੇ ਖੇਡੇ ਝਨਾਵਾਂ ਦੇ ਨਾਲ ਹੋ,
ਸਾਡੇ ਦੀਨ ਮਜ਼੍ਹਬ ਦੇ ਯਾਰ ਵੋ।

ਤੈਂਡੇ ਹੱਥਾਂ ਵਿਚ ਰੂਹ ਦੇ ਸੂਰਜ
ਵੇਚੀਂ ਨ ਜੀਵੇਂ ਬਾਜ਼ਾਰ ਵੋ।

ਮੁੱਦਤਾਂ ਪਿੱਛੋਂ ਵਾਵਾਂ ਨੇ ਵਗੀਆਂ
ਲੁੱਟ ਕੇ ਸਾਵਨ ਦਾ ਪਿਆਰ ਵੋ।

ਕੇਡੇ ਚਾਅ ਨਾਲ ਕਰੇ ਸ਼ਿੰਗਾਰ ਵੋ,
ਸਾਡਾ ਬੇਪ੍ਰਵਾਹੀਆਂ ਦਾ ਪਿਆਰ ਵੋ।

*(ਮਈ, 1965)*

•

WWW.SIKHBOOKCLUB.COM

## 5

# ਊਠਾਂ ਵਾਲਿਆਂ ਦਾ ਵਿਜੋਗ

[ਬਾਰ ਦੀ ਯਾਦ ਵਿਚ]

ਸਿਖਰ ਦੁਪਹਿਰੇ ਤਪ ਤਪ ਜਾਂਦੇ,
ਡਾਚੀਆਂ ਵਾਲੇ ਫੇਰਾ ਨ ਪਾਂਦੇ।

ਇਕ ਜਨਮ ਵਿਚ ਫੇਰਾ ਪਾ ਕੇ
ਲੱਖ ਜਨਮ ਵਿਚ ਕੌਲ ਨਿਭਾਂਦੇ।

ਮਾਣ ਲੋਕ-ਪਰਲੋਕ ਦਾ ਦੇ ਕੇ
ਹਸ਼ਰਾਂ ਤੀਕਣ ਜਾਨ ਤਪਾਂਦੇ।

ਸੱਤ ਅਸਮਾਨਾਂ ਜ਼ਿਕਰ ਅਸਾਡਾ
ਇਕ ਕਣੀ ਲਈ ਮਨ ਤਰਸਾਂਦੇ।

ਪਿਰ-ਸਾਹਾਂ ਦੇ ਹੋ ਕਰਜ਼ਾਈ
ਰੋਜ਼ ਹਸ਼ਰ ਦੇ ਮੁੱਲ ਨ ਪਾਂਦੇ।

ਰੂਹ ਡਾਰਾਂ ਦੇ ਬਣ ਹਮਜੋਲੀ
ਕਿਸਮਤ ਵਾਲਾ ਤੀਰ ਛੁਪਾਂਦੇ।

ਪੀ ਕੇ ਡੂੰਘੇ ਸਾਗਰ ਪਾਣੀ
ਜ਼ਹਿਰ ਬੂੰਦ ਦੀ ਮੰਗਣ ਜਾਂਦੇ।

ਹਿਜਰ ਦੀ ਖੇਡ ਖਿਡਾਵਣ ਪਿੱਛੋਂ
ਅਰਜ਼ਾਂ ਦੇ ਦਰ ਕਰਮ ਝੁਕਾਂਦੇ।

ਸੂਰਜ ਆਪਣਾ ਪੰਧ ਮੁਕਾਂਦੇ,
ਤੰਬੂ ਪੁੱਟ ਸੌਦਾਗਰ ਜਾਂਦੇ।

ਘਾਇਲ ਰੱਤ ਦੀ ਕੂਕ ਵਿੰਨ੍ਹਕੇ,
ਸ਼ਬਨਮ ਦੇ ਦਰਬਾਰ ਚੜ੍ਹਾਂਦੇ।

WWW.SIKHBOOKCLUB.COM

ਤੰਬੂਆਂ ਵਾਂਗ ਵਲ੍ਹੇਟ ਕੇ ਪੈਂਡੇ,
ਫ਼ਜਰਾਂ ਨੂੰ ਦਿਲਗੀਰ ਬਣਾਂਦੇ।

ਸਿਖਰ ਦੁਪਹਿਰੇ ਤਪ ਤਪ ਜਾਂਦੇ,
ਡਾਚੀਆਂ ਵਾਲੇ ਫੇਰਾ ਨ ਪਾਂਦੇ।

*(ਜੂਨ, 1965)*

•

WWW.SIKHBOOKCLUB.COM

# 6
# ਪੂਰਨ ਸਿੰਘ ਨੂੰ

ਪੂਰਨ ਸਿੰਘ ਦਾ ਦੇਸ ਪੰਜਾਬ ਕਿੱਥੇ ?
ਅੱਖਾਂ ਡੁਲ੍ਹਦੀਆਂ ਬੇਲਿਆਂ ਤੋਂ ਵਿਛੜਕੇ,
ਪਿਆ ਰੋਣ ਆਵੇ ਦੇਸ ਪੰਜਾਬ ਨੂੰ ਤੱਕ ਕੇ।
ਦਰਿਆਵਾਂ ਦੇ ਕਿਨਾਰਿਆਂ ਉੱਤੇ
ਪੁਰਾਣੀਆਂ ਅਵਾਜ਼ਾਂ ਦੇ ਕਾਫ਼ਲੇ ਲੁੱਟੇ ਗਏ,
ਪੁਰਾਣੀਆਂ ਬੇਪ੍ਰਵਾਹੀਆਂ ਦਾ ਨਾਮ ਮਿੱਟਿਆ;
ਸਾਡੇ ਰਾਂਝਣ ਦੀ ਵਾਜ ਨੂੰ ਮਾਰਿਆ,
ਅੱਗੇ ਵਧਣ ਦੇ ਖੜਸੁੱਕ ਨਾਅਰਿਆਂ।
ਹਾਂ, ਕੁੱਛ ਸ਼ਹਿਰਾਂ ਨੇ ਮੁਲਕ ਨੂੰ ਮੱਲਿਆ,
ਠੀਕ, ਪਿੰਡ ਪਿੰਡ ਤਾਰਾਂ ਨੇ ਪਹੁੰਚੀਆਂ,
ਪਰ ਨਸ਼ਾ ਉਹ ਟੁੱਟਿਆ
ਤਖ਼ਤ ਉਲਟਿਆ ਮੌਜੀ ਫ਼ਕੀਰਾਂ ਦੀ ਖ਼ੁਦੀ ਦਾ—
ਸੌਂ ਗਿਆ ਵਜਦ ਦਾ ਕੂਕਦਾ ਕਾਫ਼ਲਾ,
ਚਲਾ ਗਿਆ ਦਰਿਆਵਾਂ ਨਾ' ਰੁੱਸ ਕੇ
ਸਾਡੇ ਲਹੂ ਵਿਚ ਜੋ ਘਮਸਾਨ ਸੀ ਪੈਂਦਾ—
ਵੱਡੇ ਹੁਕਮ ਦੀ ਸ਼ਾਨ ਸੀ ਜਿੱਥੇ
ਸਾਡਾ ਅਸਮਾਨ ਉਹ ਕੱਚ ਵਾਂਗ ਤਿੜਕਿਆ— !
ਵਾਹਗੇ ਤੋਂ ਪਾਰ ਦੇ ਦੇਸ ਨੂੰ
ਪਾਕ ਦੀਨ ਦੀ ਅਜਬ ਬੇਚੈਨ ਤੋੜ ਲੱਗੀ,
ਇਕ ਧੁਖਧੁਖੀ ਕੌੜੀ ਪਿਆਸ ਵਿਚ
ਦੇਸ ਉਹ ਊਂਘੇ।
ਏਧਰ ਵੀ ਹਾਲ ਪੰਜਾਬ ਦਾ ਮੰਦਾ,
ਹੌਲ ਦੇ ਕੱਪਰਾਂ ਦਾ ਨ੍ਹੇਰਾ
ਖ਼ੁਦੀ ਦੇ ਸਾਰੇ ਗੁਮਾਨ ਨੂੰ ਪੀ ਗਿਆ।
ਆਪਣੀ ਰੱਤ ਨਾਲ ਖੇਡ ਕੇ ਮੌਤ ਦੇ ਸਾਹਮਣੇ
ਖ਼ੂਨ ਸ਼ਹਾਦਤ ਦੇ ਦੀਵੇ ਬਾਲਣੇ


WWW.SIKHBOOKCLUB.COM 

ਲੱਦ ਗਏ ਬੇਪ੍ਰਵਾਹ ਊਠਾਂ ਦੇ ਵਾਂਗੂੰ
ਆਪਣੀ ਸ਼ਾਨ ਦੇਖਣ ਦੇ ਵੇਲੇ।
— — — — — —
— — — — — —
ਪੂਰਨ ਦੇ ਨੈਣ ਤੱਕਦੇ ਮੁਲਖ ਵੀਰਾਨ ਹੋਇਆ!
ਓ ਮੇਰੇ ਯਾਰੋ!
ਕਿਨ੍ਹ ਪੁੱਟਿਆ ਪੂਰਨ ਦੇ ਬਿਰਖਾਂ ਨੂੰ?
ਰੋਹੀਆਂ ਦੇ ਮਿਰਗ ਕਿੱਥੇ?
ਕੇਸੂਆਂ ਦਾ ਤਪਦਾ ਅਸਮਾਨ
ਕਿੱਥੇ ਗੁਆਚਿਆ?
ਪੰਜ ਦਰਿਆਵਾਂ ਦੇ ਗਲ ਲਗ ਪੂਰਨ ਰੋਂਵਦਾ!
ਕਿੱਥੇ ਗਈਆਂ ਯੋਧਿਆਂ ਦੇ ਦੇਸ ਦੀਆਂ ਵਾਰਾਂ?
ਕਿੱਥੇ ਗਏ ਪੰਜ ਪਾਣੀਆਂ ਕਿਨਾਰੇ ਸੌਣ ਵਾਲੇ!
ਕਿੱਥੇ ਗਏ ਹਿਜਰ ਦੇ ਥਲਾਂ ਵਿਚ ਗੌਣ ਵਾਲੇ!
ਸ਼ਹਿਰਾਂ ਦੇ ਪਿੰਜਰਾਂ 'ਚ ਢੱਠਾ ਪੰਜਾਬ ਸਾਰਾ—
ਨਾਂਹ ਉਹ ਹਾਣੀ, ਨਾਂਹ ਉਹ ਪਾਣੀ
ਨਾਹ ਉਹ ਫ਼ਜਰਾਂ ਦੀ ਵਾ ਵਿਚ ਗੌਣ ਵਾਲੇ!

*(ਅਗਸਤ, 1965)*

•


WWW.SIKHBOOKCLUB.COM 

# 7

## ਸ਼ਹੀਦ ਊਧਮ ਸਿੰਘ ਨੂੰ

ਊਧਮ ਤੇਰੇ ਪੰਜਾਬ ਦੇ, ਸਭ ਬਾਗ਼ ਉਦਾਸੇ,
ਅਣਖ ਦੇ ਸੂਰਜ ਛਿਪੇ ਨੂੰ, ਗਏ ਬੀਤ ਚੁਮਾਸੇ—
ਬੁਰਜ ਸ਼ਹੀਦਾਂ ਦੇਖਦੇ, ਵਡ ਬਲੀ ਨਿਰਾਸੇ
ਜੱਲ੍ਹਿਆਂ ਵਾਲੇ ਬਾਗ਼ ਦੇ, ਉਹ ਸ਼ੇਰ ਪਿਆਸੇ ॥੧॥

ਤੇਰੀ ਰੱਤ ਦੇ ਬਾਗ਼ ਵਿਚ, ਗੁਲਜ਼ਾਰ ਨ ਤੇਰੀ
ਚੁਕ ਸੂਰਜ ਫ਼ਤਿਹ ਦੇ ਪਾਈ ਨ, ਕੁਈ ਫ਼ਜਰਾਂ ਫੇਰੀ—
ਤੇਗਾਂ ਵਾਲੇ ਪੰਜਾਬ ਵੇ, ਸੁਣ ਅਰਜ਼ ਇਹ ਮੇਰੀ
ਹੋਈ ਬੁਰਜ ਸ਼ਹੀਦ ਦੇ, ਸਜਦੇ ਨੂੰ ਦੇਰੀ ॥੨॥

ਤੈਂ ਬਾਗ਼ 'ਚ ਸੂਰਜ ਛਿਪੇ ਜੋ, ਕਿਸ ਅਗਨੀ ਲੇਟੇ ?
ਕਿਸ ਅੰਬਰ ਦੇ ਵਿਚ ਕੂਕਦੇ, ਤੇਗਾਂ ਦੇ ਬੇਟੇ ?
ਅੱਗ ਦੇ ਪਰਬਤ ਤੋੜਦਾ, ਜੋ ਖਾ ਪਲਸੇਟੇ
ਉਹ ਕਿੱਥੇ ਵਾਣ ਪੰਜਾਬ ਦਾ, ਜੋ ਮੌਤਾਂ ਮੇਟੇ ॥੩॥

ਊਧਮ ਵਾਜਾਂ ਮਾਰਦਾ: ਲੱਖ ਮੌਤਾਂ ਲੜੀਆਂ
ਮੈਂ ਬੰਨ੍ਹ ਕੇ ਗਾਨਾ ਲਹੂ ਦਾ, ਸ਼ਮਸ਼ੀਰਾਂ ਵਰੀਆਂ,
ਸੂਰਜ ਵਿੱਚੋਂ ਉੱਡਕੇ, ਉਹ ਪੌਣਾਂ ਪਰੀਆਂ,
ਕੀ ਕਹਿੰਦੀਆਂ ਮੇਰੇ ਬਾਗ਼ ਨੂੰ, ਵਡ ਰੋਹ ਵਿਚ ਸੜੀਆਂ :

ਸਿਖਰ ਦੁਪਹਿਰਾਂ ਉੱਠੀਆਂ, ਕਲਵਲ ਵਿਸੁ-ਭਰੀਆਂ
ਕਪਟੀ ਸ਼ਾਹ ਕਬੇਰ ਦੇ, ਸੀਨੇ ਤੇ ਚੜ੍ਹੀਆਂ
ਪੱਥਰਾਂ ਹੇਠਾਂ ਸੌਂ ਰਹੇ, ਅਸਮਾਨ ਲੈ ਖੜੀਆਂ,
ਮੁੜ ਦੇਸ ਪੰਜਾਬ ਦੀ ਫ਼ਜਰ ਨੇ, ਤਨ ਤੇਗਾਂ ਜਰੀਆਂ—

ਮੇਲ ਵਿਛੋੜੇ ਵਾਲੀਆਂ, ਦੋ ਸੱਚੀਆਂ ਘੜੀਆਂ
ਤਰਕੇ ਸਾਗਰ ਬਾਗ਼ ਵਿਚ, ਬਸ ਅੱਖੀਆਂ ਭਰੀਆਂ—
ਧਰਤ ਸ਼ਹੀਦਾਂ ਚੁੰਮ ਕੇ, ਕਰ ਰੁੱਤਾਂ ਹਰੀਆਂ
ਆਇਆ ਘੋੜਾ ਪੀੜ ਮੈਂ, ਕਿਸ ਵਾਗਾਂ ਫੜੀਆਂ ?
ਪਹਿਰੇਦਾਰ ਪੰਜਾਬ ਦਾ, ਪੰਜ ਨਦੀਆਂ ਤਰੀਆਂ— ॥੪॥

•


WWW.SIKHBOOKCLUB.COM Page 138

# 8
# ਉਦਾਸ ਨੈਣ

ਮੈਂ ਫੇਰ ਆਇਆ ਹਾਂ ਉਮਰ ਦੇ ਰਾਹਾਂ ਤੇ;
ਅਗਨੀ ਦਾ ਬੁੱਤ ਮੇਰਾ
ਅਨਿਕ ਹਿੰਸਕ ਅਵਾਜ਼ਾਂ ਬੰਨ੍ਹ ਕੇ
ਪਹਾੜਾਂ ਦੇ ਵਾਂਗ ਖਲੋਤਾ।
ਕਦੇ ਕਦੇ ਮੇਰੀ ਰੂਹ ਤ੍ਰਬਕਦੀ, ਹੌਲ ਪੈਂਦੇ,
ਮੈਂ ਕੰਬਦਾ ਗ਼ਰੀਬ ਮਸਕੀਨ ਬੰਦਾ;
ਪਰ ਮੈਂ ਜਾਗਦਾ ਚੰਘਿਆੜ ਕੇ
ਤੇ ਦੂਰ ਤਕ ਨਿਗਾਹ ਦੀ ਸ਼ਮਸ਼ੀਰ ਨਾਲ
ਆਪਣੀਆਂ ਸ਼ਹਿਨਸ਼ਾਹੀਆਂ 'ਚ ਫਿਰਦਾ,
ਉੱਡਦਾ ਉਡਾਰੂ ਬਾਜ਼ ਲਾਸਾਨੀ !!

ਮੈਂ ਵਡ-ਵਿਸਮਾਦ ਵਿਚ ਵੇਖਦਾ
ਆਪਣੀ ਪਿਆਰੀ ਦਾ ਚਿਹਰਾ ਉਦਾਸ
ਜਿਸ 'ਤੇ ਮੇਰੀ ਉਦਾਸ ਉਮਰ ਦੇ ਪ੍ਰਛਾਵੇਂ ਪਲ੍ਹਮਦੇ।
ਮੈਂ ਹੈਰਾਨ ਹੋ ਸੋਚਦਾ
ਕਿੱਥੇ ਹੈ ਮੇਰੇ ਕਰਮ ਦੀ ਸਲਤਨਤ ?
ਕਿੱਥੇ ਕੁ ਮੇਰੀਆਂ ਜਿੱਤਾਂ ਦੇ ਸੂਰਜ ?
ਕਿੱਥੇ ਕੁ ਮੇਰੇ ਬੇ-ਮਿਸਾਲ ਤਰਸ ਦਾ ਜਲਵਾ ?
ਕਿੱਥੇ ਕੁ ਮੇਰੀਆਂ ਸੌਗਾਤਾਂ ਦੇ ਹੀਰੇ
ਜੋ ਮੈਂ ਲੁਟਾਏ ਸਨ ਬੇਪ੍ਰਵਾਹੀਆਂ ਦੇ ਰੰਗ ਵਿਚ ਖੇਲ੍ਹਦੇ ?
ਉਸਦਾ ਗ਼ਰੀਬ ਜਿਹਾ ਚਿਹਰਾ
ਅਨੰਤ ਵੀਰਾਨੀ 'ਚ ਤਰਸ ਭਰਦਾ,
ਜਿਸ ਰਾਹ ਤੇ ਵੱਗੇ ਦਰਿਆਵਾਂ ਲਈ ਕਿਣਕੇ ਤੜਪਦੇ,
ਜਿਸ ਰਾਹ ਤੋਂ ਨੀਲ ਬਨਵਾਰੀ ਗੁਜ਼ਰ ਗਏ,
ਜਿੱਥੇ ਆਗਾਸ ਚਮਕੇ ਸਿਤਾਰਿਆਂ ਨੂੰ ਲੈ ਕੇ
ਐਪਰ ਗੁਆਚ ਗਏ,
ਉਹਨਾਂ ਰਾਹਾਂ 'ਚ ਡੁੱਬੀਆਂ ਉਸਦੀਆਂ ਅੱਖਾਂ।


WWW.SIKHBOOKCLUB.COM

ਉਸਦੇ ਨੈਣਾਂ ਦਾ ਚੰਚਲ ਨੂਰ ਤੁਰ ਗਿਆ ਕਿਧਰੇ!
ਕੀ ਖੁਰ ਗਿਆ ਪਾਣੀਆਂ ਅੰਦਰ,
ਜਾਂ ਕਿਤੇ ਹੋਰ ਚਮਕਦਾ ਕਿਰਨਾਂ ਦੇ ਅੰਦਰ?
ਉਹ ਵੇਖਦੀ ਦੂਰ ਤਕ ਚੁੱਪ ਦਰਿਆਵਾਂ ਦੀ ਚੁੱਕ ਕੇ
ਲੰਘਦੇ ਬੇ-ਮੁਹਾਰੇ ਦਰਿਆ ਨੂੰ ਜਿਸ ਚੁੱਪ ਨੇ ਰੋਕਿਆ!
ਉਸਦਾ ਹੰਝੂ ਲਾਸ ਮਾਰਦਾ ਸਾਰੀ ਵੀਰਾਨੀ ਦੀ ਹਿੱਕ ਤੇ!
ਉਸਨੂੰ ਛੱਡ ਕੇ ਜਿੰਨੇ ਵੀ ਉਸ ਦੇ ਰੂਪ ਵਣਾਂ ਨੂੰ ਉੱਠ ਗਏ
ਉਹਨਾਂ ਦੀ ਦੀਦ ਨੂੰ ਸਿੱਕਦੀ
ਨੈਣ ਭਰ ਆਏ ਉਹ ਸੁੰਦਰੀ।

*(ਮਾਰਚ, 1965)*

•


WWW.SIKHBOOKCLUB.COM

## 9
# ਮਨ ਪ੍ਰਦੇਸੀ

[ਇਸ ਗੀਤ ਵਿਚ ਪੱਛਮੀ ਪੰਜਾਬ ਦਾ ਮੁਸਲਮਾਨ ਆਪਣੇ ਦੇਸ ਨੂੰ ਵੇਖਣ ਆਏ ਪਿਆਰਿਆਂ ਅੱਗੇ ਸੁਆਲ ਕਰਦਾ ਹੈ, ਅਤੇ ਪਿਆਰਾ ਕਿਸੇ ਵੇਦਨ ਵਿਚ ਡੁੱਬੀ ਬੇਪ੍ਰਵਾਹੀ ਵਿਚ ਜੁਆਬ ਦਿੰਦਾ ਹੈ।]

'ਚਿਰਾਂ ਪਿੱਛੋਂ ਘਰਾਂ ਨੂੰ ਆਏ
ਕੀ ਹਾਲ ਦਰਵੇਸ਼ਾਂ ਦਾ?'

'ਸਾਨੂੰ ਲਗਨ ਅਪੁੱਠੜੀ ਲੱਗੀ
ਸ਼ੌਕ ਬੇਗਾਨੇ ਦੇਸਾਂ ਦਾ।'

'ਵਿਸਰ ਗਿਆ ਭੁਲਦੇ ਹੋ ਕਾਹਨੂੰ
ਅੱਪਣਾ ਮੁਲਕ ਹਮੇਸ਼ਾਂ ਦਾ?'

'ਕਦੇ ਵਸਦਿਆਂ ਏਥੇ ਕੀਤਾ
ਗਰਬ ਕਾਲਿਆਂ ਕੇਸਾਂ ਦਾ।'

'ਸਿਰ ਤੇ ਮਾਲ-ਜਾਨ ਹੈ ਹਾਜ਼ਰ
ਕੀ ਇਤਬਾਰ ਵਰੇਸਾਂ ਦਾ?'

'ਬਖ਼ਸ਼ ਦਿਉ ਜੇ ਕੌਲ ਅਸਾਡਾ
ਅੱਥਰੂ ਦਰਦ-ਕਲੇਸ਼ਾਂ ਦਾ।'

'ਹਸ਼ਰਾਂ ਤਕ ਉਮਰ ਦੇ ਪੱਤਣ
ਇਹ ਕੀ ਰੋਸ ਹਮੇਸ਼ਾ ਦਾ?'

'ਸ਼ਹੁ ਦਰਿਆਵਾਂ ਤੇ ਖੜ੍ਹ ਕੇ ਰੋਣਾ
ਦੋਸ਼ ਕੇਹਾ ਦਰਵੇਸ਼ਾਂ ਦਾ।'


WWW.SIKHBOOKCLUB.COM 

'ਕੀ ਇਤਬਾਰ, ਸਬਰ ਕਿਉਂ ਡੋਲੇ
ਪਿਆਰ ਦਿਆਂ ਦੋ ਭੇਸਾਂ ਦਾ?'

'ਜਦੋਂ ਮੁਰੀਦ ਦਿਲਾਂ ਦੇ ਹੋਏ
ਖ਼ਤ ਮਿਲਿਆ ਪ੍ਰਦੇਸਾਂ ਦਾ।'

*(ਮਈ, 1965)*

•

WWW.SIKHBOOKCLUB.COM Page 142

## 10

# ਸਾਂਦਲ ਬਾਰ ਦੀ ਯਾਦ ਵਿਚ

ਸਾਂਦਲ ਬਾਰ ਦੀਆਂ ਨਹਿਰਾਂ ਦੇ
ਕੰਢੜੇ ਬਹਿਣਾ, ਰੋਣਾ ਨ ਹੋ।

ਦੁੱਖਾਂ ਦੀਆਂ ਮਿਲਖਾਂ ਦੇ ਵੱਡਿਆਂ ਰਾਠਾਂ
ਪੈਰ ਹਿਜਰ ਦੇ ਧੋਣਾ ਨ ਹੋ।

ਹੱਸਣਾ ਆਪਣੇ ਮੋਇਆਂ ਦੇ ਸਾਹਮੇ
ਚਿੜੀਆਂ ਦਾ ਦੁੱਧ ਪਰ ਚੋਣਾ ਨ ਹੋ।

ਦੇਸ ਬੇਗਾਨੇ ਦੀ ਮੰਨ ਸਰਦਾਰੀ
ਬਾਰ ਪਰਾਏ 'ਚ ਹੋਣਾ ਨ ਹੋ।

ਹੀਰ ਦੇ ਦੇਸ ਮਜ਼ੂਰੀ ਤਾਂ ਕੀਤੀ
ਮਹੀਆਂ ਨੂੰ ਚਾਰ ਹਲ ਜੋਣਾ ਨ ਹੋ।

ਧੀਆਂ ਦੇ ਹੁੰਦਿਆਂ ਹੀ ਗੀਤਾਂ ਦੀ ਰੁੱਤ ਸੀ
ਮਾਵਾਂ ਨੇ ਚੱਕੀਆਂ ਨੂੰ ਝੋਣਾ ਨ ਹੋ।

*(ਮਈ, 1965)*

•



WWW.SIKHBOOKCLUB.COM 

# 11

# ਵਤਨ ਦੀਆਂ ਜੂਹਾਂ ਵਿਚ

ਸਾਂਦਲ ਬਾਰ ਦੀ ਧਰਤੀ ਦੇ ਜਾਏ,
ਆਪਣੇ ਦੇਸਾਂ ਨੂੰ ਦੇਖਣ ਆਏ।

ਵੱਡੀਆਂ ਮਿਲਖਾਂ ਦੇ ਰਾਠ ਸੁਣੀਂਦੇ
ਅਰਜ਼ਾਂ ਨਿਮਾਣੀਆਂ ਲਿਆਏ।

ਵਿਛੜੇ ਬਿਰਖਾਂ ਨੂੰ ਜੱਫ਼ੀਆਂ ਪਾਈਆਂ
ਤੱਕਨੇ ਨੂੰ ਪੰਛੀ ਆਏ।

ਨਹਿਰਾਂ ਦੇ ਕੰਢੜੇ ਰੂਹ ਪ੍ਰਦੇਸੀ
ਲਹਿਰਾਂ ਦੇ ਮਨ ਤਿਰਹਾਏ।

ਆਏ ਪੂਰੇ ਦੀਆਂ ਪੌਣਾਂ ਦੇ ਰਾਜੇ
ਨਾਗਾਂ ਨੇ ਅੱਥਰੂ ਵਹਾਏ।

ਦਿਲਾਂ ਦਿਆਂ ਜਾਨੀਆਂ ਦੇ ਪੁੱਤਰ-ਧੀਆਂ
ਹਰਿਆਂ ਬਾਗ਼ਾਂ 'ਚ ਲਿਆਏ।

ਲੰਮੀਆਂ ਉਮਰਾਂ ਦੇ ਯਾਰ ਪੁਰਾਣੇ
ਸਾਥੋਂ ਕੀ ਮੰਗਣ ਆਏ ?

*(ਮਈ, 1965)*

•

WWW.SIKHBOOKCLUB.COM 

# 12
# ਇਕ ਗੀਤ

[ਸਾਂਦਲ ਬਾਰ ਦੇ ਧਿਆਨ ਵਿਚ]

ਠੰਢੀ ਹਵਾ ਨੇ ਚੁੰਮ੍ਹਿਆ ਦਾਮਨ
ਫ਼ਜਰਾਂ 'ਚ ਵਗਦਾ ਸੁਹਾਂ।

ਕੋਇਲ ਕੂਕਦੀ ਅੰਬਰ ਦੇ ਵਿਚ
ਨਦੀਆਂ ਰਹਿਣ ਰਵਾਂ।

ਤਾਰਿਆਂ ਵਿਚ ਉਸ਼ਾ ਦਾ ਚੱਕਰ
ਫੜੇ ਯੁਗਾਂ ਦੀ ਬਾਂਹ।

ਪੱਥਰਾਂ ਉਤੇ ਪੰਛੀ ਚੁਗਦਾ
ਪੀਂਦਾ ਨੀਰ ਸੁਹਾਂ।

ਜਿੰਦ ਨਿਮਾਣੀ ਤੇ ਅਰਸ਼ਾਂ ਕੀਤੀ
ਭਰੀ ਕਹਿਰ ਦੀ ਛਾਂ।

ਪੀਤਾ ਹੀਰ ਨੇ ਜ਼ਹਿਰ-ਪਿਆਲਾ
ਸਿਖਰ ਦੁਪਹਿਰਾਂ ਦੇ ਨਾਂ।

*(1965)*

•

WWW.SIKHBOOKCLUB.COM

## 13
# ਗੀਤ ਅੱਲਾ ਦੇ

ਗੀਤ ਅੱਲਾ ਦੇ ਰਿੰਮ ਝਿੰਮ ਸੁੱਤੇ
ਦੂਰ ਨਦੀ ਦੇ ਤੀਰ।

ਮੋਨ ਖਲੋਤਾ ਸਬਰ ਦਾ ਜੋਗੀ
ਝਿੰਮ ਝਿੰਮ ਨੈਣ ਗੰਭੀਰ।

ਕਵਨ ਦੇਸ ਬਉਰਾਣੇ ਚੱਲੀ
ਹੋਈ ਰੈਣ ਫ਼ਕੀਰ ?

ਮੇਰੇ ਅੱਥਰੂ ਕਲਵਲ ਕਲਵਲ
ਕਿਸ ਸੂਰਜ ਦੀ ਪੀੜ ?

ਫ਼ਜਰਾਂ ਦੇ ਰਾਹੀ ਸੱਥਰੀਂ ਸੁੱਤੇ
ਡੂੰਘੇ ਮਨ ਦਿਲਗੀਰ—

ਸ਼ਮਸ਼ੀਰਾਂ ਤੇ ਨੀਂਦਾਂ ਦੀ ਅੱਗ
ਬਲਦੀ ਰਹੇ ਅਖ਼ੀਰ।

*(ਜੂਨ, 1965)*

•

WWW.SIKHBOOKCLUB.COM

# 14

# ਸਰਕਾਰ ਨੂੰ

ਤੱਕਣਾ ਅੱਪਣੇ ਵਤਨ ਨੂੰ, ਸਰਕਾਰ ਪਿਆਰੀ
ਰੋਂਦਾ ਸ਼ਹਿਰ ਲਾਹੌਰ ਹੈ, ਅੱਜ ਜ਼ਾਰੋ ਜ਼ਾਰੀ—
ਦੇਸ ਪੰਜਾਬ 'ਚ ਦਿਸੇ ਨ, ਸਰਦਾਰ ਅਟਾਰੀ।
ਸਤਲੁਜ ਕੰਢੇ ਉੱਤਰੇ, ਅੱਜ ਚੋਰ ਬਾਜ਼ਾਰੀ
ਜਿਸ ਤੋੜੇ ਕੋਟ ਪਸ਼ੌਰ ਦੇ, ਰਣ ਤੇਗ ਜੁਝਾਰੀ,
ਤੁਰ ਗਿਆ ਪੈਂਡੇ ਮੌਤ ਦੇ, ਛੱਡ ਖੇਡ ਖਿਲਾਰੀ—
ਕਦੇ ਫੇਰਾ ਪਾਉਣਾ ਵਤਨ ਵਲ, ਸਰਕਾਰ ਹਮਾਰੀ।੧।

ਰਣ ਸਭਰਾਉਂ ਲੜੇ ਸੀ, ਪੰਜਾਬ ਦੇ ਬੇਟੇ
ਤੇਗਾਂ ਦੀ ਅੱਗ ਲਰਜ਼ਕੇ, ਅਸਮਾਨ ਸਮੇਟੇ,
ਮਾਖੇ ਖਾਂ ਦੇ ਰੋਹ ਨੇ, ਫੜ ਸੂਰਜ ਮੇਟੇ—
ਸਤਲੁਜ ਸਾਹਮੇ ਗਰਜਕੇ, ਰਣ ਯੋਧੇ ਲੇਟੇ—
ਸੌਂ ਗਏ ਤੈਨੂੰ ਯਾਦ ਕਰ, ਪੰਜਾਬ ਦੇ ਬੇਟੇ
ਛਿਪਦੇ ਸੂਰਜ ਦੇਖਿਆ, ਸਰਦਾਰ ਅਟਾਰੀ,
ਕਦੇ ਫੇਰਾ ਪਾਉਣਾ ਵਤਨ ਵਲ, ਸਰਕਾਰ ਹਮਾਰੀ।੨।

ਚੇਲੀਆਂ ਵਾਲੇ ਜੂਝਦਾ, ਪੰਜਾਬ ਨ ਹਾਰੇ,
ਤੇਗੀਂ ਖ਼ੂਨ ਸ਼ਹੀਦ ਦਾ, ਅਸਮਾਨ-ਵੰਗਾਰੇ,
ਸ਼ਹੁ ਦਰਿਆ ਦਾ ਰੋਹ ਹੈ, ਕੀ ਕਰਨ ਕਿਨਾਰੇ?
ਨੇਜ਼ਾ ਖਿੱਚ ਕੇ ਅਰਸ਼ ਦਾ, ਕੁਈ ਕੁਫਰ ਗੁਜ਼ਾਰੇ
ਖ਼ੂਨ ਸ਼ਹੀਦਾਂ ਕਦੇ ਨ, ਅਸਮਾਨ ਤੋਂ ਹਾਰੇ—
ਮੁਰਸ਼ਦ ਸਾਹਮੇ ਸਿਦਕ ਦੀ, ਅਸਾਂ ਬਾਜ਼ੀ ਹਾਰੀ
ਤੱਕਣਾ ਆਪਣੇ ਵਤਨ ਨੂੰ, ਸਰਕਾਰ ਪਿਆਰੀ।੩।

ਲੈ ਕੇ ਥਲਾਂ ਦੀ ਸੁੰਵ ਨੂੰ, ਪੰਜਾਬ ਦੇ ਹਾਣੀ,
ਕੂੰਜਾਂ ਵਾਲੇ ਹਾਲ ਵਿਚ, ਗਏ ਵਗਦੇ ਪਾਣੀ,

WWW.SIKHBOOKCLUB.COM

ਤੁਰ ਗਏ ਵਾਂਗ ਮੁਸਾਫ਼ਰਾਂ, ਛੱਡ ਤੇਗ ਅਲਾਣੀ,
ਆਏ ਕਿਹੜੀ ਜੂਹ ਵਿਚ, ਚੁੰਮ ਸੰਢ ਸੁਹਾਣੀ ?
ਵਾਂਗ ਕਰਬਲਾ ਤੜਫਦੇ, ਅਸਮਾਨ ਦੇ ਹਾਣੀ।
ਰੋਹੀਆਂ ਵਿਚ ਦਲੀਪ ਨੇ, ਇਕ ਵਾਜ ਸੀ ਮਾਰੀ
ਕਦੇ ਫੇਰਾ ਪਾਉਣਾ ਵਤਨ ਵਲ, ਸਰਕਾਰ ਹਮਾਰੀ।੪।

ਬੰਨ੍ਹੇ ਗਾਨੇ ਮੌਤ ਦੇ, ਦਸ਼ਮੇਸ਼-ਮੁਰੀਦਾਂ,
ਸ਼ਮਸ਼ੀਰਾਂ ਦੀ ਛਾਂ ਵਿਚ, ਮੁੜ ਹੋਈਆਂ ਈਦਾਂ—
ਕੜਕਿਆ ਬੱਜ ਬੱਜ ਘਾਟ ਤੇ, ਕੁਈ ਰਾਜ਼ ਸ਼ਹੀਦਾਂ—
ਖ਼ੂਨ ਦੀ ਅੱਗ 'ਚ ਛੇੜੀਆਂ, ਅਸਮਾਨ ਉਮੀਦਾਂ—
ਅੱਖੀਂ ਲਹੂ ਨੂੰ ਭੱਖਿਆ, ਦਸ਼ਮੇਸ਼-ਮੁਰੀਦਾਂ—
ਮੰਗੀ ਅਸਾਂ ਹਜ਼ੂਰ ਤੋਂ, ਸ਼ਮਸ਼ੀਰ ਉਧਾਰੀ
ਕਦੇ ਫੇਰਾ ਪਾਉਣਾ ਵਤਨ ਵਲ, ਸਰਕਾਰ ਹਮਾਰੀ।੫।

ਲੰਮੇ ਦੇਸ ਝਨਾਂ ਵਿਚ, ਕੁਈ ਵਾਜਾਂ ਮਾਰੇ,
ਭੁੱਲੇ ਅੱਜ ਹਜ਼ੂਰ ਨੂੰ, ਪੰਜਾਬ ਦੁਲਾਰੇ,
ਜਿਨ੍ਹ ਸਿਰ ਤੇਰਾ ਹੱਥ ਨਹੀਂ ਉਹ ਕੌਣ ਵਿਚਾਰੇ ?
ਆਉਂਦੇ ਗਾਜ਼ੀ ਗਾਂਵਦੇ, ਤੈਂ ਵਲ ਪਿਆਰੇ
ਜਿਸ ਤੇ ਤੇਰਾ ਰਹਿਮ ਹੈ, ਅਸਮਾਨ ਨ ਮਾਰੇ !
ਰੋਹੀਆਂ ਵਿਚ ਦਲੀਪ ਨੇ, ਇਕ ਵਾਜ ਹੈ ਮਾਰੀ :
ਤਕਣਾ ਅੱਪਣੇ ਵਤਨ ਨੂੰ, ਸਰਕਾਰ ਪਿਆਰੀ।੬।

*(1965)*

•

WWW.SIKHBOOKCLUB.COM 

## 15

# ਇਕ ਗੀਤ

[ਸਾਂਦਲ ਬਾਰ ਦੀ ਯਾਦ ਵਿਚ]

ਵਣ ਵਲ ਜਾਂਦੇ ਰਾਹਾਂ ਤੇ ਬੈਠੀ
ਖੇਡਾਂ ਮੈਂ ਉਮਰਾਂ ਦੇ ਨਾਲ,

ਪੀਲਿਆਂ ਪੱਤਾਂ ਦੀ ਲਾ ਕੇ ਮਗਰੀ
ਲੰਘ ਗਏ ਸਾਲਾਂ ਦੇ ਸਾਲ—

ਠੰਢੀਆਂ ਨਦੀਆਂ ਦੇ ਮਨ ਵਿਚ ਛਿਪਿਆ
ਉੱਡਦਾ ਹੀ ਉੱਡਦਾ ਹੁਨਾਲ,

ਲੰਮਿਆਂ ਕੇਸਾਂ ਨੂੰ ਨਦੀਆਂ ਦਿਖਾਈਏ
ਜੋਬਨ 'ਚ ਉੱਠਿਆ ਉਬਾਲ—

ਹੱਠ ਬਨਬਾਸੀ ਦਾ ਜੋਬਨ ਵਾਂਗੂੰ
ਤਕਦਾ ਨ ਨੈਣਾਂ ਦੇ ਹਾਲ—

ਰੱਜਨੀ ਉਹ ਅੱਥਰੂ ਦੇ ਰਾਹ ਦੀ ਮੁਸਾਫ਼ਰ
ਛਿਪਿਆ ਜੋ ਸੂਰਜ ਦੇ ਨਾਲ—

ਖ਼ਾਕਾਂ ਦਾ ਓਢਣ ਏ ਸੂਰਜ ਹੁੰਦਿਆਂ ?
ਸੁਣਿਆਂ ਨ ਸਮਿਆਂ ਸੁਆਲ—

ਪੌਣੋ ਜਗਾਵੋ ਨੀ ਵਣ ਵਿਚ ਸੁੱਤੜਾ
ਬੇਪ੍ਰਵਾਹੀਆਂ ਦੇ ਹਾਲ।

ਮਸਤਕ ਤੇ ਦਗਦੀ ਬਿੱਜਲੀ ਦੇ ਚਾਨਣ
ਕੁੱਖਾਂ 'ਚ ਦੇਵੇ ਉਹ ਬਾਲ।

*(ਮਾਰਚ, 1964)*

•

# 16

# ਇਕ ਗੀਤ

[ਬਾਰ ਦੀ ਯਾਦ ਵਿਚ]

ਜਾਗੋ ਨੀ ਕੂੰਬਲੋ ਸੂਰਜ ਵੇਖੋ
ਪੌਣਾਂ ਨਵੇਲੀਆਂ ਛੋਹ,

ਪੰਖੀ ਦੇ ਪਰ ਨੂੰ ਵਾਵਾਂ ਲੱਗੀਆਂ
ਕਿੰਨਿਆਂ ਹੀ ਦੇਸਾਂ ਚੋਂ ਹੋ।

ਕੌਣ ਨੀ ਦੇਸ ਓਸ ਵਿਚ ਆਇਆ
ਨਾਗਾਂ ਨੇ ਚੁੰਮਿਆ ਜੋ?

ਕਲੀਓ ਨ ਦੇਸ ਬੇਗਾਨੇ ਕਰਿਓ
ਫ਼ਜਰਾਂ ਨਾ' ਐਨਾ ਮੋਹ।

ਉੱਚਿਆਂ 'ਸਮਾਨਾਂ 'ਚੋਂ ਸਿਖਰ ਦੁਪਹਿਰੇ
ਟੁੱਟਣਾ ਸਿਤਾਰੇ ਦਾ ਰੋਹ।

ਅੰਮ੍ਰਿਤ ਵੇਲੇ ਬਾਤ ਜੋ ਵਿਸਰੀ
ਕਹਿਰਾਂ ਦਾ ਸੂਰਜ ਉਹ।

*(ਮਾਰਚ, 1964)*

•

WWW.SIKHBOOKCLUB.COM

## 17

# ਸ਼ਹੀਦ ਭਗਤ ਸਿੰਘ ਨੂੰ ਆਵਾਜ਼ਾਂ

ਪੰਜਾਬ ਦੇ ਦਰਿਆਵਾਂ ਨੂੰ ਬੇਹੋਸ਼ ਕੀਤਾ ਬਿੱਜਲੀਆਂ ਕੜਕ ਕੇ,
ਚੁੰਧਿਆਂਦੇ ਨੂਰ ਦੀ ਵਰਸ਼ਾ ਝਿੰਮ ਝਿੰਮ ਉਤਰਦੀ,
ਐਪਰ ਮਦਹੋਸ਼ ਦਰਿਆਵਾਂ ਨੂੰ ਉਸ ਦੀ ਸਾਰ ਨ।
ਕੁਝ ਗਾਂਵਦੇ, ਝਮਕਦੇ ਅਰਸ਼ ਤੋਂ ਆਂਵਦੇ ਹੜ੍ਹਾਂ ਦੇ ਹੇਠ
ਪੰਜਾਬ ਦੇ ਦਰਿਆ ਸੌਂ ਰਹੇ—
ਏਸ ਮਹਾਂ ਮਦਹੋਸ਼ੀ ਨੂੰ ਚੀਰ
ਬਾਜ਼ ਦੇ ਵਾਂਗ ਉੱਡਿਆ ਪੰਜਾਬ ਦੇ ਪੁੱਤਰ ਦਾ ਗੀਤ
ਤੇਗਾਂ ਦੀ ਛਾਂ ਵਿਚ ਨੱਚਦਾ!

ਲੱਖ ਰਤਨਾਂ, ਹੀਰੇ ਜਵਾਹਰਾਂ ਦੇ ਪਰਬਤ
ਵਜਦ ਦੀ ਅੰਨ੍ਹੀ ਹਨ੍ਹੇਰੀ ਦੇ ਸਾਹਮਣੇ
ਚੰਘਿਆੜਕੇ ਮਹਾਂ ਨਿਵਾਸ਼ ਵਿਚ ਢੱਠੇ;
ਏਸ ਤੂਫ਼ਾਨ ਦੇ ਮੰਥਨ ਚੋਂ
ਪੰਜਾਬ ਦਾ ਪੁੱਤਰ ਜਨਮਿਆ।

ਯਾਦ ਆਂਵਦੇ ਮੈਨੂੰ ਭਗਤ ਸਿੰਘ ਦੇ ਵੇਲੇ—
ਪਈ ਯਾਦ ਆਵੇ
ਫਾਂਸੀਆਂ ਨੂੰ ਚੁੰਮ੍ਹਦੇ ਬਲੀ ਦੀ।
ਪਿਆ ਯਾਦ ਆਵੇ
ਸਮੇਂ ਦੇ ਸ਼ਾਹਾਂ ਨੂੰ ਓਸ ਦਾ ਦਿੱਤਾ ਜੁਆਬ।
ਪਿਆ ਯਾਦ ਆਵੇ
ਓਸ ਦੇ ਗੀਤਾਂ ਦਾ ਨਾਦ—
ਯਾਦ ਆਵਣ ਓਸਦੀ ਅਣਖ਼ ਦੇ ਬੋਲ!

ਤੇਗਾਂ ਦੀ ਛਾਂ ਥੱਲੇ
ਵਲ ਕਚਹਿਰੀਆਂ ਗਾਂਵਦਾ ਆਵੇ
ਭਗਤ ਸਿੰਘ ਸ਼ੇਰ ਪੰਜਾਬ ਦਾ ਲਾਡਲਾ—
ਮੌਤ ਤੋਂ ਅੱਗੇ ਨਿਕਲਿਆ

WWW.SIKHBOOKCLUB.COM

ਉਸ ਦੇ ਗੀਤ ਦਾ ਕਾਫ਼ਲਾ—
ਤੇਗਾਂ ਦੀ ਧਾਰ ਵਲ ਹੁਸਨ ਨੱਚਦਾ ਆਇਆ
ਆਉਂਦੇ ਜੱਲਾਦ ਗਾਂਵਦੇ ਨਾਲ ਹੀ।

ਤੇਗ ਨੂੰ ਕਿਸ ਨੇ ਆਵਾਜ਼ ਮਾਰੀ ?
ਸਭ ਜੱਲਾਦ ਹੈਰਾਨ ਹੋ ਵੇਖਦੇ !!

— — — — —

— — — — —

ਆ ਵੀਰ ਭਗਤ ਸਿੰਘ
ਫੇਰ ਆ ਪੰਜਾਬ ਦੀ ਧਰਤੀ ਤੇ—
ਫਾਂਸੀ ਨੂੰ ਚੁੰਮਦੇ ਨਜ਼ਾਰਿਆਂ ਨੂੰ
ਇਕ ਵਾਰ ਫਿਰ ਆਬਾਦ ਕਰ
ਪੰਜਾਬ ਦੀ ਗ਼ਰੀਬ ਧਰਤੀ ਤੇ—
ਸੁਰਖ ਭਖਦੇ ਲੋਹੇ ਜਿਹਾ
ਕੋਈ ਅੱਥਰੂ ਬਖ਼ਸ਼ ਖਾਂ
ਇਸ ਬਦਨਸੀਬ ਪੰਜਾਬ ਨੂੰ।

ਜ਼ਰਾ ਚਮਕ ਸਮੇਂ ਦੀ ਧੂੜ ਦੇ ਹੇਠੋਂ
ਪਰਲੋਂ ਦੀ ਪੀਂਘ ਪਾ ਖਾਂ ਸਾਡੀ ਰੱਤ ਵਿਚ।
ਰਾਂਗਲੀ ਨਾਰਾਂ ਦੇ ਹੁਸਨ ਚੋਂ
ਸਾਉਣ ਮਾਹ ਦੀਆਂ ਬਿੱਜਲੀਆਂ ਵਾਂਗੂੰ
ਪੀਂਘਾਂ ਨੂੰ ਤੋੜਦਾ ਨਿਕਲ ਖਾਂ।

ਆ ਦਰਬਾਰ ਵਿਚ ਜ਼ਰਾ
ਸੂਰਜ ਦੇ ਵਾਂਗ ਤਪਦਾ,
ਆਪਣੇ ਬੇਪ੍ਰਵਾਹ ਅੰਦਾਜ਼ ਵਿਚ ਗਾ ਕੇ
ਆਬ ਮੇਟ ਦੇ ਸਾਰੀ ਸਮੇਂ ਦੇ ਸ਼ਾਹਾਂ ਦੀ—
ਫ਼ਤਿਹ ਦਾ ਗੀਤ ਮੁੜ ਤਾੜੀ ਮਾਰ ਕੇ ਹੱਸੇ
ਜੱਲਾਦ ਖਸਿਆਣਾ ਹੋ ਵੇਖੇ ਜ਼ਿਮੀਂ ਵਲ।

ਗੀਤ ਦੀ ਖ਼ੰਜਰ ਦੇ ਨਾਲ
ਪਾੜ ਦੇ ਸ਼ਬਦ-ਨਾਦ ਦਾ ਸੀਨਾ!
ਲਹੂ ਹੀ ਲਹੂ ਕਰਦੇ ਆਵਾਜ਼ ਨੂੰ,
ਲਹੂ ਹੀ ਲਹੂ ਕਰਦੇ ਕਾਇਨਾਤ ਨੂੰ!!
ਸਮੇਂ ਵੀਰਾਨ ਕੀਤੇ
ਹਰ ਨਜ਼ਾਰਾ ਹੋ ਗਿਆ ਅਹੱਲਿਆ ਦਾ ਪੱਥਰ


WWW.SIKHBOOKCLUB.COM 

ਬੇਸ਼ੁਮਾਰ ਬਗ਼ਾਵਤਾਂ ਦੀ ਤਿੜਕੀ ਖੋਪਰੀ—
ਇਹ ਸਭ ਪੜਦੇ ਪਾੜ ਕੇ
ਖ਼ੂਨਖਾਰ ਲਹੂ ਦੀ ਅੱਗ ਉਛਾਲ ਖਾਂ।

ਉਦਾਸ ਖੇਤਾਂ ਦੇ ਅੰਦਰ
ਸਾਂਝਾਂ ਦੀ ਤਮੀਜ਼ ਨੂੰ ਭੁੱਲੇ ਮੁਲਕ ਅੰਦਰ
ਗੀਤਾਂ ਨੂੰ ਸਿਕਦੇ ਪੋਠੋਹਾਰ ਅੰਦਰ
ਪੱਥਰ ਹੋਏ ਅਖਾੜਿਆਂ ਅੰਦਰ
ਤੂੰ ਜ਼ਰਾ ਝੁੱਲਦਾ ਆ ਖਾਂ
ਵੀਰਾਨ ਸਮੇਂ ਦੇ ਅੰਦਰ
ਸਾਉਣ ਮਾਹ ਦੀਆਂ ਝੜੀਆਂ ਦੇ ਵਾਂਗੂੰ।
ਪਿੱਪਲਾਂ ਦੀ ਗੂੰਜ ਪਾਉਂਦਾ
'ਇਨਕਲਾਬ ਜ਼ਿੰਦਾਬਾਦ' ਦੇ ਝੱਖੜਾਂ ਅੰਦਰ
ਸੂਰਜਾਂ ਦੇ ਕਾਫ਼ਲੇ ਰੋਲਦਾ,
ਆ ਖਾਂ ਕਹਿਰ ਦੇ ਸਿਖਰ ਦੁਪਹਿਰੇ ਨੂੰ ਲੈ ਕੇ।

ਪਾਕ ਦੀਨ ਦੀ ਹਉਂ ਨੂੰ ਮੇਟ ਕੇ
ਸੱਚੇ ਧਰਮ ਦੇ ਐਬ ਨੂੰ ਤੋੜ ਕੇ
ਜ਼ਰਾ ਚਮਕਾ ਸੂਰਜ ਦੇ ਵਾਂਗ
ਪੰਜ ਦਰਿਆਵਾਂ ਦਾ ਨਾਮ ਚੰਘਿਆੜਦਾ—
ਸ਼ਮਸ਼ੀਰਾਂ ਦੇ ਜਸ਼ਨ ਦਾ ਭਰਿਆ ਪਿਆਲਾ
ਪੰਜਾਬ ਦੇ ਬੁੱਲ੍ਹਾਂ ਨਾ' ਲਾ ਦੇ।
ਉਹ ਸੁਆਦ
ਜੋ ਫਾਂਸੀ ਦੇ ਰੱਸੇ ਨੂੰ ਚੁੰਮਦਿਆਂ ਚੱਖਿਆ
ਉਸ ਤਲਖ ਉਡਦੇ ਨਸ਼ੇ ਦੇ ਨਾਲ
ਬੇਲਿਆਂ 'ਚ ਫਿਰਦਾ ਪੰਜਾਬ ਤੜਪਾ ਦੇ;
ਤੇਗਾਂ ਦੀ ਛਾਂ ਹੇਠ ਗੀਤ ਜੋ ਗਾਇਆ
ਪੰਛੀਆਂ ਦੀ ਚੁੰਝ ਨਾਲ ਜ਼ਹਿਰ ਉਹ ਲਾ ਦੇ।

*(ਅਗਸਤ, 1965)*

•

# 18

# ਇਕ ਗੀਤ

[ਬਾਰ ਦੇ ਧਿਆਨ ਵਿਚ]

ਅਸਾਂ ਸਿਖਰ ਦੁਪਹਿਰਾਂ ਝੱਲੀਆਂ ਵੋ,
ਡੂੰਘੇ ਪੈਂਡੇ ਤੇ ਜਿੰਦਾ ਇਕੱਲੀਆਂ ਵੋ—

ਭੁੱਲ ਭੁੱਲ ਥੱਕੇ ਭੁਲ ਨ ਸਕੀਆਂ
ਸਾਨੂੰ ਯਾਰ ਦੀਆਂ ਦੋ ਗੱਲੀਆਂ[1] ਵੋ।

ਸ਼ਹੁ-ਨੈਣਾਂ ਦੀਆਂ ਅਥਰੀਆਂ ਜੂਹਾਂ
ਅਸਾਂ ਜ਼ੋਰ-ਜਬਰ ਨਾਲ ਮੱਲੀਆਂ ਵੋ।

ਸਾਡੇ ਤਾਂ ਹਸ਼ਰਾਂ ਦੇ ਪੈਂਡੇ ਸੁਵੱਲੇ
ਟਣਕਣ ਊਠਾਂ ਦੀ ਟੱਲੀਆਂ ਵੋ।

ਪਰ੍ਹਿਆਂ ਤੇ ਟਿੱਲਿਆਂ 'ਤੇ ਗੱਲਾਂ ਧੁੰਮੀਆਂ
ਸ਼ਹੁ ਦੀਆਂ ਖੇਡਾਂ ਅਵੱਲੀਆਂ ਵੋ।

ਹਿਜਰ ਦਰੇਡਿਉਂ ਤੱਕਣੇ ਆਏ
ਕਿਨ੍ਹਾਂ ਦੀਆਂ ਨਜ਼ਰਾਂ ਸਵੱਲੀਆਂ ਵੋ।

ਅਸਾਂ ਸਿਖਰ ਦੁਪਹਿਰਾਂ ਝੱਲੀਆਂ ਵੋ
ਡੂੰਘੇ ਪੈਂਡੇ ਤੇ ਜਿੰਦਾ ਇਕੱਲੀਆਂ ਵੋ।

*(ਅਪਰੈਲ, 1965)*

•

1. ਗੱਲੀਆਂ = ਗੱਲਾਂ।

WWW.SIKHBOOKCLUB.COM Page 154

# 19

# ਇਕ ਗੀਤ

[ਬਾਰ ਦੇ ਧਿਆਨ ਵਿਚ]

ਸ਼ਹੁ ਦੂਰ ਤੇ ਗੱਲਾਂ ਵੱਡੀਆਂ ਵੋ,
ਅੱਖੀਂ ਦੇਸ ਬੇਗਾਨੇ ਤੇ ਗੱਡੀਆਂ ਵੋ।

ਅਸਾਂ ਇਲਮ ਸ਼ਗ੍ਹਾ ਤੇ ਵਫ਼ਾ ਦੀਆਂ
ਗੱਲਾਂ ਸ਼ੌਕ ਦੇ ਮੁਲਕਾਂ 'ਚ ਛੱਡੀਆਂ ਵੋ।

ਸਾਂਦਲ ਬਾਰੇ ਨੀ ਨੱਢੀਆਂ ਵੋ
ਉੱਵ ਹਾਣ ਦੀਆਂ ਉੱਵ ਵੱਡੀਆਂ ਵੋ।

ਅਸਾਂ ਹੰਝੂ ਨਹੀਂ, ਰੂਹਾਂ ਹੰਝੂਆਂ ਦੀਆਂ
ਡੂੰਘੇ ਦਿਲ-ਦਰਿਆਵਾਂ 'ਚ ਛੱਡੀਆਂ ਵੋ।

ਤੈਂ ਜੋਬਨੇ ਨਦੀਆਂ ਦੀ ਧਾੜ ਪਾਈ
ਜਦ ਰਿਜ਼ਕ ਨੇ ਫਸਲਾਂ ਵੱਢੀਆਂ ਵੋ।

ਸ਼ਹੁ ਦੂਰ ਤੇ ਗੱਲਾਂ ਵੱਡੀਆਂ ਵੋ
ਅੱਖੀਂ ਦੇਸ ਬੇਗਾਨੇ ਤੇ ਗੱਡੀਆਂ ਵੋ।

*(ਅਪਰੈਲ, 1965)*

•


WWW.SIKHBOOKCLUB.COM 

## 20

# ਸ਼ਾਮ ਸਿੰਘ ਅਟਾਰੀ ਵਾਲੇ ਦੀ ਵਿਦਾਇਗੀ

ਸ਼ਾਮ ਸਿੰਘ ਸਰਦਾਰ ਨੇ, ਛੱਡ ਪਿੰਡ ਅਟਾਰੀ
ਤੱਕਿਆ ਦੇਸ ਪੰਜਾਬ ਨੂੰ, ਫਿਰ ਜਾਂਦੀ ਵਾਰੀ,
ਚਿੱਟੇ ਘੋੜੇ ਬੈਠ ਕੇ, ਹੱਸ ਫ਼ਤਿਹ ਗੁੰਜਾਰੀ
ਨ ਤੱਕ ਲਾਹੌਰ ਨੂੰ ਹੋਇਆ, ਜਲ ਅੱਖੀਉਂ ਜਾਰੀ ॥੧॥

ਸੂਰਜ ਛਿਪਦੇ ਵਾਂਗ ਹੀ, ਇਕ ਨਜ਼ਰ ਪਿਆਰੀ
ਸੁੱਟ ਕੇ ਦੇਸ ਪੰਜਾਬ ਤੇ, ਚੁੱਕ ਤੇਗ ਦੁਧਾਰੀ
ਮਹਾਂ ਬਲੀ ਨੂੰ ਯਾਦ ਕਰ, ਰਣ ਯੋਧਾ ਭਾਰੀ
ਚੱਲਿਆ ਦੇਸ ਪੰਜਾਬ ਤੋਂ, ਵੱਡ ਤੇਗ ਜੁਝਾਰੀ ॥੨॥

ਮੈਂ ਦੱਰੇ ਖ਼ੈਬਰ ਤੀਕਰਾਂ, ਪਿਆ ਵਾਜਾਂ ਮਾਰਾਂ
ਸਾਡੀ ਫ਼ਤਿਹ ਬੁਲਾਈ ਮੰਨਣੀ, ਅੱਜ ਅੰਤਮ ਵਾਰਾਂ
ਖੜ੍ਹ ਹਰੀ ਸਿੰਘ ਦੇ ਖ਼ੂਨ ਨੂੰ, ਇਕ ਅਰਜ਼ ਗੁਜ਼ਾਰਾਂ :
ਤੁਸਾਂ ਲਾਜ ਤੇਗ ਦੀ ਰੱਖਣੀ, ਮੰਨ ਵੀਰ ਪਿਆਰਾਂ,
ਦਿੱਤਾ ਖ਼ੂਨ ਪੰਜਾਬ ਨੂੰ, ਲੱਖ ਸ਼ਾਹ ਸਵਾਰਾਂ
ਤੱਕ ਮੌਤ ਨੂੰ ਗਾਉਂਦਿਆਂ ਲੜੇ ਨੇ, ਘਮਸਾਨ ਹਜ਼ਾਰਾਂ,
ਮੈਂ ਸਤਲੁਜ ਕੰਢੇ ਜਿੰਦੜੀ, ਸੌ ਵਾਰੀ ਵਾਰਾਂ
ਉਸ ਬਾਜਾਂ ਵਾਲੇ ਗੁਰੂ ਦਾ, ਜਦ ਨਾਮ ਚਿਤਾਰਾਂ ॥੩॥

ਸੂਰਜ ਵਾਂਗੂੰ ਚਮਕਦਾ, ਸਰਦਾਰ ਸ਼ਹੀਦਾਂ
ਦੱਰੇ ਖ਼ੈਬਰ ਤੀਕਰਾਂ, ਕਰ ਲੱਖ ਉਮੀਦਾਂ
ਤੁਰਿਆ ਬਲੀ ਪੰਜਾਬ ਦਾ, ਲੈ ਮੁਲਖੀਂ ਦੀਦਾਂ—
ਤੇਗਾਂ ਰੋ ਕੇ ਚੁੰਮੀਆਂ, ਦਸ਼ਮੇਸ਼ ਮੁਰੀਦਾਂ
ਖੈਰਾਂ ਮੰਗ ਕੇ ਚੱਲਿਆ, ਸਰਦਾਰ ਸ਼ਹੀਦਾਂ ॥੪॥

ਬੰਨ੍ਹਿਆਂ ਗਾਨਾ ਮੌਤ ਦਾ, ਸਰਦਾਰ ਪੰਜਾਬੀ
ਅੱਖੀਂ ਤੇਗ ਦਾ ਚਮਕਿਆ, ਮਦ ਖ਼ੂਨ ਉਨਾਬੀ
ਪੰਜੇ ਉਂਗਲਾਂ ਕੜਕਿਆ, ਚੜ੍ਹ ਜ਼ੋਰ ਉਕਾਬੀ
ਰਗ ਰਗ ਅੰਦਰ ਧਾੜਿਆ, ਰਣ-ਖ਼ੂਨ ਅਜ਼ਾਬੀ ॥੫॥

WWW.SIKHBOOKCLUB.COM

ਤੱਕਿਆ ਫੇਰ ਪੰਜਾਬ ਨੂੰ, ਉਸ ਜਾਂਦੀ ਵਾਰੀ—
ਧੀਆਂ ਵਾਂਗੂੰ ਆਣ ਕੇ, ਸਰਦਾਰ ਨੂੰ ਪਿਆਰੀ
ਧਾਹ ਲੱਗੀ ਗਲੇ ਪੰਜਾਬ ਦੀ, ਉਹ ਧਰਤੀ ਸਾਰੀ—
ਘੋੜੇ ਉੱਤੋਂ ਉਤਰਿਆ, ਸਰਦਾਰ ਜੁਝਾਰੀ
ਤੇਗ ਦੀ ਨੋਕ ਤੇ ਤੋਲ ਕੇ, ਕੋ ਹੰਝੂ ਭਾਰੀ
ਮਸਤਕ ਧਰ ਤੇ ਰੱਖਿਆ, ਰਣ ਸ਼ਾਹ ਸਵਾਰੀ ॥੬॥

*(ਮਈ, 1965)*

•

# 21

## ਸਲਾਮ

ਮੈਨੂੰ ਸਲਾਮ ਉਹ ਭੁੱਲਦਾ ਨ
ਵਾਹਗੇ ਤੋਂ ਪਾਰ ਦੇ ਮੁਲਕਾਂ ਦਾ।
ਹੰਝੂਆਂ 'ਚ ਜਸ਼ਨ ਹੋਇਆ
ਸੂਰਜਾਂ ਦੇ ਕਹਿਰ ਦਾ—
ਤਲੀਆਂ ਦੇ ਹੇਠ
ਸਮੁੰਦਰਾਂ ਨੇ ਅੱਗ ਬਾਲੀ—
ਆਸਮਾਨਾਂ 'ਚ ਸਾਜ਼ਿਸ਼ਾਂ ਹੋਈਆਂ
ਮੋਈ ਮਿੱਟੀ ਨੂੰ ਰੋਸ਼ਨ ਵੇਖ ਕੇ।

ਸਲਾਮ ਮੂਕ ਸੀ ਅੱਥਰੂ ਵਾਂਗੂੰ
ਐਪਰ ਖ਼ਾਮੋਸ਼ ਫ਼ਰਿਆਦ ਦੇ ਉਹਲੇ
ਉਹ ਸਾਹੋ ਸਾਹ ਹੋ ਦੌੜਦੀ
ਅਜ਼ਲ ਤੋਂ ਵਿਛੜੇ ਕਾਫ਼ਲਿਆਂ ਪਿੱਛੇ।

ਸਲਾਮ ਦਾ ਅੱਥਰੂ ਡਲ੍ਹਕਦਾ
ਜਿਸਦਾ ਪਰਦਾ ਤਾਣਕੇ
ਸੀਨਾ ਇਉਂ ਲੁੱਛਦਾ
ਜਿਵੇਂ ਅਜ਼ਰਾ ਪਿਆਸੇ ਬੱਚੇ ਲਈ
ਦੋ ਪਹਾੜੀਆਂ ਵਿਚਕਾਰ ਹਫ ਹਫ ਡਿੱਗ ਕੇ
ਇਕ ਘੁੱਟ ਪਾਣੀ ਦੀ ਢੂੰਡਦੀ।

*(ਸਤੰਬਰ, 1965)*

•


WWW.SIKHBOOKCLUB.COM

# 22

## ਧ੍ਰੂਵ ਤਾਰਾ

ਤਾਰਾ ਚਮਕਦਾ ਧ੍ਰੂਵਾਂ ਦਾ!
ਸ੍ਰਿਸ਼ਟੀ ਦੀ ਲਾਲ ਸੂਹੀ ਜੀਭ ਚਮਕਦੀ,
ਬੇਸ਼ੁਮਾਰ ਮਲਬੇ ਦੇ ਹੇਠੋਂ;
ਤਿਣਕਿਆਂ ਦਾ ਜਾਲ ਕੰਬਦਾ ਸੂਰਜ ਦੇ ਜਿਸਮ ਤੇ;
ਨਦੀਆਂ ਦੀ ਚਰਖੜੀ ਘੁੰਮਦੀ
ਸਮੁੰਦਰਾਂ ਦੀ ਨਾਭ ਦੇ ਅੰਦਰ;
ਕਹਿਰ ਦੇ ਸਿੰਧ ਦਾ ਇਕ ਬਿੰਦੂ ਹੀ
ਲਾਲ ਨੋਕ ਚੀਖਦੀ ਡਾਢੇ ਵਾਣ ਦੀ,
ਦਸਦੀ ਸ਼ਾਨ ਲੁਕੇ ਤੀਰ ਅੰਦਾਜ਼ ਦੀ—
ਸ੍ਰਿਸ਼ਟੀ ਅੱਗ ਹੈ
ਅੰਨ੍ਹੇ ਤੀਰ-ਅੰਦਾਜ਼ ਦਾ ਜਿਸਮ ਵੀ,
ਜਿਸਨੇ ਗੁਪਤਵਾਸ ਕੀਤਾ
ਤਾਰਿਆਂ ਦੇ ਸੰਘਣੇ ਜਾਲ ਵਿਚ—
ਕਦੇ ਕਦੇ ਧੁੰਮਦਾ!
ਧ੍ਰੂਵ ਤਾਰੇ ਨੂੰ ਚੁੰਮ੍ਹਦਾ।

*(ਅਗਸਤ, 1965)*

•


WWW.SIKHBOOKCLUB.COM 

# 23

# ਤੱਤੀ ਤਵੀ ਤੇ

ਉਹ ਦੀਨ-ਦੁਨੀ ਦੇ ਸ਼ਹਿਨਸ਼ਾਹ, ਇਕ ਅਰਜ਼ ਅਸਾਡੀ
ਹੋਏ ਜੇ ਅਰਸ਼ਾਂ ਵਾਲੜੇ, ਜ਼ਰਾ ਨਜ਼ਰ ਤੁਸਾਡੀ
ਭਰ ਅੱਥਰੂ ਤੈਂ ਵਲ ਵੇਖਦੀ, ਕੋਈ ਧਰਤ ਦੁਰਾਡੀ
ਮਾਰੀ ਉੱਡਦੀ ਕੂੰਜ ਨੇ, ਧਾਹ ਅੰਬਰ ਡਾਢੀ॥੧॥

ਤੱਤੀ ਤਵੀ ਤੇ ਬੈਠਿਆ, ਇਹ ਅਰਜ਼ ਹੈ ਮੇਰੀ
ਰਾਵੀ ਦੇ ਵੱਲ ਵੇਖ ਕੇ, ਤੂੰ ਜਾਂਦੀ ਵੇਰੀ
ਜੋ ਅੱਥਰੂ ਅਸਾਂ ਨੂੰ ਬਖ਼ਸ਼ਿਆ, ਵਿਚ ਰਮਜ਼ ਡੂੰਘੇਰੀ
ਉਸ ਅੱਥਰੂ ਨੂੰ ਪਈ ਵਿਲਕਦੀ, ਉਹ ਧਰਤੀ ਤੇਰੀ॥੨॥

ਤੱਤੀ ਤਵੀ ਤੇ ਗਾਂਦਿਆ, ਇਹ ਅਰਜ਼ ਹਮਾਰੀ
ਹੱਸ ਖ਼ੂਨੀ ਸ਼ਾਹ ਨੂੰ ਤੱਕਿਆ, ਜਦ ਜਾਂਦੀ ਵਾਰੀ
ਮੀਆਂ ਮੀਰ ਦੇ ਵੇਂਹਦਿਆਂ, ਹੱਥ ਬੰਨ੍ਹਦੇ ਸਾਰੀ
ਤੂੰ ਬਖ਼ਸ਼ੀ ਦੁਖੀ ਮੁਰੀਦ ਨੂੰ, ਵੱਥ ਬਹੁਤ ਪਿਆਰੀ:
ਸਬਰ ਸ਼ਹੀਦਾਂ ਡੋਬ ਕੇ, ਇਕ ਤੇਗ ਦੁਧਾਰੀ—
ਉਸ ਤੇਗ ਨੂੰ ਚੁੰਮ੍ਹਨ ਵਾਸਤੇ, ਅਸਾਂ ਅਰਜ਼ ਗੁਜ਼ਾਰੀ॥੩॥

ਤੱਤੀ ਤਵੀ ਤੇ ਬੈਠਿਆ, ਸੁਣ ਅਰਜ਼ ਨਿਮਾਣੀ
ਦੇ ਵਾਜਾਂ ਵਗੇ ਨੇ ਰਾਵੀਉਂ, ਮੇਰੀ ਅਰਜ਼ ਦੇ ਪਾਣੀ
ਤਿਰੀ ਰਾਵੀ ਵਿੱਚੋਂ ਵਗੇ ਨੇ, ਲਖ ਸਾਗਰ ਜਾਣੀ
ਤੇਰੇ ਛਾਲੇ ਚੁੰਮ੍ਹ ਬਉਰਾਣੜੇ, ਮੇਰੇ ਦਰਦ ਦੇ ਪਾਣੀ॥੪॥

ਤੱਕ ਮਸਕੀਨੜੇ ਅੱਥਰੂ, ਕਰ ਨਜ਼ਰ ਪਿਆਰੀ
ਜਦ ਰਮਜ਼ ਇਲਾਹੀ ਨਾਲ ਚੁੱਕ, ਇਕ ਸਾਗਰ ਭਾਰੀ
ਕੀਤਾ ਨਜ਼ਰ ਅਸਾਡੜੀ, ਤੂੰ ਜਾਂਦੀ ਵਾਰੀ
ਤਾਂ ਚੌਦਾਂ ਤਬਕਾਂ ਅੰਦਰਾਂ, ਸੱਦ ਸਿਦਕ ਨੇ ਮਾਰੀ,
ਖੈਰ ਲਈ ਅੱਡੇ ਹੱਥ ਸੀ, ਜੋ ਨਾਲ ਲਾਚਾਰੀ
ਉਹ ਬਿਜਲੀ ਬਿਜਲੀ ਹੋ ਗਏ, ਪੀ ਸਬਰ ਜੁਝਾਰੀ
ਹੱਥ ਉਹ ਚੁੰਮਣ ਵਾਸਤੇ, ਅਸਾਂ ਅਰਜ਼ ਗੁਜ਼ਾਰੀ॥੫॥

*(ਜੂਨ, 1965)*

•


WWW.SIKHBOOKCLUB.COM

## 24

# ਕਾਫ਼ਰਾਂ ਦਾ ਗੀਤ

ਇਸ ਚਰਖ਼-ਜ਼ਿਮੀਂ ਨੂੰ ਤੋੜ ਦਿਉ।
ਮੈਨੂੰ ਖੇਡਣ ਲਈ ਕੁਝ ਹੋਰ ਦਿਉ।

ਨ ਜਾਣ ਸਕੀ ਨ ਮਾਣ ਸਕੀ
ਮੈਨੂੰ ਬਾਹੀਂ ਲੱਖ-ਕਰੋੜ ਦਿਉ।

ਇਹ ਕੁਫਰ ਅੱਲਾ ਦਾ ਸਿਰ ਤੋੜੂ
ਇਹ ਕੂਕ ਅੰਬਰ ਤੋਂ ਮੋੜ ਦਿਉ।

ਇਹ ਸਬਕ ਰਜ਼ਾ ਦਾ ਛੋੜ ਦਿਉ,
ਇਹ ਘੜਾ ਸਬਰ ਦਾ ਫੋੜ ਦਿਉ।

ਦੋ ਜਗ ਦੀ ਮੱਦ ਮੈਂ ਪੀ ਬੈਠਾ
ਜ਼ਰਾ ਨਾਲ ਸੂਲੀਆਂ ਜੋੜ ਦਿਉ।

ਔਹ ਪਾਕ ਮੰਜ਼ਲ ਤੇ ਅੱਲਾ ਹੈ,
ਉਸ ਮੰਜ਼ਲ ਦਾ ਸਿਰ ਫੋੜ ਦਿਉ।

ਇਸ ਥਲ ਵਿਚ ਨਹੀਂ ਜਨੂੰਨ ਰਿਹਾ
ਜ਼ਰਾ ਸ਼ਾਹ ਸਵਾਰ ਤਾਂ ਹੋਰ ਦਿਉ।

ਇਹਦੇ ਨਾਜ਼ ਰਹੇ ਨ ਅੱਥਰੇ ਉਹ
ਕੋਈ ਹੋਰ ਦਿਲਾਂ ਦਾ ਚੋਰ ਦਿਉ।

ਔਹ ਖ਼ੂਨ ਮੁਜਾਹਿਦ ਤੂਰ ਭਖੇ
ਫੜ ਮੂਸਾ ਦੀ ਗਸ਼ ਤੋੜ ਦਿਉ।

ਹਰ ਰਣ ਦੀ ਆਪਣੀ 'ਵਾਜ ਹਈ
ਜੋ ਤੁਰਦਾ ਉਸ ਨੂੰ ਤੋਰ ਦਿਉ।

*(ਨਵੰਬਰ, 1965)*

•



WWW.SIKHBOOKCLUB.COM 

# 25
## ਹੁੱਲਿਆ ਸਾਵਨ

ਹੁੱਲਿਆ! ਸਾਵਨ ਹੁੱਲਿਆ ਹੋ,
ਮਿਰੇ ਸੋਹਣੇ ਝਨਾਂ ਦੀ ਮੌਜ ਬੁਰੀ
ਲੱਖ ਰੇਤ ਦਾ ਝੱਖੜ ਝੁੱਲਿਆ ਹੋ।

ਇਕ ਕਣੀ ਤੋਂ ਜਿੰਦੜੀ ਵਾਰ ਦੇਈਏ
ਰਹੇ ਹਸ਼ਰ ਦਾ ਬੂਹਾ ਖੁੱਲਿਆ ਹੋ।

ਜ਼ਰਾ ਹੋਸ਼ ਸੰਭਲ ਹੁਸ਼ਿਆਰ ਰਹੇ
ਰਾਹ ਯਾਰ ਜਿਗਰ ਦਾ ਭੁੱਲਿਆ ਹੋ।

ਚੁੱਕ ਬਿਜਲੀਆਂ ਅਰਸ਼ੀਂ ਗਾ ਉੱਡੀਆਂ
ਜਿਸ ਪੱਤ 'ਤੇ ਸਾਗਰ ਡੁੱਲ੍ਹਿਆ ਹੋ।

ਰਹੇ ਖ਼ੂਨ ਤੇਗ ਦਾ ਵਿੱਚ ਪਲਕਾਂ
ਰਹੇ ਝੱਖੜੀਂ ਸੂਰਜ ਰੁੱਲਿਆ ਹੋ।

ਰਣ ਭਖਿਆ ਸਿਖਰ ਸਿਤਾਰਿਆਂ ਦਾ
ਚੁੱਕ ਦੀਵਾ ਸਾਜਨ ਜੁੱਲਿਆ ਹੋ।

ਨ ਖ਼ੁਦੀ ਬੇ-ਖ਼ੁਦੀ ਦੇ ਰੰਗ ਰਹੇ
ਪੀ ਲਾਲ ਜ਼ਾਰ ਵਣ ਫੁੱਲਿਆ ਹੋ।

ਉਸ ਰਣ ਕਹਿਰਾਂ ਦਾ ਤਾਪ ਪਿਆ
ਨ ਖ਼ੂਨ ਖ਼ੰਜਰ ਤੇ ਤੁੱਲਿਆ ਹੋ।

ਵਣ ਖ਼ੁਦੀ ਦੇ ਸ਼ੇਰਾਂ ਵਾਂਗ ਸੁੱਤੇ,
ਝੁੱਲ ਬੇਪ੍ਰਵਾਹੇ ਬੁੱਲ੍ਹਿਆ ਹੋ।

ਹੁੱਲਿਆ! ਸਾਵਨ ਹੁੱਲਿਆ ਹੋ,
ਇਸ ਰਾਜ਼ ਨੂੰ ਅਸੀਂ ਸੰਭਾਲ ਰਹੇ
ਆ ਅੱਧ-ਵਿਚਕਾਰੇ ਖੁੱਲ੍ਹਿਆ ਹੋ।

*(ਮਈ, 1965)*

•


WWW.SIKHBOOKCLUB.COM

# 26
# ਹੀਰ ਦਾ ਨਜ਼ਾਰਾ

ਹੀਰ ਚਾਨਣ ਦੇ ਲਹੂ ਵਿਚ ਬਲਦੀ
ਅੱਗ ਦੇ ਚੱਪੂ ਮਾਰਦੀ ਕੰਬਦੇ ਝਨਾਂ ਵਿਚ—
ਰਾਂਝੇ ਦੀ ਬੰਸਰੀ ਚੋਂ ਛਲਾਂ ਮਾਰਦੇ ਕੱਪਰ
ਜਲਾਲ ਦੇ ਪਿਆਸੇ ਲਹੂ ਵਿਚ ਡੂੰਘੇ ਡੁੱਬਦੇ—
ਸ਼ਮਸ਼ੀਰ ਤਕ ਜ਼ਹਿਰੀ ਜਲਾਲ ਵਿਚ ਰੰਗਿਆ
ਹੀਰ ਦਾ ਲਹੂ ਕੁਰਬਾਨ ਹੋਇਆ ਹੁਸਨ ਹੈ;
ਲਾਲ ਕੂਕਾਂ ਮਾਰਦੀ
ਯਾਰ ਦੇ ਕਦਮਾਂ ਨੂੰ ਚੁੰਮਦੀ,
ਕੁਰਬਾਨ ਹੋਏ ਇਸ ਲਹੂ ਦੀ ਅੱਗ
ਸੂਲੀਆਂ ਵੱਲ ਉੱਡਦੀ—
ਜੱਲਾਦਾਂ ਦੇ ਹੱਥਾਂ ਨੂੰ ਚੁੰਮਦੀ।

ਹੀਰ ਦਾ ਜਿਸਮ ਤੀਰ ਬਣ ਭੱਖਦਾ!
ਤੁੰਦ ਸ਼ੀਂਹਾਂ ਦੀ ਅੱਖ ਦਾ ਅੱਥਰੂ ਜਲਿਆ
ਨਾਗਾਂ ਦੀ ਜ਼ਹਿਰ ਨੂੰ ਵਿਛੜਿਆ ਦਰਿਆ ਮਿਲਿਆ,
ਕੁਰਬਾਨ ਹੋਏ, ਕੁਰਬਾਨ ਕਰਦੇ ਲਹੂ ਦਾ ਲੂੰਬਾ
ਤੂਫ਼ਾਨ ਵਾਂਗ ਵੱਜਿਆ ਸਾਰੀ ਧਰਤ ਤੇ—
ਬ੍ਰਿਛਾਂ 'ਚ ਧਸ ਗਿਆ ਸੂਹਾ ਲਹੂ।

ਸੂਹੀ ਗਲਵੱਕੜੀ ਦੀ ਮਦ ਪੀਕੇ
ਮੱਝੀਆਂ ਛਲਕਦੇ ਝਨਾਂ ਵਲ ਵੇਖਣ,
ਜਨਮ-ਕਰਮ ਦੇ ਚੱਕਰ ਟੁੱਟ ਗਏ ਸਭੇ
ਸਾਹਮਣੇ ਦਰਿਆ ਵਿਛਿਆ ਹੀਰ ਦੇ ਬੁੱਤ ਦਾ।


WWW.SIKHBOOKCLUB.COM

ਝਨਾਂ ਦੀ ਤਿਪ ਤਿਪ ਜਲਦੀ, ਭਸਮ ਹੁੰਦੀ,
ਭਸਮ ਹੋਈ ਕਾਲੀ ਦਹਿਸ਼ਤ ਨੂੰ
ਮੁੜ ਲਾਲ ਸੂਹੀ ਜੀਭ ਨਾਲ ਨਿਗਲਦੀ।
ਇਉਂ ਦਰਿਆਵਾਂ ਦੀਆਂ ਲਾਲੀਆਂ 'ਚ
ਹੀਰ ਦਾ ਜਿਸਮ ਉੱਡਦਾ,
ਪਰ ਹੀਰ ਝਨਾਂ ਬਿਨ ਜੀਏ ਨਾ।

*(ਜੂਨ, 1965)*

•


WWW.SIKHBOOKCLUB.COM

## 27

# ਵਸਲ ਦੀ ਕੂਕ

ਮੈਂ ਕਿਉਂ ਨਦੀਆਂ ਸੰਗ ਖੇਲ੍ਹੀ, ਓ ਯਾਰ ?
ਇਹ ਕੀ ਉਮਰ ਮੇਰੀ ਅਲਬੇਲੀ, ਓ ਯਾਰ ?

ਮੈਂ ਜੰਗਲ ਬੇਲੇ ਢੂੰਡ ਰਹੀ,
ਮੇਰੇ ਹਾਣ ਦਾ ਕੋਈ ਨ ਬੇਲੀ, ਓ ਯਾਰ।

ਮੈਂ ਬੇ-ਲੱਜ, ਅੰਮੀ ਵਰਜ ਰਹੀ,
ਨਸ ਬੇੜੀ ਝਨਾਂ ਵਿਚ ਠੇਲ੍ਹੀ, ਓ ਯਾਰ।

ਅਸਾਂ ਰਾਹੀਆਂ ਦੀ ਉਮਰ ਤਪਾ ਮਾਰੀ
ਆ ਡਾਢੇ ਜਾਨ ਝਮੇਲੀ, ਓ ਯਾਰ।

ਟੁੱਟ ਝੱਖੜ ਅਰਸ਼ਾਂ ਵਖਤ ਪਏ,
ਕਿਸ ਡੋਬੇ ਸਿੰਧ ਹਥੇਲੀ, ਓ ਯਾਰ!

ਜਦ ਵਸਲ ਕੂਕਦੇ ਥਲ ਤੋੜੇ,
ਤਦ ਕੋਈ ਰਿਹਾ ਨ ਬੇਲੀ, ਓ ਯਾਰ।

ਉਹ ਰੰਗਪੁਰ ਆਏ ਜਾਲ ਜਫ਼ਰ,
ਅਸਾਂ ਕਿਹਾ : ਜਿੰਦ ਨ ਵਿਹਲੀ, ਓ ਯਾਰ।

ਮੈਂ ਕਿਉਂ ਨਦੀਆਂ ਸੰਗ ਖੇਲ੍ਹੀ, ਓ ਯਾਰ ?
ਇਹ ਕੀ ਉਮਰ ਮੇਰੀ ਅਲਬੇਲੀ, ਓ ਯਾਰ ?

*(ਨਵੰਬਰ, 1965)*

•



WWW.SIKHBOOKCLUB.COM Page 165

## 28

# ਫ਼ਕੀਰਾਂ ਦਾ ਗ਼ਜ਼ਬ

ਥੱਈਆ ਥੱਈਆ ਪੈਂਦੀ ਧਮਾਲ ਓ ਯਾਰ,
ਪਿਆ ਬੇਪ੍ਰਵਾਹੀਆਂ ਨੂੰ ਹਾਲ ਓ ਯਾਰ।

ਕਾਈ ਲੋੜ ਨ ਸਾਨੂੰ ਤਬੀਬਾ ਵੇ
ਸਾਂਭ ਗ਼ੈਬ ਦੇ ਭੇਦਾਂ ਨੂੰ ਬੀਬਾ ਵੇ
ਮੁੱਖ ਤੱਕਣੇ ਦਾ ਸ਼ੌਕ ਹਬੀਬਾ ਵੇ,
ਕੁੱਝ ਰੱਖ ਦਰਵੇਸ਼ਾਂ ਦਾ ਖ਼ਿਆਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ।

ਹੋਇਆ ਨਦੀ ਤੇ ਬੇਲਾ ਬੇਹਾਲ ਵੇ
ਰਵੀ-ਚੰਨ ਨ ਅਰਸ਼ ਦੇ ਨਾਲ ਵੇ
ਚੜ੍ਹੀ ਖ਼ੂਨ ਦੀ ਚਰਖੜੀ ਲਾਲ ਵੇ,
ਪਿਆ ਬੇਲਿਆਂ ਵਿਚ ਭੁਚਾਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ।

ਚੜ੍ਹੀ ਗਜ਼ਬ ਦੀ ਚਮਕਦੀ ਛੱਲ ਵੇ
ਟੁੱਟੇ ਤੇਗ ਵਿਚ ਅਰਸ਼ ਦੇ ਝੱਲ ਵੇ
ਸੁੱਟੀ ਹੱਸ ਕੇ ਯਾਰ ਦੀ ਗੱਲ ਵੇ,
ਸਾਡੇ ਨਾਜ਼ ਦੀ ਅੱਥਰੀ ਚਾਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ।

ਸਾਨੂੰ ਬੇਪ੍ਰਵਾਹਾਂ ਵਿਚ ਭਾਲ ਵੇ
ਸਾਥੋਂ ਸਾਡੀ ਨ ਝੱਲੀ ਜਾਏ ਝਾਲ ਵੇ
ਹੋਇਆ ਹੱਸਦਿਆਂ ਅੱਥਰੂ ਲਾਲ ਵੇ,
ਜ਼ਰਾ ਸੁੱਟ ਹੁਸਨਾਂ ਦਾ ਜਾਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ।


WWW.SIKHBOOKCLUB.COM

ਜ਼ਰਾ ਹੋ ਨਜ਼ਾਰੇ ਦਾ ਚੋਰ ਵੇ
ਜ਼ਰਾ ਫੜ ਤੇਗਾਂ ਦਾ ਸ਼ੋਰ ਵੇ
ਨ ਵਾਗ-ਰਕਾਬ ਦੀ ਲੋੜ ਵੇ,
ਸਾਨੂੰ ਹਸ਼ਰ ਦਾ ਦੱਸ ਹਵਾਲ, ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ

ਸੁੱਟ ਥਲਾਂ ਦੇ ਖੁਰੇ ਤੇ ਅੱਗ ਵੇ
ਰਗ ਖਿੱਚ ਤੇਗਾਂ ਦੀ ਵੱਗ ਵੇ
ਝੱਲੇ ਅਰਸ਼ਾਂ ਦੇ ਮੁਖ ਝੱਗੋ-ਝੱਗ ਵੇ,
ਦੀਨ-ਮਜ਼ਬ ਦਾ ਰਿਹਾ ਨ ਖ਼ਿਆਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ।

ਤੇਰੇ ਰੰਗਾਂ ਦਾ ਸ਼ੋਰ ਏ ਯਾਰ ਵੇ,
ਤੇਰਾ ਹੁਸਨ, ਤੂੰਹੀਓਂ ਕਰ ਪਾਰ ਵੇ,
ਤੇਰੀ ਨਜ਼ਰ ਏ, ਜਿੱਤ ਜਾਂ ਹਾਰ ਵੇ,
ਜ਼ਰਾ ਆਪਣਾ ਲੁੱਟ ਕਮਾਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ।

ਰੁਲੇ ਹਾਲ ਬਾਜ਼ਾਰਾਂ ਦੇ ਵਿਚ ਵੇ
ਬੀਬਾ ਤੀਰ ਨਜ਼ਰ ਦਾ ਖਿੱਚ ਵੇ,
ਕਿੱਥੇ ਕਰਮ ਤੇ ਸਿਤਮ ਦੀ ਵਿੱਥ ਵੇ?
ਤੇਰੇ ਸਿਤਮ ਕੋਲ ਮਿਹਰ ਦਾ ਮਾਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ।

ਵੱਡੇ ਕੋਟਾਂ ਦੀ ਟੁੱਟੀ ਦੀਵਾਰ ਵੇ
ਲੁੱਟੇ ਸੂਰਜਾਂ ਦਾ ਹੋਰ ਗੁਬਾਰ ਵੇ
ਅੱਗ ਰਾਤਾਂ ਤੇ ਸੁੱਟੇ ਬੇਸ਼ੁਮਾਰ ਵੇ—
ਚੜ੍ਹਿਆ ਤਾਰਿਆਂ ਗਜ਼ਬ ਦਾ ਸਾਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ।

ਗਏ ਜ਼ਿਮੀਂ ਦੇ ਸਬਰ ਨਿਖੁੱਟ ਵੇ
ਪਈ ਪੈਰਾਂ ਦੇ ਕੁਫ਼ਰ ਦੀ ਲੁੱਟ ਵੇ
ਖ਼ੂਨੀ ਅੱਡੀਆਂ ਦੇ ਤਾਲ 'ਚੋਂ ਫੁੱਟ ਵੇ,
ਨਜ਼ਰਾਂ ਵਾਲਿਆ ਸਾਨੂੰ ਸੰਭਾਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ।


WWW.SIKHBOOKCLUB.COM

ਸਾਡਾ ਕੁਫ਼ਰ ਨ ਸਾਡੜੇ ਵੱਸ ਵੇ
ਪਿਆ ਨਜ਼ਰਾਂ ਦਾ ਪੈਰਾਂ ਨੂੰ ਕੱਸ ਵੇ
ਝਾਲ ਝੱਲੀ ਨ ਜਾਏ, ਏਥੋਂ ਨੱਸ ਵੇ,
ਅਸੀਂ ਬੇਪ੍ਰਵਾਹੀਆਂ ਦੇ ਨਾਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ।

ਨੈਣਾਂ ਵਾਲਿਆ ਨੈਣਾਂ ਦੀ ਸ਼ਰਮ ਨ
ਘੁੰਡ ਚੁੱਕਿਆ ਰਿਹਾ ਕੁਈ ਧਰਮ ਨ
ਬੱਝਾ ਸ਼ਰਾ ਵਿਚ ਤੇਰਾ ਵੀ ਕਰਮ ਨ,
ਵਿਰਦ ਦੇਸ ਪੰਜਾਬ ਦਾ ਪਾਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ।

ਡਾਢੀ ਦੇਸ ਪੰਜਾਬ ਦੀ ਗੱਲ ਵੇ
ਛੁੱਟੀ ਹੰਝੂ 'ਚੋਂ ਖ਼ੂਨ ਦੀ ਛੱਲ ਵੇ
ਜੀਵੇਂ ਤਕ ਮੁਲਖਾਂ ਦੇ ਵੱਲ ਵੇ
ਰੋਂਦੇ ਦੇਸ ਪੰਜਾਬ ਦੇ ਬਾਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ।

ਜਦੋਂ ਪਈ ਸ਼ਮਸ਼ੀਰਾਂ ਦੀ ਛੱਲ ਵੇ
ਡੁੱਬੇ ਗ਼ਸ਼ ਖਾ ਥਲਾਂ ਦੇ ਥਲ ਵੇ
ਉੱਠੇ ਖ਼ੂਨੀ ਸਮੁੰਦਾਂ ਚੋਂ ਬਲ ਵੇ,
ਪੀਣ ਛਾਲਿਆਂ ਵਾਲਾ ਗੁਲਾਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ।

ਜੀਵੇਂ ਪਾ ਨ ਕਤੇਬਾਂ ਦੇ ਵੱਸ ਵੇ
ਸ਼ੁਤਰ ਬੇਮੁਹਾਰਾਂ ਤੇ ਨੱਸ ਵੇ
ਖ਼ਤ ਦੇਣੇ ਜਾ ਯਾਰਾਂ ਨੂੰ ਰੱਤ ਦੇ,
ਦੇਣਾ ਕੌਲ ਸ਼ਹੀਦਾਂ ਦਾ ਪਾਲ ਓ ਯਾਰ—
ਥੱਈਆ ਥੱਈਆ ਪੈਂਦੀ ਧਮਾਲ ਓ ਯਾਰ॥

*(ਜੂਨ, 1965)*

•

WWW.SIKHBOOKCLUB.COM

# 29
# ਗਾਮੇ ਦੀ ਕਿਲਕਾਰੀ

ਧੁੱਪ ਡਿੱਗਦੀ ਵਿਚ ਅਖਾੜਿਆਂ,
ਗਾਮਾ ਆ ਗਿਆ ਨਾਲ ਪਿਆਰਿਆਂ—

ਕਿਹੜੇ ਯਾਰ ਦੀ ਤੋਰ ਲਟਕੰਦੜੀ ?
ਦੂਰੋਂ ਦੇਖਿਆ ਤਖ਼ਤ ਹਜ਼ਾਰਿਆਂ।

ਸੂਰਜ ਥਲੋ ਥਲ ਹੋਇਆ ਹੌਂਕ ਕੇ
ਤੀਰ ਖ਼ੂਨ ਕਰ ਲਏ ਨਜ਼ਾਰਿਆਂ।

ਮਾਰੀ ਚਾਂਗ ਫ਼ਕੀਰਾਂ ਦੇ ਹਾਲ ਵਿਚ
ਸਿਰ ਚੁੱਕਿਆ ਯਾਰ ਦੇ ਮਾਰਿਆਂ।

ਯੁੱਗ ਬੀਤ ਗਏ ਨੇ ਗਾਮਾ ਸੋਚਦਾ
ਚੌਦਾਂ ਤਬਕਾਂ ਦੇ ਸੀਨੇ ਨੂੰ ਪਾੜਿਆਂ।

ਕਿਹੜੀ ਧਰਤ ਦਾ ਸੀਨਾ ਗਰਜਦਾ ?
ਹੇਠਾਂ ਦੇਖਿਆ ਆਕੀ ਮੀਨਾਰਿਆਂ।

ਕਿਹੜਾ ਗਜ਼ਬ ਜੋ ਬਾਜ਼ ਨ ਆਂਵਦਾ
ਨਜ਼ਰ ਚੁੱਕ ਲਈ ਜ਼ਰਾ ਹੰਕਾਰਿਆਂ।

'ਬੇਮੁਹਾਰ ਨੇ ਚਿਹਨ ਅਸਮਾਨ ਦੇ'
ਹੱਸ ਆਖਿਆ ਬਲੀ ਕਿਨਾਰਿਆਂ।

ਧੁੱਪ ਡਿੱਗਦੀ ਵਿਚ ਅਖਾੜਿਆਂ
ਗਾਮਾ ਆ ਗਿਆ ਨਾਲ ਪਿਆਰਿਆਂ।

*(ਨਵੰਬਰ, 1965)*

•

# 30
# ਗਾਮੇ ਦਾ ਇਲਾਹੀ ਜਲਾਲ

ਗਾਮੇ ਦੀ ਤੋਰ ਲਟਕੰਦੜੀ ਨਾਲ ਖੇਲ੍ਹਦੇ
ਪਾਪ ਤੇ ਪੁੰਨ ਬਟਕਾਂ ਦੇ ਵਾਂਗੂੰ–
ਗਾਮੇ ਦੇ ਨਾਲ ਤੁਰਦੇ ਫ਼ਕੀਰ ਪੰਜਾਬ ਦੇ,
ਧਰਤ ਸੂਫ਼ੀਆਂ ਦੇ ਪਿਆਲੇ ਦੇ ਵਾਂਗ ਉਛਲਦੀ,
ਝੱਗੋ ਝੱਗ ਅਰਸ਼ ਦੀਆਂ ਅੱਖਾਂ,
ਬਸ! ਗਾਮਾ ਮੁਸਕਰਾ ਦੇਵੇ
ਚੜ੍ਹੇ ਦਰਿਆਵਾਂ ਨੂੰ ਤੱਕ ਕੇ।
ਗਾਮੇ ਦੇ ਹੱਥ ਮਿਹਰ ਵਿਚ ਫੈਲਦੇ
ਜ਼ਿਮੀਂ-ਅਸਮਾਨ ਨੂੰ ਚੈਨ ਮਿਲਦੀ–
ਗਾਮੇ ਦੀ ਨਜ਼ਰ ਉੱਡੇ
ਕਾਫ਼ਰ ਦੀ ਖ਼ੁਦੀ ਦੇ ਵਾਂਗੂੰ–
ਗਾਮਾ ਮੁਸਕਰਾਂਦਾ
ਆਪਣੇ ਬਾਲ ਦੇ ਵਾਂਗੂੰ–
ਗਾਮਾ ਖੇਡਦਾ ਆਵੇ ਨਾਦਾਨ ਦੇ ਵਾਂਗੂੰ,
'ਐਲੀ ਐਲੀ' ਦਾ ਗ਼ਜ਼ਬ ਢਾਉਂਦਾ
ਅਸਮਾਨ ਦੇ ਵਾਂਗੂੰ।

ਸੂਰਜ ਦੀ ਵਾਟ ਥੱਕੀ ਚਰਖ਼ ਤੇ,
ਗਾਮੇ ਦੀ ਅੱਖ ਵਿਚ ਗਹਿਰ ਚੜ੍ਹਦੀ ਅੱਗ ਦੀ,
ਜੋ ਯੁਗਾਂ ਦੇ ਹਾਰੇ ਮੁਸਾਫ਼ਰਾਂ ਨੂੰ ਡੋਬ ਦੇਵੇ
ਕਿਸੇ ਲਾਲ ਤੰਬੂ ਦੀ ਕੈਦ ਵਿਚ–
ਜਿਸਮ ਦੀ ਧੁੱਪ ਵਿਚ
ਗਾਮੇ ਨੇ ਮੌਤ ਦੇ ਬਾਜ਼ ਨੂੰ ਬੰਨ੍ਹਿਆ
ਤੇ ਬੇ-ਬਸ ਕੀਤਾ ਹੁਕਮ ਜੱਲਾਦ ਦਾ।
ਕੋਈ ਘਮਸਾਨ
ਕਾਲ ਦੀਆਂ ਰਗਾਂ ਤੋਂ ਤਿਲ੍ਹਕਦਾ
ਉੱਡਦਾ ਹੀ ਉੱਡਦਾ, ਨ ਠਹਿਰਦਾ ਜਿਸਮ ਤੇ–

WWW.SIKHBOOKCLUB.COM

ਸ਼ਮਸ਼ੀਰਾਂ ਦੀ ਧਾਰ ਤੇ
ਗਾਮੇ ਨੇ ਬੰਨ੍ਹਿਆ ਭਗਤਾਂ ਦੇ ਵਿਰਦ ਨੂੰ—
ਸੀਨੇ ਤੇ ਬਾਜ਼ੀ ਪੈਂਦੀ
ਬੇਖ਼ੁਦੀਆਂ ਵਿਚ ਡੁੱਬੇ ਅਸਮਾਨ ਦੀ।

ਧੁੱਪ ਫੁੱਟਦੀ ਗਾਮੇ ਦੇ ਜਿਸਮ ਚੋਂ।
ਅੱਗ ਦੀ ਸੂਲੀ ਤੈ ਟੰਗੀਆਂ ਸ੍ਰਿਸ਼ਟੀਆਂ,
ਗਾਮੇ ਦੇ ਜਿਸਮ ਦਾ ਜਸ਼ਨ ਹੁੰਦਾ
ਬੇ-ਰਹਿਮ ਸੂਰਜ ਨਜ਼ਾਰਿਆਂ ਦਾ ਖ਼ੂਨ ਕਰਦੇ,
ਭਰ ਰਹੇ ਕਹਿਰ ਨਾਲ
ਗਾਮੇ ਦੀ ਸ਼ਾਨ ਦਾ ਪਿਆਲਾ।
'ਅਨਲਹੱਕ' ਮਨਸੂਰ ਦਾ
ਗਾ ਰਿਹਾ ਗਾਮੇ ਦੀ ਅੱਖ ਵਿਚ—
ਜ਼ਰਾ ਵੀ ਇਸਦੀ ਸਾਰ ਨ ਐਪਰ
ਪੰਜਾਬ ਦੇ ਇਸ ਸੋਹਣੇ ਦਰਵੇਸ਼ ਨੂੰ—
ਓਸਦਾ ਖ਼ੂਨ ਤਾਂ ਗਾਂਵਦਾ ਗਾਂਵਦਾ
'ਅਨਲਹੱਕ' ਲਿਖ ਆਵੇ ਸੂਲੀਆਂ ਉੱਤੇ।

ਅਸਮਾਨ ਡੁੱਬਦਾ ਗਾਮੇ ਦੇ ਜਿਸਮ ਵਿਚ!
ਦਰਵੇਸ਼ ਹੈਰਾਨ ਹੈ:
"ਕਿਉਂ ਨਸਦੀਆਂ ਮੇਰੇ ਪੈਰਾਂ ਦੇ ਹੇਠਾਂ
ਤਾਰਿਆਂ ਦੀਆਂ ਮਿਸ਼ਾਲਾਂ ਅਨੇਕਾਂ!
ਕਿਉਂ ਨਬੀਆਂ ਦਾ ਨੂਰ ਨੂਰ
ਮੱਥੇ ਨੂੰ ਧਾਂਵਦਾ!
ਕਿਉਂ ਦਹਿਲਕੇ ਕੋਈ ਚੀਜ਼ ਨਸਦੀ ਹਿੱਕ ਵਲ,
ਤੇ ਬਿੱਜਲੀਆਂ ਦੇ ਵਾਂਗ ਛੁੱਟਦੇ ਬਾਜ਼ ਨੇ!!"

*(ਨਵੰਬਰ, 1965)*

•

## 31

# ਇਕ ਦੋਸਤ ਦੇ ਗੀਤ ਨੂੰ ਸੁਣ ਕੇ

ਯਾਰ ਝੁੱਲਿਆ ਵਾਂਗ ਹਨੇਰੀਆਂ।
ਅਰਜ਼ਾਂ ਸੁਣੇ ਨ ਅਰਸ਼ ਵੇ ਤੇਰੀਆਂ।

ਜਾਂ ਇਹ ਜ਼ਿਮੀਂ ਜਾਂ ਇਹ ਅਸਮਾਨ ਹੈ,
ਰਮਜ਼ਾਂ ਪੈਂਦੀਆਂ ਕਿਹੜੀਆਂ ਕਿਹੜੀਆਂ!

ਕਿਸਨੂੰ ਵਾਜਾਂ ਪੈਣ ਚੜ੍ਹ ਸੂਲੀਆਂ,
ਜਾਂ ਇਹ ਤੇਰੀਆਂ, ਜਾਂ ਇਹ ਮੇਰੀਆਂ?

ਜਾਂ ਲੁੱਟ ਲਏ ਜਾਂ ਫਿਰ ਸ਼ਹਿਨਸ਼ਾਹ ਹਾਂ,
ਮੰਜ਼ਲ ਪਹੁੰਚ ਗਏ, ਜਾਂ ਨੇ ਦੇਰੀਆ!

ਮੋਮਨ ਆਪਣਾ ਜ਼ੋਰ ਅਜ਼ਮਾ ਰਿਹਾ,
ਕਾਫ਼ਰ ਪਾ ਗਿਆ ਕਿਸ ਤਰ੍ਹਾਂ ਫੇਰੀਆਂ?

*(ਨਵੰਬਰ, 1965)*

•


WWW.SIKHBOOKCLUB.COM

# 32

## ਕੇਸਰ ਪਹਿਲਵਾਨ ਦੀ ਸ਼ਾਨ ਵਿਚ

ਝੱਖੜ ਜ਼ਿਮੀਂ ਦੀ ਟਹਿਣ ਤੇ ਝੁੱਲਿਆ,
ਕੇਸਰ ਚੜ੍ਹੇ ਦਰਿਆ ਜਿਉਂ ਖੁੱਲ੍ਹਿਆ।

ਕਿਵੇਂ ਸੂਫ਼ੀਆਂ ਨਾਲ ਲਟਕੰਦੜਾ
ਆਇਆ ਸ਼ਹਿਰ ਪਟਿਆਲੇ ਤੂੰ ਬੁੱਲ੍ਹਿਆ ?

[1]ਵਾਰਿਸ ਸ਼ਾਹ ਦੇ ਵਿਰਦ ਨੂੰ ਪਾਲਦਾ
ਤੂੰ ਤਾਂ ਦੇਸ ਪੰਜਾਬ ਵਿਚ ਹੁੱਲਿਆ!

ਕੇਸਰ ਸਾਈਂ ਦੇ ਗਜ਼ਬ 'ਤੇ ਹੱਸਦਾ
ਡਾਢੇ ਜ਼ਿਮੀਂ-ਅਸਮਾਨ ਨੂੰ ਭੁੱਲਿਆ।

ਆਦਮ ਕੂਕਦਾ: "ਤੈਂਡੀ ਤਕਸੀਰ ਅੱਲਾ,
ਤੈਂਡਾ ਰੋਹ ਇਸ ਖ਼ਾਕ ਵਿਚ ਰੁੱਲਿਆ।"

ਬਾਜ਼ ਆ ਜਾ ਅਰਸ਼ ਦੇ ਮਾਲਕਾ
ਤੈਥੋਂ ਰਾਜ਼ ਜ਼ਮੀਨ ਦਾ ਭੁੱਲਿਆ।

ਹੱਦਾਂ ਤੋਂ ਮੁਨਕਰ ਹੁੰਦਿਆਂ ਸੂਰਜਾਂ
ਦੇਖਿਆ 'ਚਾਨਚਕ ਕਾਫ਼ਲਾ ਰੁੱਲਿਆ।

*(ਨਵੰਬਰ, 1965)*

•

1. ਮਸ਼ਹੂਰ ਹੈ ਪਈ ਕੇਸਰ ਪਹਿਲਵਾਨ ਵਾਰਿਸ ਦੀ ਹੀਰ ਦੇ ਖ਼ਾਸ ਸ਼ੌਕੀਨ ਸਨ।



WWW.SIKHBOOKCLUB.COM

# 33

# ਇਕ ਦੋਸਤ ਨੂੰ

ਸਾਡਾ ਇਕ ਉਲਾਂਭੜਾ ਯਾਰ ਵੇ,
ਤੇਰਾ ਗ਼ੈਬ ਦੇ ਨਾਲ ਪਿਆਰ ਵੇ।

ਨੂਰ ਪਾਲਣਾ ਇਲਮ ਦੀ ਬੁੱਕਲੇ
ਸਾਡੇ ਸ਼ੌਕ ਦੀ ਲੈਣੀ ਨ ਸਾਰ ਵੇ।

ਜੁਗਨੂੰ ਭੁੱਲ ਕੇ ਤੱਕਣਾ ਸੂਰਜਾਂ
ਖੋਲ੍ਹ ਬੇਪ੍ਰਵਾਹੀਆਂ ਦੇ ਬਾਰ ਵੇ।

ਤੱਕ ਹਿਜਰ-ਨਜ਼ਾਰੇ ਨੂੰ ਹੱਸਣਾ
ਪਾਉਣੀ ਵਸਲ ਦੀ ਰਾਤ ਪੁਕਾਰ ਵੇ।

ਸਹਿਣਾ ਦੁੱਖੜਾ ਨਜ਼ਰ ਦੇ ਜ਼ੋਰ ਤੇ
ਪਾਉਣਾ ਵਾਸਤਾ ਕਦੇ ਨ ਹਾਰ ਵੇ।

ਸਾਡਾ ਇਕ ਉਲਾਂਭੜਾ ਯਾਰ ਵੇ,
ਤੇਰਾ ਗ਼ੈਬ ਦੇ ਨਾਲ ਪਿਆਰ ਵੇ।

*(ਅਪਰੈਲ, 1965)*

•

WWW.SIKHBOOKCLUB.COM

# 34
## ਪੰਜਾਬਣ ਦਾ ਗੀਤ

ਖੁੱਲ੍ਹ ਜ਼ੁਲਫ਼ ਦੀ ਗਈ ਪਰਵਾਜ਼ ਵੇ,
ਮੈਂ ਨ ਝੱਲਣੇ ਅਰਸ਼ ਦੇ ਨਾਜ਼ ਵੇ।

ਆਖ਼ਰ ਨਜ਼ਰ ਦਾ ਵੀ ਕੋਈ ਕਹਿਰ ਹੈ,
ਲਹਿੰਦੇ ਲਹਿ ਗਏ ਧਰਤ ਤੇ ਬਾਜ਼ ਵੇ।

ਕੀਤੀ ਅੰਗ ਅੰਗ ਧਾੜਵੀ ਸੂਰਜਾਂ,
ਮੈਂ ਤਾਂ ਰਹਿ ਗਈ ਨਿਰੀ ਆਵਾਜ਼ ਵੇ।

ਸਾਜ਼ ਜਿਸਮ ਦਾ ਜਾਣਿਆਂ ਮੋਨ ਹੈਸੀ,
ਖੁੱਲ੍ਹੇ ਅਜਬ ਘਮਸਾਨ ਦੇ ਰਾਜ਼ ਵੇ।

ਭਰੇ ਸ਼ੋਰ ਵਿਚ ਚੁੱਪ-ਗੰਭੀਰ ਸੁੱਤੀ,
ਤੋੜ ਘੱਤਿਆ ਜ਼ਾਲਿਮਾਂ ਸਾਜ਼ ਵੇ।

ਖੁਲ੍ਹ ਜ਼ੁਲਫ਼ ਦੀ ਗਈ ਪਰਵਾਜ਼ ਵੇ,
ਮੈਂ ਨ ਝੱਲਣੇ ਅਰਸ਼ ਦੇ ਨਾਜ਼ ਵੇ।

*(ਨਵੰਬਰ, 1965)*

•

# 35

# ਵਣਾਂ ਦਾ ਰਾਹੀ

ਬਿਰਖਾਂ ਦੀ ਰਾਤ ਵਿਚ, ਚੁੱਪ ਦੇ ਦੇਸ ਵਿਚ
ਬੰਸੀ ਦੀ ਧੁਨੀ ਵਿਚ, ਡੁੱਬਿਆ
ਤੁਰਦਾ ਉਹ ਪੱਥਰਾਂ ਦੀ ਚੁੱਪ ਨੂੰ ਲੈ ਕੇ,
ਚੱਟਾਨਾਂ ਤੇ ਚੋਗ ਚੁਗਦੇ
ਪੰਛੀਆਂ ਦੇ ਕਰੁਣਾ ਵਿਚ ਰੰਗਿਆ—
ਖੋਇਆ ਦਰਿਆ ਦੇ ਵਾਂਗ
ਅਡੋਲ ਯੋਗੀ ਦੇ ਵਾਂਗ,
ਪੱਥਰ ਦਾ ਅਭਿਮਾਨ ਤਕਦਾ ਹਰ ਮੋਤੀ ਦੇ ਵਿੱਚੋਂ,
ਆਕਾਸ਼ ਵਿਚ ਕੌੜੀ ਮਿੱਟੀ ਦਾ ਰੂਪ ਸਾਜਦਾ—
ਦਰਿਆਵਾਂ ਵਿਚ ਮਿਰਗਾਂ ਦੀ ਡਾਰ ਨਸਦੀ ਵੇਖਦਾ
ਪੰਖੀਆਂ ਦੇ ਖੰਭ ਅੱਪਣੀ ਤੱਕਨੀ ਤੇ ਤੋਲਦਾ।
ਚੋਭਦਾ ਕੰਡਾ ਦੂਰ ਦੇ ਮੈਦਾਨਾਂ ਦੀ ਹਿੱਕ ਵਿਚ,
ਧਿਆਨ ਮਾਸੂਮ ਕਰਦਾ ਜਾਂਵਦਾ ਸਾਰੀ ਜ਼ਮੀਨ ਦਾ।
ਮਿੱਟੀ ਦੀ ਹਿੱਕ ਤੇ ਕਾਲ ਉੱਡ ਉੱਡ ਕੇ ਮੋਏ,
ਬਿਆਨ ਕਰਦਾ ਜਾ ਰਿਹਾ ਸਭਨਾਂ ਦੇ ਸਫ਼ਰ ਨੂੰ।
ਪੁੱਛਦਾ ਜਾ ਰਿਹਾ ਜ਼ਿਮੀਂ ਨੂੰ
ਅਸਲ ਵਿਚ ਕੁੱਝ ਵੀ ਨ ਪੁੱਛਦਾ;
ਹਰ ਨਜ਼ਾਰੇ ਨੂੰ ਯੋਗ ਵਿਚ ਬੰਨ੍ਹਕੇ
ਉਹ ਪੁੱਛਣ ਜਾਂ ਨ ਪੁੱਛਣ ਦੀ ਸ਼ਹਿਨਸ਼ਾਹੀ ਨਾ' ਰੱਜਿਆ।
ਉਹ ਰੱਜਿਆ ਸ਼ਹਿਨਸ਼ਾਹੀਆਂ
ਖ਼ੁਦਾਈਆਂ ਦੇ ਨਾਲ
ਉਹ ਲੜਦਾ ਖ਼ੁਦਾਈਆਂ ਦੇ ਨਾਲ
ਉਸ ਨੇ ਬੇਸ਼ੁਮਾਰ ਡੰਗਾਂ ਦੇ ਨਾਲ
ਜ਼ਹਿਰ ਵਿਚ ਡੁੱਬ ਡੁੱਬ
ਇਕ ਖ਼ਤ ਲਿਖਿਆ ਕੰਵਲ-ਅਹਿੰਸਾ ਨੂੰ।
ਇਕ ਖ਼ਤ ਲਿਖਿਆ ਹਿੰਮ ਸੁੰਦਰੀ ਨੂੰ
ਲਹੂ-ਲੁਹਾਣ ਕਿਰਨਾਂ ਦੇ ਨਾਲ।

*(ਫ਼ਰਵਰੀ, 1965)*

•


WWW.SIKHBOOKCLUB.COM

# 36

# ਦਰਿਆਵਾਂ ਦੇ ਹਾਲ

[ਸ਼ਰੀਫ਼ ਕੁੰਜਾਹੀ ਦੇ ਧਿਆਨ ਵਿਚ]

ਸ਼ਹੁ ਦਰਿਆਵਾਂ ਦੇ ਮੰਦੜੇ ਹਾਲ ਵੋ,
ਦੁੱਖ ਦੱਸੀਏ ਕਹਿਰਾਂ ਦੇ ਯਾਰ ਵੋ।

ਤੈਂਡੀਆਂ ਛਾਵਾਂ ਨੇ ਰਾਹ ਨਾ ਦਿੱਤੇ,
ਮੈਂਡੇ ਸਿਖਰ ਦੁਪਹਿਰਾਂ ਦੇ ਯਾਰ ਵੋ।

ਸਾਨੂੰ ਕਿਉਂ ਹਸ਼ਰਾਂ ਦੇ ਲੜ ਲਾਇਆ,
ਘੜੀਆਂ-ਪਹਿਰਾਂ ਦੇ ਯਾਰ ਵੋ।

ਪੱਤਣਾਂ ਤੇ ਖੜੇ ਨੇ ਧਾੜਵੀ
ਡੂੰਘੀਆਂ ਲਹਿਰਾਂ ਦੇ ਯਾਰ ਵੋ।

ਤੈਨੂੰ ਦੇਸਾਂ ਦਾ ਰਾਹ ਨ ਥਿਆਵੇ
ਮੈਂਡੇ ਕੌਲਾਂ ਦੇ ਸ਼ਾਹ ਸਵਾਰ ਵੋ।

ਬੀਬਾ ਬਣ ਤੇ ਮੱਝੀਆਂ ਚਾਰ ਵੋ।
ਵਾਜ ਮਾਰੇ ਬੇਲੇ ਦੀ ਨਾਰ ਵੋ।

ਪੁਲਾਂ ਤੇ ਪੱਤਣਾਂ ਦੀ ਬਾਤ ਨ ਪੁੱਛਣੀ
ਲੰਮੀਆਂ ਨਹਿਰਾਂ ਦੇ ਯਾਰ ਵੋ।

*(ਮਈ, 1965)*

•

WWW.SIKHBOOKCLUB.COM

# 37

## ਸ਼ਹੀਦ ਭਗਤ ਸਿੰਘ ਦੀ ਯਾਦ ਵਿਚ

ਵਾਹ! ਤੇਗਾਂ ਛਾਵੇਂ ਖੇਡਕੇ, ਤੂੰ ਸ਼ੇਰ ਜਵਾਨਾ
ਚੜ੍ਹਿਆ ਘੋੜੀ ਮੌਤ ਦੀ, ਬੰਨ੍ਹ ਲਹੂ ਦਾ ਗਾਨਾ।
ਜਾਣੋ ਪਲ ਵਿਚ ਹੋ ਗਿਆ, ਮਾਂ ਦੇਸ ਬਿਗਾਨਾ
ਹੱਸ ਗਾਇਆ ਅੱਥਰੂ ਵਾਲੜੇ, ਕੋਈ ਮੌਤ-ਤਰਾਨਾ।੧।

ਕੀ ਤੱਕਦਾ ਤੱਕਣ ਵਾਲੜਾ, ਸਰਦਾਰ ਨ ਜਾਣਾ!
ਸੂਰਜਾਂ ਉੱਤੇ ਚਮਕਦਾ, ਪੰਜਾਬ ਪੁਰਾਣਾ,
ਬੇਲਿਆਂ ਦੇ ਵਿਚ ਕੂਕਦਾ, ਰੱਤ-ਤੀਰ ਰੱਤਾਣਾ,
ਉਸ ਮੌਤ ਦੀ ਜੂਹ 'ਚੋਂ ਨਿਕਲਕੇ, ਇਕ ਦੀਪ ਜਗਾਣਾ,
ਉਸ ਤੇਗਾਂ ਦੀ ਛਾਂ ਆਣ ਕੇ, ਇਕ ਅਰਸ਼ ਜਲਾਣਾ,
ਉਸ ਡੁੱਬਿਆ ਅੱਥਰੂ ਚੁੱਕ ਕੇ, ਛਡ ਦੇਸ ਨੂੰ ਜਾਣਾ,
ਪਰ ਅੱਥਰੂ ਦੇ ਨਾਲ ਵਿੰਨ੍ਹ ਕੇ, ਇਕ ਸੂਰ ਤਪਾਣਾ:
ਰਾਵੀ ਸਤਲੁਜ ਵਾਲੜਾ, ਉਹ ਦੇਸ ਸੁਹਾਣਾ
ਜਿਹਲਮ ਬਿਆਸ ਝਨਾਂ ਦਾ, ਜਿਸ ਪਾਇਆ ਬਾਣਾ।੨।

ਤੇਗਾਂ ਛਾਵੇਂ ਖੇਡਿਆ, ਕਰਤਾਰ ਦਾ ਵੀਰਾ।
ਊਧਮ ਸਿੰਘ ਜਿਹੇ ਬਲੀ ਤੇ, ਸਰਦਾਰ ਦਾ ਵੀਰਾ।
ਮਹਾਂਬਲੀ ਲਾਹੌਰ ਦੀ, ਸਰਕਾਰ ਦਾ ਵੀਰਾ।
ਕਲਗ਼ੀ ਵਾਲੇ ਨਿਹਕਲੰਕ, ਅਵਤਾਰ ਦਾ ਹੀਰਾ।੩।

ਭਗਤ ਸਿੰਘ ਨੇ ਦੇਖਿਆ, ਇਕ ਬਾਜ਼ ਨਿਰਾਸਾ,
ਥਲ ਥਲ ਸਿਸਕਣ ਵੇਖ ਕੇ, ਕੋ ਪੀਰ ਉਦਾਸਾ,
ਮਹਾਂ ਸਿੰਘ ਨੂੰ ਰਣਾਂ ਵਿਚ, ਜੋ ਮਿਲਿਆ ਪਿਆਸਾ,
ਜੋ ਤੇਗਾਂ ਛਾਵੇਂ ਦੇਂਵਦਾ, ਭਰ ਨੈਣ ਦਿਲਾਸਾ।੪।

WWW.SIKHBOOKCLUB.COM

ਸ਼ਾਲਾ ਵਗਦੇ ਰਹਿਣ ਇਹ, ਪੰਜਾਬ ਦੇ ਪਾਣੀ
ਖ਼ੂਨ ਸ਼ਹੀਦਾਂ ਦੇ ਰਹੇ, ਜੋ ਸਦਾ ਤੋਂ ਹਾਣੀ
ਸੂਰ-ਸਿੰਧ ਰੱਤ ਰਿੜਕ ਕੇ, ਇਕ ਹੰਝ ਬਣਾਨੀ
ਖੜ੍ਹ ਪੰਜ ਨਦੀਆਂ ਦੇ ਸਾਹਮਣੇ, ਫਿਰ ਭੇਟ ਚੜ੍ਹਾਣੀ
ਸੂਰਜ ਜੁਗ ਜੁਗ ਚਾੜ੍ਹਣੇ, ਪਰ ਬਾਤ ਪੁਰਾਣੀ
ਤਾਰਿਆਂ ਛਾਵੇਂ ਚੱਲ ਕੇ, ਛਾਂ ਤੇਗ ਜਗਾਣੀ
ਤੇਗਾਂ ਛਾਵੇਂ ਗਾਵਣੀ, ਕੋਈ ਖੇਡ-ਕਹਾਣੀ
ਅੰਬਰ ਤਾਰਾ ਚਾੜ੍ਹਕੇ, ਗਲ ਧਰਤ ਨੂੰ ਪਾਣੀ।੫।

ਗਾਇਆ ਖ਼ੂਨ ਸ਼ਹੀਦ ਦੇ, ਸ਼ਮਸ਼ੀਰਾਂ ਰੋਈਆਂ
ਕੂੰਜਾਂ ਵਾਂਗੂੰ ਤੜਪ ਕੇ, ਜਾ ਰਣਾਂ 'ਚ ਰੋਈਆਂ
ਭਰ ਅੱਥਰੂ ਰੱਤ ਦੇ ਚੁੰਮ੍ਹੀਆਂ, ਜੋ ਰੂਹਾਂ ਮੋਈਆਂ
ਸਜਦੇ ਅੰਦਰ ਡਿੱਗੀਆਂ, ਆ ਤਾਰਿਆਂ ਛੋਹੀਆਂ
ਚੜ੍ਹ ਉੱਚੇ ਬੱਦਲ ਉੱਡੀਆਂ, ਰੋ ਬਿਜਲੀ ਹੋਈਆਂ
ਜਿਸ ਦੇਸ ਸ਼ਹੀਦ ਨੇ ਵੱਸਦੇ, ਉਸ ਦੇਸ 'ਚ ਖੋਈਆਂ।੬।

*(ਜੂਨ, 1965)*

•

WWW.SIKHBOOKCLUB.COM

# 38

## ਬੁੱਲ੍ਹੇ ਸ਼ਾਹ ਨੂੰ

"ਦਰ ਖੁੱਲ੍ਹਾ ਹਸ਼ਰ ਅਜ਼ਾਬ ਦਾ ਵੇ ਅੜਿਆ,
ਬੁਰਾ ਹਾਲ ਹੋਇਆ ਪੰਜਾਬ ਦਾ ਵੇ ਅੜਿਆ।"

ਸਦਾ ਤੋਂ ਵਗਦਾ ਲਹਿਰਾਂ ਦਾ ਕਾਫ਼ਲਾ ਲੁੱਟਿਆ
ਖੇਡਾਂ ਖੇਡਦੇ ਤੇਰੇ ਚਨਾਬ ਦਾ ਵੇ ਅੜਿਆ।

ਲਹੂ ਦੇ ਪਰਦੇ ਦੇ ਹੇਠਾਂ ਸਿਸਕਦਾ ਕਦੋਂ ਦਾ
ਹਾਇ! ਜਲਵਾ ਉਸ ਬੇ-ਨਕਾਬ ਦਾ ਵੇ ਅੜਿਆ।

ਤੇਰੀ ਧਮਾਲ ਨੂੰ ਇਸ਼ਕ ਸਜਦਾ ਨ ਕੀਤਾ
ਜ਼ਰਾ ਹਾਲ ਤਕ ਅਦਬ-ਅਦਾਬ ਦਾ ਵੇ ਅੜਿਆ।

ਤੇਰਾ ਨੂਰ ਜੋ ਸਾਨੂੰ ਬੇਹੋਸ਼ੀਏਂ ਮਾਰਦਾ
ਉਹ ਕਟਕ ਕਿੱਥੇ ਬੇ-ਹਿਸਾਬ ਦਾ ਵੇ ਅੜਿਆ।

ਕੁਫ਼ਰ ਨੇ ਜਲਵਾ ਇਲਾਹੀ ਤੋੜਿਆ ਸਾਰਾ,
ਕੌਣ ਕਾਤਿਬ ਹੁਸਨ ਦੇ ਬਾਬ ਦਾ ਵੇ ਆੜਿਆ ?

ਸਿਰ ਤੇ ਖੜਾ ਮੁਰਸ਼ਦ ਅਮਲ ਦੀ ਦਾਸਤਾਂ ਪੁੱਛੇ
ਬਹੁੜੀ ਕਰ ਕੁਝ ਸਾਡੇ ਜਵਾਬ ਦਾ ਵੇ ਅੜਿਆ।

ਸਾਡੇ ਹੀ ਅਮਲ ਥਲ ਬਣ ਸਾੜਿਆ ਸਾਨੂੰ
ਤਬੀਬ ਨ ਬਹੁੜਿਆ ਸਾਡੇ ਖ਼ਾਬ ਦਾ ਵੇ ਅੜਿਆ।

ਆ ਵੀ ਪਾਉਂਦਾ ਧਮਾਲ ਤੂੰ ਸੱਖਣੇ ਆਂਗਣੇ
ਕੀ ਇਤਬਾਰ ਉਮਰ ਦੀ ਆਬ ਦਾ ਵੇ ਅੜਿਆ।

*(ਜੂਨ, 1965)*

•

WWW.SIKHBOOKCLUB.COM

# 39
# ਪਿਆਰੇ ਦੇ ਦੇਸ ਨੂੰ ਅਲਵਿਦਾ

[1947 ਦੀ ਵੰਡ ਸਮੇਂ ਮੁਸਲਮਾਨਾਂ ਨੂੰ ਸਿੰਘਾਂ ਦਾ ਸੁਨੇਹਾ]

ਅਸੀਂ ਮਾਹੀ ਦਾ ਦੇਸ ਛੱਡ ਚੱਲੇ
ਅਸੀਂ ਦਰਵੇਸ਼ ਚੱਲੇ ਦੇਸ ਬੇਗਾਨਿਆਂ।
ਸ਼ਾਹ ਸਵਾਰੋ
ਪੰਜ ਦਰਿਆਵਾਂ ਦੀ ਵਾਗ ਸੰਭਾਲਣੀ!

ਬਿਰਖ ਬੂਟਿਆਂ ਧਰਤੀ ਦੇ ਸੀਨੇ ਤੇ
ਬਲੀ ਪੰਜੇ ਦਾ ਅਸੀਂ ਧਰਵਾਸ ਛੱਡ ਚੱਲੇ।
ਅੰਤਮ ਵਾਰ ਦੇਖ ਚੱਲੇ ਅਸੀਂ
ਪੰਜ ਦਰਿਆਵਾਂ ਦੀ ਛਾਤੀ ਤੇ ਖੋਭਿਆ
ਲਹੂ ਦੀ ਸ਼ਾਨ ਵਿਚ ਬਲਦਾ
ਸਾਡੀਆਂ ਜਿੱਤਾਂ ਦਾ ਕੋਟ ਅਸਮਾਨੀ।

ਅਸੀਂ ਛੱਡ ਚੱਲੇ
ਅਰਸ਼ਾਂ ਤੇ ਬਲਦੀ
ਆਪਣੇ ਸੀਨਿਆਂ ਦੀ ਸੰਜੋਅ ਨੂੰ;
ਅਸੀਂ ਨਲੂਏ ਦੀ ਧਾਂਕ ਛੱਡ ਚੱਲੇ
ਜੋ ਸਮੁੰਦਰਾਂ ਦੇ ਵਾਂਗ ਸੁੱਤੀ
ਜਮਰੋਦ ਦੇ ਕਿਲੇ ਵਿਚ;
ਅਸੀਂ ਸਰਕਾਰ ਦਾ ਨਾਮ ਛੱਡ ਚੱਲੇ
ਸ਼ਹਿਰ ਲਾਹੌਰ ਦੀਆਂ ਗਲੀਆਂ ਵਿਚ।

ਧ੍ਰੂਵ ਤਾਰੇ ਦੀ ਨਿਗਾਹ ਨੂੰ ਵਿੰਨ੍ਹਦੀ
ਵੀਰ ਅਕਾਲੀ ਦੇ ਨੇਜ਼ੇ ਦੀ ਨੋਕ ਤੇ
ਅਸੀਂ ਸਿਖਰ ਦੁਪਹਿਰਿਆਂ ਨੂੰ ਬਾਲ ਚੱਲੇ,
ਖ਼ੂਨ ਸ਼ਹੀਦਾਂ ਨੂੰ ਵਾਰ ਕੇ।
ਦਿੱਲੀ-ਲਾਹੌਰ ਨੂੰ ਕਹਿਰ ਵਿਚ ਸੁੱਟਦਾ
ਮੀਆਂ ਮੀਰ ਸਾਈਂ ਦਾ ਰੱਬੀ ਬਚਨ ਛੱਡ ਚੱਲੇ।


WWW.SIKHBOOKCLUB.COM

ਅਸੀਂ ਵੇਦਨਾ ਦੀ ਸੰਞ ਪਾ ਚੱਲੇ
ਪੰਚਮ ਪਾਤਸ਼ਾਹ ਮਿਹਰ ਦੇ ਸਾਈਂ ਦੇ
ਰਹਿਮ ਦੇ ਸ਼ਹੁ ਦਰਿਆ ਦੇ ਪੱਤਣੀਂ,
ਬਿਨ-ਮੰਗਿਆਂ ਬਖ਼ਸ਼ਿਆ ਦੋਜ਼ਖ਼ ਦੀ ਅੱਗ ਨੂੰ
ਜੋ ਬੰਨ੍ਹ ਕੇ ਬਿਜਲੀਆਂ ਦੇ ਸੀਨੇ ਤੇ
ਆਸਮਾਨਾਂ ਦੇ ਲੱਖਾਂ ਤਾਜ ਲੈ ਵੜ੍ਹਦਾ।

ਦੱਰੇ ਖ਼ੈਬਰਾਂ ਤੀਕਣ
ਸੂਰਜਾਂ ਦੀ ਭਖ਼ੀ ਸ਼ਮਸ਼ੀਰ ਦੇ ਸਾਹਮੇ
ਬਾਜ਼ ਵਾਂਗ ਹਿੱਕ-ਉਡਾਰੀਆ ਭਰਦੇ,
ਖ਼ੂਨ ਦੀ ਮਰਦੰਗ ਤੇ
ਹਸ਼ਰ ਦਾ ਡੱਗਾ ਮਾਰ ਕੇ
ਅਸੀਂ ਪਰਬਤਾਂ ਦੀ ਜਾਨ ਕੰਬਾ ਚੱਲੇ।

ਰੋਹ-ਰਹਾਣੀਆਂ ਤੇਗਾਂ ਦੀ ਛਾਂ ਥੱਲੇ
ਜੱਲਾਦਾਂ ਦੇ ਹੱਥਾਂ ਨੂੰ ਚੁੰਮਦੇ
ਅਸੀਂ ਗੁਜ਼ਰ ਚੱਲੇ ਸੋਹਣੇ ਚਨਾਬ ਦੇ ਵਾਂਗੂੰ;
ਅਸੀਂ ਸ਼ਹਿਰ ਲਾਹੌਰ ਵਿੱਚ ਧੁੰਮ ਪਾ ਚੱਲੇ
ਬੁੱਲ੍ਹੇ ਦੀ ਸੋਹਣੀ ਧਮਾਲ ਦੇ ਵਾਂਗੂੰ।

ਦਹਿਸ਼ਤਾਂ ਬੇਸ਼ੁਮਾਰ ਤਰਬਾਂ ਦੀਆਂ
ਧ੍ਰੂਵ ਤਾਰੇ ਦੀ ਨਿਗਾਹ ਵਿਚ ਤੇਗ ਵਾਂਗ ਵੱਜਣ।
ਹਾਂ! ਅਸੀਂ;
ਦੱਰੇ ਖ਼ੈਬਰਾਂ ਦੀ ਟੀਸੀ ਤੇ
ਬੰਨ੍ਹ ਕੇ ਆਪਣੀ ਗੂੰਜ ਨੂੰ ਚੱਲੇ,
ਅਸੀਂ ਆਸਮਾਨਾਂ ਦੇ ਸਿਰ ਨੂੰ ਪਾੜ ਕੇ ਚੱਲੇ।

ਅਸੀਂ ਮੋੜ ਚੱਲੇ
ਅਟਕ ਦੀ ਛਾਤੀ ਤੇ
ਵਣਾਂ ਵਾਂਗ ਝੁੱਲਦੇ ਅੰਨ੍ਹੇ ਹੰਕਾਰ ਨੂੰ;
ਤੋੜ ਚੱਲੇ ਖ਼ੂਨਖਾਰ ਕਾਂਗਾਂ
ਸ਼ੀਹਾਂ ਦੇ ਪੰਜਿਆਂ ਵਾਂਗ ਟੁੱਟਦੀਆਂ ਧਾੜਾਂ
ਫਿਰਦੀਆਂ ਅਟਕ ਦੀ ਹਿੱਕ ਤੇ
ਝੱਗੋ ਝੱਗ ਦੁਧਾਰੀਆਂ ਤੇਗਾਂ ਦੇ ਵਾਂਗੂੰ।

ਯੋਗੀ ਦੇ ਧਿਆਨ ਜਿਉਂ
ਪੰਜਾਬ ਦੀ ਧਰਤ ਦੇ ਸਬਰ ਵਿਚ ਵੱਸੀਆਂ

WWW.SIKHBOOKCLUB.COM

ਦੱਰੇ ਖ਼ੈਬਰ ਵਲ ਉੱਡਦੇ ਘੋੜਾਂ ਦੀਆਂ ਟਾਪਾਂ,
ਤੇ ਚੀਕਾਂ
ਛਹਿੰਦੇ ਜੰਮੂ-ਕਸ਼ਮੀਰ ਦੇ ਕੋਟਾਂ ਦੀਆਂ,
ਤੇ
ਲਸ਼ਕਰਾਂ ਦੇ ਮਸਤਕ ਦੀ ਹੌਲਨਾਕ ਸੰਜੋਅ ਚੋਂ
ਮੁਲਤਾਨ ਦੇ ਰਣਾਂ ਵਿਚ ਚਮਕਦੀ ਦਹਿਸ਼ਤ,
ਡਿਗਦੀਆਂ ਸਰਦਾਰ ਅਟਾਰੀ ਦੀ ਤੇਗ ਤੋਂ
ਸਭਰਾਉਂ ਦੇ ਰਣ ਦੀਆਂ ਖ਼ੂਨ-ਕੰਨਸੋਆਂ।

ਬਿਰਖਾਂ ਦੀ ਚੁੱਪ ਵਾਂਗ ਇਸ ਸਬਰ ਨੂੰ ਚੁੱਕੀ
ਵਗ ਰਹੇ ਸਤਲੁਜ ਚਨਾਬ ਤੇ ਰਾਵੀ
ਦਸ਼ਮੇਸ਼ ਦੇ ਸਿਦਕ ਵਿਚ ਬੰਨ੍ਹੀ
ਸੌਂਪ ਚੱਲੇ ਅਸੀਂ ਇਹ ਸਬਰ ਦੀ ਧਨੁਖ ਨੂੰ।
ਸਾਂਭਣਾ ਜਾਨ ਤੋਂ ਪਿਆਰੇ ਸ਼ਾਹ ਮੁਹੰਮਦ ਦੀ ਯਾਦ ਨੂੰ
ਸਾਂਭਣਾ ਓਸ ਦੇ ਸ਼ਹੁ ਦਰਿਆਵਾਂ ਦੇ ਗੀਤ ਨੂੰ।

ਲੰਘੀਆਂ ਪਤਝੜਾਂ ਤੇ ਜ਼ਰਦ ਪੱਤਿਆਂ ਉੱਤੇ
ਤੇਗਾਂ ਦੇ ਗੀਤ ਨੂੰ ਸੀਨੇ ਨਾ' ਲਾਈ
ਸੌਂ ਰਹੀ ਅੰਮ੍ਰਿਤ ਵੇਲਿਆਂ ਦੀ ਬਾਣੀ—
ਹਿੱਕ ਵਿਚ ਛੁਪੀ ਬਹਾਰ ਦੀ ਉਮਰ ਦੇ ਕੋਲ
ਦਰਮਾਂਦੇ ਸਿਆਲ ਦੇ ਯਖ ਤੇ
ਆਸਮਾਨਾਂ ਦੀ ਕੜਕ ਨੂੰ
ਸੁੱਟਦਾ ਜਪੁਜੀ ਦਾ ਮਹਾਂ ਕਪਾਟ—
ਸਿਦਕ ਦੇ ਕੁਫ਼ਰ ਦਾ ਇਮਤਿਹਾਨ ਲੈਂਦਾ
ਚਰਖ-ਜ਼ਿਮੀਂ ਨੂੰ ਤੋੜਦਾ, ਕਟਕਦਾ
ਦਸ਼ਮੇਸ਼ ਦੇ ਜਾਪੁ ਦਾ ਤਪਿਆ ਦੁਪਹਿਰਾ।

ਅਸੀਂ ਛੱਡ ਚੱਲੇ ਕੁਫ਼ਰ ਦੇ ਗੀਤ ਨੂੰ
ਜੋ ਗਾਂਵਦਾ ਬੇ-ਮੁਹਾਰਾ ਚਰਖੜੀ ਉੱਤੇ
ਜੋ ਬੇ-ਲੱਜ ਹਸਦਾ ਜੱਲਾਦ ਦੇ ਸਾਹਵੇਂ।
ਤਾਰੂ ਸਿੰਘ ਦੀ ਰੱਤ ਨਾਲ ਸੂਲੀਆਂ ਉੱਤੇ
ਅਸੀਂ ਲਿਖ ਚੱਲੇ ਜ਼ਫਰਨਾਮਾ ਦਸ਼ਮੇਸ਼ ਦਾ।
ਮਨੀ ਸਿੰਘ ਦੇ ਸਿਦਕ ਦੇ ਗੀਤਾਂ ਨੂੰ
ਡੋਬ ਲੈਣਾ ਅੱਲਾ ਦੇ ਸਜਦੇ 'ਚ ਗ਼ਾਜ਼ੀਓ,
ਤੇਗਾਂ ਦੀ ਅੱਗ ਵਿਚ ਰੰਗ ਕੇ ਖ਼ੂਨ ਨੂੰ
ਰਹਿਮ ਦੇ ਤਾਰੇ ਤਕ ਸਜਦੇ ਦੀ ਚਮਕ ਲੈ ਜਾਣੀ।

WWW.SIKHBOOKCLUB.COM

ਅੱਲਾ ਦੇ ਗ਼ਾਜ਼ੀਓ, ਅਸੀਂ ਦਸ਼ਮੇਸ਼ ਦੇ ਬੇਟੇ,
ਜੱਲਾਦ ਦੀ ਸ਼ਮਸ਼ੀਰ ਦੇ ਸਾਹਵੇਂ ਤੁਹਾਨੂੰ
ਸਿਦਕ ਸਿਖਾ ਚੱਲੇ ਮੁਰਸ਼ਦ ਦੇ ਨਾਮ ਦਾ।
ਅਸੀਂ ਦਰਵੇਸ਼ ਚੱਲੇ ਦੇਸ਼ ਬੇਗ਼ਾਨਿਆਂ
ਸ਼ਾਹ ਸਵਾਰੋ
ਪੰਜ ਦਰਿਆਵਾਂ ਦੀ ਵਾਗ ਸੰਭਾਲਣੀ।

*(ਅਕਤੂਬਰ, 1965)*

•


WWW.SIKHBOOKCLUB.COM

# 40
## ਸਿਰਲੱਥ ਸਿਪਾਹੀ ਨੂੰ

ਜੀਵੇਂ ਸ਼ਹਿਰ ਅਨਾਇਤ ਦਾ ਮਾਰ ਨਾਂਹ,
ਕਿਤੇ ਮਿਲੇਗਾ ਜਿਗਰ ਦਾ ਯਾਰ ਨਾਂਹ।

ਬੁੱਲ੍ਹੇ ਸ਼ਾਹ ਦੀ ਬਦ-ਦੁਆ ਭੈੜੀ,
ਸਿਰ ਸਿਖਰ ਅਸਮਾਨ ਦਾ ਪਾੜ ਨਾਂਹ!

ਰਣ-ਸੀਸ ਸ਼ਹੀਦਾਂ ਦਾ ਖ਼ੂਨ ਲਾਵੀਂ,
ਤੂੰ ਇਹ ਰਣ ਦਾ ਸ਼ਾਹ-ਸਵਾਰ ਨਾਂਹ।

ਗਾਜ਼ੀ ਆਂਵਦੇ ਰਣਾਂ ਵਿਚ ਗਾਂਵਦੇ,
ਰੱਬੀ ਰਹਿਮ ਦਾ ਗੀਤ ਵੰਗਾਰ ਨਾਂਹ।

ਆਖੇ ਦੂਤੀਆਂ ਲੱਗ ਨ ਯਾਰ ਵੇ,
ਲੰਮੇ ਦੇਸ ਵਿਚ ਜਿੰਦੜੀ ਵਾਰ ਨਾਂਹ।

ਗ਼ਜ਼ਬ ਲਖ ਦਰਿਆਵਾਂ ਦਾ ਤੋੜਦਾ ਤੂੰ,
ਦਿਲ ਦੇ ਗ਼ਜ਼ਬ ਨੂੰ ਕਰੀਂ ਤੂੰ ਪਾਰ ਨਾਂਹ।

ਏਸ ਖ਼ਾਕ ਵਿਚ ਖ਼ੂਨ ਦੇ ਕੋਟ ਤੇਰੇ,
ਦੂਤੀ ਜਾਣਦੇ ਸਿਦਕ ਦੀ ਵਾਰ ਨਾਂਹ।

•


WWW.SIKHBOOKCLUB.COM

# 41
# ਮੁਜਾਹਿਦ ਨੂੰ

ਤਪੇ ਕਹਿਰ ਫ਼ਕੀਰਾਂ ਦੀ ਅੱਖ ਵੇ।
ਜੀਵੇਂ ਲਾਜ ਲਾਹੌਰ ਦੀ ਰੱਖ ਵੇ।

ਨਹੀਂ ਮੁਲਕ ਤਕਦੀਰ ਦੇ ਸ਼ਾਨ ਐਸੀ
ਸ਼ਹਿਰ ਵਸਣ ਦਰਿਆਵਾਂ ਤੇ ਲੱਖ ਵੇ।

ਸ਼ਾਲਾ ਰਹੇ ਇਨਾਇਤ ਦਾ ਦਰ ਖੁਲ੍ਹਾ
ਬਿਜਲੀ ਚੁੰਮ੍ਹਕੇ ਚਮਕਿਆ ਕੱਖ ਵੇ।

ਐਵੇਂ ਕਰੀਂ ਨ ਜ਼ੋਰ ਧਿਗਾਣੜਾ
ਤੈਂਡੀ ਮਿਹਰ ਤੋਂ ਅਸੀਂ ਨ ਵੱਖ ਵੇ।

ਜੀਵੇਂ ਰੱਤ ਦੇ ਮੋਹ ਦੀ ਕਾਂਗ ਡੱਕੀਂ
ਤੀਰ ਨਿਕਲਿਆ ਜ਼ਿਮੀਂ ਨੂੰ ਚੱਖ ਵੇ।

ਕੌਣ ਤੜਪਿਆ ਲਹੂ ਵਿਚ ਧਾਹ ਮਾਰਣ
ਕਬਰਾਂ ਉੱਠ ਕੇ ਜ਼ਿਮੀਂ ਤੋਂ ਲੱਖ ਵੇ।

ਤਪੇ ਕਹਿਰ ਫ਼ਕੀਰਾਂ ਦੀ ਅੱਖ ਵੇ,
ਜੀਵੇਂ ਲਾਜ ਲਾਹੌਰ ਦੀ ਰੱਖ ਵੇ।

•


WWW.SIKHBOOKCLUB.COM Page 186

# 42

## ਵਾਰਿਸ ਸ਼ਾਹ ਨੂੰ

ਖ਼ੂਨੀ ਬੇ-ਦਰੇਗ ਅਸਮਾਨ ਵਿਚ
ਤੇਰੇ ਜਿਹੀ ਆਵਾਜ਼ ਕਿਉਂ ਫੇਰ ਨਾਂਹ ?

ਹੁਸਨ ਦੇ ਗ਼ਜ਼ਬ ਦਾ ਦੀਦ ਹੈ ਕਿੱਥੇ ?
ਤੀਰਾਂ 'ਚ ਬਾਜ਼, ਤੇਗਾਂ 'ਚ ਸ਼ੇਰ ਨਾਂਹ।

ਹੁੰਦਿਆਂ ਸੂਰਜਾਂ ਸ਼ਬਨਮ ਦੀ ਅੱਖ ਵਿਚ,
ਕਿਉਂ ਇਕ ਵੀ ਕਤਰਾ ਸਵੇਰ ਨਾਂਹ ?

ਪਛਾਵੇਂ ਝਨਾਂ ਦੇ ਸਮੇਂ ਤੋਂ ਸਿੱਕਦੇ,
ਹੀਰ ਨੇ ਆਵਣਾ ਦੂਸਰੀ ਵੇਰ ਨਾਂਹ।

ਕਦੇ ਤਾਂ ਆਵੇ ਦੁਪਹਿਰ ਦਾ ਲਸ਼ਕਰ,
ਜ਼ਹਿਰ ਦਾ ਪਿਆਲਾ ਪੀਣ ਵਿਚ ਦੇਰ ਨਾਂਹ।

•


WWW.SIKHBOOKCLUB.COM

# 43

## ਝਨਾਂ ਦੀ ਨਾਰ ਨੂੰ

ਸੁਣ ਨੀ ਨਾਰ ਕੁਆਰੀਏ, ਇਕ ਗੱਲ ਸੁਣਾਵਾਂ
ਤੇਰੇ ਬੁੱਤ ਨੂੰ ਦੇਖਿਆ, ਮੈਂ ਵਿਚ ਹਵਾਵਾਂ
ਕਰ ਕਰ ਗਏ ਤੈਂ ਸਿਰਾਂ ਤੇ, ਸੈ ਬੇਲੇ ਛਾਵਾਂ
ਪੌਣਾਂ ਵਾਂਗੂੰ ਮੇਲ੍ਹਦੀ, ਤੂੰ ਕੋਲ ਝਨਾਵਾਂ ॥੧॥

ਤੇਰਾ ਕਹਿਰ ਦਾ ਬੁੱਤ ਕੀ, ਬਸ ਖੁੱਲ੍ਹੀਆਂ ਵਾਗਾਂ
ਕਾਲਾ ਸ਼ਾਹ ਵਣ ਝੁੱਲਦਾ, ਜਿਉਂ ਸ਼ੂਕਰ ਨਾਗਾਂ
ਤਖ਼ਤ ਹਜ਼ਾਰੇ ਰਾਂਝਣੇ, ਜਾਂ ਆਈਆਂ ਜਾਗਾਂ
ਤੇਰੀ ਰੱਤ ਬਲ ਖੁੱਲ੍ਹੀਆਂ, ਦਰਿਆ ਦੀਆਂ ਵਾਗਾਂ
ਮਾਰੀ ਰੋਹ ਘਮਸਾਨ ਵਿਚ, ਜਲ ਜਲ ਕੇ ਨਾਗਾਂ
ਖੰਜਰ ਸਿਖਰ-ਦੁਪਹਿਰ ਦੀ, ਥਲ ਥਲ ਕੇ ਰਾਗਾਂ ॥੨॥

ਸੁਣ ਨੀ ਨਾਰ ਕੁਆਰੀਏ, ਕੀ ਆਜਜ਼-ਜੋਰੀ ?
ਆ ਜਾ ਬੇਲੇ ਝੰਗ ਦੇ, ਤੂੰ ਖੇਡਣ ਹੋਰੀ
ਤੇਰਾ ਵਗਦਾ ਰਹੇ ਝਨਾਂ ਨੀ, ਸੈ ਹਸ਼ਰਾਂ ਤੋੜੀ
ਤੇਰੇ ਰਾਂਝਣ ਸ਼ਾਹ-ਸਵਾਰ ਦੀ, ਕਿਸੇ ਵਾਗ ਨਾਂਹ ਮੋੜੀ ॥੩॥

ਸਾਥੋਂ ਤਾਰਿਆਂ ਨੇ ਮੂੰਹ ਮੋੜਿਆ, ਰੋ ਅਉਧ ਵਿਹਾਣੀ
ਨੈਣਾਂ ਵਾਲੀਏ ਬਖ਼ਸ਼ ਦੇ, ਫ਼ਜਰਾਂ ਦੇ ਪਾਣੀ,
ਅਸੀਂ ਮਾਰੇ ਅੱਧੀ ਰਾਤ ਨੂੰ, ਉਮਰਾਂ ਦੇ ਹਾਣੀ
ਦੇ ਜਾ ਰਹਿਮ ਦੀ ਕਣੀ ਨੀ, ਦਰਵੇਸ਼ਾਂ ਤਾਣੀ;
ਹਾਰੇ ਪੁੱਤਰ ਸਿਦਕ ਦੇ, ਅਸੀਂ ਪਾਪ-ਕਹਾਣੀ
ਤੂੰ ਘੁੰਡ ਨੂੰ ਚੁੱਕ ਕੇ ਵਾਰਦੇ, ਰਿਸ਼ਮਾਂ ਦੇ ਪਾਣੀ ॥੪॥

*(1965)*

•


WWW.SIKHBOOKCLUB.COM

# 44

## ਸ਼ਾਹ ਹੁਸੈਨ ਨੂੰ

ਸੁਣੀ ਸ਼ਾਹ ਹੁਸੈਨਾ ਗੱਲ ਵੇ,
ਡਾਢੀ ਰਮਜ਼ ਦਾ ਤਪਿਆ ਥੱਲ ਵੇ।

ਅੱਖੀਂ ਰੁੰਨੀਆਂ ਹਿਜਰ ਦੇ ਮਾਲਕਾ
ਪਾਵੀਂ ਸ਼ਹੁ ਦਰਿਆਵਾਂ ਨੂੰ ਠੱਲ੍ਹ ਵੇ।

ਸਾਡੀ ਖੇਡ ਦੀ ਉਮਰੇ ਰਾਵਲਾ
ਕਿਸ ਸੂਰਜ ਪਾਇਆ ਝੱਲ ਵੇ।

ਡਾਢੇ ਸ਼ੀਹਾਂ ਦੇ ਪੰਜੇ ਮਾਰਦੇ
ਸ਼ਾਹ ਰਾਤਾਂ ਦੀ ਛੱਲ ਵੇ।

ਸੁਣ ਤ੍ਰਿੰਝਣ-ਵਿਹੜੇ ਰਾਵਲਾ
ਐਂਵੇਂ ਜੂਹ ਬਿਗਾਨੀ ਨਾਂਹ ਮੱਲ ਵੇ।

ਸਾਡਾ ਯਾਰ ਉਮਰ ਦਾ ਵਾਸਤਾ
ਇਹ ਕਿਸ ਤਕਸੀਰ ਦਾ ਫੱਲ ਵੇ?

ਆਂ ਜਾਣ ਹੁਸਨ ਦੇ ਧਾੜਵੀ
ਕਿਉਂ ਪੱਤਣ ਬੈਠੇ ਮੱਲ ਵੇ?॥੧॥

ਨਾਂਹ ਸ਼ਾਹ ਹੁਸੈਨਾ ਜ਼ੋਰ ਵੇ
ਤੁਰ ਜਾਂਦੇ ਦਿਲਾਂ ਦੇ ਚੋਰ ਵੇ।

ਡੁੱਬ ਜਾਂਦੇ ਸੂਰਜ ਸਮੇਂ ਦੇ
ਦਰਿਆ ਵਗ ਪੈਂਦੇ ਹੋਰ ਵੇ।

ਟੁੱਟ ਜਾਂਦਾ ਮਾਣ ਲਾਹੌਰ ਦਾ
ਦਿਲ ਦਰਵੇਸ਼ਾਂ ਦਾ ਤੋੜ ਵੇ।

ਚੜ੍ਹ ਖ਼ੂਨ-ਚਰਖੜੀ ਸੌਂਵਦੇ
ਬੇ-ਪ੍ਰਬਾਹ ਮੋਹ-ਤੋੜ ਵੇ।


WWW.SIKHBOOKCLUB.COM

ਹਾਇ! ਕੁਫ਼ਰ-ਕਿਆਮਤ ਕਟਕਦੀ
ਜਿਸ ਡੱਕੇ ਅੱਥਰੇ ਘੋੜ ਵੇ।

ਹੋ ਤੀਲਾ ਤੀਲਾ ਡਿੱਗਦਾ,
ਚਰਖ਼ ਕਹਿਰ ਦਾ ਘੋਰ ਵੇ।

ਟੁੱਟ ਜਾਸੀ ਸਿਦਕ ਫ਼ਕੀਰ ਦਾ
ਇਹ ਬਾਜ਼ ਕਹਿਰ ਦੇ ਮੋੜ ਵੇ॥੨॥

ਨਾਂਹ ਸ਼ਾਹ ਹੁਸੈਨਾ ਬੱਸ ਵੇ,
ਜ਼ਰਾ ਵਾਗ ਕਹਿਰ ਦੀ ਕੱਸ ਵੇ।

ਸੰਗਲ ਭੰਨ ਰਾਤ ਦੇ ਜ਼ਾਲਿਮ
ਸੂਰਜ ਉੱਠਿਆ ਨੱਸ ਵੇ।

ਕੋਟਾਂ ਦੇ ਦਰ ਸਿਖਰਾਂ ਧੌਂਰੂ
ਪਈ ਤਾਰਿਆਂ ਗਸ਼ ਵੇ।

ਨਾਗ ਦਿਲਾਂ ਨੂੰ ਧੀਰਜ ਦਿੰਦੇ
ਡੀਕ ਧਰਤ ਦੇ ਰੱਸ ਵੇ।

ਅੱਖੀਂ ਰੁੰਨੀਆਂ ਹਿਜਰ ਦੇ ਮਹਿਰਮਾ
ਨਾਂਹ ਮਨ ਪ੍ਰਦੇਸੀ ਵੱਸ ਵੇ॥੩॥

ਸੁਣੀ ਸ਼ਾਹ ਹੁਸੈਨਾ ਬੋਲ ਵੇ,
ਡਾਢੇ ਤੁਰ ਗਏ ਜਿੰਦਾਂ ਨੂੰ ਰੋਲ ਵੇ।

ਬੇਪ੍ਰਵਾਹਾਂ ਦੇ ਮੇਲੇ ਉੱਠ ਗਏ
ਕਾਸੇ ਸੱਖਣੇ ਫ਼ਕੀਰਾਂ ਕੋਲ ਵੇ।

ਤੁਰਿਆ ਕਾਫ਼ਲਾ ਡੋਬ ਕੇ ਅੰਤ ਸੂਰਜ
ਚੜ੍ਹਿਆ ਸਿਖਰ ਕਿਆਮਤਾਂ ਬੋਲ ਵੇ।

ਕੀਤਾ ਯਾਦ ਲਾਹੌਰ ਨੂੰ ਹਸ਼ਰ ਵਿਚ
ਡੱਗਾ ਵੱਜਿਆ ਚੀਕਿਆ ਢੋਲ ਵੇ।

ਕਿੱਥੇ ਅੱਜ ਦਰਗਾਹ ਦੇ ਕੌਲ ਵੇ?
ਪਿਆ ਧਰਤ ਦੇ ਚੱਕ ਤੇ ਹੌਲ ਵੇ॥੪॥

ਆਵੀਂ ਸ਼ਾਹ ਹੁਸੈਨਾ ਚੱਲ ਵੇ,
ਯਾਰ ਮੋਏ ਦਾ ਉਮਰ ਨੂੰ ਸੱਲ੍ਹ ਵੇ।


WWW.SIKHBOOKCLUB.COM

ਰੁੱਠ ਇੰਵ ਨ ਦਿਲਾਂ ਦੇ ਜਾਨੀਆਂ
ਮੋਏ ਫੇਰ ਨ ਸੁਣਨਗੇ ਗੱਲ ਵੇ।

ਜਦੋਂ ਹੀਰ ਨੂੰ ਕਹਿਰ ਦਾ ਤਾਪ ਪੈਣਾ
ਪਛੋਤਾਵਸੇਂ ਫੇਰ ਤੂੰ ਮੱਲ ਵੇ।

ਕੇਸ ਕਾਲੜੇ, ਫ਼ਜਰ ਦੀ ਭੇਹਰ ਵੱਜੀ
ਯਾਰ ਬਹੁੜ ਤੂੰ ਤੋੜ ਕੇ ਥੱਲ ਵੇ।

ਡੋਲੇ ਪੁਲ ਸ਼ਮਸ਼ੀਰ ਦਾ ਲਹੂ-ਪੀਣਾ
ਸ਼ੀਂਹ ਸੁੱਟਦੇ ਗ਼ੁੱਸੇ ਦੀ ਛੱਲ ਵੇ।

ਖ਼ਾਲੀ ਦਰਾਂ ਤੇ ਤਾਰਿਆਂ ਨਜ਼ਰ ਸੁੱਟੀ
ਯੋਗੀ ਤੁਰ ਗਿਆ ਝੱਖੜਾਂ ਵਲ ਵੇ॥੫॥

ਖੁੱਲੀ ਸ਼ਾਹ ਹੁਸੈਨਾ ਜਾਗ ਵੇ!
ਬੇਲਾ ਮੱਚਿਆ, ਸ਼ੂਕਿਆ ਨਾਗ ਵੇ।

ਖੁੱਲ੍ਹੀ ਵਾਗ ਤੇ ਫੜਕਿਆ ਬਾਜ਼ ਵੇ।
ਸੂਰਜ ਪਾ ਗਿਆ ਅਰਸ਼ ਤੇ ਦਾਗ਼ ਵੇ।

ਕਤਰਾ ਨਦੀ ਦੇ ਕਹਿਰ ਨੇ ਡੰਬਿਆ,
ਸਾਜ਼ਿਸ਼ ਰੱਬ ਦੀ ਜ਼ਿਮੀਂ ਦੇ ਬਾਗ਼ ਵੇ!

ਖੰਜਰ ਪੀ ਗਈ ਰਾਹਾਂ ਦੇ ਸਾਹ ਨੂੰ
ਮੋਇਆ ਮੰਗਸੀ ਕਦੋਂ ਹਿਸਾਬ ਵੇ?

ਵਾਜਾਂ ਮਾਰਦਾ ਗਿਆ ਜੋ ਕੌਣ ਹੈ?
ਸਿੰਧ ਸਾਡੇ ਗੁਨਾਹ ਦਾ ਝਾਗ ਵੇ॥੬॥

*(1965)*

•

WWW.SIKHBOOKCLUB.COM

# 45

# ਦੋ ਸ਼ਹੀਦ

ਤੇਰੀ ਮਿੱਟੀ ਵਿਚ ਅੱਖਾਂ ਭਰੀਆਂ
ਖ਼ੂਨ ਸ਼ਹੀਦਾਂ ਦੇ ਰੋ।

ਉਹਨਾਂ ਹੀ ਰਾਹਾਂ 'ਚ ਤੂੰ ਵੀ ਮਿਟਿਆ
ਜਿਨ੍ਹਾਂ 'ਚ ਸਾਡਾ ਸੀ ਮੋਹ।

ਦੇਸ ਪਰਾਏ ਖ਼ਾਕ ਦਾ ਓਢਣ
ਦਿਸਦਾ ਦੇਸ ਨ ਕੋ!

ਮੋਇਆਂ ਦੇ ਦੇਸ 'ਚ ਰੁਲਿਆਂ ਸਾਨੂੰ
ਚੁੰਮ੍ਹਿਆ ਮਿਠੜੀ ਲੋਅ।

ਦੋ ਮਾਵਾਂ ਨੇ ਅੱਥਰੂ ਵਾਰੇ
ਪੰਜ ਨਦੀਆਂ ਨੂੰ ਛੋਹ।

ਸ਼ਾਹ ਹਨੇਰਾਂ 'ਚ ਤਾਰਿਆਂ ਸਾਹਮੇ
ਵੱਡ ਕਬੇਰਾਂ ਦੇ ਧ੍ਰੋਹ।

ਸੁੱਤਿਆਂ ਸ਼ੇਰਾਂ ਦੇ ਕੋਲੋਂ ਨੱਸਦੇ
ਮੌਤਾਂ ਦੇ ਭਾਰ ਨੂੰ ਢੋ।

ਸ਼ਮਸ਼ੀਰਾਂ ਦੀਆਂ ਛਾਵਾਂ ਦੇ ਭੈਅ
ਰਾਹੀਂ ਰਹੇ ਖਲੋ।

ਸ਼ਹੁ ਦਰਿਆਵਾਂ ਦੇ ਪੱਤਣੋਂ ਉੱਠੀ
ਕਹਿਰਵਾਨ ਕੰਨਸੋਅ।

*(1965)*

•



WWW.SIKHBOOKCLUB.COM Page 192

# 46

## ਵਾਰਿਸ ਸ਼ਾਹ ਕੋਲ ਇਕ ਫ਼ਰਿਆਦ

ਉੱਜੜ ਗਿਆ ਝਨਾਂ ਦਾ, ਉਹ ਮੁਲਕ ਪੁਰਾਣਾ
ਤੇਰੀ ਤਬਾ ਦੇ ਰੰਗ ਦਾ, ਗਿਆ ਬਾਗ਼ ਸੁਹਾਣਾ
ਵੰਝਲੀ ਵਾਲਾ ਰਾਂਝਣਾ, ਪਿਆ ਰੱਤ-ਰੱਤਾਣਾ
ਡੂੰਘੀ ਸੰਧ ਝਨਾਂ ਦਾ, ਗਿਆ ਗੁਜ਼ਰ ਜ਼ਮਾਨਾ ॥੧॥

ਲੰਮੇ ਪੈਂਡੇ ਮੌਤ ਦੇ, ਸੈ ਦੋਜ਼ਖ਼ ਛਾਵਾਂ
ਤੁਰ ਤੁਰ ਗਈਆਂ ਛੱਡ ਕੇ, ਸਰ ਰਹਿਮ ਦੇ ਮਾਵਾਂ
ਲੱਥੀਆਂ ਪੀਲੇ ਪੱਤਰਾਂ, ਤੇ ਅਰਸ਼ੀ ਵਾਵਾਂ
ਇਹ ਨਿੱਕੀ ਅਰਜ਼ ਫ਼ਕੀਰ ਦੀ, ਆ ਫੜ ਲੈ ਬਾਹਵਾਂ ॥੨॥

ਡੁੱਬਿਆ ਬੁੱਤ ਝਨਾਂ ਦਾ, ਵਿਚ ਡੂੰਘੇ ਵਹਿਣਾਂ
ਜੋ ਤੇਗਾਂ ਦੇ ਅੰਗ ਲੱਗਿਆ, ਮੱਚ ਸ਼ੇਰ ਦੇ ਨੈਣਾਂ
ਜੋ ਨਾਗਾਂ ਦੇ ਸਾਹ ਪੀਂਵਦਾ, ਝੁੱਲ ਕੱਪਰ ਰੈਣਾਂ
ਉਹ ਰੁਲਿਆ ਬੁੱਤ ਪੰਜਾਬ ਦਾ, ਵਿਚ ਡੂੰਘੇ ਵੈਣਾਂ
ਲੰਮੇ ਪੈਂਡੇ ਸੰਧ ਦੇ, ਹਾਇ ਦਰਦਾਂ ਪੈਣਾ
ਅੰਗ ਗੁਲਾਬਾਂ ਲੱਗ ਕੇ, ਵਿਸੁ ਹੁਸਨ ਦੀ ਸੈਣਾ ॥੩॥

ਡੂੰਘੇ ਪੈਂਡੇ ਛਿਪ ਗਿਆ, ਬੁੱਤ ਹੀਰ ਦਾ ਲੰਮਾ
ਭੁੱਲਿਆ ਦੀਦ ਝਨਾਂ ਦਾ, ਵਿਚ ਉਮਰ ਦੇ ਕੰਮਾਂ
ਛੱਡਿਆ ਕਾਲੇ ਹਰਨ ਨੇ, ਪੰਜਾਬ ਦਾ ਬੰਨਾ
ਟੂਣੇਹਾਰ ਝਨਾਂ ਦੀਆਂ, ਨਾਂਹ ਦਿੱਸਣ ਰੰਨਾਂ ॥੪॥

ਰੋਲਿਆ ਹੀਰ ਦੇ ਬੁੱਤ ਨੂੰ, ਅਸਾਂ ਕੋਲ ਝਨਾਵਾਂ
ਅਰਜ਼ ਦੇ ਪਾਣੀ ਵੱਗਦੇ, ਰਹੇ ਸ਼ਹੁ ਦਰਿਆਵਾਂ
ਇਕ ਨ ਮੰਨੀ ਪਾਣੀਆਂ, ਦੀ ਅਰਜ਼ ਭਰਾਵਾਂ
ਅਸੀਂ ਚਿਣੀਆਂ ਨੀਂਹਾਂ ਅੰਦਰਾਂ, ਮਾਸੂਮ ਅਦਾਵਾਂ
ਅਸੀਂ ਤੇਗਾਂ ਛਾਵੇਂ ਤੋੜੀਆਂ, ਵੱਡ ਬਲੀ ਭੁਜਾਵਾਂ
ਨੇੜੇ ਖ਼ੂਨ ਦੇ ਵੇਖਿਆ, ਤਾਂ ਦਿਸੀਆਂ ਮਾਵਾਂ ॥੫॥

ਕਿੱਥੇ ਗਏ ਝਨਾਂ ਦੇ, ਉਹ ਸਾਂਵਰ ਬੇਟੇ ?
ਛਾਤੀਏਂ ਜਿਨ੍ਹਾਂ ਦੀ ਖ਼ੂਨ ਦੇ, ਕਈ ਸਾਗਰ ਲੇਟੇ,
ਸ਼ੇਰ ਦੀ ਜ਼ਹਿਰੀ ਅੱਖ ਨੇ, ਜੋ ਨਾਗ ਲਪੇਟੇ
ਉਹ ਹੁਸਨਾਂ ਦੇ ਦਰ ਚੁੰਮ੍ਹਦੇ, ਬਣ ਵਾਣ ਅਮੇਟੇ
ਵੰਝਲੀ ਦੀ ਸ਼ਾਹ ਰਗ ਚੋਂ, ਖਾ ਕੇ ਪਲਸੇਟੇ
ਕਿੱਥੇ ਗਏ ਝਨਾਂ ਦੇ, ਉਹ ਸਾਂਵਰ ਬੇਟੇ ॥੬॥

*(1965)*

•


WWW.SIKHBOOKCLUB.COM

# 47

## ਸ਼ਾਹ ਮੁਹੰਮਦ ਨੂੰ ਯਾਦ ਕਰ ਕੇ

ਫੇਰ ਨ ਸ਼ਾਹ ਮੁਹੰਮਦ ਨੇ ਆਵਣਾ,
ਗੀਤ ਨ ਸ਼ਹੁ ਦਰਿਆਵਾਂ ਦਾ ਗਾਵਣਾ।

ਮੌਤ ਦੇ ਚੜ੍ਹੇ ਦਰਿਆ ਨੂੰ ਫੇਰ ਨਾ,
ਰਹਿਮ ਦੀ ਵਾਗ ਪਾ ਕਿਸੇ ਅਟਕਾਵਣਾ।

ਕਦੇ ਵੀ ਲੰਮੇ ਪੰਧ ਤੇ ਗਾਉਂਦਿਆਂ
ਫੇਰ ਨ ਗ਼ਾਜ਼ੀ ਰਣਾਂ ਵੱਲ ਜਾਵਣਾ।

ਫੇਰ ਨ ਤੇਗਾਂ ਦੇ ਖ਼ੂਨੀ ਪੁਲਾਂ ਤੋਂ
ਲੰਘਦਿਆਂ ਦੇਸ ਪੰਜਾਬ ਨੇ ਗਾਵਣਾ।

ਹੌਲ ਸੀਨੇ ਸਾਰਾ ਅਸਮਾਨ ਮੱਚਦਾ
ਫੇਰ ਨ ਥਲਾਂ ਦੇ ਰਾਹੀ ਨੂੰ ਥਿਆਵਣਾ।

ਜਸ਼ਨੇ-ਫ਼ਨਾ ਦੀ ਨਜ਼ਰ ਵਿਚ ਨਜ਼ਰ ਪਾ
ਕਿਸੇ ਨ ਕਾਲੜੇ ਕੇਸ ਸੁਕਾਵਣਾ।

ਲਹੂ ਦੇ ਕਤਰੇ 'ਚ ਰਾਜ਼ ਲੈ ਕੋਈ
ਕਰੇਗੀ ਨਜ਼ਰ ਨ ਅਰਸ਼ ਦਾ ਸਾਹਮਣਾ।

ਚੜ੍ਹੀ ਹੋਈ ਸਿਖਰ ਦੇ ਸੂਰਜ ਦੀ ਅੱਖ ਨੂੰ
ਤੇਰੀ ਅਜ਼ਾਨ ਉਹ ਵਖ਼ਤ ਨ ਪਾਵਣਾ।

ਤੇਗ਼ ਦੇ ਚੀਖਦੇ ਜ਼ਖ਼ਮ ਤੋਂ ਲੰਘਕੇ
ਪਵੇਗਾ ਦੇਸ ਪੰਜਾਬ ਨੂੰ ਜਾਵਣਾ।

*(1965)*

•


WWW.SIKHBOOKCLUB.COM

## 48

# ਇਕ ਗੀਤ

[ਬਾਰ ਦੇ ਧਿਆਨ ਵਿਚ]

ਦੇਸਾਂ ਦਾ ਵੇਸ ਵਟਾ ਕੇ ਜੋਗੀ
ਕਰਦੇ ਕੀ ਖੇਡ ਵਿਡਾਣੀ!

ਸੰਞਾਂ ਨੂੰ ਸਿੱਕਦਾ ਅੱਥਰੂ ਡੁੱਬਿਆ
ਮੰਝ ਦਰਿਆਵਾਂ ਦੇ ਪਾਣੀ।

ਜਦ ਅਸੀਂ ਜਲ ਥਲ ਉਤਰੇ ਆ ਕੇ
ਅਗਨੀ ਦੀ ਖੇਡ ਵਿਹਾਣੀ।

ਸ਼ਹੁ ਦਰਿਆਵਾਂ ਨੇ ਛਲ ਜੋ ਕੀਤਾ
ਜਾਣੇ ਨ ਉਮਰ ਨਿਆਣੀ।

ਕੂੰਜਾਂ ਦੇ ਵਾਂਗੂੰ ਜਲ ਥਲ ਉਤਰੀ
ਡੂੰਘੀਆਂ ਨਦੀਆਂ ਦੀ ਬਾਣੀ।

ਵਣਜਾਂ ਦੇ ਦੇਸ 'ਚ ਸੁੱਤਿਆਂ ਛੱਡ ਗਏ
ਜਿਹੜੇ ਸੀ ਉਮਰਾਂ ਦੇ ਹਾਣੀ।

*(ਜੂਨ, 1964)*

•


WWW.SIKHBOOKCLUB.COM

# 49

## ਇਕ ਗੀਤ

[ਬਾਰ ਦੇ ਧਿਆਨ ਵਿਚ]

ਤੂੰ ਦਰਿਆਵਾਂ ਦਾ ਨੀਰ ਨੀ,
ਓਹਲੇ ਪਹਾੜਾਂ ਦੇ ਖੜ੍ਹ ਮੈਂ ਮਾਰਾਂ
ਸਾਂਵਲ ਨਦੀਆਂ ਦਾ ਤੀਰ ਨੀ।

ਬੇਲੇ ਦਾ ਬੂਹਾ ਖੁਲ੍ਹਿਆ ਨੀ ਵਾਏ,
ਸੰਝਾਂ ਦੀ ਲੱਦ ਗਈ ਵਹੀਰ ਨੀ।

ਮਿਰਜ਼ਾ ਧਾੜਵੀ ਜਾਨ ਤੋਂ ਪਿਆਰਾ
ਰੁੰਨਿਆਂ ਕਿਉਂ ਵਾਣ ਸ਼ਮੀਰ ਨੀ।

ਤਿਨ੍ਹਾਂ ਨੂੰ ਨਦੀਆਂ ਦਾ ਦੇਸ ਬੇਗਾਨਾ
ਜਿਨ੍ਹਾਂ ਦੇ ਲੱਦ ਗਏ ਵੀਰ ਨੀ।

*(ਜੂਨ, 1964)*

•


WWW.SIKHBOOKCLUB.COM

## 50

# ਪੱਛਮੀ ਪੰਜਾਬ ਦੇ ਲੋਕਾਂ ਨੂੰ

ਲਟਕਦਾ ਮਿਰਾ ਹੰਝੂ
ਸੱਤ ਅਸਮਾਨਾਂ ਦੀ ਤੇਗ ਤੇ,
ਆਓ ਘਾਇਲ ਕਰੋ ਸੀਨੇ
ਵਿਛੜੇ ਪੰਜਾਬੀਓ!

ਸਵੇਰਿਆਂ ਦੇ ਵਾਰਸੋ!
ਅਜ਼ਾਨ ਮੈਂ ਦਿੰਦਾ
ਦੂਰ ਦੇ ਸਿਤਾਰਿਆਂ ਤੀਕਣ
ਤੇਗਾਂ ਵਾਂਗ ਬਾਹਾਂ ਉਲਾਰ ਕੇ।

ਆਵੋ! ਆਵੋ!!
ਤੁਸਾਂ ਬਨਬਾਸ ਵਿਚ ਪੀਤੀ
ਹਲਾਹਲ ਵਣਾਂ ਦੀ,
ਮੈਨੂੰ ਇਸ ਦੇਸ ਵਿਚ ਆ ਕੇ
ਗ਼ਜ਼ਬ ਦਾ ਤਾਪ ਚੜ੍ਹਿਆ।

ਅੰਬਰਾਂ ਜ਼ਮੀਨਾਂ ਤੇ ਵਿਛਿਆ
ਰੋਹ ਦੀ ਨੀਂਦ ਦਾ ਆਸਨ,
ਭੱਖ ਭੱਖ ਚਮਕਿਆ
ਪਰਬਤਾਂ ਸਿੰਧਾਂ ਦੇ ਮੱਥੇ।

ਸਵੇਰਿਆਂ ਦੇ ਮਾਲਕੋ
ਕਾਰਵਾਨਾਂ ਦੀ ਅੱਖ 'ਚੋਂ ਕੜਕਦੇ
ਮੰਜ਼ਲਾਂ ਦੇ ਸਿਤਾਰੇ ਦੀ ਅਗਨੀ
ਸਬਰ-ਵਿਰਦ ਨੇ ਚੁੰਮੀ।
ਸੂਰਜਾਂ ਵਰਗੇ ਮੁੱਖ ਕਿਉਂ ਦਿੱਤੇ
ਮਿੱਟੀ 'ਚ, ਡੁਸਕਦੇ ਵੀਰੋ?

WWW.SIKHBOOKCLUB.COM

ਸੀਨੇ 'ਤੇ ਸੁਆ ਕੇ
ਘਮਸਾਨ ਲੱਖ ਦਰਿਆਵਾਂ ਦਾ
ਲੰਮੀਆਂ ਸੰਞਾਂ ਤਾਣ ਕੇ ਸੁੱਤਿਓ,
ਵਗਦੇ ਤੂਫ਼ਾਨ ਸਿਰਾਂ ਵਿਚ ਡੱਕ ਕਿਉਂ ਰੱਖੇ ?

ਰੱਤ ਭਰੇ ਹੰਝੂ ਲੈ ਆਵੋ
ਰੋਸ ਦੇ ਸਮੁੰਦਰਾਂ 'ਚ ਡੁੱਬਿਉ
ਭਰੇ ਪੀਤਿਓ ਸ਼ੇਰੋ !

ਕਾਸਦਾਂ ਵਾਂਗ ਦਰਿਆਵਾਂ ਦੇ ਪਾਣੀ ਕਿਉਂ
ਹਨੇਰੀਆਂ ਰਾਤਾਂ 'ਚ ਚੁੰਮ੍ਹੇ
ਲੁਕ ਲੁਕ ਰੋਸਾਂ ਦੇ ਮਾਰਿਓ ?
ਕਿਉਂ ਖ਼ੁਦਾ ਦੇ ਜ਼ੋਰ ਤੇ ਹੱਸਦੇ ਰਹੇ
ਭਖ ਭਖ ਜ਼ਿਮੀਂ ਦੇ ਸੀਨੇ 'ਚ ਡੁੱਬਦੇ ਰਹੇ
ਸਬਰ ਦੇ ਕਹਿਰ ਵਿਚ ਸੁੱਤਿਓ !

ਲੱਖ ਦਰਿਆਵਾਂ ਦੇ ਹੇਠ
ਬਿਜਲੀਆਂ ਦੇ ਬਾਜ਼ੂਆਂ 'ਤੇ ਸੁੱਤਾ
ਰੁੱਠੇ ਪਹਾੜਾਂ ਦੇ ਵਾਂਗ
ਇਹ ਕਹਿਰ-ਕਲੂਰ ਦਾ ਰੋਸਾ।
ਨੱਸ ਨੱਸ ਚੁੰਮ੍ਹਦੀਆਂ ਪਈਆਂ
ਸੀਨੇ ਨਾ' ਘੁਟਦੀਆਂ ਪਈਆਂ
ਇਹ ਕਹਿਰ-ਕਲੂਰ ਦਾ ਰੋਸਾ
ਵਗ਼ ਵਗ ਬੇਹਾਲੀਆਂ ਮੇਰੀਆਂ।

ਆਵੋ ਆਵੋ ਮਿਰੇ ਹੱਥ ਚੁੰਮ੍ਹੋ
ਓ ਬੀਆਬਾਨਾਂ ਦੇ ਕੰਠ ਵਿਚ ਕੂਕਦੇ ਸੂਰਜੋ,
ਦਰਿਆਵਾਂ ਦੀ ਹਿੱਕ 'ਤੇ
ਸਬਰ ਦੇ ਕਹਿਰ ਨੂੰ ਲੈ ਕੇ
ਤਪਦੇ ਵੀਰਾਨਿਉਂ !

ਚੁੱਕ ਸ਼ਮਸ਼ੀਰ ਆਵੋ
ਦੋਜ਼ਖ਼ਾਂ ਵਾਲੀ—
ਖ਼ੂਨੀ ਨਹੁੰਦਰਾਂ ਦੇ ਹੇਠਾਂ
ਸੱਤ ਅਸਮਾਨਾਂ ਨੂੰ ਲੈ ਕੇ
ਨਾਂਹ ਭਖੋ
ਵਣਾਂ ਦੇ ਜਗਰਾਤਿਓ !

WWW.SIKHBOOKCLUB.COM

ਆਵੋ ਆਵੋ, ਵਾਜ ਦਰਵੇਸ਼ਾਂ ਦੀ—
ਆਵੋ ਆਵੋ, ਸਵੇਰਿਆਂ ਦੇ ਮਾਲਕੋ—
ਆਵੋ ਆਵੋ, ਮੇਰੇ ਹੱਥ ਚੁੰਮੋ।

*(ਅਪ੍ਰੈਲ, 1965)*

•

WWW.SIKHBOOKCLUB.COM

# 51

# ਪੱਛਮੀ ਪੰਜਾਬ ਦੇ ਲੋਕਾਂ ਨੂੰ

ਦਰਿਆਵਾਂ ਦੇ ਬੇਲਿਆਂ ਦੇ ਨਾਲ
ਮੁੜ ਕਦੇ ਖੇਡਣ ਜੁਆਨੀਆਂ।
ਮੁੜ ਰਿਜ਼ਕ ਦੇ ਸੀਨੇ ਦੇ ਵਿੱਚੋਂ
ਅਸੀਂ ਪੈਗਾਮ ਸੁਣੀਏਂ
ਆਪਣੇ ਨਬੀਆਂ ਦਾ।

ਮਹਾਂ ਰਣਾਂ ਦੇ ਤੂਫ਼ਾਨ ਆਵਣ
ਸ਼ੀਂਹ ਬਿਰਖਾਂ ਦੇ ਦੇਸ ਵੱਲ,
ਜਿਨ੍ਹਾਂ ਦੇ ਪੱਤਰਾਂ ਸੀਨੇ
ਪੱਥਰਾਂ ਦੇ ਜਨੂੰਨ ਸੁੱਤੇ।

ਮੁੜ ਭਾਰੀ ਭੁਜਾਨ ਦੇ ਬਲ 'ਚੋਂ
ਨੂਰਾਂ ਦੀ ਗਰਜ ਨਿਕਲੇ
ਮੌਤਾਂ ਦੇ ਕਫ਼ਨ ਬੰਨ੍ਹ ਕੇ।

ਆਪਣੇ ਨਬੀਆਂ ਦੇ ਹੱਥ ਮੁੜ ਚੁੰਮਕੇ
ਸੂਰਜਾਂ ਦੀ ਕੋਟੀ ਤੋਂ ਤੋੜਕੇ ਸੁੱਟੀਏ
ਹੁਕਮ ਦੀਆਂ ਇਲਾਹੀ ਜ਼ੰਜੀਰਾਂ ਨੂੰ।

ਹਾਂ, ਇਕ ਦਿਨ ਪੈਗ਼ੰਬਰਾਂ
ਆਵਣਾ ਵਾਂਗ ਵਣਜਾਰਿਆਂ ਭਾਲਦੇ
ਆਪਣੀ ਅਸੰਖ ਬਰਸਾਂ ਦੀ ਵਾਜ ਨੂੰ,
ਬਲੀ ਕਰਮ ਸਾਡਾ ਧੁਰਾਂ ਦਾ ਵੇਖ ਜੋ
ਧਿਆਨ-ਕੰਠ ਦੇ ਸਿੰਧਾਂ 'ਚ ਸ਼ਾਂਤ ਹੋ ਚੁੱਕੀ।

ਇਸਲਾਮ ਦੇ ਰਣਾਂ ਚੋਂ ਤੇਗਾਂ ਦੇ
ਪੈ ਰਹੇ ਯੁਗਾਂ ਤੇ ਸਾਏ,
ਜ਼ਰਾ ਉਹ ਕਾਰਵਾਂ ਜਗਾ ਕੇ
ਬੇ-ਪ੍ਰਵਾਹੀਆਂ ਦੇ ਨਾਜ਼ ਵਿਚ ਘੁੱਟੀਏ।


WWW.SIKHBOOKCLUB.COM

ਨਗਨ ਤਾਰਾਂ ਦੇ ਹੜ੍ਹਾਂ ਦੇ ਹੜ੍ਹ
ਲਿਪਟ ਜਾਣ
ਪੰਜ ਦਰਿਆਵਾਂ ਨਾ' ਸਹਿਮ ਕੇ।

ਤਾਰਿਆਂ ਦੀ ਨਜ਼ਰ ਦੀ ਅਗਨੀ 'ਚ ਬਰਸ ਗਏ
ਪੰਜ ਦਰਿਆਵਾਂ ਦੇ ਨਾਦ ਅਸੰਖਾਂ
ਕੋਟ ਬਰਸਾਂ ਤੋਂ ਵਗ ਰਹੇ ਪਾਣੀ,
ਜ਼ਰਾ ਉਹ ਨਜ਼ਰ ਤੋਂ
ਆਪਣੇ ਪਿਆਰਾਂ ਨੂੰ ਵਾਰੀਏ,
ਮੁੜ ਕਿਸੇ ਦੀ ਛਾਤੀ ਦੇ ਹੜ੍ਹਾਂ ਵਿਚ
ਸੋਹਣੀਆਂ ਜਾਨਾਂ ਨੂੰ ਰੋਲੀਏ।

ਮੁੜ ਵਣਾਂ ਦੇ ਵਣ ਉੱਠਣ
ਧੂਹਣ ਲਈ
ਜਿਸਮਾਂ ਦੀ ਨਗਨਤਾ ਉੱਤੋਂ
ਬੇਸ਼ੁਮਾਰ ਹੁਸਨਾਂ ਦੀ ਛਾਇਆ।

ਯੁਗਾਂ ਦੇ ਯੁਗ ਨਗਨ ਸੁੱਤੇ
ਲਹੂ ਦੀ ਤਪਸ਼ ਦੇ ਉੱਤੇ,
ਮੁੜ ਚੀਰ ਹਰਨ ਕਰਦੇ
ਵਗਣ ਵਗਣ ਤੂਫ਼ਾਨ ਅਲਬੇਲੇ।

*(ਅਪ੍ਰੈਲ, 1964)*

•


WWW.SIKHBOOKCLUB.COM 

## 52

# ਸ਼ਹੀਦ ਭਗਤ ਸਿੰਘ ਦੇ ਅੰਗਿਆਰਾਂ ਕੋਲ

ਧੂੰਏ ਪਸਰੇ ਅਰਸ਼ ਤੇ, ਦਮ ਘੁੱਟਦੀ ਰੈਣ
ਸਤਲੁੱਜ-ਲਹਿਰਾਂ ਉਠਦੀਆਂ, ਜਿਉਂ ਹਿਚਕੀ-ਬਦਲੇ ਵੈਣ।

ਜਾਣ ਵਗਦਿਆਂ ਪਾਣੀਆਂ, ਲਹਿਰਾਂ ਖੜੀਆਂ ਹੋ
ਜਿਉਂ ਪ੍ਰੀਤਮ ਦੀ ਭਾਲ ਵਿਚ, ਕੁਈ ਤੁਰਦੀ ਜਾਏ ਖਲੋ।

ਸੂਰਜ ਪੱਛਮੀ ਬਿਸਤਰੇ, ਤੇ ਸੀ ਸੁੱਤਾ ਜਾ
ਖ਼ਾਬ ਉਹਦੇ ਦਾ ਰੂਪ ਸੀ, ਰਾਤ ਇਹ ਕਾਲੀ ਸ਼ਾਹ।

ਸੱਪਾਂ ਲਾਈਆਂ ਮਹਿਫ਼ਲਾਂ, ਘਾਹਵਾਂ ਤੇ ਰਹੇ ਰੀਂਘ
ਡਰ ਨਾ' ਸੂਰਜ ਨੂੰ ਵੀ, ਚੜ੍ਹੀ ਨਾਂਹ ਗੂੜ੍ਹੀ ਨੀਂਦ।

ਮੇਲਾ ਲਾਇਆ ਤਾਰਿਆਂ, ਆ ਨਾਂਹ ਸਕਿਆ ਚੰਨ
ਸਾਜ਼ਿਸ਼ ਕਰਕੇ ਰਾਤ ਨੇ, ਗੁਫ਼ਾ 'ਚ ਸੁੱਟਿਆ ਬੰਨ੍ਹ।

ਕੰਢਿਆਂ ਉੱਤੇ ਪਈ ਸੀ, ਦੋ ਮੁੱਠੀਆਂ ਬਸ ਰਾਖ਼
ਜਿਸ ਤੇ ਚੌੜੇ ਅਰਸ਼ ਰਹੇ, ਚੁਪ ਚੁਪੀਤੇ ਝਾਕ।

ਸੜ ਗਈ ਉਸ ਦੇ ਬੁੱਤ ਨਾ', ਸੋਹਣੀ ਜਹੀ ਉਮੰਗ
ਹਰਾ-ਭਰਾ ਕੋਈ ਬ੍ਰਿਛ ਜਿਉਂ, ਸੜਦਾ ਪੰਛੀ ਸੰਗ।

ਅੱਜ ਅਕਾਸ਼ ਪੰਜਾਬ ਦੇ, ਖਾਰੇ ਗਏ ਨੇ ਹੋ
ਮੰਗਣ ਕਲੀਆਂ ਨਾਜ਼ਕਾਂ, ਫ਼ੌਲਾਦ ਪੰਘਰਿਆ ਰੋ।

ਕਿਵੇਂ ਫ਼ੌਲਾਦੀ ਦਿਲਾਂ ਦਾ, ਪੰਘਰ ਕੇ ਬਣਿਆਂ ਨੀਰ
ਚੁੱਕੀ ਫਿਰਸੀ ਅਰਸ਼ ਵਿਚ, ਨਾਜ਼ਕ ਜਹੀ ਸਮੀਰ ?

— — — — — — — —
— — — — — — — —

ਕਫ਼ਨ ਧਰ ਤੇ ਪਸਰਿਆ, ਤਾਰੇ ਗਏ ਕੁਮਲਾ।
ਲੰਙ ਮਾਰਦਾ ਅਰਸ਼ ਵਿਚ, ਚੰਨਾ ਵੀ ਗਿਆ ਆ।

ਤੱਕਣ ਲਈ ਮਹਿਬੂਬ ਨੂੰ, ਤਿੱਖੀ ਹੋ ਗਈ ਅੱਖ
ਰਾਖ਼ ਵੇਖਕੇ ਚੰਨ ਨੂੰ, ਕਿਵੇਂ ਆਵੇਗਾ ਸੱਚ?

*(ਮਾਰਚ, 1955)*

•

WWW.SIKHBOOKCLUB.COM

# 53

## ਵੇ ਜਾਂਗਲੀ ਛੈਲ ਛਬੀਲਿਆ

ਠਰੀ ਪੌਣ ਪੋਹ ਦੀ ਵੇ ਮਿੱਤਰਾ
ਝਨਾਂ ਦੀ ਹਿੱਕ ਵਿਚ ਧੱਸਦੀ।
ਖਿੱਚ ਖਿੱਚ ਬਾਹਵਾਂ ਕਮਲੀਆਂ
ਆਸ਼ਕ ਦੀ ਜੁਆਨੀ ਕੱਸਦੀ।

ਤੈਂਡੀ ਚਾਨਣੀ ਤੇ ਮੱਸਿਆ ਜਹੀ ਚੁੰਨੜੀ
ਪੌਣਾਂ ਦੀਆਂ ਕਾਂਗਾਂ ਤੇ ਮੇਲ੍ਹਦੀ
ਹਿੱਕਾਂ ਨੂੰ ਘੁੱਟਾਂ ਢੋਲਣਾ
ਅੰਗਿਆਰਾਂ ਦੀ ਝੜੀ ਵਸਦੀ—
ਨਿੱਘਾ ਹੋਇਆ ਝਨਾਂ ਵੇ ਮੁੰਡਿਆ
ਲਹਿਰਾਂ ਦੀ ਹਿੱਕੜੀ ਲੱਸਦੀ।
ਵੇ ਜਾਂਗਲੀ ਛੈਲ ਛਬੀਲਿਆ।

ਮਾਘ ਦਾ ਠੱਕਾ ਵਗਦਾ!
ਝਨਾਂ ਦੇ ਤੁਪਕੇ ਤੁਪਕੇ ਤੇ
ਮਿਰਜ਼ੇ ਦਾ ਤੀਰ ਵੱਜਦਾ—
ਭੁਆਟਣੀਆਂ ਖਾ ਖਾ ਅੰਬਰ ਤੋਂ
ਠੱਕਾ ਲਹਿਰਾਂ ਤੇ ਡਿੱਗਦਾ।
ਵਿੰਨ੍ਹਿਆ ਰੋਮ ਰੋਮ ਇਸ ਉੱਡਣੇ ਸੱਪ ਦਾ
ਵਾਣ ਜੱਟ ਦਾ ਗੱਜਦਾ!

ਪੌਣ ਵੀ ਚੁੱਪ, ਬੇਲੀ ਵੀ ਚੁੱਪ!
ਹੀਣੀ ਰਾਖ਼ ਹੀ ਰਹਿ ਗਈ ਦੂਲਿਆ,
ਸੌਂ ਗਿਆ ਤੀਰਾਂ 'ਚ ਵੱਗਦਾ
ਚੰਘਿਆੜਦਾ ਦਰਿਆ ਅੱਗ ਦਾ।
ਆਇਆ ਵੇ ਬੇਲਿਆਂ ਦੇ ਮਾਲਕਾ
ਸ਼ਮੀਰ ਦਾ ਘੋੜਾ ਭੱਜਦਾ।
ਵੇ ਜਾਂਗਲੀ ਛੈਲ ਛਬੀਲਿਆ।

*(ਨਵੰਬਰ, 1955)*

•



WWW.SIKHBOOKCLUB.COM

# 54
## ਸਾਹਿਬਾਂ ਦੀ ਸੱਦ ਮਿਰਜ਼ੇ ਨੂੰ

ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ,
ਜ਼ਰਾ ਤੱਕ ਜ਼ੁਲਫ਼ਾਂ, ਕਿੰਝ ਝੱਲੀਆਂ ਓ ਯਾਰ।

ਆਵੀਂ ਆਵੀਂ ਝਨਾਂ ਦੇ ਚੋਰ ਵੇ
ਗੱਲ ਧੁੰਮੀ ਕੰਢੜੇ ਹੋਰ ਵੇ
ਮੈਂ ਗੁੰਮੀਂ ਜੱਗ ਦੇ ਸ਼ੋਰ ਵੇ—
ਸਭ ਤਾਰਾਂ ਦਿਲ ਦੀਆਂ ਹੱਲੀਆਂ ਓ ਯਾਰ,
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

ਮੈਂ ਝੱਖੜਾਂ ਝੁਲਦੀ ਨਾਰ ਵੇ
ਮੈਂ ਲੁੱਟੇ ਸ਼ਾਹ ਅਸਵਾਰ ਵੇ
ਜਾ ਤੋੜੇ ਥਲਾਂ ਦੇ ਬਾਰ ਵੇ,
ਕਿਨ੍ਹ ਦਿਲ ਦੀਆਂ ਵਾਗਾਂ ਠੱਲ੍ਹੀਆਂ ਓ ਯਾਰ ?
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

ਲੱਖ ਸ਼ਾਹ ਕੋਟਾਂ ਦੇ ਨਾਜ਼ ਵੇ
ਜਿਨ੍ਹ ਤੱਕ ਨਾ ਸੱਕਣ ਬਾਜ਼ ਵੇ
ਮੈਂ ਜਾਲਾਂ ਵੱਡ-ਪਰਵਾਜ਼ ਵੇ,
ਅੱਜ ਤੇਰੇ ਨਜ਼ਾਰੇ ਨੂੰ ਖੱਲੀ ਆਂ ਓ ਯਾਰ—
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

ਮੈਂ ਰਹਿਮ ਨੂੰ ਬੁੱਕ ਬੁੱਕ ਪੀਂਵਦੀ
ਮੈਂ ਲਹੂ ਲਹੂ ਹੋ ਜੀਂਵਦੀ
ਮੈਂ ਜ਼ਹਿਰ ਦੇ ਪਿਆਲੇ ਥੀਂਵਦੀ,
ਅੱਜ ਥਲਾਂ ਦੀ ਮਹਿੰਦੀ ਲਾ ਖੱਲੀ ਆਂ ਓ ਯਾਰ—
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

WWW.SIKHBOOKCLUB.COM

ਜਦ ਵਿਰਦ ਯਾਰ ਦਾ ਪਾਲਦੀ
ਫੜ ਤਪਦੇ ਸੂਰਜ ਜਾਲਦੀ
ਜਾ ਰਣਾਂ 'ਚ ਦੀਵੇ ਬਾਲਦੀ—
ਮੈਂ ਤੇਗਾਂ ਦਾ ਲਹੂ ਹੋ ਚੱਲੀ ਆਂ ਓ ਯਾਰ,
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

ਮੇਰੇ ਅੱਥਰੇ ਸ਼ੌਂਕ ਨਾਂਹ ਵਸਨਾ ਵੇ
ਛੱਡ ਸ਼ੌਹ ਦੀ ਬਾਹੀਂ ਨਸਨਾ ਵੇ
ਲਾ ਜਾਲ ਹੁਸਨ ਦਾ ਫਸਨਾ ਵੇ—
ਮੈਂ ਡਾਚੀ ਤੈਂਡੀ ਦੀ ਟੱਲੀ ਆਂ ਓ ਯਾਰ,
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

ਉਸ ਮਿਹਰ-ਸਿਤਮ ਦੇ ਮੋੜ ਵਲ
ਮੈਂ ਨਸਦੀ ਜਾਵਾਂ ਹੋਰ ਵਲ
ਅਵੇ ਬਾਂਕੇ ਅੱਥਰੇ ਘੋੜ ਵਲ,
ਗੱਲਾਂ ਕਰਦੀ ਝੱਲ-ਵਲੱਲੀਆਂ ਓ ਯਾਰ—
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

ਜੋ ਹੈ, ਤਾਂ ਗ਼ਜ਼ਬ ਦਾ ਕੋਟ ਰਹੇ
ਇਹ ਬਿਰਖੀਂ ਜੀਂਦਾ ਬੋਟ ਰਹੇ,
ਮੈਂ ਹਾਲ ਪਵੇ, ਨਾਂਹ ਤੋਟ ਰਹੇ,
ਇਹ ਜੂਹਾਂ ਨਾਂਹ ਕਿਸੇ ਨੇ ਵੱਲੀਆਂ ਓ ਯਾਰ—
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

ਇਹ ਮੋਰ ਝਨਾਂ ਦੀ ਕਾਂਗ ਵੇ
ਇਹ ਫ਼ਜਰ-ਸਿਦਕ ਦੀ ਬਾਂਗ ਵੇ
ਰੋਹ ਭਰੀ ਨਜ਼ਰ ਦੇ ਵਾਂਗ ਵੇ,
ਮੈਂ ਜ਼ੁਲਫ਼ਾਂ ਦੇ ਹੜ੍ਹ ਵਿਚ ਝੱਲੀਆਂ ਓ ਯਾਰ—
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

ਜੋ ਹੈ, ਤਾਂ ਇਹ ਅਸਮਾਨ ਰਹੇ
ਲੈ ਦੋਜ਼ਖ਼ ਉਡਦੀ ਜਾਨ ਰਹੇ
ਇਸ ਚੜ੍ਹੇ ਝਨਾਂ ਦੀ ਸ਼ਾਨ ਰਹੇ—
ਸ਼ਾਲਾ ਜੀਣ ਤੇਰੇ ਸੰਗ ਗੱਲੀਆਂ ਓ ਯਾਰ,
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

ਚੜ੍ਹ ਬੱਕੀ ਗਜ਼ਬ ਦੀ ਚੋਰ ਵੇ
ਮੈਂ ਕਾਂਗ ਚੜ੍ਹੀ ਤੂੰ ਮੋੜ ਵੇ
ਗੱਲ ਸ਼ੌਕ ਥਲਾਂ ਦੀ ਹੋਰ ਵੇ—
ਇਹ ਮੌਜਾਂ ਬਹੁਤ ਕੁਵੱਲੀਆਂ ਓ ਯਾਰ,
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

ਜਦ ਜੱਗ ਦੇ ਰੋਹ ਦਾ ਕਹਿਰ ਪਿਆ
ਤੂੰ ਸਫ਼ਰ ਗਜ਼ਬ ਦਾ ਤੈਰ ਗਿਆ
ਹੋ ਉੱਡਣਾ ਨਾਗ ਦੁਪਹਿਰ ਗਿਆ—
ਤੈਨੂੰ ਖ਼ੈਰਾਂ ਫ਼ਕੀਰਾਂ ਨੇ ਘੱਲੀਆਂ ਓ ਯਾਰ,
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

ਕਿਉਂ ਢੋਕ ਦੁਪਹਿਰਾਂ ਦੀ ਵਸਨਾ ਵੇ
ਬੀਬਾ ਵਾਗ ਨਾਂਹ ਕਹਿਰਾਂ ਦੀ ਕਸਨਾ ਵੇ
ਆਪੂੰ ਚੋਰ ਝਨਾਂ ਦਾ ਦਸਨਾ ਵੇ—
ਆ ਕੇ ਜੂਹਾਂ ਝਨਾਂ ਦੀਆਂ ਮੱਲੀਆਂ ਓ ਯਾਰ,
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

ਇਹ ਤਾਂ ਥਲ ਹੀ ਤਪਦਾ ਹੋਰ ਵੇ
ਇਹਦੀ ਰਗ ਦਾ ਅੱਪਣਾ ਸ਼ੋਰ ਵੇ
ਲੋਹ ਸਬਰ ਦੇ ਪੰਜੇ ਜ਼ੋਰ ਵੇ—
ਇਹੋ ਬਾਗ਼ ਜਿੱਥੇ ਮੈਂ ਪੱਲੀ ਆਂ ਓ ਯਾਰ,
ਗੱਲਾਂ ਮੁਲਖ਼ ਬਿਗਾਨੇ 'ਚ ਚੱਲੀ ਆਂ ਓ ਯਾਰ।

ਜੇ ਸੂਰਜ ਚੜ੍ਹੇ ਹਜ਼ਾਰ ਵੇ
ਭੰਨ ਨੱਸੇ ਬੂਹੇ-ਬਾਰ ਵੇ
ਜ਼ਰਾ ਸ਼ਾਹ ਅਸਵਾਰਾ ਹਾਰ ਵੇ—
ਮੈਂ ਨਾਜ਼ਕ ਸੀਨੇ ਸੱਲ੍ਹੀਆਂ ਓ ਯਾਰ,
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।

ਮੇਰੇ ਵੀਰ ਸ਼ਮੀਰ ਦੀ ਬੇਟ ਵੇ
ਚੜ੍ਹ ਤਪੇ ਮਹੀਨਾ ਜੇਠ ਵੇ
ਉਸ ਸੁੰਞੇ ਜੰਡ ਦੇ ਹੇਠ ਵੇ—
ਤੈਨੂੰ ਨੀਂਦਾਂ ਪੈਣ ਸੁਵੱਲੀਆਂ ਓ ਯਾਰ,
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ।


WWW.SIKHBOOKCLUB.COM

ਔਹ ਗਿਆ ਝਨਾਂ ਦਾ ਚੋਰ ਵੇ
ਵਿਚ ਕਣਕਾਂ ਨਸਦਾ ਮੋਰ ਵੇ
ਉਹ ਖੜਦਾ ਨਸਦਾ ਜ਼ੋਰ ਵੇ
ਲੱਖ ਬਦਲੇ ਉਸ ਨੇ ਘੋੜ ਵੇ
ਉਹ ਆਪ ਹੀ ਅੱਪਣਾ ਲੋਰ ਵੇ
ਉਹਦੇ ਭੱਥੇ ਪੈਂਦਾ ਸ਼ੋਰ ਵੇ—
ਸੋਹਣੇ ਸਾਉਣ ਮਹੀਨੇ ਨੇ ਛਲੀਆਂ ਓ ਯਾਰ
ਜ਼ਰਾ ਫੜ ਬਾਹੀਂ ਮੈਂ ਕੱਲੀ ਆਂ ਓ ਯਾਰ,
ਹੱਸ ਦੇਸ ਮਾਹੀ ਦੇ ਚੱਲੀਆਂ ਓ ਯਾਰ
ਰੋ ਪੈਣ ਬਾਬਲ ਦੀਆਂ ਗੱਲੀਆਂ ਓ ਯਾਰ।

ਸੁਣ ਨੀਂਦਾਂ ਦੇ ਸਰਦਾਰ ਵੇ
ਉਸ ਤਪਦੇ ਜੰਡ ਦੇ ਯਾਰ ਵੇ
ਸੁਣ ਬਾਬਲ ਮਿਰੇ ਦੇ ਬਾਰ ਵੇ—
ਰੋ ਪੈਣ ਖੂਹੇ ਤੇ ਬੱਲੀਆਂ ਓ ਯਾਰ,
ਖਿੜ ਪੈਣ ਹੱਥਾਂ ਦੀਆਂ ਕੱਲੀਆਂ ਓ ਯਾਰ।

ਤੈਂ ਹੱਥਾਂ ਤੇ ਅਸਮਾਨ ਵੇ
ਮੈਂ ਸੂਰਜ ਦਾ ਘਮਸਾਨ ਵੇ
ਵਾਹ! ਤਕਦੀਰਾਂ ਦੀ ਸ਼ਾਨ ਵੇ—
ਡੱਕ ਕਾਫ਼ਲੇ ਮੌਤਾਂ ਦੇ ਖੱਲ੍ਹੀਆਂ ਓ ਯਾਰ,
ਗਾਨੇ ਬੰਨ੍ਹ ਹੁਸਨਾਂ ਦੇ ਰੱਲੀਆਂ ਓ ਯਾਰ।

ਚਾੜ੍ਹ ਹਿਜਰ ਦੇ ਤੀਰ ਨੂੰ ਸਾਣ ਵੇ
ਬਾਜ਼ ਵਸਲ ਦਾ ਪੀਂਦਾ ਜਾਨ ਵੇ
ਚੜ੍ਹੀ ਅੱਗ ਅਸਮਾਨ ਅਜ਼ਾਨ ਵੇ—
ਬਣ ਗੀਤ ਤਕਦੀਰਾਂ ਦਾ ਚੱਲੀਆਂ ਓ ਯਾਰ,
ਕਿੱਡਾ ਸਿਤਮ ਜਿੱਥੇ ਮੈਂ ਖੱਲ੍ਹੀਆਂ ਓ ਯਾਰ।

ਤੂੰ ਥਲਾਂ ਥਲਾਂ ਦੀ ਬਾਂਗ ਵੋ
ਮੈਂ ਬਾਹੀਂ ਉਠਦੀ ਚਾਂਗ ਵੋ
ਨਾਂਹ ਲਹੂ ਰਿਹਾ ਨਾ ਸਾਂਗ ਵੋ!
ਪਿਛਲੇ ਰੈਣ ਦੇ ਪਹਿਰੇ ਨਾਂਹ ਟੱਲੀਆਂ ਓ ਯਾਰ
ਬੈਠਾ ਥਲਾਂ ਵਿਚ ਦੇਵੇਂ ਤਸੱਲੀਆਂ ਓ ਯਾਰ;
ਝੂਠੇ ਕੌਲਾਂ ਨੇ ਅਕਲਾਂ ਮੱਲੀਆਂ ਓ ਯਾਰ
ਸਾਨੂੰ ਦਿਸੀਆਂ ਹੋਰ ਤਜੱਲੀਆਂ ਓ ਯਾਰ।


WWW.SIKHBOOKCLUB.COM

ਹਾਂ! ਹਸ਼ਰ ਦੀ ਵਗਦੀ ਪੌਣ ਵੇ
ਹਾਂ! ਮੌਤ ਦਾ ਹੋਇਆ ਔਣ ਵੇ,
ਜਦ ਝੁੱਲਦਾ ਖ਼ੂਨ ਦਾ ਸੌਣ ਵੇ,
ਮੈਂ-ਤੈਂ ਬਿਨ ਤੁਰਦਾ ਕੌਣ ਵੇ—?
ਲੈ ਦੀਵਾ ਤਕਦੀਰਾਂ ਦਾ ਖੱਲ੍ਹੀਆਂ ਓ ਯਾਰ,
ਜਿੱਥੇ ਸ਼ੌਕ ਉਥੇ ਹੀ ਚੱਲੀਆਂ ਓ ਯਾਰ।

ਇਹ ਰਹਿਮਤ ਦਾ ਅਸਮਾਨ ਵੇ
ਜਿੱਥੇ ਸਹਿਮਣ ਸੂਰ ਮਹਾਨ ਵੇ,
ਜਿੱਥੇ ਕਰਕੇ ਸਫ਼ਰ ਅਜ਼ਾਨ ਵੇ
ਡੁੱਬ ਜਾਵੇ ਨੀਂਦ ਦੀ ਸ਼ਾਨ ਵੇ,
ਕੋਈ ਕਰ ਜਾਵੇ ਘਮਸਾਨ ਵੇ!
ਫਿਰ ਪਹੁੰਚੇ ਦਿਲ ਦਾ ਹਾਣ ਵੇ—
ਕੋਈ ਦੇਂਦਾ ਜਾਵੇ ਤਸੱਲੀਆਂ ਓ ਯਾਰ,
ਫਿਰ ਪਾ ਜਾਵੇ ਤਰਥੱਲੀਆਂ ਓ ਯਾਰ।

ਮੇਰੇ ਵੀਰ ਸ਼ਮੀਰ ਦਾ ਰਾਜ ਵੇ!
ਜ਼ਰਾ ਠੱਲ੍ਹ ਅਸਵਾਰਾ ਵਾਗ ਵੇ,
ਦਿਹੁੰ ਹਸ਼ਰ ਦੇ ਵਾਂਗੂੰ ਜਾਗ ਵੇ—
ਤੈਂ ਨੈਣਾਂ 'ਚ ਨੀਂਦਾਂ ਅਵੱਲੀਆਂ ਓ ਯਾਰ,
ਜ਼ਰਾ ਨਜ਼ਰ ਮਾਰ, ਮੈਂ ਕੱਲੀ ਆਂ ਓ ਯਾਰ,
ਜ਼ਰਾ ਤਕ ਜ਼ੁਲਫ਼ਾਂ, ਕਿੰਞ ਝੱਲੀਆਂ ਓ ਯਾਰ !!

*(ਜਨਵਰੀ, 1966)*

•


WWW.SIKHBOOKCLUB.COM Page 210

## 55
# ਢੋਲਣ ਮੁਜਾਹਿਦ

ਤੈਨੂੰ ਵਾਜਾਂ ਮਾਰਾਂ ਮੈਂ, ਖੜੀ ਹਸ਼ਰ ਦਿਹਾੜੇ ਦੀ।
ਤੈਨੂੰ ਯਾਦ ਜੇ ਆ ਜਾਵੇ, ਘੜੀ ਹਸ਼ਰ ਦਿਹਾੜੇ ਦੀ।

ਗੱਲ ਤਖ਼ਤ ਹਜ਼ਾਰੇ ਦੀ
ਜਾਂ ਫ਼ਜਰ ਦੇ ਤਾਰੇ ਦੀ
ਜਾਂ ਅੰਬਰ ਸਾਰੇ ਦੀ
ਬੀਬਾ ਬਾਤ ਪੁਰਾਣੀ ਹੈ, ਬੜੀ ਹਸ਼ਰ ਦਿਹਾੜੇ ਦੀ,
ਗੱਲ ਆਖਣ ਵਾਲੀ ਨਾਂਹ, ਖਰੀ ਹਸ਼ਰ ਦਿਹਾੜੇ ਦੀ।

ਰੋ ਪੂਰਨ ਖੂਹੇ ਤੇ
ਸੌਂ ਖੰਜਰ ਸੂਹੇ ਤੇ
ਬਹਿ ਸੱਖਣੇ ਬੂਹੇ ਤੇ
ਮੈਂ ਸਿੱਕ ਸਿੱਕ ਤੈਨੂੰ ਵੇ, ਮਰੀ ਹਸ਼ਰ ਦਿਹਾੜੇ ਦੀ,
ਫੜ ਜਲੇ ਕਲੇਜੇ ਨੂੰ, ਖੜੀ ਹਸ਼ਰ ਦਿਹਾੜੇ ਦੀ।

ਇਕ ਕਤਰਾ ਖ਼ੂਨੀ ਵੇ
ਖਾ ਗਸ਼ਾਂ ਜਨੂੰਨੀ ਵੇ
ਪਿਆ ਫ਼ਜਰ ਦੀ ਜੂੰਨੀ ਵੇ
ਇਹ ਨਦੀ ਗੁਮਾਨੀ ਵੇ, ਭਰੀ ਹਸ਼ਰ ਦਿਹਾੜੇ ਦੀ,
ਵਾ ਕਹਿਰ ਦੀ ਸੂਰਜ ਤੱਕ, ਚੜ੍ਹੀ ਹਸ਼ਰ ਦਿਹਾੜੇ ਦੀ।

ਜੋ ਸਹਿਮ ਕਲੇਜੇ ਵੇ
ਸੌਂ ਸੂਰਜ ਸੇਜੇ ਵੇ
ਅੱਗ ਪੌਣਾਂ ਭੇਜੇ ਵੇ
ਅੱਖ ਥਲਾਂ ਜਿਉਂ ਬਲੇ ਪਈ, ਲੜੀ ਹਸ਼ਰ ਦਿਹਾੜੇ ਦੀ,
ਸਾਨੂੰ ਘੋਲ ਪਿਲਾ ਬੀਬਾ, ਜੜੀ ਹਸ਼ਰ ਦਿਹਾੜੇ ਦੀ।

ਸੁਣ ਗੀਤ ਮੁਜਾਹਦਾਂ ਦੇ
ਰਣ ਖ਼ੂਨ ਦੇ ਸ਼ਾਹਦਾਂ ਦੇ
ਰੰਗ ਚੜ੍ਹਦੇ ਯਾਦਾਂ ਦੇ
ਮੈਂ ਆਂਗਣ ਤੇਰੇ ਵੇ, ਵਰੀ ਹਸ਼ਰ ਦਿਹਾੜੇ ਦੀ,
ਕਿੰਵ ਸੂਰਜ ਵੇਖ ਸਕੇ, ਪਰੀ ਹਸ਼ਰ ਦਿਹਾੜੇ ਦੀ!

ਜਿੰਦ ਕਤਰਾ ਸਹਿਮ ਬਣੇ
ਤਿਰਾ ਚਾਨਣ ਵਹਿਮ ਬਣੇ
ਸਭ ਸੂਰਜ ਰਹਿਮ ਬਣੇ
ਸਾਨੂੰ ਯਾਦ ਝਨਾਂ ਬੀਬਾ, ਤਰੀ ਹਸ਼ਰ ਦਿਹਾੜੇ ਦੀ,
ਅੱਗ ਅੱਥਰੂ 'ਚ ਸਿਦਕਾਂ ਦੀ, ਜਰੀ ਹਸ਼ਰ ਦਿਹਾੜੇ ਦੀ।

ਗਾ ਸਾਲ ਮਹੀਨੇ ਵੇ
ਚੁੰਮ੍ਹ ਲਾ ਲਾ ਸੀਨੇ ਵੇ
ਅਸਾਂ ਤੂਰ ਜਬੀਨੇ ਵੇ
ਤੈਂ ਬਾਤ ਅਣੋਖੀ ਜੋ, ਜੜੀ ਹਸ਼ਰ ਦਿਹਾੜੇ ਦੀ,
ਅਸਾਂ ਘੁੰਡ ਵਿਚ ਡੱਕ ਰੱਖੀ, ਘੜੀ ਹਸ਼ਰ ਦਿਹਾੜੇ ਦੀ।

ਰੂਹ ਸਾਂਦਲ ਬਾਰਾਂ ਦੀ
ਜਿੰਦ ਸ਼ਾਹ ਅਸਵਾਰਾਂ ਦੀ
ਗੱਲ ਸੋਹਣਿਆਂ ਯਾਰਾਂ ਦੀ
ਰੁੱਤ ਯਾਦ ਦੇ ਮੁਲਕਾਂ ਦੀ, ਹਰੀ ਹਸ਼ਰ ਦਿਹਾੜੇ ਦੀ,
ਬੀਬਾ ਠੱਲ੍ਹਿਆਂ ਠੱਲ੍ਹਦੀ ਨਹੀਂ, ਝੜੀ ਹਸ਼ਰ ਦਿਹਾੜੇ ਦੀ।

*(ਜਨਵਰੀ, 1966)*

•


WWW.SIKHBOOKCLUB.COM 

# 56

## ਫ਼ਜਰ ਦੇ ਪੱਤਣਾਂ ਉੱਤੇ ਮੌਤ

### (ੳ)

ਸੰਵ ਸਿਆਲਾਂ ਦੇ ਬਿਰਖਾਂ 'ਤੇ
ਜ਼ੁਲਫ਼ਾਂ ਦਾ ਪਰਛਾਵਾਂ,
ਲੱਖ ਦੁਪਹਿਰਾਂ ਅੱਥਰੂ ਭਰ ਕੇ
ਚੱਲੀਆਂ ਨਾਲ ਹਵਾਵਾਂ।

ਨੈਣ ਮਮੋਲੇ ਸੂਰਜ ਹੋਏ
ਭਖਿਆ ਖ਼ੂਨ-ਨਜ਼ਾਰਾ,
ਡੁੱਬਿਆ ਜਦੋਂ ਖਿਜ਼ਰ ਦੇ ਸੀਨੇ
ਟੁੱਟ ਫ਼ਜਰਾਂ ਤੋਂ ਤਾਰਾ।

ਰੇਤ ਤੇ ਹੌਕੇ ਥਰਕ ਰਹੇ ਨੇ
ਵਗੀਆਂ ਲੰਮੀਆਂ ਨਦੀਆਂ;
ਸ਼ੀਂਹ ਮੌਤਾਂ ਦਾ ਹੌਲ ਕੰਬਾਵੇ
ਖ਼ੂਨ 'ਚੋਂ ਰਿਸ਼ਮਾਂ ਵਗੀਆਂ।

ਦਗਦਾ ਪਿਆ ਫ਼ਜਰ ਦਾ ਪਾਣੀ
ਦੋਜ਼ਖ਼ ਦੇ ਦਰਵਾਜ਼ੇ,
ਸਹਿਮ ਦਾ ਅੰਬਰ ਝਿਮ ਝਿਮ ਥਰਕੇ
ਵੱਡ-ਸੂਰਜ ਪਰਵਾਜ਼ੇ।

ਕਾਲੇ ਸ਼ਾਹ ਕੇਸਾਂ ਦੇ ਪੱਤਣ
ਬੇ-ਅਟਕ ਦਰਿਆਵਾਂ,
ਕਿਸੇ ਖ਼ੁਦੀ ਦੇ ਜੋਬਨ ਦੀ ਰੁੱਤ
ਦਿੱਤੀਆਂ ਰੰਗ ਹਵਾਵਾਂ।


WWW.SIKHBOOKCLUB.COM

(ਅ)

ਉਤਰੇ ਫ਼ਜਰ ਦੇ ਪਤਣਾਂ ਉੱਤੇ
ਜਦ ਕਦ ਸਿਦਕ ਸ਼ਹੀਦਾਂ,
ਲੰਮੀ ਕਿਸੇ ਅਜ਼ਾਨ ਦੇ ਅੰਦਰ
ਦੱਸਿਆ ਦੁੱਖ ਮੁਰੀਦਾਂ।

ਸਿਆਹ ਨਕਾਬ ਦੇ ਥਲਾਂ 'ਚ ਆ ਕੇ
ਨੂਰਾਂ ਦਾ ਦਲ ਕੋਈ।
ਖ਼ੂਨ ਦੀ ਗਹਿਰ 'ਚ ਹਫਦਾ ਹਫਦਾ
ਅੱਖ ਸੂਰਜ ਦੀ ਹੋਈ।

ਵਿਰਦ ਦੇ ਮੂਰਛ ਸਾਜ਼ ਦੇ ਵੱਲੇ
ਜਦ ਸੀ ਤੁਰਿਆ ਗਾਜ਼ੀ,
ਕੀਤਾ ਦੀਦ ਸਿਤਾਰਿਆਂ ਆ ਕੇ
ਚੁੰਮ੍ਹ ਚੁੰਮ੍ਹ ਗੀਤ ਨਮਾਜ਼ੀ।

(ੲ)

ਸਬਰ-ਸਰਾਂ ਦੀ ਅਗਨੀ ਚਮਕੀ
ਹੁੱਲੇ ਨਗਰ ਉਦਾਸੀ,
ਫ਼ਜਰਾਂ ਦੀ ਜੋ ਭੇਹਰ ਸੁਣੀਂਦੀ
ਸੋਈ ਉਮਰ ਵਿਗਾਸੀ।

ਦੂਰੋਂ ਗੀਤ ਨਦਰ ਦਾ ਸੱਦੇ
ਕੋਇਲ ਵਣਾਂ ਦੀ ਜੀਵਾਂ,
ਵਰ੍ਹਦਾ ਰਹੇ ਨਜ਼ਰ ਦਾ ਸੂਰਜ
ਕਦੇ ਨਾਂਹ ਹੋਵੇ ਨੀਵਾਂ।

ਜਿੰਦ ਦਾ ਕਹਿਰ ਗਿਆ ਜਦ ਹੁੱਲਦਾ
ਭਰਿਆ ਖ਼ੁਦੀ ਦੇ ਨਾਜ਼ਾਂ—
"ਕਿਤੋਂ ਰਹਿਮ ਦੀ ਕਣੀ ਨੂੰ ਪੀਵਾਂ"
ਸਾਗਰ ਦਿਵੇ ਆਵਾਜ਼ਾਂ।

ਘੁੰਡ ਵਿਚ ਨੈਣ ਭਖੇ ਜਦ ਤੇਰਾ
ਮੈਂ ਕਿਤ ਵੇਸ 'ਚ ਲੰਘਾਂ?
ਸਿਰ ਮੇਰੇ 'ਤੇ ਸੂਰਜ ਚਮਕੇ
ਪੈਰਾਂ ਹੇਠ ਨੇ ਸੰਝਾਂ!

•

*(ਜਨਵਰੀ, 1966)*


WWW.SIKHBOOKCLUB.COM

## 57

# ਸੋਹਣੇ ਦਾ ਸ਼ੌਕ

ਕੁੜੇ ਸ਼ੌਕ ਮਿਰਾ ਮਨਜ਼ੂਰ ਪਿਆ,
ਕਿਤੇ ਸੁਣਦਾ ਝੁੰਮਰ ਦੂਰ ਪਿਆ।

ਕੁੜੇ ਮੈਂ ਹਾਂ ਮੇਰਾ ਰੰਗ ਦਿਸੇ
ਕੁਝ ਛਿਪ ਜਾਂਦਾ ਕੁਝ ਕੰਬ ਦਿਸੇ—
ਕੁੜੇ ਕਤਰੇ ਵਸਦਾ ਸੂਰ ਪਿਆ,
ਕੁੜੇ ਸ਼ੌਕ ਮਿਰਾ ਮਨਜ਼ੂਰ ਪਿਆ।

ਕਿਤੇ ਸ਼ਾਖੀਂ ਠੰਢਾ ਬੂਰ ਪਿਆ
ਕਿਤੇ ਤਪਦਾ ਤੇਜ਼ ਫਤੂਰ ਪਿਆ—
ਕਿਤੇ ਸਜਦਾ ਰੁਲੇ ਹਜ਼ੂਰ ਪਿਆ,
ਕੁੜੇ ਸ਼ੌਕ ਮਿਰਾ ਮਨਜ਼ੂਰ ਪਿਆ।

ਮੈਂ ਲੰਘਦੀ ਛਿਪਦੀ ਨਾਰ ਪਈ
ਕਿਤੇ ਧੁਪੜੀ ਕਿਤੇ ਫੁਹਾਰ ਪਈ—
"ਵਿਚ ਨਾਚ ਕਿਹਾ ਦਸਤੂਰ ਰਿਹਾ"
ਕੁੜੇ ਸ਼ੌਕ ਮਿਰਾ ਮਨਜ਼ੂਰ ਪਿਆ।

ਅਣੀ ਪੌਣ ਧਮਕਦਾ ਵੇਗ ਗਿਆ
ਅਣੀ ਲੈ ਕੇ ਸਾਵਨ ਤੇਗ ਗਿਆ—
ਕੁੜੇ ਬਾਗ਼ੀਂ ਫੁੱਟਦਾ ਨੂਰ ਪਿਆ,
ਕੁੜੇ ਸ਼ੌਕ ਮਿਰਾ ਮਨਜ਼ੂਰ ਪਿਆ।

ਕੁੜੇ ਕੌਣ ਹਸ਼ਰ ਤਕ ਨੂਰ ਗਿਆ
ਕੁੜੇ ਵਾਅਦੇ ਸਾਰੇ ਪੂਰ ਗਿਆ
ਕੁੜੇ ਮਹਿੰਦੀ ਵਾਂਗ ਸਰੂਰ ਪਿਆ,
ਕੁੜੇ ਸ਼ੌਕ ਮਿਰਾ ਮਨਜ਼ੂਰ ਪਿਆ।


WWW.SIKHBOOKCLUB.COM 

ਕਹੁ; ਸੂਰਜ ਨਾਂਹ ਅਸਮਾਨ ਬਲੇ
ਜਦ ਯਾਰ ਦਾ ਦੀਵਾ ਆਣ ਬਲੇ;
ਕੁੜੇ ਨ੍ਹੇਰੇ ਲੁਕਦਾ ਤੂਰ ਪਿਆ,
ਕੁੜੇ ਸ਼ੌਂਕ ਮਿਰਾ ਮਨਜ਼ੂਰ ਪਿਆ।

ਕੁੜੇ ਅੰਬਰ ਸਾਰਾ ਲੰਘ ਸੁਣੇ
ਹੜ-ਤਾਲ ਧਮਕਦੀ ਵੰਗ ਸੁਣੇ—
ਕੁਝ ਵਾ ਵਿਚ ਹੁੱਲ ਜ਼ਰੂਰ ਗਿਆ,
ਕੁੜੇ ਸ਼ੌਂਕ ਮਿਰਾ ਮਨਜ਼ੂਰ ਪਿਆ।

ਕੁਝ ਰਾਹ ਵਿਚ ਰੁੱਲ ਜ਼ਰੂਰ ਗਿਆ
ਮੇਰੇ ਸ਼ੌਂਕ ਦਾ ਮੁੱਲ ਜ਼ਰੂਰ ਪਿਆ;
ਕੁੜੇ ਤੁਰ ਵਣਜਾਰਾ ਦੂਰ ਗਿਆ,
ਕੁੜੇ ਸ਼ੌਂਕ ਮਿਰਾ ਮਨਜ਼ੂਰ ਪਿਆ।

ਕੁੜੇ ਢੋਲ ਵੱਜੇ ਅਸਮਾਨ ਦੇ
ਕੁੜੇ ਬਾਜ਼ ਛੁੱਟੇ ਨੇ ਜਾਨ ਦੇ—
ਕੁੜੇ ਤਪਦਾ ਕਹਿਰ ਕਲੂਰ ਗਿਆ,
ਕੁੜੇ ਸ਼ੌਂਕ ਮਿਰਾ ਮਨਜ਼ੂਰ ਪਿਆ।

ਚੜ੍ਹ ਖੰਭ ਮਾਰ ਮਰਦੰਗ ਗਈ
ਅਸਮਾਨ ਲਹੂ ਕਰ ਰੰਗ ਗਈ
ਮਰ-ਜੀਂਦੀ ਆਪ ਨੂੰ ਲੰਘ ਗਈ—
ਮਨ ਭਰਦਾ, ਲੰਘਦਾ ਪੂਰ ਪਿਆ,
ਕੁੜੇ ਸ਼ੌਂਕ ਮਿਰਾ ਮਨਜ਼ੂਰ ਪਿਆ।

ਹੋ ਤਬਾ ਮਹੀਨ ਮੈਂ ਵਲ ਖਾਵਾਂ
ਕੁਲ ਜ਼ਿਮੀਂ-ਜ਼ਮਾਨ ਦੇ ਛਲ ਪਾਵਾਂ
ਬਹਿ ਕੰਢੜੇ ਬੁੱਤ ਦੇ ਜਲ ਜਾਵਾਂ—
ਰੰਗ ਮੇਰਾ ਖਿੜਦਾ ਭੂਰ ਪਿਆ,
ਕੁੜੇ ਸ਼ੌਂਕ ਮਿਰਾ ਮਨਜ਼ੂਰ ਪਿਆ।

ਇਹ ਕਿਉਂ ਝੱਖੜਾਂ ਦਾ ਲੋਰ ਕੁੜੇ?
ਕਿਉਂ ਸਿਤਮ ਹੋਰ ਤੋਂ ਹੋਰ ਕੁੜੇ?
ਖੋਹ ਸੂਰਜ ਦੇਵਾਂ ਤੋੜ ਕੁੜੇ!
ਤਾਂ ਭਰ ਖ਼ੁਸ਼ਬੋਆਂ ਬੂਰ ਪਿਆ,
ਕੁੜੇ ਸ਼ੌਂਕ ਮਿਰਾ ਮਨਜ਼ੂਰ ਪਿਆ।

WWW.SIKHBOOKCLUB.COM

ਕੁੜੇ ਬਾਜ਼ੀ ਮੇਰੀ ਹਾਣ ਚੜ੍ਹੀ
ਰੂਹ ਤਕਦੀਰਾਂ ਦੀ. ਸਾਨ ਚੜ੍ਹੀ
ਕੁੜੇ ਕੂਕ ਮਿਰੀ ਸੁੰਨਸਾਨ ਚੜ੍ਹੀ;
ਕੋਈ ਤਲਬਾਂ ਕਰੇ ਹਜ਼ੂਰ ਪਿਆ,
ਕੁੜੇ ਸ਼ੌਕ ਮਿਰਾ ਮਨਜ਼ੂਰ ਪਿਆ।

ਕੋਈ ਜ਼ੁਲਫ਼ਾਂ ਤਕਦਾ ਦੂਰ ਗਿਆ
ਕਰ ਗੀਤ ਦੇ ਥਲ ਅਬੂਰ ਗਿਆ
ਹੋ ਪਲ ਵਿਚ ਜ਼ਾਹਰ-ਜ਼ਹੂਰ ਗਿਆ;
ਜੱਗ ਦਸਦਾ ਮਿਰਾ ਕਸੂਰ ਪਿਆ,
ਕੁੜੇ ਸ਼ੌਕ ਮਿਰਾ ਮਨਜ਼ੂਰ ਪਿਆ।

ਕੁੜੇ ਸੁੱਤਿਆਂ ਕੌਲ ਹੀ ਪਾਲ ਗਿਆ
ਲੱਖ ਅੰਬਰੀਂ ਸਾਨੂੰ ਬਾਲ ਗਿਆ;
ਚੁੱਪ-ਕੀਤੇ ਦੀਵੇ ਨੂਰ ਪਿਆ,
ਕੁੜੇ ਸ਼ੌਕ ਮਿਰਾ ਮਨਜ਼ੂਰ ਪਿਆ।

*(ਫ਼ਰਵਰੀ, 1966)*

•

# 58
## ਵੈਰਾਗ ਦੀ ਉਮਰ

ਯਾਰ! ਚੱਲੀਏ ਵਲ ਝਨਾਂ ਵੇ
ਛੱਡ ਚੱਲੀਏ ਸ਼ਹਿਰ-ਗਿਰਾਂ ਵੇ।

ਆ ਖਾਂ ਸੂਰਜ ਨੂੰ ਬੰਨ੍ਹੀਏਂ
ਸੋਹਣਿਆ ਤੂਤਾਂ ਦੀ ਛਾਂ ਵੇ।

ਹੇਕ ਲਾ ਉੱਠੀਏ ਨਦੀ ਜਿਉਂ
ਰੱਖੀਏ ਲਹਿਰਾਂ ਦੇ ਨਾਂ ਵੇ।

ਕੌਣ ਪਿਆ ਦੀਦ ਨੂੰ ਬਖ਼ਸ਼ਦਾ?
ਕੌਣ ਹੈ ਐਡਾ ਜਵਾਂ ਵੇ?

ਯਾਰ ਆਸਰਾ ਕਦੇ ਨਾਂਹ ਛੱਡੀਏ
ਫੜ ਕੇ ਥਲਾਂ ਦੀ ਬਾਂਹ ਵੇ।

ਖ਼ੂਨ ਅਜਾਈਂ ਹੀ ਵਗਣ ਦੇ
ਲੱਭੀਏ ਵਣਾਂ ਵਿਚ ਮਾਂ ਵੇ।

ਵਸਲ ਦੀ ਖ਼ੂਨੀ ਅੱਖ ਕਰ
ਥਲਾਂ ਨੂੰ ਕਰੀਏ ਰਵਾਂ ਵੇ।

ਪਾਪ-ਸੀਨੇ ਦਾਰ ਹੋ ਵੱਜੀਏ
ਕਰੀਏ ਬਖ਼ਸ਼ਸ਼ ਦਾ ਵੱਡਾ ਨਾਂ ਵੇ।

ਆ ਜ਼ਖ਼ਮੀ ਥਲਾਂ 'ਤੇ ਵੇਖੀਏ
ਝੂੰਮਦਾ ਕਿਤੇ ਫਰਵਾਂ ਵੇ।

ਖੰਭਾਂ ਨੂੰ ਤੋੜ ਕੇ ਵੇਖੀਏ
ਜੋ ਨਾਂਹ ਹੇਠਾਂ-ਉਤਾਂਹ ਵੇ।

ਆ ਖਾਂ ਤੇਗ ਨੂੰ ਆਖੀਏ
"ਨਜ਼ਰ ਦਰਵੇਸ਼ਾਂ ਦੀ 'ਹਾਂ' ਵੇ,"

WWW.SIKHBOOKCLUB.COM

ਕਿਸੇ ਦਰਿਆ ਦੇ ਵਹਿਣ ਨੂੰ
ਨਾਰ ਲਟਕੰਦੜੀ ਜਾਂ ਵੋ।

ਢੋਕਾਂ ਨੂੰ ਵਣਾਂ ਦਾ ਆਸਰਾ
ਪੰਖੀ ਲਈ ਜੀਣਾ ਸੁਹਾਂ ਵੋ।

*(ਜਨਵਰੀ, 1966)*

•

WWW.SIKHBOOKCLUB.COM

# 59

# ਤਲਬ ਗ਼ਰੀਬਾਂ ਦੀ

ਮੈਂ ਅੰਬਰ ਹੋਣਾ ਲੋਚਦਾ, ਉਹ ਸੰਵ ਦੇ ਸਾਈਂ।
ਮੇਰੇ ਸੱਖਣੇ ਪਰਾਂ 'ਤੇ, ਕੋਈ ਚੰਨ ਜਗਾਈਂ।

ਖਿੱਚਿਆ ਮੇਰੀਆਂ ਰਗਾਂ ਨੂੰ, ਸੈ ਥਲਾਂ ਦੇ ਰਾਹਾਂ
ਝੰਬਿਆ ਮੇਰੇ ਗੀਤ ਨੂੰ, ਝੁੱਲ ਤੱਤੀਆਂ ਵਾਵਾਂ—
ਖਿੜਦਾ ਖਿੜਦਾ ਸਮੇਂ ਵਿਚ, ਇਕ ਕੌਲ ਨਿਭਾਈਂ,
ਮੈਂ ਅੰਬਰ ਹੋਣਾ ਲੋਚਦਾ, ਉਹ ਸੰਵ ਦੇ ਸਾਈਂ।

ਬੂੰਦ ਬੂੰਦ ਰੱਤ ਉਡਦੀ, ਦਿਲ ਡਾਢਾ ਹੌਲੇ
ਮੇਰਾ ਕੁਫ਼ਰ ਹੀ ਜਿੰਦ 'ਤੇ, ਹੋ ਸੂਰਜ ਮੌਲੇ—
ਸੰਭਲੇ ਦਿਲ ਦੀ ਤਾਰ ਨਾਂਹ, ਲੈ ਨੂਰ ਅਜਾਈਂ,
ਮੈਂ ਅੰਬਰ ਹੋਣਾ ਲੋਚਦਾ, ਉਹ ਸੰਵ ਦੇ ਸਾਈਂ।

ਕੂੰਦ ਕੂੰਦ ਮਨ ਉਡਦਾ, ਮੈਂ ਨੂਰ ਦਾ ਹਾਣੀ
ਥਲਾਂ ਥਲਾਂ ਵਿਚ ਲੱਭਦਾ, ਧਰਵਾਸ ਦਾ ਪਾਣੀ—
ਮੈਂ 'ਵਾਜਾਂ ਦੇਂਦਾ ਜਾ ਰਿਹਾ, ਸਭ ਨਗਰ ਗਿਰਾਈਂ
ਮੈਂ ਅੰਬਰ ਹੋਣਾ ਲੋਚਦਾ, ਉਹ ਸੰਵ ਦੇ ਸਾਈਂ।

ਨਦਰ ਦੀ ਲਾਲੀ ਬਿਨਾਂ ਹੀ, ਮੈਂ ਨੈਣ ਨੇ ਖ਼ੂਨੀ
ਚਿੜੀਆਂ ਸਾਹਵੇਂ ਕੂਕਦਾ, ਪੈ ਬਾਜ਼ ਦੀ ਜੂਨੀ—
ਬਖ਼ਸ਼ੋ ਮੇਰੇ ਉਡਣ ਲਈ, ਪਰਵਾਜ਼ ਹਵਾਈਂ,
ਮੈਂ ਅੰਬਰ ਹੋਣਾ ਲੋਚਦਾ, ਉਹ ਸੰਵ ਦੇ ਸਾਈਂ।
ਮੇਰੇ ਸੱਖਣੇ ਪਰਾਂ 'ਤੇ, ਕੋਈ ਚੰਨ ਜਗਾਈਂ।

*(ਜਨਵਰੀ, 1966)*

•


WWW.SIKHBOOKCLUB.COM

## 60

# ਇਕ ਗੀਤ

ਤੁਰਦਾ ਆਏ ਲਟਕੰਦੜਾ, ਮੇਰਾ ਯਾਰ ਕਦੀਮੀ।
ਸੂਰਜ ਸਾਡੇ ਸਿਰਾਂ ਦਾ, ਦਿਲਦਾਰ ਕਦੀਮੀ।

ਬਿਰਖਾਂ ਵਾਂਗੂੰ ਝੂੰਮਦਾ, ਕੁੱਲ ਗਗਨ ਹੀ ਡੋਲੇ
ਪੌਣਾਂ ਵਾਂਗੂੰ ਹੁੱਲਦਾ, ਦਰਿਆਵਾਂ ਕੋਲੇ—
ਉਡਦਾ ਤਾਰੂ ਗਗਨ ਦਾ, ਉਹ ਬਾਜ਼ ਕਦੀਮੀ
ਤੁਰਦਾ ਆਏ ਲਟਕੰਦੜਾ, ਮੇਰਾ ਯਾਰ ਕਦੀਮੀ।

ਸ਼ਹੁ ਦਰਿਆ ਦਾ ਮਾਣ ਹੀ, ਪਿਆ ਝੁਲਦਾ ਆਵੇ
ਬੇਲੇ ਖੜੇ ਉਡੀਕਦੇ, ਘੁੱਟ ਭਰਦਾ ਜਾਵੇ—
ਉਹ ਖੜਾ ਬੁਲਾਵੇ ਦਰਾਂ 'ਤੇ, ਮੈਂ ਬਾਤ ਨਾਂਹ ਕੀਨੀ
ਤੁਰਦਾ ਆਏ ਲਟਕੰਦੜਾ, ਮੇਰਾ ਯਾਰ ਕਦੀਮੀ।

ਤੁਰਦਾ ਮਾਹੀ ਸਾਂਵਰਾ, ਤਕ ਝੂੰਮਣ ਰਾਹਾਂ
ਵਤਨਾਂ ਨੂੰ ਨਾਂਹ ਜਾਂਦੀਆਂ, ਪਰਦੇਸੀ ਵਾਵਾਂ—
ਸੋਹਣੇ ਯਾਰ ਨੂੰ ਤਕਦੀਆਂ, ਕਰ ਨਜ਼ਰ ਹਲੀਮੀ
ਤੁਰਦਾ ਆਏ ਲਟਕੰਦੜਾ, ਮੇਰਾ ਯਾਰ ਕਦੀਮੀ।

ਮੱਝੀਂ ਦਾ ਵਗ ਆਂਵਦਾ, ਹੱਸ ਮਾਹੀ ਖੇਲੇ
ਕੂੰਜਾਂ ਦੀ ਸੱਦ ਦੂਰ ਤੋਂ, ਭਰ ਦੇਵੇ ਬੇਲੇ—
ਪਰਬਤ ਵਲੋਂ ਆਂਵਦੀ, ਕਦੇ ਸਾਲ ਮਹੀਨੀਂ
ਤੁਰਦਾ ਆਏ ਲਟਕੰਦੜਾ, ਮੇਰਾ ਯਾਰ ਕਦੀਮੀ।

ਮੈਂ ਖੜੀ ਉਡੀਕਾਂ ਕੰਢੜੇ, ਕੋਈ ਫੇਰਾ ਪਾਵੇ
ਸ਼ਾਹ ਕੇਸਾਂ ਦੇ ਹੜ੍ਹਾਂ ਨੂੰ, ਉਹ ਲੰਘਦਾ ਜਾਵੇ—
ਮੈਂ ਪੁੱਛਾਂ ਸੋਹਣੇ ਯਾਰ ਤੋਂ, ਕਿਉਂ ਸਾਰ ਨਾਂਹ ਲੀਨੀ—
ਤੁਰਦਾ ਆਏ ਲਟਕੰਦੜਾ, ਮੇਰਾ ਯਾਰ ਕਦੀਮੀ।
ਸੂਰਜ ਸਾਡੇ ਸਿਰਾਂ ਦਾ, ਦਿਲਦਾਰ ਕਦੀਮੀ।

*(ਜਨਵਰੀ, 1966)*

•


WWW.SIKHBOOKCLUB.COM

# 61
# ਮੁਰੀਦ ਦੀ ਤਲਬ

[ਪਾਉਂਟੇ ਦੇ ਯੁੱਧ ਪਿੱਛੋਂ ਸੱਤ ਸੌ ਮੁਰੀਦ ਅਤੇ ਪੁੱਤਰਾਂ ਦੀ ਸ਼ਹਾਦਤ ਦੇ ਕੇ ਪੀਰ ਬੁੱਧੂ ਸ਼ਾਹ ਦਸ਼ਮੇਸ਼ ਜੀ ਦੀ ਖ਼ਿਦਮਤ ਵਿਚ ਪੇਸ਼ ਹੁੰਦੇ ਹਨ।]

ਦੀਦ ਮੰਗਿਆ ਅਸਾਂ ਦਿਲਦਾਰ ਵੇ।
ਖੇਡਾਂ ਖੇਡ ਕੇ ਲੱਖ ਹਜ਼ਾਰ ਵੇ।

ਵਿਰਦ-ਰੰਗਾਂ ਦੀਆਂ ਲੱਖ ਅਗਨੀਆਂ,
ਝਲਦੀਆਂ ਮੁਰਸ਼ਦ ਦੀ ਨਜ਼ਰ ਦਾ ਵਾਰ ਵੇ।

ਰੱਤ ਪੀ ਸੂਰਜ ਢੂੰਡਦੇ ਦਾਰ ਵੇ,
ਕੰਢੇ 'ਤੇ ਪਹੁੰਚਿਆ ਮੇਰਾ ਗਮਖ਼ਾਰ ਵੇ।

ਮੁਰਸ਼ਦ ਦਾ ਸਿਦਕ ਹੈ ਬਾਜ਼ੂ 'ਚ ਦੌੜਿਆ,
ਥਲਾਂ ਨੂੰ ਰੰਗਿਆ ਸ਼ਾਹ ਅਸਵਾਰ ਵੇ।

ਬੇਲਾ ਮੱਚਿਆ ਸੂਰਜਾਂ ਵਾਲੜਾ,
ਖ਼ੂਨੀ ਤੇਗ ਦੀ ਦਿਸੇ ਨੁਹਾਰ ਵੇ।

ਤੇਰੇ ਦਰਿਆਵਾਂ ਦੀ ਸ਼ਾਨ ਦਾ ਅੰਤ ਨਾਂਹ,
ਮੌਤ ਦੇ ਤੰਬੂਆਂ ਸਾਹਵੇਂ ਦੀਦਾਰ ਵੇ।

ਮੁਰਸ਼ਦ ਦੀ ਮਿਹਰ ਦਾ ਕਟਕ ਜਾਂ ਟੁੱਟਿਆ,
ਰਣਾਂ ਨੂੰ ਚੀਰਿਆ ਲਹੂ ਦੀ ਧਾਰ ਵੇ।

ਮੰਗਿਆ ਜਿਊਂਦੇ ਸ਼ਹੀਦਾਂ ਨੇ ਆਣ ਕੇ,
ਕਰਮ ਤੇ ਸਿਤਮ ਦਾ ਬਲਦਾ ਮਜ਼ਾਰ ਵੇ।

ਜ਼ਿਕਰ ਸੀ ਸੁਣਿਆ ਇਲਮ ਨੇ ਯਾਰ ਵੇ,
ਫ਼ਨਾ ਦੇ ਮੁਲਖੀਂ ਹੋਏ ਦੀਦਾਰ ਵੇ।

ਲਹੂ ਦੀ ਕਾਂਗ ਨੂੰ ਚਾੜ੍ਹੀਏ ਸਿਖਰ 'ਤੇ,
ਚੱਖੀਏ ਸਬਰ ਦੇ ਹੁਸਨ ਦੀ ਦਾਰ ਵੇ।

WWW.SIKHBOOKCLUB.COM Page 222

ਤੇਰੇ ਨਾਂਹ ਦੀਦ ਦਾ ਪਾਰਾਵਾਰ ਵੇ,
ਮਿਹਰ ਦੇ ਮੁਲਖਾਂ ਤੋਂ ਮੁਰਸ਼ਦ ਪਾਰ ਵੇ

ਤੇਰੀਆਂ ਮੰਜ਼ਲਾਂ ਤੇਰੇ ਮੁਰੀਦ ਨੇ,
ਜਿੰਦੜੀ ਵਾਗਾਂ ਜਿਉਂ ਖਿੱਚ ਲੈ ਯਾਰ ਵੇ।

ਤਲਬ ਦੀ ਲਾਲੀ ਦੇ ਰਹਿਸਨ ਨਜ਼ਾਰੜੇ,
ਕਿੱਥੇ ਕੁ ਜਾਵਸੇਂ ਸ਼ਾਹ ਸਵਾਰ ਵੇ?

*(ਜਨਵਰੀ, 1966)*

•


WWW.SIKHBOOKCLUB.COM 

# 62

## ਇਕ ਗੀਤ

ਤੇਰੇ ਰਾਹ ਕਮਲੀ ਹੋ ਦੇਖਾਂ ਵੇ,
ਜਦ ਫੁੱਟ ਫੁੱਟ ਪੈਣ ਧਰੇਕਾਂ ਵੇ।

ਮੈਂ ਖੜੀ ਬਨੇਰੇ ਇਉਂ ਉੱਡਦੀ,
ਜਿਉਂ ਲੰਮੀਆਂ ਲੰਮੀਆਂ ਹੇਕਾਂ ਵੇ।

ਅੱਜ ਲੰਘਿਆ ਸਮੇਂ ਦੇ ਪਰਬਤ ਤੋਂ,
ਕੋਈ ਛੋਹ ਸੋਨੇ ਦੀਆਂ ਮੇਖਾਂ ਵੇ।

ਮੈਂ ਈਦ ਦੇ ਵਿਹੜੇ ਚੰਨ ਹੋਈ,
ਤੱਕ ਤੱਕ ਕੇ ਚੰਨ ਅਨੇਕਾਂ ਵੇ।

ਮੱਲ ਟਾਹਲੀਆਂ ਖੁਲ੍ਹੇ ਖੇਤ ਲਏ,
ਕਿੰਞ ਲੰਮੀਆਂ ਨਦੀਆਂ ਦੇਖਾਂ ਵੇ ?

ਮਿਰਾ ਦੀਵਾ ਰੋਹੀਆਂ ਵਿਚ ਤੱਕਿਆ,
ਕੁੱਲ ਪੀਰ ਪੈਗੰਬਰ ਸੇਖ਼ਾਂ ਵੇ।

ਮੈਂ ਉਮਰਾਂ ਤੋਂ ਹਾਂ ਦੇਖ ਰਹੀ,
ਇਹ ਰੋਹੀਆਂ ਖੁੱਲ੍ਹੀਆਂ ਹੇਕਾਂ ਵੇ।

ਲੰਘ ਪੱਕੀਆਂ ਕਣਕਾਂ, ਤਰ ਨਦੀਆਂ,
ਮੈਂ ਅੱਖੀਆਂ ਨੂੰ ਜਾ ਟੇਕਾਂ ਵੇ।

ਨਾਂਹ ਰੁੱਤ ਅਨਾਰਾਂ ਦੀ ਤੱਕੀ,
ਲਾ ਮਹਿੰਦੀ ਤੁਰ ਗਏ ਲੇਖਾਂ ਵੇ।

ਵਣ-ਬੇਲਾ ਫੁੱਲਿਆ, ਭੇਦ ਕਿਹਾ,
ਖੁਲ੍ਹ ਖੁਲ੍ਹ ਕੇ ਲੰਮਿਆਂ ਕੇਸਾਂ ਵੇ।

ਬਸ ਮਹਿਕ ਦਰਦ ਦੀ ਸਾਡੀ ਹੈ,
ਲੱਖ ਫਲਣ ਸ਼ਤੂਤਾਂ ਡੇਕਾਂ ਵੇ।

WWW.SIKHBOOKCLUB.COM

ਮੈਂ ਕੇਸੂ ਸਿਖਰ ਦੁਪਹਿਰਾਂ ਦਾ,
ਧੁੱਪ ਵਣਾਂ ਕਰੀਰਾਂ ਸੇਕਾਂ ਵੇ।

ਤੇਰੇ ਸੰਤਰਿਆਂ ਦੇ ਬਾਗ਼ਾਂ ਵਿਚ,
ਨਾਂਹ ਕੂਣ ਹੱਥਾਂ ਦੀਆਂ ਰੇਖਾਂ ਵੇ।

ਤੇਰੇ ਰਾਹ ਕਮਲੀ ਹੋ ਦੇਖਾਂ ਵੇ,
ਜਦ ਫੁੱਟ ਫੁੱਟ ਪੈਣ ਧਰੇਕਾਂ ਵੇ।

*(ਜਨਵਰੀ, 1966)*

•

WWW.SIKHBOOKCLUB.COM

# 63

## ਕੌਲ ਫ਼ਕੀਰਾਂ ਦੇ

ਸਿਖਰ ਦੁਪਹਿਰਾਂ ਨੇ,
ਜਿੰਦੜੀ ਨੂੰ ਵਲ ਘੱਤਿਆ
ਤੇਰੀ ਅੱਖੀਆਂ ਦੀ ਲਹਿਰਾਂ ਨੇ।

ਜਿੰਦ ਵਿਕਦੀ ਝਨਾਵਾਂ 'ਤੇ,
ਜੀਅ ਤਰਸੇਨਾ ਏਂ
ਕਿਨ੍ਹਾਂ ਠੰਢੀਆਂ ਹਵਾਵਾਂ 'ਤੇ।

ਇਹ ਸੂਰਜ ਹਜ਼ਾਰਾਂ 'ਚੋਂ,
ਖ਼ੈਰ ਤੇਰੇ ਅੰਬਰਾਂ ਦੀ
ਕਦੇ ਲੰਘਣਾ ਬਜ਼ਾਰਾਂ 'ਚੋਂ।

ਤੈਨੂੰ ਸ਼ੌਕ ਧਰੇਕਾਂ ਦਾ,
ਘਾਵਾਂ 'ਤੇ ਨੀਂਦ ਪਈ
ਕਿੰਨਾ ਜੋਬਨ ਕੇਸਾਂ ਦਾ!

ਰੰਗ ਅੱਖੀਆਂ ਦੀ ਛਾਵਾਂ ਦੇ,
ਸੂਰਜ ਦੇ ਹੇਠ ਖੜੀ
ਤੈਨੂੰ ਸ਼ੌਕ ਹਵਾਵਾਂ ਦੇ।

ਵੱਡਾ ਰਾਹ ਦਰਵੇਸ਼ਾਂ ਦਾ,
ਜ਼ੁਲਫ਼ਾਂ ਦੇ ਨਾਲ ਉੱਡਦਾ
ਕੋਈ ਕੌਲ ਹਮੇਸ਼ਾਂ ਦਾ।

ਦਰ ਕਾਸਾ ਤੋੜੀਂ ਨਾਂਹ,
ਰਾਹ ਪਰਦੇਸਾਂ ਦੇ
ਸਾਡੀ ਜਿੰਦੜੀ ਨੂੰ ਮੋੜੀਂ ਨਾਂਹ।


WWW.SIKHBOOKCLUB.COM Page 226

ਤੇਰੇ ਬੋਲ ਹਵਾਵਾਂ ਦੇ,
ਮਿਰਗਾਂ ਨੇ ਉੱਠ ਜਾਣਾ
ਬੇਲੇ ਛੋਡ ਕੇ ਛਾਵਾਂ ਦੇ।

ਫੁੱਲ ਲਗਦੇ ਕਰੀਰਾਂ ਨੂੰ,
ਜ਼ੁਲਫ਼ਾਂ ਦੀ ਵਾ ਵਗਦੀ
ਪਾਵੀਂ ਖ਼ੈਰ ਫ਼ਕੀਰਾਂ ਨੂੰ।

*(ਫ਼ਰਵਰੀ, 1966)*

•

WWW.SIKHBOOKCLUB.COM

## 64

# ਇਕ ਅਰਜ਼

ਉਸ ਗੀਤ ਨੇ ਆਪਣਾ ਹੱਥ ਚਮਕਾਇਆ ਆਕਾਸ਼ ਤੀਕਣ।
ਚਮਕਾਰ ਦੇ ਪਰਬਤ
ਕੂੰਜਾਂ ਦੀ ਡਾਰ ਵਾਂਗ
ਦੂਰ ਪਰਬਤਾਂ ਤੱਕ ਲਹਿੰਦੇ—
ਹਰ ਯੁੱਗ ਦੇ ਆਕਾਸ਼ ਚਮਕਦੇ
ਨਿੰਬਲ ਸੁਰਮਈ ਨੀਲ ਵਿਚ ਡੁੱਬੇ;
ਕੋਇਲਾਂ ਦੀਆਂ ਕੂਕਾਂ
ਮੰਜਰੀ ਦੀ ਮਧੂ ਕੌੜੱਤਣ 'ਚੋਂ ਉਠਦੀਆਂ—
ਤੋਸ਼ਾ ਸੰਭਾਲਦੇ ਮੁਸਾਫ਼ਰ
ਧੂੜ ਤੇ ਲਿਪਟਦਾ ਲੰਮਿਆਂ ਸਫ਼ਰਾਂ 'ਚ ਹੰਭਿਆ ਗੀਤ,
ਤਰ੍ਹਾਂ ਤਰ੍ਹਾਂ ਦੀ ਲੋਕਾਈ ਨੂੰ
ਉਸ ਸ਼ਰਾਬ ਦੀ ਦੱਸ ਪਾਉਂਦਾ
ਜਿਸ ਦੀ ਮਹਿਕ ਨਾਲ ਜ਼ਿਮੀਂ ਦੇ ਸਭ ਜ਼ਰੇ
ਸ਼ਹਿਦ ਜਿਉਂ ਟਪਕੇ।

ਉਹ ਸਾਂਵਰੇ ਨੈਣਾ,
ਉਹ ਮਿੱਟੀ ਦੇ ਬਾਂਵਰੇ ਜੋਬਨ
ਤੈਂਡੀ ਮਿੱਟੀ ਤੇ ਪਰਬਤਾਂ ਸੈਣਾ;
ਮੇਘ ਘੁਲਿਆ ਤੂੰ ਸਿਰ ਤੋਂ ਪੈਰਾਂ ਤਕ—
ਫ਼ਰਿਹਾਦ ਦੇ ਤੇਸੇ ਦੀ
ਬਰਫ਼ਾਂ 'ਤੇ ਪਈ ਚਮਕਾਰ ਤੂੰ—
ਘੋਲ ਲੈ ਆਪਣੇ ਜੋਬਨੇ
ਨਿਮਾਣੇ ਫ਼ਕੀਰਾਂ ਦੀ ਅਰਜ਼ ਇਹੋ
ਉਹ ਸਾਂਵਰੇ ਨੈਣਾ!

*(ਮਾਰਚ, 1965)*

•

WWW.SIKHBOOKCLUB.COM

# 65

## ਲੰਘੇ ਸਮੇਂ

ਉਹ ਵੀ ਦਿਨ ਸਨ, ਹੁਣ ਵੀ ਉਹ ਦਿਨ ਹਨ,
ਮੈਂ ਧਰਮਗੜ੍ਹ ਤੋਂ ਦੂਰ ਲੰਮੀ ਸੜਕ ਵਲ ਤੁਰਦਾ ਸਾਂ।
ਮੈਂ ਤੁਰਦਾ ਸਾਂ
ਸਿਖਰ ਦੁਪਹਿਰਾਂ ਦੀ ਧੁੱਪ ਦੇ ਨਸ਼ੇ ਵਿਚ ਡੁੱਬਿਆ
ਪਿੰਡ ਦੇ ਚਾਅ ਵਿਚ ਉਮ੍ਹਲਦਾ
ਬਾਹਰੋਂ ਚੁੱਪ, ਸੁੰਨ-ਮੂਰਤ!
ਪਰ ਅੰਦਰੋਂ ਖੇਡਾਂ ਖੇਡਦਾ ਬਚਪਨ ਵਾਲੀਆਂ,
ਤਾਰੇ-ਮੀਰੇ ਦੇ ਖੇਤਾਂ 'ਚ ਹੁੱਲਦਾ
ਚੜ੍ਹਦੀਆਂ ਕਣਕਾਂ ਨੂੰ 'ਵਾਜਾਂ ਮਾਰਦਾ
ਮੇਰੇ ਅੰਦਰ ਵੀ ਚੜ੍ਹਦੀਆਂ ਜੁਆਨੀਆਂ!!
ਤੱਕਦਾ ਬੇਰੀਆਂ ਬੇਰਾਂ ਦੇ ਨਾਲ ਲੱਦੀਆਂ
ਵੇਖਦਾ ਅਸਮਾਨਾਂ ਦੇ ਨੂਰ ਨੂੰ
ਜੋ ਪਾਣੀਆਂ ਨੂੰ ਚੁੰਮ੍ਹਦਾ
ਡੁੰਮ੍ਹਾਂ ਦੀ ਡੂੰਘ ਨੂੰ ਛੇਕਦਾ
ਨਸਦਾ ਜ਼ਰੇ ਜ਼ਰੇ 'ਚ।
ਮੈਂ ਸੋਚਦਾ: ਇਸ ਰੇਤ ਦੇ ਕਿਣਕੇ ਨੂੰ ਮੁੜ ਨਹੀਂ ਦੇਖਣਾ,
ਵੇਖ ਲਵਾਂ ਖਲੋ ਕੇ
ਨਸਾ ਲਿਜਾਵਾਂ ਸਮੇਂ ਨੂੰ ਮਿਰਗਾਂ ਦੀ ਡਾਰ ਵਾਂਗੂੰ।
ਵੇਖਾਂ, ਸਭ ਕੁੱਝ ਵੇਖਾਂ, ਵੇਖਦਾ ਜਾਵਾਂ,
ਰੋੜਾਂ ਦੇ ਨਾਲ ਜਾਵਾਂ, ਕੱਸੀਆਂ ਦੇ ਨਾਲ ਵੱਗਾਂ,
ਧਰਤੀਆਂ ਦੇ ਨਾਲ ਸੌਂਵਾਂ, ਅਰਸ਼ਾਂ ਦੇ ਨਾਲ ਉੱਡਾਂ।
ਮੈਂ ਹਰ ਪਾਸੇ ਨੱਸਾਂ, ਮੈਂ ਹਰ ਵਣ ਲੁੱਕਾਂ,
ਮੈਂ ਹਰ ਬੂਰ ਹੁੱਲਾਂ, ਮੈਂ ਹਰ ਪੌਣ ਨੱਚਾਂ,
ਮੈਂ ਹਰ ਨਗਰ ਵੱਸਾਂ, ਮੈਂ ਹਰ ਨੂਰ ਲੱਸਾਂ।

*(ਫ਼ਰਵਰੀ, 1965)*

•



WWW.SIKHBOOKCLUB.COM 

## 66

# "ਨੂਰ" ਨਾਲ ਚੰਡੀਗੜ੍ਹ ਦੀਆਂ ਸੜਕਾਂ 'ਤੇ ਤੁਰਦਿਆਂ

ਸੜਕਾਂ ਉੱਤੇ ਉੱਡ ਉੱਡ ਕੌਣ ਆ ਰਿਹਾ ਸੀ ?
ਸੜਕਾਂ ਉੱਤੇ ਪਹਾੜਾਂ ਦੀ 'ਵਾਜ ਸੀ
ਪਹਾੜਾਂ ਦੇ ਰਾਜ਼ ਉੱਡਦੇ ਆ ਰਹੇ ਸਨ
ਜ਼ਿਮੀਂ ਦੇ ਨਜ਼ਾਰਿਆਂ ਦਾ ਹੜ੍ਹ ਸੀ ਸੜਕਾਂ 'ਤੇ।
ਬਾਜ਼ਾਂ ਦੇ ਵਾਂਗ ਨਦੀਆਂ ਨੂੰ ਛੂੰਹਦੀਆਂ
ਕਿਲਕਾਰੀਆਂ ਸੁਣਦੀਆਂ ਪਹਾੜਾਂ ਦੀਆਂ
ਜਿਉਂ ਝਪਟਦਾ ਅਸਮਾਨ ਉੱਡਦਾ ਜਾ ਰਿਹਾ ਅੱਗ 'ਤੇ—
ਕਾਲੀਆਂ ਰਾਤਾਂ 'ਚ ਛੁਪਿਆ
ਕੁੱਲ ਨਾਦ ਸੜਕਾਂ 'ਤੇ ਫਟਿਆ।
ਸਰਘੀ ਦੇ ਸੂਹੇ ਹੱਥ ਸਨ ਫੈਲੇ
ਤੱਕਨੀ ਦਾ ਸ਼ਾਂਤ ਸਬਰ ਸੀ ਏਥੇ
ਕੜਕਦਾ ਵਿਗਾਸ ਵੀ ਝੁਲਦਾ ਸੀ!
ਨਵੇਂ ਨਵੇਂ ਗਿਆਨ
ਨਵੇਂ ਨਵੇਂ ਇਲਹਾਮ
ਹਾਸਿਆਂ ਦੀ ਪਰਲੋਂ
ਤਮਾਸ਼ਿਆਂ ਦੇ ਮੇਲੇ
ਜ਼ਮਾਨਿਆਂ ਦਾ ਆਗਮ
ਪੈਮਾਨਿਆਂ ਦੇ ਵੇਲੇ
ਸੜਕਾਂ ਦੇ ਚੱਪੇ ਚੱਪੇ 'ਤੇ ਫੈਲੇ ਸਨ
ਸਾਰੀ ਜ਼ਿਮੀਂ ਹੀ ਸੜਕਾਂ 'ਤੇ ਆਈ ਸੀ।

*(ਜਨਵਰੀ, 1965)*

•

WWW.SIKHBOOKCLUB.COM

## 67

# ਬਿਜਲੀਆਂ ਦਾ ਹਾਸਾ

ਸਭ ਸੁਰ ਪਾਟ ਗਏ
ਸ੍ਰਿਸ਼ਟੀਆਂ ਟੁੱਟੀਆਂ ਜ਼ੰਜੀਰਾਂ ਦੇ ਵਾਂਗ ਬੇਹਾਲ ਪਈਆਂ—
ਉਹ ਗੀਤ ਕਿੱਥੇ ?,
ਜੋ ਚਲਾ ਗਿਆ ਸੱਭੇ ਕਿਨਾਰਿਆਂ ਦੇ ਉੱਤੇ;
ਮਾਇਆ ਦੇ ਮਹਾਂ ਪ੍ਰਪੰਚ ਵਿਚ ਵੀ
ਜੋ ਸਮਾ ਗਿਆ ਆਪਣਾ ਇਲਾਹੀ ਨਾਮ ਲੈ ਕੇ—
ਉਹ ਗੀਤ ਕਿੱਥੇ ?
ਜੋ ਹਰ ਪਾਸੇ ਗੁਆਚਿਆ
ਜੋ ਪ੍ਰਾਚੀਨ ਵਿਚ ਹੋਰ ਪ੍ਰਾਚੀਨ ਹੁੰਦਾ
ਜੋ ਗੂੰਜਦਾ ਸਭ ਕਿਨਾਰਿਆਂ ਉੱਤੇ

ਉਹ ਸੁੰਦਰੀ ਖਿੜ ਖਿੜ ਅਨੇਕਾਂ ਥੱਰਾਟਾਂ 'ਚ ਲਰਜ਼ਦੀ
ਜਿਸ ਦਾ ਹਾਸਾ ਗੂੰਜਦਾ ਮੌਤ ਦੀ ਹਰ ਇਕ ਗੁਫ਼ਾ ਵਿਚ
ਜੋ ਮੁਸਕਰਾਂਦੀ ਨਿਕਲ ਗਈ ਮੌਤ ਤੋਂ ਕਿਤੇ ਅੱਗੇ,
ਜੋ ਲਸ-ਲਸਾਂਦੀ
ਹੱਸ ਹੱਸ ਲੋਟ-ਪੋਟ ਬਿਜਲੀਆਂ ਨੂੰ ਕਰਦੀ,
ਜੋ ਥਰ-ਥਰਾਂਦੀ ਤਾੜੀ ਮਾਰਦੀ
ਜਿਸ ਦਾ ਹਾਸਾ ਮੌਤ ਦੇ ਅਨੇਕ ਪੁਲ ਬਣਾਂਦੇ
ਰੱਬ ਨੂੰ ਨਾਦਾਨ ਆਖਦਾ।

ਉਸ ਨੇ ਆਪਣੇ ਹੁਸਨ ਨੂੰ
ਚਾਰ-ਚੁਫੇਰੇ ਮਿੱਟੀ 'ਚ ਬੀਜਿਆ;
ਫੇਰ ਆਪਣੇ ਹੀ ਤੇਜ ਤੋਂ ਸ਼ਰਮਾਂਦੀ
ਲੁਕ ਲੁਕ ਕੁੰਡੇ ਮਾਰਦੀ,
ਸ਼ਰਮ ਦੀਆਂ ਲਾਲੀਆਂ ਸਾਂਭਦੀ
ਦਿਲਾਂ ਦੇ ਉੱਚੇ ਧੌਲਰਾਂ।

*(ਮਾਰਚ, 1965)*

•

WWW.SIKHBOOKCLUB.COM

## 68

# ਯਾਰਾਂ ਦਾ ਖ਼ੁਦਾਈ ਹਾਸਾ

ਯਾਰ ਹੱਸਦੇ ਸਨ
ਮੌਜਾਂ ਉੱਠਦੀਆਂ ਸਨ ਨਸ਼ੇ ਦੀਆਂ,
ਬਿਜਲੀਆਂ ਚਮਕਾਉਂਦੇ ਸਨ ਮੇਰੀ ਉਸ ਗਹਿਰ ਦੇ ਉੱਤੇ
ਜੋ ਮੇਰੀ ਉਮਰ ਦੇ ਚਿਹਰੇ 'ਤੇ ਫੈਲੀ
ਜੋ ਉਸ ਫ਼ਜਰ 'ਤੇ ਛਾਈ
ਜੋ ਮੇਰੇ ਕਠਨ ਤਪਾਂ ਦਾ ਅੰਜਾਮ ਹੈ।
ਮੇਰੇ ਅੰਦਰ ਦੀ ਗਹਿਰ 'ਤੇ
ਮੇਰੇ ਚਿਹਰੇ ਦੀ ਛਾਈ ਧੂੜ 'ਤੇ,
ਕਿਣਕੇ ਕਿਣਕੇ 'ਤੇ ਜੋ ਵੀਰਾਨਗੀ
ਜ਼ਰੇ ਜ਼ਰੇ 'ਤੇ ਜੋ ਦੀਵਾਨਗੀ,
ਜੋ ਉਸ ਰੰਗ 'ਤੇ ਜੁਆਨੀਆਂ
ਜੋ ਉਸ ਰੰਗ ਦੀ ਬਦਸੂਰਤੀ
ਹਰ ਇਕ ਚੀਜ਼ 'ਤੇ ਯਾਰ ਸਨ ਹੱਸਦੇ।

ਹੱਸਦੇ ਬਦਸੂਰਤੀ ਦੇ ਹੁਸਨ 'ਤੇ
ਹੱਸਦੇ ਬੇ-ਇਲਮ ਜਹੀ ਆਵਾਜ਼ 'ਤੇ
ਹੱਸਦੇ ਨਾਦਾਨੀਆਂ ਦੇ ਰਾਜ਼ 'ਤੇ
ਹੱਸਦੇ ਮੇਰੇ ਸ਼ੌਕ ਦੇ ਲੁਕਣ 'ਤੇ
ਹੱਸਦੇ ਵਹਿਣ ਦੇ ਰੁਕਣ 'ਤੇ
ਹੱਸਦੇ ਰੰਗ ਦੇ ਛੁਪਣ 'ਤੇ
ਹੱਸਦੇ ਸ਼ਕਤੀ ਦੇ ਰੁਕਨ 'ਤੇ...।

ਉਹਨਾਂ ਦਾ ਹਾਸਾ ਪਵਿੱਤਰ!
ਪਰ ਮੈਂ ਨਾਂਹ ਜਾਣਾ:
ਇਹ ਮੈਲੇ ਹੜ੍ਹਾਂ ਦਾ ਪਾਣੀ
ਲੱਖ ਅਸਮਾਨਾਂ ਦੇ ਹੜ੍ਹਾਂ ਨੂੰ ਚਲੂਲਦਾ;
ਇਹ ਆਪਣੀ ਮੈਲ ਨਾਲ
ਕੁਲ ਅਸਮਾਨਾਂ ਦਾ ਚਾਨਣਾ ਧੋਂਦਾ।

*(ਮਾਰਚ, 1965)*

•


WWW.SIKHBOOKCLUB.COM Page 232

# 69

# ਮੈਂ

ਦਹਿਲਦੇ ਅਸਮਾਨ ਗੁਜ਼ਰਦੇ ਜਾਂਦੇ
ਮੇਰੇ ਗੁਨਾਹ ਦੀਆਂ ਰਗਾਂ 'ਚੋਂ—
ਜਦ ਮੇਰੀ ਚੀਖ ਦੇ ਖੰਭ ਖ਼ੂਨੀ ਫੜਕਦੇ
ਗਗਨ ਦੇ ਵਣਾਂ ਦੇ ਜਾਲ ਟੁੱਟ ਜਾਂਦੇ,
ਤਪਦੇ ਥਲਾਂ ਦੀ ਮੁੱਠ ਭਰ ਲੈਂਦੇ ਜਨੂੰਨੀ
ਤੇ, ਕੋਈ ਬਾਜ਼ ਨੋਚਦਾ ਅਸਮਾਨ ਦੇ ਸੀਸ ਨੂੰ;
ਪੱਥਰ ਦੀਆਂ ਖ਼ੂਨ ਹੋਈਆਂ ਨੀਹਾਂ 'ਚ
ਮੈਂ ਚੀਕ ਚੀਕ ਚਿਣਦਾ ਆਪਣੀ ਹਸਤੀ॥੧॥

ਕਦੇ ਇਕ ਹੌਕੇ ਦੀ ਘੁੱਟ ਵਿਚ
ਮੈਂ ਆਪਣੇ ਸਾਹ ਪੀ ਜਾਂਦਾ
ਸੁਕਾ ਦਿੰਦਾ ਜਾਨ ਦੇ ਵਣਾਂ ਨੂੰ ਟੁੱਟ ਕੇ
ਧੜਾ ਧੜ ਡਿਗਦਾ ਮੌਤ ਦੇ ਉੱਤੇ—
ਘਾਇਲ ਹੋ ਕੇ ਮੁਰਸ਼ਦ ਨੂੰ ਵੇਖਦਾ
ਜੋ ਵਗਦੇ ਪਾਣੀਆਂ ਕਿਨਾਰੇ
ਸ਼ਾਹ ਨੂਰਾਂ ਦਾ ਘੁੰਗਟ ਸੰਵਾਰਦਾ
ਘਾਇਲ ਹੋ ਕੇ ਵੇਖਦਾ ਸਿਕਦੇ ਮੁਰੀਦ ਨੂੰ॥੨॥

ਕਦੇ ਅਰਦਾਸ ਕਰਦਾ, ਚੁੱਪ-ਚਾਂ ਰਾਤਾਂ ਦੀ
ਚੰਦ੍ਰਮਾ ਦੇ ਦੀਵੇ ਦੇ ਹੇਠ
ਤਪੇ ਹੋਏ ਅੱਥਰੂ ਠਾਰਦਾ—
ਮੇਰੇ ਮੁਰਸ਼ਦ ਦਾ ਤੀਰ ਲਾਸਾਨੀ
ਵਗਦੇ ਪਾਣੀਆਂ ਦੇ ਸੀਨੇ
ਖ਼ੂਨ ਖ਼ੂਨ ਚਮਕ ਚਮਕ ਉੱਠਦਾ।
ਮੈਂ ਤੀਰ ਦੀ ਨੋਕ ਵਿਚ ਵਿੰਨ੍ਹੇ ਦੇਖਦਾ
ਰਣਾਂ ਦੇ ਖ਼ੂਨੀ ਦੀਵਾਨੇ
ਸਿਦਕ ਦੇ ਲੱਖਾਂ ਨਜ਼ਾਰੇ

WWW.SIKHBOOKCLUB.COM

ਜੋ ਆਪਣੀ ਰੱਤ ਨੂੰ ਘਾਇਲ ਕਰਕੇ
ਧਰੁਵਾਂ ਤਕ ਦੇਖਦੇ ਫ਼ਜਰ ਹੀ ਜਾਂਦੇ॥੩॥

ਕਦੇ ਮੈਂ ਸ਼ਾਹਦ ਹੋਂਵਦਾ
ਸੋਹਣੇ ਯਾਰ ਦੀ ਮਿਹਰ ਦਾ—
ਤੇ ਸਿਤਮ ਕਰਦਾ ਲੱਭਦਾ ਲਹੂ 'ਚੋਂ
ਦੂਰ! ਕਿਤੇ ਵੀ ਸ਼ਹਾਦਤਾਂ ਦੀ ਮੰਜ਼ਲ—
ਦਹਿਲ ਕੇ ਲੰਘਦਾ ਸ਼ੀਹਾਂ ਦੇ ਘਾਟ ਤੋਂ
ਰਣਾਂ ਦੇ ਜਾਮ ਤੋੜ ਤੋੜ ਸੁੱਟਦਾ—
ਧਰਤੀ ਦੇ ਮੱਥੇ 'ਚ
ਤੀਰਾਂ 'ਤੇ ਲਹੂ ਦੀ ਨਿਸ਼ਾਨੀ ਲਾਂਵਦਾ,
ਜਨੂੰ ਕੁਲ ਮੇਰੀ ਜਾਨ ਦਾ
ਭੱਥੇ 'ਚੋਂ ਉੱਡਦਾ ਹੀ ਜਾਂਵਦਾ—
ਆਪਣੇ ਆਪ ਵਿਚ ਆਪ ਨਾਂਹ ਥਿਆਂਵਦਾ
ਸਗਲ ਗੁਮਨਾਮੀ ਕੰਬਾਂਵਦਾ—
ਯਾਰ ਵੇ ਸੋਹਣਿਆਂ!
ਮੈਂ ਤਾਂ ਤੈਂਡਾ ਚਾਅ ਹੀ ਗਾਂਵਦਾ॥੪॥
ਕਦੇ ਪਤਾਲ ਤੋਂ ਲੈ ਕੇ ਅਰਸ਼ ਤਕ
'ਮੈਂ' 'ਮੈਂ' ਦੀ ਅਗਨੀ ਕੂਕਦੀ—
ਮੈਂ ਰੇਗਿਸਤਾਨਾਂ ਵਿੱਚੋਂ ਦੀ ਲੰਘਿਆ
ਮੈਂ ਠੰਢੀ ਕੁੰਜ ਵਿਚ ਸੁੰਦਰ ਨਾਰ ਨੂੰ ਲਿਪਟਿਆ
ਮੈਂ ਅਕਾਸ਼ਾਂ ਤੋਂ ਜ਼ਿਮੀਂ 'ਤੇ, ਤੇਜ਼ ਹਵਾਵਾਂ ਸੰਗ ਉਤਰਿਆ,
ਮੈਂ ਨੀਲ ਗਗਨ ਦੇ ਸਿਤਾਰੇ 'ਚ ਚਮਕਿਆ
ਮੈਂ ਅਧਰੈਣੀ 'ਚ ਹਿਮਾਲੀਆ 'ਤੇ ਲਾਈ ਸਮਾਧੀ—
ਸਾਰੀਆਂ ਆਵਾਜ਼ਾਂ ਨੂੰ ਸੁਣਿਆਂ ਮੈਂ,
ਸਭ ਰੇਗਿਸਤਾਨਾਂ ਦੌੜ ਮੇਰੀ ਦੇਖੀ,
ਸਭ ਕਲਮਾਂ ਮੇਰਾ ਨਾਮ ਲਿਖਿਆ,
ਮੈਂ ਸਾਰੀ ਜ਼ਿਮੀਂ ਦੇ ਸ਼ਹਿਨਸ਼ਾਹਾਂ ਨੂੰ ਜਾਣਿਆਂ
ਮੈਂ ਮਹਾਂ ਅਧਿਆਤਮ ਦੇ ਰਾਜ ਵਿਚ ਸੁੱਤਾ,
ਮੈਂ ਹਿਰਨਾਂ ਦੇ ਨੈਣ ਤੱਕੇ
ਮੈਂ ਬਘਿਆੜਾਂ ਦੇ ਗਲ ਲੱਗ ਰੁੰਨਾ
ਮੈਂ ਸ਼ੇਰਾਂ ਦੇ ਘਾਟ 'ਤੇ ਪਾਣੀ ਜਾ ਪੀਤਾ॥੫॥

*(ਨਵੰਬਰ, 1965)*

•

WWW.SIKHBOOKCLUB.COM

# 70

## ਦਰਵੇਸ਼ਾਂ ਦੇ ਸਫ਼ਰ

ਸਾਡੇ ਸਫ਼ਰ ਹਮੇਸ਼ਾਂ ਦੇ,
ਫ਼ਜਰਾਂ ਦਾ ਗੀਤ ਸੁਣੇ
ਪੈ ਰਾਹ ਦਰਵੇਸ਼ਾਂ ਦੇ।

ਦੁਖ ਸਿਖਰ ਦੁਪਹਿਰਾਂ ਦੇ,
ਬਾਜ਼ਾਂ ਨੇ ਕੀ ਉੱਡਣਾ
ਸਾਡੇ ਜਿਗਰੇ ਨੇ ਕਹਿਰਾਂ ਦੇ।

ਇਹਨਾਂ ਠੰਢੀਆਂ ਹਵਾਵਾਂ ਨੇ,
ਗੀਤਾਂ ਦੀ ਵਾਗ ਫੜੀ
ਸੋਹਣੇ ਵਗਦੇ ਝਨਾਵਾਂ ਨੇ।

ਉਸ ਸੂਰਜ ਕਿਨਾਰੇ ਵੇ,
ਸਿਦਕਾਂ ਦੀ ਬਾਤ ਛਿੜੀ
ਅਸੀਂ ਨਜ਼ਰਾਂ ਤੋਂ ਹਾਰੇ ਵੇ।

ਗੱਲ ਆਖੀ ਪੁਰਾਣੀ ਨੇ,
ਲੰਮੀਆਂ ਖਜੂਰਾਂ ਨੂੰ
ਡੂੰਘੇ ਅਰਬਾਂ ਦੇ ਪਾਣੀ ਨੇ।

ਗ਼ਮਖ਼ਾਰ ਪਿਆਰੇ ਵੋ,
ਤਾਰਿਆਂ ਨੂੰ 'ਵਾਜ ਪਈ
ਰੋਂਦੇ ਹਿਜਰਾਂ ਦੇ ਮਾਰੇ ਵੋ।

ਕਿੱਥੇ ਵਸਲ-ਟਿਕਾਣੇ ਨੇ,
ਮਿੱਟੀ ਦੇ ਵਿਚ ਕਬਰਾਂ
ਸਾਡੇ ਭੇਦ ਪੁਰਾਣੇ ਨੇ।


WWW.SIKHBOOKCLUB.COM

ਗੱਲ ਤੋਰ ਬਹਾਰਾਂ ਦੀ,
ਇਹ ਕੰਢੜੇ ਸਤਲੁੱਜ ਦੇ
ਜਿੰਦ ਸ਼ਾਹ ਸਰਦਾਰਾਂ ਦੀ।

ਲੰਮੇ ਦਾਅਵੇ ਉਮੀਦਾਂ ਦੇ,
ਚੁੰਮ੍ਹ ਦਰਿਆ ਲੰਘਦੇ
ਸੋਹਣੇ ਬਾਗ਼ ਸ਼ਹੀਦਾਂ ਦੇ।

ਵੱਡੇ ਵਖਤ ਅਖੀਰਾਂ ਦੇ,
ਗੰਢੜੀ ਗੁਨਾਹਾਂ ਵਾਲੜੀ
ਦਰ ਸੁੱਟ ਦੇ ਫਕੀਰਾਂ ਦੇ।

*(ਜਨਵਰੀ, 1965)*

•


WWW.SIKHBOOKCLUB.COM 

# 71

## ਡਾਕਟਰ ਮੁਹੰਮਦ ਇਕਬਾਲ ਨੂੰ

ਖ਼ੂਨ ਨੇ ਤੇਗਾਂ 'ਤੇ ਲਾਉਣੀਆਂ ਬਾਜ਼ੀਆਂ।
ਉੱਠਣਾ ਫੇਰ ਪੰਜਾਬ ਦੇ ਗ਼ਾਜ਼ੀਆਂ।

ਜਗਣਾ ਫੇਰ ਅਸਮਾਨ ਦੀ ਚੀਸ ਨੇ
ਕੰਬਣਾ ਫੇਰ ਈਮਾਨ ਤੋਂ ਪਾਜੀਆਂ।

"ਆਓ ਵਸਲ ਨੂੰ ਖ਼ੂਨ ਵਿਚ ਰੰਗੀਏ"
ਥਲਾਂ ਨੂੰ ਸੱਦਾਂ ਦੇਣੀਆਂ ਹਾਜੀਆਂ।

ਗਜ਼ਬ ਦੀ ਅੱਗ ਘਿਰ ਰਹਿਮ ਨੂੰ ਮੰਗਣਾ
ਖੰਜਰ ਵੀਰਾਨੀ ਤੋਂ ਜ਼ਿਬਾਹ ਹੋ ਨਾਜ਼ੀਆਂ।

ਅੱਗ ਦੇ ਕਹਿਰ ਵਿਚ ਮੰਜ਼ਲਾਂ ਪਾਉਣੀਆਂ
ਸਦੀਆਂ ਦੇ ਥਲਾਂ ਵਿਚ ਹਫਦਿਆਂ ਤਾਜ਼ੀਆਂ।

*(ਜਨਵਰੀ, 1966)*

•

WWW.SIKHBOOKCLUB.COM

# 72

## ਲਾਹੌਰ

ਪੰਜਾਬ ਦਾ ਸੂਰਜ ਛਿਪਨ ਦੇ ਪਿੱਛੋਂ
ਹਾਲੀ ਵੀ ਸੰਞਾਂ ਨੂੰ ਤੁਰਦੀਆਂ
ਸ਼ਹਿਰ ਲਾਹੌਰ ਦੀਆਂ ਨਾਰਾਂ
ਕਰਦੀਆਂ ਨਾਲ ਦਰਿਆਵਾਂ ਇਕਰਾਰ ਕੋਈ।
ਗੁਜਰਾਤ ਦੀ ਧਰਤੀ ਦੇ ਵੱਲੋਂ
ਮਾਂਝੀਆਂ ਦਾ ਗੀਤ ਕੋਈ ਹੁਣ ਵੀ
ਸ਼ਹਿਰ ਲਾਹੌਰ ਦੀਆਂ ਗਲੀਆਂ 'ਚ ਗੂੰਜਦਾ।

ਹੁਣ ਵੀ ਸਿਆਹ ਨਕਾਬ ਦੇ ਹੇਠਾਂ
ਉਹ ਨੂਰ ਪਿਆ ਵਰ੍ਹਦਾ
ਜਿਸ ਦੀ ਧਾਰ 'ਤੇ ਵਗਦੇ
ਦਰਿਆ ਘਮਸਾਨ ਪਾ ਜਾਂਦੇ
ਧਰਤੀ ਦੇ ਰਸਾਂ-ਕਸਾਂ ਨੂੰ ਲਹੂ-ਲੁਹਾਣ ਕਰ ਜਾਂਦੇ;
ਜਿਸਦੀ ਤਿੱਖੀ ਨੋਕ 'ਤੇ ਉਡਣ ਲਈ
ਬੇ-ਦਰੇਗ ਅਸਮਾਨ ਦੇ ਝੱਖੜ
ਪਰਬਤਾਂ ਦੇ ਸੀਨੇ 'ਚ ਚੋਰਾਂ ਦੇ ਵਾਂਗ ਛੁਪੇ ਹੋਏ
ਸੂਰਜ ਦੇ ਰਥ ਨੂੰ ਤੋੜ ਜਾਂਦੇ।

ਹੁਣ ਵੀ ਮੂੰਹ-ਜ਼ੋਰ ਰੇਲਾਂ ਉਡਦੀਆਂ
ਧੜਾ ਧੜ ਸ਼ਹਿਰ ਲਾਹੌਰ ਵਲ ਆਉਂਦੀਆਂ
ਕੂਕਾਂ ਮਾਰ ਹਰੇ ਮੈਦਾਨਾਂ ਚੋਂ ਲੰਘਦੀਆਂ—
ਸੁਣਦੀਆਂ ਦਰਿਆਵਾਂ ਦੇ ਪੁਲਾਂ ਕੋਲੇ
ਬੇਲਿਆਂ ਦੀ ਸੱਦ ਲੰਮੀ ਚਿਰਾਂ ਦੀ।
ਇੰਜਨ ਦਹਾੜਦੇ, ਚੀਖਦੇ
ਝੰਗ ਦੀਆਂ ਵਾਵਾਂ ਉਡਦੀਆਂ ਨਾਲ ਹੀ,
ਬੇਲਿਆਂ ਦੇ ਪ੍ਰਛਾਵੇਂ ਹਜ਼ਾਰਾਂ
ਸੋਹਣੀਆਂ ਨੇ ਸਬਜ਼ ਚੋਲੀ 'ਚ ਸੀਤੇ—

WWW.SIKHBOOKCLUB.COM

ਨਾਰਾਂ ਦੀਆਂ ਛਾਤੀਆਂ ਭਰੀਆਂ
ਸਾਉਣ ਮਾਹ ਦਿਆਂ ਬੱਦਲਾਂ ਵਾਂਗੂੰ—
ਬਾਜ਼ਾਂ ਦੇ ਪਰਾਂ 'ਤੇ ਕੂੰਜਾਂ ਮਲੂਕ ਸੁੱਤੀਆਂ !!

ਹੁਣ ਵੀ ਲੰਘਦੇ ਲੰਘਦੇ
ਫ਼ਕੀਰਾਂ ਦੇ ਖ਼ਾਲੀ ਕਾਸਿਆਂ ਅੱਗੇ
ਗ਼ਾਜ਼ੀਆਂ ਦੇ ਲਸ਼ਕਰ ਸਿਰ ਨਿਵਾਂਦੇ,
ਦੂਰ ਰਣਾਂ ਦੇ ਪੱਤਣ ਵਲ
ਭਰੇ-ਪੀਤੇ ਸ਼ੀਹਾਂ ਦੀ ਨਜ਼ਰ ਦੇ
ਖ਼ੂਨੀ ਦਰਿਆ ਨੂੰ ਦੇਖ ਕੇ ਗਾਂਵਦੇ,
ਹਸ਼ਰ ਦੀ ਅੱਗ ਵਿਚ
ਇਲਮ ਦੇ ਨਾਜ਼-ਗੁਮਾਨ ਨੂੰ ਸਾੜ ਕੇ
ਹੁਸਨ ਦੇ ਮੁਲਕਾਂ ਨੂੰ ਝਾਗ ਕੇ,
ਹੁਣ ਵੀ ਡਾਚੀਆਂ ਵਾਲੇ
ਸ਼ਹਿਰ ਲਾਹੌਰ ਦੀਆਂ ਰਾਹਾਂ 'ਤੇ ਆਣ ਕੇ
ਥਲਾਂ ਦਾ ਦੀਵਾ ਬਾਲਦੇ।

ਪਿੰਡੀ ਤੇ ਹਸਨ ਅਬਦਾਲ ਵੱਲੋਂ
ਲਾਇਲਪੁਰ, ਝੰਗ ਸਿਆਲ ਵੱਲੋਂ
ਪੂਰਨ ਦੇ ਖ਼ੂਹ ਤੋਂ, ਸ਼ਹਿਰ ਪਸ਼ੌਰ ਵੱਲੋਂ :
ਸਮੇਂ ਦੇ ਮਜ਼ਾਰਾਂ ਦੇ ਉੱਤੇ
ਨਜ਼ਰਾਂ ਦੀ ਲੰਮੀ ਵਾਟ ਦੇ ਉੱਤੇ
ਬਲਦੇ ਆਉਂਦੇ ਅਸਮਾਨ ਦੇ ਦੀਵੇ—
ਹੁਣ ਵੀ ਧਰਤੀ ਹਲਾਲ ਕਰ ਸਕਦੀ
ਤਾਰਿਆਂ ਵਾਲੇ ਸ਼ਾਹ ਅਸਮਾਨ ਨੂੰ।

ਪੰਜਾਬ ਦੀਆਂ ਬਾਂਕੀਆਂ ਨਾਰਾਂ ਦੇ ਸਾਹਵੇਂ
ਹੁਣ ਵੀ ਹੌਲ ਅਸਮਾਨ ਦਾ
ਧੌਂਸਿਆਂ ਦੀਆਂ ਰਗਾਂ ਵਿਚ ਦਹਿਲਦਾ ਉੱਡਦਾ।
ਤੇ, ਪੈਲ ਪਾਉਂਦਾ ਨਸ਼ਾ
ਖ਼ੂਨੀ ਰਣਾਂ ਵਲ ਉਮ੍ਹਲਦਾ, ਉਛਲਦਾ
ਅੱਲਾ ਦੀ ਨਜ਼ਰ ਵਿਚ ਵੱਸਦਾ
ਧਰਤ ਦੇ ਜੰਜਾਲ ਨੂੰ ਤੋੜਦਾ, ਨੱਸਦਾ
ਹੁਣ ਵੀ ਦਰਿਆ ਕੋਈ, ਪਾਉਂਦਾ ਧਮਾਲ, ਹੱਸਦਾ।

*(ਦਸੰਬਰ, 1965)*

•

WWW.SIKHBOOKCLUB.COM

## 73

# ਗ਼ਦਰੀ ਬਾਬੇ ਨੂੰ

ਗ਼ਦਰੀ ਬਾਬਿਆ ਜਿੰਦ ਮੁਹਾਲ ਵੇ।
ਬੁਰਾ ਦੇਸ ਪੰਜਾਬ ਦਾ ਹਾਲ ਵੇ।

ਕੀ ਅਸਮਾਨ ਦੇ ਹੇਠਾਂ ਜੀਵਣਾ ?
ਪੰਜ ਦਰਿਆ ਨਾਂਹ ਸਾਡੇ ਨਾਲ ਵੇ।

ਕਿੱਥੇ ਸ਼ਮਸ਼ੀਰ ਤੋਂ ਡੂੰਘਾ ਜ਼ਖ਼ਮ ਉਹ
ਕਿੱਥੇ ਉਹ ਬਜਬਜ ਘਾਟ ਦਾ ਤਾਲ ਵੇ ?

ਬਿਨਾਂ ਰਕਾਬ ਤੇ ਵਾਗ ਦੇ ਨੱਸਣਾ
ਅਰਸ਼ ਦੇ ਹੁਕਮ ਤੋਂ ਵੱਖਰੀ ਚਾਲ ਵੇ।

ਫ਼ਜਰ ਅਜ਼ਾਨ ਵਿਚ ਲਹੂ ਦੀ ਲਾਟ ਹੋ
ਬਿੱਜਲੀਆਂ ਕੁਫ਼ਰ ਵਿਚ ਪਾਉਣੀ ਧਮਾਲ ਵੇ।

ਨਸ਼ਾ ਜਹਾਦਾਂ ਦਾ ਫੈਲਣਾ ਸਾਗਰਾਂ
ਸਾਗਰ ਹੋ ਜਾਵਣਾ ਸਾਗਰ ਦੇ ਨਾਲ ਵੇ।

ਗੀਤ ਨੂੰ ਖ਼ੁਦੀ ਦਾ ਹਾਲ ਪੈ ਜਾਣਾ
ਗਸ਼ਾਂ ਨੇ ਭੰਨਣੀ ਤੇਗਾਂ ਦੀ ਪਾਲ ਵੇ।

ਹਸ਼ਰ ਦੇ ਘਾਟ 'ਤੇ ਪਾਣੀ ਜਾ ਪੀਵਣਾ
ਸੁੱਟਣਾ ਨਜ਼ਰ ਦੇ ਕੱਪਰ ਨੂੰ ਬਾਲ ਵੇ।

ਨਿਰੀ ਵੀਰਾਨੀ ਅਰਸ਼ ਤੋਂ ਡਿੱਗਦੀ
ਫੇਰ ਨਾਂਹ ਚੜ੍ਹਿਆ ਸ਼ਹੀਦਾਂ ਦਾ ਸਾਲ ਵੇ।

ਹਾਲ-ਬੇਹਾਲ ਹੋ ਖੁਭੇ ਨਾਂਹ ਸਾਗਰ
ਖ਼ੂਨ ਦੇ ਗਜ਼ਬ ਦੇ ਕਤਰੇ ਵਿਚਾਲ ਵੇ।


WWW.SIKHBOOKCLUB.COM

ਚਰਖੜੀ ਉਤੇ ਗ਼ੁਲਾਮ ਹੀ ਰੋਂਵਦੇ
ਕਦੇ ਤਾਂ ਆਵੇ ਸ਼ੌਕ ਬੇਹਾਲ ਵੇ।

ਬਾਜ਼ ਖ਼ੂਨੀ ਸਮੁੰਦਰਾਂ ਤੋਂ ਗਾਉਂਦੇ
ਲੰਘੇ ਨਾਂਹ ਚੁੰਮ੍ਹ ਕੇ ਸੂਰਜ ਦੀ ਡਾਲ ਵੇ।

*(ਨਵੰਬਰ, 1965)*

•


WWW.SIKHBOOKCLUB.COM

## 74

# ਝਨਾਂ ਕਿਨਾਰੇ ਇਕ ਸੰਝ

ਪਈ ਕੋਲ ਬੇਲਿਆਂ ਬੋਲੇ ਵੇ।
ਕੋਈ ਰਾਜ਼ ਝਨਾਂ ਦਾ ਡੋਲੇ ਵੇ।

ਇਸ ਭਰੇ ਝਨਾਂ ਨੇ ਵਗ ਜਾਣਾ
ਕਿਉਂ ਉੱਡਦੇ ਨੈਣ ਮਮੋਲੇ ਵੇ?

ਔਰ ਢੋਕਾਂ ਨੇ ਇਕ 'ਵਾਜ ਸੁਣੀ
ਕਿਸ ਕੰਬਦੇ ਸੂਰਜ ਕੋਲੇ ਵੇ?

"ਪਿਆ ਵਗਦਾ ਸਦਾ ਚਨਾਬ ਰਹੇ"
ਕੋਈ ਪੰਖੀ ਕੰਢੜੇ ਬੋਲੇ ਵੇ।

ਕਿਤੋਂ ਦੂਰ ਵਤਨ ਦੇ ਸ਼ਾਹਜ਼ਾਦੇ
ਕੋਈ ਆ ਸੌਦਾਗਰ ਟੋਲੇ ਵੇ।

ਇਕ ਸ਼ੇਰ ਘਾਟ 'ਤੇ ਉਤਰ ਰਿਹਾ
ਪੱਬ ਚੁੱਕਦਾ ਪੋਲੇ ਪੋਲੇ ਵੇ।

ਕੋਈ ਨਾਰ ਬੇਲਿਆਂ ਵੱਲ ਜਾਂਦੀ
ਬਹੁੰ ਕਰੇ ਝਨਾਂ ਨੇ ਓਹਲੇ ਵੇ।

ਕੋਈ ਦੂਰ ਗਏ ਵਣਜਾਰੇ ਲਈ
ਹੰਝ ਵਗਦੇ ਜਲ ਵਿਚ ਘੋਲੇ ਵੇ।

ਕੁੱਝ ਰਿਸ਼ਮਾਂ ਸ਼ਬਨਮ ਪੀ ਸੁੱਤੀ
ਸਭ ਚਾਨਣ ਸੂਰਜ ਫੋਲੇ ਵੇ।

ਇਕ ਕਤਰਾ ਫ਼ਜਰ ਨੂੰ ਚਮਕੇਗਾ
ਪਾ ਖ਼ੂਨੀ ਬਿੱਜਲੀਆਂ ਝੋਲੇ ਵੇ।

ਔਹ ਸੂਰਜ ਛਿਪਦਾ ਵੇਖ ਰਿਹਾ
ਕੋਈ ਤਾਜ ਝਨਾਂ ਦਾ ਰੋਲੇ ਵੇ।

*(ਦਸੰਬਰ, 1965)*

•


WWW.SIKHBOOKCLUB.COM

# 75

## ਇਕ ਗੀਤ

ਕੁੜੇ ਕੇਸ ਤੇਰੇ ਜਦ ਖੁੱਲ੍ਹ ਜਾਂਦੇ।
ਅਸੀਂ ਰੋਹੀਆਂ ਦੇ ਵਿਚ ਰੁਲ ਜਾਂਦੇ।

ਰੰਗ ਪਵੇ ਅੱਲਾ ਦੇ ਬਿਰਖਾਂ ਨੂੰ
ਅਸੀਂ ਤੀਰ ਛੋੜ ਕੇ ਭੁੱਲ ਜਾਂਦੇ।

ਕੁਲ ਤੋੜ ਯਾਰ ਦੇ ਕੌਲ ਅਸੀਂ
ਹੋ ਦਾਮਨ ਕਿਸੇ ਦਾ ਹੁੱਲ ਜਾਂਦੇ।

ਤੇਰੇ ਨੈਣ ਹਵਾ ਵਿਚ ਝੁਲ ਜਾਂਦੇ,
ਤਪ ਕੀਤੇ ਉਮਰ ਦੇ ਕੁੱਲ ਜਾਂਦੇ।

ਸਭ ਰੰਗ ਹੜ੍ਹਾਂ ਦੇ ਬਲ ਪੈਂਦੇ
ਜਦ ਦਰ ਫੱਕਰਾਂ ਦੇ ਖੁੱਲ੍ਹ ਜਾਂਦੇ।

ਤੱਕ ਅੱਥਰੀ ਮੌਜ ਫ਼ਕੀਰਾਂ ਦੀ
ਤੇਰੇ ਰਾਹਾਂ ਦੇ ਟੁੱਟ ਪੁਲ ਜਾਂਦੇ।

ਠਿਲ੍ਹ ਪੈਣ ਅਸਾਂ ਵਿਚ ਲੱਖ ਨਦੀਆਂ
ਤਿਰੇ ਸ਼ੀਂਹ ਘਾਟਾਂ 'ਤੇ ਰੁਲ ਜਾਂਦੇ।

ਤੱਕ ਸ਼ੌਕ ਦੇ ਅੱਥਰੇ ਨੈਣਾਂ ਨੂੰ
ਲੱਖ ਬਾਜ਼ ਅੰਬਰ ਦੇ ਖੁੱਲ੍ਹ ਜਾਂਦੇ।

ਤੇਰੇ ਫੁੱਲ ਵਣਾਂ ਨੂੰ ਉੱਡ ਪੈਂਦੇ
ਸਭ ਨਾਗ ਜ਼ਿਮੀਂ ਵਿਚ ਘੁਲ ਜਾਂਦੇ।

ਕੁੜੇ ਕੇਸ ਤੇਰੇ ਜਦ ਖੁੱਲ੍ਹ ਜਾਂਦੇ
ਅਸੀਂ ਰੋਹੀਆਂ ਦੇ ਵਿਚ ਰੁਲ ਜਾਂਦੇ।

*(ਮਾਰਚ, 1966)*

•



WWW.SIKHBOOKCLUB.COM 

# 76

## ਸੂਫ਼ੀਆਂ ਦਾ ਗੀਤ

ਕੁਲ ਆਲਮ ਮੇਰੀ ਨਜ਼ੀਰ ਦਿਸੇ।
ਛੁਪ ਜਾਵਾਂ ਮੇਰੀ ਤਾਸੀਰ ਦਿਸੇ।

ਮੈਂ ਜਲਵਾ ਸਿਤਮ ਦਾ ਐਸਾ ਹਾਂ
ਟੁੱਟ ਪਵਾਂ ਮੇਰੀ ਤਸਬੀਰ ਦਿਸੇ।

ਡੁੱਬ ਜਾਵਾਂ ਸਾਗਰ ਢੂੰਡ ਲਵੇ
ਰੁਕ ਜਾਵਾਂ ਮੇਰਾ ਅਖੀਰ ਦਿਸੇ।

ਇਹ ਸਜਦਾ ਮੁਰਸ਼ਦ ਦਰ ਹੋਵੇ
ਔਰ ਟੁੱਟਦਾ ਸਾਗਰ ਤੀਰ ਦਿਸੇ।

ਲੁੱਟ ਜਾਵਾਂ ਸ਼ੌਕ ਅਮੀਰ ਦਿਸੇ,
ਛਡ ਦੇਵਾਂ ਸਬਰ ਨੂੰ, ਪੀਰ ਦਿਸੇ।

ਤੁਰ ਜਾਨਾ ਹੱਸਦੇ ਲੋਕ ਪਏ
ਮਿਲ ਪੈਨਾ ਅੱਖੀਏਂ ਨੀਰ ਦਿਸੇ।

ਰੋਹ ਚੜ੍ਹਦਾ ਮੁਰਸ਼ਦ ਕਰਮ ਕਰੇ
ਹੱਸ ਪੈਨਾ ਜੱਗ ਦਿਲਗੀਰ ਦਿਸੇ।

ਮੈਨੂੰ ਦੁਸ਼ਮਨ ਕੋਈ ਫ਼ਕੀਰ ਦਿਸੇ,
ਧਾਹ ਮਿਲਦਾ ਰਣ 'ਚੋਂ ਵੀਰ ਦਿਸੇ।

ਤੈਂ ਹੁਕਮ ਤੋਂ ਅੱਗੇ ਕੂਕ ਮਿਰੀ
ਬਣ ਮਿਹਰ ਗਏ, ਸ਼ਮਸ਼ੀਰ ਦਿਸੇ।

ਕੁਲ ਆਲਮ ਮੇਰੀ ਨਜ਼ੀਰ ਦਿਸੇ,
ਛੁਪ ਜਾਵਾਂ ਮੇਰੀ ਤਾਸੀਰ ਦਿਸੇ।

*(ਮਾਰਚ, 1966)*

•


WWW.SIKHBOOKCLUB.COM

# 77

## ਸੂਫ਼ੀਆਂ ਦਾ ਗੀਤ

ਏਥੋਂ ਤਖਤ ਹਜ਼ਾਰਾ ਦੂਰ ਕੁੜੇ,
ਇਸ ਰਾਹ ਦਾ ਵਖਰਾ ਨੂਰ ਕੁੜੇ।

ਇਸ ਰਾਹ 'ਤੇ ਖ਼ੂਨੀ ਘਾਟ ਖੜੇ
ਤੁਰ ਹਸ਼ਰਾਂ ਲੰਮੀ ਵਾਟ ਖੜੇ
ਪਏ ਤਕਦੇ ਸਾਰੀ ਰਾਤ ਖੜੇ
ਤੈਂ ਨਜ਼ਰਾਂ ਦਾ ਦਸਤੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਕੁੜੇ ਗਹਿਰ ਲੱਦਿਆ ਹਾੜ੍ਹ ਪਿਆ
ਕੋਈ ਚੁਕ ਗੁਨਾਹ ਦਾ ਭਾਰ ਰਿਹਾ
ਭੱਖ ਸੂਰ ਵਰਾਛਾਂ ਪਾੜ ਰਿਹਾ,
ਹੱਥ ਖ਼ੂਨ ਉਡਾਂਦੇ ਧੂੜ ਕੁੜੇ;
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਭਰ ਪਿਆਲਾ ਹੌਲ ਦਾ ਪਾਟ ਪਿਆ
ਕੋਈ ਹਾਲ ਮਚਾਂਦਾ ਵਾਟ ਪਿਆ
ਸੁੰਨ-ਖੁਭਿਆ ਪਰਲੋਂ-ਘਾਟ ਪਿਆ,
ਨਾਂਹ ਕਦਮ ਤੇਰੇ ਮਨਜ਼ੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਇਸ ਰਾਹ 'ਤੇ ਭਖ ਕੇ ਸੂਰ ਕੁੜੇ
ਬੰਨ੍ਹ ਸਜਦੇ ਵਿਚ ਫਤੂਰ ਕੁੜੇ
ਆ ਪਹੁੰਚੇ ਹੁਸਨ-ਹਜ਼ੂਰ ਕੁੜੇ,
ਕਰ ਰੰਗ ਹਮੇਸ਼ ਮਨੂਰ ਕੁੜੇ,
ਏਥੋਂ ਤਖ਼ਤ ਹਜ਼ਾਰਾ ਦੂਰ ਕੁੜੇ।


WWW.SIKHBOOKCLUB.COM

ਸਭ ਖ਼ੂਨ 'ਸਮਾਨ ਨਪੀੜ ਲਏ
ਇਸ ਰਾਹ ਨੇ ਬੰਨ੍ਹ ਫ਼ਕੀਰ ਲਏ
ਚੜ੍ਹ ਗਹਿਰਾਂ ਡੋਬ ਅਖ਼ੀਰ ਲਏ—
ਰੋਹ ਚੜ੍ਹਿਆ ਹੋ ਮਸ਼ਹੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਗਈ ਚੀਕ ਵੀਰਾਨੀ ਪੱਥਰ ਹੋ
ਗਏ ਝੰਗ ਦੇ ਬੇਲੇ ਸੱਥਰ ਹੋ
ਪਿਆ ਸਬਰ ਨਿਚੋੜੇ ਝੱਖੜ ਹੋ—
ਇਸ ਰਾਹ ਦਾ ਸੁੱਕਿਆ ਬੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਰੋ ਵਿਰਦ ਕਮਾਂਦੇ ਪੀਰ ਗਏ,
ਜੋ ਸ਼ਾਹ ਅਸਵਾਰ ਅਮੀਰ ਗਏ
ਵਿਚ ਜੂਹ ਦੇ ਹੋ ਦਿਲਗੀਰ ਗਏ—
ਚਾ ਰਜ਼ਾ ਦਾ ਤੋਸ਼ਾ ਹੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਲੱਖ ਫ਼ਜਰ ਦੀ ਨੀਂਦਰ ਕੌਲ ਕਰੇ
ਵੱਡ ਲਸ਼ਕਰ ਛਾਵਾਂ ਘੇਰ ਖੜੇ
ਜੂਹ ਸਬਰ-ਸਵੇਰਾਂ ਸ਼ੇਰ ਵੜੇ—
ਕੋਈ ਹਾਣ ਬਲੀ ਦਾ ਨੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਕੁੜੇ ਚੌੜੇ ਥਲਾਂ 'ਚ ਪੌੜ ਪਿਆ
ਉਠ ਕਾਬਾ ਸ਼ਰਾ ਦਾ ਦੌੜ ਪਿਆ
ਹੋ ਡਾਢਾ ਸਾਈਂ ਚੌੜ ਪਿਆ,
ਤੇਰਾ ਵਾਅਦਾ ਹਰਾ ਕਚੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਹਿੱਕ ਭੰਨ ਪਤਾਲਾਂ ਪੌੜ ਵੜੇ
ਧੱਸ ਰੋਹੀਆਂ ਬੇਲੇ ਤੌੜ ਚੜ੍ਹੇ
ਫੜ ਝੱਖੜ-ਨੇਸਾਂ ਕੌੜ ਕਰੇ—
ਤੈਂ ਨਜ਼ਰਾਂ ਕਰਨ ਕਸੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।


WWW.SIKHBOOKCLUB.COM

ਕਦੇ ਰੋਹੀ-ਰਗ ਫਰਵਾਂ ਬੋਲੇ
ਕਦੇ ਗ਼ਜ਼ਬ ਖ਼ੁਦਾ ਦਾ ਛਾਂ ਬੋਲੇ
ਕਦੇ ਦੂਰ ਝਨਾਂ ਦਾ ਨਾਂ ਬੋਲੇ—
ਕਦੇ ਬਖ਼ਸ਼ਿਸ਼ ਕਦੇ ਗਰੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਕਦੇ ਬੁੱਲ੍ਹਿਆਂ ਦੇ ਵਿਚ ਕਾਂ ਬੋਲੇ
ਕਦੇ ਡੂੰਘਾ ਕਦੇ ਉਤਾਂਹ ਬੋਲੇ
ਕਦੇ ਪਾਰ-ਉਰਾਰ ਵੀ ਨਾਂਹ ਬੋਲੇ—
ਕਦੇ ਸੁੱਟਦਾ ਰੰਗ ਸਰੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਕਦੇ ਸੁਬਕ ਤਰਬ ਲੈ ਹੁਕਮ ਬਲੀ
ਰੰਗ ਸੁੱਟਦੀ ਸੂਰਜ-ਕੋਟ ਖਲ੍ਹੀ
ਸੰਗ ਕਟਕਾਂ ਨੰਨ੍ਹੀ ਜਾਨ ਰਲੀ—
ਲੁੱਟ ਖੇੜੇ ਹੋ ਨਾਂਹ ਚੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਕਦੇ ਕਿਣਕਾ ਬੇ-ਮੁਹਾਰ ਬਣੇ
ਕਦੇ ਪੈਂਡਾ ਉੱਡ ਗੁਬਾਰ ਬਣੇ
ਰੰਗ ਮੁਰਸ਼ਦ ਕੂੜ-ਬਜ਼ਾਰ ਬਣੇ—
ਸਭ ਰਾਹ ਦੁਸ਼ਵਾਰ ਨੇ ਕੂੜ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਕਦੇ ਨਾਮ ਯਾਰ ਬੇ-ਜਾਨ ਹੋਏ
ਕਦੇ ਵਸਲ-ਹਿਜਰ ਗੁਮਨਾਮ ਹੋਏ
ਕਦੇ ਨਬੀ-ਦੀਦਾਰ ਬੇ-ਨਾਮ ਹੋਏ—
ਰਹੀ ਨਦਰ ਸਾਈਂ ਦੀ ਘੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਛੱਡ ਜ਼ਿਕਰ-ਕੂਕ ਅਸਵਾਰ ਗਏ
ਬੰਨ੍ਹ ਨਾਲ ਲਹੂ ਦੇ ਯਾਰ ਗਏ
ਉਹ ਜਿੱਧਰ ਗਏ ਦੀਦਾਰ ਗਏ—
ਰਹੇ ਕੋਟ ਸਮੇਂ ਦੇ ਝੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।


WWW.SIKHBOOKCLUB.COM

ਕੁੜੇ ਨਜ਼ਰ ਤੇਰੀ ਦੇ ਜ਼ੋਰ ਜਲਾਂ
ਉੱਠ ਪੈਂਦੇ ਲਸ਼ਕਰ ਜਲਾਂ-ਥਲਾਂ
ਵਿਚ ਕੂਕਾਂ ਦੇ ਘਮਸਾਨ ਰਲਾਂ—
ਵੱਸ ਸੋਹਣੇ ਸ਼ਹਿਰ ਕਸੂਰ ਕੁੜੇ,
ਏਥੋਂ ਤਖਤ ਹਜ਼ਾਰਾ ਦੂਰ ਕੁੜੇ।

ਸਾਂਝਾ ਤਖਤ ਹਜ਼ਾਰੇ ਦਾ ਬੋਲ ਸੁਣੇ
ਕੁੜੇ ਮਜਲਸ ਫ਼ਕੀਰਾਂ ਦੀ ਕੋਲ ਸੁਣੇ
ਸੋਹਣਾ ਘੁੰਡ ਜ਼ੁਲਫ਼ਾਂ ਦਾ ਖੋਲ੍ਹ ਸੁਣੇ—
ਉੱਗ ਪੈਂਦੇ ਖੰਭ ਜ਼ਰੂਰ ਕੁੜੇ,
ਇਸ ਰਾਹ ਦਾ ਵੱਖਰਾ ਨੂਰ ਕੁੜੇ।

*(ਜੁਲਾਈ, 1966)*

•

WWW.SIKHBOOKCLUB.COM

# 78

## ਸੂਫ਼ੀਆਂ ਦਾ ਗੀਤ

ਬਹੁੰ ਦਰਿਆਵਾਂ ਦਾ ਮਾਣ ਵੇ ਅੜਿਆ !
ਸ਼ੀਹਾਂ ਦੇ ਬੇਲੇ ਖੌਰੂ ਪਾਉਣਾ
ਤੈਨੂੰ ਲੱਗੀ ਅਪੁੱਠੜੀ ਵਾਣ ਵੇ ਅੜਿਆ।

ਸੂਰਜ ਨਜ਼ਰਾਂ ਨਾਲ ਨ ਡਿੱਗਣਾ
ਮੇਰੇ ਡਾਢਿਆ ਕਦੇ ਨ ਨਿੱਭਣਾ
ਸ਼ਹੁ ਦਰਿਆਵਾਂ ਦਾ ਹਾਣ ਵੇ ਅੜਿਆ,
ਉਹੀਓ ਨੇ ਬੇਲੇ ਪਛਾਣ ਵੇ ਅੜਿਆ ॥੧॥

ਹਸ਼ਰਾਂ ਤੀਕਣ ਉਡਦੀਆਂ ਕੂੰਜਾਂ
ਘੁੱਟ ਨ ਮੁੱਠੀ ਥਲ ਦੀਆਂ ਗੂੰਜਾਂ
ਦੂਰ ਡਾਚੀਆਂ ਜਾਣ ਵੇ ਅੜਿਆ,
ਓਵੇਂ ਹੀ ਲੰਮੀਆਂ ਤਾਣ ਵੇ ਅੜਿਆ ॥੨॥

ਬੂਹੇ ਖੋਲ੍ਹ ਨ ਐਨੇ ਦੁਪਹਿਰਾਂ ਦੇ
ਬੀਬਾ ਬਹਿ ਦਰਵਾਜ਼ੇ ਨ ਕਹਿਰਾਂ ਦੇ
ਭਲਾ ਐਨਾ ਕੀ ਜਿੰਦੜੀ ਨੂੰ ਮਾਣ ਵੇ ਅੜਿਆ,
ਜੋਗੀ ਨੂੰ ਦੇਸਾਂ ਨ ਜਾਣ ਵੇ ਆੜਿਆ ॥੩॥

ਹੜ੍ਹ ਤਪਦਾ ਨਜ਼ਾਰਾ ਯਾਰ ਵਗੇ
ਬੁੱਲਾ ਉੱਠਦਾ ਪਹਾੜਾਂ ਦੇ ਬਾਰ ਵਗੇ
ਵੇਚਾਂ ਤੈਂਡੇ ਬਜ਼ਾਰਾਂ 'ਚ ਜਾਨ ਵੇ ਅੜਿਆ,
ਉਹੀਓ ਨੇ ਪੱਤਣ ਪਛਾਣ ਵੇ ਅੜਿਆ ॥੪॥

WWW.SIKHBOOKCLUB.COM

ਮੱਝੀਂ ਤੇ ਗਾਈਂ ਦਾ ਮਾਣ ਵੇ ਅੜਿਆ
ਬਿਰਖਾਂ ਤੇ ਰਾਹਵਾਂ ਦਾ ਹਾਣ ਵੇ ਅੜਿਆ,
ਸ਼ੌਕ ਚੜਿਆ ਹੁਸਨ ਦੀ ਸਾਣ ਵੇ ਅੜਿਆ!

ਬਹੁੰ ਦਰਿਆਵਾਂ ਦੇ ਮਾਣ ਵੇ ਅੜਿਆ,
ਸ਼ੀਹਾਂ ਦੇ ਬੇਲੇ ਖੌਰੂ ਪਾਉਣਾ
ਤੈਨੂੰ ਪਈ ਅਪੁੱਠੜੀ ਵਾਣ ਵੇ ਅੜਿਆ ॥੫॥

*(ਜੁਲਾਈ, 1966)*

•

WWW.SIKHBOOKCLUB.COM

# 79

## ਸੂਫ਼ੀਆਂ ਦਾ ਗੀਤ

ਕਿਉਂ ਬਾਗ਼ਾਂ ਨਾਲ ਪਿਆਰ ਪਿਆ ?
ਕਿਉਂ ਦਿਸਦਾ ਮੁੜ ਮੁੜ ਯਾਰ ਪਿਆ ?

ਮੇਰਾ ਡਾਢੇ ਨਾਲ ਹਿਸਾਬ ਪਿਆ
ਘੁੰਡ ਚੁੱਕਦਾ ਭਰੇ ਬਜ਼ਾਰ ਪਿਆ।

ਗੱਲ੍ਹ ਭੱਖਦੀ ਅੰਧ ਗੁਬਾਰਾਂ ਦੀ
ਚੰਨ ਚਮਕੇ ਮੇਰੇ ਦੁਆਰ ਪਿਆ।

ਮੈਨੂੰ ਕਣਕਾਂ ਸਾਹਮੇ ਰੂਪ ਪਿਆ
ਤੇ ਟਾਹਲੀਆਂ ਛਾਵੇਂ ਪਿਆਰ ਪਿਆ।

ਕਦੇ ਫੇਰ ਅੰਬਾਂ ਨੂੰ ਬੂਰ ਪਵੇ
ਬਿਨ ਤੱਕਿਆਂ ਤੁਰ ਅਸਵਾਰ ਪਿਆ।

ਰੋਹ ਭਰੇ ਕੇਸੂਆਂ ਦੀ ਨਜ਼ਰੀਂ
ਰੰਗ ਸੂਰਜ ਲਬਾਂ 'ਤੇ ਚਾੜ੍ਹ ਪਿਆ।

ਨ ਕੋਇਲ ਥਲਾਂ ਦੇ ਹਿਜਰ ਸੁਣੇ
ਕਿਉਂ ਐਵੇਂ ਬਲੇ ਅਨਾਰ ਪਿਆ!

ਕਿਉਂ ਡਾਢੇ ਨਾਲ ਉਧਾਰ ਪਿਆ ?
ਕਿਉਂ ਦਰਦ ਵਸਲ ਤੋਂ ਪਾਰ ਪਿਆ ?

ਬੀਬਾ ਸਿਖਰ ਦੁਪਹਿਰਾਂ ਨੇ ਛਾਂ ਸਾਡੀ
ਤਪ ਕੌਲ ਸ਼ੀਹਾਂ ਦੇ ਬਾਰ ਪਿਆ।

ਜੀਵੇਂ ਲੰਮੀਆਂ ਧਰੇਕਾਂ ਦੇ ਰੰਗ ਭਲੇ
ਲੰਘ ਨਦੀਆਂ ਉਤਰੇ ਹਾੜ ਪਿਆ।

*(ਅਪ੍ਰੈਲ, 1966)*

•



WWW.SIKHBOOKCLUB.COM 

## 80

# ਸੂਫ਼ੀਆਂ ਦਾ ਗੀਤ

ਜਦ ਪੈਣ ਬੂਰ ਨੂੰ ਛੱਲਾਂ ਵੇ,
ਤੁਰ ਪੈਣ ਹਵਾ ਵਿਚ ਗੱਲਾਂ ਵੇ।

ਚਾ ਖਾਰੀ ਦਰਦ ਧਰੇਕਾਂ ਦੇ
ਗਲ ਬਾਂਹ ਝਨਾਵਾਂ ਦੀ ਵੱਲਾਂ ਵੇ।

ਉੱਡ ਕੂਕ ਥਲਾਂ ਦੀ ਰੇਤ ਹੋਈ
ਹੁਣ ਨਾਲ ਹਸ਼ਰ ਦੇ ਚੱਲਾਂ ਵੇ।

ਕਦੇ ਫ਼ਜਰਾਂ ਦੀ ਵਾ ਨੀਂਦ ਪਵੇ
ਅੱਗ ਵਰ੍ਹਦੀ ਸਿਖਰ ਮਹੱਲਾਂ ਵੇ।

ਮੈਂ ਨੈਣ-ਕੇਸੂਆਂ ਕਹਿਰ ਪਿਆ
ਕੁਲ ਸਿਖਰ ਦੁਪਹਿਰਾਂ ਠੱਲ੍ਹਾਂ ਵੇ।

ਰੋ ਖ਼ੂਨ ਤੇਰੇ ਦੀਆਂ ਜੂਹਾਂ ਵਿਚ
ਮੈਂ ਰਾਹ ਨਦੀਆਂ ਦੇ ਮੱਲਾਂ ਵੇ।

ਕਦੇ ਵਤਨ ਦੇ ਵਿਛੜੇ ਰਾਹ ਆਵਣ
ਚੁੱਕ ਡੁੱਬਦੇ ਸੂਰਜ ਖੱਲ੍ਹਾਂ ਵੇ।

*(ਅਪ੍ਰੈਲ, 1966)*

•



WWW.SIKHBOOKCLUB.COM 

# 81
# ਪੰਜਾਬ ਦੀ ਇਕ ਕੁੜੀ ਨੂੰ ਵੇਖ ਕੇ

## (1)

ਫੇਰ ਮੈਂ ਕਿਸੇ ਦਰਿਆ ਨੂੰ ਮਾਰਦਾ 'ਵਾਜਾਂ
ਭਰੇ ਹੋਏ ਦੇਸ ਪੰਜਾਬ ਦੇ ਰੰਗ ਵਿਚ ਜੀਵਣਾ,
ਨਜ਼ਾਰਿਆਂ ਦੇ ਨਾਲ ਭਰੀ ਪਈ ਵਗਦੀ ਰਾਵੀ;
ਡੂੰਘੇ, ਬਹੁਤ ਡੂੰਘੇ ਚਨਾਬ ਦੇ ਪਾਣੀ!
ਜਿਹਲਮ ਦੀ ਹੇਕ ਪਈ ਚੜ੍ਹਦੀ
ਚੜ੍ਹਦੀ ਚੜ੍ਹਦੀ ਉਲਰਦੀ
ਛਿਪਦੇ ਸੂਰਜਾਂ ਵੰਨੇ,
ਸੋਹਣੀ ਦੇ ਵਾਂਗ ਕੂਕਦੀ ਜਾਂਦੀ
ਦਰਿਆ ਦੀ ਧਮਾਲ ਨੂੰ ਤੋੜਦੀ
ਛੱਲਾਂ ਦੇ ਝੱਖੜਾਂ ਹੇਠ ਮੌਤ ਦੀ ਮਹਿੰਦੀ—
ਜੋ ਫ਼ਜਰ ਦੀਆਂ ਜ਼ੰਜੀਰਾਂ 'ਚ ਕਦੇ ਨ ਆਵੇ
ਸਿਖਰ ਦੀ ਲਾਲੀ ਅਨਲਹੱਕ ਗਾਵੇ
ਇਲਮ ਦੀਆਂ ਤਦਬੀਰਾਂ ਨੂੰ ਤੋੜਦੀ, ਉੱਡਦੀ,
ਲਹੂ-ਲੁਹਾਣ ਹੋ ਖਿੜਦੀ
ਇੱਕੋ ਰੰਗ ਲੈ ਚੜ੍ਹਦੀ ਮੌਤ ਦੇ ਸੀਨੇ 'ਤੇ।

ਪੰਜਾਬ ਦੇ ਖੰਡਰਾਂ 'ਚ ਬੇਲਿਆਂ ਦਾ ਪੰਛੀ ਕੂਕਦਾ,
ਸੱਜਰੇ ਇਕਰਾਰ ਆਬਾਦ ਕਰਦਾ
ਸਤਲੁੱਜ ਬਿਆਸ ਦੇ ਕੰਢੇ।
ਦੂਤੀਆਂ ਕੰਧਾਂ ਉਸਾਰੀਆਂ
ਇੱਕੋ ਧਰੇਕ ਖਿੜੀ ਪੰਜਾਬ ਦੇ ਸਿਰ 'ਤੇ।

## (2)

ਬੇਸ਼ੁਮਾਰ ਫ਼ਜਰਾਂ ਦੇ ਕਾਫ਼ਲੇ
ਖੁਭੇ ਨੇ ਖੰਜਰ ਦੇ ਵਾਂਗੂੰ


WWW.SIKHBOOKCLUB.COM

ਵਗ ਰਹੇ ਕਤਰਿਆਂ ਸੀਨੇ—
ਭਰੀ ਭਰੀ ਤੂੰ ਵਣਾਂ ਦੇ ਹੁਲਾਰੇ ਦੇ ਨਾਲ
ਇੱਕੋ ਹੁਲਾਰਾ! ਟਸਕੀਆਂ ਪੀਲਾਂ ਦਾ ਇੱਕੋ ਹੁਲਾਰਾ!
ਕੋਈ ਬਾਜ਼ ਖ਼ੂਨੀ, ਅਸਮਾਨ ਦੇ ਜਬਰ ਜੇਡਾ!
ਨੀ ਸਬਰਵਾਨ ਅੰਗਾਂ ਵਾਲੀਏ,
ਨੀ ਜੀਂਦੀਏ ਬਿਜਲੀਏ
ਮੋਈਏ ਨ ਮੋਈਏ ਹੁਸਨ ਦੀ ਐਡੀ ਸਿਖਰ 'ਤੇ।
ਨ ਜੀਵੀਏ ਜੀਵੀਏ
ਐਨੇ ਗੁਮਾਨ ਦੀ ਲਾਟ 'ਤੇ!
ਠਿੱਲ੍ਹੀਏ ਨ ਠਿੱਲ੍ਹੀਏ ਲੰਮੇ ਵਹਿਣ ਨੂੰ ਵੇਖ ਕੇ।

ਠਿੱਲ੍ਹਣਾ ਤੇਰਾ ਝਨਾਂ ਦੇ ਨਾਜ਼ 'ਤੇ
ਵੱਗ ਰਹੇ ਕਤਰਿਆਂ ਚੋਂ ਨਿਕਲ ਕੇ
ਮਹੀਂਵਾਲ ਦੀ ਸੱਦ ਨੇ ਕੂਕਨਾ,
ਰਾਤ ਦੀਆਂ ਅੱਖੜ ਆਵਾਜ਼ਾਂ, ਅੱਥਰੇ ਝੱਖੜ,
ਤੇਰੀਆਂ ਬਾਹਾਂ 'ਤੇ ਉਲਰਨੇ—
ਕੋਇਲਾਂ ਦੇ ਵਾਂਗੂੰ ਬਿਜਲੀਆਂ ਨੇ ਕੂਕਨਾ
ਪੈਗ਼ੰਬਰਾਂ ਦਾ ਸਬਕ ਭੁੱਲਣਾ ਅਸਮਾਨ ਨੂੰ,
ਗਾਉਂਦਿਆਂ ਸੌਂ ਜਾਣਾ ਜੱਲਾਦਾਂ ਨੇ,
ਆਲਮਾਂ ਨੇ ਫ਼ਜਰਾਂ ਨੂੰ ਦੁੱਖੜੇ ਦੱਸਣੇ,
ਹਉਂ ਦੇ ਰਣਾਂ ਵਿਚ ਰਾਜ ਤੇ ਹੁਕਮ ਦਾ
ਜੀਆ ਪਰਦੇਸੀ ਹੋਵਣਾ,
ਰੰਗਣਾ! ਰੰਗਣਾ! ਗੁਨਾਹ ਨੇ ਚੋਲਾ ਰੰਗਣਾ—
ਧਮਕ ਪਾਵੇ ਕੂੰਜਾਂ ਦੀ 'ਵਾਜ ਸਭ ਪਰਬਤਾਂ ਅੰਦਰ
ਮੁਰਸ਼ਦ ਦੀ ਹੇਕ ਲਾ ਗੁਨਾਹ ਦੇ ਸੂਹੇ ਵੇਸ ਨੇ ਰੋਵਣਾ।

ਮੇਰੇ ਪੰਜਾਬ ਦਾ ਹੜ੍ਹ ਪਿਆ ਵਗਦਾ
ਡੂੰਘਿਆਂ ਸਿਤਾਰਿਆਂ ਦੇ ਮਿੰਨ੍ਹੇ ਨੂਰ ਲਿਸ਼ਕੋਰਦਾ,
ਝਨਾਂ ਤਾਂ ਤਰਦਾ ਸੋਹਣੀ ਨੂੰ
ਨ ਹੁਸਨ ਦੇ ਕੰਢੜੇ ਲੱਭਦੇ!
ਪਰਦੇਸ ਪਰਦੇਸ ਗੁਮਨਾਮ ਹੋਇਆ
ਹੋਇਆ ਪਰਾਇਆ ਆਪਣੇ ਆਪ ਤੋਂ।
ਪਤਾਲ ਵਿਚ ਪੈਂਦੇ ਕੱਪਰ ਨਸ਼ੇ ਦੇ
ਇੱਕੋ ਕੱਪਰ ਨੇ ਸਾਰੇ ਝਨਾਂ ਨੂੰ ਬੰਨ੍ਹਿਆ।


WWW.SIKHBOOKCLUB.COM

ਕਦੇ ਠਿੱਲ੍ਹਦਾ ਸ਼ੀਹਾਂ ਦੇ ਘਾਟ ਤੋਂ
ਹੁਸਨ ਦੇ ਕੰਢੜੇ ਬੇਹੋਸ਼ ਪਏ ਵਗਦੇ।
ਲੰਮੇ ਵਹਿਣ ਵਿਚ ਪ੍ਰਭਾਤ ਦਾ ਸੇਕ ਕੰਬਦਾ
ਸਿਤਾਰਿਆਂ ਦੇ ਹੁਕਮ ਖ਼ੂਨੀ
ਨਸ਼ੇ ਦੀ ਇਕ ਘੁੱਟ ਵਿਚ ਲੁੱਟਦਾ।
ਅੰਨ੍ਹੀ ਚੁੱਪ ਦਰਿਆ ਦੀ,
ਅਰਸ਼ ਦਾ ਬੇਮੁਹਾਰਾ ਬੋਲ,
ਮੌਤ ਦੀ ਤਾਰੀ ਲਾਂਵਦਾ ਸੂਰਜ,
ਗਰਜਦੇ ਪਰਬਤ ਤੇਰੀਆਂ ਬਾਹਾਂ 'ਚ ਉਤਰਦੇ!
ਤੇਰੀ ਛਾਤੀ ਦੇ ਹੇਠਾਂ ਦਰਿਆ ਪਿਆ ਲਿਫਦਾ,
ਪੰਜਾਬ ਦੀ ਧਰਤ ਵਿਚ ਸੱਲ੍ਹ ਪੈਂਦੇ,
ਉਠਦੀ ਮਿੱਠੀ ਚੀਸ ਬਉਰਾਣੀ, ਕੂਕਦੀ ਫਿਰਦੀ,
ਧਾਹ ਕੇ ਲਿਪਟਦੀ ਸਾਰੇ ਅਸਮਾਨ ਨੂੰ—
ਪੰਜਾਬ ਦੀ ਜ਼ਿਮੀਂ ਤੇ ਅਰਸ਼ ਵਿਚ ਭੇਦ ਨਾਂਹ।

ਮਹੀਂਵਾਲ ਦੀ ਸੱਦ ਬਉਰਾਣੀ
ਲਟਕੰਦੜੇ ਬੇਲਿਆਂ 'ਚ ਵਿਰਦੀ
ਤੈਂ ਸਿਦਕ ਵਿਚ ਕੁੱਠੀ,
ਸੁਣਦੀ, ਉਠਦੀ, ਸੁਣਦੀ ਆਪਣੇ ਆਪ ਨੂੰ,
ਬਿਰਖਾਂ 'ਚੋਂ ਅੱਗ ਪਈ ਫੁੱਟਦੀ
ਸੋਹਣੇ ਚਨਾਬ ਵਲ ਚੱਲੀ,
ਸੱਭੋ ਕਾਲ ਸੱਜਰੇ ਹੋਏ
ਚੌੜੇ ਬੇਲਿਆਂ ਦੇ ਹਰੇ ਘਾਹ, ਵਣਾਂ ਤੇ ਪੀਲੂਆਂ ਵਰਗੇ;
ਮੁੜ ਮੁੜ ਕੇ ਤਾਰੇ ਚੜ੍ਹੇ
ਕੱਸਣ ਤਣਾਵਾਂ ਰਾਤਾਂ ਦੀਆਂ
ਡੂੰਘਿਆਂ ਖੂਹਾਂ 'ਚ ਕੁੱਠੀ ਜਾਨ ਅਸਮਾਨ ਦੀ।
ਬ੍ਰਹਮ-ਅਹੂੰ ਦੀ ਲਾਟ ਖ਼ੂਨੀ
ਕਾਲ ਦੇ ਇੱਕੋ ਅੰਤ 'ਤੇ!
ਜੋਗੀਆਂ ਤੇ ਨਦੀਆਂ ਦੇ ਧੁਰਾਂ ਦੇ ਸਫ਼ਰਾਂ ਦਾ ਅੰਤ,
ਤੇਰਿਆਂ ਕੌਲਾਂ ਦੀ ਮੁੱਠੀ
ਅੱਗ ਦੀਆਂ ਮੰਜ਼ਲਾਂ ਤਕ ਝਪਟ ਕੇ, ਲੁੱਟ ਪਾਉਂਦੀ,
ਰਾਤ ਦੀ ਖੋਹ ਨੂੰ ਘੁੱਟਦੀ
ਲੁੱਟਦੀ ਬਾਜ਼ਾਂ ਦੀ ਖ਼ੂਨੀ ਜਿੱਤ ਦੀਆਂ ਆਥਣਾਂ!
ਕਾਂਗਾਂ ਕਮਲੀਆਂ ਲਿਫ ਲਿਫ ਜਾਣ ਕਿੱਥੇ?


WWW.SIKHBOOKCLUB.COM

ਕਿਹੜੇ ਪਤਾਲ ਕਿਹੜੇ ਅੰਬਰਾਂ,
ਮੌਤ ਨੂੰ ਛੂਹਣ ਜਾਂ, ਜੀਵਨ ਨੂੰ ਕੂਣ ਜਾਂ ?
ਅੱਥਰੇ ਹੱਥਾਂ ਦਾ ਤੀਰ ਹੋ, ਫ਼ਜਰ ਨੂੰ ਚੀਰ ਵੇ,
ਰਾਗ ਕਿਸ ਨਿਰਵਾਨ ਦੀ ਪੀੜ ਵੇ ?
ਅੰਗਾਂ ਨੂੰ ਵਲਦੀਆਂ ਜ਼ੰਜੀਰਾਂ ਵਗਦੀਆਂ
ਅੰਨ੍ਹੀ ਕੈਦ ਦੇ ਬੂਹੇ ਢੋਂਦੀਆਂ
ਭਸਮ ਹੋਂਦੀਆਂ ਪ੍ਰਭਾਤ ਜਿਉਂ ਚਮਕ ਕੇ
ਅਹੁੰ ਦੀਆਂ ਫ਼ਜਰਾਂ ਨਿਰਾਲਮ ਸੁੱਤੀਆਂ
ਬੇਪਨਾਹ ਭਟਕਣਾਂ ਪਾਗ਼ਲ ਭੰਵਰ ਜਿਉਂ ਭੌਂਦੀਆਂ—
ਪੂਰੇ ਦਾ ਡਾਢਾ ਸਰੂਰ ਵੇ
ਨੂਰ ਵੇ ਫ਼ਜਰ ਦਾ ਨੂਰ ਵੇ
ਹਰੇ ਬਿਰਖਾਂ ਨੂੰ ਰੋ ਰੋ ਲਿਪਟਦੇ ਸ਼ਮਸ਼ਾਨ ਵੇ
ਬੇਪਨਾਹ ਭਟਕਣਾਂ ਨਿਰਵਾਨ ਵੇ !

ਤੂੰ ਗੁੰਮਨਾ, ਗੁੰਮਨਾ ਸੋਹਣੇ ਚਨਾਬ ਵਿਚ।
ਜਿੱਥੇ ਵੀ ਗੁੰਮਿਆਂ ਤੇਰੇ ਹੁਸਨ ਦਾ ਚੱਕਰ
ਉੱਥੇ ਹੀ ਬਲੇ ਬਲੇ
ਦੋਜ਼ਖ਼-ਬਹਿਸ਼ਤਾਂ ਦੀ ਕਾਂਗ ਕੋਈ ਆਖਰੀ
ਬਲੇ ਬਲੇ ਸੂਰਜਾਂ ਦੀ ਧਮਕ ਕੋਈ ਬਾਂਵਰੀ—
ਉਧਰ ਹੀ ਚੱਲੀਆਂ ਮੇਰੇ ਪੰਜਾਬ ਦੀਆਂ ਵਾਹਰਾਂ
ਨ੍ਹੇਰੀਆਂ ਚੜ੍ਹੀਆਂ ਡਾਚੀਆਂ ਦੀਆਂ ਕਿਧਰੋਂ—
ਥਲਾਂ ਦੇ ਥਲ ਰੋਹ ਨੂੰ ਅੱਗ ਵਿਚ ਸੂਤ ਕੇ
ਟਾਹਲੀਆਂ ਦੀਆਂ ਛਾਵਾਂ ਦੇ ਹੇਠ ਦੀ ਲੰਘੇ।
ਜਿੱਥੇ ਤੂੰ ਗੁੰਮੀ ਸੋਹਣੀਏਂ ਜਿੰਦੇ
ਫ਼ਜਰਾਂ ਦਾ ਤਾਜ ਲੈ ਬੈਠੇ ਨੇ
ਸਮੇਂ ਤੋਂ ਮੇਰੇ ਪੰਜਾਬ ਦੇ ਤਰਵਰ—
ਮੱਝੀਆਂ, ਗਾਵਾਂ, ਮਿਰਗਾਂ ਦੇ ਰਾਹਾਂ ਨੂੰ
ਮਾਂ, ਜਿਉਂ ਸਾਵਾ ਘਾਹ ਵੇਖਦਾ ਉਥੇ।

ਤੇਰੇ ਸ਼ੀਹਾਂ ਦੇ ਘਾਟ ਤੋਂ ਦੂਤੀਆਂ !
ਉਸ ਕਾਫ਼ਲੇ ਨੂੰ ਲੱਭਦੇ ਦੇਸ ਪੰਜਾਬ ਨੇ ਲੰਘਣਾ
ਧਮਕ ਪੈਣੀ ਸਤਲੁੱਜ-ਬਿਆਸ ਦੇ ਘਾਟ ਤਕ—
ਨਿਕਲਣਾ ਰਾਸਤਾ ਨਵਾਂ ਹੀ
ਘੋੜਿਆਂ ਦੀ ਸੱਜਰੀ ਟਾਪ ਚੋਂ
ਡਾਚੀਆਂ ਦੀ ਅੱਥਰੀ ਪੈੜ ਚੋਂ !

WWW.SIKHBOOKCLUB.COM

ਤੇਗ਼ਾਂ ਨੂੰ ਸੂਤ ਕੇ, ਵਾਗਾਂ ਨੂੰ ਖਿੱਚ ਕੇ
ਇਕ ਵਾਰ ਸੂਰਜ ਦੀ ਜਾਨ ਨੂੰ ਨੋਚ ਕੇ
ਮੇਰੇ ਪੰਜਾਬ ਨੇ ਉੱਡਣਾ, ਕਿਤੇ ਨ ਅਟਕਣਾ,
ਸੁਣ ਕੰਨ ਲਾ ਕੰਧਾਂ ਦੇ ਰਾਖਿਆ!

ਤੂੰ ਗੁੰਮਨਾ ਸੋਹਣੇ ਚਨਾਬ ਵਿਚ :—
ਰਹਿਮ ਦਰਵੇਸ਼ਾਂ ਦਾ
'ਵਾਜ ਪਰਦੇਸਾਂ ਦੀ
ਦਰਦ ਹਮੇਸ਼ਾ ਦਾ
ਡਾਢੇ ਜ਼ਫ਼ਰ ਫ਼ਕੀਰੀ ਦੇ,
ਕੂੰਜਾਂ ਦੇ ਵਾਂਗ ਉੱਡਦੇ
ਤੈਂਡੀ ਜੂਹ ਗੁਮਨਾਮ ਵਲ ਜਾਂਦੇ;
ਸਾਡੀਆਂ ਰੂਹਾਂ ਦੇ ਦੇਸ ਵਿਚ
ਸਾਖਾਂ ਵੇਸ ਕਰੇਂਦੀਆਂ।

(3)

ਤੂੰ ਪੁਰੇ ਦੀ ਬੁੱਕਲ ਦੀ ਅੱਗ ਸਾਰੀ,
ਸਾਉਣ ਮਾਹ ਦੀਆਂ ਪੌਣਾਂ ਦੇ ਇੱਕੋ ਕਲਾਵੇ 'ਚ ਘੁੱਟੀ—
ਤੂੰ ਬੇਸਬਰ ਬਿਜਲੀ ਘੁੱਟਿਆਂ
ਹੋਰ ਬੇਕਾਬੂ ਹੋ ਉੱਡਦੀ,
ਪੁਰੇ ਦੀ ਪੀਂਘ ਚੜ੍ਹਦੀ
ਦਰਿਆਵਾਂ ਦੀ ਜਾਨ ਨੂੰ ਲੁੱਟ ਕੇ—
ਬੇਲਿਆਂ ਦੀਆਂ ਬਾਹਾਂ 'ਚ ਘੁੱਟਿਆ ਦਰਿਆ ਉੱਡਦਾ,
ਤੈਨੂੰ ਬਿਰਖਾਂ ਦੀ ਜਾਨ ਲਿੱਪਟੀ ਗਰਜ ਕੇ
ਲੱਗੀ ਕੂਕ ਕੇ ਧਰਤੀ ਗਲ ਦੇ ਨਾਲ ਤੇਰੇ—
ਲਹੂ ਡੂੰਘਾ ਉਤਰਿਆ ਤੇਰਾ ਰਸਾਂ-ਕਸਾਂ ਦੇ ਕਲਾਵੇ
ਤੇਰੇ ਲਹੂ ਦੀ ਕੈਦ ਬਉਰਾਣੀ 'ਚ ਜੀਂਵਦੇ
ਖਿੱਚਦੇ ਤੈਂਡੀਆਂ ਤਣਾਵਾਂ ਬੇਮੁਹਾਰੀਆਂ ਜਿੰਦ ਵਲ—
ਬਹੁਤ ਜਨਮਾਂ ਦੇ ਕੱਪਰਾਂ 'ਚ ਪੈਂਦੇ
ਜਿਹਲਮ-ਚਨਾਬ ਤੇ ਰਾਵੀ—
ਝੱਖੜਾਂ ਦੀ ਵਾਟ ਵਿਚ ਰਹਿੰਦੇ
ਨੇਰ੍ਹੀਆਂ ਦੇ ਸਲ੍ਹ ਸਹਿੰਦੇ
ਸਤਲੁੱਜ-ਬਿਆਸ ਦੇ ਪਾਣੀ।

ਪਰਬਤਾਂ ਦੀ ਰਗੜ ਖਾ,
ਥਲਾਂ ਦੇ ਹੌਂਕਦੇ ਹਥੌੜਿਆਂ ਨੂੰ ਸਹਿ
ਵੱਡੇ ਜਫ਼ਰਾਂ 'ਚ ਪਾ ਕੇ ਸੋਹਣੀ ਜਿੰਦ ਨੂੰ
ਅੱਗ ਵਿਚ ਡੋਬ ਕੇ ਹਰੀ ਹਥੇਲੀ
ਸਾਡੇ ਬੇਲਿਆਂ ਦੀ ਮਹਿੰਦੀ : ਨਸ਼ੇ ਦਾ ਸੂਰਜ,
ਤਪ ਤਪ ਕੇ ਚੜ੍ਹੀ ਤੇਰੇ ਅੰਗਾਂ ਦੀ ਅੱਗ 'ਤੇ।
ਤੇਰੇ ਬੁੱਤ ਵਲ ਲੱਖਾਂ ਜਨੂੰਨ ਲਿਸ਼ਕਣ!
ਧਰਤ ਦੇ ਖੇੜੇ ਦੀ ਕੁੱਲ ਕੌੜੱਤਣ,
ਸ਼ੀਹਾਂ ਬਘਿਆੜਾਂ ਦਾ ਕੁਰਲਾਟ-ਮਚਾਉਂਦਾ ਨਸ਼ਾ
ਅਤਿ ਦੀਆਂ ਪਾਗਲ ਰਗਾਂ ਵਿਚ,
ਵਣਾਂ ਵਾਂਗ ਸਬਰ ਦੀਆਂ ਬਾਹਾਂ ਫੈਲੀਆਂ
ਵਲਦੀਆਂ ਕਲਾਵੇ ਤੇਰੇ ਕਿਰਮਚੀ ਲਹੂ ਦੀ ਅੱਤ ਨੂੰ,
ਡੂੰਘੀ ਰੱਤੜੀ ਕਾਂਗ ਤਕ ਤਪਦੀਆਂ,
ਫਿਰ ਥਲਾਂ ਦੀਆਂ ਬੇਚੈਨ ਵਾਟਾਂ ਦੇ ਲੂੰਬੇ ਚੁੱਕ ਕੇ
ਹੌਂਕਦੇ ਘੋੜੇ ਜਿਉਂ ਅੱਗ ਸੁਟਦੀਆਂ,
ਤੇ ਧਸਦੀਆਂ ਪੰਜਾਬ ਦੀਆਂ ਨਸਾਂ ਵਿਚ।
ਠੰਢੀਆਂ ਛਾਵਾਂ ਧਰੇਕਾਂ ਦੀਆਂ!
ਲੰਮੀਆਂ ਟਾਹਲੀਆਂ ਦੇ ਖੇੜੇ ਕੂਕਦੇ;
ਬੋਹੜਾਂ ਦੇ ਸੰਘਣੇ ਬੁੱਲ੍ਹੇ
ਸਮੇਂ ਦੇ ਗੂੜ੍ਹੇ ਬੱਦਲਾਂ 'ਚ ਗੁੰਮਦੇ
ਪ੍ਰਛਾਵਾਂ ਸੁੱਟਦੇ ਰਮਤਿਆਂ ਸਾਗਰਾਂ ਨਦੀਆਂ ਦਾ;
ਜੋਗੀਆਂ ਦੇ ਮਨ ਉਦਾਸੀ
ਵਾਟਾਂ ਬੇਗਾਨੀਆਂ ਛੋਂਹਦੇ
ਜੀਉ ਪਰਦੇਸੀ ਬਉਰਾਣੜਾ ਹੁੰਦਾ
ਬੋਹੜਾਂ ਦੇ ਸੰਘਣੇ ਬੁੱਲੇ ਇਉਂ ਛਾਂਵਦੇ!
ਇਹ ਛਾਵਾਂ ਧਰੇਕਾਂ, ਉੱਚੇ ਬੁੱਤ ਬਿਰਖਾਂ ਦੇ, ਸੰਘਣੇ ਬੁੱਲ੍ਹੇ
ਸੂਹੇ ਥਲਾਂ ਦੀ ਅੱਗ ਦਾ ਤੰਬੂ ਲਾਂਵਦੇ
ਬੈਠਦੇ ਕਲਾਵੇ 'ਚ ਘੁੱਟ ਕੇ ਤੈਨੂੰ
ਤੇਰੀ ਇਕ ਨਜ਼ਰ ਤੋਂ ਲਖ ਸਜਦੇ ਢੋਂਵਦੇ।
ਤੇਰੇ ਲਹੂ ਦੀ ਕੌੜੀ ਸੁਗੰਧ ਲਈ:
ਨਵੇਂ ਨਵੇਂ ਰਣ ਮੱਚਦੇ,
ਸੂਰਜ ਡੁੱਬ ਕੇ ਨਵੇਂ ਦਰਿਆ ਰੰਗਦੇ,
ਨਵੀਆਂ ਆਵਾਜ਼ਾਂ ਹੋਂਦੀਆਂ ਸ਼ਮਸ਼ੀਰਾਂ ਦੀਆਂ,
ਅੱਖਾਂ ਖੁਲ੍ਹਦੀਆਂ! ਫ਼ਜਰ ਦੇ ਹੋਰ ਹੀ ਬੰਦੇ!


WWW.SIKHBOOKCLUB.COM

ਨਵਿਆਂ ਸੂਰਜਾਂ ਦੇ ਪਰਵਾਰ ਦੁਆਲੇ
ਪੈਗ਼ੰਬਰਾਂ ਦੀਆਂ ਆਵਾਜ਼ਾਂ ਮਿਰਗ ਬਣ ਚਰਦੀਆਂ;
ਤੇਰੀ ਇਕ ਲਾਟ ਲਈ ਖ਼ੂਨੀ ਹੋਂਦੀਆਂ
ਕੋਟ ਕੂਕਾਂ ਦੀਆਂ ਵਾਛੜਾਂ ਟੁੱਟਦੀਆਂ,
ਉੱਡ ਉੱਡ ਪੈਂਦਾ ਹੂਲ ਕਾਹਾਹਾ ਖ਼ੂਨ ਦਾ
ਜਲਾਂ ਥਲਾਂ ਦੇ ਵਜਦ ਨੂੰ ਸੂਤ ਕੇ
ਉਮਰ ਦੇ ਤਪਾਂ 'ਤੇ ਟੁੱਟਦੀਆਂ।
ਤੇਰੀ ਕੈਦ ਲਈ ਲਾਏ ਤੰਬੂ ਪਾਟ ਕੇ
ਥਲਾਂ ਦੇ ਸੀਨੇ 'ਤੇ ਡਿੱਗੇ
ਵੱਡੇ ਭੁਚਾਲ ਜਿਉਂ!
ਸੂਹੀ ਅਗਨ ਦਾ ਅਧਮੂਲ ਫਿਰਦਾ
ਇੰਦਰ ਦੇ ਪਾਗਲ ਘੋੜਿਆਂ ਵਾਂਗੂੰ।

ਮੇਰੇ ਪੰਜਾਬ ਦੀਆਂ ਛਾਵਾਂ ਦੀ ਅੱਗ ਤੂੰ,
ਤੇਰੇ ਕੰਢੇ 'ਤੇ ਸੱਥਰ ਰਣਾਂ ਦੇ
ਤੇਰੇ ਨਾਮ ਵਿਚ ਕਸਮਾਂ ਸ਼ਹੀਦਾਂ ਦੀਆਂ।
ਸੋਹਣੀਏਂ ਦੁੱਖ ਪਰਦੇਸ ਦੇ
ਤੂੰ ਦਰਿਆਵਾਂ ਨੂੰ ਭੇਜਦੀ
ਰੁੱਸੇ ਵੀਰਾਂ ਨੂੰ ਮੋੜ ਲਿਆਉਣ ਲਈ।

## (4)

ਵਾਛੜਾਂ ਪੈਂਦੀਆਂ ਜਿਹਲਮ ਦੇ ਕੰਢੜੇ;
ਝਾਂਜਿਆਂ ਦੀਆਂ ਵਾਹਰਾਂ
ਵਲ ਵਲ ਕੇ ਲਿਆਉਂਦੀਆਂ ਪੰਜਾਬ ਦੀ ਜਾਨ ਨੂੰ।
ਬੇਲਿਆਂ ਦੀ ਚੀਸ ਇਕ ਸਮੇਂ ਦੀ!
ਕੜਵਲ ਪੈਂਦੇ ਬਿਰਖਾਂ ਦੇ ਰੋਹ ਨੂੰ,
ਪੌੜਾਂ ਦੀ ਇਕ ਗਰਜ ਅਸਮਾਨੀ ਖਾ
ਜਾਗਣ ਘਾਹ ਦੀਆਂ ਚੀਕਾਂ,
ਲਸ਼ਕਰਾਂ ਦੀ ਬਿਜਲੀਆਂ ਦੇ ਨਾਲ ਬੰਨ੍ਹੀ ਝਪਟ ਇਕ,
ਝਪਟ ਦੇ ਹੇਠ 'ਧਰਤੀ ਹੌਲ ਵਿਚ ਢੱਠੀ',
ਇਉਂ ਅਰਸ਼ ਨੂੰ ਭਰ ਭਰ ਕਲਾਵੇ
ਦੋਜ਼ਖ਼ ਨੂੰ ਦਲ ਕੇ, ਸਮੇਂ ਨੂੰ ਵਲ ਕੇ
ਇੱਕੋ ਕਟਕ-ਝਟਕੇ 'ਚ ਜ਼ਿਮੀਂ ਨੂੰ ਪੀੜ ਕੇ
ਢਹਿੰਦੀਆਂ ਝਾਂਜਿਆਂ ਦੀਆਂ ਵਾਹਰਾਂ
ਜਿਹਲਮ ਦੇ ਕੰਢੜੇ।

ਤੇਰੇ ਜਿਸਮ ਦੀਆਂ ਤਰਬਾਂ ?
ਲਹੂ-ਲੁਹਾਣ ਅੰਨ੍ਹੀਆਂ ਧਾਰਾਂ ਦਾ ਕੰਬਦਾ ਝਾਂਜਾ
ਧੂੰਹਦੀਆਂ ਕੜਕ ਅਸਮਾਨ ਦੀਆਂ ਬਿੱਜਲੀਆਂ,
ਵਾਛੜਾਂ ਕੰਬਦੀਆਂ ਵਹਿਸ਼ੀ ਰਾਗ ਦੇ ਨਾਮ 'ਤੇ,
ਕਮਲੀਆਂ ਕਾਂਗਾਂ ਜਿਹਲਮ ਦੀਆਂ
ਘੁੰਮਦੀਆਂ-ਗੁੰਮਦੀਆਂ ਡੁਬਦੀਆਂ,
ਕਿਸੇ ਵੀ ਬਲੀ ਤੋਂ ਤੈਂਡੀਆਂ ਤਰਬਾਂ ਨ ਸੰਭਲੀਆਂ !

ਖਿੱਚਿਆ ਗਿਆ ਅਸਮਾਨ ਸਾਰਾ
ਤਾਰਿਆਂ ਤੋਂ ਬਾਹਰ ਹੋਇਆ ਨੂਰ ਹੈ,
ਸੂਰਜਾਂ ਦੇ ਵਿਚ ਜਾ ਧਸੀ ਰਾਤ ਦੀ ਡੂੰਘੀ ਨਜ਼ਰ,
ਵਿਕਰਾਲ ਬੰਜਰ-ਵੀਰਾਨੀਆਂ ਦੀ ਸਿਖਰ 'ਤੇ ਚੰਦਰਮਾ ਟੁੱਟਿਆ;
ਖਿੱਚ ਕੇ ਧਰਤੀ ਦੀਆਂ ਰਗਾਂ ਨੂੰ
ਦਰਿਆ ਇਕ ਟਾਹਲੀਆਂ ਦੀ ਸਿਖਰ ਵਲ ਉੱਡਿਆ,
ਕੜਕ ਪਥਰਾ ਗਈ ਕਿੱਕਰਾਂ ਵਿਚ
ਬੰਜਰ-ਵੀਰਾਨੀ ਦੀ—
ਇਉਂ ਤੇਰੇ ਜਿਸਮ ਦੀਆਂ ਤਰਬਾਂ
ਦੀ ਲੁੱਟ ਪੈਂਦੀ, ਉੱਡਦਾ ਚੁਫੇਰਾ !

ਸਮੇਂ ਦੀ ਛੱਲ ਅਲਬੇਲੀ
ਕਟਕਦੀ, ਲਿਸ਼ਕਦੀ ਤੈਂ ਸੀਸ 'ਤੇ
ਦਰਿਆ ਕਰ ਦੇਵੇਂ ਸੋਹਣੇ ਪੰਜਾਬ ਦੇ ਬਿਰਖਾਂ ਨੂੰ।

ਕਰੂੰਬਲਾਂ ਦੀ ਕਾਂਗ ਪਈ ਉੱਠਦੀ
ਤੂੰ ਖ਼ੁਸ਼ਬੋ ਹੋ ਹੋ ਸਿਮਟਦੀ
ਲਿਪਟਦੀ ਆਪਣੀ ਜਾਨ ਨੂੰ,
ਘੁੱਟਦੀ ਆਪਣੇ ਬੁੱਤ ਦੇ ਦਰਿਆ ਨੂੰ।
ਬੇਤਾਬ ਨੇ ਸਾਉਣ ਮਾਹ ਦੇ ਛਰਾਟੇ
ਕਰੂੰਬਲਾਂ ਦੇ ਹੇਠ ਵਗਦੀ ਇਸ ਸੁੱਚੀ ਧਾਰ ਨੂੰ ਛੂਹਣ ਲਈ।

ਨਿੰਮਾਂ ਦੇ ਬਾਗ਼ ਖਿੜਦੇ ਜਾਣ,
ਹੇਠਾਂ! ਹੇਠਾਂ! ਟੂਸਿਆਂ ਦੇ ਸਬਜ਼ ਪਾਣੀ
ਲੱਭਦੇ ਜਾਂਦੇ
ਵਹਿਣ ਲੰਮੇ, ਫ਼ਕੀਰ ਪਰਦੇਸੀ—
ਤੇਰੇ ਅੰਗਾਂ 'ਤੇ ਚਮਕਦੇ, ਥਰਕਦੇ
ਨਿਰਮਲ ਸੋਇ ਹੁਸਨ ਦੀ ਸੁਣਦੇ

WWW.SIKHBOOKCLUB.COM

ਅੰਤਮ ਲਿਸ਼ਕੋਰ ਤੇਰੇ ਦੰਦਾਂ ਦੀ ਤੱਕਦੇ
ਤਾਰਾ ਆਖ਼ਰੀ ਮੰਜ਼ਲ ਦਾ ਲੱਭਦੇ
ਫ਼ਕੀਰ ਹੋਇ ਸਾਉਣ ਮਾਹ ਦੇ ਫਰਾਟੇ।

ਜਿਹਲਮ ਸ਼ੂਕਦਾ
ਵਣਾਂ ਵਿਚ ਲਰਜ਼ਾ ਮੱਚਦਾ
ਕਿਸੇ ਲਸ਼ਕਰ ਦਾ ਗਜ਼ਬ ਅਸਮਾਨੀ!
ਬੱਦਲਾਂ ਦੀ ਕੜਕ ਇਉਂ ਉੱਠੇ
ਫ਼ਰਿਹਾਦ ਦੇ ਤੇਸੇ ਦਾ ਰੋਹ ਜਿਉਂ ਦੋਜ਼ਖ਼ੀ
ਬਾਰਾਂ ਬਰਸਾਂ ਦੇ ਸਬਰ ਨੂੰ ਅੱਗ ਲਾਵੇ!
ਇਹ ਲਰਜ਼ਾ ਸ਼ੂਕਦਾ ਜਿਹਲਮ ਦਾ
ਤੇਰੇ ਅੰਗਾਂ ਤੇ ਪਰ ਤੋਲਦਾ ਬਾਜ਼ ਅਸਮਾਨ ਦਾ
ਪਰਲੋਂ ਦਾ ਲਹੂ ਪੀ ਚਮਕਦਾ ਚੰਨ ਹੈ,
ਸੂਰਜ ਦੇ ਮਿਟਣ ਦੇ ਭੈਅ ਦੀ ਚੁੱਪ ਹੈ,
ਪੰਜਾਬ ਦੇ ਸੂਰਜ ਚੜ੍ਹਣ ਦੀ ਸੱਦ ਹੈ,
ਸ਼ੀਹਾਂ ਦੇ ਘਾਟ ਲੁੱਟਦਾ ਮਿਰਜ਼ਾ ਚੋਰ ਵੋ!
ਹਾਂ, ਇਹ ਧਮਕ ਖੜੀ ਸੱਸੀ ਦੇ ਥਲਾਂ ਦੀ,
ਹਾਂ, ਇਹ ਮੋਰ ਕੂਕਿਆ ਫਿਰ ਨਾਂਹ ਕੂਕਿਆ,
ਤੇਰੇ ਅੰਗਾਂ ਦੇ ਪਾਰੇ ਦੀ ਚਮਕ ਵਿਚ ਫੈਲਿਆ,
ਤੇਰੇ ਡਾਢੇ ਤੂਫ਼ਾਨ, ਉੱਪਰ ਮਲੂਕ ਤਰਬਾਂ ਦੀ ਖਿੱਚ ਵੇ,
ਇਹ ਕਹੇ ਅਸਮਾਨ ਹੋ?
ਡੁੱਬਣ ਦੀ ਆਖ਼ਰੀ ਪੀੜ ਵੋ
ਜੀਣ ਦੇ ਮਜ਼ੇ ਦੀ ਅੱਤ ਵੋ।

## (5)

ਸਾਗਰਾਂ ਦਾ ਅੰਤ ਨਾਂਹ
ਬੇਅੰਤ ਵਾਟਾਂ ਵੈਰਾਗੀਆਂ,
ਪਿੱਪਲਾਂ ਦੀ ਖੜ ਖੜ ਵਿਚ
ਛਿਪੇ ਹੋਏ ਸੂਰਜ ਨੇ ਕਿੰਨੇ?
ਵਗ ਰਹੇ ਦਰਿਆ ਨੇ ਕਿੰਨੇ?
ਪਰਲੋਂ ਨੂੰ ਮੁੱਠ ਵਿਚ ਘੁੱਟ ਕੇ
ਕਿੰਨਾ ਡੂੰਘਾ ਅਸਮਾਨ ਦਾ ਹੱਥ ਹੈ ਉਤਰਿਆ?
ਪੰਜਾਬ ਦੇ ਫ਼ਕੀਰਾਂ ਦੀ ਮੌਜ ਨੂੰ
ਤੂੰ ਲੁੱਟ ਕੇ ਸੋਹਣੀਏਂ

WWW.SIKHBOOKCLUB.COM

ਪਿੱਪਲਾਂ ਦੀ ਖੜ ਖੜ ਨੂੰ ਸੁਣਦੀ
ਖਿੜ ਖਿੜ ਹੱਸਦੀ—
ਨਾਜ਼ਕ ਪੱਤਿਆਂ ਵਾਂਗੂੰ ਪੀਂਘ 'ਤੇ ਉੱਡਦੀ
ਲਿਫਦੇ ਅਸਮਾਨ ਨਾਲ ਲਿਫਦੀ,
ਜ਼ਿਮੀਂ ਦਾ ਸੀਨਾ ਧਰੂਹ ਲੈ ਜਾਵੇਂ,
ਤਾਰਿਆਂ ਦੀ ਲਰਜ਼ ਨੂੰ ਫੜਦੀ
ਤੂੰਡ ਲਵੇਂ ਸ਼ਰਮ ਤੇ ਲਾਜ ਨੂੰ ਝਪਟ ਕੇ,
ਐਵੇਂ ਛੂਹ ਲਵੇਂ ਦਰਿਆਵਾਂ ਨੂੰ ਹੱਸ ਕੇ।

ਮਾਰ ਕੇ ਅੱਥਰੀ ਅੱਡੀ ਧਰਤੀ ਨੂੰ ਸੁੰਨ ਕਰਨਾ,
ਸੁੰਨ ਦੇ ਇਸ ਵੱਡੇ ਮੱਟ ਨੇ
ਤੇਰੀ ਸ਼ਰਾਬ ਨੂੰ ਲੁੱਟ ਕੇ ਸਾਗਰ ਦੇ ਵਾਂਗ ਫੈਲਣਾ
ਤੇ ਬਿਰਖਾਂ ਦੀਆਂ ਕਾਂਗਾਂ ਸੁਟਣੀਆਂ ਚੁਫੇਰੇ।
ਤੂੰ ਮਾਰ ਕੇ ਤਾੜੀ ਚਹੁੰ ਕੁੰਟਾਂ ਦੇ ਅੰਦਰ
ਹਵਾ ਵਿਚ ਮਿੱਠਾ ਦਹਿਲ ਫੈਲਾ ਦੇਵੇਂ
ਹੌਲ ਹੌਲ ਕਰ ਦੇਵੇਂ ਪੰਛੀਆਂ ਦੀ ਹਿੱਕ ਨੂੰ,
ਮਿੱਠੀ ਤਰਬ ਧੜਕਾਵੇਂ ਗਲੀਆਂ ਬਾਜ਼ਾਰਾਂ ਵਿਚ।
ਲੰਮੀਆਂ ਤਣੀਆਂ, ਤਿੱਖੀਆਂ ਅਣੀਆਂ
ਜਲਾਂ ਥਲਾਂ ਵਿਚ ਖੁੱਭੀਆਂ,
ਤੇਰੀਆਂ ਜ਼ੁਲਫ਼ਾਂ ਦੇ ਹੜ੍ਹ ਵਿਚ ਹੁੱਲੀਆਂ,
ਇਹ ਕੁੱਠੀਆਂ ਬਾਂਦੀਆਂ ਤੈਂ ਜਾਨ ਨਾਲ ਬੰਨ੍ਹੀਆਂ
ਚੜ੍ਹਦੀਆਂ ਤੇਰੇ ਹੁਸਨ ਦੇ ਉਡਦੇ ਕਟਕ ਦੇ ਨਾਲ ਹੀ,
ਤੇਰੀ ਪੀਂਘ ਦੀਆਂ ਵਾਗਾਂ
ਪੰਜਾਬ ਦੀ ਜਾਨ ਨੂੰ ਪਈਆਂ,
ਤੇ ਉਹ ਬੇਤਾਬ ਘੋੜਾ
ਥਲਾਂ ਨੂੰ ਤੂੰਡਦਾ
ਨਸਾਂ ਵਿਚ ਮੰਜ਼ਲਾਂ ਦੀ ਅੱਗ ਸੁੱਟਦਾ
ਵਕਤ ਦੀਆਂ ਲਰਜ਼ਾਂ 'ਚ ਫ਼ਤਹ ਦੇ ਗੀਤ ਭਰਦਾ
ਖੜਾ ਨੱਸਦਾ ਜਿੱਥੇ ਨਾਂਹ ਨੱਸਣਾ
ਤੇਰੇ ਹੁਸਨ ਦੇ ਸਾਹਮੇ ਦਰਵੇਸ਼ ਹੈ ਹੋਇਆ;
ਪੰਜਾਬ ਦੇ ਬੇਸਬਰ ਪੰਧ ਲੈ
ਤੂੰ ਪੀਂਘ 'ਤੇ ਉੱਡਦੀ।

ਗਿੱਧੇ ਦੀ ਧਮਕ ਪੈਂਦੀ
ਧੰਮ ਧੰਮ ਟੁੱਟਦੀ ਚੰਨ ਦੀ ਤਾਰ 'ਤੇ

ਜਿਵੇਂ ਕੋਈ ਚਾਂਗ ਡਿੱਗੇ ਦਰਿਆ ਦੀ ਹਿੱਕ 'ਤੇ—
ਅਨਲਹੱਕ ਦੀ ਸੂਲੀ 'ਤੇ ਗਾਵਣ
ਜਿਵੇਂ ਦਰਿਆ ਪੰਜੇ—
ਝਾਂਜਰ ਦਾ ਪਵੇ ਛਣਕਾਟਾ
ਪਰ ਤੋਲਦੀ ਧਮਕ ਪਈ ਵੱਜੇ
ਹਜ਼ਾਰਾਂ ਤਰਬਾਂ ਨਾਲ ਵਿੰਨ੍ਹੀ ਜ਼ਿਮੀਂ ਦਾ ਕੰਠ ਛਣਕੇ।
ਤਾਲ ਭਾਰਾ ਬੇਰਹਿਮ ਸਾਗਰ
ਡੂੰਘੀ ਤਰਬ ਨੂੰ ਤੋੜੇ,
ਪਤਾਲ ਦੀ ਖੋਪਰੀ 'ਤੇ ਨੱਚੇ
ਤਾਰਿਆਂ ਦੀ ਤਾਰ ਵਿਚ ਧੱਸੇ
ਬੇਲਗਾਮ ਕੱਸਦਾ, ਧੱਸਦਾ ਨਾਚ ਪਿਆ ਉੱਡਦਾ
ਕਾਲ ਵਿਚ ਬੰਨ੍ਹੇ, ਗਿਆਨ ਵਿਚ ਜਕੜੇ,
ਸਫ਼ਰ ਵਿਚ ਮਾਰੇ, ਅਕਾਸ਼ ਨੂੰ ਲੁੱਟਦਾ।
ਸੂਰਜ ਕੂਕ ਕੂਕ ਆਖਣ ਇਸ ਬੇਮੁਹਾਰੀ ਲੁੱਟ ਨੂੰ:

"ਜਾਗੋ! ਜਾਗੋ! ਹੁਸਨ ਦੀ ਅਜ਼ਾਨ ਵੇ ਆਈ,
ਅਸਾਂ ਦੁਪਹਿਰਾਂ ਤੱਕੀਆ ਲੱਖਾਂ
ਸਾਡੇ ਨਾਂਹ ਤਨ ਵਿਚ ਫ਼ਜਰ ਦਾ ਵੇਲੜਾ—
ਸਾਡੀ ਨਜ਼ਰ ਸੀ ਇੱਕੋ
ਤਰਬਾਂ ਦਾ ਸ਼ੌਕ ਸੀ ਇੱਕੋ
ਬੰਦੀ ਸੀ ਨੂਰ ਇੱਕੋ ਤਾਲ ਵਿਚ
ਜਿੱਤ ਦੇ ਕੋਟ 'ਤੇ ਖੜੇ ਸਾਂ ਥਲਾਂ ਦੇ ਲਸ਼ਕਰ ਵੇਖਦੇ—
ਕੋਈ ਧਮਕ ਟੁੱਟੀ,
ਰੁਗ ਭਰਿਆ ਕਲੇਜੇ ਹੁਸਨ ਦੇ ਦਰਵੇਸ਼ ਨੇ।"

## (6)

ਪੱਥਰਾਂ ਦੀ ਅੱਖ ਵਿਚ ਦਰਿਆ ਦਾ ਲਾਵਾ
ਤੇਰੇ ਅੰਗਾਂ ਦੀ ਕੂਕ ਵਿਚ ਵਿੰਨ੍ਹਿਆ ਰਾਜ਼ ਵੇ—
ਤੇਰੇ ਹੁਸਨ ਦੇ ਬੇਪਨਾਹ ਬੇਲਿਆਂ 'ਚ
ਉੱਚਿਆਂ ਪਹਾੜਾਂ ਦੀ ਹੇਕ ਲੰਮੀ
ਛਡ ਛਡ ਜਾਵੇ ਡੁੱਬਦੇ ਸੂਰਜਾਂ ਦੇ ਕਾਫ਼ਲੇ;
ਕੂੰਜ ਦੇ ਅੱਥਰੂ ਸੁੱਤੇ
ਸਰੂਵਾਂ ਦੇ ਕੇਸ ਸੁਕਾਂਵਦੇ ਜੋਬਨੀਂ।


WWW.SIKHBOOKCLUB.COM

ਜਿਸ ਜੂਹ ਤਰਬਾਂ ਤ੍ਰੇਲਾਂ ਦੀਆਂ
ਤੂਫ਼ਾਨਾਂ ਨੂੰ ਸੇਕਣ, ਸੂਰਜ ਦੇ ਜ਼ਖ਼ਮ ਨੂੰ ਪੀਂਦੀਆਂ,
ਚੰਘਿਆੜਦੇ ਸ਼ੀਂਹ ਦੀਆਂ ਰਗਾਂ ਵਿਚ ਮੱਚਣ,
ਚੰਨ ਨੂੰ ਡੀਕਣ, ਬੇਲਿਆਂ ਦੀ ਕੂਕ ਨੂੰ ਲੁੱਟਣ,
ਉਸ ਜੂਹ ਖੜੀ ਤੂੰ ਪੰਜ ਦਰਿਆਵਾਂ ਨੂੰ ਦੇਖਦੀ।
ਵੇਖ ਲੈ ਵਗਣ ਦੇ ਚਾਵਾਂ ਦਾ ਅੰਤ ਨਾਂਹ!
ਕਿਸੇ ਵੀ ਬਲੀ ਨੇ ਸੋਹਣੀਏਂ
ਤਾਰਿਆਂ ਦੇ ਚੜ੍ਹਣ ਦੀ ਖਿੱਚਣੀ ਵਾਗ ਨਾਂਹ!
ਸੂਰਜ ਛਿਪਣ ਦਾ ਭੈਅ ਲਹੂ-ਲੁਹਾਣ ਹੋ
ਵਹਿਸ਼ੀ ਦੇ ਚੜ੍ਹਣ ਦਾ ਝੱਖੜ ਹੋ ਜਾਂਵਦਾ—
ਥਲ ਹੌਂਕਦੇ, ਤਾਂ ਮਹਿੰਦੀ ਦੀ ਲਗਰ ਜੀਂਵਦੀ,
ਸੱਸੀ ਦੀ ਅੱਗ ਦੇ ਬਾਜ਼ ਨੂੰ ਪਾਲਦੇ
ਫ਼ਜਰਾਂ 'ਚ ਬੈਠੇ ਗਾਂਵਦੇ ਥਲ ਪੰਜਾਬ ਦੇ।
ਦੁਪਹਿਰਾਂ ਮੁੜ ਮੁੜ ਵੇਖਣ ਕੰਜ ਉਤਾਰ ਕੇ
ਅਹੁੰ ਉਤਾਰਦੇ ਹੋਰ ਅਹੁੰ ਵੇਖਣ
ਬਿਰਖ-ਬੂਟਿਆਂ ਫ਼ਜਰਾਂ 'ਚ ਤਨ ਦੇ ਦਰਿਆ ਸੁੱਟ ਕੇ
ਵਗ ਵਗ ਆਉਣ ਫਿਰ ਆਪਣੀ ਅੱਖ ਦੇ ਕਹਿਰ ਵਿਚ।
ਵਾਹ ਕੇ ਸ਼ਮਸ਼ੀਰਾਂ, ਰਣਾਂ ਦੇ ਪਰਦੇ ਪਾੜ ਕੇ
ਤਨ ਦੇ ਕੇਸੂ ਨੂੰ ਨੰਗਾ ਨੂਰ ਕਰ
ਰੂਹ ਦੀ ਲਾਲੀ ਨੂੰ ਦੇਖਦੇ।

ਸੋਹਣੀ ਅਜ਼ਾਨ ਤੂੰ ਫ਼ਜਰ ਦੀ!
ਅਸੀਂ ਸਮੇਂ ਦੇ ਮਾਰੇ
ਲਹੂ ਦੇ ਸੱਥਰਾਂ 'ਤੇ ਸੁੱਤੇ ਚੰਨ-ਫ਼ਕੀਰ ਨੀ,
ਤੂੰ ਪੱਕੀਆਂ ਕਣਕਾਂ 'ਚ ਫਿਰਦੀ ਚੰਨ ਦੀ ਹੇਕ ਨੀ।
ਟਾਹਲੀਆਂ 'ਤੇ ਵਾਛੜਾਂ ਮਾਰਦੇ
ਖਿੜੀ ਹੋਈ ਚੜ੍ਹਦੀ ਜਵਾਨੀ ਦੇ ਪੰਧ ਵੋ,
ਕਿੰਨਾ ਕੁ ਰੰਗ ਵੋ!!
ਕੌੜੀਆਂ ਲਪਟਾਂ ਤੋਂ ਛੁੱਟ ਕੇ ਨੱਸਦੀ
ਬਾਗਾਂ 'ਚ ਜ਼ੁਲਫ਼ਾਂ ਦਾ ਰੰਗ ਸੁੱਟ ਕੇ
ਵਣਾਂ ਕਰੀਰਾਂ ਰੋਹੀਆਂ 'ਚ ਮਿਰਗਾਂ ਨੂੰ ਵਹਿਸ਼ੀ ਬਣਾਂਦੀ
ਆਪਣੇ ਆਪ ਵਿਚ ਫੱਸਦੀ।
ਕੌੜੀ ਲਪਟ ਦਾ ਬੁੱਲਾ
ਸ਼ਾਖਾਂ ਨੂੰ ਤੋੜ ਕੇ ਸੁੱਟਦਾ
ਪੰਜਾਬ ਦੀ ਜਾਨ ਵਿਚ ਖੁਭਿਆ ਤੇਰੇ ਨਸ਼ੇ ਦਾ ਡੰਗ ਵੋ।


WWW.SIKHBOOKCLUB.COM

ਸੋਹਣੀ ਅਜ਼ਾਨ ਤੂੰ ਫ਼ਜਰ ਦੀ!
ਅਸੀਂ ਸਮੇਂ ਦੇ ਮਾਰੇ
ਟਾਹਲੀਆਂ ਦੀ ਛਾਵੇਂ ਦਸ਼ਮੇਸ਼ ਦੀ ਯਾਦ ਵਿਚ
ਸੱਥਰਾਂ 'ਤੇ ਸੁੱਤੇ ਲਹੂ-ਲੁਹਾਣ ਬੰਦੇ!
ਤੇਰੇ ਵਸਲ ਨੇ ਸਮੇਂ ਨੂੰ ਪਟਕਾ ਕੇ ਮਾਰਿਆ
ਡੂੰਘੀ ਵਿਰਾਟ ਧੁਨੀ ਦਾ ਖੋਪਰ ਪਾੜਿਆ,
ਦਰਦ ਦੇ ਪੰਛੀਆਂ ਨੂੰ ਸੁੱਟਿਆ ਤੂਫ਼ਾਨੀ ਹਵਾਵਾਂ 'ਤੇ,
ਪੈਰਾਂ 'ਤੇ ਹਿਜਰ ਦੇ ਦਰਿਆਵਾਂ ਨੂੰ ਸੁੱਟਿਆ,
ਕਾਲ ਦੀ ਸਾਰੀ ਕੱਸ ਨੂੰ ਹੱਥਾਂ 'ਚ ਵੱਟਿਆ।
ਤੇਰਾ ਵਸਲ
ਅਰਸ਼ਾਂ ਦੀ ਅੱਗ ਨੂੰ ਹਾਕਾਂ ਮਾਰਦਾ
ਖਿਚਦਾ ਪਰਲੋਂ ਸਿਤਾਰਿਆਂ ਦੀ ਮੁੱਠ ਵਿਚ
ਕਟਕ ਚਿਲਕੋਰ ਦਾ, ਉੱਡਦਾ ਉਡਾਰੀਆਂ ਮਾਰਦਾ
ਸੂਰਜ ਦੇ ਜ਼ਖ਼ਮ ਵਿਚ ਤੂਫ਼ਾਨ ਪਿਆ ਹੁੱਲਦਾ।
ਕੋਈ ਡੰਗ ਬਿਜਲੀ ਦਾ ਆਖ਼ਰੀ
ਤਾਰਿਆਂ ਦੀ ਲਿਸ਼ਕੋਰ ਸਾਰੀ ਵਿਚ ਧੱਸਦਾ,
ਬੀਤੇ ਸਮੇਂ ਦੀ ਧੂੜ ਸਾਰੀ
ਚੜ੍ਹੇ ਅਸਵਾਰ ਦੇ ਘੋੜੇ ਦੇ ਪੌੜਾਂ 'ਚ ਡਿੱਗਦੀ।
ਤਾਰਿਆਂ ਦਾ ਹੌਲ ਲਿਸ਼ਕਾਰੇ ਮਾਰਦਾ,
ਤੇਰੇ ਹੱਥ ਸਮੇਂ ਤੋਂ ਲੰਮੇ
ਫੜਦੇ ਉਸ ਲਿਸ਼ਕਾਰੇ ਨੂੰ।
ਸਮੇਂ ਦੇ ਹੜ੍ਹਾਂ ਤੋਂ ਡੂੰਘੀ
ਭੇਦ-ਭਰੀ ਛਲਕਦੀ ਵਗਦੀ ਆਵਾਜ਼ ਤੇਰੀ
ਡੋਬਦੀ ਡੂੰਘੇ ਪਤਾਲ 'ਚ ਅਰਸ਼ ਦੇ ਕੋਟ ਵੋ,
ਧਰਵਾਸ ਦੇ ਪਾਣੀ ਲੈ ਬੇਮੁਹਾਰੀ ਉਲਰਦੀ
ਵੰਗਾਰਦੀ, ਥਲ ਲਿਸ਼ਕਾਰਦੀ
ਇਹ ਆਖ਼ਰੀ ਮੰਜ਼ਲ ਡਾਚੀਆਂ ਦੀ ਡਾਰ ਦੀ
ਡੂੰਘੇ ਤਾਰਿਆਂ ਵਿਚ ਕੁੰਡੀ ਸੁੱਟਦੀ ਅੱਗ ਦੀ,
ਨੱਸਦੀ ਹੇਕ ਲਾ
ਪੁਨੂੰ ਦੀ ਕਸਮ ਪਿਆਰ ਦੀ ਗਾਂਵਦੀ।
ਤੇ ਲਹੂ-ਲੁਹਾਣ ਸੀਨੇ 'ਤੇ ਸੁੱਟਦੀ
ਤਾਰਿਆਂ ਦੀ ਚਿਲਕੋਰ ਦਾ ਝੱਟਕਾ,
ਨਬੀਆਂ ਦੇ ਕੌਲ ਹੁੰਦੇ ਪੰਜ ਦਰਿਆਵਾਂ ਦੇ ਕੰਢੜੇ!!

*(ਜੂਨ, 1966)*

•



WWW.SIKHBOOKCLUB.COM 

## 82

# ਪੰਜਾਬ ਦੀ ਵਾ

ਸੋਹਣੀ ਦੇਸ ਪੰਜਾਬੇ ਦੀ ਵਾ ਵਗਦੀ।
ਕੂੜੇ ਜਾਣ ਨਾਂਹ ਦੇਸਾਂ ਵਾਹ ਲਗਦੀ।

ਕਿਹੜੇ ਰਾਹ ਵਗਦੀ ?
ਕਿੱਥੇ ਜਾ ਵਗਦੀ ?
ਸੋਹਣੀ ਦੇਸ ਪੰਜਾਬੇ ਦੀ ਵਾ ਵਗਦੀ।

ਰੂਹ ਯਾਰ ਪਿਆਰੇ ਦੀ
ਗੱਲ ਤਖਤ ਹਜ਼ਾਰੇ ਦੀ
ਗਲੇ ਆ ਲਗਦੀ
ਸੋਹਣੀ ਦੇਸ ਪੰਜਾਬੇ ਦੀ ਵਾ ਵਗਦੀ।

ਹੱਕ ਵੱਡਿਆਂ ਪੜ੍ਹਿਆਂ ਦੇ
ਰਾਹ ਸੂਰਜ ਢਲਿਆਂ ਦੇ
ਕਦੇ ਗਾ ਵਗਦੀ
ਸੋਹਣੀ ਦੇਸ ਪੰਜਾਬੇ ਦੀ ਵਾ ਵਗਦੀ।

ਪੁੱਤ ਸ਼ੇਰ ਬਰਾੜਾਂ ਦੇ
ਵੱਡੇ ਦਿਲ ਸਰਦਾਰਾਂ ਦੇ
ਸੀਨੇ ਲਾ ਵਗਦੀ
ਸੋਹਣੀ ਦੇਸ ਪੰਜਾਬੇ ਦੀ ਵਾ ਵਗਦੀ।

ਚੜ੍ਹ ਹਰੀਆਂ ਡੇਕਾਂ 'ਤੇ
ਰਾਹ ਤਕਦੀ ਹੇਕਾਂ ਦੇ
ਲੰਮੇ ਸਾਹ ਵਗਦੀ
ਸੋਹਣੀ ਦੇਸ ਪੰਜਾਬੇ ਦੀ ਵਾ ਵਗਦੀ।


WWW.SIKHBOOKCLUB.COM

ਲੱਖ ਕੌਲ ਮਜ਼ਾਰਾਂ ਦੇ
ਰੰਗ ਰੁੱਖਾਂ ਦੀਆਂ ਡਾਰਾਂ ਦੇ
ਯਾਦ ਕਰਾ ਵਗਦੀ
ਸੋਹਣੀ ਦੇਸ ਪੰਜਾਬੇ ਦੀ ਵਾ ਵਗਦੀ।

ਕੂੰਜ ਸੰਘਣੀ ਸਾਵੀ ਵੇ
ਕੰਢੇ ਸੋਹਣੇ ਰਾਵੀ ਦੇ
ਨੈਣ ਡੁਲਾ ਵਗਦੀ
ਸੋਹਣੀ ਦੇਸ ਪੰਜਾਬੇ ਦੀ ਵਾ ਵਗਦੀ।

ਚੜ੍ਹ ਗਹਿਰਾਂ ਦੀ ਵਾਟ ਗਈ
ਸੁੱਤੀ ਨਦੀਆਂ ਦੇ ਘਾਟ ਪਈ
ਦਰਦ ਜਗਾ ਵਗਦੀ
ਸੋਹਣੀ ਦੇਸ ਪੰਜਾਬੇ ਦੀ ਵਾ ਵਗਦੀ।

ਡਾਢੇ ਵੀਰ ਸ਼ਮੀਰਾਂ ਦੇ
ਗਏ ਨਬੀਆਂ ਫ਼ਕੀਰਾਂ ਦੇ
ਬੋਲ ਪੁਗਾ ਵਗਦੀ
ਸੋਹਣੀ ਦੇਸ ਪੰਜਾਬੇ ਦੀ ਵਾ ਵਗਦੀ।

ਚੜ੍ਹੇ ਸਹਿਮ ਦੇ ਤਾਰੇ ਵੋ
ਹੇਠਾਂ ਫ਼ਜਰਾਂ ਦੇ ਮਾਰੇ ਵੋ
ਯਾਰ ਬੁਲਾ ਵਗਦੀ
ਸੋਹਣੀ ਦੇਸ ਪੰਜਾਬੇ ਦੀ ਵਾ ਵਗਦੀ।
ਕੂੜੇ ਜਾਣ ਨਾਂਹ ਦੇਸਾਂ ਵਾਹ ਲਗਦੀ।

*(ਜੁਲਾਈ, 1966)*

•


WWW.SIKHBOOKCLUB.COM

# 83
## ਗੀਤ

ਮੈਂ ਬਾਂਦੀ ਨਜ਼ਰ ਦੇ ਸ਼ਾਹ ਦੀ ਹੋ।
ਮੈਨੂੰ ਲੋੜ ਨਾਂਹ ਕਿਸੇ ਗਵਾਹ ਦੀ ਹੋ।

ਘੁਟ ਅਰਜ਼ ਨਿਮਾਣੀ ਸੀਨੇ ਦੀ
ਮੈਨੂੰ ਕਰ ਲੈ ਈਦ ਮਹੀਨੇ ਦੀ
ਮੰਗ ਸੁੱਖਾਂ ਨੂੰ
ਪੁੱਛ ਰੁੱਖਾਂ ਨੂੰ
ਮੈਂ 'ਵਾਜ ਕਿਸੇ ਦਰਿਆ ਦੀ ਹੋ,
ਮੈਂ ਬਾਂਦੀ ਨਜ਼ਰ ਦੇ ਸ਼ਾਹ ਦੀ ਹੋ।

ਪੀ ਢੋਕ ਮੇਰੀ ਘੁੱਟ ਪਾਣੀ ਦਾ
ਨ ਵੱਡਾ ਰਿਜ਼ਕ ਨਿਮਾਣੀ ਦਾ—
ਬੀਬਾ ਕਰਨਾ ਏਂ
ਨ ਡਰਨਾ ਏਂ
ਗੱਲ ਸੂਰਜ ਛਿਪੇ ਤੋਂ ਰਾਹ ਦੀ ਹੋ,
ਮੈਂ ਬਾਂਦੀ ਨਜ਼ਰ ਦੇ ਸ਼ਾਹ ਦੀ ਹੋ।

ਮੈਂ ਘੁੰਡੋਂ ਬਾਹਰ ਹਾਂ ਬੋਲ ਖਾਂ
ਕਰ ਦੂਰ-ਨਜ਼ਰ ਤੋਂ ਕੋਲ ਖਾਂ
ਰੂਹ ਸਫ਼ਰਾਂ ਵਿਚ
ਜਿੰਦ ਜਫ਼ਰਾਂ ਵਿਚ
ਗੱਲ ਡਾਢੇ ਬੇਪਰਵਾਹ ਦੀ ਹੋ,
ਮੈਂ ਬਾਂਦੀ ਨਜ਼ਰ ਦੇ ਸ਼ਾਹ ਦੀ ਹੋ।

ਕਿਉਂ ਢਲੀਆਂ ਧੁੱਪਾਂ ਨੈਣ ਵੇ
ਥੱਕ ਪੈਂਡੇ ਦੇ ਵਿਚ ਸੈਣ ਵੇ


WWW.SIKHBOOKCLUB.COM

ਬੀਬਾ ਫ਼ਜਰਾਂ ਦੇ
ਰੰਗ ਨਜ਼ਰਾਂ ਦੇ
ਗੱਲ ਪੁੱਛ ਨ ਮੈਂਡੇ ਚਾਅ ਦੀ ਹੋ,
ਮੈਂ ਬਾਂਦੀ ਨਜ਼ਰ ਦੇ ਸ਼ਾਹ ਦੀ ਹੋ।

ਪਾ ਨਜ਼ਰ ਸੁਵੱਲੀ ਦਾ ਹਰਫ਼ ਕਦੇ
ਦੇ ਧੂੜਾਂ ਉਹਲਿਓਂ ਦਰਸ ਕਦੇ
ਲਾ ਰੁੱਖ ਬੀਬਾ
ਦੱਸਾਂ ਦੁੱਖ ਬੀਬਾ
ਸਿੱਕ ਲੰਘਦੇ ਸਮੇਂ ਦੇ ਰਾਹ ਦੀ ਹੋ,
ਮੈਂ ਬਾਂਦੀ ਨਜ਼ਰ ਦੇ ਸ਼ਾਹ ਦੀ ਹੋ—
ਮੈਨੂੰ ਲੋੜ ਨ ਕਿਸੇ ਗਵਾਹ ਦੀ ਹੋ।

*(ਅਪ੍ਰੈਲ, 1966)*

•

WWW.SIKHBOOKCLUB.COM

# 84

## ਗੀਤ

ਤੂੰ ਪੁੱਤ ਦਰਿਆਵਾਂ ਦਾ
ਅਸਾਂ ਵਗਣ ਨ ਦੇਣਾ,
ਤੈਨੂੰ ਜੂਹ ਪਰਾਈ ਵਿਚ
ਅਸਾਂ ਫਬਣ ਨ ਦੇਣਾ।

ਤੇਰੇ ਲਸ਼ਕਰ ਚੜ੍ਹਦੇ ਵੇ
ਤੇਰੀ ਬਾਤ ਹੀ ਕਰਦੇ ਵੇ,
ਇਕ ਦੀਵੇ ਖ਼ਾਤਰ ਪਰ
ਅਸਾਂ ਗਗਨ ਨ ਦੇਣਾ—
ਤੂੰ ਪੁੱਤ ਦਰਿਆਵਾਂ ਦਾ
ਅਸਾਂ ਵਗਣ ਨਾ ਦੇਣਾ।

ਹੜ੍ਹ ਚੜ੍ਹੀਆਂ ਵਾਹਰਾਂ ਦੇ
ਰੰਗ ਲੰਮੀਆਂ ਨਾਰਾਂ ਦੇ,
ਸ਼ਾਹ ਕਾਲੇ ਸਾਵਨ ਨੂੰ
ਰਾਹ ਵਗਣ ਨ ਦੇਣਾ—
ਤੂੰ ਪੁੱਤ ਦਰਿਆਵਾਂ ਦਾ
ਅਸਾਂ ਵਗਣ ਨ ਦੇਣਾ।

ਅਸਾਂ ਘੁੰਡ ਵਿਚ ਲੜਨਾ ਵੇ
ਤੈਨੂੰ ਜੁਗਨੂੰ ਕਰਨਾ ਵੇ—
ਚੰਨ ਈਦ ਦਾ ਬੰਨਿਆਂ 'ਤੇ
ਅਸਾਂ ਜਗਣ ਨ ਦੇਣਾ—
ਤੂੰ ਪੁੱਤ ਦਰਿਆਵਾਂ ਦਾ
ਅਸਾਂ ਵਗਣ ਨ ਦੇਣਾ।

ਤੇਰਾ ਤੋਸ਼ਾ ਝੱਖੜਾਂ 'ਤੇ
ਬੰਨ੍ਹ ਰੱਖਿਆ ਸੱਥਰਾਂ 'ਤੇ,
ਕੁੱਲ ਹੁਸਨ ਦੀ ਜੂਹ ਬਖ਼ਸ਼ੀ
ਅਸਾਂ ਸੱਜਣ ਨ ਦੇਣਾ—
ਤੂੰ ਪੁੱਤ ਦਰਿਆਵਾਂ ਦਾ
ਅਸਾਂ ਵਗਣ ਨ ਦੇਣਾ—
ਤੈਨੂੰ ਜੂਹ ਪਰਾਈ ਵਿਚ
ਅਸਾਂ ਫਬਣ ਨ ਦੇਣਾ।

*(ਅਪ੍ਰੈਲ, 1966)*

•


WWW.SIKHBOOKCLUB.COM 

# 85

## ਸੂਫ਼ੀਆਂ ਦਾ ਗੀਤ

ਗਿਆ ਸੂਰਜ ਛਿਪਦਾ ਨਾਲ ਮਿਰੇ,
ਕੋਈ ਤੁਰ ਗਿਆ ਦੀਵੇ ਬਾਲ ਮਿਰੇ।

ਚੁੰਮ੍ਹ ਛਾਲੇ ਜ਼ਖ਼ਮੀ ਥਲ ਹੋਏ
ਆ ਪੁੱਛਦਾ ਸੂਰਜ ਹਾਲ ਮਿਰੇ।

ਇਹ ਤੁੰਦ ਹਵਾਵਾਂ ਦੇ ਕਾਸਿਦ
ਰਹੇ ਪੱਥਰ ਵਲ ਉਛਾਲ ਮਿਰੇ।

ਜਦ ਕਾਸਾ ਚੁੱਕਿਆ ਸੂਰਜ ਸੀ
ਚੰਨ ਕਰ ਗਿਆ ਹੱਥ ਹਲਾਲ ਮਿਰੇ।

ਮੈਨੂੰ ਮੁਰਸ਼ਦ ਆਪਣੀ ਕੰਬਲੀ ਦੇ
ਰਾਹ ਖੜ੍ਹੇ ਫ਼ਨਾ ਦੇ ਸੁਆਲ ਮਿਰੇ।

ਜੋ ਤੁਰਿਆ ਸੀ ਨਹੀਂ ਨਾਲ ਮਿਰੇ।
ਰਣ ਰਹਿੰਦਾ ਸਦਾ ਵਿਚਾਲ ਮਿਰੇ।

ਚੜ੍ਹ ਸਮਾਂ ਨਜ਼ਰ ਦੇ ਲਹੂ ਗਿਆ
ਰਾਹ ਡਿੱਗੇ ਘੋੜ ਚੁਫਾਲ ਮਿਰੇ।

ਖੜ ਨਾਜ਼ ਸਮੇਂ ਦਾ ਦੇਖ ਲਵਾਂ
ਕੋਈ ਤੋੜਣ ਗਿਆ ਜਮਾਲ ਮਿਰੇ।

ਫੁੱਲ ਖਿੜਦਾ ਰਾਹ ਵਿਚਕਾਰ ਪਿਆ
ਭਖ ਦੀਦੇ ਹੋ ਗਏ ਲਾਲ ਮਿਰੇ।

ਸ਼ਾਹ ਰਗ ਹੀ ਬਲ ਕੇ ਕੂਕ ਹੋਈ
ਜਦ ਪੈਂਡੇ ਥੱਕਿਆ ਭਾਲ ਮਿਰੇ।

ਡਿਗ ਪੈਂਦੇ ਸੂਰਜ ਅਰਸ਼ਾਂ ਤੋਂ
ਰੰਗ ਲੈਂਦੇ ਕਦਮ ਸੰਭਾਲ ਮਿਰੇ।

WWW.SIKHBOOKCLUB.COM

ਦਗ ਪੈਂਦੇ ਹਰਫ਼ ਕਿਤਾਬਾਂ ਦੇ
ਟੁੱਟ ਜਾਂਦੇ ਨੇ ਜਦ ਤਾਲ ਮਿਰੇ।

ਹਾਂ, ਤੂਰ ਨਬੀ ਦਾ ਰੌਸ਼ਨ ਹੈ
ਜੇ ਜਿਉਂਦੇ ਰਹਿਣ ਬਿਲਾਲ ਮਿਰੇ।

ਤਿਰੇ ਘੁੰਡ 'ਤੇ ਹਰਫ਼ ਕਿਆਮਤ ਦੇ
ਵਿਚ ਦਗਦੇ ਨੈਣ ਕਮਾਲ ਮਿਰੇ

ਮੈਂ ਕਿਵੇਂ ਤਬੀਬਾ ਸਦ ਦੇਵਾਂ ?
ਆ ਜਾਸਣ ਫੇਰ ਜ਼ਵਾਲ ਮਿਰੇ।

ਮੈਂ ਸਬਕ ਸ਼ਰਾ ਦਾ ਯਾਦ ਕਰਾਂ
ਪਈ ਵਿਹੜੇ ਪਵੇ ਧਮਾਲ ਮਿਰੇ।

ਮੱਚ ਤੇਗ ਧਾਰ ਤੇ ਛਾਲਾ ਪਿਆ
ਉੱਡ ਮਹਿੰਦੀ ਫੜਣ ਵਿਸਾਲ ਮਿਰੇ।

ਥਲ ਡੁੱਬ ਗਿਆ ਵਿਚ ਨੈਣਾਂ ਦੇ
ਉੱਡ ਧੂੜ ਚੜ੍ਹੇ ਨੇ ਵਾਲ ਮਿਰੇ।

ਇਸ ਪੈੜ ਤਿਰੀ ਦੀ ਅੱਗ ਹੇਠਾਂ
ਪਏ ਵਿਕਣ ਗੁਨਾਹ ਦੇ ਸਾਲ ਮਿਰੇ।

ਤੇਰੇ ਵਣਾਂ-ਕਰੀਰਾਂ ਵਿਚ ਬੀਬਾ
ਛੱਡ ਜਾਂਦੇ ਰਿਜ਼ਕ ਹੁਨਾਲ ਮਿਰੇ।

ਧੂੰ ਉਠਦਾ ਥਲ 'ਚੋਂ ਸਾਜ਼ਾਂ ਦਾ
ਸੱਜ ਜਾਂਦੇ ਜਦੋਂ ਕੱਵਾਲ ਮਿਰੇ।

ਮਦ ਪੀਣ ਸਰਾਂ ਵਲ ਬਾਜ਼ ਚੜ੍ਹੇ
ਖੰਭ ਸਾੜਣ ਕਮਲ ਗੁਲਾਲ ਮਿਰੇ।

ਸੁੱਕ ਜਾਂਦੇ ਨੈਣ ਨੇ ਮਾਵਾਂ ਦੇ
ਹੋ ਜਾਂਦੇ ਗਜ਼ਬ ਬਹਾਲ ਮਿਰੇ।

ਟੁੱਟ ਪੈਣ ਫ਼ਕੀਰਾਂ ਦੇ ਕਾਸੇ
ਸਿਰ ਸ਼ਾਹਾਂ ਚੜ੍ਹਣ ਜਲਾਲ ਮਿਰੇ।

ਡਿੱਗ ਪੈਣ ਆਵਾਜ਼ਾਂ ਦੇ ਗੁੰਬਦ
ਹਨ ਖੰਡਰਾਂ ਹੇਠਾਂ ਜਾਲ ਮਿਰੇ।


WWW.SIKHBOOKCLUB.COM

ਜਦ ਚਸ਼ਮ ਕਰਮ ਦੇ ਕਹਿਰ ਪਵੇ
ਸਿੰਧ ਲੈਂਦੇ ਕਾਸੇ ਭਾਲ ਮਿਰੇ।

ਸੁੰਨ ਛੱਡ ਗਿਆ ਵਿਚ ਰੋਹੀਆਂ ਮੈਂ
ਪਏ ਦਸਦੇ ਬਿਰਖ ਹਵਾਲ ਮਿਰੇ।

*(ਅਪ੍ਰੈਲ, 1966)*

•



WWW.SIKHBOOKCLUB.COM 

# 86

## ਚੜ੍ਹੇ ਸਤਲੁਜ ਦੀ ਸ਼ਾਨ

ਵਗ ਵਗ ਤੂੰ ਸਤਲੁਜ ਬੇਲੀਆ, ਤੈਨੂੰ ਜੋਬਨ ਚੜ੍ਹਿਆ।
ਤੇਰੇ ਕੰਢੇ ਸੁੱਤਾ ਆਣ ਕੇ, ਕੋਈ ਬੇਲਾ ਹਰਿਆ।
ਤੇਰੀ ਇਕ ਇਕ ਲਹਿਰ 'ਚ ਸੋਹਣਿਆਂ, ਚੜ੍ਹ ਸਾਵਨ ਭਰਿਆ।
ਤੇਰੇ ਮੌਜੀ ਹੜ੍ਹ ਵਿਚ ਸਮੇਂ ਦਾ, ਭੱਖ ਸੂਰਜ ਤਰਿਆ॥੧॥

ਸੰਞਾਂ ਦੇ ਵਿਚ ਸੋਹਣਿਆਂ, ਪਰ ਫੜਕੇ ਤੇਰਾ।
ਹੇਕਾਂ ਦੇ ਵਿਚ ਉੱਡਿਆ, ਧਰਤੀ ਦਾ ਵਿਹੜਾ।
ਰੁੱਖਾਂ ਦੇ ਵਿਚ ਬੁੱਕਿਆ, ਸ਼ੀਂਹ ਵਾਂਗ ਸਵੇਰਾ।
ਫੜ ਲਗਰ ਜ਼ਿਮੀਂ ਦੀ ਚੀਰਦਾ, ਵਣ ਬਲੀ ਦਾ ਜੇਰਾ।
ਇਸ ਭੇਦ ਦੇ ਬੰਨ੍ਹੇ ਸੰਞ ਨੇ, ਕੋਈ ਦੀਪ ਨ ਧਰਿਆ,
ਵਗ ਵਗ ਤੂੰ ਸਤਲੁਜ ਬੇਲੀਆ, ਤੈਨੂੰ ਜੋਬਨ ਚੜ੍ਹਿਆ॥੨॥

ਮਾਤੇ ਫ਼ੀਲ ਜਿਉਂ ਚੱਲਦੇ, ਤੇਰੇ ਪਾਣੀ ਪਿਆਰੇ।
ਲੱਦੇ ਰੁੱਖ ਨੇ ਵਾਸ਼ਨਾ, ਭਰ ਬੱਦਲ ਗਾੜ੍ਹੇ।
ਭਰੀ ਚੁੱਪ ਹਿੱਕ ਨਾਰ ਦੀ, ਪਈ ਭਰੇ ਹੁੰਗਾਰੇ।
ਲਹੂ 'ਚ ਪਸ਼ੂ ਲੁਕਾਂਵਦਾ, ਰੰਗ ਬੇ-ਮੁਹਾਰੇ।
ਮੰਗੂ ਨੂੰ ਛਾਂ ਦੇਣ ਲਈ, ਰੁੱਖ ਬੁੱਕਲ ਹਰਿਆ,
ਵਗ ਵਗ ਤੂੰ ਸਤਲੁਜ ਬੇਲੀਆ, ਤੈਨੂੰ ਜੋਬਨ ਚੜ੍ਹਿਆ॥੩॥

ਵਿਚ ਉਮਰ ਦਿਆਂ ਪ੍ਰਛਾਵਿਆਂ, ਤਿਰੇ ਵਗਦੇ ਪਾਣੀ।
ਮੈਂ ਕੂੰਜਾਂ ਵਾਂਗੂੰ ਭਟਕਿਆ, ਆ ਬਹੁੜੇ ਹਾਣੀ।
ਸੁਣ ਤੇਰੀ ਮਾਰੂ ਭੁਜਾ 'ਤੇ, ਬਹਿ ਮੌਤ ਵਡਾਣੀ।
ਸੰਞ ਦੇ ਸੂਹੇ ਕੰਠ ਵਿਚ, ਕੋਈ ਹੇਕ ਹੋ ਜਾਣੀ।
ਕਮਲੀ ਰਮਲੀ ਹਵਾ ਨੇ, ਤੇਰਾ ਦਾਮਨ ਫੜਿਆ,
ਵਗ ਵਗ ਤੂੰ ਸਤਲੁਜ ਬੇਲੀਆ, ਤੈਨੂੰ ਜੋਬਨ ਚੜ੍ਹਿਆ॥੪॥


WWW.SIKHBOOKCLUB.COM

ਪੌੜ ਸਮੇਂ ਦਾ ਵੱਜਦਾ, ਇਕ ਰਾਤ ਹਨੇਰੀ।
ਭਰੀ ਗੁਨਾਹ ਦੀ ਝੋਲ ਵੇ, ਹੋ ਜਾਵੇ ਤੇਰੀ।
ਸੁੱਕੇ ਕੰਠ ਫ਼ਕੀਰ ਦੇ, ਕੋਈ ਚੜ੍ਹੀ ਹਨੇਰੀ।
ਮੈਂ ਰੁਲਦਾ ਪੱਤਰ ਜ਼ਿਮੀਂ 'ਤੇ, ਤੇਰੀ ਹੇਕ ਲੰਮੇਰੀ।
ਖ਼ਾਲੀ ਅਰਸ਼ਾਂ ਸਾਹਮਣੇ, ਮੈਂ ਕਾਸਾ ਕਰਿਆ,
ਵਗ ਵਗ ਤੂੰ ਸਤਲੁਜ ਬੇਲੀਆ, ਤੈਨੂੰ ਜੋਬਨ ਚੜ੍ਹਿਆ॥੫॥

*(ਅਗਸਤ, 1966)*

•

WWW.SIKHBOOKCLUB.COM

# 87

## ਰਾਂਝੇ ਜੋਗੀ ਦਾ ਰੰਗਪੁਰ ਵਿਚ ਵੜਨਾ

ਜੂਹ ਵੜਿਆ ਜੋਗੀ, ਹਾਲ ਪਿਆ।
ਗੱਲ ਕਰਦਾ ਬਿਰਖਾਂ ਨਾਲ ਪਿਆ।

ਪੱਤ ਪੱਤ 'ਤੇ ਕੂਕ ਹਜ਼ਾਰ ਖੜੀ
ਕਰ ਕਟਕ ਸਮੇਂ ਦਾ ਪਾਰ ਖੜੀ
ਸਭ ਸੁੰਨ ਦੇ ਖੰਭ ਖਿਲਾਰ ਖੜੀ—
ਮਦ ਪੀਤੀ ਗਗਨ ਚੁਫਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੧॥

ਚੜ੍ਹ ਕੂਕ ਹੀਰ ਦਾ ਦੀਦ ਗਿਆ
ਵਿਚ ਨਜ਼ਰਾਂ ਹੋਇ ਸ਼ਹੀਦ ਗਿਆ
ਕੁੱਲ ਅੰਬਰ-ਜ਼ਿਮੀਂ ਖ਼ਰੀਦ ਗਿਆ—
ਕੋਈ ਡਾਢਾ ਗਗਨ ਵਿਚਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੨॥

ਕੋਈ ਰਗ ਪੱਥਰ ਦੀ ਬਾਜ਼ ਬਣੀ
ਕੋਈ ਫ਼ੀਲ-ਧਮਕ ਪਰਵਾਜ਼ ਬਣੀ
ਕੋਈ ਨਹੁੰਦਰ ਖ਼ੂਨੀ ਸਾਜ਼ ਬਣੀ—
ਸਿੰਧ ਤੜਫੇ ਰਗ ਦੇ ਨਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੩॥

ਤੱਕ ਧਰਤ ਦੇ ਲਸ਼ਕਰ ਭਟਕੇ ਹੋ
ਨਭ ਸੁੱਕੇ ਤੀਲੇ ਅਟਕੇ ਹੋ
ਰੋਹ ਸੀਸ ਕਤੇਬਾਂ ਕਟਕੇ ਹੋ—
ਸੰਗ ਗਾਉਂਦਾ ਤੁਰੇ ਦਲਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੪॥


WWW.SIKHBOOKCLUB.COM

ਕੋਈ ਬਿਜਲੀ ਨਾਜ਼ਕ ਬੂਰ ਪਈ
ਵਿਚ ਝੰਗ ਦੇ ਬੇਲੇ ਭੂਰ ਪਈ
ਹੋ ਫ਼ਜਰਾਂ ਵਿਚ ਮਸ਼ਹੂਰ ਗਈ—
ਬਣ ਤੂਰ ਫ਼ਜਰ ਦਾ ਵਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੫॥

ਚੁੰਝ ਚਿੜੀਆਂ ਸੁੱਤੀ ਕਾਂਗ ਪਈ
ਭਖ ਜੋਗੀ ਦੀ ਅੱਖ ਵਾਂਗ ਪਈ
ਲਉ! ਡਾਢੇ ਚਰਖ਼ ਨੂੰ ਬਾਂਗ ਪਈ—
ਡੰਗ ਮਾਰੇ ਫ਼ਜਰ ਦਾ ਤਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੬॥

ਚੜ੍ਹ ਮਹਿਲੀਂ ਕਾਸਾ ਭਾਲ ਲਿਆ
ਜੋ ਖ਼ਾਲੀ ਮੰਦੜੇ ਹਾਲ ਪਿਆ
ਹੱਥ ਸ਼ਾਹ ਦਾ ਪਕੜ ਅਯਾਲ ਲਿਆ—
ਕੂੜੇ ਸ਼ੇਰਾਂ ਨਾਲ ਸੁਆਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੭॥

ਕੋਈ ਵੱਢਦਾ ਅਜ਼ਲ ਦਾ ਖਾਲ ਪਿਆ
ਹੜ੍ਹ ਜਰਦਾ ਨਾਜ਼ਕ ਡਾਲ ਪਿਆ
ਹੋ ਨਰ-ਸਿੰਘ ਥੰਮ੍ਹ ਜਿਉਂ ਲਾਲ ਗਿਆ—
ਸ਼ਿਵ ਦੀਦੇ ਰੌਸ਼ਨ ਗਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੮॥

ਤਕ ਆਲਮ ਚਾਰੇ ਤਰਫ਼ਾਂ ਦੇ
ਕੋਈ ਕੰਢੇ ਤੋੜੇ ਹਰਫ਼ਾਂ ਦੇ
ਫੜ੍ਹ ਤਾਰੇ ਬੰਨ੍ਹੇ ਚਰਖਾਂ ਦੇ—
ਵਿਚ ਦੀਵੇ ਮੱਚਦਾ ਕਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੯॥

ਇਕ ਤਿੜ ਲਸ਼ਕਰ ਵਿਚਕਾਰ ਪਈ
ਪੀ ਜ਼ਖ਼ਮਾਂ ਦਾ ਅੰਗਿਆਰ ਪਈ
ਵਲ ਅਜ਼ਲਾਂ ਦੇ ਲਿਸ਼ਕਾਰ ਪਈ—
ਵਲ ਹਸ਼ਰਾਂ ਕੋਈ ਭੁਚਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੧੦॥


WWW.SIKHBOOKCLUB.COM 

ਬੰਨ੍ਹ ਟੁੱਟਟਾ ਹੀਰ ਦੇ ਦੀਦ ਦਾ ਹੋ
ਚੰਨ ਚੜ੍ਹਦਾ ਜ਼ੋਗੀਂ ਈਦ ਦਾ ਹੋ
ਰੋਹ ਹੜ੍ਹ ਵਿਚ ਰਹੇ ਉਮੀਦ ਦਾ ਹੋ—
ਵਿਚ ਸੂਰਜ ਮੱਚਦਾ ਵਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੧੧॥

ਵਿਚ ਧੂੜਾਂ ਚੜ੍ਹਿਆ ਹਾਕਾਂ ਹੋ
ਬੁੱਤ ਡੁੱਬਦਾ ਥਲ ਵਿਚ ਰਾਤਾਂ ਹੋ
ਰਾਹ ਦੱਸਿਆ ਜੱਗ ਦੇ ਚਾਕਾਂ ਹੋ—
ਜੂਹ ਰੌਸ਼ਨ ਹੱਕ ਦੀ ਮਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੧੨॥

ਕੋਈ ਜੁਗਨੂੰ ਵਣਾਂ 'ਤੇ ਚੜ੍ਹ ਹੁੱਲੇ
ਚੰਨ ਨਾਜ਼ਕ ਖੰਭ 'ਤੇ ਖੜ੍ਹ ਹੁੱਲੇ
ਕੋਈ ਜਿਉਂਦਾ ਹੀ, ਕੋਈ ਮਰ ਹੁੱਲੇ
ਕੋਈ ਨਜ਼ਰ ਮਹੀਨ 'ਚ ਪਰ ਹੁੱਲੇ—
ਕੁੜੇ ਖੇਡਾਂ ਦੇ ਵਿਚ ਬਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੧੩॥

ਕੁੜੇ ਜ਼ਿਮੀਂ-ਜ਼ਮਾਨ ਦੇ ਦਰ ਖੁਲ੍ਹੇ
ਤ੍ਰਿਣ ਹਰੀ-ਕਚੂਰ ਦੇ ਪਰ ਖੁਲ੍ਹੇ
ਛਡ ਚੱਲਿਆ ਜੋਗੀ ਘਰ ਖੁਲ੍ਹੇ—
ਸੰਗ ਪੰਛੀ ਗਾਉਂਦਾ ਜਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੧੪॥

ਕੁੜੇ ਲਹੂ ਮਾਸ ਹਬਕਾਰ ਭਰੇ
ਵਣ-ਬੇਲੇ ਬੇ-ਮੁਹਾਰ ਭਰੇ
ਸੈ ਮੰਗੂ ਜੋਬਨ-ਭਾਰ ਭਰੇ—
ਛੱਡ ਨੱਸਿਆ ਚੋਰ, ਹਲਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੧੫॥

ਬੇ-ਇਲਮੇ ਨੈਣ ਜਮਾਲ ਪਿਆ
ਛੱਡ ਮੁਰਸ਼ਦ ਕੁਝ ਤਾਂ ਭਾਲ ਲਿਆ
ਲੱਦ ਪਿੱਠ 'ਤੇ ਮੰਗੂ ਚਾਲ ਪਿਆ—
ਕੋਈ ਬਖ਼ਸ਼ ਗੁਨਾਹ ਦੇ ਸਾਲ ਰਿਹਾ
ਜੂਹ ਵੜਿਆ ਜੋਗੀ ਹਾਲ ਪਿਆ॥੧੬॥

WWW.SIKHBOOKCLUB.COM

ਵਿਚ ਤ੍ਰਿਵੰਣ ਜ਼ਿਕਰ ਫ਼ਕੀਰ ਦਾ ਹੋ
ਤੰਦ ਛਲਕੇ ਜੋਬਨ ਹੀਰ ਦਾ ਹੋ
ਵਿਚ ਅੱਡੀ ਕੁਫ਼ਰ ਅਖ਼ੀਰ ਦਾ ਹੋ—
ਚੰਨ ਚਮਕੇ ਨਜ਼ਰਾਂ ਨਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੧੭॥

ਤੰਦ ਪੈਂਦਾ, ਮਲਕ ਖੁਆਰ ਕੁੜੇ
ਲਿਟ ਡਿੱਗਦੀ ਸ਼ੀਂਹ ਦੇ ਬਾਰ ਕੁੜੇ
ਨਾ ਆਰ ਕੁੜੇ, ਨਾ ਪਾਰ ਕੁੜੇ—
ਤੰਦ ਚੜ੍ਹਦਾ, ਘੁੰਮਦਾ ਕਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੧੮॥

ਫੁੱਟ ਰਿਜ਼ਕ ਦੇ ਦਾਣੇ ਹੂਕ ਪਈ
ਜੋ ਖੰਭ 'ਤੇ ਧੂੜ ਸੀ ਸ਼ੂਕ ਪਈ
ਕੁੜੇ ਹਰਫ਼ ਕੁਰਾਨ ਦੇ ਕੂਕ ਪਈ—
ਸਾਡਾ ਸ਼ੌਕ ਖ਼ੁਦਾ ਦੀ ਡਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੧੯॥

ਕੁੜੇ ਡੂੰਘੇ ਖ਼ੂਹ ਨੂੰ ਹਾਲ ਪਏ
ਵਿਚ ਘੜਿਆਂ ਨੈਣ ਹਲਾਲ ਪਏ
ਜਿਉਂ ਠੀਕਰ ਭੱਜਦੇ ਸਾਲ ਪਏ—
ਕੁੜੇ ਖੰਭ 'ਤੇ ਉੱਡ ਗੁਲਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੨੦॥

ਥਲ ਮਿਟਦਾ, ਕਲਮ ਵਿਸਾਲ ਕਰੇ
ਬਹਿ ਕਿਸੇ ਜਨੂੰ ਦੇ ਨਾਲ ਕਰੇ
ਜਦ ਲਹੂ ਦੀ ਜੀਭ ਹਵਾਲ ਕਰੇ—
ਥਲ ਮੁੱਠੀਂ ਭਰੇ ਕੱਵਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੨੧॥

ਹੋ ਨਬੀ ਹਕੀਕਤ ਦੌੜ ਗਿਆ
ਕੰਨ ਕੀੜੀ ਵੱਜਦਾ ਪੌੜ ਗਿਆ
ਕਰ ਭੋਲੇ ਰੁੱਖ ਵੀ ਚੌੜ ਗਿਆ—
ਕੁੜੇ ਸੱਥਰ ਮੱਲ ਬਿਲਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੨੨॥

WWW.SIKHBOOKCLUB.COM

ਵਿਚ ਘੁੰਡ ਦੇ ਸ਼ੌਕ ਅਜ਼ਾਨ ਕਰੇ
ਲੁਕ ਬੁੱਕਲ ਕੌਲ ਕੁਰਾਨ ਕਰੇ
ਰਾਹ ਤਾਰੇ ਬਾਲ ਪਛਾਣ ਕਰੇ—
ਹੱਸ ਨੱਢੀ ਹੀਰ ਦਾ ਭਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੨੩॥

ਨਾਂਹ ਪੇਸ਼ ਮੇਰੇ ਦਰਿਆ ਦੀ ਹੋ
ਗੱਲ ਕੀਤੀ ਫ਼ਜਰ ਦੇ ਰਾਹ ਦੀ ਹੋ
ਵਿਚ ਚੀਨੇ ਧੂੜ ਹਵਾ ਦੀ ਹੋ—
ਵਿਚ ਕਾਸੇ ਕਿਰੇ ਵਿਸਾਲ ਪਿਆ
ਜੂਹ ਵੜਿਆ ਜੋਗੀ, ਹਾਲ ਪਿਆ॥੨੪॥

ਕੋਈ ਛਾਲਾ ਫੜਦਾ ਥਲ ਮਿਟਿਆ
ਅਣੀ ਨਾਲ ਹਵਾ ਦੇ ਚਲ ਮਿਟਿਆ
ਰਗ ਹਫ਼ਦੇ ਸਾਹ 'ਤੇ ਮੱਲ ਮਿਟਿਆ—
ਮੈਂ ਸ਼ਬਨਮ ਦਾ ਰੰਗ ਭਾਲ ਲਿਆ
ਜੂਹ ਵੜਿਆ ਜੋਗੀ, ਹਾਲ ਪਿਆ॥੨੫॥

*(ਅਗਸਤ, 1966)*

•

WWW.SIKHBOOKCLUB.COM

## ੪੪
# ਪੋਠੋਹਾਰ ਦੀ ਫ਼ਜਰ ਦਾ ਗੀਤ

ਮੈਂ ਕੂੰਜਾਂ ਦੀ ਨੀਂਦਰ ਸੁੱਤਾ
ਗੂੰਜੀ ਹੇਕ ਨਿਆਰੀ,
ਪੋਠੋਹਾਰ ਦੀਆਂ ਜੂਹਾਂ ਵਿਚ
ਫ਼ਜਰਾਂ ਦੀ ਸਰਦਾਰੀ।

ਮਿੱਟੀ ਦੇ ਵਿਚ ਨਾਗ ਸਤਾਣੇ
ਰੁੱਖਾਂ ਦੀ ਭਿੱਖ ਮੰਗਣ,
ਦੂਰ ਮੁਰੀਦ ਯਾਰ ਵਲ ਜਾਂਦੇ
ਛੱਡ ਸੁਹਾਂ ਦੀ ਯਾਰੀ।

ਰਿਜ਼ਕ ਵਸਾਖ, ਰਿਸ਼ਮ ਦੀ ਨ੍ਹੇਰੀ
ਭਰੀਆਂ ਪੌਣਾਂ ਹੁੱਲੀ,
ਬੇਲੱਜ ਕਣਕਾਂ ਬਾਜ਼ਾਂ ਪਿੱਛੇ
ਚੜ੍ਹੀਆਂ ਲਾਉਣ ਉਡਾਰੀ।

ਹਿੱਕੋ ਚਿਣਗ ਚੁੰਝ ਵਿਚ ਚਾਈ
ਪੱਥਰਾਂ ਉੱਤੇ ਕੂੰਜਾਂ,
ਬੈਠ ਲੁਕਾਵਣ ਖੰਭਾਂ ਹੇਠਾਂ
ਘੱਟ ਸਾਵਨ ਦੀ ਕਾਰੀ।

ਨਾਭ ਪਠਾਰਾਂ ਦੇ ਵਿਚ ਛਲਕੇ
ਹੜ੍ਹ ਕਣਕਾਂ ਦਾ ਮਾਤਾ,
ਦੂਰ ਸੁਹਾਂ ਦੇ ਰੁੱਖਾਂ ਉੱਤੇ
ਕੂਕੇ ਕੋਇਲ ਵਿਚਾਰੀ।

ਕਾਲੇ ਖੂਹ 'ਚੋਂ ਜ਼ਖ਼ਮੀ ਤਾਰੇ
ਸਾਨੂੰ ਚਾਵਣ ਆਏ,
ਢੋਕ ਫ਼ਜਰ ਦੀ ਨਾਰਾਂ ਖੜੀਆਂ
ਮਾਰਨ 'ਵਾਜ ਪਿਆਰੀ।

WWW.SIKHBOOKCLUB.COM 

ਖ਼ੂਨ ਸ਼ਹੀਦਾਂ ਦੇ ਦਰਵਾਜ਼ਿਉਂ
ਅੱਗੇ ਸਿਖਰ ਦੁਪਹਿਰਾਂ,
ਇਕ ਇਕ ਵਾਲ ਤੂਰ ਦਾ ਡਿੱਗਦਾ
ਚੜ੍ਹਦਾ ਸਿੰਧ ਅਪਾਰੀ।

ਸੀਨਾ ਸੂਹਲ ਕਮਲ ਦਾ ਫੜਕੇ
ਹੌਲ ਸਰਾਂ ਨੂੰ ਪੈਂਦੇ,
ਲਸ਼ਕਰ ਲੈ ਕੇ ਚਿੜੀ ਦੇ ਪਰ 'ਚੋਂ
ਲੰਘਦਾ ਪਿਆ ਸ਼ਿਕਾਰੀ।

ਬੂੰਦ ਸ਼ਹਿਦ ਦੀ ਪੱਥਰਾਂ ਉੱਤੇ
ਛੱਡ ਗਏ ਬ੍ਰਿਛ ਵਿਚਾਰੇ;
ਫਿਰਦਾ ਨਾਗ ਜੀਆ ਬਨਬਾਸੀ
ਚੱਟਦਾ ਬੂੰਦ ਉਧਾਰੀ।

ਲੂਸੇ ਕਮਲ, ਗਗਨ ਪੱਥਰੀਲੇ
ਬਹਿ ਗਏ ਹਸ਼ਰ ਦੇ ਬੂਹੇ,
ਕਿਸਦਾ ਦਰਦ ਸੁਣੇਗਾ ਸਾਈਂ?
ਕਾਲ-ਕੋਟ ਭੈ ਭਾਰੀ!

*(ਜੁਲਾਈ, 1966)*

•


WWW.SIKHBOOKCLUB.COM

## 89

# ਗੋਰਖ ਨਾਥ ਜੋਗੀ ਦਾ ਆਵੇਸ਼

### (1)

ਸਿਆਲਕੋਟ ਦੀ ਜੂਹ ਦੇ ਅੰਦਰ
ਜੋਗੀਆਂ ਦਾ ਝੁੰਡ ਇਕ ਉਤਰਿਆ।
ਖ਼ੂਨੀ ਖ਼ੂਹ ਦੇ ਕੋਲੇ
ਗੋਰਖ ਨਾਥ ਪੰਜਾਬ ਦੇ ਜੋਗੀ ਨੇ
ਹੇਕ ਲਾਈ ਡੁੱਬਦੇ ਸੂਰਜ ਨੂੰ ਦੇਖ ਕੇ:
"ਮੈਂ ਪਹੁੰਚਿਆ ਸਮੇਂ ਦੀ ਆਖ਼ਰੀ 'ਵਾਜ ਲੈ
ਮੰਜ਼ਲਾਂ ਮੇਰੇ ਖੰਭ ਹੋਈਆਂ,
ਮੈਂ ਉੱਡਿਆ, ਕੋਈ ਅਸਮਾਨ ਨ ਰਿਹਾ ਵੋ!...
ਗਾੜ੍ਹੀ ਅਗੋਚਰ ਸੁੰਨ ਦੇ ਹੇਠਾਂ ਮੈਂ
ਚੀਕ ਕੇ ਨਸਦੀ ਦੇਖੀ
ਬੇਸ਼ੁਮਾਰ ਸੂਰਜਾਂ ਦੀ ਰੱਤ ਹੋ।

"ਹੌਲਨਾਕ ਕੜਕ ਦੇ ਹੇਠਾਂ
ਨਬੀ ਤੇ ਨਾਥ ਸੁੱਤੇ;
ਸਮੇਂ ਦੀਆਂ ਉੱਚੀਆਂ ਹੇਕਾਂ ਦੇ ਕਦਮਾਂ 'ਚ
ਟੁੱਟੇ ਮੁਕਟ ਤਾਰਿਆਂ ਦੇ ਰੁਲਦੇ—
ਰੋਹ ਦੀ ਡੂੰਘੀ ਨੇਸ ਖੁਭੀ
ਸਾਰੇ ਪਤਾਲ ਹੀ ਸੁੰਨ ਵੋ!
ਰੋਹ ਦੀ ਕਾਲੀ ਅਯਾਲ ਦਾ ਫੈਲਿਆ ਜੰਗਲ
ਸ਼ਾਹ ਰਗ ਦੇ ਹੇਠਾਂ ਮੇਦਨੀ-ਮੂਰਛਾ ਫੈਲੀ।
ਇਕ ਇਕ ਕਣੀ ਸ੍ਵੈਤ
ਮੇਰੇ ਧਿਆਨ 'ਚੋਂ ਕਾਲੀ ਅਯਾਲ 'ਤੇ ਪੈਂਦੀ—
ਗਹਿਰੀ ਅੱਖ ਦੇ ਲਹੂ ਨਾਲ
ਕਦੇ ਕਦੇ ਮੈਂ ਭੈਅ ਨੂੰ ਚੀਰਦਾ
ਮੈਂ ਗਾੜ੍ਹੀ ਅਗੋਚਰ ਸੁੰਨ ਵਿੱਚੋਂ

WWW.SIKHBOOKCLUB.COM

ਜਗਤ ਦੀ ਮਾਇਆ ਨੂੰ ਧੂੰਹਦਾ—
ਮੈਂ ਆਪਣੀ ਕਾਇਆਂ ਨੂੰ ਨੋਚਦਾ
ਲਹੂ ਦੇ ਆਖ਼ਰੀ ਨਸ਼ੇ 'ਚੋਂ।
ਮੈਂ ਅਲਖ ਦੀ ਗੁੰਮੀ ਅੱਗ 'ਚੋਂ
ਨਾਰਾਂ ਨੂੰ ਨਗਨ ਕਰਦਾ ਬਸਤਰ ਉਤਾਰ ਕੇ—
ਮੇਰੀਆਂ 'ਵਾਜਾਂ ਰੋਹੀਆਂ ਦੇ ਵਾਂਗ ਸੁੱਕੀਆਂ,
ਅੱਖਾਂ ਦੀ ਹਿੰਸਾ ਚੋਂ ਫੇਰ ਉੱਠਦਾ
ਮੈਂ ਰੱਜਿਆ ਸੋਮ ਰਸ ਪੀ ਕੇ ਨਿਕਲਦਾ
ਸਾਉਣ ਜਿਉਂ ਹਰਾ ਕਚੂਰ ਹੋ।

"ਜਾਨ ਨੂੰ ਤੁੰਬ ਕੇ ਸੁੱਟਦਾ ਦੂਰ ਤਕ
ਤਾਂ ਰੁੱਖਾਂ ਦੇ ਸੰਘਣੇ ਬੇਲੇ
ਸੁੰਨ 'ਚੋਂ ਮਾਰ ਕਿਲਕਾਰੀਆਂ ਨਿਕਲਦੇ—
ਮੇਰੀ ਜਾਨ ਗਾੜ੍ਹੀ
ਭਾਰੇ ਹੜ੍ਹਾਂ ਵਰਗੀ
ਧਿਆਨ ਸਮੇਟ ਕੇ ਚੁੱਪ ਦਾ
ਨਿਰ-ਧਿਆਨ ਮੇਦਨੀ ਕਰਦੀ।

"ਕਦੇ ਕਦੇ ਮੈਂ ਸੁੰਨ 'ਅੱਖਰ 'ਚ ਉਤਰਦਾ
ਕੂੰਜਾਂ ਦੇ ਹੜ੍ਹ ਦੀ ਫਰਫਰ ਸਿਤਾਰਿਆਂ ਤੀਕਣ
ਗੂੰਮਦੀ ਇਕ ਠੰਢਾ ਫਰਾਟਾ ਮਾਰ ਕੇ,
ਜਿਉਂ ਵਣਾਂ ਦੇ ਕਾਫ਼ਲੇ ਲੱਖਾਂ
ਕਿਸੇ ਵਲੀ ਦੇ ਮਹਿਰਮ ਤੀਰ ਦੇ ਪਿੱਛੇ ਉੱਡਦੇ।
ਰੁੱਖ ਦੀ ਗੁਪਤ ਜੜ ਵਾਂਗੂੰ
ਮੈਂ ਸੁੰਨ ਵਿਚ ਲੇਟਦਾ
ਬਾਹਰ ਕਾਇਆਂ ਦੇ ਹੜ੍ਹ ਪਏ ਵਗਦੇ
ਗਿਆਨ-ਬਿਭੂਤੀ ਮੈਂ ਥੀਂਵਦਾ,
ਮੇਰੇ ਹੜ੍ਹ ਪਏ ਲੱਭਦੇ ਮੈਨੂੰ;
ਮੈਂ ਕਾਲ ਦੀ ਆਕੀ ਭੁਜਾ ਨੂੰ ਤੋੜ ਕੇ
ਧੂੜ ਦੇ ਅੰਨ੍ਹੇ ਗੁਬਾਰ ਵਿਚ ਸੁੱਟਦਾ;
ਕੋਪ-ਰਗਾਂ ਵਿਚ ਸੂਰਜ ਨਿਗਲ ਕੇ
ਮੈਂ ਕਿੱਕਰਾਂ ਦੇ ਝੁੰਡ ਵਿਚ ਤਾਣੀ ਤਾਣਦਾ—
ਨ੍ਹੇਰ-ਚਾਨਣ ਜ਼ਿਮੀਂ-ਅਸਮਾਨ ਤੋਂ ਬਾਹਰ ਦੀ
ਮੈਂ ਗੁਪਤ ਤਿਊੜੀ ਆਖ਼ਰੀ—
ਅਬੋਲ ਹੁਕਮ, ਕਹਿਰ ਦੀ ਚੁੱਪ ਜ਼ਬਾਨ ਹੋ

ਮੇਦਨੀ ਦੀਆਂ ਸੁਹਲ ਰਗਾਂ 'ਤੇ ਲਿਪਟਿਆ ਸਿੱਕਾ;
ਜਬਰ ਦੀ ਚੁੱਪ ਵਿਚ
ਨਜ਼ਰ ਜਦ ਕਰਦੀ ਗਹਿਰੀਆਂ ਸਾਜ਼ਿਸ਼ਾਂ,
ਛਲਕਦੇ ਲੱਖਾਂ ਭੁਚਾਲ ਹੋ,
ਹੜ੍ਹ ਨਸਦੇ ਪਾਗ਼ਲ ਦੇ ਵਾਂਗ ਚੀਕਦੇ ਰੋਂਵਦੇ,
ਇਸ ਭਾਰੀ ਹੌਂਕ ਦੇ ਉੱਤੇ
ਮੈਂ ਬੰਨ੍ਹਿਆ ਮਿੱਠੀਆਂ ਸੁਰਾਂ ਦੀ 'ਵਾਜ ਨੂੰ।
ਫੇਰ ਮੈਂ ਜ਼ਿਮੀਂ ਦੇ ਕੌੜੇ ਹੜ੍ਹਾਂ ਨੂੰ
ਜੀਭ ਦੇ ਹੇਠਾਂ ਨੱਪਦਾ,
ਮੈਂ ਜੀਭ ਹੋ ਸੌਂਦਾ ਸੁਹਲ ਕਮਲ ਦੀ ਛਾਤੀ 'ਤੇ!

"ਮਲੂਕ ਨਦੀਆਂ ਦੀ ਕਾਮੀ ਜੂਹ ਵਿਚ
ਮੈਂ ਭੇਜਦਾ ਮੁੰਨਿਆਂ ਨਵਾਂ ਮਲੂਕ ਚੇਲੜਾ,
ਜੋ ਹੁਸਨ ਦੀ ਰੱਜਵੀਂ ਭੁੱਖ ਲੈ
ਪਰਤਦਾ ਨੀਵੀਂ ਅੱਖ ਕਰ ਜੋਗ ਦੇ ਆਂਗਣ।

"ਸੁੰਨ ਦੀਆਂ ਖੁੱਲਣ ਵਰਾਛਾਂ
ਮੈਂ ਬਾਹਰ ਆਂਵਦਾ ਭੁੱਖਾ ਤਿਹਾਇਆ—
ਪੱਥਰਾਂ 'ਤੇ ਖਿਲਰੇ ਰਿਜ਼ਕ ਦੇ ਦਾਨਿਆਂ ਉੱਤੋਂ
ਝੁਕ ਕੇ ਮੈਂ ਪੰਛੀਆਂ ਦੇ ਸਬਰ ਨੂੰ ਚੁੱਕਦਾ
ਰੁਕਦਾ ਭੋਲੀਆਂ ਅੱਖਾਂ ਦੇ ਸਹਿਮ ਕੋਲੇ।

"ਇਹਨਾਂ ਨਿੱਕਿਆਂ ਰਾਹਾਂ 'ਤੇ
ਰਾਹਾਂ ਤੋਂ ਕਿਤੇ ਵੱਡੇ ਨਾਥ ਦਾ ਆਸਨ
ਕਿਤੇ ਵੱਡੇ ਰਥ ਦਾ ਚੀਕਦਾ ਪਹੀਆ।
ਹੁਕਮ ਦਾ ਅੰਤ ਨ ਆਦਿ ਹੋ
ਦਾਵਾ ਆਗਨੀ ਤੇ ਮੂਰਛਿਤ ਤਰਬਾਂ,
ਮੂਰਛਿਤ ਕਾਫ਼ਲਾ ਰੂਹਾਂ ਦਾ।
ਸਮਝ ਨ ਆਵੇ ਇਸ ਨਿੱਕੇ ਸਫ਼ਰ ਵਿਚ
ਸੀਨੇ ਦੇ ਨੰਨ੍ਹੇ ਭੈਅ ਵਿਚ ਕਿੱਡਾ ਨਾਥ ਹੋ!"

(2)

ਨਾਥ ਨੂੰ ਖੋਹ ਪੈਂਦੀ:
ਗੂੰਜਦੇ ਅਹੁੰ ਦੇ ਨਾਦ ਵਿਚ
ਸੱਚ ਦਾ ਆਖ਼ਰੀ ਹੁਕਮ ਜਦ ਦਿੰਦਾ।

WWW.SIKHBOOKCLUB.COM

ਸਿਆਲਕੋਟ ਦੀਆਂ ਗਲੀਆਂ ਦੇ ਅੰਦਰ
ਪਤਲੀ ਮਹੀਨ ਧੂੜ ਦੇ ਉਹਲੇ
ਭਰਨ ਹੌਕਾ ਦੂਰ ਦੇ ਰਾਹੀ—
ਸ਼ਹਿਰ ਦੀ ਸਰਾਂ ਦੇ ਸੁੰਞੇ ਆਂਗਣੀਂ
ਸਮੇਂ ਦੇ ਲੱਖਾਂ ਪਰਦੇ ਗੁਮਨਾਮ ਹੁੰਦੇ—
ਛੱਤ 'ਤੇ ਬੈਠੇ ਕਬੂਤਰਾਂ ਦੇ ਪਰਾਂ ਹੇਠਾਂ
ਸੁੰਨ ਦਾ ਨ੍ਹੇਰਾ ਫੈਲਦਾ—
ਕੋਈ ਮਟਕੀ ਦੁੱਧ ਦੀ ਚੁੱਕੀ
ਸ਼ਹਿਰ 'ਚੋਂ ਨਿਕਲਿਆ
ਰੁਖ਼ ਕੀਤਾ ਜੋਗੀਆਂ ਦੀ ਜੂਹ ਵਲ—
ਪੌਣ ਦਾ ਲਹੂ ਨਾਲ ਭਿੱਜਿਆ ਦਾਮਨ
ਬਾਗ਼ ਦੇ ਸੁੱਕੇ ਟਾਹਣਾਂ ਚੋਂ ਲੰਘਦਾ।
ਪੀਲੇ ਪੱਤਾਂ ਦੇ ਸੀਨੇ 'ਤੇ ਵੱਜਦੇ ਫਰਾਟੇ
ਜਿਵੇਂ ਦਰਿਆ ਲੱਖਾਂ ਵਗਦੇ ਆਵਣ।
ਲੂਣਾ ਨੇ ਬਾਂਦੀ ਨੂੰ ਭੇਜਿਆ
ਖ਼ਾਨਗਾਹ 'ਤੇ ਦੀਵਾ ਬਾਲ ਕੇ ਆਵੇ।

ਰਾਜੇ ਸਲਵਾਨ ਨੂੰ ਜਾਪੇ
ਨ੍ਹੇਰ ਵਿਚ ਕਾਇਆਂ ਕਿਰ ਕਿਰ ਡਿੱਗਦੀ
ਖ਼ਾਕੀ ਪੱਤ ਹੋ ਰੁਲਦੀ ਦੀਨ-ਰੰਕ ਦੇ ਦਰਾਂ 'ਤੇ,
ਜਿਸ 'ਤੇ ਆਉਂਦੀਆਂ ਜਾਂਦੀਆਂ ਪੌਣਾਂ
ਉਤਰ ਆਵਣ ਮੌਤ ਨੂੰ ਪੀਣ ਲਈ।

ਮਾਂ ਇਛਰਾਂ ਚਾਨਣੀ ਦੇ ਪਰਦੇ ਚੁੱਕ ਚੁੱਕ
ਵਣਾਂ ਦੇ ਰੰਗਾਂ ਨੂੰ ਲਾਹ ਕੇ
ਨਜ਼ਰ ਦੇ ਸਭ ਦਰਵਾਜ਼ੇ ਦੂਰ ਕਰ
ਦੇਖਣੇ ਨੂੰ ਪੂਰਨ ਸਿੱਕਦੀ
ਪੁੱਤਰ ਦੀ 'ਵਾਜ ਨੂੰ ਸੁਣਨਾ ਮੰਗਦੀ
ਚੁੱਪ ਵਰਤਾਂਵਦੀ!
ਜਿੰਨੇ ਵੀ ਬਿਟਰੇ ਬੋਲ ਜਹਾਨ ਦੇ
ਪੌਣਾਂ ਦੇ ਚੰਚਲ ਫਰਾਟੇ
ਪਿੱਪਲਾਂ ਦੀ ਖੜ ਖੜ
ਪੈਰਾਂ ਦੀ ਚਾਪ, ਘੋੜਾਂ ਦੀ ਟਾਪ,
ਅੰਨ੍ਹਾ ਖੜਾਕ ਜਾਂ
ਪਿਆਰ ਦੀ ਹਾਕ ਜਾਂ
ਇੱਛਰਾਂ ਦੀ ਛਾਤੀ 'ਚ ਸੁੱਤੀਆਂ ਲੋਰੀਆਂ ਨਾ' ਸੌਂਵਦੇ।

ਪੂਰਨ ਦੇ ਬੁੱਚੇ ਅੰਗਾਂ 'ਤੇ
ਹਰੀਆਂ ਸ਼ਾਖਾਂ ਉਲਾਰੀਆਂ ਵਣਾਂ ਨੇ—
ਤਾਰਿਆਂ ਦੀ ਲਿਸ਼ਕਾਰ ਦਾ ਵੇਲਾ
ਜ਼ਖ਼ਮਾਂ 'ਤੇ ਜੱਲਾਦਾਂ ਦੇ ਅੱਥਰੂ ਸੁੱਟਦਾ—
ਸਮੇਂ ਦੇ ਕੱਚੇ ਬੋਲ ਨੂੰ
ਚੰਨ ਇਕ ਝੱਖੜ ਦੀ ਅੱਗ ਲਾ ਪਾਟਿਆ।

ਵੱਡਿਆਂ ਤਖ਼ਤਾਂ ਦੇ ਕੋਲੇ
ਕੂੜ ਦੇ ਹਾਕਮ ਨੂੰ ਸੁੱਟ ਕੇ,
ਖ਼ੂਨ ਸ਼ਹੀਦਾਂ ਦੀ ਸੱਦ ਨਾਲ ਚੱਲੇ
ਬੇਸ਼ੁਮਾਰ ਅੱਖਾਂ ਦੇ ਬਾਗ਼ੀ ਲਹੂ,
ਪਰਚਮ ਤੇ ਤਾਰਿਆਂ ਦੇ ਕੈਦੀ ਬੰਨ੍ਹ ਕੇ
ਖ਼ਾਕ ਨੂੰ ਅਹੂੰ ਦੀ ਅੱਗ ਤਕ ਤੋੜ ਕੇ।

ਬੁੱਚੇ ਅੰਗਾਂ ਤੋਂ ਅੱਗੇ
ਸੁੰਨ ਨੇ ਚੱਬ ਦਿੱਤੇ ਲਸ਼ਕਰ ਹਜ਼ਾਰਾਂ—
ਇਕ ਚੀਸ ਵੱਟੀ ਪੂਰਨ ਦੀ ਕੋਹੀ ਰੱਤ ਨੇ
ਤਾਂ ਇਛਰਾਂ ਦੇ ਬੇਸ਼ੁਮਾਰ ਹੱਥ ਆ ਲੱਗੇ ਓਸ ਨੂੰ।

(3)

ਗੋਰਖ ਨਾਥ ਨੇ ਚੰਨ ਦੀ ਟਿੱਕੀ ਨੂੰ ਦੇਖਿਆ
ਲਹੂ ਨੂੰ ਦਿੱਤਾ ਧਿਆਨ ਦਾ ਆਸਰਾ:
"ਰੁੱਖਾਂ ਤੇ ਨਦੀਆਂ ਨੇ ਸਦਾ ਨਹੀਂ ਰਹਿਣਾ,
ਰਹੇਗਾ ਕੌੜੀ ਮਿੱਟੀ 'ਚ ਰਹੇਗਾ
ਧਿਆਨ ਦਾ ਅਦ੍ਰਿਸ਼ਟ ਪਿੰਜਰ—
ਜਿਸਦੇ ਚੁਫੇਰੇ
ਭੈਅ ਬਲਵਾਨ ਮੇਰੀ ਰੱਤ ਦਾ
ਸਦਾ ਹੀ ਫਿਰਦਾ ਰਹੇਗਾ।
ਮੁਰਝਾਉਂਦੇ ਰੁੱਖਾਂ ਦੇ ਹੇਠਾਂ
ਰੋਗ ਦੀ ਫਾਹੀ ਤੋਂ ਡਿੱਗਦੇ ਜੀਵ ਦੇ ਕੋਲੇ
ਸੁੱਕੀਆਂ ਨਦੀਆਂ ਦੇ ਸੀਨੇ
ਧਿਆਨ ਦੇ ਅਦ੍ਰਿਸ਼ਟ ਪਿੰਜਰ 'ਚੋਂ ਉਠ ਕੇ
ਮੈਂ ਇੱਕੋ ਬੁਰਕ ਵਿਚ ਚਿੱਥ ਸੁੱਟਾਂਗਾ
ਕੁਲ ਧਰਤੀਆਂ ਦੇ ਸੀਨੇ 'ਤੇ ਝੂੰਮਦੇ ਘਾਹ ਨੂੰ।


WWW.SIKHBOOKCLUB.COM

ਮੰਨਿਆ ਰੰਗ ਦਾ ਸੰਗ ਮੈਂ ਕਰਦਾ,
ਵਗਦੇ ਪਾਣੀਆਂ ਦਾ ਮੋਹ ਕਰਦਾ ਰੱਜ ਕੇ,
ਰੁੱਖਾਂ ਨੂੰ ਤਰਦਾ,
ਪਸ਼ੂਆਂ ਨੂੰ ਨਸ ਨਸ ਫੜਦਾ,
ਹੁੰਦਾ ਮੁਰੀਦ ਚੰਨ ਦੀ ਟਿੱਕੀ ਦੇ ਨਸ਼ੇ ਦਾ,
ਪਰ ਸਭ ਤਰਬਾਂ ਨਸ਼ੀਲੀਆਂ
ਮੈਂ ਉਸ ਰੱਤ ਵਿਚ ਸੁੱਟਦਾ ਬੇਪਰਵਾਹ ਸ਼ਹਿਨਸ਼ਾਹਾਂ ਦੇ ਵਾਂਗੂੰ,
ਜਿਸਦਾ ਭੈਅ ਬਲਵਾਨ
ਪਲ ਦੀ ਚੁੱਪ ਵਿਚ ਸੁੱਤਿਆਂ ਸਿੰਘਾਂ ਦਾ ਰੋਹ
ਧਿਆਨ ਅਦ੍ਰਿਸ਼ਟ ਦੇ ਫਿਰਦਾ ਚੁਫੇਰੇ।
ਖ਼ੂਨ ਸ਼ਹੀਦਾਂ ਦੇ ਕੰਢੜੇ
ਭਖਦੇ ਸੂਹੇ ਤੰਬੂ ਧਰਮ ਦੇ,
ਮੈਂ ਬਲ ਰਿਹਾ ਓਥੇ
ਦਰਵੇਸ਼ ਜਿਹਾ ਦੀਵਾ।
ਅਭਿਸ਼ਾਪ ਦੇ ਤੜਪਦੇ ਪੰਜੇ ਦੇ ਹੇਠਾਂ
ਲੱਖ ਦੁਸ਼ਟਾਂ ਦੇ ਰਾਜਾਂ ਦੀ ਭਸਮ ਮੈਂ ਦੱਬਦਾ
ਖ਼ੂਨ ਸ਼ਹੀਦਾਂ ਬਸ ਮੈਂ ਆਪ ਹਾਂ।"

(4)

ਨਾਦ ਵੜਿਆ ਗਗਨ ਦੀ ਜੂਹ ਵਿਚ
ਜਿਉਂ ਹਾਥੀਆਂ ਦੀ ਧਮਕ ਪੈਂਦੀ ਜੰਗਲਾਂ।
ਜੋਗੀ ਦਾ ਸੰਖ ਪਿਆ ਗੂੰਜਦਾ
ਸਾਰੇ ਅਕਾਸ਼ ਸੰਖ ਦੀ ਗੂੰਜ ਨੇ!
ਪੱਛੇ ਅੰਗ ਨੇ ਧਰਤ ਦੇ ਰੁਲਦੇ,
ਬੇਲੇ ਪਾੜ ਕੇ ਸੁੱਟੇ ਕਿਸ ਨੇ ਰਾਹ ਵਿਚ!
ਦਸਵੇਂ ਦੁਆਰ ਦੇ ਗੁੰਬਦ 'ਚ ਖੜਾ ਹੈ ਜੋਗੀ,
ਬਸਤਰ ਉਤਾਰ ਕੇ ਧਰਤ ਦੇ
ਨਦੀ ਕੋਈ ਨਗਨ ਹੋਈ–
ਜੰਗਲਾਂ ਦਾ ਪਰਦਾ ਚੁੱਕ ਕੇ
ਪੰਛੀ ਦੀ ਅੱਖ ਇਕ ਚਮਕੀ–
ਦੀਵਾ ਦਰਵੇਸ਼ ਦਾ ਤੱਕ ਕੇ
ਰੈਣ ਫ਼ਕੀਰਨੀ ਚੱਲੀ–
ਜੋਬਨ ਦੀ ਉਮਰ ਵਿਚ ਧਰਤ ਦੇ ਸੀਨੇ 'ਤੇ
ਕਾਲੇ ਖੂਹਾਂ ਦੀਆਂ ਨੇਸ਼ਾਂ ਖੁਭੀਆਂ;


WWW.SIKHBOOKCLUB.COM

ਤਦ ਸੰਖ ਦੀ ਗੂੰਜ 'ਚੋਂ ਵਲੀਆਂ ਦੀ 'ਵਾਜ ਇਕ ਆਈ,
ਨਾਥ ਦਾ ਮੋਨ ਬੁੱਤ ਉਤਰਿਆ
ਮੋਨ ਅੱਖ ਹੋਈ ਦਸਮ ਦੁਆਰ ਦੀ;
ਪੱਛਿਆਂ ਅੰਗਾਂ ਨੂੰ ਆਂਵਦਾ ਚੇਤਾ,
ਮਿਹਰਬਾਨ ਮੁਰਸ਼ਦ ਦਾ ਦੂਰੋਂ,
ਅਸੀਸਾਂ ਲੰਘਦਿਆਂ ਮੁਸਾਫ਼ਰਾਂ ਦੀਆਂ
ਮੂਰਛਾ 'ਚੋਂ ਟਾਹਣੀਆਂ ਦੇ ਵਾਂਗੂੰ ਫੁੱਟੀਆਂ।
ਨਾਥ ਖੜਾ ਪਾਉਂਦਾ
ਖ਼ੈਰ ਗ਼ਰੀਬਨੀ ਧਰਤ ਨੂੰ
ਰੁੱਤਾਂ ਦੀਆਂ ਘੁੱਘੀਆਂ ਨੂੰ ਚੋਗਾ ਚੁਗਾਂਵਦਾ।

*(ਅਗਸਤ, 1966)*

•


WWW.SIKHBOOKCLUB.COM

# 90

# ਜੋਗ ਦੇ ਪੈਂਡੇ

[ਖ਼ੂਨੀ ਖ਼ੂਹ 'ਚੋਂ ਬਾਹਰ ਆ ਕੇ, ਗੋਰਖ ਨਾਥ ਤੋਂ ਜੋਗ ਪਾ ਕੇ, ਰਾਣੀ ਸੁੰਦਰਾਂ ਨੂੰ ਤਿਆਗ ਕੇ, ਫਿਰ ਨਾਥ ਨੂੰ ਵੀ ਛੱਡ ਕੇ ਪੂਰਨ ਮਾਂ ਇੱਛਰਾਂ ਦੇ ਦੇਸ ਵੱਲ ਤੁਰਦਾ ਹੈ। ਜੰਗਲਾਂ ਵਿਚ ਮਾਂ ਦਾ ਮੋਹ 'ਵੈਰਾਗ ਦੀ ਸ਼ੂਕਦੀ ਨੈਂ' ਦਾ ਰੰਗ ਅਖਤਿਆਰ ਕਰਦਾ ਹੈ, ਜੋ ਕਿ ਇਹਨਾਂ ਗੀਤਾਂ ਵਿਚ ਬੰਨ੍ਹਿਆ ਹੈ।]

(1)

ਰੋਹੀਆਂ 'ਚ ਟੁੱਟ ਟੁੱਟ ਪੈਂਦੇ ਕਾਸੇ!
ਮਾਏ ਛਾਵਾਂ ਨਜ਼ਰ ਨ ਆਵਣ
ਪੀਲੇ ਪੱਤਰਾਂ ਦੇ ਧਰਵਾਸੇ।

ਸੱਥਰਾਂ ਤੋਂ ਸਿਰ ਚੁੱਕ ਚੁੱਕ ਤਕਦੇ
ਬਿਰਖਾਂ ਵਾਂਗੂੰ ਦੇਸ ਉਦਾਸੇ।

ਕੂੰਜਾਂ ਜਦ ਉੱਡ ਜਾਵਣ ਮਾਏ
ਰੋਹੀਆਂ ਬਹਿ ਕੇ ਦੇਣ ਦਿਲਾਸੇ।

ਨਾਗਾਂ ਦੇ ਗੱਲ ਲੱਗੀਏ ਰਾਤੀਂ
ਧੁਖ ਧੁਖ ਪੈਂਦੇ ਫ਼ਜਰ ਨੂੰ ਪਾਸੇ।

ਸੁੰਞੇ ਜੰਗਲ ਮੌਤ ਦੀ ਗਾਨੀ
ਜੋਬਨ ਜਾਂਦੇ ਆਵਣ ਹਾਸੇ।

ਦੂਰੋਂ ਪੰਖੀ ਰਿਜ਼ਕ ਨੂੰ ਆਏ
ਖ਼ਾਲੀ ਜੰਗਲ, ਕੰਕਰ ਪਿਆਸੇ।

(2)

ਰੋਹੀਆਂ 'ਚ ਫਿਸ ਫਿਸ ਜਾਂਦੇ ਛਾਲੇ!
ਹੁਣ ਤਾਂ ਜੋਗੀ ਦੇਸ ਬਿਗਾਨੇ
ਹੁਣ ਤਾਂ ਸੂਰਜ ਹੋ ਗਏ ਕਾਲੇ।


WWW.SIKHBOOKCLUB.COM

ਸਮਿਆਂ ਦੇ ਹੱਥ ਖੂਹਾ ਪੁੱਟਦੇ
ਖ਼ਾਲੀ ਹੋ ਗਏ ਬਖ਼ਸ਼ਿਸ਼ ਵਾਲੇ।

ਸਾਵਨ ਦੇ ਵਿਚ ਕੂੰਜਾਂ ਮੋਈਆਂ
ਨਦੀਆਂ ਨੇ ਜਦ ਕੌਲ ਨਾ ਪਾਲੇ।

ਬੂਰ ਦੇ ਵਾਂਗੂੰ ਸੁੱਕ ਗਏ ਮਾਏ
ਜੋਗੀ ਮਰ ਮਰ ਦੇਸ ਜੋ ਭਾਲੇ।

ਜੰਗਲਾਂ ਵਿਚ ਕੋਈ ਖੈਰ ਨ ਪਾਵੇ
ਸੁੱਕੀਆਂ ਨਦੀਆਂ, ਦੇਸ ਨਿਕਾਲੇ।

ਫ਼ਜਰਾਂ ਦੇ ਘੁੰਡ ਝਿਮ ਝਿਮ ਚੁੱਕਦਾ
ਜੋਗੀ ਸੁੰਨ-ਵਿਭੂਤ ਦਿਖਾਲੇ।

ਨਦੀਆਂ ਦੇ ਜਦ ਵਹਿਣ ਨੇ ਸੁੱਕਦੇ
ਜੋਗੀ ਜੋਗ ਦੀ ਪੈਂਦਾ ਚਾਲੇ।

ਨੀਰ ਨ ਬਿਰਖ ਨ ਰਿਜ਼ਕ ਨ ਮਾਏ
ਪੱਥਰਾਂ ਕੀਕਨ ਪੰਖੀ ਪਾਲੇ ?

ਬੁੱਲ੍ਹਿਆਂ ਵਾਂਗੂੰ ਫਿਰਦਾ ਕਮਲਾ
ਜੋਗੀ ਨਾਰ ਦਾ ਜੋਬਨ ਟਾਲੇ।

ਥਲ ਦੀ ਮਹਿੰਦੀ, ਸੂਰਜ ਜ਼ਹਿਰੀ
ਡੀਕਣ ਲੱਗਿਆ ਕਹਿਰ ਵਿਚਾਲੇ।

ਖੂਹ ਦੀ ਸੁੰਨੀ 'ਵਾਜ ਨੀ ਮਾਏ
ਸੁੱਕੇ ਸੁਫਨੀਂ ਰੁਲਦੀ ਹਾਲੇ।

ਜਿਸ ਪਲ ਸੂਰਜ ਰਹੇ ਨ ਕੋਈ
ਉਹ ਚਾਨਣ ਤਕ ਨੈਣ ਮੈਂ ਗਾਲੇ।

ਖੰਭ ਪਰਦੇਸੀ, ਵਾਟ ਹੈ ਸ਼ੂਨੀ
ਟੁੱਟ ਟੁੱਟ ਜਾਂਦੇ ਰਹਿਮ-ਪਿਆਲੇ।

(3)

ਰੋਹੀਆਂ 'ਚ ਸੁੱਕ ਸੁੱਕ ਜਾਂਦੇ ਪਾਣੀ।
ਖ਼ੂਨੀ ਖੂਹ ਦੀ ਮੌਣ ਤੋਂ ਗੋਰਖ
ਮਾਰੀ 'ਵਾਜ ਸੀ ਬਹੁਤ ਪੁਰਾਣੀ।


WWW.SIKHBOOKCLUB.COM

ਬੁੱਚੇ ਅੰਗ ਲਗਰ ਜਿਉਂ ਝੂਮੇ
ਤੂੰ ਹੀ ਮਾਂ ਉਹ ਝੂਮਣ ਜਾਣੀ।

ਗੋਰਖ ਪਿਉ ਸਲਵਾਨ ਹਮਾਰਾ
ਜੋਗੀ ਪੁੱਤਰ-ਮੋਹ ਦਾ ਹਾਣੀ।

ਤੇਰੀ ਗੋਦ ਮੇਰਾ ਫੁੱਲ ਖਿੜਦਾ
ਬਿਰਖਾਂ ਡੀਕੀ ਮੌਤ ਅਲਾਣੀ।

ਇੱਕੋ ਨਾਦ ਸੁੰਨ ਦੀ ਕਾਇਆਂ
ਤਪਣਾ ਜਿਸਨੇ ਜਨਮਾਂ ਤਾਣੀ।

ਜੋ ਅੰਗ ਹਰਿਆ ਦੇਹ ਦਾ ਮਾਏ
ਉਸ ਅੰਗ ਲਈ ਮੈਂ ਉਮਰ ਗੁਆਣੀ।

## (4)

ਰੋਹੀਆਂ 'ਚ ਭੁੱਲ ਭੁੱਲ ਜਾਂਦੇ ਬੇਲੀ।
ਕਮਲੀ ਜਿੰਦ ਪਰਦੇਸਣ ਝੂਰੇ
ਛਿਪਦੇ ਸੂਰਜ ਨਾਲ ਨ ਖੇਲੀ।

ਲੱਖਾਂ ਤਾਰੇ ਪੇਸ਼ ਨ ਜਾਏ
ਅੱਥਰੂ-ਸੂਰਜ ਜਾਨ ਨ ਮੇਲੀ।

ਡੁੱਬਾਂ ਕਿਹੜੀ ਸੁੰਨ 'ਚ ਮਾਏ
ਜਿੰਦ ਹੋ ਜਾਵੇ ਮੁੜ ਅਲਬੇਲੀ।

ਜੋਗ ਦੀ ਵਾਟ ਸੁੰਦਰਾਂ ਸੁੱਤੀ
ਪੱਤਿਆਂ ਵਰਗੀ ਨਾਰ ਨਵੇਲੀ।

ਮੇਰੀ ਬੁੱਕਲੇ ਹਰਿਆ ਬੂਟਾ
ਕਾਇਆਂ ਦੀ ਸੁੰਨ ਮੌਤ-ਸਹੇਲੀ।

ਰੋਗ ਹਮਾਰਾ ਜੋਗ ਦਾ ਪੱਤਣ
ਬੇੜੀ ਲੰਘ ਗਏ ਜੋਬਨ ਠੇਲ੍ਹੀ।

ਸੁੱਕਿਆਂ ਪੱਤਿਆਂ ਦੀ ਛਾਂ ਮਾਏ
ਕਾਹਤੋਂ ਵਾਵਾਂ ਜਾਨ ਝਮੇਲੀ ?


WWW.SIKHBOOKCLUB.COM

(5)

ਰੋਹੀਆਂ 'ਚ ਡੁੱਬ ਡੁੱਬ ਜਾਂਦੇ ਤਾਰੇ!
ਕਿਹੜੇ ਫੁੱਲ ਦੀ ਛਾਂ ਦੇ ਹੇਠਾਂ
ਤੇਗਾਂ ਦਿਲ ਦੇ ਲਹੂ ਸ਼ਿੰਗਾਰੇ।

ਹੁਣ ਤਾਂ ਪੰਖ ਵੀ ਹੋ ਗਏ ਕੰਕਰ
ਬੰਦ ਨੇ ਸੁੰਨ ਦੇ ਬੂਹੇ ਭਾਰੇ।

ਲੂਣਾ ਮਾਂ ਦੇ ਨਗਰ 'ਚ ਆਏ
ਜੋ ਬਿਰਖਾਂ ਨੂੰ ਬਹੁਤ ਪਿਆਰੇ।

ਖ਼ੂਨੀ ਜੂਹ ਵਿਚ ਕੂਕੇ ਮਾਏ
ਸੁੱਕੇ ਖ਼ੂਹਾਂ ਦੇ ਅੰਗਿਆਰੇ।

ਨਾਥ ਦੀ ਜੋਗ-ਵਿਭੂਤੀ ਝਿਮ ਝਿਮ
ਜਿਸ ਦੇ ਓਹਲੇ ਅੰਬਰ ਸਾਰੇ।

ਤਕ ਦਹਿਲੇ ਰੁੱਖ ਮੈਂਡੀ ਨੀਂਦਰ
ਪਹਿਰਾ ਦੇਂਦੇ ਨਾਦ ਕਰਾਰੇ।

ਕਿਹੜੀ ਛਾਂ ਵੱਲ ਜਾਵਣ ਮਾਏ
ਸਿਖਰ ਦੁਪਹਿਰੇ ਨਾਗ ਵਿਚਾਰੇ!

ਮੇਰੇ ਨਾਥ ਦੀ ਬਖ਼ਸ਼ਸ਼ ਵੱਡੀ
ਛਾਵਾਂ ਕਰਦੀ ਲੂਣਾ ਦੁਆਰੇ।

ਸ਼ੀਹਾਂ ਦੀ ਰੱਤ ਭਰੀ ਹੈ ਨੈਣਾਂ
ਸ਼ਾਹ ਰਗ ਗੂੰਜਣ ਲੱਖ ਨਗਾਰੇ।

ਰੋਹ ਦੇ ਨਖਨ, ਜਟਾ ਪਰਦੇਸੀ,
ਸਿੰਙੀ ਨਾਦ ਚੁਫੇਰ ਖਿਲਾਰੇ।

ਪੰਖੀ ਦੀ ਰੱਤ ਤਕ ਕੰਡਿਆਂ 'ਤੇ
ਪੀਲੇ ਪੱਤਰ ਕਰਨ ਗੁਜ਼ਾਰੇ।

ਇਸ ਅਗਨੀ ਮੈਂ ਹਰਿਆ ਹੋਵਾਂ
ਮਾਏ ਕਿਹੜੀ ਸਾਖ ਸਹਾਰੇ?

ਸੁੰਦਰਾਂ ਛੱਡ ਕੇ ਅਸੀਂ ਬੇਗਾਨੇ
ਹਮਰੇ ਬੋਲ ਨ ਭਏ ਹਮਾਰੇ।


WWW.SIKHBOOKCLUB.COM

ਅਸੀਂ ਆਪਣੇ ਹੜ੍ਹ ਵਿਚ ਰਮਦੇ
ਮਾਏ ਹੋ ਗਏ ਕਿਵੇਂ ਉਧਾਰੇ ?

ਸੂਰਜ-ਕਹਿਰ ਸਫ਼ਰ ਹੈ ਸਾਡਾ
ਹਰਿਆ ਜੋਬਨ ਸੁੰਨ ਉਤਾਰੇ।

ਸ਼ਾਹ ਅਸਵਾਰਾਂ ਨੂੰ ਜਿੱਤ ਮਾਏ
ਹੋ ਗਏ ਸੱਭੇ ਗੀਤ ਨਕਾਰੇ।

ਮੇਰੇ ਜੋਗ ਦੇ ਮਹਿਲ ਬੜੇ ਨੇ
ਦੱਸਿਓ ਕਿੱਧਰ ਮਾਂ ਦੇ ਢਾਰੇ ?

ਨਾਦ ਬਲੀ ਨੂੰ ਛੱਡ ਰਾਹਾਂ 'ਤੇ
ਸਿੱਕ ਹੈ ਵਿਕੀਏ ਕਿਸੇ ਬਜ਼ਾਰੇ।

## (6)

ਰੋਹੀਏਂ ਮੀਤ ਨ ਬਣਦਾ ਕੋਇ !
ਤਾਰਿਆਂ ਵਾਲੀ ਮਗਰੀ ਲਾ ਕੇ
ਧੂੜ ਦੇ ਰਾਹਾਂ ਦੇ ਵਿਚ ਖੋਏ।

ਤਪਦੇ ਥਲਾਂ 'ਚ ਲਾ ਕੇ ਮਹਿੰਦੀ
ਰੁੱਖ ਛਾਵਾਂ ਦੇ ਹੇਠਾਂ ਮੋਏ।

ਸਾਨੂੰ ਰਿਜ਼ਕ ਨਾਥ ਨੇ ਦਿੱਤਾ
ਮਾਏ ਚੋਗਾ ਚੁਗਦੇ ਰੋਏ।

ਅਲਖ ਜਗਾਈਏ ਕਿਸ ਦੇ ਦਰ 'ਤੇ ?
ਬੈਠੇ ਜਿੱਤ ਕੇ ਆਲਮ ਦੋਏ।

ਜੋਗ ਦੇ ਸੂਰਜ ਸਾਹਵੇਂ ਜੱਗ ਦੇ
ਰਾਹ ਵਿਚ ਚਾਰੇ ਵੇਦ ਖਲੋਏ।

ਧੁਰ ਦੇ ਪੱਥਰਾਂ ਲਈ ਕੁਰਲਾਏ
ਧਿਆਨ ਦੀ ਹਿੱਸੇ ਨ ਲੋਏ।

ਕਾਇਆਂ ਦੇ ਕੁਲ ਦੇਸ ਗੁਆਚੇ
ਪੂਰਨ ਪੁੱਤ ਹੀ ਖੇਡਣ ਹੋਏ।

ਦੁਖ-ਸੁਖ ਜਿਸ ਸੱਥਰ 'ਤੇ ਛੋਡੇ
ਉਸ ਦੀ ਕੂੰਜਾਂ ਦੇਵਣ ਸੋਏ।


WWW.SIKHBOOKCLUB.COM

ਪਰਲੋਂ ਦੇ ਖੂਹ 'ਤੇ ਮਾਂ ਲੂਣਾ
ਥੱਕੀ ਲੱਭਦੀ ਪੂਰਨ ਮੋਏ।

ਦੋਜ਼ਖ਼ ਦੀ ਵਾ ਚੜ੍ਹ ਕੇ ਉੱਡਦੀ
ਗਾਉਂਦੀ ਰੋਹ ਵਿਚ ਖੰਜਰ ਧੋਏ।

ਖ਼ੂਨੀ ਬੁੱਲਿਆਂ ਵਿਚ ਮਾਂ ਲੂਣਾ
ਜੋਬਨ ਦੀ ਮਦ ਪਈ ਲਕੋਏ।

ਭੋਲੀ ਮਾਂ ਨੂੰ ਆਖੀਂ ਮਾਏ
"ਜਾ ਪਰਲੋਂ ਦੇ ਦਰ ਨਾਂਹ ਢੋਏ।

ਮੈਂ ਤਾਂ ਨਾਗਾਂ ਦੇ ਸਾਹ ਵਸਦਾ
ਚਿਰ ਤੋਂ ਤਿਸਦਾ ਦੁੱਖੜਾ ਹੋਏ।"

## (7)

ਰੋਹੀਆਂ ਦੇ ਵਿਚ ਚੰਨ ਤਿਹਾਏ।
ਮਾਏ ਕਿਸ ਨੂੰ 'ਵਾਜ ਮੈਂ ਮਾਰਾਂ
ਮੀਤ ਸੱਚ ਦੀ ਧੂੜ ਰੁਲਾਏ।

ਸੱਚ ਦੇ ਕੰਢੇ ਅਸੀਂ ਸਾਂ ਬੈਠੇ
ਭੋਲੇ ਰੁੱਖਾਂ ਰੰਗ ਬੁਲਾਏ।

ਪੰਖੀ ਸਾਨੂੰ ਦੇਖਣ ਬਹਿਗੇ
ਘੁੰਡ ਰੁੱਖਾਂ ਦੇ ਵੇਸ ਬਣਾਏ।

ਹੜ੍ਹ ਵਿਚ ਖੰਭ ਤੋੜ ਕੇ ਸੁੱਟੇ
ਪੱਤਿਆਂ ਡਿੱਗ ਡਿੱਗ ਨੈਣ ਡੁਲਾਏ।

ਨਾਦ ਸੱਚ ਦੇ ਦਸਮ ਦੁਆਰੇ
ਹੇਠਾਂ ਪਾਂਧੀ ਤੁਰਦਾ ਜਾਏ।

ਰੰਕ ਦੀ ਹੱਟ 'ਤੇ ਸੱਚ ਦਾ ਮੋਤੀ
ਸੁੱਟ ਕੇ ਮਨਵਾ ਧੀਰ ਧਰਾਏ।

ਇਕ ਖੰਭ, ਛਾਂ ਗਗਨ 'ਤੇ ਪੈਂਦੀ!
ਇਕ ਪੀਲਾ ਪੱਤ ਧਰਤ ਹਿਲਾਏ।

*(ਜੁਲਾਈ, 1966)*

•

## 91

# ਰੋਹੀਆਂ ਦੇ ਨਾਗ ਦਾ ਹੁਸਨ

ਚੰਨ ਦੇ ਨੂਰ ਮੇਲ੍ਹਦਾ ਫਿਰਦਾ
ਝਿਮ ਝਿਮ ਕਰਦਾ ਨਾਗ—
ਫਣ 'ਤੇ ਜਗਮਗ ਜੋਤ ਕਹਿਰ ਦੀ
ਫੜੇ ਹਵਾ ਦੀ ਵਾਗ।

ਤੁੰਦ ਪੌਣ ਕੰਠ ਵਿਚ ਸੁੱਤੀ
ਸਭ ਕਮਲਾਂ ਨੂੰ ਯਾਦ,
ਸ਼ਾਹ ਰਗ ਹੇਠਾਂ ਸ਼ੀਰੀਂ ਲੈ ਕੇ
ਹੇਕ ਪਈ ਇਕ ਜਾਗ।

ਕਾਲਾ ਭੈਅ ਵਿਚ ਡੂੰਘੇ ਖੂਹੇ
ਗਾੜ੍ਹਾ ਹੁੰਦਾ ਜਾਵੇ,
ਝਿਮ ਝਿਮ ਨਾਗ ਫਿਰੇ ਵਿਚ ਰੋਹੀਆਂ
ਰੁੱਖ 'ਤੇ ਊਂਘੇ ਕਾਗ।

ਬੰਦ ਕਮਲ ਨੇ ਬੂਹਾ ਕੀਤਾ
ਧਰਤੀ ਖੜੀ ਦੁਆਰ,
ਤੇਰੇ ਮਤਸਕ ਚਾਨਣ ਹੋਇਆ
ਮਿੱਟੀ ਬਣੀ ਚਰਾਗ਼।

ਤੇਰੇ ਡੰਗ ਨੂੰ ਖ਼ਬਰ ਨਹੀਂ ਕੁੱਝ
ਜੀਂਦਾ ਮੋਇਆ ਕੌਣ?
ਵਣ-ਬੇਲੇ ਸਭ ਜੂਹਾਂ ਅੰਦਰ
ਚੜ੍ਹਿਆ ਲਹੂ ਸੁਹਾਗ!

ਨਾਗਾ ਵੇ ਤੈਂ ਰੈਣ ਬਉਰਾਣੀ
ਰੋਹੀਆਂ ਤੈਂਡੀ ਹੇਕ,
ਵਣ-ਤ੍ਰਿਣ ਪਾਰ ਕੱਲਰ ਦੇ ਮੌਲੇ
ਦੂਰ ਮਹੀਨਾ ਮਾਘ।


WWW.SIKHBOOKCLUB.COM

ਤੇਰੀ ਨਾਲ ਨਿਗਾਹ ਦੇ ਕੰਬਦੇ
ਖ਼ਾਕ ਦੇ ਉਹਲੇ ਘੁੰਡ,
ਧਰੁ ਦੇ ਰੂਪ ਨੂੰ ਓਢਣ ਤੈਂਡਾ
ਭਖ਼ਦਾ ਰੋਹ ਦਾ ਰਾਗ।

ਤੈਂਡੀ ਰੂਹ ਨੂੰ ਧਰਤ ਸੌਂਪਿਆ
ਸਭ ਤਰਬਾਂ ਦਾ ਰਾਜ,
ਸੱਭੋ ਰੁੱਖ ਵਣਾਂ ਦੇ ਹੁੱਲੇ
ਤੈਂਡੇ ਵਜਦ ਨੂੰ ਝਾਗ।

ਨਸ਼ਾ ਨਵੇਲਾ ਰਿਜ਼ਕ ਦੇ ਅੰਦਰ
ਤੋੜੇ ਖ਼ਾਕ ਦੇ ਬੂਹੇ,
ਫਣ 'ਤੇ ਨਾਦ ਕਰਾਰਾ ਝੁਲਦਾ
ਜੀਭ 'ਤੇ ਕਾਲ ਦਾ ਦਾਗ਼।

*(ਜੂਨ, 1966)*

•

WWW.SIKHBOOKCLUB.COM

# 92

## ਸੁੰਨਾ ਜੰਡ

[ਇਹ ਜੰਡ ਨਨਕਾਣਾ ਸਾਹਿਬ, ਜਨਮ ਅਸਥਾਨ ਗੁਰਦੁਆਰੇ ਦੇ ਵਿਸ਼ਾਲ ਵਿਹੜੇ ਵਿਚ ਖਲੋਤਾ ਹੈ। 16 ਅਪਰੈਲ 1965 ਨੂੰ ਚਾਨਣੀ ਰਾਤ ਵਿਚ ਸੰਗਮਰਮਰੀ ਫਰਸ਼ਾਂ ਉੱਤੇ ਖਲੋਤਿਆਂ ਮੈਂ ਇਸ ਜੰਡ ਨੂੰ ਵੇਖ ਕੇ ਉਦਾਸ ਹੋ ਗਿਆ। ਵਲਵਲਿਆਂ ਦੇ ਵੈਰਾਗ-ਭਿੰਨੇ ਰੰਗ ਆਏ, ਉਸ ਵਗਦੇ ਦਰਿਆ ਦੀ ਇਕ ਅੱਧੀ ਲਹਿਰ ਹੇਠਲੇ ਟੱਪਿਆਂ ਵਿਚ ਦਰਜ ਹੈ।]

ਫੁੱਲ ਭਖਿਆ ਕਰੀਰਾਂ ਦਾ,
ਕਣਕਾਂ 'ਤੇ ਚੰਨ ਚਮਕੇ
ਜੰਡ ਸੁੱਕਿਆ ਫ਼ਕੀਰਾਂ ਦਾ।

ਜੰਡ ਕੋਲ ਬਹਾਰਾਂ ਨੇ,
ਸੁੱਕਿਆਂ ਪੱਤਿਆਂ ਦਾ
ਲਿਆ ਓਢਣ ਯਾਰਾਂ ਨੇ।

ਦੋ ਉੱਡੀਆਂ ਕੂੰਜਾਂ ਹੋ,
ਜੰਡ ਪ੍ਰਦੇਸੀ 'ਤੇ
ਕਿਰ ਜਾਵਣ ਬੂੰਦਾਂ ਦੋ।

ਜੰਡ ਧਰਤੀ 'ਚੋਂ ਜਾਗ ਪਿਆ,
ਅਰਸ਼ਾਂ 'ਤੇ ਫੁੱਲ ਖਿੜਦੇ
ਸੁੱਕੇ ਪੱਤਿਆਂ 'ਤੇ ਨਾਗ ਪਿਆ।

ਚੰਨ ਚਮਕੇ ਜ਼ੋਰਾਂ ਦਾ,
ਕੂੰਜਾਂ ਦੇ ਖੰਭ ਉੱਗਦੇ
ਦੀਵਾ ਜਗਦਾ ਏ ਗੋਰਾਂ ਦਾ।

ਤਾਰਾ ਟੁੱਟਿਆ ਵਾਟਾਂ ਦਾ,
ਧਰਤੀ ਦਾ ਚੱਕ ਹੌਲੇ
ਹੰਝੂ ਕਿਰਦਾ ਤ੍ਰਾਟਾਂ ਦਾ।

WWW.SIKHBOOKCLUB.COM

ਕੱਲਾ ਜੰਡ ਦਰਵੇਸ਼ਾਂ ਦਾ,
ਧੂੜਾਂ ਦੇ ਖੰਭ ਹੇਠਾਂ
ਵੱਗੇ ਖ਼ੂਨ ਹਮੇਸ਼ਾਂ ਦਾ।

ਚੰਨ ਰੁਲਦਾ ਪੱਤਿਆਂ 'ਤੇ,
ਰੂਹ ਦਰਿਆਵਾਂ ਦੀ
ਸੀਨੇ ਬ੍ਰਿਛਾਂ ਤੱਤਿਆਂ ਦੇ।

ਪੈੜਾਂ ਦੇ ਸਿੰਧ ਭਰੇ,
ਸੁੰਨ ਵਿਚ ਕੂਕ ਪਈ
ਕਿੱਥੇ ਹੋ ਗਏ ਨੇ ਬਾਗ਼ ਹਰੇ?

ਦੀਵੇ ਬੁੱਝ ਗਏ ਗੋਰਾਂ 'ਤੇ,
ਕਾਫ਼ਲੇ ਛਿਪ ਜਾਂਦੇ
ਤੁੰਦ ਪੌਣ ਦੇ ਮੋੜਾਂ 'ਤੇ।

ਜੰਡ ਵਸਦੇ ਉਮੀਦਾਂ ਦੇ,
ਸੱਥਰਾਂ ਨੂੰ ਰੂਪ ਚੜ੍ਹੇ
ਤਕ ਨੈਣ ਮੁਰੀਦਾਂ ਦੇ।

*(ਸਤੰਬਰ, 1966)*

•


WWW.SIKHBOOKCLUB.COM Page 300

## 93

# ਸਫ਼ਰ

[ਪੱਛਮ ਵੱਲ ਉੱਡਦੇ ਕਾਵਾਂ ਨੂੰ ਦੇਖ ਕੇ]

ਕੁੜੇ ਮੁਲਖਾਂ ਦੇ ਵੱਲ ਕਾਂ ਜਾਂਦੇ।
ਕੁੜੇ ਲੱਖ ਝਨਾਂ ਦੇ ਨਾਂ ਜਾਂਦੇ।

ਉਹਨਾਂ ਸ਼ਹਿਰ-ਗਿਰਾਵਾਂ ਦਾ ਚਾ ਮੈਨੂੰ
ਲੱਖ ਇਲਮਾਂ ਤੋਂ ਉੱਚਾ ਸ਼ੁਦਾ ਮੈਨੂੰ
ਸੋਹਣੇ ਮੁਲਖਾਂ ਦਾ ਆਉਂਦਾ ਏ ਰਾਹ ਮੈਨੂੰ—
ਕੁੜੇ ਸਾਂਵਰ ਨੂੰ ਵਲਦੇ ਬਾਂਹ ਜਾਂਦੇ
ਕੁੜੇ ਲੱਖ ਝਨਾਂ ਦੇ ਨਾਂ ਜਾਂਦੇ॥੧॥

ਮੇਰੇ ਡੁਬਦਿਆਂ ਰਾਹਾਂ ਦੀ ਧੂੜ ਬੜੀ
ਰੁੱਖ ਹਰਿਆ ਏ ਜਿੰਦ ਤੋਂ ਦੂਰ ਬੜੀ
ਜਿੰਦ ਰੁੱਠੜੇ ਯਾਰਾਂ ਦੀ ਚੂਰ ਬੜੀ—
ਪਲਕਾਂ ਸੁੰਨੀਆਂ, ਨੂਰ ਉਤਾਂਹ ਜਾਂਦੇ,
ਕੁੜੇ ਲੱਖ ਝਨਾਂ ਦੇ ਨਾਂ ਜਾਂਦੇ॥੨॥

ਜਾ ਖੁਭੀ ਅਰਸ਼ ਵਿਚ ਹੇਕ ਮਿਰੀ
ਜਾ ਧਸੀ ਤੇਗ ਵਿਚ ਰੇਖ ਮਿਰੀ
ਰੱਤ ਧੂੜੀਂ ਤੱਕਣ ਸ਼ੇਖ਼ ਮਿਰੀ—
ਕੁੜੇ ਦਿਸਦੇ ਨਹੀਂ ਝਨਾਂ ਜਾਂਦੇ
ਕੁੜੇ ਮੁਲਖਾਂ ਦੇ ਵੱਲ ਕਾਂ ਜਾਂਦੇ॥੩॥

ਕੁੜੇ ਉੱਠਦੇ ਮੇਰੇ ਗਵਾਹ ਜਾਂਦੇ
ਮੇਰੇ ਦੀਨ-ਈਮਾਨ ਦੇ ਸਾਹ ਜਾਂਦੇ
ਫੜ ਖ਼ਾਨਗਾਹਾਂ ਨੂੰ ਢਾਹ ਜਾਂਦੇ—
ਪੁੱਟ ਸੋਹਣੇ ਯਾਰ ਦੀ ਛਾਂ ਜਾਂਦੇ
ਕੁੜੇ ਲੱਖ ਝਨਾਂ ਦੇ ਨਾਂ ਜਾਂਦੇ॥੪॥


WWW.SIKHBOOKCLUB.COM

ਕੁੜੇ ਨਨਕਾਣੇ ਦੀ ਰਾਹ ਜਾਂਦੇ
ਮੇਰੇ ਯਾਰ ਬੇਗਾਨੇ ਆਹ ਜਾਂਦੇ
ਕੁੜੇ ਡੂੰਘੀ ਜਾਨ ਦੇ ਸਾਹ ਜਾਂਦੇ—
ਇਹ ਰੁੱਠੇ ਹੋਏ ਨੇ, ਤਾਂ ਜਾਂਦੇ!
ਕੁੜੇ ਮੁਲਖਾਂ ਦੇ ਵੱਲ ਕਾਂ ਜਾਂਦੇ॥੫॥

ਰੰਗ ਪੱਥਰੀਂ ਮੇਰੇ ਲਾ ਜਾਂਦੇ
ਪੱਤ ਹਰੇ ਲਹੂ ਲਹਿਰਾ ਜਾਂਦੇ
ਮੇਰੇ ਹਰਫ਼ ਦੀ ਕਲਮ ਬਣਾ ਜਾਂਦੇ
ਜੋ ਹਰਫ਼ ਅਲਾਹ ਦੀ ਛਾਂ ਚਾਂਹਦੇ!
ਕੁੜੇ ਲੱਖ ਝਨਾਂ ਦੇ ਨਾਂ ਜਾਂਦੇ॥੬॥

ਹੜ੍ਹ ਚੜ੍ਹਦਾ, ਜੁਗਨੂੰ ਨ੍ਹਾ ਜਾਂਦੇ
ਉੱਡ ਤੰਦੁਏ ਕਾਂਗਾਂ ਖਾ ਜਾਂਦੇ
ਹੋ ਅੰਨ੍ਹੇ ਮਿਰੇ ਸ਼ੁਦਾ ਜਾਂਦੇ
ਮਰ ਸੁੱਕੇ ਲੱਭਦੇ ਮਾਂ ਜਾਂਦੇ—
ਕੁੜੇ ਮੁਲਖਾਂ ਦੇ ਵੱਲ ਕਾਂ ਜਾਂਦੇ॥੭॥

ਦਿਲਗੀਰ ਰਿਸ਼ਮ ਹੈ ਰੋਹੀਆਂ ਦੀ
ਇਹ 'ਵਾਜ ਹੈ ਕੂੰਜਾਂ ਮੋਈਆਂ ਦੀ
ਇਹ ਧੂੜ ਹੈ ਪੈੜਾਂ ਖੋਈਆਂ ਦੀ—
ਤਕ ਯਾਰ ਤੁਸੀਂ ਇਹ ਥਾਂ ਜਾਂਦੇ,
ਕੁੜੇ ਮੁਲਖਾਂ ਦੇ ਵੱਲ ਕਾਂ ਜਾਂਦੇ॥੮॥

ਤੁਸੀਂ ਕਮਲਾਂ ਕੋਲ ਗੁਬਾਰ ਕਦੇ
ਵਿਚ ਗੋਰ ਕਦੇ, ਕਿਲਕਾਰ ਕਦੇ,
ਵਿਚ ਸੁਫਨੇ, ਫਿਰੇ ਬਜ਼ਾਰ ਕਦੇ—
ਹੁਣ ਯਾਰ ਤੁਸੀਂ ਜੇ ਨਾਂਹ ਜਾਂਦੇ!
ਕੁੜੇ ਮੁਲਖਾਂ ਦੇ ਵੱਲ ਕਾਂ ਜਾਂਦੇ॥੯॥

ਧਰੁ-ਕਮਲ ਦੀ ਨਾਭ ਹਿਲਾ ਜਾਂਦੇ
ਸੰਗ ਅੰਗਾਂ ਸਾਏ ਲਾ ਜਾਂਦੇ
ਸਾਨੂੰ ਐਵੇਂ ਕਦੇ ਬੁਲਾ ਜਾਂਦੇ
ਰੁੱਤ ਕੌਲਾਂ ਦੀ ਕਰ ਹਾਂ ਜਾਂਦੇ,
ਕੁੜੇ ਮੁਲਖਾਂ ਦੇ ਵੱਲ ਕਾਂ ਜਾਂਦੇ॥੧੦॥


WWW.SIKHBOOKCLUB.COM

ਤੇਰੇ ਪੈਂਡੇ ਮੰਗਦੇ ਸੌਂ ਜਾਂਦੇ
ਕੁੱਲ ਪਰਲੋਂ ਰੰਗਦੇ ਸੌਂ ਜਾਂਦੇ
ਸਿਰਿ ਝੱਖੜ ਲੰਘਦੇ ਗੌਂ ਜਾਂਦੇ
ਚੁੱਕ ਖਾਰੀ ਯਾਰ ਦੇ ਨਾਂ ਜਾਂਦੇ—
ਕੂੜੇ ਮੁਲਖਾਂ ਦੇ ਵੱਲ ਕਾਂ ਜਾਂਦੇ ॥੧੧॥

ਕਿਉਂ ਗਹਿਰ ਚੜ੍ਹੀ ਵਿਚ ਕਾਂ ਜਾਂਦੇ ?
ਕਿਉਂ ਦੀਵੇ ਬੁਝੇ ਅਗਾਂਹ ਜਾਂਦੇ ?
ਕਿਉਂ ਰਾਹੀ ਮੁੜੇ ਪਿਛਾਂਹ ਜਾਂਦੇ ?
ਛੱਡ ਸੁੰਨੀ ਕਾਲ-ਸਰਾਂ ਜਾਂਦੇ
ਕੂੜੇ ਲੱਖ ਝਨਾਂ ਦੇ ਨਾਂ ਜਾਂਦੇ ॥੧੨॥

ਕੌਲ ਸ਼ਹਿਰ ਲਾਹੌਰਾਂ ਦੇ ਨਾਲ ਮਿਰੇ
ਪੁੱਛੇ ਰੋ ਕੇ ਪਸ਼ੌਰਾਂ ਨੇ ਹਾਲ ਮਿਰੇ
ਮੇਰੇ ਡਾਢਿਆ ਪੈਂਡੇ ਮੁਹਾਲ ਮਿਰੇ—
ਸਾਨੂੰ ਛਡਦੇ ਦੂਰ ਸੁਹਾਂ ਜਾਂਦੇ
ਕੂੜੇ ਮੁਲਖਾਂ ਦੇ ਵੱਲ ਕਾਂ ਜਾਂਦੇ ॥੧੩॥

ਜਦ ਕਹਿਰ ਮਹੀਨਾ ਜੇਠ ਚੜ੍ਹੇ
ਲਖ ਲਸ਼ਕਰ ਆਰੇ ਹੇਠ ਖੜ੍ਹੇ
ਕੋਈ ਦਹਿਲ ਪਵੇ, ਕੋਈ ਵੇਰ ਚੜ੍ਹੇ,
ਪੀ ਦਰਿਆਵਾਂ ਨੂੰ ਰੇਤ ਖੜ੍ਹੇ—
ਡੁੱਬ ਦਰਗਾਹਾਂ ਦੇ ਨਿਆਂ ਜਾਂਦੇ
ਕੂੜੇ ਮੁਲਖਾਂ ਦੇ ਵੱਲ ਕਾਂ ਜਾਂਦੇ ॥੧੪॥

ਨਾਂਹ ਦੀਨ ਤੇਰਾ ਦਰਕਾਰ ਵੇ
ਸਾਡੀ ਤੂੰਹੀਉਂ ਯਾਰ ਬਹਾਰ ਵੇ
ਮਿਰੀ ਖੜੀ ਕਿਲੇ 'ਤੇ ਦਾਰ ਵੇ—
ਮੇਰਾ ਹਾਕਮ ਪੁਛਦੇ ਨਾਂ ਆਂਦੇ
ਕੂੜੇ ਮੁਲਖਾਂ ਦੇ ਵੱਲ ਕਾਂ ਜਾਂਦੇ ॥੧੫॥

ਸਭ ਪਿਛਲੇ ਪੈਂਡੇ ਭਾਲ ਕਦੇ
ਅਸਾਂ ਕਰਨੇ ਹੱਕ-ਸੁਆਲ ਕਦੇ
ਤੇਰੇ ਡਾਢੇ ਹਾਕਮ ਨਾਲ ਕਦੇ—
ਮੇਰੇ ਢਹਿੰਦੇ ਕੋਟ-ਗਿਰਾਂ ਜਾਂਦੇ
ਕੂੜੇ ਮੁਲਖਾਂ ਦੇ ਵੱਲ ਕਾਂ ਜਾਂਦੇ ॥੧੬॥


WWW.SIKHBOOKCLUB.COM

ਕੂੜੇ ਦੀਨ-ਧਰਮ ਦੇ ਕੋਟ ਬੜੇ
ਕੂੜੇ ਰਾਜ-ਕਰਮ ਦੇ ਖੋਟ ਬੜੇ
ਗਏ ਸਾੜ ਲਗਰ ਸਣ ਬੋਟ ਬੜੇ—
ਮੇਰੀ ਸੁਣ ਕੇ 'ਵਾਜ ਪਿਛਾਂਹ ਜਾਂਦੇ
ਕੂੜੇ ਲੱਖ ਝਨਾਂ ਦੇ ਨਾਂ ਜਾਂਦੇ॥੧੭॥

ਮਿਰੇ ਚੜ੍ਹੇ ਕਹਿਰ ਦਾ ਬੱਦਲ ਨਹੀਂ
ਇਸ ਹਾਕਮ ਕੂੜ ਦਾ ਅਦਲ ਨਹੀਂ
ਮੈਂ ਆਵਾਂ ਤੇਰੀ ਬਗਲ ਨਹੀਂ—
ਤੁਸੀਂ ਤੋੜ ਸੱਜਣ ਦੀ ਬਾਂਹ ਜਾਂਦੇ
ਕੂੜੇ ਲੱਖ ਝਨਾਂ ਦੇ ਨਾਂ ਜਾਂਦੇ॥੧੮॥

ਮੇਰੇ ਕੰਢੇ ਲੱਖ ਹਜ਼ਾਰ ਵੇ
ਤੂੰ ਨਸ ਜਿੱਧਰ ਰੂਹ ਯਾਰ ਵੇ
ਸਭ ਪਾਸੇ ਮੇਰੇ ਬਾਰ ਵੇ—
ਸਾਡੇ ਰੁੱਖਾਂ ਬਾਝੋਂ ਥਾਂ ਜਾਂਦੇ
ਕੂੜੇ ਮੁਲਖਾਂ ਦੇ ਵੱਲ ਕਾਂ ਜਾਂਦੇ॥੧੯॥

*(ਮਈ, 1966)*

•

WWW.SIKHBOOKCLUB.COM

# 94

## ਸੂਫ਼ੀਆਂ ਦਾ ਗੀਤ

ਚੁੱਕ ਅੰਬਰ ਮਿਰੀ ਸਦਾ ਜਾਂਦੇ।
ਵੱਲ ਮੁਰਸ਼ਦ ਜ਼ਿਮੀਂ ਦੇ ਰਾਹ ਜਾਂਦੇ।

ਵਿਚ ਝੱਖੜ ਕਿਣਕੇ ਰੁਲਦੇ ਜੋ
ਹੋ ਸੂਰਜ ਵਾਂਗ ਗਵਾਹ ਜਾਂਦੇ।

ਚੁੱਪ ਸਜਦੇ ਪਾੜ ਕੇ ਕੂਕ ਚੜ੍ਹੀ
ਹੋ ਬੂਹੇ ਮਿਰੇ ਫ਼ਨਾਹ ਜਾਂਦੇ।

ਇਹ ਰਾਹ ਗ਼ੁਮਨਾਮ ਹਸ਼ਰ ਦਾ ਹੈ!
ਕੋਈ ਬ੍ਰਿਛ ਅਲਾਹ ਦਾ ਲਾ ਜਾਂਦੇ।

ਇਹ ਇਲਮ-ਖ਼ੁਦਾ ਮਨਜ਼ੂਰ ਪਵੇ
ਜੇ ਜ਼ਿਮੀਂ ਨੂੰ ਕੁੱਝ ਫ਼ੁਰਮਾ ਜਾਂਦੇ।

ਚੁੱਪ ਖ਼ਾਨਗਾਹਾਂ ਦੇ ਪੱਥਰ ਜੋ
ਰੱਬ ਹਰਫ਼ 'ਚ ਰੰਗ ਜਮਾ ਜਾਂਦੇ।

ਰੁੱਖ ਝੂੰਮਣ ਨਾਜ਼ਕ ਫ਼ਜਰਾਂ ਦੇ
ਸਭ ਖ਼ੂਨੀ ਸ਼ਹਿਰ ਤਪਾ ਜਾਂਦੇ।

ਸੌਂ ਜਾਣ ਜੱਲਾਦ ਗੁਬਾਰਾਂ ਵਿਚ
ਲੱਖ ਸੁੱਤੇ ਨਗਰ ਜਗਾ ਜਾਂਦੇ।

ਬੰਨ੍ਹ ਹੁਕਮ ਲਸ਼ਕਰਾਂ ਦੇ ਖ਼ੂਨੀ
ਰੋਹ ਨਾਜ਼ਕ ਪਰ ਵਿਚ ਆ ਜਾਂਦੇ।

ਝੁੱਲ ਪਿਆ ਹਵਾ ਵਿਚ ਨੂਰ ਕੋਈ
ਲਗ ਪੈਰਾਂ ਨਾਲ ਗੁਨਾਹ ਜਾਂਦੇ।

ਮੇਰੇ ਮੱਥੇ ਚਰਖ-ਸ਼ੁਦਾ ਵੱਜੇ
ਹੋ ਡਾਢੇ ਸਬਰ ਨਿਗਾਹ ਜਾਂਦੇ।

ਹਾਂ, ਸਬਰ ਅਲਾਹ ਦੇ ਨਾਲ ਤੁਰੇ
ਰੱਤ ਡੂੰਘੇ ਸੁੰਮ ਵਿਚ ਪਾ ਜਾਂਦੇ।

ਅਸੀਂ ਦੀਨ-ਖ਼ੁਦਾ ਦੇ ਪੱਥਰ ਤੱਕ
ਰਗ ਪੱਥਰ ਹੇਕ ਚੜ੍ਹਾ ਜਾਂਦੇ।

*(ਅਕਤੂਬਰ, 1966)*

•


WWW.SIKHBOOKCLUB.COM

## 95
# ਬਿਆਸਾ ਦਾ ਗੀਤ

ਸਈਓ ਨੀ ਵਗਦੇ ਬਿਆਸਾ ਦੇ ਪਾਣੀ
ਕਾਲੀਆਂ ਹਨੇਰੀਆਂ ਦੇ ਪਾਰ
ਫਲ ਫਲ ਜਾਣ ਫਲਾਹੀਆਂ ਤੇ ਕਿੱਕਰਾਂ
ਪੈੜਾਂ ਤੇ ਹੰਝੂਆਂ ਦਾ ਭਾਰ
ਸੁੱਕਿਆਂ ਰੁੱਖਾਂ 'ਤੇ ਪਿੰਜਰ ਥਲ ਦੇ
ਖੰਭਾਂ ਦਾ ਡਿੱਗਦਾ ਗੁਬਾਰ
ਸੂਰਜ ਛਿਪਦੇ ਹਨੇਰੀਆਂ ਆਈਆਂ
ਲਹਿਰਾਂ ਦੇ ਸੀਨੇ ਉਜਾੜ
ਗਾਉਂਦੇ ਜੱਲਾਦਾਂ ਦੀ ਹੇਕ ਨਿਆਰੀ
ਡਿੱਗਦੀ ਸ਼ਹੀਦਾਂ ਦੇ ਦੁਆਰ
ਸੱਖਣੇ ਬੂਹੇ 'ਤੇ ਧੂੜਾਂ ਨੇ ਸੁੱਟੀ
ਈਦ ਦੇ ਚਾਨਣ ਦੀ ਤਾਰ॥੧॥

ਸਈਓ ਨੀ ਵਗਦੇ ਬਿਆਸਾ ਦੇ ਪਾਣੀ
ਹਰਿਆਂ ਘਾਹਵਾਂ ਦੇ ਕੋਲ
ਪੈੜਾਂ 'ਤੇ ਸੱਖਣੇ ਬੂਹਿਆਂ ਤੋਂ ਉੱਠਦੇ
ਅੰਧ-ਗੁਬਾਰਾਂ ਦੇ ਬੋਲ
ਲੰਮਿਆਂ ਰੁੱਖਾਂ ਦੇ ਹੇਠ ਨੇ ਮੋਏ
ਮਾਵਾਂ ਦੇ ਪੁੱਤ ਅਣਭੋਲ
ਜਿਉਂ ਜਿਉਂ ਚੜ੍ਹਦਾ ਏ ਸੂਰਜ ਨੀ ਮਾਏ
ਖੰਭਾਂ ਨੂੰ ਪੈਂਦੇ ਨੇ ਡੋਲ
ਸ਼ਹੁ ਨਸੀਬਾਂ ਦੇ ਛਾਲਿਆਂ ਹੇਠੋਂ
ਮਿੱਟੀ ਨਾਂਹ ਸਕਦੇ ਫੋਲ
ਰੂਹ ਦਰਵੇਸ਼ਾਂ ਦੀ ਦੇਖਣ ਲਈ ਰੱਤ
ਸਿਖਰ ਦੁਪਹਿਰਾਂ 'ਚ ਰੋਲ
ਭੁੱਲ ਗਏ ਮਿੱਟੀ ਨੂੰ ਕੌਲ ਨੀ ਮਾਏ
ਬਾਗ਼ਾਂ ਨੂੰ ਪੈਂਦੇ ਨੇ ਹੌਲ॥੨॥


WWW.SIKHBOOKCLUB.COM

ਸਈਓ ਨੀ ਵਗਦੇ ਬਿਆਸਾ ਦੇ ਪਾਣੀ
ਸਿਖਰ ਦੁਪਹਿਰਾਂ ਦੀ ਜੂਹ
ਜਦੋਂ ਜੱਲ੍ਹਾਟ ਨਜ਼ਰ ਵਿਚ ਪੈਂਦੇ
ਲੈਣ ਥਲਾਂ ਨੂੰ ਧੂਹ
ਕਿਹੜੀ ਮਿੱਟੀ ਨੇ ਪੁੱਤ ਬਿਰਖਾਂ ਨੂੰ
ਮਾਏ ਨੀ ਸੁੱਟਿਆ ਲੂਹ ?
ਧੁੰਧੂਕਾਰ ਹਵਾ ਦੇ ਅੰਦਰ
ਪੁੱਟਦਾ ਰੱਤ ਦੇ ਖੂਹ
ਓਸ ਮਿੱਟੀ 'ਤੇ ਕੌਣ ਹੈ ਫਿਰਦਾ
ਕੌਲਾਂ ਨੂੰ ਜਿਹੜੀ ਮਿਲੂ ॥੩॥

ਸਈਓ ਨੀ ਵਗਦੇ ਬਿਆਸਾ ਦੇ ਪਾਣੀ
ਲੰਮੀਆਂ ਹੇਕਾਂ ਦੇ ਬਾਰ
ਰੋਗ ਮੁਰੀਦਾਂ ਦੇ ਪੁੱਛੇਂ ਨਾਂਹ ਆ ਕੇ
ਚਿੱਟਿਆਂ ਬਾਜ਼ਾਂ ਦੇ ਯਾਰ
ਸੁੱਟ ਮੇਰੇ ਆਂਗਣ 'ਚ ਧੂੜਾਂ ਉਹ ਮਾਹੀਆ
ਜਿਹਨਾਂ 'ਚ ਤਪਦੇ ਸੀ ਹਾੜ
ਸੰਝਾਂ ਦੀ ਲਾਲੀ 'ਚ ਬੋਲੀਂ ਤੂੰ ਮਾਹੀਆ
ਸੋਹਣਿਆਂ ਹਰਫ਼ਾਂ ਦੇ ਪਾਰ
ਵੇਂਹਦੀ ਮੈਂ ਚੜ੍ਹਦਿਆਂ ਸੂਰਜਾਂ ਵੰਨੇ
ਪੱਤਿਆਂ 'ਤੇ ਨਜ਼ਰਾਂ ਦਾ ਭਾਰ
ਦਿਲ ਦਰਿਆਵਾਂ ਦਾ ਪਾਣੀ ਏ ਚੜ੍ਹਿਆ
ਧੂੜਾਂ ਦੇ ਓਹਲੇ [1]ਜੁਝਾਰ ॥੪॥

*(ਅਕਤੂਬਰ, 1966)*

•

1. ਗੁਰੂ ਗੋਬਿੰਦ ਸਿੰਘ ਦੇ ਸ਼ਹੀਦ ਬੇਟੇ ਜੁਝਾਰ ਸਿੰਘ ਦੀ ਵੈਰਾਗਮਈ ਪ੍ਰਤੀਤੀ ਦਾ ਝਲਕਾ।

WWW.SIKHBOOKCLUB.COM

# 96

## ਜਿਹਲਮ ਦਾ ਗੀਤ

ਸੁਣ ਜਿਹਲਮ ਦੇ ਪਾਣੀਆਂ, ਤਿਰੇ ਝਿਮ ਝਿਮ ਕਰਦੇ ਹੱਥ
ਸ਼ੀਹਾਂ ਦੀ ਰੱਤ ਸਮੇਂ ਤੋਂ, ਪਈ ਚੁੰਮ੍ਹਦੀ ਤੇਰੇ ਹੱਥ।

ਚੜ੍ਹਿਆ ਤੇਰਿਆਂ ਪਾਣੀਆਂ ਉਮਰ ਦਾ ਡਾਢਾ ਸੇਕ
ਖ਼ਾਕ ਦੇ ਸੁੱਤੇ ਰੋਹ ਵਿਚ, ਤੇਰੀ ਲੰਮੀ ਅੰਬਰ-ਹੇਕ।

ਤੇਰੇ ਹੜ੍ਹ ਵਿਚ ਕੰਬਿਆ, ਜੋ ਤਾਰਾ ਤਪਦਾ ਰਗ
ਜਿਸਦੇ ਅੰਦਰ ਸਮਾ ਹੈ, ਜਿਸਦੇ ਲਾਂਭੇ ਜੱਗ।

ਕਰਕੇ ਬਾਹਾਂ ਲੰਮੀਆਂ, ਤੈਨੂੰ ਮਿਲਦੇ ਆਣ ਫ਼ਕੀਰ
ਫ਼ਜਰਾਂ ਦੇ ਤਨ ਰੰਗਲੇ, ਵਿਚ ਰੂਹ ਹੋ ਗਏ ਦਿਲਗੀਰ।

ਲੰਮੇ ਗੀਤ ਪੰਜਾਬ ਦੇ, ਤੇਰੇ ਬੂਹੇ ਕਰਦੇ ਲੋ
ਤਕ ਲਗਰਾਂ ਓਹਲੇ ਬੇਲੀਆ, ਚੰਨ ਈਦ ਦੇ ਡੁੱਬਦੇ ਰੋ।

ਚੜ੍ਹਦੇ ਜੋਬਨ ਕੂਕਦੀ, ਤਿਰੀ ਉੱਚੀ ਲਸ਼ਕਰ-'ਵਾਜ
ਰੁਮਕ ਸਹਿਮ ਦੀ ਫ਼ਜਰ ਦੇ, ਚੁੰਮ੍ਹਦੀ ਰਿਮਝਿਮ ਤਾਜ।

ਸਰਕੜਿਆਂ ਦੇ ਬੁੰਬਲੀਂ, ਚੜ੍ਹ ਰੁਮਕ ਰਹੀ ਕੰਨਸੋਅ
ਕਿਸ ਵਗਦੇ ਡੂੰਘੇ ਰਾਜ਼ 'ਤੇ, ਪਏ ਕਰਦੇ ਜੁਗਨੂੰ ਲੋ ?

ਸੁਣ ਜਿਹਲਮ ਦੇ ਪਾਣੀਆਂ, ਤੇਰੀ ਮੰਗਦੇ ਰੋ ਕੇ ਖੈਰ
ਬੂਹਾ ਖ਼ੂਨੀ ਗਹਿਰ ਦਾ, ਪਏ ਢੂੰਡਣ ਸਾਡੇ ਪੈਰ।

ਰੰਗਦੇ ਚਿੜੀ ਦੇ ਖੰਭ ਨੂੰ, ਤੇਰੇ ਵਗਦੇ ਹੋਏ ਪਿਆਰ
ਸਰਕੜਿਆਂ ਦੇ ਭੱਠ ਵਿਚ, ਜਦ ਤਪਦੇ ਆ ਕੇ ਹਾੜ੍ਹ।

*(ਜੁਲਾਈ, 1966)*

•

WWW.SIKHBOOKCLUB.COM

# 97

## ਸੋਹਣਿਆਂ ਮੁ੍ਰਾਰੂਆ

ਸੋਹਣਿਆਂ ਮੁ੍ਰਾਰੂਆ
ਬਿਆਸਾ ਦੇ ਪੱਤਣਾਂ 'ਤੇ ਚਰਦਿਆ—
ਬੇਟ ਦੀ ਕਾਲੀ ਘਟ ਹਬਕਾਰ ਤੂੰ
ਘਾਹ ਦੀ ਹੁੱਲਦੀ ਮੌਜ ਤੂੰ
ਖ਼ਾਕ ਦਾ ਅੰਨ੍ਹਾ ਜੋਸ਼ ਤੂੰ—
ਚੜ੍ਹੇ ਦਰਿਆ ਦਾ ਸ਼ੌਕ ਹੈਂ
ਛਲਕਦੇ ਰੰਗ ਦਾ ਸਬਰ ਹੈਂ
ਵਜਦ ਦਾ ਪੱਥਰ-ਅੰਗ ਹੈਂ
ਸੋਹਣਿਆਂ ਮੁ੍ਰਾਰੂਆ!
ਬੇਲਿਆਂ ਦੇ ਰਾਹ ਨੇ ਖੁੱਲ੍ਹੇ,
ਸਾਰਾ ਹੀ ਦੇਸ ਪਿਆ ਹੁੱਲੇ!!

ਤਿੜਾਂ ਵਿਚ ਤੇਰੀ ਨਜ਼ਰ ਦੀ ਬੋਲੀ
ਪਿੰਡੇ 'ਤੇ ਕੁੰਡਲੀਆਂ ਮਾਰ ਕੇ ਸੁੱਤੇ
ਦਰਿਆ ਦੇ ਭੇਤਾਂ ਦੇ ਪੱਤਣ—
ਤੇਰੀਆਂ ਅੱਖਾਂ ਨੇ ਵਾਸ਼ਨਾ
ਦਰਿਆ ਦੀ ਹਵਾੜ ਨੂੰ ਸੁੰਘਦੀਆਂ
ਨਾਗਾਂ ਨੂੰ ਅਣਡਿੱਠ ਕਰਦੀਆਂ—
ਸੋਹਣਿਆਂ ਮੁ੍ਰਾਰੂਆ!
ਬਿਰਖਾਂ ਦੇ ਭੇਦ ਨੇ ਖੁੱਲ੍ਹੇ
ਸਿੰਗਾਂ 'ਤੇ ਉਡਦੇ ਬੁੱਲੇ!!

ਪੰਜਾਬ ਦੀ ਸ਼ਾਹ ਰਗ ਦੇ ਨਾਲ
ਨੱਕ ਨੂੰ ਲਾ ਲਾ ਵੇਖਦਾ
ਸਾਹਾਂ ਦੇ ਵੱਲ ਦਰਿਆ ਦੀ ਵਾਸ਼ਨਾ ਨੱਸਦੀ,
ਖੁਰਾਂ ਦੇ ਹੇਠਾਂ ਮੁਲਕ ਦੀ ਜਾਨ ਪਈ ਵੱਸਦੀ!
ਬਘਿਆੜਾਂ ਦੇ ਅੰਨ੍ਹੇ ਜੋਸ਼ ਦਾ ਰੁੱਖ ਹੈਂ,

WWW.SIKHBOOKCLUB.COM

ਮਾਇਆ ਦੇ ਰਸਾਂ ਦੀ ਭੁੱਖ ਹੈਂ,
ਸਾਵਨ ਮਹੀਨੇ ਦੀ ਕੁੱਖ ਹੈਂ।
ਸੋਹਣਿਆਂ ਮ੍ਹਾਰੂਆ!
ਵੇਖ ਲੈ, ਸਾਨੂੰ ਪਛਾਣ ਲੈ,
ਰੂਹਾਂ ਨੂੰ ਜਾਣ ਲੈ, ਖ਼ਾਕ ਨੂੰ ਜਾਣ ਲੈ।

ਮਾਹਣੀਆਂ ਦੀ ਨਜ਼ਰ ਦਾ ਖ਼ੂਹ ਤੂੰ,
ਦਰਿਆ ਦੇ ਹੜ੍ਹਾਂ ਤੋਂ ਲਾਂਭੇ ਖਲੋਤਾ
ਸ਼ਰਾਬ ਦਾ ਕੋਟ ਤੂੰ:
ਦਰਿਆ ਦੀ ਗਰਜ ਦਾ ਲਹੂ ਹੈਂ,
ਮਿੱਟੀ ਦਾ ਸੇਕ ਹੈਂ,
ਅਣਡਿੱਠ ਜਹੀ ਮੌਜ ਹੈਂ,
ਜ਼ਿਮੀਂ ਅਸਮਾਨ ਨੂੰ ਭੁੱਲਿਆ
ਤੁੰਦ ਹਵਾ ਦਾ ਹੰਕਾਰਿਆ ਜ਼ੋਰ ਹੈਂ,
ਹੰਕਾਰ ਦਾ ਅੰਬਰ, ਫੇਰ ਫ਼ਕੀਰ ਹੈਂ,
ਕੌੜੇ ਤੇ ਮਿੱਠੇ ਵਣਾਂ ਦੀ ਭੀੜ ਹੈਂ!
ਸੂਫ਼ੀ ਫ਼ਨਾ ਦੇ ਦੇਸ ਵਿਚ ਕੂਕਨ:
"ਬੇਸ਼ੁਮਾਰ ਰੂਹਾਂ ਦੇ ਰੰਗ ਨੇ
ਸਾਰਾ ਵਜੂਦ ਤੂੰ,
ਨਾਗਾਂ ਦਾ ਚੜ੍ਹਿਆ ਖ਼ਰੂਦ ਤੂੰ,
ਸੋਹਣਿਆਂ ਮ੍ਹਾਰੂਆ!
ਲਾ ਮਕਾਨੀ ਕਿਤੇ ਨਹੀਂ
ਸਾਰਾ ਵਜੂਦ ਤੂੰ!
ਫ਼ਕੀਰ ਜਿਸ ਰਾਜ਼ ਨੂੰ ਆਪਣਾ ਆਖਦੇ
ਓਸੇ ਹੀ ਸਫ਼ਰ ਦਾ ਬੂਦ ਤੂੰ।"

ਬੇਨਾਮ ਰੂਹਾਂ ਦਾ ਘਾਟ ਹੈਂ,
ਲੋਹੇ ਦੀ ਰਾਤ ਹੈਂ,
ਰੁੱਖਾਂ ਦੀ ਵਾਟ ਹੈਂ,
ਭੁੱਲਿਆ ਸ਼ੌਕ ਹੈਂ,
ਆਪਣਾ ਅੰਤ ਹੈਂ,
ਰਾਗ ਦੀ ਮੰਤ ਹੈਂ,
ਨਾਗਾਂ ਦੇ ਰੰਗ ਨੇ ਪਿੰਡੇ ਦੀ ਧਣੁਖ 'ਤੇ
ਮੱਥੇ 'ਤੇ ਤੰਦੂਆ ਬੰਨ੍ਹਿਆ
ਮਛ-ਕਛ ਨੇ ਪਿੱਠ 'ਤੇ ਸੁੱਤੇ—

WWW.SIKHBOOKCLUB.COM

ਸਿੰਗਾਂ 'ਤੇ ਚੁੱਪ ਹੈ ਅਰਸ਼ ਦੀ,
ਅੱਖਾਂ 'ਚ ਰੱਜ ਦਰਿਆ ਦਾ,
ਜੀਭ 'ਤੇ ਨਸ਼ੇ ਨੇ ਜ਼ਿਮੀਂ ਦੇ,
ਥਣਾਂ 'ਚ ਮਿਹਰ ਦਿਲਦਾਰ ਦੀ—
ਸੋਹਣਿਆਂ ਮ੍ਹਾਰੂਆ!
ਪੀਰ ਪੈਗ਼ੰਬਰਾਂ ਨੂੰ ਪਿਆਰਿਆ,
ਓ ਇਲਮਾਂ ਤੋਂ ਨਿਆਰਿਆ!

ਓ ਧੁਰਾਂ ਵੱਲ ਜਾਂਦਿਆ
ਓ ਅਜ਼ਲ ਤੋਂ ਆਂਦਿਆ
ਅਨੰਤ ਨੂੰ ਦੁੱਧ ਪਿਲਾਂਦਿਆ,
ਬੇਖ਼ਬਰ ਨਾਮ ਦੇ ਖੇੜੇ ਤੋਂ
ਨਾਮ ਤੋਂ ਬਾਹਰ ਖਲੋਤਿਆ,
ਨਾਮ ਵਿਚ ਰੰਗ ਜਮਾਂਦਿਆ—
ਸੋਹਣਿਆਂ ਮ੍ਹਾਰੂਆ!
ਮਹਿਕ ਤੇਰੇ ਗੋਸ਼ਤ ਦੀ ਹੁੱਲੇ
ਲਾਮਕਾਨੀ ਦੇ ਚੁੱਲ੍ਹੇ!!

*(ਸਤੰਬਰ, 1966)*

•


WWW.SIKHBOOKCLUB.COM 

# 98
## ਸੂਫ਼ੀਆਂ ਦਾ ਗੀਤ

ਹਿੱਕ ਅਰਜ਼ ਗ਼ਰੀਬਣੀ ਨਾਰ ਦੀ ਵੇ ਅੜਿਆ।
ਕੰਧੀ 'ਤੇ ਸੋਹਣਿਆਂ ਦੱਸਦਾ ਜਾਵੀਂ
ਗੱਲ ਸ਼ਹੁ ਦਰਿਆਵਾਂ ਦੇ ਪਾਰ ਦੀ ਵੇ ਅੜਿਆ।

ਸੂਰਜ ਦੇ ਵਾਂਗੂੰ ਲੱਸਨਾ ਏਂ ਸਾਂਵਰ
ਮਜ਼ਾਰਾਂ ਦੀ ਧੂੜ 'ਚ ਵੱਸਨਾ ਏਂ ਸਾਂਵਰ
ਦੀਵੇ ਨੂੰ ਰਾਜ਼ ਕੋਈ ਦੱਸਨਾ ਏਂ ਸਾਂਵਰ,
ਬਹੁੜੀ ਗੱਲ ਇਹ ਅੱਧ-ਵਿਚਕਾਰ ਦੀ ਵੇ ਅੜਿਆ।
ਕੰਧੀ 'ਤੇ ਸੋਹਣਿਆਂ ਦੱਸਦਾ ਜਾਵੀਂ
ਗੱਲ ਸ਼ਹੁ ਦਰਿਆਵਾਂ ਦੇ ਪਾਰ ਦੀ ਵੇ ਅੜਿਆ।

ਹਿੱਕ ਅਰਜ਼ ਗ਼ਰੀਬਣੀ ਨਾਰ ਦੀ ਵੇ ਅੜਿਆ
ਹੇ ਗੱਲ ਨ ਦੇਸ ਕੰਧਾਰ ਦੀ ਵੇ ਅੜਿਆ
ਅਸਾਂ ਸਾਂਭੀ ਰਜ਼ਾ ਇਕ ਯਾਰ ਦੀ ਵੇ ਅੜਿਆ
ਗੱਲ ਬੇਪਰਵਾਹ ਅਸਵਾਰ ਦੀ ਵੇ ਅੜਿਆ—
ਕੰਧੀ 'ਤੇ ਸੋਹਣਿਆਂ ਦੱਸਦਾ ਜਾਵੀਂ
ਗੱਲ ਸ਼ਹੁ ਦਰਿਆਵਾਂ ਦੇ ਪਾਰ ਦੀ ਵੇ ਅੜਿਆ।

ਸਜਦੇ ਦੇ ਹੇਠ ਸੌਂ ਰੱਸਨਾ ਏਂ ਸਾਂਵਰ
ਮਿੱਟੀ ਦੇ ਜੋਬਨ 'ਚ ਫੱਸਨਾ ਏਂ ਸਾਂਵਰ
ਰੁੱਖਾਂ ਨੂੰ ਹਰਫ਼ ਕੋਈ ਦੱਸਨਾ ਏਂ ਸਾਂਵਰ,
ਤੈਨੂੰ ਬਖ਼ਸ਼ ਸੱਚੀ ਸਰਕਾਰ ਦੀ ਵੇ ਅੜਿਆ—
ਕੰਧੀ 'ਤੇ ਸੋਹਣਿਆਂ ਦੱਸਦਾ ਜਾਵੀਂ
ਗੱਲ ਸ਼ਹੁ ਦਰਿਆਵਾਂ ਦੇ ਪਾਰ ਦੀ ਵੇ ਅੜਿਆ।


WWW.SIKHBOOKCLUB.COM

ਹੇ ਗੱਲ ਨਨਕਾਣੇ ਦੀ ਬਾਰ ਦੀ ਵੇ ਅੜਿਆ
ਮੇਰਾ ਸ਼ੌਕ ਨਜ਼ਰ ਸ਼ਿੰਗਾਰਦੀ ਵੇ ਅੜਿਆ
ਮੈਨੂੰ ਪੱਜ ਪਾ ਪਾ ਖਲਿਹਾਰਦੀ ਵੇ ਅੜਿਆ
ਸਿਰ 'ਤੇ ਲਸ਼ਕਰ ਬਾਜ਼ਾਂ ਦੇ ਉਲਾਰਦੀ ਵੇ ਅੜਿਆ—
ਕੰਧੀ 'ਤੇ ਸੋਹਣਿਆਂ ਦੱਸਦਾ ਜਾਵੀਂ
ਗੱਲ ਸ਼ਹੁ ਦਰਿਆਵਾਂ ਦੇ ਪਾਰ ਦੀ ਵੇ ਅੜਿਆ।

ਡੁਬਦੇ ਸੂਰਜ ਨੂੰ ਤੱਕਨਾ ਏਂ ਸਾਂਵਰ
ਸ਼ੀਹਾਂ ਨੂੰ ਅੱਖੀਂ 'ਚ ਡੱਕਨਾ ਏਂ ਸਾਂਵਰ
ਭੇਦ ਦਰਿਆਵਾਂ ਦਾ ਰੱਖਨਾ ਏਂ ਸਾਂਵਰ
ਖ਼ੂਨੀ ਧੂੜਾਂ ਤੇਗ ਉਤਾਰਦੀ ਵੇ ਅੜਿਆ—
ਕੰਧੀ 'ਤੇ ਸੋਹਣਿਆਂ ਦੱਸਦਾ ਜਾਵੀਂ
ਗੱਲ ਸ਼ਹੁ ਦਰਿਆਵਾਂ ਦੇ ਪਾਰ ਦੀ ਵੇ ਅੜਿਆ।

ਨਿੱਕੀ ਜਹੀ ਗੱਲ ਦਿਲਦਾਰ ਦੀ ਵੇ ਅੜਿਆ
ਵੱਡੇ ਸਿੰਧਾਂ ਜਿਹੇ ਖੰਭ ਖਿਲਾਰਦੀ ਵੇ ਅੜਿਆ
ਮੈਂਡੇ ਕਾਲੜੇ ਕੇਸ ਲਲਕਾਰਦੀ ਵੇ ਅੜਿਆ,
ਨਦਰ ਦੇ ਕਟਕ ਸੁੱਟ ਸਾਨੂੰ ਮਾਰਦੀ ਵੇ ਅੜਿਆ—
ਕੰਧੀ 'ਤੇ ਸੋਹਣਿਆਂ ਦੱਸਦਾ ਜਾਵੀਂ
ਗੱਲ ਸ਼ਹੁ ਦਰਿਆਵਾਂ ਦੇ ਪਾਰ ਦੀ ਵੇ ਅੜਿਆ।

ਦੀਨ ਦੇ ਲਸ਼ਕਰ 'ਤੇ ਹੱਸਨਾ ਏਂ ਸਾਂਵਰ
ਸ਼ਰ੍ਹਾ ਦੇ ਮਕਸਦ 'ਤੇ ਨੱਚਣਾ ਏਂ ਸਾਂਵਰ
ਹੱਥ ਰੱਬ ਦੇ ਦਾਮਨ ਰੱਖਣਾ ਏਂ ਸਾਂਵਰ
ਤੈਨੂੰ ਕਸਮ ਈਮਾਨ ਦੇ ਵਾਰ ਦੀ ਵੇ ਅੜਿਆ—
ਕੰਧੀ 'ਤੇ ਸੋਹਣਿਆਂ ਦੱਸਦਾ ਜਾਵੀਂ
ਗੱਲ ਸ਼ਹੁ ਦਰਿਆਵਾਂ ਦੇ ਪਾਰ ਦੀ ਵੇ ਅੜਿਆ।

ਅੱਗ ਲੱਗੀ ਹੁਕਮ ਅਪਾਰ ਦੀ ਵੇ ਅੜਿਆ
ਫਿਰੇ ਪੀਰ ਅਜ਼ਲ ਦੇ ਚਾਰਦੀ ਵੇ ਅੜਿਆ
ਕਟਕ ਸੋਹਣੇ ਤਬੀਬ 'ਤੇ ਚਾੜ੍ਹਦੀ ਵੇ ਅੜਿਆ
ਫਿਰੇ ਜ਼ਖ਼ਮ ਸ਼ੁਦਾ ਦੇ ਪਾੜਦੀ ਵੇ ਅੜਿਆ;
ਕੰਧੀ 'ਤੇ ਸੋਹਣਿਆਂ ਦੱਸਦਾ ਜਾਵੀਂ
ਗੱਲ ਸ਼ਹੁ ਦਰਿਆਵਾਂ ਦੇ ਪਾਰ ਦੀ ਵੇ ਅੜਿਆ।


WWW.SIKHBOOKCLUB.COM

ਜੋ ਰੁੱਸਿਆ ਏ ਸੋ ਮੁੜਣਾ ਏਂ ਸਾਂਵਰ
ਆ ਨੂਰੀ ਸਾਹ ਵਿਚ ਜੁੜਣਾ ਏਂ ਸਾਂਵਰ
ਉੱਗ ਤੂਰ ਬੇਹੋਸ਼ੀ 'ਚ ਤੁਰਣਾ ਏਂ ਸਾਂਵਰ,
ਇਹ 'ਵਾਜ ਅਜ਼ਲ ਦੇ ਪਿਆਰ ਦੀ ਵੇ ਅੜਿਆ।
ਕੰਧੀ 'ਤੇ ਸੋਹਣਿਆਂ ਦੱਸਦਾ ਜਾਵੀਂ
ਗੱਲ ਸ਼ਹੁ ਦਰਿਆਵਾਂ ਦੇ ਪਾਰ ਦੀ ਵੇ ਅੜਿਆ।

ਰਗ ਕੂਕਦੀ ਤਪ ਕੇ ਉਜਾੜ ਦੀ ਵੇ ਅੜਿਆ
ਮਾਰੂ ਤਰਬ ਅਜ਼ਾਨ ਦੇ ਭਾਰ ਦੀ ਵੇ ਅੜਿਆ
ਜ਼ਖ਼ਮ 'ਤੇ ਲਟਕੀ, ਫੇਰ ਚਮਕਾਰਦੀ ਵੇ ਅੜਿਆ,
ਇਹ ਧਮਕ ਅਲਾਹ ਦੇ ਯਾਰ ਦੀ ਵੇ ਅੜਿਆ!
ਕੰਧੀ 'ਤੇ ਸੋਹਣਿਆਂ ਦੱਸਦਾ ਜਾਵੀਂ
ਗੱਲ ਸ਼ਹੁ ਦਰਿਆਵਾਂ ਦੇ ਪਾਰ ਦੀ ਵੇ ਅੜਿਆ।

ਕਿਉਂ ਲੰਮੇ ਉਜਾੜਾਂ ਨੂੰ ਚੜ੍ਹਨਾ ਏਂ ਸਾਂਵਰ
ਚੀਸ ਜ਼ਖ਼ਮਾਂ ਦੀ ਕਿੱਥੇ ਕੁ ਫੜਣਾ ਏਂ ਸਾਂਵਰ
ਜਾ ਕੇ ਬੂਹੇ ਅੱਲਾਹ ਦੇ ਖੜ੍ਹਨਾ ਏਂ ਸਾਂਵਰ—
ਗੱਲ ਧੁੰਮੀ ਖ਼ੂਨੀ ਖ਼ਾਰ ਦੀ ਵੇ ਅੜਿਆ।
ਕੰਧੀ 'ਤੇ ਸੋਹਣਿਆਂ ਦੱਸਦਾ ਜਾਵੀਂ
ਗੱਲ ਸ਼ਹੁ ਦਰਿਆਵਾਂ ਦੇ ਪਾਰ ਦੀ ਵੇ ਅੜਿਆ।

ਅੱਗੇ ਨਜ਼ਰ ਹੈ ਬੇਮੁਹਾਰ ਦੀ ਵੇ ਅੜਿਆ
ਅੱਗੇ ਚੁੱਪ ਹੈ ਤੇਰੇ ਇਕਰਾਰ ਦੀ ਵੇ ਅੜਿਆ
ਅੱਗੇ ਹੂੰਗਰ ਕਿਸੇ ਬਜ਼ਾਰ ਦੀ ਵੇ ਅੜਿਆ
ਨੂਰੀ ਲਟਕ ਮੇਰੇ ਦਿਲਦਾਰ ਦੀ ਵੇ ਅੜਿਆ!
ਕੰਧੀ 'ਤੇ ਸੋਹਣਿਆਂ ਦੱਸਦਾ ਜਾਵੀਂ
ਗੱਲ ਸ਼ਹੁ ਦਰਿਆਵਾਂ ਦੇ ਪਾਰ ਦੀ ਵੇ ਅੜਿਆ।

*(ਮਾਰਚ, 1966)*

•


WWW.SIKHBOOKCLUB.COM

# 99

# ਸੂਫ਼ੀਆਂ ਦਾ ਗੀਤ

ਇਹ 'ਵਾਜ ਅਲਾਹ ਦੇ ਪਿਆਰ ਦੀ ਵੇ ਅੜਿਆ,
ਪਈ ਹਾ ਦੇ ਨਾਅਰੇ ਮਾਰਦੀ ਵੇ ਅੜਿਆ।

ਭੈਅ ਸੀਨੇ ਚੜ੍ਹਿਆ ਰੁੱਖਾਂ ਦਾ
ਆ ਘੂਰੇ ਕਟਕ ਮਨੁੱਖਾਂ ਦਾ
ਪਿਆ ਵੱਜੇ ਨਗਾਰਾ ਦੁੱਖਾਂ ਦਾ,
ਸੁਣੇ ਮਿੱਠੀ ਹੇਕ ਬਹਾਰ ਦੀ ਵੇ ਅੜਿਆ
ਇਹ 'ਵਾਜ ਅਲਾਹ ਦੇ ਪਿਆਰ ਦੀ ਵੇ ਅੜਿਆ ॥੧॥

ਕਿਸੇ ਦੱਬਿਆ ਗਜ਼ਬ ਦੀਵਾਰਾਂ ਵਿਚ
ਕੋਈ ਅੱਥਰੂ ਦਿਸੇ ਹਜ਼ਾਰਾਂ ਵਿਚ
ਕੋਈ ਸਾਇਆ ਫਿਰੇ ਬਜ਼ਾਰਾਂ ਵਿਚ,
ਇਕ ਅਰਜ਼ ਕੂੰਜਾਂ ਦੀ ਡਾਰ ਦੀ ਵੇ ਅੜਿਆ
ਇਹ 'ਵਾਜ ਅਲਾਹ ਦੇ ਪਿਆਰ ਦੀ ਵੇ ਅੜਿਆ ॥੨॥

ਇਸ ਅਧਰੈਣੀ ਦੀ ਛਾਂ ਥੱਲੇ
ਕੋਈ ਹੌਕਾ ਕਿਸੇ ਦੇ ਨਾਂ ਥੱਲੇ
ਕੋਈ ਸਾਜ਼ਿਸ਼ ਖੜੀ ਝਨਾਂ ਥੱਲੇ,
ਕੋਈ ਸੈਨਤ ਕਰਦਾ ਪਾਰ ਦੀ ਵੇ ਅੜਿਆ
ਇਹ 'ਵਾਜ ਅਲਾਹ ਦੇ ਪਿਆਰ ਦੀ ਵੇ ਅੜਿਆ ॥੩॥

ਕੋਈ ਲੰਮੀ ਨਦੀ ਹਜ਼ੂਰ ਤੋਂ
ਹੋ ਨਾਜ਼ਕ ਸਹਿਮ ਸਰੂਰ ਤੋਂ
ਕਿਸੇ ਤਾਰ ਮਹੀਨ ਦੇ ਨੂਰ ਤੋਂ,
ਪਈ ਸੁੱਟੇ ਝਲਕ ਦੀਦਾਰ ਦੀ ਵੇ ਅੜਿਆ
ਇਹ 'ਵਾਜ ਅਲਾਹ ਦੇ ਪਿਆਰ ਦੀ ਵੇ ਅੜਿਆ ॥੪॥

ਕਿਉਂ ਨਨਕਾਣੇ ਦੇ ਰਾਹ ਉੱਤੋਂ
ਬਹਿ ਰੋਂਦੀ ਹਵਾ ਕੋਈ ਆ ਉੱਤੋਂ
ਕੋਈ ਤਾਰਾ ਚੜ੍ਹੇ ਗੁਨਾਹ ਉੱਤੋਂ,
ਚੁੰਝ ਚਿੜੀ ਦੀ ਵਾ ਕਿਲਕਾਰਦੀ ਵੇ ਅੜਿਆ
ਇਹ 'ਵਾਜ ਅਲਾਹ ਦੇ ਪਿਆਰ ਦੀ ਵੇ ਅੜਿਆ ॥੫॥

*(ਮਾਰਚ, 1966)*

•

WWW.SIKHBOOKCLUB.COM

Page 317

# 100

## ਗੀਤ

ਤੋਤੇ ਦੇ ਪਰ ਹੇਠ ਪਈ
ਮਦ ਬਿਰਖ ਦੀ ਹੁੱਲੇ,
ਚੜ੍ਹੇ ਨਿਮਾਣੀ ਰਿਸ਼ਮ 'ਤੇ
ਅੰਬਰ ਦੇ ਬੁੱਲੇ।

ਸਦਾ ਸੁਹਾਗਣ ਰੰਗਲੀ
ਪੀ ਖ਼ਾਕ ਖ਼ੁਮਾਰੀ,
ਚੜ੍ਹੇ ਹੋਏ ਦਰਿਆ ਤੱਕ
ਘੁੰਡ ਸ਼ਰਮ ਦੇ ਖੁੱਲ੍ਹੇ।

ਮਿਰਗਾਂ ਪਿੱਛੇ ਮੇਰੀਆਂ
ਰੋਹੀਆਂ ਵੀ ਨੱਸਣ,
ਮਹਿਕਣ ਸ਼ੌਕ ਕਬਾਬ ਦੇ
ਚੜ੍ਹ ਭੱਖਦੇ ਚੁੱਲ੍ਹੇ

ਮੋਰੋ ਕੰਠ 'ਚ ਨਾਗ ਨੇ
ਵਿਹੁ ਕੇਹੀ ਰਲਾਈ!
ਮਲਕ ਦੇ ਬੂਹੇ ਉਮਰ ਦੇ
ਸਭ ਬੇਲੇ ਫੁੱਲੇ।

ਰੋਹੀਆਂ ਦੇ ਵਿਚ ਅੰਬਰਾਂ
ਦੀ 'ਵਾਜ ਅਨੋਖੀ,
ਨਦੀਆਂ ਦੇ ਵਲ ਪਰਬਤਾਂ
ਦੇ ਰਾਜ਼ ਨੇ ਜੁੱਲੇ।

ਡੁੱਬਦਾ ਸੂਰਜ ਵੇਖਦਾ
ਮਿਰੀ ਪੈੜ ਨਸੀਬਾਂ,
ਕੂੰਜਾਂ ਦੀ ਕਿਲਕਾਰ ਵਿਚ
ਖੰਭ ਬਾਜ਼ ਦੇ ਰੁੱਲੇ।


WWW.SIKHBOOKCLUB.COM

ਬੋਹੜਾਂ 'ਤੇ ਚੜ੍ਹ ਰੋਂਵਦੇ
ਪ੍ਰਛਾਵੇਂ ਮੇਰੇ,
ਮੰਗੂ ਸਾਹਵੇਂ ਧੁੱਪ ਦਾ
ਔਹ ਬੇਲਾ ਝੁੱਲੇ।

ਰੁੱਖਾਂ ਉੱਤੋਂ ਉੱਡਦੇ
ਮੇਰੀ ਉਮਰ ਦੇ ਹਾਸੇ,
ਛਾਵਾਂ ਹੇਠਾਂ ਊਂਘਦੇ
ਇਹ ਨੈਣ ਬੇ-ਮੁੱਲੇ।

ਖੜੀ ਅੰਬਰਾਂ ਸਾਹਮਣੇ
ਸਭ ਹੇਕਾਂ ਗਈਆਂ,
ਲਹੂ ਯਾਰ ਦਾ ਸੰਞ ਨੂੰ
ਪਲਕਾਂ 'ਤੇ ਡੁੱਲ੍ਹੇ।

ਛੱਡ ਤੁਰਿਆ ਮੋਹ ਜੋਬਨਾਂ
ਇਹ ਰੂਹ ਬਨਬਾਸੀ,
ਸਾਂਦਲ ਬਾਰ ਦੇ ਬ੍ਰਿਛ ਦੀ
ਇਕ 'ਵਾਜ ਨਾਂਹ ਭੁੱਲੇ।

*(ਮਾਰਚ, 1966)*

•

## 101

# ਪਿਆਰੇ ਦੇ ਦੇਸ ਵਿਚ ਮੌਤ

### ਅਤੇ

# ਜੀਵਨ ਦੇ ਝਲਕੇ

[ਸਰੋਦੀ ਟੱਪਿਆਂ ਵਿਚ ਪਿਛਲੀਆਂ ਕਵਿਤਾਵਾਂ ਦੀ ਸੂਖਮ ਰਮਜ਼]

1. ਕਾਲਾ ਚਰਖ਼ ਨਸੀਬਾਂ ਦਾ,
ਕੂਕ ਗ਼ੁਬਾਰਾਂ ਦੀ
ਬੂਹਾ ਖੁੱਲ੍ਹਿਆ ਤਬੀਬਾਂ ਦਾ।

2. ਤਾਰੇ ਕੰਬਦੇ ਹਵੇਲੀ 'ਤੇ,
ਤੱਕਾਂ ਦਰਿਆ ਵਗਦੇ
ਖ਼ੂਨੀ ਚਰਖ਼-ਹਥੇਲੀ 'ਤੇ।

3. ਕਾਲਾ ਚੁੱਪ ਦਾ ਗ਼ੁਬਾਰ ਦਿਸੇ,
ਝੱਲ ਪੈਂਦਾ ਪੱਤਿਆਂ ਨੂੰ
ਹੇਠਾਂ ਨੂਰ ਦਾ ਪਹਾੜ ਦਿਸੇ।

4. ਵੱਢੀ ਮਿਰਗਾਂ ਦੀ ਡਾਰ ਪਈ,
ਪੱਤਿਆਂ ਦੀ ਅੱਗ ਮੱਚਦੀ
ਤਾਰਾਂ ਸੁੱਤੀਆਂ ਦੀ ਧਾੜ ਪਈ।

5. ਅੱਗ ਤਰਬ ਨਿਸ਼ਾਨਾਂ ਦੀ,
ਮਿੱਟੀਏ ਨੀ ਰੱਖ ਸੀਨੇ
ਮਿੱਠੀ 'ਵਾਜ ਕੁਰਾਨਾਂ ਦੀ।

6. ਵਾ ਤਰਬ ਨਿਸ਼ਾਨਾਂ ਦੀ,
ਜਿੰਦੇ ਤੇਰਾ ਵਣਜ ਕਰੇ
ਸੋਹਣੀ ਨਜ਼ਰ ਰਕਾਨਾਂ ਦੀ।

7. ਮਿੱਟੀ ਰੰਗਲੀ ਅਜ਼ਾਨਾਂ ਦੀ,
ਡੁੱਬ ਗਏ ਲੱਖ ਸੂਰਜ
ਲੱਭੇ ਧੂੜ ਈਮਾਨਾਂ ਦੀ।

WWW.SIKHBOOKCLUB.COM

8. ਮਿੱਟੀ ਰੰਗਲੀ ਅਜ਼ਾਨਾਂ ਦੀ,
ਨਾਜ਼ਕ ਤਰਬਾਂ ਸੁਣ
ਜਿੰਦ ਕੰਬਦੀ ਤੂਫ਼ਾਨਾਂ ਦੀ।

9. ਮਿੱਟੀ ਰੰਗਦਾ ਖ਼ੁਦਾ ਮੇਰਾ,
ਫ਼ਜਰਾਂ ਨੇ ਬਾਂਹ ਫੜ ਕੇ
ਤੈਨੂੰ ਦੱਸਿਆ ਏ ਰਾਹ ਮੇਰਾ।

10. ਮਿੱਠੀ 'ਵਾਜ ਰਕਾਨਾਂ ਦੀ,
ਬਾਜ਼ਾਂ ਦੇ ਖੰਭ ਸਾੜੇ
ਚੜ੍ਹ ਸੁੰਨ ਅਸਮਾਨਾਂ ਦੀ।

11. ਸੰਵ ਸੁੱਤੀਆਂ ਰਕਾਨਾਂ ਦੀ,
ਰੁੱਖਾਂ ਹੇਠ ਮੁਰਸ਼ਦ ਨਾਂਹ
ਕਰੇ ਗੱਲ ਅਸਮਾਨਾਂ ਦੀ।

12. ਸੰਵ ਪੈਂਦੀ ਗੁਨਾਹਾਂ 'ਤੇ,
ਸੂਰਜ ਲੱਖ ਚੜ੍ਹਦੇ
ਸੁੰਨ ਉਜੜੀਆਂ ਰਾਹਾਂ 'ਤੇ।

13. ਸੰਵ ਪੈਂਦੀ ਗੁਨਾਹਾਂ 'ਤੇ,
ਗੀਤ ਜੱਲਾਦਾਂ ਦਾ
ਸੁੱਤਾ ਹੇਠਾਂ ਆਹਾਂ ਦੇ।

14. ਸੰਵ ਪੈ ਗਈ ਗੁਨਾਹਾਂ 'ਤੇ,
ਸੁੰਨ ਵਾਲੇ ਝੱਖੜਾਂ 'ਚੋਂ
ਲਹੂ ਡਿੱਗਿਆ ਆ ਬਾਹਾਂ 'ਤੇ।

15. ਉੱਥੇ ਚੁੱਪ ਅਰਮਾਨਾਂ ਦੀ,
ਜਿਹੜੀ ਮੁੱਠ ਭੱਖਦੀ ਏ
ਸਈਓ ਤੇਗ 'ਸਮਾਨਾਂ ਦੀ।

16. ਕੋਈ ਬਾਜ਼ ਏ ਜੂਹਾਂ ਵਿਚ,
ਪੱਤਿਆਂ ਦੀ ਸੱਦ ਸੁਣਦੀ
ਲਹੂ ਕਾਲਿਆਂ ਖੂਹਾਂ ਵਿਚ।

17. ਹੰਝੂ ਡਿੱਗਿਆ ਏ ਸਾਹਾਂ 'ਤੇ,
ਚੁੱਪ ਹੇਠਾਂ ਮਿੱਟ ਗਏ ਜੋ
ਉਹ ਝੱਖੜ ਅਗਾਹਾਂ ਦੇ।

WWW.SIKHBOOKCLUB.COM

18. ਰੁੱਖ ਮਿੱਟੜੀ ਨੇ ਰਾਹਾਂ ਦੀ,
ਤੇਗਾਂ ਦੇ ਸਾਇਆਂ ਵਿਚ
ਰੱਤ ਹੁੱਲਦੀ ਗੁਨਾਹਾਂ ਦੀ।

19. ਅੱਗ ਡੁੱਬਿਆਂ ਸਾਹਾਂ ਦੀ,
ਤੇਗਾਂ ਦੇ ਸਾਇਆਂ ਵਿਚ
ਕੰਬੀ 'ਵਾਜ ਮਲਾਹਾਂ ਦੀ।

20. ਯਾਰੋ ਸੁੰਨ ਦੀ ਪਛਾਣ ਗਈ,
ਸਾਈਆਂ ਤੇਰੀ ਤਰਜ਼ ਮਿਟੀ
ਸਾਡੀ ਅਰਜ਼ ਵੀਰਾਨ ਗਈ।

21. ਟੁੱਟੀ ਤਰਜ਼ ਖ਼ੁਦਾ ਵਾਲੀ,
ਸੁੱਕ ਦਰਿਆ ਜਾਂਦੇ
ਮੇਰੀ 'ਵਾਜ ਨਾ ਰਾਹ ਵਾਲੀ।

22. ਸੁੱਤੇ ਮਿੱਟੀ 'ਚ ਸਾਹ ਮੇਰੇ,
ਜਿੱਥੇ ਮੈਂ ਅਜ਼ਾਨ ਕਹੀ
ਹੋਏ ਤਾਰੇ ਗਵਾਹ ਮੇਰੇ।

23. ਵਣ ਰੂਹ ਦਿਲਗੀਰਾਂ ਦੇ,
ਦੁਨੀਆਂ ਦੇ ਰੁੱਖ ਸਾਂਝੇ
ਵੱਖ ਵਿਰਦ ਫ਼ਕੀਰਾਂ ਦੇ।

24. ਸ਼ਹੁ ਪੈੜਾਂ ਦੇ ਸੁੱਕ ਜਾਂਦੇ,
ਸ਼ੁਤਰਾਂ 'ਤੇ ਨਸਦੇ ਜੋ
ਸ਼ੌਕ ਫ਼ਜਰਾਂ ਦੇ ਮੁੱਕ ਜਾਂਦੇ।

25. ਸਾਹ ਨੂਰੀ ਰੁਕ ਜਾਂਦੇ,
ਫ਼ਜਰਾਂ ਦੀ ਗਾਨੀ ਦੇ
ਲੜ ਸ਼ੁਤਰਾਂ 'ਤੇ ਝੁਕ ਜਾਂਦੇ।

26. ਕੋਈ ਸੂਰਜ ਏ ਸਾਹਾਂ ਦਾ,
ਉੱਠਣਾ ਗ਼ੁਬਾਰ ਕਦੇ
ਮੇਰੇ ਡੁੱਬਿਆਂ ਰਾਹਾਂ ਦਾ।

27. ਇਹ ਗੀਤ ਪਿਛਾਹਾਂ ਦੇ,
ਨਿੱਕੀ ਜਿਹੀ ਟਾਹਣੀ 'ਤੇ
ਭੈਅ ਕੰਬਦੇ ਅਗਾਹਾਂ ਦੇ।

WWW.SIKHBOOKCLUB.COM

28. ਕੂਕੇ ਕਾਫ਼ਲੇ ਰਾਜ਼ਾਂ ਦੇ,
ਨਿੱਕੀ ਜਿਹੀ ਟਾਹਣੀ 'ਤੇ
ਗੁਮਨਾਮ ਆਵਾਜ਼ਾਂ ਦੇ।

29. ਸਿਰ ਕਾਫ਼ਰ ਖੀਵੇ 'ਤੇ,
ਅੰਨੇ ਸੁੰਨ ਪੱਥਰਾਂ ਦਾ
ਨ੍ਹੇਰਾ ਚੜ੍ਹਿਆ ਏ ਦੀਵੇ 'ਤੇ।

30. ਭੈੜੀ ਸੁੰਨ ਗੁਮਨਾਮੀ ਦੀ,
ਪੱਥਰਾਂ 'ਤੇ ਹੱਥ ਤੇਰਾ
ਬੱਤੀ ਬੁਝੇ ਨ ਨਿਸ਼ਾਨੀ ਦੀ।

31. ਚੜ੍ਹੇ ਨੂਰ ਅਗੇਤਾ ਜਾ,
ਚਰਖਾਂ ਦੇ ਅੰਧ ਸੀਨੇ
ਜਗੇ ਪੈੜ ਦਾ ਰੇਤਾ ਜਾ।

32. ਜਿਹੜਾ ਇਲਮ ਅਨਾਂ ਬੀਬਾ,
ਉਥੇ ਦਰਿਆ ਤੇਰੇ
ਸੋਹਣੀ ਧਰਤੀ ਦੀ ਛਾਂ ਬੀਬਾ।

33. ਮਿੱਟੀ ਜੋਬਨ ਦੀ ਚੁੱਪ ਵਾਲੀ,
ਪੱਤਝੜ ਲੱਖ ਆਵੇ
ਅੱਗ ਸਬਰਾਂ 'ਚ ਰੁੱਖ ਵਾਲੀ।

34. ਸੁੰਨਾ ਤਖ਼ਤ ਪੰਜਾਬੇ ਦਾ,
ਮਹਿਰਮ ਲੱਦ ਗਏ ਨੇ
ਗਿਆ ਦੇਸ ਚਨਾਬੇ ਦਾ।

35. ਮੇਰਾ ਸਜਦਾ ਗੁਨਾਹਾਂ ਦਾ,
ਧਰਤੀ ਦੀ ਰਗ ਚੜ੍ਹਿਆ
ਲਹੂ ਮੁਰਸ਼ਦ-ਰਾਹਾਂ ਦਾ।

36. ਚਿੜੀ ਬੰਜਰਾਂ 'ਚ ਚੂਕ ਪਈ,
ਧਰਤੀ 'ਚੋਂ ਲਹੂ ਫੁੱਟਿਆ
ਮੇਰੇ ਸਜਦੇ ਦੀ ਕੂਕ ਪਈ।

37. ਲਹੂ ਫੁੱਟਿਆ ਅਖ਼ੀਰਾਂ ਦਾ,
ਸਜਦੇ ਦੇ ਹੇਠ ਕਦੇ
ਸਜੇ ਤਖ਼ਤ ਫ਼ਕੀਰਾਂ ਦਾ।

WWW.SIKHBOOKCLUB.COM

38. ਲਹੂ ਲੱਗਿਆ ਜਾ ਡਾਰਾਂ ਨੂੰ,
ਸਜਦੇ ਦੇ ਹੇਠ ਚੁਗੇ
ਮੇਰੀ ਉਮਰ ਗ਼ੁਬਾਰਾਂ ਨੂੰ।

39. ਗੁਨਾਹਗਾਰ ਪਿਆਸੇ ਨੇ,
ਕੋਟ ਈਮਾਨਾਂ ਦਿਆ
ਤੇਰੇ ਦੂਰ ਦਿਲਾਸੇ ਨੇ।

40. ਤਾਰੇ ਚੜ੍ਹ ਪਏ ਈਮਾਨਾਂ ਦੇ,
ਫ਼ਜਰਾਂ ਦੇ ਸ਼ੁਤਰਾਂ ਗਲ
ਲੱਗੇ ਬੋਲ ਅਜ਼ਾਨਾਂ ਦੇ।

41. ਟੁੱਟੇ ਵਖਤ ਤਬੀਬਾਂ 'ਤੇ,
ਭੁੱਖੇ ਥਲ ਸਿਰ ਝੁਲਸਣ
ਇਹਨਾਂ ਸੁੰਨੀਆਂ ਸਲੀਬਾਂ 'ਤੇ।

42. ਭੇਜੇਂ ਹੁਕਮ ਬਜ਼ਾਰਾਂ 'ਚੋਂ,
ਲੱਗਿਆ ਗੁਨਾਹ ਪੈਰੀਂ
ਕੰਡਾ ਗਸ਼ ਦਾ ਉਜਾੜਾਂ 'ਚੋਂ।

43. ਤੈਂਡੀ ਜ਼ਾਤ ਉਚੇਰੀ ਵੇ,
ਜਿੱਥੇ ਕੁ ਗੁਨਾਹ ਮੇਰੇ
ਉੱਥੇ ਪੈੜ ਵੀ ਤੇਰੀ ਵੇ।

44. ਬੂਹੇ ਖੁਲ੍ਹ ਗਏ ਰਾਜ਼ਾਂ ਦੇ,
ਸੁੰਨੀਆਂ ਉਜਾੜਾਂ ਵਿਚ
ਖੰਭ ਲਰਜ਼ੇ ਨੇ ਬਾਜ਼ਾਂ ਦੇ।

45. ਰੰਗ ਲੰਘਿਆ ਗ਼ੁਬਾਰਾਂ ਦਾ,
ਰੁੱਖਾਂ 'ਤੇ ਤ੍ਰੇਲ ਪਵੇ
ਲਹੂ ਡਿੱਗਿਆ ਉਜਾੜਾਂ ਦਾ।

46. ਮੁੱਕੇ ਬੋਲ ਨੇ ਰਾਹਾਂ ਦੇ,
ਕਰਦੀ ਦੁਆ ਜਿੰਦੜੀ
ਚੰਨ ਦਿਸਦੇ ਗੁਨਾਹਾਂ ਦੇ।

47. ਧੁੱਖਣ ਧਰਤੀ ਦੇ ਪਾਸੇ ਵੇ,
ਵਸਲਾਂ ਦਾ ਰੰਗ ਚੜ੍ਹਿਆ
ਉੱਠੇ ਹਿਜਰਾਂ ਦੇ ਹਾਸੇ ਵੇ।

WWW.SIKHBOOKCLUB.COM

48. ਸੁੰਨੇ ਦੀਵੇ ਦੁਆਵਾਂ ਦੇ,
ਰੋਹੀਆ ਦੇ ਸਿਰ ਫੁੱਟਦੇ
ਕਿਨ੍ਹਾਂ ਉੱਚੀਆਂ ਹਵਾਵਾਂ 'ਤੇ ?

49. ਖੰਭ ਵਜਦੇ ਪਹਾੜਾਂ 'ਤੇ,
ਜੀਵੇ ਤੇਰਾ ਨੂਰ ਚੰਨਾ
ਮੇਰੇ ਸੁੰਨਿਆਂ ਬਜ਼ਾਰਾਂ 'ਤੇ।

50. ਰੁੱਖ ਉਜੜੇ ਨਸੀਬਾਂ ਦੇ,
ਜਿਹੜੇ ਛਾਲੇ ਚੁੰਮਦਾ ਉਹ
ਗੁਨਾਹਗਾਰ ਗ਼ਰੀਬਾਂ ਦੇ।

51. ਭੈਅ ਖ਼ੂਨੀ ਗਹਿਰਾਂ ਦਾ,
ਪੰਛੀ ਨੂੰ ਵਿਲਕ ਰਿਹਾ
ਥਲ ਪਿਛਲਿਆਂ ਪਹਿਰਾਂ ਦਾ।

52. ਕੋਈ ਬੋਲ ਦੁਪਹਿਰਾਂ ਦਾ,
ਤੱਤੀਆਂ 'ਵਾਵਾਂ ਵਿਚ
ਛਾਲਾ ਫੁੱਟਿਆ ਏ ਕਹਿਰਾਂ ਦਾ।

53. ਧੂੰ ਉਠਦਾ ਏ ਰਾਜ਼ਾਂ 'ਚੋਂ,
ਖੇਡਣ ਦਾ ਦਿਨ ਮਿਲਿਆ
ਇਹਨਾਂ ਲੱਖ ਪਰਵਾਜ਼ਾਂ 'ਚੋਂ।

54. ਕਿਸੇ ਹੱਸਣਾ ਫ਼ਕੀਰਾਂ 'ਚੋਂ,
ਖੇਡਣ ਦਾ ਦਿਨ ਦੇਣਾ
ਰੰਗ ਬੇ-ਨਜ਼ੀਰਾਂ 'ਚੋਂ।

55. ਸੁੰਨ ਉੱਤਰੀ ਕਹਾਰਾਂ 'ਤੇ,
ਬਾਝ ਫ਼ਕੀਰਾਂ ਦੇ
ਦਿਲ ਟੁੱਟ ਗਏ ਪਹਾੜਾਂ ਦੇ।

56. ਖੰਭ ਸੁੱਕਿਆ ਏ ਟਾਹਣੀ 'ਤੇ,
ਕੂੰਜਾਂ ਦੇ ਰੰਗ ਡਿੱਗਦੇ
ਮੇਰੀ ਉਮਰਾ ਦੇ ਪਾਣੀ 'ਤੇ

57. ਰੁੱਤ ਕੰਬਦੀ ਆਹਟਾਂ ਦੀ,
ਬ੍ਰਿਛਾਂ ਦੇ ਪਾਰ ਪਈ
ਅੱਗ ਮੱਚਦੀ ਏ ਵਾਟਾਂ ਦੀ।


WWW.SIKHBOOKCLUB.COM

58. ਘੁੱਟ ਤੱਤੜੀ ਏ ਪਾਣੀ ਦੀ,
ਮਿੱਠੀ ਮਿੱਠੀ ਰੁਮਕ ਪਵੇ
ਕਿਤੋਂ ਫ਼ਜਰ-ਮਧਾਣੀ ਦੀ।

59. ਸੋਹਣੇ ਮੁਖੜੇ ਚਰਾਂਦਾਂ ਦੇ,
ਤੁਰ ਗਏ ਫ਼ਕੀਰ ਕਿਤੇ
ਰੁੱਖ ਉਜੜੇ ਚਰਾਂਦਾਂ ਦੇ।

60. ਖਾਂਦੇ ਬ੍ਰਿਛ ਹੁਲਾਰੇ ਨੇ,
ਹਰਫ਼ ਕੁਰਾਨਾਂ ਦੇ
ਉੱਤੇ ਲਿਖਦੇ ਸਿਤਾਰੇ ਨੇ।

61. ਕੋਈ ਦਰ 'ਤੇ ਸੁਆਲੀ ਹੈ,
ਬ੍ਰਿਛਾਂ ਨੇ ਰੰਗ ਮੋੜੇ
ਮੇਰੀ ਅੱਖੀਆਂ 'ਚ ਲਾਲੀ ਹੈ।

62. ਉੱਡੇ ਹੰਸ ਪਹਾੜਾਂ ਦੇ,
ਪੱਤਿਆਂ ਦੇ ਸੀਨੇ 'ਤੇ
ਡਿੱਗੇ ਬੋਲ ਉਜਾੜਾਂ ਦੇ।

63. ਸੁੰਮ ਵੱਜਦਾ ਏ ਪੱਥਰਾਂ 'ਤੇ,
ਬਿਰਖਾਂ ਦੀ ਹੂੰਗਰ ਸੁਣ
ਹੌਲ ਡਿਗਦਾ ਏ ਅੱਥਰਾਂ 'ਤੇ।

64. ਕਾਲੀ ਰਾਤ ਗ਼ੁਬਾਰਾਂ ਦੀ,
ਦੀਵੇ ਦੇ ਵਿਚ ਮੱਚਦੀ
ਮਿੱਟੀ ਸ਼ਾਹ ਅਸਵਾਰਾਂ ਦੀ।

65. ਫੁੱਲ ਹਸ਼ਰਾਂ ਦੇ ਬੂਹੇ 'ਤੇ,
ਖ਼ੂਨ ਬਹਾਰਾਂ ਦਾ
ਪੁੱਤ ਪੂਰਨ ਦੇ ਖੂਹੇ 'ਤੇ।

66. ਝੁੱਲੇ ਲਗਰਾਂ 'ਤੇ ਝਾਂਜਾ ਵੇ,
ਜੋਬਨ ਦਾ ਸਿਖਰ ਏ ਜਾਂ
ਪੱਤਝੜ ਦਾ ਕਾਂਬਾ ਏ।

67. ਚੰਨ ਚੜ੍ਹਦਾ ਏ ਕਾਂਬੇ 'ਚੋਂ,
ਪੈਂਦਾ ਏ ਹੌਲ ਕੁੜੇ
ਮੈਨੂੰ ਵਜਦਾਂ ਏ ਝਾਂਜੇ 'ਚੋਂ।

*(ਅਕਤੂਬਰ-ਦਸੰਬਰ, 1966)*

•

WWW.SIKHBOOKCLUB.COM

# *ਪਿਆਰੇ ਦਾ ਦੇਸ* ਦੇ ਸੱਚੇ ਰਾਹ

ਪੰਜਾਬ ਦੇ ਕਲਚਰ ਦਾ ਸਭ ਤੋਂ ਹੁਸੀਨ ਚਿਹਰਾ ਗੁਰੂ ਨਾਨਕ ਸਾਹਿਬ ਦੀ ਆਮਦ ਨਾਲ ਹੀ ਪ੍ਰਕਾਸ਼ਮਾਨ ਹੁੰਦਾ ਹੈ। ਆਧੁਨਿਕਤਾ ਦੇ ਪੁਜਾਰੀ ਮੇਰੇ ਕਈ ਦੋਸਤ ਅਕਸਰ ਹੀ ਇਹ ਇਤਰਾਜ਼ ਕਰਦੇ ਰਹੇ ਹਨ ਕਿ *ਪਿਆਰੇ ਦਾ ਦੇਸ* ਵਿਚ ਵੇਦ-ਕਲਚਰ ਦੀ ਵੰਨਸੁਵੰਨਤਾ ਅਤੇ ਪੋਰਸ ਵਰਗੇ ਨਾਇਕਾਂ ਨੂੰ ਅਣਡਿੱਠ ਕੀਤੇ ਜਾਣਾ ਕਵੀ ਦੀ ਤੰਗ ਦ੍ਰਿਸ਼ਟੀ ਦਾ ਪ੍ਰਮਾਣ ਹੈ। ਮੇਰੀ ਅਰਜ਼ ਹੈ ਕਿ ਕਾਲ ਦੀ ਬਲਵਾਨ ਗਤੀ ਨਾਲ ਵਿਸ਼ੇਸ਼ ਧਰਤੀ ਦੇ ਭੂਗੋਲਿਕ ਅਤੇ ਸਿਆਸੀ ਘੇਰੇ ਤਾਂ ਮਿਟਦੇ ਅਤੇ ਬਦਲਦੇ ਰਹਿੰਦੇ ਹਨ, ਪਰ ਉਸ ਦਾ ਕਦੇ ਹਾਸਿਲ ਕੀਤਾ ਸਿਖਰੀ ਮਨਮੋਹਕ ਰੂਪ ਅਨੁਭਵੀ ਇਤਿਹਾਸ ਵਿਚ ਭਰਪੂਰ ਤਾਜ਼ਗੀ ਸਹਿਤ ਉਦੋਂ ਤਕ ਉਸ ਲਾਸਾਨੀ ਹੁਸਨ ਦਾ ਕੇਂਦਰ ਬਣਿਆ ਰਹਿੰਦਾ ਹੈ, ਜਦੋਂ ਤਕ ਕਿ ਉਸਦਾ ਕੋਈ ਹੋਰ ਅਦੁੱਤੀ ਰੂਪ ਹੁਣ ਤਕ ਦੇ ਸਰਬੋਤਮ ਦ੍ਰਿਸ਼ ਨੂੰ ਮਾਤ ਨਹੀਂ ਪਾਉਂਦਾ। ਬਿੰਬ ਦੀ ਏਕਤਾ ਦੀ ਦ੍ਰਿਸ਼ਟੀ ਤੋਂ ਵੇਖਿਆਂ ਬੇਸ਼ਕ *ਪਿਆਰੇ ਦਾ ਦੇਸ* 101 ਸਿਰਲੇਖਾਂ ਹੇਠ ਵੰਡੀ ਇਕ ਲੰਮੀ ਕਵਿਤਾ ਹੀ ਹੈ, ਪਰ ਮੈਂ ਇਸ ਨੂੰ ਕਦੇ ਵੀ ਮਹਾਂ ਕਾਵਿ ਕਹਿਣ ਦੀ ਗ਼ਲਤੀ ਨਹੀਂ ਕੀਤੀ। ਮਹਾਂ ਕਾਵਿ ਵਿਚ ਨਿਰਾਕਾਰ ਸੰਬੋਧ ਦੇ ਸਮਾਂਨਾਂਤਰ ਪਰਤੱਖ ਘਟਨਾਵਾਂ ਨੂੰ ਸੁਤੰਤਰ ਰੂਪ ਵਿਚ ਵੀ ਵੇਖਿਆ ਜਾਂਦਾ ਹੈ, ਜਦੋਂ ਕਿ ਬਿੰਬ ਦੀ ਏਕਤਾ ਦਾ ਸਿਦਕ ਪਾਲਦੀ ਲੰਮੀ ਕਵਿਤਾ ਜਿਸ ਕੇਂਦਰ ਤੋਂ ਵਿਸਫੋਟਕ ਆਵੇਸ਼ ਰਾਹੀਂ ਆਲੇ-ਦੁਆਲੇ ਫੈਲਦੀ ਹੈ, ਉਸ ਦੀ ਸਿਰਜਣਾਤਮਕ ਸ਼ਿੱਦਤ ਤੋਂ ਲਾਂਭੇ ਨਹੀਂ ਜਾਂਦੀ।

1947 ਤੋਂ 1984 ਈ: ਦੇ ਤ੍ਰਾਸਦਿਕ ਮੋੜਾਂ ਉੱਤੇ ਵਿਸਫੋਟਕ ਆਵੇਸ਼ ਰਾਹੀਂ ਕਵੀ ਦੀ ਚੇਤਨਾ ਗੁਰੂ ਨਾਨਕ-ਆਮਦ ਦੇ ਉਸ ਫ਼ੈਸਲਾਕੁੰਨ ਕੇਂਦਰ ਨਾਲ ਸੰਪਰਕ ਕਰਦੀ ਹੈ, ਜਿਥੋਂ ਵੇਦ-ਕਾਲ ਤਕ ਦੇ ਸਭ ਉਸਾਰੂ ਇਸ਼ਾਰਿਆਂ ਦੇ ਪ੍ਰਤਿਨਿਧ ਅੰਸ਼ ਅਪਣਾ ਕੇ ਅਤੇ ਬੇਜਾਨ ਅੰਸ਼ ਰੱਦ ਕਰ ਕੇ ਪੰਜਾਬ ਦੇ ਇਲਾਹੀ ਰਾਹਾਂ ਦੀ ਨਵੀਂ ਦਾਸਤਾਨ ਸ਼ੁਰੂ ਹੁੰਦੀ ਹੈ। ਸੋ, ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਤ ਚੇਤਨਾ (ਜਿਵੇਂ ਸ਼ਕਰਗੰਜ ਦੀ ਇਲਾਹੀ ਪ੍ਰਤੀਤੀ) ਨੂੰ ਛੱਡ ਕੇ ਗੁਰੂ ਨਾਨਕ-ਸਿਰਜਣਾ ਤਕ ਪੰਜਾਬ ਦੇ ਕਿਸੇ ਪੂਰਬ ਨਾਇਕ-ਰੂਪ ਦੀ ਸੁਤੰਤਰ ਹੋਂਦ ਨਹੀਂ ਰਹਿੰਦੀ। ਗੁਰੂ ਨਾਨਕ-ਆਮਦ ਦਾ ਲਾਸਾਨੀ ਕੇਂਦਰ ਪੰਜਾਬ ਦੀ ਉਸ ਕਾਮਲ ਸ਼ਖ਼ਸੀਅਤ ਨੂੰ ਉਜਾਗਰ ਕਰਦਾ ਹੈ, ਜਿਸਦੇ ਸੈਂਕੜੇ ਲਤੀਫ਼ ਦ੍ਰਿਸ਼ ਆਪਣੀ ਸਦੀਵੀ ਸੁਤੰਤਰ ਹੋਂਦ ਦਰਸਾ ਰਹੇ ਹਨ ਅਤੇ ਜਿਹਨਾਂ ਦੇ ਕ੍ਰਮਵਾਰ ਚਾਵਾਂ-ਭਰੇ ਅਤੇ ਵੇਦਨਾਮਈ ਰੰਗ ਕਵੀ ਨੂੰ ਪੰਜਾਬ ਦੀ ਵੰਡ ਅਤੇ ਤੀਸਰੇ ਵੱਡੇ ਘਲੂਘਾਰੇ (ਬਲੂ ਸਟਾਰ) ਦੀ ਅੰਤਮ ਘੜੀ (The Eleventh Hour) ਉੱਤੇ ਦਿਸਣੇ ਲਾਜ਼ਮੀ ਹਨ।

*(20-9-2002)*


4
ਅਜ਼ਲੀ ਸ਼ਾਮ

ਦੀਵੇ ਕੋਲੇ ਬੁੱਤ ਬੈਠਾ ਕੇ
ਥਾਂ ਥਾਂ ਤੈਨੂੰ ਟੋਲਾਂ।
ਦੇਸ ਤੇਰੇ ਦੇ ਰੁੱਖ ਨਿਰਮੋਹੇ
ਕਿਸ ਬੋਲੀ ਵਿਚ ਬੋਲਾਂ ?

*(ਨਵਤੇਜ ਸਿੰਘ ਭਾਰਤੀ)*

ਆਵਣ ਵਾਲਾ ਹਰ ਮੌਸਮ ਈ, ਰੂਪ ਬਦਲ ਕੇ ਆਉਂਦਾ ਏ,
ਅਸਲੀ ਧੁੱਪਾਂ ਅਸਲੀ ਛਾਵਾਂ, ਵੇਖਿਆਂ ਮੁੱਦਤ ਹੋਈ ਏ।

ਡਿਉੜੀ ਦੇ ਵਿਚ ਤਾਂਘਾਂ ਵਾਲਾ, ਦੀਵਾ ਬਾਲ ਕੇ ਪੁੱਤਰਾਂ ਲਈ
ਰਾਤਾਂ ਜਾਗਣ ਵਾਲੀਆਂ ਮਾਵਾਂ, ਵੇਖਿਆਂ ਮੁੱਦਤ ਹੋਈ ਏ।

ਕਈ ਜ਼ਮਾਨੇ ਗੁਜ਼ਰੇ ਲਭਦੇ, ਉਨਾਂ ਈ ਦਰਦੀ ਹੱਥਾਂ ਨੂੰ
ਭਾਰ ਵੰਡਾਵਣ ਵਾਲੀਆਂ ਬਾਹਵਾਂ, ਵੇਖਿਆਂ ਮੁੱਦਤ ਹੋਈ ਏ।

*(ਅਕਰਾਮ ਮਜੀਦ—ਲਾਇਲਪੁਰ ਤਨੇ ਦਾ ਰੋਗ)*

# ਸਮਰਪਣ

ਪਿਆਰੇ ਯਾਰ ਜੋਗਿੰਦਰ ਸਿੰਘ ਹੀਰ ਨੂੰ, ਜਿਹਨਾਂ ਨਾਲ
ਰਣ ਸਭਰਾਵਾਂ ਦੀਆਂ ਉਦਾਸ
ਆਵਾਜ਼ਾਂ ਉਹਨਾਂ ਦੇ ਆਖ਼ਰੀ
ਸੁਆਸ ਲੈਣ ਤਕ ਸਫ਼ਰ
ਕਰਦੀਆਂ ਰਹੀਆਂ।

# ਆਖ਼ਰੀ ਸ਼ਾਮ : ਬੇਵਤਨੀ ਦਾ ਛਿਣ

*ਆਖ਼ਰੀ ਸ਼ਾਮ* ਦੀਆਂ ਸਭ ਕਵਿਤਾਵਾਂ ਗੜ੍ਹਦੀਵਾਲਾ ਆਉਣ ਪਿੱਛੋਂ ਲਿਖੀਆਂ ਸਨ। ਇਹਨਾਂ ਵਿੱਚੋਂ ਬਹੁਤੀਆਂ ਕਵਿਤਾਵਾਂ ਮੈਂ ਇਕੱਲਿਆਂ ਸੈਰ ਕਰਦਿਆਂ ਦਸੰਬਰ 1969 ਵਿਚ ਜ਼ਬਾਨੀ ਤਿਆਰ ਕੀਤੀਆਂ, ਤੇ ਪਿੱਛੋਂ ਪ੍ਰੋ: ਜੱਸਾ ਸਿੰਘ (ਅੱਜ ਕੱਲ ਏ.ਐੱਸ. ਕਾਲਜ, ਖੰਨਾ) ਨੂੰ ਬੋਲ ਕੇ ਲਿਖਵਾਈਆਂ। ਕਈ ਕਵਿਤਾਵਾਂ ਮੈਂ ਉਸ ਦੇ ਸਾਹਮਣੇ ਬੈਠ ਕੇ ਵੀ ਲਿਖੀਆਂ, ਕਿਉਂਕਿ ਮੈਂ ਉਸ ਨੂੰ ਆਪਣੇ ਤੋਂ ਵੱਖ ਨਹੀਂ ਸਾਂ ਮੰਨਦਾ।

*ਆਖ਼ਰੀ ਸ਼ਾਮ* ਦੀਆਂ ਬਹੁਤੀਆਂ ਕਵਿਤਾਵਾਂ ਬੇਵਤਨ ਹੋਣ ਦੇ ਛਿਣ ਦਾ ਵਿਸਥਾਰ ਹਨ। ਅਤਿ ਪਿਆਰੀ ਵੱਥ ਦੇ ਗੁਆਚ ਜਾਣ ਦਾ ਹੌਕਾ, ਮਾਂ-ਪਿਉ ਦੇ ਦੇਸ ਦਾ ਜਬਰੀ ਖੋਹਿਆ ਜਾਣਾ, ਕੌਮ ਦੀ ਰੂਹਾਨੀਅਤ ਦਾ ਬਰਬਾਦ ਹੋਣਾ, ਮਾਹੀ ਦੀ ਯਾਦ ਉੱਤੇ ਗ਼ੁਲਾਮੀ ਦੇ ਪਹਿਰੇ, ਜਾਂ ਮੌਤ ਦੇ ਜੇਤੂ ਪਲ ਸਾਹਮਣੇ ਸੰਸਾਰ ਲਈ ਪਵਿੱਤਰ ਮੋਹ ਦੇ ਜਾਗਣ ਦਾ ਸਮਾਂ, ਕਵੀ ਲਈ ਬੇਵਤਨ ਹੋਣ ਦੇ ਬਰਾਬਰ ਹੈ। ਬੇਵਤਨ ਹੋਣ ਦਾ ਵੇਲਾ, ਜਾਂ ਕਿਸੇ ਵੀ ਮਜਬੂਰ ਅਲਵਿਦਾ ਦੇ ਛਿਣ ਉੱਤੇ ਉਪਜੀ ਪਾਵਨ ਰੂਹਾਨੀ ਚੀਸ, ਕਵੀ ਲਈ *ਆਖ਼ਰੀ ਸ਼ਾਮ* ਹਨ। ਇਸ ਕਿਸਮ ਦੇ ਵਿਸ਼ੇ ਨੂੰ ਪਕੜਦੀ ਕਵਿਤਾ ਕੋਈ ਵੀ ਦ੍ਰਿਸ਼ਟਾਂਤ ਪੇਸ਼ ਕਰ ਸਕਦੀ ਹੈ, ਪਰ ਉਸ ਦੇ ਵਿਸ਼ਵ-ਵਿਆਪੀ ਯਕੀਨ ਦੀ ਨੁਹਾਰ ਵਿਚ ਫ਼ਰਕ ਨਹੀਂ ਪਵੇਗਾ। ਮਿਸਾਲ ਲਈ ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਸਿੱਖ ਕੌਮ ਦੀ ਦੁਖਾਂਤਕ ਹੋਣੀ ਦੇ ਇਤਿਹਾਸ ਨਾਲ ਤਅੱਲਕ ਰੱਖਦੀਆਂ ਹਨ, ਪਰ ਉਹਨਾਂ ਵਿਚ ਬੇਵਤਨ ਹੋਣ ਦੀ ਪੀੜ ਸੰਸਾਰ ਦੇ ਸਭ ਫਿਰਕਿਆਂ ਦੇ ਲੋਕਾਂ ਲਈ ਸਾਂਝੀ ਹੈ। *ਆਖ਼ਰੀ ਸ਼ਾਮ* ਇਕ ਸਾਂਝਾ ਬਿੰਬ ਹੈ, ਜਿਸ ਨਾਲ ਕਿਸੇ ਵੀ ਨਰ-ਨਾਰੀ ਨੂੰ ਮੋਹ ਹੋ ਸਕਦਾ ਹੈ। ਇਸ ਬਿੰਬ ਦੁਆਲੇ ਹੀ ਇਸ ਸੰਗ੍ਰਹਿ ਦੀਆਂ ਜ਼ਿਆਦਾ ਨਜ਼ਮਾਂ ਝੁਰਮਟ ਪਾਉਂਦੀਆਂ ਹਨ।

ਕੌਮੀ ਸਿਦਕ ਦੀ ਘੜੀ ਉੱਤੇ ਬੇਵਤਨ ਹੋਣ ਦੀ ਪੀੜ ਸ਼ਹਾਦਤ ਦਾ ਵਿਜੈਈ ਜਜ਼ਬਾ ਉਭਾਰਦੀ ਹੈ। (ਸਿਖ ਸ਼ਹੀਦ ਦੀ ਅਰਦਾਸ—31), ਜਾਂ ਕਿਸੇ ਅਟੱਲ ਫ਼ੈਸਲੇ ਦਾ ਨਾਅਰਾ ਲਗਾਉਂਦੀ ਹੈ (ਵੱਖਰਾ ਰਾਹ), ਜਾਂ ਮਾਹੀ ਦੇ ਮੁੜ ਆਉਣ ਦੀ ਉਮੀਦ ਨੂੰ ਹਸ਼ਰ ਦੀ ਘੜੀ ਦੀ ਸ਼ਿੱਦਤ ਤਕ ਲੈ ਜਾਂਦੀ ਹੈ (ਹਸ਼ਰ ਦਿਹਾੜੇ ਦੇ ਮੇਲੇ)। ਸੋ *ਆਖ਼ਰੀ ਸ਼ਾਮ* ਦੀਆਂ ਕਵਿਤਾਵਾਂ ਇਕ ਪਾਸੇ ਜਿਉਂਦਾ-ਜਾਗਦਾ ਅਨੁਭਵ ਹਨ, ਪਰ ਦੂਜੇ ਪਾਸੇ ਮਨੁੱਖੀ ਇਤਿਹਾਸ ਅਤੇ ਮਨ ਦੀਆਂ ਅਨੇਕ ਪ੍ਰਕ੍ਰਿਆਵਾਂ ਦੇ ਸੰਭਵ ਪ੍ਰਤੀਕ ਵੀ ਹਨ। ਇਹਨਾਂ ਪ੍ਰਤੀਕਾਂ ਦੀ ਉਤਪੱਤੀ ਤਸੱਵੁਫ਼ ਦੀ ਇਸਲਾਮੀ ਪ੍ਰਤੀਤੀ, ਅੱਲ੍ਹੜ ਕੁੜੀਆਂ ਦੇ ਤ੍ਰਬਕਦੇ ਚਾਵਾਂ ਜਾਂ ਪੂਰਨ-ਕਹਾਣੀ ਦੇ ਪਾਤਰਾਂ ਦੇ ਮਨ ਵਿੱਚੋਂ ਕਿਤੋਂ ਵੀ ਹੋ ਸਕਦੀ ਹੈ।

*(23-7-1989)*

# 1
# ਪੈਗ਼ੰਬਰ ਦਾ ਸਫ਼ਰ

[ਇਹ ਕਵਿਤਾ ਜਿੱਥੇ ਦਸਮ ਪਾਤਸ਼ਾਹ ਦੇ ਆਨੰਦਪੁਰ ਛੱਡਣ ਤੋਂ ਲੈ ਕੇ ਖਦਰਾਣੇ ਦੀ ਢਾਬ ਉੱਤੇ ਲੜੇ ਗਏ ਮਹਾਨ ਯੁੱਧ ਤਕ ਦੀ ਦਾਸਤਾਨ ਨੂੰ ਪੇਸ਼ ਕਰਦੀ ਹੈ, ਉਥੇ ਖ਼ਾਲਸਾ ਜੀ ਦੇ ਮਨ ਵਿਚ ਵਸਦੇ ਹੋਏ ਉਸ ਵੈਰਾਗ ਅਤੇ ਸਿਦਕ ਦਾ ਸਮਾਚਾਰ ਵੀ ਦਿੰਦੀ ਹੈ, ਜਿਹੜਾ ਕਿ ਇਸ ਉਦਾਸ ਸਫ਼ਰ ਨੇ ਪੈਦਾ ਕੀਤਾ। ਇਹ ਸਿਦਕ ਅਤੇ ਵੈਰਾਗ ਹਰ ਸਦੀ ਦਾ ਸੱਚ ਹਨ।]

ਮਿਰਾ ਦੀਨ-ਦੁਨੀ ਦਾ ਸ਼ਾਹ ਜਾਂਦਾ,
ਬੀਬਾ ਇਹੋ ਹਸ਼ਰ ਨੂੰ ਰਾਹ ਜਾਂਦਾ।

ਇਸ ਰਾਹ 'ਤੇ ਛੋਡ ਸੁਹਾਣੀ ਬਾਂਹ
ਛੱਡ ਹਰੇ-ਕਚੂਰ ਅੰਬਾਂ ਦੀ ਛਾਂ
ਛੱਡ ਨੈਣ-ਸੁਹਾਂਦੇ ਬਹੁਤ ਪਿਛਾਂਹ,
ਹੱਸ ਜੱਗ ਦੇ ਕੂੜ ਵਪਾਰੀ 'ਤੇ
ਮੇਰਾ ਵਗਿਆ ਸ਼ਹੁ ਦਰਿਆ ਜਾਂਦਾ—
ਮਿਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਕੁਝ ਦੂਰ ਦੇ ਰਣਾਂ ਨੂੰ ਕਹਿ ਤੁਰਿਆ
ਵਿਚ ਹਰੀਆਂ ਜੂਹਾਂ ਰਹਿ ਤੁਰਿਆ
ਅੱਜ ਖ਼ਾਕ ਦਾ ਓਢਣ ਲੈ ਤੁਰਿਆ,
ਛੱਡ ਬਾਜ਼ ਕਹਿਰ ਦੇ ਬੇਲੀ ਨੂੰ
ਉਹ ਬਾਤ ਸੰਜੋਗੀ ਪਾ ਜਾਂਦਾ—
ਮਿਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਉਹਨਾਂ ਦੂਰ ਦੁਰਾਡੇ ਸ਼ਹਿਰਾਂ ਵਿਚ
ਕੋਈ ਭੇਹਰ ਵੱਜੀ ਏ ਕਹਿਰਾਂ ਵਿਚ
ਰਣ ਖੜਾ ਲਹੂ ਦਾ ਪੈਰਾਂ ਵਿਚ,
ਉਹ ਖ਼ਾਕ ਮਿਰੀ ਨੂੰ ਗਲ ਲਾਵੇ
ਮੈਨੂੰ ਅੱਪਣੇ ਜੇਹਾ ਬਣਾ ਜਾਂਦਾ—
ਮਿਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

WWW.SIKHBOOKCLUB.COM

ਕੋ ਵੱਡ ਸੁੰਨ ਦੇ ਦਰਬਾਰੇ ਵੋ
ਉਹ ਦਰ ਸਰਹਿੰਦ ਦੇ ਚਾਰੇ ਵੋ
ਜਿੱਥੇ ਡਿਗਦੇ ਖੰਭ ਕਰਾਰੇ ਵੋ,
ਉਹਨਾਂ ਉੱਚਿਆਂ ਦਰਾਂ 'ਤੇ ਨਜ਼ਰਾਂ ਪਾ
ਉਹ ਰਿੰਮ ਝਿੰਮ ਕੋਈ ਲਗਾ ਜਾਂਦਾ—
ਮਿਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਜਦ ਦੀਨ ਦੁਨੀ ਬੇ-ਕਦਰ ਹੋਈ
ਕਿਸੇ ਪੀਰ-ਫ਼ਕੀਰ ਦੀ ਨਦਰ ਹੋਈ
ਵਿਚ ਮਾਛੀਵਾੜੇ ਫ਼ਜਰ ਹੋਈ,
ਰਣ ਡੁੱਲ੍ਹਿਆ ਲਹੂ ਮੁਰੀਦਾਂ ਦਾ
ਦਰ ਦੀਨ ਆਖ਼ਰੀ ਆ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਫੜ ਵਾਗ ਦੁਪਹਿਰਾਂ ਦੀ ਸੁੱਤਾ ਹੈ,
ਦਰ ਦੀਨ ਆਖ਼ਰੀ ਰੁੱਤਾ ਹੈ!
ਲੱਖ ਭੇਹਰਾਂ.....ਨੀਂਦ ਵਿਗੁੱਤਾ ਹੈ!
ਕਰ ਨਾਲ ਮੁਰੀਦਾਂ ਸੁਖਨ ਕੋਈ
ਕਿਸੇ ਕੌਲ ਕਰਨ ਦੇ ਰਾਹ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਵੱਡ ਹੁਕਮ ਖ਼ੁਦਾ ਦੇ ਭਾਰੇ ਲੈ
ਚੜ੍ਹ ਪੈਂਦੇ ਵਲੀ ਨਗਾਰੇ ਲੈ
ਵਿਚ ਧੂੜ ਦੇ ਲਸ਼ਕਰ ਭਾਰੇ ਲੈ,
ਮੇਰੀ ਜਾਨ ਕੁਸੇ, ਤੇ ਹੌਲ ਪਵੇ,
ਉਹ ਤੁਰਿਆ ਬੇ-ਪਰਵਾਹ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਰਣ ਸੁੱਤਿਆਂ, ਕਰਮ ਹਜ਼ਾਰ ਹੋਏ
ਜੋ ਬਾਜ਼ ਦੁਪਹਿਰ ਉਡਾਰ ਹੋਏ
ਹੜ੍ਹ ਤੁੰਦ ਹਵਾ ਵਿਚਕਾਰ ਹੋਏ,
ਜਦ ਮੇਲੇ ਹੋਣ ਸੰਜੋਗਾਂ ਦੇ
ਕੋਈ ਰਾਹ ਪਰਦੇਸੀ ਆ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

WWW.SIKHBOOKCLUB.COM

ਗੱਲ ਭੋਲੀਆਂ ਨਿੱਕੀਆਂ ਜਾਨਾਂ ਦੀ
ਗੱਲ ਸਰਸਾ ਦੇ ਘਮਸਾਨਾਂ ਦੀ
ਕੋਈ ਬਾਤ ਫ਼ਰੇਬ, ਈਮਾਨਾਂ ਦੀ,
ਛੱਡ ਸ਼ਰਾ-ਵਫ਼ਾ ਦੇ ਰਾਹਾਂ ਨੂੰ
ਰਸ-ਭਿੰਨੜਾ ਕੁਝ ਲਿਸ਼ਕਾ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਰੱਤ-ਭਿੱਜੀ ਚੜ੍ਹਦੀ ਰੈਣ ਕਦੇ,
ਤਦ ਰੋਸ ਨਾਲ ਭਰ ਨੈਣ ਕਦੇ
ਫਿਰ ਨੀਲੇ ਬਸਤਰ ਪਹਿਣ ਕਦੇ
ਰੁਖ਼ ਦੇਸ ਪਰਾਏ ਦਾ ਕਰਦਾ
ਕਿਸੇ ਮੋਹ ਵਿਚ ਤੀਰ ਚਲਾ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਹਾਂ! ਨੀਲੇ ਬਸਤਰ ਪਹਿਣ ਕਦੇ
ਜਾਵੇ ਰੁੱਸਿਆਂ ਮੁਰੀਦਾਂ ਨੂੰ ਲੈਣ ਕਦੇ
ਡਾਢਾ ਸੁਖਨ ਫ਼ਕੀਰਾਂ ਦਾ ਕਹਿਣ ਕਦੇ,
ਸੋਹਣੇ ਨੈਣ ਸ਼ਹੀਦਾਂ ਦੇ ਤੱਕਨੇ ਨੂੰ
ਵਣ ਮਾਛੀਵਾੜੇ ਦੇ ਆ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਰਸ-ਭਿੰਨੜੀ ਨਜ਼ਰ ਨਾ' ਵਾਹ ਸਾਡਾ
ਖੰਭ ਬਾਜ਼ ਦੇ ਫੜਕਣ...ਸਾਹ ਸਾਡਾ!
ਬੀਬਾ ਤੇਗ ਜਿਉਂ ਭਖਿਆ ਰਾਹ ਸਾਡਾ;
ਰੁੱਸ ਬਹੀਏ, ਤਾਂ ਛੰਭ ਖਦਰਾਣੇ ਤੇ
ਸਾਨੂੰ ਉਹੀਓ ਈ ਦਰਸ ਦਿਖਾ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਹੱਥ ਤੇਗ ਤੇ ਨੈਣ ਦਿਲਾਸਾ ਹੈ,
ਸਾਨੂੰ ਸੁੱਤਿਆਂ ਨੂੰ ਧਰਵਾਸਾ ਹੈ,
ਉਹਦਾ ਬਾਜ਼ ਰਣਾਂ ਵਿਚ ਪਿਆਸਾ ਹੈ—
ਰਗ ਨੀਲੇ ਦੀ 'ਚੋਂ ਲਹੂ ਵਗੇ
ਸਾਨੂੰ ਪਿਛਲੇ ਪਹਿਰ ਰੁਆ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

WWW.SIKHBOOKCLUB.COM 

ਉਹ ਚਹੁੰ ਕੁੰਟਾਂ ਵਿਚ ਤੁਰਿਆ ਹੈ,
ਸਾਨੂੰ ਬਖ਼ਸ਼ਿਸ਼ ਦਾ ਦਰ ਜੁੜਿਆ ਹੈ,
ਉਹਦਾ ਤੀਰ ਕਦੇ ਨ ਮੁੜਿਆ ਹੈ,
ਉਹ ਕਰਮ ਕਰੇ, ਜਾਂ ਗਜ਼ਬ ਕਰੇ,
ਕੁੜੇ ਵਖਤ ਕਹਿਰ ਦੇ ਪਾ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਹੱਸ ਪੈਂਦਾ ਤੱਕ ਕੇ ਜਬਰ ਕੁੜੇ
ਉਹ ਕਰਮ ਕਰੇ ਬੇਖ਼ਬਰ ਕੁੜੇ
ਉਹਦੀ ਤੇਗ ਭਖੇ ਵਿੱਚ ਸਬਰ ਕੁੜੇ,
ਪਾ ਮਿਹਰ ਦੀ ਤੱਕਨੀ ਭੁੱਲਿਆਂ 'ਤੇ
ਉਹ ਸ਼ਾਹਾਂ ਨੂੰ ਕੰਬਾ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਜੋ ਸੁੰਨ ਸਰਹਿੰਦ 'ਚ ਖੋਏ ਨੇ,
ਜੋ ਰਣ ਗੁਜਰਾਤ 'ਚ ਰੋਏ ਨੇ,
ਜੋ ਸਿੱਕਦੇ ਦਰਸ ਨੂੰ ਮੋਏ ਨੇ,
ਤੱਕ ਗਜ਼ਬ ਤੇਗ ਦਾ ਢਕ ਲੈਂਦਾ
ਜੜ ਤੀਰ 'ਤੇ ਟੁੰਗ ਵਿਖਾ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਉਹਦੀ ਉੱਠੀ ਖੜਗ...ਯਕੀਨ ਮਿਰਾ!
ਵਿਚ ਦੇਸ ਬੇਗਾਨੇ ਜੀਣ ਮਿਰਾ।
ਉਹ ਹੱਸਿਆ...ਦਰਦ ਮਹੀਨ ਮਿਰਾ,
ਇਹਨਾਂ ਰੰਬੀਆਂ ਹੇਠ ਰਹੀਮ ਮਿਰਾ;
ਜਦ ਚੀਸ ਦਰਦ ਦੀ ਸੀਨੇ ਵਿਚ
ਉਹ ਧੁੰਮ ਲਸ਼ਕਰ ਦੀ ਪਾ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਬੰਨ੍ਹ ਕੌਲ ਦਾ ਗਾਨਾ ਵੀਣੀ ਵੋ
ਰਣ ਉੱਠੀ ਤੇਗ ਉਡੀਣੀ ਵੋ,
ਫਿਰ ਰਿੰਮ-ਝਿੰਮ ਹੋਈ ਝੀਣੀ ਵੋ,
ਜਦ ਪੁਰੀ ਅਨੰਦ 'ਤੇ ਵਖਤ ਪਏ
ਲੈ ਤੇਗ ਆਖ਼ਰੀ ਆ ਜਾਂਦਾ—
ਮਿਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।


WWW.SIKHBOOKCLUB.COM

ਉਹ ਆਇਆ ਕੌਲ ਪੁਰਾਣੇ 'ਤੇ
ਜਦ ਮੱਚਿਆ ਰਣ ਖਦਰਾਣੇ 'ਤੇ,
ਸਭ ਨਜ਼ਰਾਂ ਬਾਜ਼ ਸੁਹਾਣੇ 'ਤੇ,
ਝੁਕ ਮਹਾਂ ਸਿੰਘ ਦੀਆਂ ਅੱਖੀਆਂ 'ਤੇ
ਘੁੱਟ ਅਰਜ਼ ਨੂੰ ਸੀਨੇ ਲਾ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਲੋਹ ਤਪਿਆ ਚਰਖ ਦਾ ਆਰਾ ਹੈ!
ਉਹਦੀ ਵਿਚ ਸ਼ਮਸ਼ੀਰ ਹੁਲਾਰਾ ਹੈ,
ਕੋਈ ਸਾਵਨ ਹੁੱਲਿਆ ਪਿਆਰਾ ਹੈ,
ਜਿਉਂ ਰੋਹ-ਬ੍ਰਿਛਾਂ 'ਤੇ ਫ਼ਜਰ ਪਵੇ
ਉਹ ਰਣ ਦੇ ਪਾਰ ਸੁਹਾ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਉਹ ਝੁੰਡ ਬ੍ਰਿਛਾਂ ਦੇ ਭਾਰੇ ਜੋ
ਅੱਜ ਹਰੇ-ਕਚੂਰ ਤੇ ਪਿਆਰੇ ਜੋ
ਹਨ ਸਮਿਆਂ ਦੇ ਵਿਚ ਨਿਆਰੇ ਜੋ
ਓਥੇ ਚੰਨ-ਸੂਰ ਦੇ ਡੁੱਬਣ ਦਾ
ਪਲ ਸੌਂ ਕੇ ਭੇਦ ਛੁਪਾ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਅੱਜ ਧੂੜ ਹਫੇ, ਰਣ ਧੁੰਧ ਹੋਏ,
ਪਿਆ ਪੌੜ ਭਖੇ, ਤੇ ਤੁੰਦ ਹੋਏ,
ਬੇ-ਸਾਹ ਮਨ ਮੇਰਾ ਮੁੰਦ ਹੋਏ,
ਸਾਨੂੰ ਹਰੇ ਝੁੰਡਾਂ 'ਚੋਂ ਬਾਜ਼ਾਂ ਹੱਥ
ਉਹ ਦੇਣ ਦਿਲਾਸਾ ਆ ਜਾਂਦਾ—
ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ।

ਮੇਰਾ ਦੀਨ-ਦੁਨੀ ਦਾ ਸ਼ਾਹ ਜਾਂਦਾ,
ਬੀਬਾ ਇਹੋ ਹਸ਼ਰ ਨੂੰ ਰਾਹ ਜਾਂਦਾ।

•

WWW.SIKHBOOKCLUB.COM

## 2

# ਕਾਲੇ ਖੂਹ ਵਿਚ ਪੂਰਨ ਦੀ ਫ਼ਰਿਆਦ

(1)

ਕਾਲੇ ਖੂਹ 'ਤੇ ਚਮਕਣ ਤਾਰੇ।
ਮਾਏ ਕਿਸ ਨੂੰ ਅਰਜ਼ ਕਰਾਂ ਮੈਂ
ਚੁੱਪ ਤੋਂ ਪਾਰ ਨੇ ਪਾਂਧੀ ਸਾਰੇ।

ਜੇ ਇਕਰਾਰ ਹੈ ਕੋ ਤਾਰੇ ਦਾ
ਮੇਰੇ ਸਾਹਮੇ ਕੌਲ ਨ ਹਾਰੇ।

ਲੰਮੀ ਵਾਟ, ਤਨਾਂ ਤੇ ਲਾਸਾਂ,
ਜ਼ੋਰ ਧਿੰਗਾਣਾ ਕਰ ਨ ਨਾਰੇ।

ਸਾਡਾ ਦੁੱਖ ਨਦਰ ਤੋਂ ਹੀਣਾ
ਕਿੱਥੇ ਜਾਸਨ ਨਾਥ ਵਿਚਾਰੇ?

ਕਦੇ ਕਦੇ ਚੜ੍ਹ ਰੋਹੀਆਂ ਦੀ ਵਾ
ਨੰਗੇ ਤਨ 'ਤੇ ਅੱਥਰੂ ਮਾਰੇ।

ਭਾਵੇਂ 'ਵਾਜ ਮਾਹੀ ਦੀ ਸੁਣਦੀ
ਮਾਵਾਂ ਜੇਡ ਨ ਬੋਲ ਪਿਆਰੇ।

ਸੁੱਕੇ ਸਰਵਰ ਖੇਡ ਨ ਜਾਣਨ
ਪੰਛੀ ਕੁਲ ਵਣਾਂ ਦੇ ਮਾਰੇ।

ਛਿਪਿਆ ਸੂਰਜ, ਚਹੁੰ ਕੂੰਟਾਂ ਵਿਚ
ਹਰ ਜੂਹ 'ਚੋਂ ਕੋਈ ਪੈੜ ਪੁਕਾਰੇ।

ਟੁੱਟਿਆ ਪੰਖ ਕਿਤੇ ਅਸਮਾਨੋਂ
ਸੋਹਣੇ ਯਾਰ ਦੀ 'ਵਾਜ ਉਤਾਰੇ।


WWW.SIKHBOOKCLUB.COM

## (2)

ਕਾਲੇ ਖੂਹ 'ਤੇ ਝੁੱਲੀਆਂ 'ਵਾਵਾਂ।
ਨ ਚੰਨ ਬਾਗ਼ ਮਿਰੇ ਵਿਚ ਚੜ੍ਹਿਆ
ਨ ਪੂਰਨ ਘਰ ਮਾਵਾਂ।

ਪੀਲੇ ਪੱਤਰ ਅਰਜ਼ ਕਰੇਂਦੇ
ਫੜਦੇ ਲੰਮੀਆਂ ਛਾਵਾਂ।

ਵਣਾਂ-ਕਰੀਰਾਂ ਦੀ ਮਿੱਟੀ ਵਿਚ
ਤਨ ਮਨ ਕਿਵੇਂ ਤਪਾਵਾਂ।

ਰੋਹੀਆਂ ਦੇ ਵਿਚ ਕੇਸੂ ਭਖਦਾ
ਅੱਜ ਰੂਹ ਮੰਗਦਾ ਜਾਵਾਂ।

ਜਾਂ ਕੋਈ ਵਾਟ ਮੇਰੀ 'ਤੇ ਤੁਰਦਾ
ਜਾਂ ਮੈਂ ਆਪ ਹੀ ਆਵਾਂ।

ਬਾਂਕੇ ਨੈਣ, ਨਾਰ ਦੇ ਕਜਰਾ,
ਖ਼ੈਰ ਨ ਮੰਗਣ ਜਾਵਾਂ।

ਸੁਣਿਆ ਰਾਤ ਤਿਰੇ 'ਤੇ ਕਾਲੀ
ਜਾਂ ਮੈਂਡਾ ਪਰਛਾਵਾਂ।

## (3)

ਕਾਲੇ ਖੂਹ 'ਤੇ ਸਿਖਰ ਦੁਪਹਿਰਾਂ!
ਥਲ-ਡੂਗਰ ਵਿਚ ਯਾਰ ਸੁਣੀਂਦਾ
ਦਰਦ ਨ ਸੁਣਿਆਂ ਗੈਰਾਂ।

ਪੁੱਤ ਮਾਵਾਂ ਦੇ ਚਿਰਾਂ ਤੋਂ ਮੋਏ
ਫੜੇ ਸ਼ਿਕਾਰੀ ਕਹਿਰਾਂ।

ਮੇਰੇ ਯੋਗ ਦੀ ਵਾਟ ਲੰਮੇਰੀ
ਕਠਨ ਘੜੀ ਵਿਚ ਪੈਰਾਂ।

ਮੇਰੇ ਨਾਥ ਦਾ ਬੋਲ ਵੀ ਡਾਢਾ
ਵੱਡੀਆਂ ਤੇਰੀਆਂ ਖ਼ੈਰਾਂ।


WWW.SIKHBOOKCLUB.COM

## (4)

ਕਾਲੇ ਖੂਹ 'ਤੇ ਸਾਉਣ ਮਹੀਨੇ!
ਮੋਏ ਅੰਗ ਖਿੜੇ ਵਿਚ ਬਾਗ਼ਾਂ
ਕੁਝ ਮੁਟਿਆਰਾਂ ਸੀਨੇ।

ਮੇਰਾ ਬੋਲ ਵਸੇ ਵਿਚ ਰੋਹੀਆਂ,
ਤੇ ਅੱਥਰੂ ਵਿਚ ਸੀਨੇ।

ਜਿਚਰਕ ਖੈਰ ਨਾਥ ਦੀ ਮਾਏ,
ਰੁਲਸਨ ਲਾਲ-ਨਗੀਨੇ।

## (5)

ਕਾਲੇ ਖੂਹ 'ਤੇ ਸੰਵਾਂ ਪਈਆਂ।
ਸੁਣ ਕੇ ਕੂਕ ਕੂੰਜ ਦੀ ਡਾਢੀ
ਉਮਰਾਂ ਢੂੰਡਣ ਗਈਆਂ।

ਵਣਾਂ ਕਰੀਰਾਂ ਰੋਹੀਆਂ ਦੇ ਵਿਚ
ਇਕ-ਦੋ ਖੇਡਾਂ ਰਹੀਆਂ।

ਖੇਡ ਮੇਰੀ ਵਿਚ ਮਾਂ ਦੇ ਸੁਪਨੇ
ਨਾਥ ਨੂੰ ਖ਼ਬਰਾਂ ਗਈਆਂ।

ਵਾਟ ਮੇਰੀ 'ਤੇ ਸਾਉਣ ਮਹੀਨਾ
ਮਹਿਲੀਂ ਪੀਂਘਾਂ ਪਈਆਂ।

ਸੇਜ ਮੇਰੀ 'ਤੇ ਲਾਲ-ਨਗੀਨੇ
ਨੈਣ ਭਰਦੀਆਂ ਸਈਆਂ।

ਮੁੰਦਰਾਂ ਸਾਹਮੇ ਕਾਸਾ ਫੜ ਕੇ
ਅੱਥਰਾਂ ਨਾਥ ਨੇ ਲਈਆਂ।

ਯੋਗ ਨਾਥ ਦਾ ਥਰਹਰ ਕੰਬੇ
ਚੂੜਾ ਛਣਕੇ ਬਹੀਆਂ।

ਰੋਂਦੇ ਨੇ ਚਰਵਾਲ ਚਿਰਾਂ ਦੇ
ਘਾਹ ਨ ਚਿੱਥਦੀਆਂ ਮਹੀਆਂ।


WWW.SIKHBOOKCLUB.COM

(6)

ਕਾਲੇ ਖ਼ੂਹ 'ਤੇ ਹੌਲ ਦਿਲਾਂ ਦੇ!
ਬਾਗ਼ਾਂ ਦੇ ਵਿਚ ਜੁਗਨੂੰ ਕੂੰਦਨ
ਸਹਿਕਣ ਕੌਲ ਚਿਰਾਂ ਦੇ।

ਖੇਡ ਜੀਰਾਣਾਂ ਦੇ ਵਿਚ ਮੋਗੀ
ਮਾਂ ਦੇ ਨੈਣ ਬੁਲਾਂਦੇ।

ਮੈਂ ਸੁਣਿਆਂ ਏ ਯੋਗ ਦੇ ਪੈਂਡੇ
ਡਾਢ ਦਿਲਾਂ ਵਿਚ ਪਾਂਦੇ।

ਜੋਬਨ ਦੇ ਜਦ ਆਉਣ ਦਿਹਾੜੇ
ਡਾਢੀ ਕਾਰ ਵਲਾਂਦੇ।

ਕਜਰੇ ਦੀ ਇਕ ਪਤਲੀ ਧਾਰ 'ਚ
ਸਾਵਨ ਰੰਗ ਬਣਾਂਦੇ।

ਯੋਗੀ ਤਨ ਵਿਭੂਤ ਰਚਾ ਕੇ
ਨਾਲ ਰਕਾਨਾਂ ਜਾਂਦੇ।

ਸੁਣਿਆਂ ਸੂਰਜ ਆਖ਼ਿਰ ਵੇਲੇ
ਹਰ ਇਕ ਤੁਰ ਗਈ ਕਿਰਨ ਬੁਲਾਂਦੇ।

ਸ਼ਬਨਮ ਦਾ ਵੀ ਸਫ਼ਰ ਹੈ ਕੋਈ
ਬਿਰਖ ਵੀ ਸ਼ਿਕਵਾ ਕਦੇ ਸੁਣਾਂਦੇ।

ਮਾਂ ਦਾ ਰਹਿਮ ਫਿਰੇ ਵਿਚ ਰੋਹੀਆਂ
ਲੱਖ ਦਰਿਆ ਕੁਰਲਾਂਦੇ।

ਲੱਖਾਂ ਯੋਗ ਤਪਨ ਵਿਚ ਸੀਨੇ
ਨਾਰ ਨ ਤਨ 'ਤੇ ਲਾਂਦੇ।

(7)

ਕਾਲੇ ਖ਼ੂਹ 'ਤੇ ਬਰਸਣ ਭੂਰਾਂ।
ਡਿੱਠਾ ਸਾਨੂੰ ਫ਼ਜਰ ਦੇ ਵੇਲੇ
ਸੋਹਣੇ ਚੰਨ ਦੇ ਨੂਰਾਂ।

ਦੂਰ ਦੁਰਾਡੇ ਭੇਹਰ ਸੁਣੀਂਦੀ
ਕਿਤੇ ਥਲਾਂ ਵਿਚ ਧੂੜਾਂ।



WWW.SIKHBOOKCLUB.COM 

ਭੈੜੀ ਪੈੜ ਮਿਰੀ ਵਿਚ ਰੁਲਣਾ
ਰੰਗਲੇ ਬਾਗ਼ ਦੇ ਬੂਰਾਂ।

ਖੇਡ ਰਕਾਨਾਂ ਤੁਰ ਗਈਆਂ ਨੇ
ਉੱਡਦਾ ਜੁਗਨੂੰ ਦੂਰਾਂ।

ਖੰਡਰਾਂ 'ਤੇ ਇਕ ਨਾਦ ਸੁਣੀਂਦਾ
ਹੱਥ ਮਰੋੜਾਂ ਝੂਰਾਂ।

ਸੁਣਿਆ ਸੰਖ ਨਾਥ ਦਾ ਭਾਰੀ
ਚੜ੍ਹ ਵਿਚ ਕਹਿਰ-ਕਲੂਰਾਂ।

•


WWW.SIKHBOOKCLUB.COM

## 3
# ਮਹਾਰਾਜਾ ਦਲੀਪ ਸਿੰਘ ਦੇ ਜਾਣ ਉੱਤੇ

ਤੁਰ ਚੱਲਿਉਂ ਸ਼ਹਿਰ ਰੁਆ ਸਾਡਾ
ਅੱਜ ਤਾਜ ਤੇ ਤਖ਼ਤ ਗੁਆ ਸਾਡਾ।

ਸਾਨੂੰ ਛੋਡ ਫ਼ਜਰ ਨੂੰ ਯਾਰ ਗਏ,
ਵਿਚ ਰੋਸ ਜਿੰਦੜੀਆਂ ਵਾਰ ਗਏ,
ਤੁਰ ਲੰਮੇ ਰਾਹ ਸਰਦਾਰ ਗਏ,
ਖਾ ਰੋਸ ਫ਼ਰੇਬ ਦੇ ਬੂਹੇ 'ਤੇ
ਤੁਰ ਚੱਲਿਉਂ ਸੀਸ ਝੁਕਾ ਸਾਡਾ—
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।

ਇਹ ਕਿੱਸੇ ਬਾਹਵਾਂ ਭੱਜੀਆਂ ਦੇ
ਕੰਡ ਪਿੱਛੇ ਛੁਰੀਆਂ ਵੱਜੀਆਂ ਦੇ,
ਕਿਸੇ ਕੋਹੇ ਛੇੜੂ ਮੱਝੀਆਂ ਦੇ,
ਮੇਰੇ ਉਜੜੇ ਲਹੂ 'ਚ ਕੇਸ ਪਏ
ਇਹ ਸਤਲੁਜ ਰਹੇ ਗਵਾਹ ਸਾਡਾ—
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।

ਵਾ ਡੁਸਕ ਪਈ ਮੁੜਕੇ ਰਾਹ ਵਾਲੀ,
ਸੁਣੇ ਹੂੰਗ ਦਰਿਆ ਦੀ ਹਾ ਵਾਲੀ,
ਲੰਮੀ ਰਾਤ ਸਰਹਿੰਦ ਦੀ ਸ਼ਾਹ ਕਾਲੀ,
ਮੇਰੀ ਸਾਂਦਲ ਬਾਰ 'ਚ ਰੂਹ ਰੁੰਨੀ
ਉੱਞ ਸਤਲੁਜ ਰਿਹਾ ਸੁਹਾ ਸਾਡਾ—
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।

ਤੈਂਡੇ ਕਰਮ ਦੀ ਬਾਤ ਅੱਜ ਹੋਰ ਵੋ,
ਉਸ ਰਾਤ 'ਤੇ ਸਰਸਾ ਰਹੀ ਘੋਰ ਵੋ,
ਬੱਜਰ-ਚਸ਼ਮ ਦੀ ਸੁੰਨ ਦਾ ਜ਼ੋਰ ਵੋ,
ਕਿਸੇ ਟੁੱਟਦੇ ਖੰਭ ਦੀ ਚੀਕ ਜਿਵੇਂ
ਰੋ ਵਿਛੜੇ ਰਾਤ ਨੂੰ ਰਾਹ ਸਾਡਾ—
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।


WWW.SIKHBOOKCLUB.COM

ਕਿਸੇ ਤਪਦੇ ਭੱਠ 'ਤੇ ਸਾਹ ਸਾਡਾ,
ਆ ਬੈਠਾ ਸ਼ਹਿਰ ਗੁਆ ਸਾਡਾ,
ਏਥੇ ਬਾਜ਼ ਵਿਛੜਿਆ ਆ ਸਾਡਾ,
ਪਈ ਜਾਨ ਵਿਛੜਦੀ ਨਦੀਆਂ ਦੀ
ਕੋਈ ਪੈਂਡਾ ਰਿਹਾ ਬੁਲਾ ਸਾਡਾ—
ਤੁਰ ਚੱਲਿਓਂ ਸ਼ਹਿਰ ਰੁਆ ਸਾਡਾ।

ਸਭ ਹਰੇ-ਕਚੂਰ ਸੀ ਸਰ ਮੇਰੇ,
ਸਨ ਸੇਕ ਸਿਦਕ ਵਿਚ ਪਰ ਮੇਰੇ,
ਸਨ ਯਾਰ ਪਿਆਰੇ ਘਰ ਮੇਰੇ,
ਜਿੰਦ ਵਿਛੜੀ ਸਰਸਾ ਕੰਢੜੇ 'ਤੇ
ਖੰਭ ਟੁੱਟਿਆ ਫ਼ਜਰ ਦੇ ਰਾਹ ਸਾਡਾ—
ਤੁਰ ਚੱਲਿਓਂ ਸ਼ਹਿਰ ਰੁਆ ਸਾਡਾ।

ਹਾਂ! ਰੋਸ ਕਰੇ ਦਰਵੇਸ਼ਾਂ ਨੇ
ਚੁੰਮ੍ਹ ਤੇਗਾਂ ਰੋਏ ਹਮੇਸ਼ਾਂ ਨੇ
ਅੱਜ ਕੀਤੇ ਦਗ਼ੇ ਮਲੇਸ਼ਾਂ ਨੇ,
ਜਾ ਲੁਕੇ ਥਲਾਂ ਦੀ ਤੁੰਦ ਹਵਾ
ਹੜ੍ਹ ਕਾਲੇ ਲੈ ਦਰਿਆ ਸਾਡਾ—
ਤੁਰ ਚੱਲਿਓਂ ਸ਼ਹਿਰ ਰੁਆ ਸਾਡਾ।

ਅੱਖ ਸਰਸਾ ਦੇ ਕੰਢੇ ਪਈ ਚੋਅ ਸਾਡੀ
ਗਈ ਹੇਕ ਫ਼ਕੀਰਾਂ ਜਹੀ ਹੋ ਸਾਡੀ
ਪਈ ਲੱਖੀ ਦੇ ਜੰਗਲ ਨੂੰ ਖੋਹ ਸਾਡੀ,
ਰੋਹ ਭਰੀ ਤੇਗ ਦੀ ਨਜ਼ਰ ਪਈ
ਕਿਉਂ ਚੱਲਿਓਂ ਅਟਕ ਚੜ੍ਹਾ ਸਾਡਾ—
ਤੁਰ ਚੱਲਿਓਂ ਸ਼ਹਿਰ ਰੁਆ ਸਾਡਾ।

ਸਾਡੇ ਵਿਛੜੇ ਹੋਏ ਫ਼ਕੀਰ ਮਨਾਂ
ਮਾਂ ਜਿੰਦਾਂ ਜਦੋਂ ਅਧੀਰ ਮਨਾਂ
ਜਾ ਵੇਖੀ ਨਦੀਆਂ ਚੀਰ ਮਨਾਂ,
ਪਿਆ ਨਜ਼ਰ ਰੋਂਦਿਆਂ ਕੋਹਾਂ 'ਤੇ
ਕਿਤੋਂ ਕਲਗ਼ੀਆਂ ਵਾਲਾ ਆ ਸਾਡਾ—
ਤੁਰ ਚੱਲਿਓਂ ਸ਼ਹਿਰ ਰੁਆ ਸਾਡਾ।


WWW.SIKHBOOKCLUB.COM

ਵਗ ਪਏ ਦਰਿਆ ਨੇ ਲੂਹੇ 'ਤੇ
ਤੂੰ ਰੋਇਉਂ ਤੇਗ ਦੇ ਬੂਹੇ 'ਤੇ
ਰਾਹ ਵਿਛੜੇ ਫ਼ਜਰ ਦੇ ਖੂਹੇ 'ਤੇ,
ਜਿਸ ਰਾਹ 'ਤੇ ਨ ਦਰਵੇਸ਼ ਲੜੇ
ਉਸ ਰਾਹ ਕਿਉਂ ਟੁੱਟਿਆ ਸਾਹ ਸਾਡਾ ?
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।

ਕੁਝ ਚਾਰ-ਚੁਫੇਰੇ ਕਾਲ ਫੜੇ,
ਕਿਸੇ ਭੈਅ ਵਿਚ ਲੱਖ ਦਰਿਆ ਖੜੇ,
ਕਿਸੇ ਹਰੇ ਬੂਟ ਜੜ ਲਹੂ-ਭਰੇ!
ਹਾਂ! ਜ਼ਖ਼ਮ ਕਿਸੇ ਦੀ ਸੱਦ ਸੁਣੇ
ਮਨ ਡੁੱਬਿਆ ਰਿਹਾ ਬੁਲਾ ਸਾਡਾ—
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।

ਵੱਡੇ ਛੰਭ ਸਰਦਾਰਾਂ ਨੂੰ ਘੇਰਿਆ
ਅਸਾਂ ਤੇਗਾਂ ਦਾ ਵਕਤ ਜਾ ਛੇੜਿਆ
ਦਾਨੇ ਰਿਜ਼ਕ ਵਿਚ ਲਹੂ ਨੂੰ ਫੇਰਿਆ,
ਉਂਞ ਵਕਤ ਨਮਾਜ਼ਾਂ ਦੇ ਛੇੜੇ
ਉਂਞ ਮਨ ਪਿਆ ਕਰੇ ਦੁਆ ਸਾਡਾ—
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।

ਜਦ ਰਣ ਅਬਦਾਲੀ ਬਾਤ ਮਿਰੀ
ਰੱਤ-ਡੂੰਗਰ ਜਦ ਪ੍ਰਭਾਤ ਮਿਰੀ
ਤਦ ਚਾਵਾਂ ਭਰੀ ਸੀ ਰਾਤ ਮਿਰੀ,
ਉਹ ਚਾਵਾਂ ਦੇ ਸਨ ਦਿਨ ਸਾਡੇ
ਸੀ ਨਿਭਿਆ ਲਹੂ ਨਾ' ਸਾਹ ਸਾਡਾ—
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।

ਛੰਭ ਭਾਰੇ ਕਰੇ ਗੁਮਾਨ ਕਦੇ,
ਹਾਂ! ਭੀਸ਼ਣ ਸੀ ਵਰਦਾਨ ਕਦੇ,
ਸੀ ਰਾਹ ਸਰਹਿੰਦ ਮਹਾਨ ਕਦੇ,
ਹੱਸ ਨਾਲ ਜੱਲਾਦਾਂ ਬਚਨ ਕਰੇ
ਕੋਈ ਬਲੀ ਬੰਦੇ ਨੂੰ ਚਾਅ ਸਾਡਾ—
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।

WWW.SIKHBOOKCLUB.COM Page 344

ਸੀ ਹੁਕਮ ਵਾਂਗ ਦਰਿਆ ਸਾਡਾ,
ਕੋਈ ਚੜ੍ਹਿਆ ਕਹਿਰ ਹਵਾ ਸਾਡਾ,
ਸੀ ਡਾਢਾ ਬਲੀ ਸ਼ੁਦਾ ਸਾਡਾ,
ਸੁਣ ਸ਼ਾਹ ਅਸਵਾਰਾ ਅਰਜ਼ ਮਿਰੀ
ਜ਼ਰਾ ਰੱਖਣਾ ਸ਼ੌਕ ਨਿਗ੍ਹਾ ਸਾਡਾ—
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।

ਪਿਆ ਸ਼ੋਰ ਬਕਾ ਦਾ ਤੇਗਾਂ ਵਿਚ
ਜਦ ਸੜੇ ਫ਼ਕੀਰ ਸੀ ਦੇਗਾਂ ਵਿਚ,
ਸ਼ਹੁ ਚੜ੍ਹੇ ਫ਼ਨਾ ਦੇ ਵੇਗਾਂ ਵਿਚ,
ਜਦ ਤਾਰੂ ਸਿੰਘ ਜੱਲਾਦ ਤਾਈਂ
ਹੱਸ ਕਿਹਾ ਕਿ "ਹੁਕਮ ਬਜਾ ਸਾਡਾ"
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।

ਕਿਹਾ ਮਨੀ ਸਿੰਘ ਸਰਦਾਰ ਮਿਰੇ:
"ਕਰ ਪੋਟੇ ਨਾਲ ਤੂੰ ਸਾਰ ਮਿਰੇ
ਔਹ ਸਾਹਮੇ ਰਹੇ ਦੀਦਾਰ ਮਿਰੇ"
ਸੀ ਸਿਖਰ ਬਾਜ਼ ਦਾ ਕਰਮ ਉਦੋਂ
ਅਜ ਰਿਹਾ ਬਾਜ਼ ਕੁਰਲਾ ਸਾਡਾ—
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।

ਰਾਹ ਭਖਣ ਜੱਲਾਦ ਦੇ ਪੈਰਾਂ ਦੇ
ਲੱਖ ਕੋਟ ਨੇ ਖ਼ੂਨੀ ਗਹਿਰਾਂ ਦੇ
ਇਹ ਸੁਫਨੇ ਪਿਛਲੇ ਪਹਿਰਾਂ ਦੇ,
ਲੱਖ ਤਪ ਨੇ ਖੜੇ ਜੱਲਾਦਾਂ ਦੇ
ਕਿਤੇ ਡਿੱਗਿਆ ਬੋਟ ਖ਼ੁਦਾ ਸਾਡਾ—
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।

ਘਿਰਿ ਖ਼ੂਨੀ ਨਦੀ 'ਚ ਸਾਹ ਸਾਡਾ
ਦਰ ਤਕਦਾ ਬੇ-ਵਸਾਹ ਸਾਡਾ,
ਮਾਂ ਜਿੰਦਾਂ ਗਈ...ਨ ਵਾਹ ਸਾਡਾ!
ਖੰਭ ਡਿੱਗੇ ਵਿਚ ਦਿਲਗੀਰ ਥਲਾਂ
ਕੁਝ ਵਿਚ ਪਰਵਾਜ਼ਾਂ ਤਾਅ ਸਾਡਾ—
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।

WWW.SIKHBOOKCLUB.COM

ਰਣ ਭਾਰੇ ਜਿੰਦੜੀ ਮੂਕ ਮਿਰੀ,
ਦਿਨ ਡੁੱਬਿਆ, ਅਰਜ਼ ਮਲੂਕ ਮਿਰੀ,
ਸ਼ਾਹ ਰਗ ਵਿਚ ਕੰਬਦੀ ਕੂਕ ਮਿਰੀ,
ਅਸੀਂ ਉਸਨੂੰ ਸਿਕਦੇ ਤੁਰ ਚੱਲੇ
ਜਿਸ ਨਾਲ ਨਜ਼ਰ ਸੀ ਵਾਹ ਸਾਡਾ—
ਤੁਰ ਚੱਲਿਉਂ ਸ਼ਹਿਰ ਰੁਆ ਸਾਡਾ।
ਅੱਜ ਤਾਜ ਤੇ ਤਖ਼ਤ ਗੁਆ ਸਾਡਾ।

•

*ਸੰਕੇਤ :* ਇਸ ਕਵਿਤਾ ਵਿਚ ਸ਼ਹਿਰ ਤੋਂ ਮੁਰਾਦ ਲਾਹੌਰ ਸ਼ਹਿਰ ਹੈ। ਸ਼ਹਿਰ ਕੌਮ ਦੇ ਈਮਾਨ ਦਾ ਵੀ ਪ੍ਰਤੀਕ ਹੈ।

WWW.SIKHBOOKCLUB.COM

# 4

# ਭਰਿਆ ਹੋਇਆ ਉਦਾਸ ਮੇਲਾ

[ਹਾਰਾਂ ਦੀ ਉਦਾਸੀ ਪਿੱਛੋਂ ਜਾਗਿਆ ਸਿਦਕ]

ਅੱਜ ਨਵੀਉਂ ਨਵੀਂ ਪਛਾਣ ਮਿਰੀ,
ਤੱਕ! ਭਰਿਆ ਮੇਲਾ ਜਾਨ ਮਿਰੀ!

ਇਹ ਰਾਹ ਨੇ ਲੰਘੇ ਨਬੀਆਂ ਦੇ
ਇਥੇ ਕਿੱਸੇ ਤੱਤੀਆਂ ਤਵੀਆਂ ਦੇ
ਇਥੇ ਹੌਕੇ ਸੁੱਤਿਆਂ ਕਵੀਆਂ ਦੇ,
ਸੁੰਮ ਖੜੇ ਥਲਾਂ ਦੇ ਸੀਨੇ ਵਿਚ
ਸ਼ਾਹ ਰਗ ਹੈ ਲਹੂ-ਲੁਹਾਣ ਮਿਰੀ—
ਅੱਜ ਨਵੀਉਂ ਨਵੀਂ ਪਛਾਣ ਮਿਰੀ,
ਤੱਕ! ਭਰਿਆ ਮੇਲਾ ਜਾਨ ਮਿਰੀ!

ਮੋਏ ਪੁੱਤ ਸਭਰਾਵਾਂ, ਨ ਚੈਨ ਵੋ,
ਸੁੰਵੇ ਦਿਹੁੰ, ਤੇ ਧੁੱਖਦੀ ਰੈਣ ਵੋ,
ਡੂੰਘੇ ਸ਼ਾਹ ਮੁਹੰਮਦ ਦੇ ਵੈਣ ਵੋ,
ਇਹ ਬਾਜ਼ ਤਿਰੇ ਦੀ ਹੂੰਗਰ ਹੈ
ਅੱਜ ਹੋ ਗਈ ਤੇਗ ਵੀਰਾਨ ਮਿਰੀ—
ਅੱਜ ਨਵੀਉਂ ਨਵੀਂ ਪਛਾਣ ਮਿਰੀ,
ਤੱਕ! ਭਰਿਆ ਮੇਲਾ ਜਾਨ ਮਿਰੀ!

ਇਹਨਾਂ ਪੀਲੇ ਪੱਤਰਾਂ ਛੁਰੀਆਂ ਬਣ
ਜਾ ਢਕ ਲਏ ਮੇਰੇ ਖ਼ੂਨ ਦੇ ਰਣ
ਅੱਜ ਖ਼ਾਲੀ ਰੋਹੀਆਂ ਹੋ ਗਏ ਵਣ—
ਮਿਰੇ ਸੁੰਵੇ ਹੱਥ ਫ਼ਕੀਰ ਹੋਏ
ਛਿਪ ਸੂਰਜ ਕੰਡ ਛੁਪਾਣ ਮਿਰੀ—
ਅੱਜ ਨਵੀਉਂ ਨਵੀਂ ਪਛਾਣ ਮਿਰੀ,
ਤੱਕ! ਭਰਿਆ ਮੇਲਾ ਜਾਨ ਮਿਰੀ!

ਮੈਂਡਾ ਅੱਧ-ਵਿਚਕਾਰ ਈਮਾਨ ਵੋ,
ਰੋਹ-ਭਰੀ ਬੇਅਦਬ ਅਜ਼ਾਨ ਵੋ,
ਹੰਝੂ ਕੇਰਦੀ ਨਜ਼ਰ ਰਕਾਨ ਵੋ.....
ਹਾਂ, ਇਹ ਵੀ ਰਾਹ ਦਰਵੇਸ਼ਾਂ ਦੇ
ਅੱਜ ਤੁਰਸ਼ ਤੇ ਤੁੰਦ ਜ਼ਬਾਨ ਮਿਰੀ!
ਅੱਜ ਨਵੀਉਂ ਨਵੀਂ ਪਛਾਣ ਮਿਰੀ,
ਤੱਕ! ਭਰਿਆ ਮੇਲਾ ਜਾਨ ਮਿਰੀ!

ਮੁਰਸ਼ਦ ਵਿੰਨ੍ਹਿਆਂ ਹੱਕ ਦੀ ਚਾਂਗ ਨੇ
ਮਿਹਨੇ-ਮਾਰਦੀ ਧੁੱਖਦੀ ਸਾਂਗ ਨੇ,
ਤਾਰੇ ਖੜੇ ਦਰਵੇਸ਼ਾਂ ਦੇ ਵਾਂਗ ਨੇ,
ਬੇਅਦਬ ਹੋਏ ਜਦ ਆਖ਼ਿਰ ਵਿਚ
ਗੱਲ ਕਰਸਨ ਕਿਵੇਂ ਈਮਾਨ ਮਿਰੀ—
ਅੱਜ ਨਵੀਉਂ ਨਵੀਂ ਪਛਾਣ ਮਿਰੀ,
ਤੱਕ! ਭਰਿਆ ਮੇਲਾ ਜਾਨ ਮਿਰੀ।

ਹੰਝੂ-ਕੇਰਦਾ ਹਰਖ ਅੱਜ ਚੁੱਪ ਹੈ
ਹਰਿਆ-ਭਰਿਆ ਫ਼ਕੀਰ ਦਾ ਦੁੱਖ ਹੈ,
ਕੰਧੀ ਆਖ਼ਰੀ ਹਸ਼ਰ ਦੀ ਰੁੱਖ ਹੈ,
ਜਦ ਹਰਾ-ਕਚੂਰ ਹੀ ਆਖ਼ਿਰ ਹੈ
ਤਦ ਲਭਦੀ ਹੁਕਮ ਅਜ਼ਾਨ ਮਿਰੀ—
ਅੱਜ ਨਵੀਉਂ ਨਵੀਂ ਪਛਾਣ ਮਿਰੀ,
ਤੱਕ! ਭਰਿਆ ਮੇਲਾ ਜਾਨ ਮਿਰੀ!

ਇਹ ਭਰਿਆ ਮੇਲਾ ਜਾਨ ਮੇਰੀ
ਇਥੇ ਚਮਕੇ ਤੇਗ ਮਹਾਨ ਮਿਰੀ
ਇਥੇ ਇੱਕੋ ਇਕ ਉਡਾਣ ਮਿਰੀ—
ਇਥੇ ਇੱਕੋ ਇਕ ਹੈ ਅਰਜ਼ ਮਿਰੀ
ਇਥੇ ਇੱਕੋ ਇਕ ਜ਼ਬਾਨ ਮਿਰੀ—
ਅੱਜ ਨਵੀਉਂ ਨਵੀਂ ਪਛਾਣ ਮਿਰੀ,
ਤੱਕ! ਭਰਿਆ ਮੇਲਾ ਜਾਨ ਮਿਰੀ!

ਬੇਕਦਰ ਸ਼ਹਿਰ ਵਿਚ ਜਾਨ ਮਿਰੀ!
ਇਥੇ ਇੱਕੋ ਇਕ ਪਛਾਣ ਮਿਰੀ,
ਤੱਕ ਸੂਰਤ ਵਿਚ ਘਮਸਾਨ ਮਿਰੀ,
ਜਾਂ ਨਬੀ ਹੀ ਮੇਰਾ ਆਖ਼ਿਰ ਹੈ
ਜਾਂ ਚੜ੍ਹੀ ਨਬੀ ਨੂੰ ਪਾਣ ਮਿਰੀ—

WWW.SIKHBOOKCLUB.COM

ਅੱਜ ਨਵੀਉਂ ਨਵੀਂ ਪਛਾਣ ਮਿਰੀ,
ਤੱਕ! ਭਰਿਆ ਮੇਲਾ ਜਾਨ ਮਿਰੀ!

ਇਹ ਸ਼ਹਿਰ ਅੱਲਾ ਦੇ ਮਾਰੇ ਨੇ,
ਇਹ ਦਰ-ਦਰਵਾਜ਼ੇ ਹਾਰੇ ਨੇ,
ਚੁੱਪ ਫਿਰਨ ਪਏ ਵਣਜਾਰੇ ਨੇ,
ਜੱਗ ਵਾਲੇ ਚੁੱਪ ਦੇ ਵਣਜ ਘਿਰੇ
ਲੱਭ ਸੂਰਤ ਲੈਣ ਤੂਫ਼ਾਨ ਮਿਰੀ—
ਅੱਜ ਨਵੀਉਂ ਨਵੀਂ ਪਛਾਣ ਮਿਰੀ
ਤੱਕ! ਭਰਿਆ ਮੇਲਾ ਜਾਨ ਮਿਰੀ!

ਅੱਜ ਸਿਖਰ ਦੁਪਹਿਰ ਬੇ-ਤਰਜ਼ ਕੋਈ,
ਇਸ ਮੇਲੇ ਦੇ ਵਿਚ ਅਰਜ਼ ਕੋਈ,
ਤੇਰੇ ਕਰਮ ਤੋਂ ਅੱਗੇ ਮਰਜ਼ ਕੋਈ,
ਸਿਰ ਫ਼ੱਕਰਾਂ ਬਾਜ਼ ਪਿਆਰੇ ਦਾ
ਭੱਖ ਬਣੇ ਪੈੜ ਘਮਸਾਨ ਮਿਰੀ—
ਅੱਜ ਨਵੀਉਂ ਨਵੀਂ ਪਛਾਣ ਮਿਰੀ,
ਤੱਕ! ਭਰਿਆ ਮੇਲਾ ਜਾਨ ਮਿਰੀ!

ਸੁੰਮ ਥੰਮ੍ਹ ਖੜਾ ਅਸਮਾਨ ਨੂੰ
ਤਿਰੇ ਸਰਬ ਲੋਹ ਦੇ ਤਾਣ ਨੂੰ
ਕਿਸੇ ਸਿਖਰ ਦੁਪਹਿਰ ਦੇ ਵਾਣ ਨੂੰ,
ਥੱਲ ਵਾਂਗ ਧਨੁਸ਼ ਦੇ ਟੁੱਟੇ ਆ
ਤੇ ਮੁਰਸ਼ਦ ਨਾਲੋਂ ਤਾਨ ਮਿਰੀ—
ਅੱਜ ਨਵੀਉਂ ਨਵੀਂ ਪਛਾਣ ਮਿਰੀ
ਤੱਕ! ਭਰਿਆ ਮੇਲਾ ਜਾਨ ਮਿਰੀ!

ਜੋ ਮਾਹੀ ਬਖ਼ਸ਼ੇ ਸਾਹ ਲੋਕੋ
ਗਏ ਟੁੱਟ ਮੁਰੀਦ ਦੇ ਰਾਹ ਲੋਕੋ
ਵਿਚ ਰਣ ਗੁਜਰਾਤ ਦੇ ਆ ਲੋਕੋ,
ਉਸ ਕੜੇ ਫ਼ਰੇਬ 'ਤੇ ਕਹਿਰ ਪਵੇ
ਜਿਸ ਕੋਹੀ ਉਮਰ ਜਵਾਨ ਮਿਰੀ—
ਅੱਜ ਨਵੀਉਂ ਨਵੀਂ ਪਛਾਣ ਮਿਰੀ
ਤੱਕ! ਭਰਿਆ ਮੇਲਾ ਜਾਨ ਮਿਰੀ!

WWW.SIKHBOOKCLUB.COM

ਇਕ ਬੁੱਲ੍ਹੇ ਕੋਲ ਸੁਆਲ ਮਿਰਾ:
"ਦੱਸ! ਕਿਹੜਾ ਖ਼ੂਨੀ ਸਾਲ ਮਿਰਾ?
ਤੈਂ ਰਮਜ਼ ਕਿਹੋ ਜਿਹਾ ਤਾਲ ਮਿਰਾ?"
ਤੈਨੂੰ ਸ਼ਾਹ ਹੁਸੈਨਾ ਅਰਜ਼ ਕਰਾਂ
ਦੇ ਵਿਛੜੀ ਜੋ ਕਿਰਪਾਨ ਮਿਰੀ—
ਅੱਜ ਨਵੀਉਂ ਨਵੀਂ ਪਛਾਣ ਮਿਰੀ,
ਤੱਕ! ਭਰਿਆ ਮੇਲਾ ਜਾਨ ਮਿਰੀ!

ਮੇਰਾ ਤੱਤੀ ਤਵੀ 'ਤੇ ਸਾਹ ਬਲਿਆ,
ਲੱਖ ਨਾਦ ਦੇ ਸ਼ਹਿਰ ਵਸਾ ਬਲਿਆ,
ਜਿਵੇਂ ਹੁਕਮ ਦਾ ਆਖ਼ਰੀ ਤਾਅ ਬਲਿਆ,
ਛੱਡ ਅੰਤਮ ਰਾਹ ਤੇ ਫ਼ੱਕਰਾਂ ਨੂੰ
ਕਰ ਤੁਰ ਗਿਆ ਇਕ ਸੰਵਾਣ ਮਿਰੀ—
ਅੱਜ ਨਵੀਉਂ ਨਵੀਂ ਪਛਾਣ ਮਿਰੀ,
ਤੱਕ! ਭਰਿਆ ਮੇਲਾ ਜਾਨ ਮਿਰੀ!

ਮੈਂਡੇ ਨੈਣਾਂ ਦੀ ਸ਼ਾਮ ਨੂੰ 'ਵਾਜ ਪਈ
ਮੈਂਡੇ ਦਿਲ-ਕੁਹਰਾਮ ਨੂੰ 'ਵਾਜ ਪਈ
ਮੈਂਡੇ ਉਹੀਓ ਹੀ ਹਾਣ ਨੂੰ 'ਵਾਜ ਪਈ,
ਖੜੀ ਸਿਦਕ ਨਿਭਾਣ ਨੂੰ ਪੱਤਣਾਂ 'ਤੇ
ਬੰਨ੍ਹ ਕਫ਼ਨ ਜਿੰਦ ਰਕਾਨ ਮਿਰੀ—
ਅੱਜ ਨਵੀਉਂ ਨਵੀਂ ਪਛਾਣ ਮਿਰੀ,
ਤੱਕ! ਭਰਿਆ ਮੇਲਾ ਜਾਨ ਮਿਰੀ!

•

WWW.SIKHBOOKCLUB.COM

## 5
# ਡਾਢਿਆਂ ਦੇ ਦਰਦ

ਊਠਾਂ ਵਾਲਿਆਂ ਨੂੰ ਦੇਈਂ ਨ ਮਾਏ
ਜਿੰਦ ਕਰਦੇ ਦੁਖਿਆਰੀ,

ਦਰਦ ਝਨਾਂ ਦੇ ਲੱਦ ਗਏ ਜਿੱਧਰ
ਉਧਰੇ ਸਾਡੀ ਤਿਆਰੀ,

ਚੜ੍ਹਿਆ ਤਪਦਾ ਸੂਰਜ ਸਿਰ 'ਤੇ
ਜਦ ਵੀ ਉਮਰ ਸ਼ਿੰਗਾਰੀ,

ਰਾਤ ਅੱਲਾ ਦੀ ਚਮਕਣ ਤਾਰੇ
ਵਹਿਣ ਝਨਾਂ ਦੇ ਭਾਰੀ,

ਬਾਹਵਾਂ ਵਾਲਿਆ ਆ ਮਿਲ ਛੱਡ ਕੇ
ਤੇਗਾਂ ਦੀ ਸਰਦਾਰੀ,

ਟਾਹਲੀਆਂ ਦੀ ਛਾਵਾਂ ਦੇ ਕੋਲੇ ਰਾਂਝਣ
ਤਕਦਾ ਰਾਤ ਪਿਆਰੀ,

ਦਰ ਦਰਵੇਸ਼ ਅਸਾਂ ਵੀ ਜਾਣਾ
ਚੜ੍ਹ ਕੇ ਸ਼ੁਤਰ ਕੰਧਾਰੀ॥੧॥

ਊਠਾਂ ਵਾਲਿਆਂ ਨੂੰ ਦੇਈਂ ਨ ਮਾਏ
ਜਾਨ ਰਹਿਮ ਬਿਨ ਮਾਰੀ,

ਪੰਖ ਖ਼ੰਜਰ ਦੇ ਰਾਤਾਂ ਚੀਰਨ
ਲਹੂ-ਸ਼ੂਕ ਅੰਧਿਆਰੀ,

ਭੱਠ 'ਤੇ ਚਾੜ੍ਹ ਧਰਤ ਨੂੰ ਕਰਦੇ
ਸ਼ੁਤਰਾਂ 'ਤੇ ਅਸਵਾਰੀ,

ਜਿੰਦ ਦਾ ਬਾਜ਼ ਮੌਤ ਹੱਥ ਦਿੰਦੇ
ਪਾ ਝੱਖੜਾਂ ਨਾਲ ਯਾਰੀ,

WWW.SIKHBOOKCLUB.COM

ਖਾਕੀਂ ਅੱਗ ਜ਼ਖ਼ਮ ਦੀ ਉੱਠੇ...
ਸੁੰਨ ਰਹਿਮ ਦੀ ਖਾਰੀ,

ਕਾਲ-ਜੀਭ ਪੈੜਾਂ ਨੇ ਕੱਢੀ
ਭੁੱਖੀ ਧੂੜ ਵਿਚਾਰੀ,

ਬਾਗ਼ਾਂ ਦੇ ਸੱਖਣੇ ਬਨੇਰੇ 'ਤੇ ਵੱਜੇ
ਰੋਹੀਆਂ ਦੀ ਕਿਲਕਾਰੀ ॥੨॥

•


WWW.SIKHBOOKCLUB.COM

# 6

## ਅਜ਼ਾਨ

ਕਿਹੜੀ ਕੂਕ ਗਹਿਰ ਵਿਚ ਡੁੱਬੀ
ਧੂੜਾਂ ਤੋੜ ਪਿਆਸੀ ?
ਜੋ ਵੀ ਤੀਰ ਗਹਿਰ ਵਿਚ ਖੁੱਭਿਆ
ਸੋਈ ਭਇਆ ਉਦਾਸੀ।

ਸਿਖਰ ਦੁਪਹਿਰਾਂ ਲਹੂ ਕੇਰ ਕੇ
ਸਾਜ ਲੈਣਗੀਆਂ ਤਾਰੇ,
ਛੱਡ ਸ਼ਮਸ਼ੀਰਾਂ ਤੁਰ ਜਾਵਣਗੇ
ਦਰ ਤੇਰੇ ਬਨਬਾਸੀ।

ਜੋ ਅਸਮਾਨ ਤੇਰੇ ਦਰਵੇਸ਼ਾਂ
ਨਜ਼ਰ ਤੇਰੀ ਲਈ ਸਾਜੇ,
ਡੂੰਘੇ ਪੰਧ 'ਵਾਜ ਕੋਈ ਸੁਣਦੇ
ਹੋ ਸੱਥਰਾਂ ਦੇ ਵਾਸੀ।

ਸੂਲ ਸੁਰਾਹੀ ਖ਼ੰਜਰ ਚਮਕੇ
ਕਟਕ ਚਾੜ੍ਹ ਸਿਰਹਾਨੇ,
ਗਾਨੀ ਬੰਨ੍ਹ ਰਣਾਂ ਦੇ ਗਲ ਵਿਚ
ਪਾਉਂਦੇ ਬੀਰ ਖ਼ਲਾਸੀ।

ਜਦ ਅਸਮਾਨ ਖ਼ੰਜਰ ਦੇ ਸਿਖਰੀਂ
ਬੂੰਦ ਪੀਣ ਲਈ ਚੜ੍ਹਿਆ,
ਤੇਰੇ ਮਸਤਕ ਅਜ਼ਲ ਕਾਫ਼ਲਾ
ਲਹੂ ਲੁਹਾਣ ਹੋ ਜਾਸੀ।

ਗਲ ਵਿਚ ਪਾਇ ਫ਼ਜਰ ਦੀ ਗਾਨੀ
ਵਿਚ ਮਜ਼ਾਰਾਂ ਭਾਉਣਾ
ਹੇਕ ਨੂੰ ਤੋੜ ਰਹੀ ਵਿਚਕਾਰੋਂ
ਨਾਗਾਂ ਨਾਲ ਹੁਲਾਸੀ।

ਬਿਰਖ ਤੂਫ਼ਾਨਾਂ ਦੇ ਨਾਲ ਭਿੜਕੇ
ਸਿੰਧ ਛਾਤੀਏਂ ਸੁੱਤੇ,
ਰਾਤ ਚੀਖਦੀ ਮੁੱਠੀ ਦੇ ਵਿਚ
ਬਲਦੇ ਕੋਟ ਚੁਰਾਸੀ।

ਸ਼ੁਤਰ-ਸੁਆਰ ਦੀ 'ਵਾਜ ਸੁਹਾਣੀ
ਫ਼ਜਰ ਵੇਲੜੇ ਉੱਠੀ,
ਛਾਲੇ ਹੇਠ ਜ਼ਿਮੀਂ ਤਿਰਹਾਈ
ਤਕਦੇ ਨੈਣ ਵਿਲਾਸੀ।

ਹੇਠ ਸਿਰ੍ਹਾਨੇ ਜ਼ਿਮੀਂ ਵਿਲਕਦੀ
ਸੱਥਰ ਵਣ ਵਣ ਵਿਛਿਆ,
ਨਾਗ ਦੀ ਨਜ਼ਰ ਹਵਾ ਵਿਚ ਖੁਭਦੀ
ਤਕਦੇ ਨੀਲ ਆਗਾਸੀ।

ਹਵਾ ਦੇ ਲੂੰ ਲੂੰ ਦੇ ਵਿਚ ਕੁੰਡਲ
ਨਾਗ ਨਪੀੜਣ ਜਿੰਦਾਂ,
ਅਰਸ਼-ਨਾਭ ਤੋਂ ਤਪਦੇ ਭੱਠ ਤਕ
ਲਟਕ ਰਹੀ ਇਕ ਫਾਸੀ।

ਕੋਈ ਨਿਚੋੜ ਦਿਉ ਰਗ ਮੇਰੀ
ਹਵਾ ਦੇ ਲੂੰ ਲੂੰ ਉੱਤੇ,
ਏਸ ਜ਼ਿਮੀਂ ਨੂੰ ਮੋੜ ਦਿਉ ਕੁਝ
ਹੂੰਗਰ ਚੜ੍ਹੇ ਚੌਂਪਾਸੀ।

ਪੈੜਾਂ ਹੇਠ ਲਹੂ ਦੀ ਹੂੰਗਰ...
ਨਜ਼ਰ ਸੁਹਾਣੀ ਭੇਜੋ,
ਤੋੜ ਸੁੱਟੋ ਮਸਤਕ ਦੇ ਵਿੱਚੋਂ
ਸੂਰਜ ਕੋਈ ਉਦਾਸੀ।

ਚੀਖ਼ ਮਾਰ ਹਵਾ ਦੇ ਅੰਦਰ
ਮੈਂ ਰੋਹੀਏਂ ਤੁਰ ਜਾਣਾ,
ਮੋੜ ਲਵੋ ਦਰਵੇਸ਼ਾਂ ਨੂੰ ਹੁਣ
ਥਲ ਦੇ ਰੰਗ ਵਿਣਾਸੀ।

"ਸੁੱਟੋ ਨਜ਼ਰ ਫ਼ਜਰ ਦੇ ਆਖ਼ਿਰ"
ਰੋ ਕੇ ਕਿਹਾ ਮੁਰੀਦਾਂ,
"ਉਮਰ ਦੇ ਮੋੜ ਰੇਤ ਵਿਚ ਦੱਬੇ
ਸੁੰਨ ਖੜੀ ਅਬਿਨਾਸੀ।"

•


WWW.SIKHBOOKCLUB.COM

## 7

# ਬਨਬਾਸ ਦੀਆਂ ਵਾਟਾਂ

ਇਕ ਪੱਤੇ ਦੀ ਜਾਨ ਨਪੀੜੀ
ਲੱਖ ਸੂਰਜਾਂ ਬਲ ਕੇ,
ਡੂੰਘੀ 'ਵਾਜ ਧਸੀ ਵਿਚ ਪੌਣਾਂ
ਲੱਖ ਨਦੀਆਂ ਸੰਗ ਰਲ ਕੇ।

ਇਕ ਕਿਰਨ ਨੈਣ ਦੀ ਕੰਬੀ
ਜਾਨ ਜ਼ਿਮੀਂ ਦੀ ਫੜ ਕੇ,
ਇਕ ਕਣ ਹਰਿਆਵਲ ਦਾ ਬਲਿਆ
ਭੇਦ ਗਗਨ ਦੇ ਚੜ੍ਹ ਕੇ।

ਪਹਿਣ ਪੁਸ਼ਾਕ ਫ਼ਜਰ ਦੀ ਯਾਰਾਂ
ਕਰੀ ਜ਼ੁਲਫ਼ ਤੇ ਲੋਇ,
ਕੁਲ ਪਤਾਲ ਖ਼ੰਜਰ ਦੇ ਜਿੱਥੇ
ਚੁੰਮ੍ਹ ਨਿਗਾਹ ਨੂੰ ਰੋਇ।

ਤੇਜ਼ ਧਾਰ ਚਰਖ਼ ਦੀ ਫਾਸੀ
ਮੁੱਠੀਏਂ ਭੱਠ ਤਪਾਣੀ,
ਮਹਿੰਦੀ-ਤਲੀਆਂ ਤੋਂ ਜ਼ੁਲਫ਼ਾਂ ਤਕ
ਬਨਬਾਸਾਂ ਦੇ ਪਾਣੀ।

ਸ਼ਾਂਤ ਸੁਬਕ ਸਾਹਾਂ ਦੇ ਰਣ ਵਿਚ
ਸਿੰਧ ਸਿਤਾਰੇ ਝੋਕੇ;
ਨਦੀਆਂ ਦੇ ਘਮਸਾਨ ਹਜ਼ਾਰਾਂ
ਕਤਰੇ ਦੇ ਵਿਚ ਰੋਕੇ।

ਸ਼ਾਂਤ ਸੁਬਕ ਸਾਹਾਂ ਦਾ ਭਵਜਲ
ਲੱਗ ਫ਼ਜਰਾਂ ਗਲ ਰੁੰਨਾ,
ਨਾਭ ਦੁਆਲੇ ਚਰਖ਼ ਨੂਰਾਨੀ
ਪੈੜ ਯੁਗਾਂ ਵਿਚ ਸੁੰਨਾ।


WWW.SIKHBOOKCLUB.COM

ਭਵਜਲ ਖ਼ੂਨ ਗਜ਼ਬ ਵਿਚ ਗਰਜੇ
ਲੋਹ-ਜੀਭਾਂ ਫੈਲਾਈਆਂ,
ਇਕ ਕਤਰੇ ਦੇ ਰੁਸ ਜਾਵਨ 'ਤੇ
ਹਸ਼ਰਾਂ ਰੋਵਨ ਆਈਆਂ।

ਭਵਜਲ ਕਾਲਿ ਨਿਮਾਣੀ ਥਰਕਣ
ਲੋਹ-ਕੋਟਾਂ ਵਿਚ ਖੋਈ,
ਰੁਲ ਬਨਬਾਸ ਗਏ ਸ਼ਮਸ਼ੀਰੀਂ
ਤੋੜ ਸਿਤਾਰੇ ਕੋਈ।

ਚੰਨ ਦਾ ਭੇਦ ਪੰਖ ਦੀ ਛਾਵੇਂ
ਸਿਰ ਬਿਰਖਾਂ ਨੇ ਜੋੜੇ,
ਡੂੰਘ ਪਤਾਲ ਅਰਸ਼ ਵਿਚ ਸੁੱਟਦੇ
ਡੂੰਘੇ ਪੁਲਾਂ ਨ ਮੋੜੇ।

ਬਿਰਖ ਦੀ ਛਾਂ ਤਾਂ ਖੜੀ ਯੁਗਾਂ ਤੋਂ
ਪੰਖ ਦੀ ਛਾਂ ਅਸਮਾਨੀ,
ਤਾਰਿਆਂ ਦੀ ਛਾਂ ਤ੍ਰੇਲ ਦੇ ਸੀਨੇ
ਸ਼ਮਸ਼ੀਰਾਂ ਦੀ ਗਾਨੀ।

ਫੜ ਕੇ ਪੰਖ ਹਵਾ ਦੇ ਚੱਕਰ
ਤੋੜ ਕਾਲ ਦੀਆਂ ਗਾਰਾਂ,
ਵਗਦੇ ਪਾਣੀ ਲੱਖ ਵਗਾਏ
ਮੋੜ ਖ਼ੂਨ ਦੀਆਂ ਵਾਹਰਾਂ।

ਡੂੰਘੇ ਸਬਰ ਵਾਂਗ ਥੰਮ੍ਹ ਤਪਦੇ
ਛਾਵਾਂ ਬਹਿ ਕੇ ਰੋਇ,
ਜੋ ਦਰਵੇਸ਼ ਤੇਰੇ ਦਰ ਸੁੱਤੇ
'ਵਾਜ ਤੇਰੀ ਹੀ ਹੋਇ।

ਜ਼ਿਮੀਂ ਹੋ ਭੱਠ ਕੋਟਾਨ ਸਿਖਰ ਤੋਂ
ਖ਼ੂਨ-ਨੇਸ ਝਲਕਾਰੇ,
ਕੁੱਲ ਹਰਿਆਵਲ ਦੇ ਸੀਨੇ 'ਤੇ
ਹੱਥ ਟਿਕੇ ਦੋ ਪਿਆਰੇ।

•


WWW.SIKHBOOKCLUB.COM 

## 8

# ਰਹਿਮ

ਤੇਰੀ 'ਵਾਜ ਮਿਰੇ ਅਸਮਾਨੋਂ
ਉਤਰੀ ਵਾਂਗ ਫ਼ਕੀਰਾਂ,
ਦਰਗਾਹਾਂ ਦੇ ਪੱਤਣਾਂ ਉੱਤੇ
ਤੱਕਿਆ ਭਰਿਆਂ ਨੀਰਾਂ।

ਮਿਰੇ ਗੁਨਾਹ ਦੇ ਹੱਥਾਂ ਨੂੰ ਤੱਕ
ਅਰਜ਼ ਤੇਰੀ ਇਕ ਆਈ,
ਘੁੱਟੇ ਸ਼ਹੁ ਦਰਿਆ ਦੇ ਪਾਣੀ
ਕਿਸੇ ਚੀਖ ਤਿਰਹਾਈ।

ਡੂੰਘੀ ਸੰਢ ਅੰਬਾਂ ਦੀ ਛਾਵੇਂ
ਡੰਗ ਜ਼ਿਮੀਂ ਦੇ ਰੁੰਨੇ,
ਹਰਿਆ ਰੰਗ ਜ਼ਿਮੀਂ ਦਾ ਸਾਰਾ
ਨੈਣ ਤਕੇਂਦਾ ਸੁੰਨੇ।

ਸੰਢ ਨੇ ਜਾਨ ਫੜੀ ਜਦ ਮੇਰੀ
ਬਾਜ਼ਾਂ ਅਉਧ ਰੁਲਾਣੀ,
ਨੈਣਾਂ ਮਿਹਰ ਨਾਲ ਕੁਝ ਤੱਕਿਆ
ਪੈਰ ਵਗੇ ਬਣ ਪਾਣੀ।

ਸ਼ਾਹ ਰਗ ਨਾਲ ਕਾਲ ਦੇ ਲਾ ਕੇ
ਜ਼ਿਮੀਂ ਸਬਰ ਵੰਗਾਰੇ,
ਰੁਗ ਵਿਚ ਹੌਲ ਪਵੇ ਆ ਕਿਧਰੋਂ
ਰਿੰਮ ਝਿੰਮ ਤਖ਼ਤ ਹਜ਼ਾਰੇ।

ਝਿੰਮ ਝਿੰਮ ਹੌਲ ਕਿਰੇ ਅੰਬਰ ਤੋਂ
ਚੜ੍ਹੇ ਗਹਿਰ ਰੋਹ ਭਾਰੇ,
ਬਨਬਾਸੀ ਬਿਰਖਾਂ ਦੇ ਰੋਸੇ
ਦਰਵੇਸ਼ਾਂ ਦੇ ਦੁਆਰੇ।


WWW.SIKHBOOKCLUB.COM

ਦਿਲ ਦਾ ਸੇਕ ਧਰਤ ਦੀ ਰਗ ਵਿਚ
ਲਾਲ ਥੰਮ੍ਹ ਹੋ ਖੜਿਆ,
ਲਰਜ਼ਾ ਮੇਲ੍ਹ ਰਿਹਾ ਧਰ-ਵਿਹੜੇ
ਤੋੜ ਬਿਰਖ ਕੋਈ ਹਰਿਆ।

ਜਦੋਂ ਤਿਹਾਈ ਖ਼ਾਕ ਨੇ ਘੁੱਟੀ
ਅੰਗ ਤਿਰੇ ਦੀ ਲੋਏ,
ਵਿਚ ਮਜ਼ਾਰਾਂ 'ਵਾਜ ਸੁਣੀ ਇਕ
ਸ਼ੁਤਰ-ਸੁਆਰ ਖਲੋਏ।

ਜਦੋਂ ਜ਼ਖ਼ਮ ਦੀ ਆਖ਼ਿਰ ਲੱਥੀ
ਫ਼ਜਰ ਕੂੰਜ ਜਿਉਂ ਮੋਈ,
ਮਾਰੀ ਸੱਦ ਕਿਸੇ ਨੇ ਦੂਰੋਂ
ਚੋਗ ਚੁਗਣ ਲਈ ਕੋਈ।

•


WWW.SIKHBOOKCLUB.COM

# 9
# ਈਮਾਨ ਦਾ ਸਫ਼ਰ

ਸਜ ਚੜ੍ਹਣਾ ਅਜੇ ਈਮਾਨ ਮਿਰਾ,
ਇਹ ਰੋਹ ਤਾਂ ਅਜੇ ਮਿਆਨ ਮਿਰਾ।

ਇਸ ਹਰਫ਼ 'ਚ ਤੜਫੇ ਜਾਨ ਕੋਈ,
ਮਿਰੀ ਤਲੀਆਂ ਹੇਠ ਅਜ਼ਾਨ ਕੋਈ,
ਨ ਦਿਸਦਾ ਸ਼ਹਿਰ ਮਕਾਨ ਕੋਈ,
ਤੱਕ ਖ਼ਾਨਗਾਹਾਂ ਤੇ ਮੇਲੇ ਸੈ
ਰਣ ਖੇਡੇ ਸ਼ੌਕ ਨਾਦਾਨ ਮਿਰਾ—
ਸਜ ਚੜ੍ਹਣਾ ਅਜੇ ਈਮਾਨ ਮਿਰਾ।

ਕਿਸੇ ਤੰਦ ਬਾਰੀਕ ਦਾ ਝਉਲਾ ਹੈ
ਕੁਝ ਹੈ ਜਾਂ ਨਹੀਂ ਦਾ ਰੌਲਾ ਹੈ
ਇਹ ਰਾਹ ਦੁਸ਼ਵਾਰ ਜਾਂ ਹੌਲਾ ਹੈ,
ਜਾਂ ਹੁਕਮ ਮਿਰੇ ਦਾ ਪਹਿਰ ਅਜੇ
ਜਾਂ ਹੋਇਆ ਸ਼ਹਿਰ ਵੀਰਾਨ ਮਿਰਾ,
ਸਜ ਚੜ੍ਹਣਾ ਅਜੇ ਈਮਾਨ ਮਿਰਾ।

ਵਿਕਰਾਲ ਸਭਾ ਦੇ ਦਰ ਕੁੱਤਾ
ਬੇ-ਮੁੱਖ, ਬੇ-ਦੀਨ ਜਾਂ ਬੇ-ਰੁੱਤਾ,
ਜਾਂ ਤੇਗ ਦੀ ਧਾਰ 'ਚ ਮੈਂ ਸੁੱਤਾ,
ਹੈ ਸ਼ਕਲ ਪਾਸ਼ਵੀ ਨੂਰੀ ਜਾਂ
ਤਨ ਸਾਬਤ ਸੂਰ ਸਮਾਨ ਮਿਰਾ—
ਸਜ ਚੜ੍ਹਣਾ ਅਜੇ ਈਮਾਨ ਮਿਰਾ।

ਜਾਂ ਆਇਆ ਸਿਖਰ ਫ਼ਕੀਰੀ ਹੈ...
ਜਾਂ ਕੁਝ ਨਹੀਂ ਵਿਚ ਅਮੀਰੀ ਹੈ...
ਜਾਂ ਇਹ ਕਲਬੂਤ ਅਖ਼ੀਰੀ ਹੈ...
ਮੈਨੂੰ ਰਾਹ ਅਵੱਲਿਉਂ ਮੋੜਨ ਲਈ

ਧਾਹ ਚੜ੍ਹਿਆ ਲਸ਼ਕਰ ਜਾਣ ਮਿਰਾ—
ਸਜ ਚੜ੍ਹਨਾ ਅਜੇ ਈਮਾਨ ਮਿਰਾ।

ਦੱਸ, ਰੁਤਬਾ ਰੂਹ ਦਾ ਨੂਰ ਹਈ?
ਦੱਸ, ਬੁੱਤ ਮੈਂਡਾ ਮਨਜ਼ੂਰ ਹਈ?
ਜਾਂ ਬਾਕੀ ਅਜੇ ਕਸੂਰ ਹਈ?
ਜਾਂ ਰਾਸ ਫ਼ਕੀਰੀ ਨਹੀਂ ਆਈ
ਇਸ ਪਰਦੇ ਬਾਹਰ ਨ ਹਾਣ ਮਿਰਾ?
ਸਜ ਚੜ੍ਹਨਾ ਅਜੇ ਈਮਾਨ ਮਿਰਾ।

ਬੇਕਿਰਕ ਕੌਲ ਵਿਚ ਜਾਨ ਫਿਰੇ
'ਕੁਝ ਨਹੀਂ' ਵਿਚ ਸੁੱਕ ਜ਼ਬਾਨ ਫਿਰੇ
'ਕੁਝ ਹੈ' ਵਿਚ ਥੱਕ ਈਮਾਨ ਫਿਰੇ
ਜਾਂ ਮਿਹਰ ਗੁਰਾਂ ਦੀ ਸਾਡੇ 'ਤੇ
ਜਾਂ ਹੋਣਾ ਅਜੇ ਬਿਆਨ ਮਿਰਾ—
ਸਜ ਚੜ੍ਹਨਾ ਅਜੇ ਈਮਾਨ ਮਿਰਾ।

ਮੈਂ ਕਿਰਤ ਕਰਾਂ ਜਾਂ ਸਿਹਰ ਕਰਾਂ
ਜਾਂ ਤਕੀਏ ਬੈਠਾ ਮਿਹਰ ਕਰਾਂ
ਜਾਂ ਭੈਅ ਵਿਚ ਉੱਚੀ ਭਿਹਰ ਕਰਾਂ,
ਕੋਈ ਲਾ-ਮਕਾਨੀ ਬਾਕੀ ਹੈ
ਜੋ ਚੁੱਕਦਾਂ ਕਦਮ ਭਿਆਨ ਮਿਰਾ—
ਸਜ ਚੜ੍ਹਨਾ ਅਜੇ ਈਮਾਨ ਮਿਰਾ।

ਧਰ-ਨਾਭ ਦੀ ਖ਼ਾਕ, ਮਨੂਰ ਵੀ ਹੈ।
ਕੋਈ ਬਾਂਝ ਇਕੱਲ, ਫਤੂਰ ਵੀ ਹੈ।
ਬੇ-ਨੇਮ ਤੇਗ, ਦਸਤੂਰ ਵੀ ਹੈ।
ਇਹ ਇਕ ਵਜਦ ਦੀ ਕੈਦ ਨਹੀਂ
ਰਾਹ ਤੋੜ ਅਸੰਖਾਂ ਜਾਣ ਮਿਰਾ—
ਸਜ ਚੜ੍ਹਨਾ ਅਜੇ ਈਮਾਨ ਮਿਰਾ।

ਕਿਤੇ ਡਿੱਗੇ ਖੰਭ, ਤੇ ਵਾਗ ਕਿਤੇ
ਸੌਂ ਗਏ ਮੁਸਾਫ਼ਰ, ਜਾਗ ਕਿਤੇ
ਬੇ-ਅੰਤ ਚਿਰਾਂ ਦੀ ਨਾਭ ਕਿਤੇ,
ਮੈਂ ਮਸਤਕ ਹੁਕਮ-ਅਦੂਲੀ ਹੈ
ਜਾਂ ਅਦਲੋਂ ਪਰੇ ਜਹਾਨ ਮਿਰਾ—
ਸਜ ਚੜ੍ਹਨਾ ਅਜੇ ਈਮਾਨ ਮਿਰਾ।

WWW.SIKHBOOKCLUB.COM

'ਕੁਝ ਨਹੀਂ' ਹੀ ਅੱਜ ਨਿਗਾਹ ਹੋਇਆ,
ਵਿਚ ਵਾਲ ਕੱਠਾ ਦਰਿਆ ਹੋਇਆ,
ਲੱਖ ਪੁਰੀਆਂ ਟੁੱਟ ਇਕ ਸਾਹ ਹੋਇਆ,
ਕਿਤੇ ਗੁੰਮ-ਹਨ੍ਹੇਰ 'ਚ ਖੰਭ ਕਿਰੇ
ਕੋਈ ਹੁਣ ਵੀ ਕਰੇ ਗੁਮਾਨ ਮਿਰਾ—
ਸਜ ਚੜ੍ਹਣਾ ਅਜੇ ਈਮਾਨ ਮਿਰਾ।

ਵਿਚ ਅੱਖਰਾਂ 'ਵਾਜ ਸਮੁੰਦ ਹੋਈ
ਚੜ੍ਹ ਅਨਲਹੱਕ 'ਤੇ ਤੁੰਦ ਹੋਈ
ਕਦੇ ਜਾ ਮਨਸੂਰ ਦਾ ਘੁੰਡ ਹੋਈ,
ਹੋ ਜ਼ਾਮਨ ਮਿਰੇ ਜੱਲਾਦ ਖੜੇ
ਜਦ ਤੇਗ ਖੜੀ ਫ਼ੁਰਮਾਨ ਮਿਰਾ—
ਸਜ ਚੜ੍ਹਣਾ ਅਜੇ ਈਮਾਨ ਮਿਰਾ।

ਹਾਂ, ਵਾਲ ਉੱਤੇ ਮਨਸੂਰ ਖੜਾ,
ਕੋਈ ਪੁਰਸਲਾਤ 'ਤੇ ਪੂਰ ਖੜਾ
ਕਿਤੇ ਨਾਭ ਪਤਾਲ ਤੋਂ ਦੂਰ ਖੜਾ,
ਅੱਜ ਦੂਰ ਅਗੰਮ ਤੋਂ ਹੇਕ ਕੋਈ
ਪਈ ਰੁਮਕੇ, ਕੰਬਦਾ ਵਾਣ ਮਿਰਾ—
ਸਜ ਚੜ੍ਹਣਾ ਅਜੇ ਈਮਾਨ ਮਿਰਾ।

ਹਾਂ, ਬਾਤ ਲਿਖੀ ਇਕ ਮੇਟ ਲਈ,
ਸੱਜ ਚੜ੍ਹਿਆ ਲਸ਼ਕਰ, ਭੇਟ ਲਈ!
ਇਕ ਅੱਖਰ ਜਾਨ ਲਪੇਟ ਲਈ,
ਸੁਣ ਰੁੰਗ ਢੋਲ ਦੀ ਹੌਲ ਪਵੇ
ਕੰਨ ਕੀੜੀ ਧਮਕੇ ਤਾਣ ਮਿਰਾ—
ਸਜ ਚੜ੍ਹਣਾ ਅਜੇ ਈਮਾਨ ਮਿਰਾ।

ਨੈਂ ਵਾਂਗਰ ਦੂਰ ਘੰਗੋਰਾਂ ਨੇ
ਵਿਚ ਪੁਰਸਲਾਤ ਦੀਆਂ ਡੋਰਾਂ ਨੇ,
ਕਿਤੇ ਹੇਕ ਸੁਣੇ ਕਿਤੇ ਗੋਰਾਂ ਨੇ,
ਇਹ ਸ਼ਾਮ ਆਖ਼ਰੀ ਹੂੰਗਰ ਦੀ
ਤੱਕ ਜ਼ਖ਼ਮ ਮਿਰਾ, ਅਹਿਸਾਨ ਮਿਰਾ!
ਸਜ ਚੜ੍ਹਣਾ ਅਜੇ ਈਮਾਨ ਮਿਰਾ!

ਕਿਸ ਜ਼ਾਮਨ ਖੇਡ ਖਿਡਾਈ ਨੇ?
ਚੁੱਪ ਪੁਰਸਲਾਤ ਦੇ ਰਾਹੀ ਨੇ!

WWW.SIKHBOOKCLUB.COM

ਇਕ ਪੱਤ ਨੇ ਪਲਕ ਉਠਾਈ ਨੇ,
ਚੁੱਪ ਰਾਹ ਗੁਜਰਾਤ ਦੇ ਵੱਸਦੀ ਹੈ
ਪਿਆ ਰੋਂਦਾ, ਕੌਲ ਹੈਰਾਨ ਮਿਰਾ—
ਸਜ ਚੜ੍ਹਣਾ ਅਜੇ ਈਮਾਨ ਮਿਰਾ।

ਤੰਦ ਟੁੱਟੀ ਹੈ, ਕੁਰਲਾਟ ਅਜੇ!
ਗੱਲ ਮੁੱਕੀ, ਉਸ ਦੀ ਵਾਟ ਅਜੇ!
ਜੋ ਰਿਹਾ ਨਾਂਹ, ਉਸਦਾ ਘਾਟ ਅਜੇ।
ਜੋ ਬਾਜ਼ ਸਿਖਰ 'ਤੇ ਉਡਦਾ ਸੀ
ਉਸ ਸਿਖਰ 'ਤੇ ਅਜੇ ਨਿਸ਼ਾਨ ਮਿਰਾ—
ਸਜ ਚੜ੍ਹਣਾ ਅਜੇ ਈਮਾਨ ਮਿਰਾ।

ਵਿਚ ਗ੍ਰੰਥ-ਕਤੇਬਾਂ ਗ਼ੈਬ ਮਿਰੇ,
ਹਨ ਖੜੇ ਅਦਨ ਵਿਚ ਐਬ ਮਿਰੇ,
ਲੱਖ ਨਸ਼ੇ ਪਾਕ ਬੇ-ਐਬ ਮਿਰੇ,
ਚੜ੍ਹ ਅਟਕ ਰਹੇ, ਨ ਥੰਮ੍ਹ ਸੱਕੇ
ਉਸ ਵਾਂਗ ਵੱਸੇ ਅਰਮਾਨ ਮਿਰਾ—
ਸਜ ਚੜ੍ਹਣਾ ਅਜੇ ਈਮਾਨ ਮਿਰਾ।

ਸ਼ਾਹ ਰਗ ਫ਼ਰਿਆਦ ਦੀ ਮੁੜੇ ਨਹੀਂ,
ਖੰਭ ਰੱਤ ਜਿਉਂ ਟਪਕੇ, ਜੁੜੇ ਨਹੀਂ,
ਬੇ-ਤਾਬ ਸ਼ਗ਼ਾ ਅੱਜ ਮੁੜੇ ਨਹੀਂ,
ਥਲ ਵਾਗ ਫੜੇ ਪਰ ਉੜੇ ਨਹੀਂ,
ਲੋਹ-ਸਾਰ ਦੇ ਕੜੇ 'ਚ ਬੰਦ ਪਿਆ
ਬੇ-ਅਟਕ ਨੇ ਥੰਮ੍ਹਿਆ ਨਾਮ ਮਿਰਾ—
ਸਜ ਚੜ੍ਹਣਾ ਅਜੇ ਈਮਾਨ ਮਿਰਾ।

ਜਾ ਮੱਲਿਆ ਰੂਹ ਕਲਬੂਤ ਜਦੋਂ
ਇਕ ਨੁਕਤਾ ਹੋਇਆ ਸੂਤ ਜਦੋਂ
ਬਣ ਨਾਥ ਬਲੀ ਅਵਧੂਤ ਜਦੋਂ,
ਰੱਖ ਜ਼ਾਮਨ ਬਿਰਖ ਨੂੰ ਕੋਲ ਮਿਰੇ
ਆ ਚੜ੍ਹਿਆ ਸ਼ਾਹਦ ਕਮਾਨ ਮਿਰਾ—
ਸਜ ਚੜ੍ਹਣਾ ਅਜੇ ਈਮਾਨ ਮਿਰਾ।

ਸਜ ਚੜ੍ਹਣਾ ਅਜੇ ਈਮਾਨ ਮਿਰਾ...
ਇਹ ਰੋਹ ਤਾਂ ਅਜੇ ਮਿਆਨ ਮਿਰਾ...।

•

WWW.SIKHBOOKCLUB.COM

## 10

# ਚਾਵਾਂ ਦੀ ਰੁੱਤ

ਤੇਰੇ ਬਾਗ਼ 'ਚ ਨਾਲ ਸਹੇਲੀਆਂ, ਮੈਂ ਖੇਡਣ ਜਾਵਾਂ,
ਮੇਰੀ ਕਮਲੀ ਜਿੰਦ ਰਕਾਨ ਵੇ, ਪਈ ਲੱਭਦੀ ਛਾਵਾਂ।

ਮੈਨੂੰ ਹਰੇ-ਕਚੂਰ ਹੋ ਵੇਖਿਆ
ਮੇਰੀ ਉਮਰ ਦੇ ਰੁੱਖਾਂ,
ਮੇਰੇ ਲੰਮੇ ਕੇਸ ਸੁਹਾਣ ਵੇ
ਵਿਚ ਖੁੱਲ੍ਹੀਆਂ ਧੁੱਪਾਂ,
ਮੈਨੂੰ ਲੰਮੀਆਂ 'ਵਾਜਾਂ ਮਾਰੀਆਂ, ਚੜ੍ਹ ਸ਼ਹੁ ਦਰਿਆਵਾਂ,
ਤੇਰੇ ਬਾਗ਼ 'ਚ ਨਾਲ ਸਹੇਲੀਆਂ, ਮੈਂ ਖੇਡਣ ਜਾਵਾਂ।

ਮੇਰੇ ਬਾਂਕੇ ਨੈਣ ਸੰਵਾਣ ਲਏ
ਇਹਨਾਂ ਸੁੰਨੀਆਂ ਰੋਹੀਆਂ,
ਮੇਰੇ ਨਾਲ ਉਡਣ ਲਈ ਦੂਰ ਤੋਂ
ਦੋ ਕੂੰਜਾਂ ਹੋਈਆਂ,
ਮੈਨੂੰ ਮੁੜ ਮੁੜ ਖੇਡ ਖਿਡਾਣ ਵੇ, ਉੱਠ ਸੁੱਤੀਆਂ ਰਾਹਵਾਂ,
ਤੇਰੇ ਬਾਗ 'ਚ ਨਾਲ ਸਹੇਲੀਆਂ, ਮੈਂ ਖੇਡਣ ਜਾਵਾਂ।

ਮੇਰੇ ਮੱਥੇ 'ਤੇ ਆ ਲੱਗੀਆਂ
ਕਿਤੋਂ ਠੰਡੀਆਂ ਬੂਰਾਂ,
ਮੇਰੇ ਸਭ ਰਾਹਾਂ ਨੂੰ ਘੇਰਿਆ
ਰੁੱਖ ਹਰੇ ਕਚੂਰਾਂ,
ਮੈਨੂੰ ਮਿਲੀਆਂ ਆ ਕੇ ਦੂਰ ਤੋਂ, ਅੰਵਾਣ ਹਵਾਵਾਂ,
ਤੇਰੇ ਬਾਗ 'ਚ ਨਾਲ ਸਹੇਲੀਆਂ, ਮੈਂ ਖੇਡਣ ਜਾਵਾਂ।

ਮੈਂ 'ਕੱਲੀ ਜਿੰਦੜੀ ਸਮੇਂ ਤੋਂ
ਬਸ ਆਪ ਸੁਹਾਵਾਂ,
ਮੇਰਾ ਚੜ੍ਹਿਆ ਜੋਬਨ ਥੰਮ੍ਹਿਆ
ਹਿੱਕ ਡਾਹ ਦਰਿਆਵਾਂ,

WWW.SIKHBOOKCLUB.COM

ਮੈਂ ਟੁਕੜੇ ਹੋਏ ਚੰਨ ਦੀ, ਬਹਿ ਖ਼ੈਰ ਮਨਾਵਾਂ,
ਤੇਰੇ ਬਾਗ਼ 'ਚ ਨਾਲ ਸਹੇਲੀਆਂ, ਮੈਂ ਖੇਡਣ ਜਾਵਾਂ।

ਸ਼ਾਹ ਪਲਕਾਂ ਤੱਕ ਕੇ ਉਤਰੀਆਂ
ਮਨ ਭਰ ਭਰ ਕੂੰਜਾਂ,
ਉਹ ਦੂਰ-ਦੁਰਾਡੇ ਸਰਾਂ ਵਿਚ
ਕਿਤੋਂ ਡਿੱਗੀਆਂ ਬੂੰਦਾਂ,
ਮੈਨੂੰ ਵੇਖਣ ਪਏ ਫ਼ਕੀਰ ਵੇ, ਵਿਚ ਉਮਰ ਦੇ ਚਾਵਾਂ,
ਤੇਰੇ ਬਾਗ਼ 'ਚ ਨਾਲ ਸਹੇਲੀਆਂ, ਮੈਂ ਖੇਡਣ ਜਾਵਾਂ।

ਮੈਨੂੰ ਸੌਣ ਨ ਦਿੰਦੀਆਂ ਪੱਤਣਾਂ
ਦੀਆਂ ਹਰੀਆਂ ਬਾਹਵਾਂ,
ਮੈਂ ਸਾਵਨ ਵਾਂਗੂੰ ਹੁੱਲ ਕੇ
ਪਈ ਆਪ ਜਗਾਵਾਂ,
ਮਨ ਰੁੱਸਿਆ ਦੀਵੇ ਬਾਲ ਕੇ, ਮੈਂ ਖੜੀ ਮਨਾਵਾਂ,
ਤੇਰੇ ਬਾਗ਼ 'ਚ ਨਾਲ ਸਹੇਲੀਆਂ, ਮੈਂ ਖੇਡਣ ਜਾਵਾਂ।

ਮੇਰੇ ਪੈਰਾਂ ਦੇ ਵਿਚ ਵੱਗਦੇ
ਕਿਸੇ ਹਸ਼ਰ ਦੇ ਪਾਣੀ,
ਮੇਰਾ ਦਾਮਨ ਛੂਹ ਕੇ ਉੱਡਦੀ
ਕੋਈ ਸੰਞ ਸੁਹਾਣੀ,
ਮੇਰੇ ਹੱਥੀਂ ਬਹਿ ਕੇ ਕੀਤੀਆਂ, ਕਿਸੇ ਈਦ ਦੁਆਵਾਂ,
ਤੇਰੇ ਬਾਗ਼ 'ਚ ਨਾਲ ਸਹੇਲੀਆਂ, ਮੈਂ ਖੇਡਣ ਜਾਵਾਂ।
ਮੇਰੀ ਕਮਲੀ ਜਿੰਦ ਰਕਾਨ ਵੇ, ਪਈ ਲੱਭਦੀ ਛਾਵਾਂ,
ਤੇਰੇ ਬਾਗ਼ 'ਚ ਨਾਲ ਸਹੇਲੀਆਂ... ... ...।

•


WWW.SIKHBOOKCLUB.COM

# 11

# ਰਾਹ ਜਾਂਦੇ ਫ਼ਕੀਰ ਨੂੰ ਇਕ ਮਸਤ ਪੰਜਾਬਣ ਦੇ ਵਲਵਲੇ

[ਕਾਫ਼ੀਆਂ ਦਾ ਰੰਗ]

## (1)

ਨਹਿਰਾਂ ਨਿੱਕੀਆਂ ਨੇ, ਲਗਦੀਆਂ ਲੰਮੀਆਂ ਵੋ।
ਮੈਂਡੇ ਆਂਗਣ 'ਚ ਝੁੰਮਰ ਤੇ ਸੰਮੀਆਂ ਵੋ।

ਇਸ ਸ਼ਹੁ ਦਾ ਭੇਦ ਬੇਗਾਨਾ ਨਹੀਂ,
ਗੱਲ ਕੀਤੀ ਝੱਖੜੀਂ ਕੰਮੀਆਂ ਵੋ।

ਤੇਰੇ ਬਾਗ਼ੀਂ ਰਸਣ ਮੁਸੰਮੀਆਂ ਵੋ।
ਚੁੱਕੀਂ ਪਲਕਾਂ ਮਧੁਰ ਸੁਵੰਨੀਆਂ ਵੋ।

ਓਵੇਂ ਸ਼ੁਤਰ ਤੇਰੇ ਦਰਵੇਸ਼ ਹੋਏ,
ਓਵੇਂ ਵਾਟਾਂ ਤਿੱਖੀਆਂ ਖੰਨੀਆਂ ਵੋ।

ਤੂੰ ਵਾਟ ਮੈਂਡੀ ਦਾ ਜ਼ਾਮਨ ਹੈਂ,
ਹੱਭੋ ਗੱਲੀਂ ਮੈਂ ਤੈਂਡੀਆਂ ਮੰਨੀਆਂ ਵੋ।

ਉਸ ਰਣ ਵਿਚ ਮੇਰੀ 'ਵਾਜ ਹਈ,
ਉਸ ਧੂੜ 'ਤੇ ਅੱਖੀਆਂ ਜੰਮੀਆਂ ਵੋ।

ਮੈਂਡੇ ਆਂਗਣ ਫ਼ਕੀਰਾਂ ਦਾ ਯੁਮਨ ਓਈ,
ਆ ਝੱਖੜਾਂ ਬਾਹੀਂ ਭੰਨੀਆਂ ਵੋ।

ਸ਼ਹੁ ਭਰਿਆ, ਕੁਸੰਭੜਾ ਸਿਖਰ ਭਖੇ,
ਪੈਰੀਂ ਬੈਠ ਧਮਾਲਾਂ ਨੇ ਬੰਨ੍ਹੀਆਂ ਵੋ।

ਪਈ ਪਲਕ ਥਲਾਂ ਦੀ ਅੱਗ ਸੁੱਟੇ,
ਛਾਵਾਂ ਘਣੀਆਂ ਦੇ ਹੇਠਾਂ ਨੇ ਚੰਨੀਆਂ ਵੋ।


WWW.SIKHBOOKCLUB.COM

ਸਿਰ ਗੁੰਬਦ ਬਿਨ ਪਰਛਾਵੇਂ ਦੇ,
ਉੱਤੇ ਕਾਲ ਦੀ ਖੋਪਰੀ ਥੰਮ੍ਹੀਆਂ ਵੇ।

ਉੱਠੀ ਹੇਕ ਕੁਹਾਰਾਂ ਦੀ ਡੁੱਬ ਮੋਈ,
ਕੁੜੇ ਸਾਂਭ ਥਲਾਂ ਦੀਆਂ ਕੰਨੀਆਂ ਵੇ।

ਓਵੇਂ ਉਡਦਾ ਤੇਰਾ ਬਾਜ਼ ਪਿਆ,
ਓਵੇਂ ਯਾਦ ਕਰੇਂਦੀਆਂ ਧੰਮੀਆਂ ਵੇ।

ਬੇਸ਼ਕ ਨੇ ਪੱਤਣੀਂ ਸ਼ੀਂਹ ਸੁੱਤੇ,
ਓਵੇਂ ਦੀਵੇ ਜਗਦੇ ਬੰਨੀਆਂ ਵੇ।

(2)

ਇੱਕੋ ਰਮਜ਼, ਤੇ ਗੱਲਾਂ ਕਿੰਨੀਆਂ ਵੇ।
ਦਰ ਉਹੀਓ ਜਦੋਂ ਦੀ ਵਿੰਨ੍ਹੀਆਂ ਵੇ।

ਓਨੀ ਮਲਕ[1] ਦੇ ਤਖ਼ਤਾਂ 'ਤੇ ਰਾਖ ਪਈ,
ਤੇਗਾਂ ਚੁੰਮ੍ਹੀਆਂ ਫ਼ਕੀਰਾਂ ਨੇ ਜਿੰਨੀਆਂ ਵੇ।

ਧੂਹ ਲਰਜ਼ੇ ਦੇ ਵਿਹੜੇ 'ਚੋਂ ਅਣੀਆਂ ਦੋ
ਕਿਸੇ ਜਿਗਰ ਮੇਰੇ ਵਲ ਸਿੰਨ੍ਹੀਆਂ ਵੇ।

ਕੋਈ ਕੱਪਰ ਲਹੂ ਭਿਆਨ ਦਿਸੇ,
ਸਾਨੂੰ ਪੈੜਾਂ ਦਿਸਣ ਦੋ ਭਿੰਨੀਆਂ ਵੇ।

ਚੁੱਪ ਰਹਿ ਤੂੰ ਬੋਲ ਨ ਬਿਰਖਾਂ ਨੂੰ,
ਬਸ ਗੱਲਾਂ ਨੇ ਓਨੀਆਂ ਜਿੰਨੀਆਂ ਵੇ।

ਐਵੇਂ ਮਾਰ ਨ 'ਵਾਜ ਫ਼ਕੀਰਾਂ ਨੂੰ,
ਛਾਵਾਂ ਲੰਮੀਆਂ ਅਸਾਂ ਨੇ ਘਿੰਨੀਆਂ ਵੇ।

ਇਹ ਘੁੰਮਨਘੇਰ ਹਸ਼ਰ ਦੀ ਹੈ,
ਮੈਂ ਨਾਲ ਪਲਕ ਦੇ ਵਿੰਨ੍ਹੀਆਂ ਵੇ।

---

1. ਮਲਕ = ਮਲਕੁਲ ਮੌਤ।


WWW.SIKHBOOKCLUB.COM

ਨਾਲੇ ਰਾਹ ਅਸਰਾਰਾਂ ਦੇ ਦਸਦੇ ਰਹੇ,
ਨਾਲੇ ਬਹਿ ਮੁਰਗਾਬੀਆਂ ਰਿੰਨ੍ਹੀਆਂ ਵੋ।

(3)

ਗੱਲਾਂ ਦਰਦ ਦੀਆਂ ਅੱਜ ਗਿਣੀਆਂ ਵੋ,
ਡੂੰਘਾਂ ਸ਼ਹੁ ਦਰਿਆਵਾਂ ਨੇ ਮਿਣੀਆਂ ਵੋ।

ਕਿਉਂ ਨੀਂਦ 'ਚ ਫ਼ਜਰ ਮੁਰੀਦਾਂ ਦੀ,
ਕਿਉਂ ਤੀਰ ਦਗੇ ਹੱਥ ਕਿਣੀਆਂ ਵੋ ?

"ਕਿਉਂ ਜ਼ਾਤ ਅੱਲਾ ਦੀ ਆਖ਼ਿਰ 'ਤੇ ?"
ਗੱਲ ਸੁਣੀਂ ਸ਼ਰਾ ਦੇ ਰਿਣੀਆਂ ਵੋ।

ਝੁੰਡ ਬਿਰਖੀਂ 'ਵਾਜ ਮੁਹੱਬਤਾਂ ਦੀ,
ਥੰਮ੍ਹ ਭਖਦੇ, ਨੀਹਾਂ ਚਿਣੀਆਂ ਵੋ।

ਉਹ ਰਾਤ ਕਹਿਰ ਦੀ ਸਰਸਾ 'ਤੇ,
ਕੋਈ ਬਾਜ਼ ਉੱਡੇ ਵਿਚ ਕਿਣੀਆਂ ਵੋ।

(4)

ਮੈਂ ਡਾਢੀਆਂ ਬਾਹੀਂ ਘੁੱਟੀਆਂ ਵੋ,
ਸੁੱਤੀ ਸਿਖਰ ਦੁਪਹਿਰਾਂ ਨੂੰ ਉੱਠੀਆਂ ਵੋ।

ਹਾਂ, ਬਾਕੀ ਅਜੇ ਜਨੂੰਨ ਕਿਤੇ,
ਜਿੰਦ ਜਾਨ ਸਾਰੀ ਹੀ ਲੁੱਟੀਆਂ ਵੋ।

ਉਹ ਤਕਦਾ ਪਿਆ ਧਮਾਲ ਮਿਰੀ,
ਘੁੰਡ ਕੱਢ ਮਾਹੀ ਨਾਲ ਰੁੱਠੀਆਂ ਵੋ।

ਪਿਆ ਸਿਖਰ ਮਲਕ ਦਾ ਢੋਲ ਸੁਣੇ,
ਫੁੱਲ ਚੁੱਕ ਮਾਹੀ ਦਾ ਸੁੱਤੀਆਂ ਵੋ।

ਵਿਚ ਚਾਰ ਜੁਗਾਂ ਦੇ ਹੌਲ ਘਿਰੀ,
ਅੱਜ ਲਸ਼ਕਰ ਵਸਲ ਦੇ ਕੁੱਠੀਆਂ ਵੋ।

ਕੋਈ ਨਾਦ ਭਿਆਨ ਵਰੋਲਾ ਹੈ,
ਚੱਕ ਧਰ 'ਤੇ ਧੂੜਾਂ ਪੁਠੀਆਂ ਵੋ।


WWW.SIKHBOOKCLUB.COM 

ਹਨ ਸੁਖਨ ਅੱਲਾ ਦੇ ਨਾਲ ਮੇਰੇ,
ਤੇਰੇ ਰਾਹ ਦੁਸ਼ਵਾਰ ਨ ਹੁੱਟੀਆਂ ਵੋ।

ਪਏ ਵਰਜੋ, ਮੁੜਾਂ ਨ ਪੁੱਠੀਆਂ ਵੋ।
ਗੱਲਾਂ ਜਾਨ ਮੇਰੀ 'ਤੇ ਟੁੱਟੀਆਂ ਵੋ।

ਇਹ ਹਿਜਰ ਤੇਰਾ ਤੇ ਬੋਲ ਮੇਰਾ,
ਸਾਂਝਾਂ ਹੁੱਲ ਪੱਤਿਆਂ ਜਿਉਂ ਉੱਠੀਆਂ ਵੋ।

ਇਹ ਕੌਲ ਮੇਰੇ ਦਰਿਆਵਾਂ ਦੇ,
ਘੁੱਟ ਜਲ ਬਲ ਸਾਂਭੇ ਮੁੱਠੀਆਂ ਵੋ।

ਹਿੱਕੋ ਬੋਲ ਤੁਹਾਡਾ ਜ਼ਾਮਨ ਹਈ,
ਭਾਵੇਂ ਜੁਗ ਜੁਗ ਪੈਣ ਤਰੁੱਟੀਆਂ ਵੋ।

(5)

ਫੁੱਲ ਤੋੜ ਸ਼ਰਾ 'ਤੇ ਹੱਸੀਆਂ ਵੋ,
ਗੱਲਾਂ ਕੰਨ ਵਿਚ ਨਬੀ ਨੂੰ ਦੱਸੀਆਂ ਵੋ।

ਇਹ ਉਮਰ ਕਸੁੰਭੇ ਦਾ ਫੁੱਲ ਦਸਦੇ,
ਤਾੜੀ ਮਾਰ ਨਬੀ 'ਤੇ ਹੱਸੀਆਂ ਵੋ।

ਬੂਹਾ ਛੋਡ ਅੱਲਾ ਦਾ ਨੱਸੀਆਂ ਵੋ!
ਗੱਲਾਂ ਮੁੜ ਵਤਨਾਂ ਦੀਆਂ ਰੱਸੀਆਂ ਵੋ!

ਇਕ ਕੋਲ ਜਨੂੰਨ ਥਲਾਂ ਦਾ ਹੈ,
ਇਕ ਰੰਗ ਕਸੁੰਭੇ ਦੇ ਡੱਸੀਆਂ ਵੋ।

ਹਾਂ! ਤੁਸੀਂ ਫ਼ਕੀਰ ਦੁਨੀ ਦੇ ਹੋ,
ਮੈਂ ਬਾਂਹ ਡਾਢੀ ਨੇ ਕੱਸੀਆਂ ਵੋ।

ਮੈਨੂੰ ਵਰਜਨ ਵਾਲੇ ਵਰਜ ਰਹੇ,
ਤੇਰੇ ਬਾਗ਼ ਸੁਹਾਣੇ 'ਚ ਫੱਸੀਆਂ ਵੋ।

•

WWW.SIKHBOOKCLUB.COM

# 12

# ਇਕਰਾਰ

ਮਿਰਾ ਨਾਲ ਜ਼ਿਮੀਂ ਦੇ ਕੌਲ ਕੋਈ!
ਗੱਲ ਦੱਸਨਾ, ਪੈਂਦਾ ਹੌਲ ਕੋਈ!

ਇਸ ਰੁੱਖ ਨਾਲ ਮਲਕ ਜਨਾਬ ਮਿਰਾ,
ਇਸ ਪੱਤ ਨਾਲ ਕੋਈ ਹਿਸਾਬ ਮਿਰਾ,
ਹੈ ਬਾਕੀ ਅਜੇ ਜੁਆਬ ਮਿਰਾ!
ਪਿਆ ਅੰਤ-ਕਿਨਾਰੇ ਮਉਲ ਕੋਈ,
ਮਿਰਾ ਨਾਲ ਜ਼ਿਮੀਂ ਦੇ ਕੌਲ ਕੋਈ।

ਬੇਅੰਤ ਆਕਰਖ ਭਿਆਨ ਹਈ
ਲੈ ਚੱਲਿਆ, ਨਿਕਲੀ ਜਾਨ ਹਈ—
ਇਸ ਤਿੜ ਨੂੰ ਮਿਰੀ ਸੰਵਾਣ ਹਈ।
ਮਿਰਾ ਰੱਬ ਬਣਾਉਂਦਾ ਡੌਲ ਕੋਈ—
ਮਿਰਾ ਨਾਲ ਜ਼ਿਮੀਂ ਦੇ ਕੌਲ ਕੋਈ।

ਹੈ ਭੈਅ ਵਿਚ ਮਿਰੀ ਪਛਾਣ ਕੋਈ
ਮੈਂ ਰੱਖਿਆ ਕੌਲ ਮਿਆਨ ਕੋਈ
ਫੜ ਡੱਕਿਆ ਦਰਦ ਅਜ਼ਾਨ ਕੋਈ,
ਭੈਅ-ਭੀਤ ਜਾਨ ਤੇ ਧੌਲ ਕੋਈ!
ਮਿਰਾ ਨਾਲ ਜ਼ਿਮੀਂ ਦੇ ਕੌਲ ਕੋਈ।

ਸੁਣ ਯਾਰ! ਸੁਜਾਨ ਹੈ ਮੰਤ ਤਿਰੀ
ਅਸੀਂ ਤੁਰ ਗਏ, ਖੇਡ ਬੇਅੰਤ ਤਿਰੀ,
ਭੁੱਲ ਗਿਉਂ ਨੁਹਾਰ ਤੁਰੰਤ ਮਿਰੀ?
ਮਿਰੇ ਰਿਜ਼ਕ ਦਾ ਧਰੁ ਤੇ ਚੌਲ ਕੋਈ—
ਮਿਰਾ ਨਾਲ ਜ਼ਿਮੀਂ ਦੇ ਕੌਲ ਕੋਈ।

WWW.SIKHBOOKCLUB.COM

ਚਹੁੰ ਕੁੰਟ ਅੰਧ ਸ਼ਮਸ਼ਾਨ ਰਿਹਾ
ਕਿਤੇ ਹੋ ਪਰਚੰਡ ਗਿਆਨ ਰਿਹਾ
ਮੇਰਾ ਖੰਡ-ਮੰਡਲ ਭਖ ਮਿਆਨ ਰਿਹਾ
ਵਿਚ ਸਤਿਗੁਰ ਦਾ ਫ਼ਰਮਾਨ ਰਿਹਾ,
ਹੱਸ ਤੁਰਿਆ ਲੈ ਕਚਕੌਲ ਕੋਈ
ਮਿਰਾ ਨਾਲ ਜਿਮੀਂ ਦੇ ਕੌਲ ਕੋਈ।

ਮਿਰਾ ਨਾਲ ਜ਼ਿਮੀਂ ਦੇ ਕੌਲ ਕੋਈ।
ਗੱਲ ਦਸਨਾ, ਪੈਂਦਾ ਹੌਲ ਕੋਈ।

•

WWW.SIKHBOOKCLUB.COM

## 13
# ਝਨਾਂ ਦੇ ਵਿਛੜੇ ਮੇਲਿਆਂ ਵਿਚ

ਆਣ ਧਰੇਕਾਂ ਹੁੱਲੀਆਂ
ਚੰਨ ਤੱਕਣ ਸਈਆਂ,
ਵਗਦੇ ਹੋਏ ਚਨਾਬ ਨੂੰ
ਕੁਝ ਆਖਣ ਪਈਆਂ।

ਪੈਂਦੀ ਪਈ ਧਮਾਲ ਹੈ
ਅੱਜ ਆਂਗਣ ਮੇਰੇ,
ਖ਼ਾਨਗਾਹਾਂ ਵੱਲ ਸੋਹਣੀਆਂ
ਕੁਝ ਵੇਖਣ ਗਈਆਂ।

ਸ਼ੁਤਰਾਂ ਉੱਤੇ ਲੱਦ ਗਈ
ਉਹ ਮਜਲਿਸ ਮੇਰੀ,
ਪੰਛੀ ਉੱਡਦਾ ਖੰਡਰਾਂ
'ਤੇ ਵੇਖਦੀ ਪਈਆਂ।

ਵੇਦ ਕੁਰਾਨ ਗ੍ਰੰਥ ਤੇ
ਦਰਵੇਸ਼ ਨੂੰ ਸ਼ਿਕਵਾ,
ਬੁੱਝਦਾ ਦੀਵਾ ਜਦੋਂ ਵੀ
ਮੈਂ ਰੋਂਵਦੀ ਰਹੀਆਂ।

ਬੂਰ ਅੰਬਾਂ ਦਾ ਕੂਕਿਆ
ਨ ਛੋਡ ਕੇ ਜਾਵੋ,
ਪੁਰਸਲਾਤ ਵੱਲ ਸੋਹਣੀਆਂ
ਬੰਨ੍ਹ ਢਾਣੀਆਂ ਗਈਆਂ।

ਕਿਸ ਦੇ ਨਾਲ ਮੈਂ ਖੇਡਣਾ
ਇਹ ਸਾਰ ਨ ਯਾਰਾ,
ਰੁਲੀਆਂ ਖ਼ਾਕ ਗ਼ਰੀਬ ਵਿਚ
ਚੁੱਕ ਗੀਟੀਆਂ ਲਈਆਂ।

ਰੰਗ ਮਜੀਠੀ ਦੂਰ ਹੈ!
ਤੇਰੇ ਸ਼ੁਤਰ ਨੂੰ ਹੋੜਣ,
ਰੰਗ ਕਸੁੰਭੇ ਵਾਲੜਾ
ਪਾ ਚੂੜਾ ਬਹੀਆਂ।

ਪੀਰ-ਪੈਗੰਬਰ ਚਲੇ ਗਏ
ਛੱਡ ਚਾਕ ਜਿਉਂ ਸਾਨੂੰ,
ਚਿੱਥ ਕੇ ਘਾਹ ਨੂੰ ਸੁਟਦੀਆਂ
ਛੱਡ ਬੇਲੇ ਮਹੀਆਂ।

•

WWW.SIKHBOOKCLUB.COM

# 14

# ਮਾਹੀ ਦੀਆਂ ਯਾਦਾਂ ਮਾਹੀ ਦੇ ਵਸਦੇ ਦੇਸ ਵਿਚ

ਝੰਗ ਦੇ ਬੇਲੇ ਸੋਹਣਿਆਂ, ਤੈਨੂੰ ਯਾਰ ਬਣਾਵਾਂ,
ਭਰੇ ਝਨਾਂ ਨੂੰ ਚੀਰ ਕੇ, ਤੇਰੀ ਖ਼ੈਰ ਮਨਾਵਾਂ।

ਝੰਗ ਦੇ ਵਿਛੜੇ ਮੇਲਿਆਂ
ਵਿਚ ਪੈੜ ਹੈ ਮੇਰੀ
ਦੂਰ ਦੁਰਾਡੇ ਲਸ਼ਕਰਾਂ
ਸਿਰਿ ਗਹਿਰ ਹੈ ਮੇਰੀ
ਇੱਕੋ ਇਕ ਮੁਕਾਮ ਤੋਂ
ਸੱਦ ਪੈਂਦੀ ਤੇਰੀ—
ਉੱਚੇ ਚੜ੍ਹ ਕੇ ਵੇਖਿਆ, ਕਿਤੇ ਦਿਸਣ ਝਨਾਵਾਂ!
ਝੰਗ ਦੇ ਬੇਲੇ ਸੋਹਣਿਆਂ, ਤੈਨੂੰ ਯਾਰ ਬਣਾਵਾਂ।

ਨੌਬਤ ਵੱਜੀ ਜਦੋਂ ਤੋਂ
ਕੋਈ ਹਾਲ ਨ ਸਾਡਾ,
ਕਾਸਾ ਰੂਹ ਦਰਵੇਸ਼ ਦਾ
ਅਜੇ ਬਹੁਤ ਦੁਰਾਡਾ,
ਡੁੱਬਿਆ ਸੀਨੇ ਥਲਾਂ ਦੇ
ਲੋਹ-ਲਸ਼ਕਰ ਡਾਢਾ,
ਚੰਨ ਦਾ ਟੁਕੜਾ ਹਸ਼ਰ ਨੂੰ, ਵਿਚ ਤਾਜ ਸਜਾਵਾਂ—
ਝੰਗ ਦੇ ਬੇਲੇ ਸੋਹਣਿਆਂ, ਤੈਨੂੰ ਯਾਰ ਬਣਾਵਾਂ।

ਮੱਝੀਂ ਸੁੰਞੇ ਘਰਾਂ ਵਲ
ਬਿਨ ਚਾਕ ਦੇ ਗਈਆਂ,
ਆਈਆਂ ਫੇਰ ਨ ਪਰਤ ਕੇ
ਜੋ ਖੇਡਣ ਗਈਆਂ,

WWW.SIKHBOOKCLUB.COM

ਕੂੰਜਾਂ ਵਿੰਨ੍ਹੀਆਂ ਟਿੱਬਿਆਂ
'ਤੇ ਰੋਵਣ ਪਈਆਂ,
ਸਈਓ ਕੌਲ ਫ਼ਕੀਰ ਦਾ, ਕਿਤੇ ਵਿਸਰ ਨਾ ਜਾਵਾਂ!
ਝੰਗ ਦੇ ਬੇਲੇ ਸੋਹਣਿਆਂ, ਤੈਨੂੰ ਯਾਰ ਬਣਾਵਾਂ।

ਹੱਜ ਦੇ ਬੂਹੇ ਕੂਕਿਆ
ਬੇਦੋਸ਼ ਨਿਹੱਥਾ,
ਰੁਲਿਆ ਥਲਾਂ 'ਚ ਨਬੀ ਦਾ
ਬੇਨੂਰ ਹੋ ਮੱਥਾ,
ਲੰਮਾ ਦਰਦ ਫ਼ਕੀਰ ਦਾ
ਕਿਸ ਪਾਸੇ ਲੱਥਾ?
ਝੰਗ ਦੇ ਵਿਛੜੇ ਮੇਲਿਆਂ, ਦਾ ਤੋਸ਼ਾ ਚਾਵਾਂ—
ਝੰਗ ਦੇ ਬੇਲੇ ਸੋਹਣਿਆਂ, ਤੈਨੂੰ ਯਾਰ ਬਣਾਵਾਂ।

ਸੁੱਤਾ ਰੰਗ ਕਸੁੰਭ ਦਾ
ਮੇਰੇ ਚੂੜੇ ਸੂਹੇ,
ਯਾਰਾ ਬੋਲ ਕਬੋਲ਼ ਨਾ
ਮੇਰੇ ਝੰਗ ਦੀ ਜੂਹੇ,
ਧੰਮੀ ਵੇਲੇ ਝਨਾਂ ਦੀ
ਸੱਦ ਸੁਣਦੀ ਬੂਹੇ,
ਸਹਿਮੀ ਧੂੜ 'ਤੇ ਚਮਕਣਾ, ਚੰਨ ਈਦ ਦਾ ਸਾਵਾਂ—
ਝੰਗ ਦੇ ਬੇਲੇ ਸੋਹਣਿਆਂ, ਤੈਨੂੰ ਯਾਰ ਬਣਾਵਾਂ।

ਸਹਿਮੀ ਧੂੜ 'ਚੋਂ ਨਿਕਲਣਾ
ਮੇਰੇ ਬਾਜ਼ ਨੇ ਹਾਲੇ,
ਧੂੜਾਂ ਵਾਲੇ ਖੰਭ 'ਤੇ
ਮੇਰੇ ਗੁਰਾਂ ਦੇ ਛਾਲੇ,
ਸਈਓ ਅਸੀਂ ਵਿਗਾਸੀਆਂ
ਪਰ ਛੋਹ ਅਣਿਆਲੇ!
ਨੌਬਤ ਵੱਜਦੀ, ਬਾਗ਼ ਵਲ, ਮੈਂ ਖੇਡਣ ਜਾਵਾਂ—
ਝੰਗ ਦੇ ਬੇਲੇ ਸੋਹਣਿਆਂ, ਤੈਨੂੰ ਯਾਰ ਬਣਾਵਾਂ।

ਰੰਗ ਕਸੁੰਭਾ ਡਿੱਗਦਾ
ਮੇਰੇ ਬਾਗ਼ ਦੀ ਛਾਵੇਂ,
ਚਰਖ ਦੇ ਪੁਰਜ਼ੇ ਡਿੱਗਦੇ
ਮੇਰੀ ਨਜ਼ਰ ਦੇ ਸਾਹਵੇਂ,

WWW.SIKHBOOKCLUB.COM

ਉੱਠ ਗਏ ਮੇਰੇ ਗਵਾਹ ਨੇ
ਪਾ ਰਾਹ 'ਤੇ ਨਾਵੇਂ,
ਰੋ ਕੇ ਤੈਨੂੰ ਸੱਦਿਆ, ਮੇਰੇ ਸ਼ਹਿਰ ਗਿਰਾਵਾਂ—
ਝੰਗ ਦੇ ਬੇਲੇ ਸੋਹਣਿਆਂ, ਤੈਨੂੰ ਯਾਰ ਬਣਾਵਾਂ।

ਮੁੱਢ ਕਦੀਮ ਦੇ ਪੱਤਣੀਂ
ਬਹਿ ਮਾਵਾਂ ਰੋਈਆਂ,
ਮੱਖਣੀ ਪਾਲੇ ਪੁੱਤਰਾਂ
ਬਿਨ ਮੱਝੀਂ ਮੋਈਆਂ,
ਕੁਝ ਵੀ ਰਿਹਾ ਨ ਵਾਟ 'ਤੇ
ਨ ਸੁੰਨ ਨ ਰੋਹੀਆਂ!
ਰੋਂਦਾ ਮੁਲਖ ਪੰਜਾਬ ਦਾ, ਕਰ ਖੜੀਆਂ ਬਾਹਵਾਂ—
ਝੰਗ ਦੇ ਬੇਲੇ ਸੋਹਣਿਆਂ, ਤੈਨੂੰ ਯਾਰ ਬਣਾਵਾਂ।
ਭਰੇ ਝਨਾਂ ਨੂੰ ਚੀਰ ਕੇ, ਤੇਰੀ ਖ਼ੈਰ ਮਨਾਵਾਂ।

•

WWW.SIKHBOOKCLUB.COM

Page 375

# 15
# ਪੂਰਨ ਜੋਗੀ ਨੂੰ ਵੇਖ ਕੇ ਸੁੰਦਰਾਂ ਦੇ ਵਲਵਲੇ

ਅਲਖ ਜਗਾਂਦੇ ਜੋਗੀਆ, ਜਿੰਦ ਮੋੜ ਜਾ ਮੇਰੀ,
ਜੰਗਲ-ਬੇਲੇ ਭੌਂਦਿਆ, ਰੂਹ ਹੋੜ ਜਾ ਮੇਰੀ।

ਮਹਿਲਾਂ ਦੇ ਵਿਚ ਸੁੱਤਿਆਂ
ਅੰਗ ਧੁਖਦੇ ਮੇਰੇ,
ਰੁੱਖਾਂ ਦਾ ਤਨ ਸੂਤ ਕੇ
ਅੱਗ ਚੜ੍ਹੀ ਬਨੇਰੇ;
ਝੱਲ-ਵਲੱਲੀ ਟਿੱਬਿਆਂ, 'ਤੇ ਚੜ੍ਹੀ ਹਨ੍ਹੇਰੀ,
ਅਲਖ ਜਗਾਂਦੇ ਜੋਗੀਆ, ਜਿੰਦ ਮੋੜ ਜਾ ਮੇਰੀ।

ਰੰਗਲੀ ਸੇਜੇ ਸੁੱਤਿਆਂ
ਹੁੱਲ ਪੈਣ ਕਲਾਈਆਂ,
ਟਿੱਲਿਆਂ ਉੱਤੇ ਗੱਡੀਆਂ
ਤੇਰੇ ਨਾਥ ਨੇ ਫਾਹੀਆਂ,
ਮੋੜੇਂ, ਮੁੜੇ ਨ ਸੋਹਣਿਆਂ, ਮੇਰੀ 'ਵਾਜ ਲੰਮੇਰੀ,
ਅਲਖ ਜਗਾਂਦੇ ਜੋਗੀਆ, ਜਿੰਦ ਮੋੜ ਜਾ ਮੇਰੀ।

ਰੰਗਲੇ ਪਲੰਘ 'ਤੇ ਹੱਸਦਿਆਂ
ਮਨ ਸੰਸਾ ਕਰਿਆ,
ਕਮਲੀ ਘਟਾ ਫ਼ਕੀਰ ਦਾ
ਧਾਹ ਦਾਮਨ ਫੜਿਆ,
ਧੌਂਸ ਨ ਦੇ ਤੂੰ ਲਸ਼ਕਰਾਂ ਦੀ, ਮਿਲਖ ਹੈ ਤੇਰੀ,
ਅਲਖ ਜਗਾਂਦੇ ਜੋਗੀਆ, ਜਿੰਦ ਮੋੜ ਜਾ ਮੇਰੀ।

ਰਿੱਧੀਆਂ-ਸਿੱਧੀਆਂ ਡੱਕੀਆਂ
ਹੜ੍ਹ ਕੇਸ ਚੁਫੇਰੇ,
ਟਿੱਲੇ ਬੰਨ੍ਹ ਬਹਾਲ ਲਏ
ਸਾਹ ਅੱਥਰੇ ਮੇਰੇ,


WWW.SIKHBOOKCLUB.COM

ਜਾਣ ਨ ਦੇਂਦਾ ਅਸਾਂ ਨੂੰ, ਨ ਪਾਵੇ ਫੇਰੀ,
ਅਲਖ ਜਗਾਂਦੇ ਜੋਗੀਆ, ਜਿੰਦ ਮੋੜ ਜਾ ਮੇਰੀ।

ਤੱਕੀ ਕਿਸ ਦੀ ਪੈੜ ਮੈਂ
ਤੇ ਕਿਸ ਲਈ ਰੋਈ ?
ਮੇਰੇ ਬਿਨਾਂ ਵੀ ਸ਼ਹਿਰ ਵਿਚ
ਕੋਈ ਬਾਤ ਹੈ ਹੋਈ !
ਕੌਣ ਬਉਰਾਣਾ ਅਸਾਂ ਬਿਨ, ਹੈ ਕਿਸਦੀ ਦੇਰੀ—
ਅਲਖ ਜਗਾਂਦੇ ਜੋਗੀਆ, ਜਿੰਦ ਮੋੜ ਜਾ ਮੇਰੀ।

ਸੇਜ ਸਰ੍ਹਾਨੇ ਚਮਕ ਕੇ
ਮਾਹ ਸਾਵਨ ਹੁੱਲੇ,
ਮੋੜੇਂ, ਮੁੜਣ ਨ ਰਾਵਲਾ
ਮੇਰੀ ਨਜ਼ਰ ਦੇ ਬੁੱਲੇ,
ਕਾਲੇ ਖੂਹੀਂ ਫੁੱਟਦੀ, ਮੇਰੀ ਲਗਰ ਕਚੇਰੀ—
ਅਲਖ ਜਗਾਂਦੇ ਜੋਗੀਆ, ਜਿੰਦ ਮੋੜ ਜਾ ਮੇਰੀ।

ਅਸਾਂ ਰੰਗ ਕਸੁੰਭੇ ਰੰਗਿਆ
ਇਹ ਚੂੜਾ ਸੂਹਾ,
ਪੁਛ ਲੈ ਅੱਪਣੇ ਨਾਥ ਤੋਂ
ਮੇਰੇ ਜੋਗ ਦਾ ਬੂਹਾ,
ਕੋ ਰੰਗ ਮਜੀਠ ਵਿਹਾਜ ਕੇ, ਲੌ ਰਿਸ਼ਮ ਉਚੇਰੀ—
ਅਲਖ ਜਗਾਂਦੇ ਜੋਗੀਆ, ਜਿੰਦ ਮੋੜ ਜਾ ਮੇਰੀ।

ਸੂਹੇ ਚੂੜੇ 'ਚ ਬੰਨ੍ਹਿਆ
ਤਨ ਧੁਖਦਾ ਮੈਂਡਾ,
ਰੁਲਿਆ ਟੁੱਟੇ ਖੰਭ ਜਿਉਂ
ਪੁੰਨ-ਪਾਪ ਦਾ ਪੈਂਡਾ,
ਨਾਥ ਦੇ ਹੁਕਮ ਤੋਂ ਪਾਰ ਵੀ, ਇਕ ਖੇਡ ਹੈ ਤੇਰੀ—
ਅਲਖ ਜਗਾਂਦੇ ਜੋਗੀਆ, ਜਿੰਦ ਮੋੜ ਜਾ ਮੇਰੀ।

ਸੁੰਨ ਅਗੋਚਰ ਗਹਿਰ ਦੀ
ਪਈ ਜੋਗ ਦੀ ਬੂੰਦੇ,
ਮੇਰੇ ਨੈਣਾਂ ਦਾ ਹੜ੍ਹ ਰੋਕਦਾ
ਬਿੱਜ-ਲਸ਼ਕਰ ਕੂੰਦੇ,
ਦਰ ਸਰਵਾਹੀ ਸੁੰਨ ਦੀ, ਹਠ ਤੁੰਦ ਪਕੇਰੀ—
ਅਲਖ ਜਗਾਂਦੇ ਜੋਗੀਆ, ਜਿੰਦ ਮੋੜ ਜਾ ਮੇਰੀ।


WWW.SIKHBOOKCLUB.COM

ਸੂਰਤ ਖੁਭੀ ਫ਼ਕੀਰ ਦੀ
ਲੋਹ-ਜੋਗ ਉਦਾਸੀ,
ਬਾਜ਼ ਦੀ ਜੀਭ ਦਾ ਲਹੂ ਹੈ,
ਦੇਹ ਰੰਗ-ਹੁਲਾਸੀ!
ਜੋਗ ਅੰਧ ਬਿਕਰਾਲ ਵਿਚ, ਦੇਹ ਰੋੜ੍ਹ ਜਾ ਮੇਰੀ—
ਅਲਖ ਜਗਾਂਦੇ ਜੋਗੀਆ, ਜਿੰਦ ਮੋੜ ਜਾ ਮੇਰੀ।
ਜੰਗਲ-ਬੇਲੇ ਭੌਂਦਿਆ, ਰੂਹ ਹੋੜ ਜਾ ਮੇਰੀ।

•


WWW.SIKHBOOKCLUB.COM

# 16
# ਹਸ਼ਰ ਦਿਹਾੜੇ ਦੇ ਮੇਲੇ

ਕੋਈ ਜ਼ਾਮਨ ਬਣੋ ਫ਼ਕੀਰ ਦਾ, ਇਸ ਹਸ਼ਰ ਦੀ ਰੁੱਤੇ,
ਮੈਨੂੰ ਮਾਰੀ 'ਵਾਜ ਸਹੇਲੀਆਂ, ਹੱਸ ਪੱਤਣਾਂ ਉੱਤੇ।

ਡੂੰਘੀ ਨੀਂਦਰ ਬਿਰਖ 'ਤੇ
ਤੇਰੇ ਬਾਜ਼ ਨੇ ਸੁੱਤੇ,
ਤੱਕਿਆ ਵਗਦੇ ਸ਼ਹੁ ਨੂੰ
ਕਿਸੇ ਸੋਹਣੀ ਰੁੱਤੇ,
ਫ਼ਜਰਾਂ ਵਿਚ ਸਹੇਲੀਓ, ਸ਼ੀਂਹ ਖੇਡ ਕੇ ਸੁੱਤੇ,
ਕੋਈ ਜ਼ਾਮਨ ਬਣੋ ਫ਼ਕੀਰ ਦਾ, ਇਸ ਹਸ਼ਰ ਦੀ ਰੁੱਤੇ।

ਪੀਰ ਮਨਾਇਆ ਸੋਹਣੀਆਂ
ਬਹਿ ਹੇਠ ਫਲਾਹੀਆਂ,
ਭੰਨ ਕੇ ਤੇਗਾਂ ਸੁੱਟੀਆਂ
ਕਿਸੇ ਦੂਰ ਦੇ ਰਾਹੀਆਂ,
ਪੈਂਦੀ ਧਮਕ ਦੁਰੇਡਿਉਂ, ਮੇਰੀ ਪਲਕ ਦੀ ਗੁੱਠੇ,
ਕੋਈ ਜ਼ਾਮਨ ਬਣੋ ਫ਼ਕੀਰ ਦਾ, ਇਸ ਹਸ਼ਰ ਦੀ ਰੁੱਤੇ।

ਡੱਗਾ ਢੋਲ ਦਾ ਵੱਜਦਾ
ਵੱਡ ਪਰਬਤ ਮੱਥੇ,
ਰੱਥ ਦਾ ਪਹੀਆ ਹੋੜਦੇ
ਕਿਸੇ ਕਮਲ ਦੇ ਪੱਤੇ,
ਆਬ ਸੁਹਾਣੀ ਬਿਰਖ ਦੀ, ਘੱਟ ਵਾਂਗੂੰ ਉੱਠੇ,
ਕੋਈ ਜ਼ਾਮਨ ਬਣੋ ਫ਼ਕੀਰ ਦਾ, ਇਸ ਹਸ਼ਰ ਦੀ ਰੁੱਤੇ।

ਮੇਰੀ ਸ਼ਾਹ ਰਗ ਉੱਤੋਂ ਲੰਘਿਆ
ਕੋਈ ਲਸ਼ਕਰ ਬਾਗ਼ੀ,
ਉੱਠਿਆ ਝਾਂਜਾ ਪੂਰਬੋਂ
ਰੱਤ ਖੰਭੜੀ ਜਾਗੀ,


WWW.SIKHBOOKCLUB.COM 

'ਹੂਲ ਕਹਾਹਾ' ਮੱਚਿਆ, ਕਿਸੇ ਪੁਲ ਦੇ ਉੱਤੇ,
ਕੋਈ ਜ਼ਾਮਨ ਬਣੋ ਫ਼ਕੀਰ ਦਾ, ਇਸ ਹਸ਼ਰ ਦੀ ਰੁੱਤੇ।

ਬਿੱਜ ਵਾਂਗ ਕਲਾਈਆਂ ਕੰਬੀਆਂ
ਰੁੱਖ ਓਵੇਂ ਹਰਿਆ,
ਜ਼ੀਲ ਦੀ ਤਾਰ 'ਤੇ ਉਤਰਿਆ
ਸ਼ਹੁ ਮੂੰਹ ਮੂੰਹ ਭਰਿਆ,
ਮੇਰੇ ਝੱਲ ਦੇ ਬਿਨਾਂ ਵੀ, ਔਹ ਧੂੜ ਕੋਈ ਉੱਠੇ!
ਕੋਈ ਜ਼ਾਮਨ ਬਣੋ ਫ਼ਕੀਰ ਦਾ, ਇਸ ਹਸ਼ਰ ਦੀ ਰੁੱਤੇ।

ਪੁਰਸਲਾਤ ਵੱਲ ਚੱਲਿਆ
ਮਨ ਖੇਡਣ ਮੇਰਾ,
ਅਸਾਂ ਪਲ ਦੋ ਪਲ ਹੀ ਤੱਕਨਾ
ਦਿਹੁੰ ਸ਼ੌਕ ਦਾ ਤੇਰਾ,
ਕਿਹੜੀ ਫ਼ਜਰ ਨੂੰ ਵੇਖੀਏ, ਸੁੰਨ ਰੇਤ ਦੀ ਕੁੱਠੇ ?
ਕੋਈ ਜ਼ਾਮਨ ਬਣੋ ਫ਼ਕੀਰ ਦਾ, ਇਸ ਹਸ਼ਰ ਦੀ ਰੁੱਤੇ।

ਬਿੱਜਲੀ ਕੂੰਦੇ ਮੁੜੇ ਨ!.....
ਕੁੱਲ ਤਕਦਾ ਮੇਲਾ,
ਮੈਨੂੰ ਟੀਸੀ ਬਿਰਖ ਦੀ ਵੇਖਦਾ
ਕੋਈ ਲੰਘਿਆ ਬੇਲਾ!
ਚੜ੍ਹ ਸ਼ੀਂਹ ਸੁਹਾਣੇ ਬਾਗ਼ 'ਚੋਂ, ਆ ਤ੍ਰਿੰਜਣ ਟੁੱਟੇ,
ਕੋਈ ਜ਼ਾਮਨ ਬਣੋ ਫ਼ਕੀਰ ਦਾ, ਇਸ ਹਸ਼ਰ ਦੀ ਰੁੱਤੇ!
ਮੈਨੂੰ ਮਾਰੀ 'ਵਾਜ ਸਹੇਲੀਆਂ, ਹੱਸ ਪੱਤਣਾਂ ਉੱਤੇ।

•


WWW.SIKHBOOKCLUB.COM

# 17

## ਝੂੰਦਾਂ ਪਿੰਡ ਨੂੰ

ਤੇਰੀਆਂ ਰੋਹੀਆਂ ਵਿਚ ਨੇ
ਮੇਰੇ ਬੋਲ ਪਿਆਸੇ,
ਤੇਰੇ ਚੰਨ ਦੇ ਹੇਠ ਨੇ
ਮੇਰੇ ਕੌਲ ਉਦਾਸੇ।

ਕੂੰਜ ਦੇ ਪਰ 'ਚੋਂ ਡਿੱਗਦੀ
ਕੋਈ ਧੂੜ ਮੈਂ ਵੇਖੀ,
ਮੇਲਿਆਂ ਦੇ ਵਿਚ ਖੇਡਦੇ
ਅੰਞਾਣ ਜਿਹੇ ਹਾਸੇ।

ਤੇਰੀ ਰਾਹ ਵਿਚ ਰੁਲੀ ਸੀ
ਫ਼ਰਿਆਦ ਫ਼ਕੀਰੀ,
ਖ਼ਾਨਗਾਹਾਂ ਦੀ ਚੁੱਪ ਵਿਚ
ਮੇਰੇ ਧੁੱਖਦੇ ਪਾਸੇ।

ਤੇਰੇ ਖੰਡਰਾਂ ਨਾਲ ਮੈਂ
ਅਸਮਾਨ ਨੂੰ ਮੇਚਾਂ,
ਤੇਰੇ ਬ੍ਰਿਛਾਂ ਹੇਠ ਸੀ
ਕੁਝ ਮਿਲੇ ਦਿਲਾਸੇ।

ਪਾਕ ਮਸੀਤ 'ਚ ਕਰਾਂ ਮੈਂ
ਬਹਿ ਯਾਦ ਝਨਾਵਾਂ,
ਸਉਣ ਮਾਹ ਦੇ ਸਦਾ ਹੀ
ਮੈਨੂੰ ਰਹੇ ਧਰਵਾਸੇ।

ਤੇਰੀ ਸਿਖਰ ਦੁਪਹਿਰ ਵਿਚ
ਜਦ ਭਖਿਆ ਕੇਸੂ,
ਡਾਢਾ ਤੋੜਨ ਲੱਗਿਆ
ਮੇਰੀ ਜਾਨ ਦੇ ਕਾਸੇ।

WWW.SIKHBOOKCLUB.COM

ਹੋਏ ਸੱਦ ਪਰਦੇਸ ਜਿਉਂ
ਮੇਰੇ ਕੇਸ ਬਉਰਾਣੇ,
ਹੋਏ ਕਾਲੇ ਖੂਹ ਵਿਚ
ਮੇਰੇ ਕਦਮ ਬੇ-ਆਸੇ।

ਜਦੋਂ ਕਦੇ ਮੈਂ ਜੋਗ ਦੀ
ਸੀ ਵਾਟ ਪਛਾਣੀ,
ਬ੍ਰਿਛਾਂ ਦੇ ਸਿਰ ਪੂਰੇ ਦੇ
ਲੱਖ ਕਟਕ ਹੁਲਾਸੇ।

ਜਦੋਂ ਕਦੇ ਮੈਂ ਪੂਰੇ ਵਿਚ
ਸੰਗ ਯਾਰ ਦੇ ਤੁਰਿਆ,
ਰਾਹ ਰੋਹੀਆਂ ਦਾ ਦਸਦੇ
ਕੁਝ ਨਾਗ ਉਦਾਸੇ।

ਓਨੀਆਂ ਬੂੰਦਾਂ ਅਸਾਂ ਨੂੰ
ਸੁਣ ! ਮਿਲੀਆਂ ਜਾਨੀ,
ਜਿੰਨੇ ਤੇਰੀ ਵਾਟ ਦੇ
ਅਸਾਂ ਰੰਗ ਕਿਆਸੇ।

ਜੋ ਕੁਝ ਮੇਰਾ ਨਹੀਂ ਹੈ
ਲੈ ਬਾਗ਼ ਨੂੰ ਜਾਵਾਂ,
ਮੈਨੂੰ ਯਾਰ ਦੀ ਚੁੱਪ ਹੀ
ਫੜ ਰਹੀ ਚੌਪਾਸੇ।

ਇੱਕੋ 'ਵਾਜ ਫ਼ਕੀਰ ਦੀ
ਪਰਦੇਸ 'ਚੋਂ ਆਵੇ,
ਨਦੀਆਂ ਵਾਂਗੂੰ ਚਲੇ ਗਏ
ਮੈਨੂੰ ਛੋਡ ਚੁਮਾਸੇ।

ਪਰਬਤ ਵਾਂਗੂੰ ਖੜਾ ਹੈ
ਇਕਰਾਰ ਜੋ ਮੇਰਾ,
ਡਾਢੇ ਸ਼ਹੁ ਵਿਚ ਖੁਰੇ ਪਈ
ਜਿੰਦ ਵਾਂਗ ਪਤਾਸੇ।

ਪੀਲੇ ਪੱਤਰਾਂ ਹੇਠ ਨੇ
ਪਰਛਾਵੇਂ ਮੇਰੇ,
ਵਣਾਂ ਕਰੀਰਾਂ ਅੰਦਰਾਂ
ਮੇਰੀ ਜਿੰਦ ਵਿਗਾਸੇ।


WWW.SIKHBOOKCLUB.COM

ਮਾਰੂਥਲਾਂ ਨੇ ਦੱਬਿਆ
ਰਗ ਕੋਇਲ ਨੂੰ ਹੇਠਾਂ,
ਲੋਹ-ਥੰਮ੍ਹਾਂ ਦੇ ਮੋੜ 'ਤੇ
ਸਾਹ ਖੜੇ ਹਰਾਸੇ।

ਦਾਵਾ-ਅਗਨ ਦੁਪਹਿਰ ਨੂੰ
ਵਿਚ ਝੱਖੜਾਂ ਉੱਠੀ,
ਬਲੀ ਹਰਫ਼ 'ਚੋਂ ਬਣੀ ਹੋਈ
ਕੋਈ ਕਲਮ ਵਿਣਾਸੇ।

ਮੇਰੇ ਪਰਾਂ 'ਤੇ ਚਮਕਦੇ
ਤੇਰੀ ਧੂੜ ਦੇ ਕਿਣਕੇ,
ਭਾਵੇਂ ਸੂਰਜ ਚੜ੍ਹਣ ਪਏ
ਸੈ ਬਰਸ ਆਗਾਸੇ।

•

WWW.SIKHBOOKCLUB.COM

# 18
# ਮਨ ਪਰਦੇਸੀ ਜੇ ਥੀਐ

ਮਨ ਪਰਦੇਸੀ ਜੇ ਥੀਐ ਸਭ ਦੇਸ ਪਰਾਇਆ,
ਖਦਰਾਣੇ ਦੀ ਢਾਬ 'ਤੇ, ਕੋਈ ਅੱਥਰੂ ਆਇਆ।

ਤੈਨੂੰ ਮਿਲਿਆਂ ਬਾਝ ਨ
ਕੋਈ ਦੇਸ ਮਹੀਨਾ,
ਰੋਂਦੇ ਰੇਤ 'ਤੇ ਬਾਜ਼ ਨੇ
ਤੱਕ ਖਿੰਡਿਆ ਚੀਨਾ,
ਰੋਹੀਆਂ ਵਿਚ ਦਲੀਪ ਨੇ, ਕਦੇ ਤਾਜ ਲੁਟਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਡੁੱਬ ਗਈ ਲਹੂ ਦੇ ਪਾਣੀਆਂ
ਵਿਚ ਨਜ਼ਰ ਸੁਹਾਣੀ;
ਕਾਹਨੂੰਵਾਨ ਦੇ ਛੰਭ ਦੀ
ਕੋਈ 'ਵਾਜ ਪੁਰਾਣੀ।
ਸਾਨੂੰ ਮਿਲਿਆ ਕਦੇ ਨ, ਕੋਈ ਯਾਰ ਖ਼ੁਦਾਇਆ!
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਲਿਖਿਆ ਸਿਰ ਜਮਰੌਦ ਦੇ
ਮੈਂ ਅੱਖਰ ਪਿਆਰਾ,
ਰਾਹ ਗੁਮਨਾਮ 'ਚ ਪਾਟਿਆ
ਮੇਰਾ ਦਾਮਨ ਸਾਰਾ।
ਡਾਢੇ ਸਿਦਕ ਦੇ ਪੱਤਣੀਂ, ਅਸਾਂ ਯਾਰ ਗਵਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਓਸ ਬੂੰਦ ਲਈ ਤੜਫਣਾ
ਦਰਿਆ ਜੋ ਮੇਰਾ,
ਜਿਸ ਲਈ ਕਦੇ ਦਲੀਪ ਨੇ
ਸੀ ਪਾਉਣਾ ਫੇਰਾ।

WWW.SIKHBOOKCLUB.COM

ਆਥਣ ਵਾਂਗੂੰ ਤੇਗ 'ਤੇ, ਤੈਂ ਦੀਦ ਸੁਹਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਦੂਰ ਲੱਖੀ ਦੇ ਜੰਗਲੀਂ
ਤਨ ਸੜਦਾ ਸਾਡਾ,
ਨਨਕਾਣੇ ਤੋਂ ਦੂਰ ਹੋ
ਮਨ ਭਰਦਾ ਸਾਡਾ।
ਤਨ ਤੋਂ ਮਨ ਦੇ ਰਾਹ ਤਕ, ਵੱਡ ਦੋਜ਼ਖ਼ ਛਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਸਭਰਾਵਾਂ ਦੀ ਜੂਹ ਵਿਚ
ਜਦ ਸੰਞਾਂ ਪਈਆਂ,
ਮੋਏ ਪੁੱਤ ਪੰਜਾਬਣਾਂ
ਬਹਿ ਰੋਵਣ ਗਈਆਂ,
ਹਿੱਕੋ ਦਿਹਾੜਾ ਸਿਦਕ ਦਾ, ਕੱਚ ਵਾਂਗ ਗਵਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਚੁਗ ਚੁਗ ਹਾਰੀ ਕੰਕਰਾਂ
ਕਿਤੇ 'ਵਾਜ ਨ ਤੇਰੀ!
ਅੱਥਰੂ ਸਾਹਮੇ ਖੜੀ ਹੈ
ਕੋਈ ਸੰਞ ਲੰਮੇਰੀ।
ਹਿੱਕੋ ਦਿਹਾੜਾ ਸਿਦਕ ਦਾ, ਵਿਚ ਥਲਾਂ ਵੰਞਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਸਜਦਾ ਕਿਸ ਨੂੰ ਕਰਾਂ ਮੈਂ
ਕੋਈ ਯਾਰ ਨ ਮੇਰਾ,
ਜ਼ੰਜੀਰਾਂ ਵਿਚ ਘਾਇਲ ਹੈ
ਕਿਉਂ ਅੰਮ੍ਰਿਤ ਤੇਰਾ?
ਨ ਅਰਦਾਸ ਦਾ ਦਿਹੁੰ ਹੈ, ਨ ਰੈਣ ਖ਼ੁਦਾਇਆ!
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।
ਖਦਰਾਣੇ ਦੀ ਢਾਬ 'ਤੇ, ਕੋਈ ਅੱਥਰੂ ਆਇਆ।

•

WWW.SIKHBOOKCLUB.COM

## 19

# ਨਨਕਾਣੇ ਦੀਆਂ ਜੂਹਾਂ ਵਿਚ

[ਗੁਰੂ ਨਾਨਕ ਸਾਹਿਬ ਦੇ ਪੰਜ ਸੌਵੇਂ ਜਨਮ ਦਿਨ ਉੱਤੇ ਮੈਂ ਵੀ ਬਾਬੇ ਦੇ ਉੱਚੇ ਦਰਾਂ ਉੱਤੇ ਪਹੁੰਚਿਆ ਸਾਂ। ਇਹ ਵੈਰਾਗ ਦਾ ਇਕ ਅਜੀਬ ਦ੍ਰਿਸ਼ ਸੀ। ਇਕ ਪਾਸੇ ਤਾਂ ਮੁਸਲਮਾਨ ਕੌਮ ਮੁਹੱਬਤ ਦੇ ਦਰਿਆ ਵਗਾ ਰਹੀ ਸੀ, ਦੂਜੇ ਪਾਸੇ ਸਿੱਖ ਕੌਮ ਪਿਆਰੇ ਦੀ ਪਾਕ ਜ਼ਮੀਨ ਉੱਤੇ ਵਿਚਰਦੀ ਹੋਈ ਵੀ ਉਦਾਸ ਸੀ। ਆਪਣੇ ਹੀ ਲਹੂ ਤੋਂ ਅਸੀਂ ਪਰਦੇਸੀ ਸਾਂ। ਨਨਕਾਣੇ ਦੇ ਤਲਾ ਸੁੱਕ ਗਏ ਸਨ। ਪਰ ਉਦਾਸ ਰੋਂਦੇ ਸਿੰਘਾਂ ਨੂੰ ਗਲ ਲਾ ਰਹੇ ਬੇਬਸ ਮੁਸਲਮਾਨਾਂ ਦੀ ਮੁਹੱਬਤ ਵੀ ਬੇ-ਮਿਸਾਲ ਸੀ। ਕੁਝ ਅਜਿਹੇ ਵਲਵਲੇ ਹੀ ਇਸ ਕਵਿਤਾ ਵਿਚ ਬਿਆਨ ਕੀਤੇ ਹਨ।]

ਸਾਨੂੰ ਯਾਦ ਅੱਲਾ ਦੀਆਂ ਗਲੀਆਂ
ਆਈਆਂ ਵਕਤ ਅਖ਼ੀਰਾਂ ਦੇ।
ਅੱਧੀ ਰਾਤ ਸੇਕ ਪਏ ਮਾਰਨ
ਕਿਤੇ ਮਜ਼ਾਰ ਫ਼ਕੀਰਾਂ ਦੇ।

ਸਿਖਰ ਦੁਪਹਿਰੇ ਢੋਲ ਸੁਣੇ ਪਿਆ
ਕੌਣ ਪਛਾਣੇ ਸਾਨੂੰ ?
ਸੁੱਕੇ ਸਰਵਰ ਕੰਢੇ ਸਾਈਆਂ
ਮੇਲੇ ਭਰੇ ਸਰੀਰਾਂ ਦੇ।

ਹਿੱਕੋ ਅਰਜ਼ ਕਰੇਂਦੀ ਕਮਲੀ
ਪੀਲੂਆਂ ਦਾ ਨਜ਼ਰਾਨਾ ਚਾ:
"ਇਹੀਓ ਯਾਰ ਦੀਆਂ ਨੇ ਗਲੀਆਂ,
ਇਹੀਓ ਵਕਤ ਅਖ਼ੀਰਾਂ ਦੇ!"

ਮੇਲੇ ਦੇ ਵਿਚ ਜੁੜਿਓ ਲੋਕੋ,
ਸੇਕ ਕਿਤੇ ਮਰਦਾਨੇ ਦਾ!
ਸਾਨੂੰ ਮਿਲਣ ਯਾਰ ਅੱਜ ਆਏ
ਬੇਲੇ ਛੋਡ ਕੇ ਹੀਰਾਂ ਦੇ।


WWW.SIKHBOOKCLUB.COM

ਸਾਂਦਲ ਬਾਰ ਦੀਆਂ ਜੂਹਾਂ ਵਿਚ
ਮੁੱਦਤਾਂ ਪਿੱਛੋਂ ਆਏ ਹਾਂ,
ਵਣਾਂ ਕਰੀਰਾਂ ਵਿਚ ਪਏ ਰੁਲਦੇ
ਖ਼ਾਲੀ ਹੱਥ ਤਕਦੀਰਾਂ ਦੇ।

ਫੇਰ ਧਮਾਲ ਤੇਰੀ ਦੇ ਆਂਗਣ
ਲੂਹੇ ਪੈਰ ਖਲੋ ਗਏ,
ਸਾਨੂੰ ਰਾਹ ਵਿਚ ਘੇਰਣ ਰੋ ਕੇ
ਲਸ਼ਕਰ ਡੂੰਘਿਆਂ ਨੀਰਾਂ ਦੇ।

ਭੱਠ ਦੇ ਕੰਢੇ ਸੱਥਰ ਕਿਰਦੇ
ਦੂਰ ਸਰਕੜਾ ਤਪਿਆ,
ਥਲਾਂ ਦੇ ਵਿਚ ਪਰਛਾਵੇਂ ਸੁੰਨੇ
ਬਦਨਸੀਬ ਸ਼ਮਸ਼ੀਰਾਂ ਦੇ।

ਨਾਗ ਦੇ ਫਣ ਤੋਂ ਕਹਿਰਵਾਨ ਹੋ
ਤਪ ਤਪ ਡਿੱਗੀਆਂ ਛਾਵਾਂ,
ਸੁੱਕੇ ਸਰਵਰ ਦੀ ਹਿੱਕ ਵੱਜਦੇ
ਬਿੰਗ ਪੁਰਾਣੇ ਤੀਰਾਂ ਦੇ।

ਮਾਛੀਵਾੜੇ ਦੇ ਜੰਗਲਾਂ 'ਚੋਂ
ਖ਼ੂਨ ਤਿਰਾ ਪਿਆ ਆਵੇ,
ਸੁੱਕੇ ਸਰਵਰ ਕੰਢੇ ਰੁਲਦੇ
ਚੋਲੇ ਪਾਟੀਆਂ ਲੀਰਾਂ ਦੇ।

ਬੇ-ਰਬਾਬ ਖ਼ਾਕ ਦੇ ਅੰਦਰ
ਜਾਨ ਮੇਰੀ ਪਈ ਕੁੱਸੇ!
ਕਿਸਨੂੰ ਹਾਲ ਕਹੀਏ ਅੱਜ ਸਾਈਆਂ
ਬੇ-ਨਿਆਜ਼ ਤਕਦੀਰਾਂ ਦੇ?

ਸਭ ਬਗਦਾਦ-ਮੱਕੇ ਦੀਆਂ ਕੂੰਟਾਂ
ਕਿਸ ਮਜ਼ਾਰ 'ਤੇ ਖੜੀਆਂ?
ਕੁਝ ਨ ਬੋਲ ਸਕੇ ਮਰਦਾਨਾ
ਸਾਹ ਪਏ ਟੁੱਟਦੇ ਵੀਰਾਂ ਦੇ।

ਵਣਾਂ-ਕਰੀਰਾਂ ਦੀ ਛਾਂ ਵੇਖੇ
ਮੰਗੂ ਚਰਦੇ ਦੂਰ ਕਿਤੇ!
ਕਿਉਂ ਨ ਅੱਜ ਪਛਾਣ ਲਵੇਂ ਤੂੰ
ਅੱਥਰੂ ਦੋ ਤਕਸੀਰਾਂ ਦੇ।

ਜੀਵੇਂ ਡਾਢਾ ਹੁਕਮ ਹੈ ਸਾਈਆਂ
ਦਰਵੇਸ਼ੀ ਵੀ ਤੈਂਡੀ ਜੇ,
ਤੱਕ ਲੈ ਪੈੜ ਤੇਰੀ ਵਿਚ ਸੁੱਤੇ
ਨਿਰੇ ਖ਼ਾਬ ਤਸਵੀਰਾਂ ਦੇ।

•

WWW.SIKHBOOKCLUB.COM

# 20

## ਵਾਟਾਂ ਫ਼ਕੀਰੀ ਦੀਆਂ

ਮੈਂ ਕਰਕੇ ਦਰਸ ਫ਼ਕੀਰ ਦਾ, ਪਰਦੇਸਨ ਹੋਈ,
ਮੈਨੂੰ ਦਿਸਦਾ ਪਿਆ ਸਹੇਲੀਓ, ਅੱਜ ਮੁੜ ਮੁੜ ਕੋਈ।

ਮੈਂ ਉੱਠੀ ਫ਼ਜਰ ਦੀ ਭੇਹਰ ਸੁਣ
ਤਨ ਲੱਗੀਆਂ ਭੂਰਾਂ,
ਮੈਨੂੰ ਸਾਰ ਨ ਸਿਖਰ ਦੁਪਹਿਰ ਦੀ
ਵਿਚ ਹੁੱਲਿਆਂ ਬੂਰਾਂ,
ਜਦ ਜੋਬਨ ਪਿਆ ਸਹੇਲੀਓ, ਵਿਚ ਨਦੀਆਂ ਮੋਈ–
ਮੈਂ ਕਰਕੇ ਦਰਸ ਫ਼ਕੀਰ ਦਾ, ਪਰਦੇਸਨ ਹੋਈ।

ਸੀ ਚੰਨ ਈਦ ਦਾ ਸਿਖਰ 'ਤੇ
ਮੈਂ ਖੜੀ ਬਨੇਰੇ,
ਕਿਤੋਂ ਸੱਦ ਟੱਲੀਆਂ ਦੀ ਸੁਣੀਂਦੀ
ਮੇਰੇ ਬਾਬਲ ਵਿਹੜੇ,
ਮੈਂ ਤੱਕ ਕੇ ਸੰਘਣੀ ਛਾਂ ਨੂੰ, ਭਰ ਅੱਖੀਆਂ ਰੋਈ–
ਮੈਂ ਕਰਕੇ ਦਰਸ ਫ਼ਕੀਰ ਦਾ, ਪਰਦੇਸਨ ਹੋਈ।

ਮੇਰੀ ਕੂਕੀ ਜਾਨ ਦੁਪਹਿਰ ਨੂੰ
ਵਿਚ ਸੰਘਣੇ ਰੁੱਖਾਂ,
ਮੇਰੇ ਕੇਸ ਸੁਹਾਂਦੇ ਚਿਰਾਂ ਦੇ
ਵਿਚ ਪੈ ਗਏ ਦੁੱਖਾਂ,
ਮੇਰਾ ਪੁੱਛਦੀ ਹਾਲ ਸਹੇਲੀਓ, ਅੱਜ ਕੂੰਜ ਨ ਕੋਈ–
ਮੈਂ ਕਰਕੇ ਦਰਸ ਫ਼ਕੀਰ ਦਾ, ਪਰਦੇਸਨ ਹੋਈ।

ਕਿਤੋਂ ਮਿਲਣ ਲਈ ਅੱਜ ਬੈਠੀਆਂ
ਪੱਤਣਾਂ 'ਤੇ ਰੂਹਾਂ,
ਮੈਨੂੰ ਦੂਜੀ ਵਾਰ ਨ ਦਿਸਣੀਆਂ
ਇਹ ਸੋਹਣੀਆਂ ਜੂਹਾਂ,
ਸਿਰ ਉੱਡਦੇ ਬਾਜ਼ ਨੂੰ ਵੇਖ ਕੇ, ਹੱਸ ਕੂੰਜ ਖਲੋਈ–
ਮੈਂ ਕਰਕੇ ਦਰਸ ਫ਼ਕੀਰ ਦਾ, ਪਰਦੇਸਨ ਹੋਈ।


WWW.SIKHBOOKCLUB.COM

ਮੈਨੂੰ ਸ਼ਹੁ ਦਰਿਆਵਾਂ ਘੇਰਿਆ
ਮੈਂ ਗਈ ਸੰਵਾਣੀ,
ਮੈਨੂੰ ਬੇਲਿਆਂ ਫੜ ਫੜ ਰੱਖਿਆ
ਮੈਂ ਪੌਣ ਅੰਞਾਣੀ,
ਘੁੰਡ ਓਹਲੇ ਅਸਾਂ ਸਹੇਲੀਓ, ਕੋਈ ਨਜ਼ਰ ਲੁਕੋਈ—
ਮੈਂ ਕਰਕੇ ਦਰਸ ਫ਼ਕੀਰ ਦਾ, ਪਰਦੇਸਨ ਹੋਈ।

ਮੇਰੀ ਵੀਣੀ 'ਤੇ ਆ ਘੁੰਮਿਆ
ਰੋਹ ਚਰਖ਼ ਦਾ ਸਾਰਾ,
ਮੈਨੂੰ ਝੱਖੜਾਂ ਦੇ ਵਿਚ ਸੁਣੀਂਦਾ
ਕੋਈ ਬੋਲ ਪਿਆਰਾ,
ਚੰਨ ਚੜ੍ਹੇ ਤੇ ਰੁੱਤਾਂ ਲੰਘੀਆਂ, ਮੇਰੀ ਬਾਤ ਹੈ ਸੋਈ—
ਮੈਂ ਕਰਕੇ ਦਰਸ ਫ਼ਕੀਰ ਦਾ, ਪਰਦੇਸਨ ਹੋਈ।

ਮੈਂ ਪਹਿਲੀ ਵਾਰ ਜਾਂ ਦੇਖੀਆਂ
ਅੰਬਾਂ ਦੀਆਂ ਡਾਰਾਂ,
ਮੈਨੂੰ ਸੱਦਿਆ ਕਿਸੇ ਫ਼ਕੀਰ ਨੇ
ਵਲ ਸਾਂਦਲ ਬਾਰਾਂ,
ਮੈਂ ਗੰਢ ਹਵਾ ਦੀ ਮਾਰ ਲਈ, ਗੁੱਟ ਬੰਨ੍ਹ ਖ਼ੁਸ਼ਬੋਈ—
ਮੈਂ ਕਰਕੇ ਦਰਸ ਫ਼ਕੀਰ ਦਾ, ਪਰਦੇਸਨ ਹੋਈ।

ਲੱਖਾਂ ਲਸ਼ਕਰ ਲੰਘ ਗਏ
ਕਰ ਜ਼ੋਰ ਧਿੰਗਾਣੇ,
ਸਈਓ ਓਸ ਫ਼ਕੀਰ ਦੀ
ਕੋਈ ਜ਼ਾਤ ਨ ਜਾਣੇ,
ਕਦੇ ਕਬਰਾਂ ਦੇ ਵਿਚ ਰੁਲੇਗੀ, ਮੇਰੀ ਜਾਨ ਨਿਰੋਈ—
ਮੈਂ ਕਰਕੇ ਦਰਸ ਫ਼ਕੀਰ ਦਾ, ਪਰਦੇਸਨ ਹੋਈ।

ਖ਼ਾਨਗਾਹਾਂ 'ਤੇ ਸੰਞ ਨੂੰ
ਇਕ ਲੱਗਿਆ ਮੇਲਾ,
ਧੂੜਾਂ ਦੇ ਨਾਲ ਲੱਦਿਆ
ਮੇਰੇ ਝੰਗ ਦਾ ਬੇਲਾ,
ਸਾਵਨ ਹੁੱਲਿਆ! ਸੌਂ ਗਈ, ਮੈਂ ਕਰ ਅਰਜ਼ੋਈ—
ਮੈਂ ਕਰਕੇ ਦਰਸ ਫ਼ਕੀਰ ਦਾ, ਪਰਦੇਸਨ ਹੋਈ।
ਮੈਨੂੰ ਦਿਸਦਾ ਪਿਆ ਸਹੇਲੀਓ, ਅੱਜ ਮੁੜ ਮੁੜ ਕੋਈ।

•


WWW.SIKHBOOKCLUB.COM

## 21

# ਇਕ ਫ਼ਕੀਰ ਸੀਰਤ ਕੁੜੀ ਦੇ ਵਲਵਲੇ

ਪੈੜ ਅਸਾਡੀ ਲੈ ਗਿਆ, ਤੂੰ ਹਸ਼ਰ ਦੇ ਵੰਨੇ,
ਦਰ-ਦਰਵਾਜ਼ੇ ਸੁੱਤਿਆ, ਮੇਰੀ ਨਜ਼ਰ ਨ ਮੰਨੇ।

ਅਰਜ਼ ਕਰੇਂਦੀ ਨਾਰ ਹਿੱਕ
ਵਿਚ ਖ਼ਲਕਤ ਤੇਰੀ,
ਦੂਰ ਨ ਜਾਵੀਂ ਸੋਹਣਿਆਂ
ਪਾ ਕਹਿਰ ਦੀ ਫੇਰੀ,
ਮੱਚਦੇ ਵਾਲ 'ਤੇ ਆਣ ਕੇ, ਕੋਈ ਤੂਰ ਨੂੰ ਬੰਨ੍ਹੇ—
ਪੈੜ ਅਸਾਡੀ ਲੈ ਗਿਆ, ਤੂੰ ਹਸ਼ਰ ਦੇ ਵੰਨੇ।

ਅੱਥਰੀ ਪੈੜ ਤੇ ਸੈਂ ਗਿਆ
ਇਹ ਰੂਹ ਅਲਬੇਲਾ,
ਧੂੜਾਂ ਸੁੱਟ ਕੇ ਵਿਛੜਿਆ
ਫ਼ਰਿਹਾਦ ਦਾ ਮੇਲਾ,
'ਟਿਕ ਟਿਕ' ਸੁਣਦੀ ਰਹੀ ਸੀ, ਇਹ ਕਦਮ ਨ ਥੰਮ੍ਹੇ—
ਪੈੜ ਅਸਾਡੀ ਲੈ ਗਿਆ, ਤੂੰ ਹਸ਼ਰ ਦੇ ਵੰਨੇ।

ਮੇਲੇ ਵਿਚ ਜਾ ਕੀਤੀਆਂ
ਦੋ ਕ਼ੈਸ ਨਾ' ਗੱਲਾਂ
ਲੈ ਗਿਆ ਜਿੰਦੜੀ ਰੋਲ ਕੇ
ਵਿਚ ਥਲਾਂ ਤੇ ਝੱਲਾਂ,
ਜਾਨ ਨਿਮਾਣੀ ਰੁੰਨਦੀ, ਨ ਡਾਢਾ ਮੰਨੇ—
ਪੈੜ ਅਸਾਡੀ ਲੈ ਗਿਆ, ਤੂੰ ਹਸ਼ਰ ਦੇ ਵੰਨੇ।

ਡੂੰਘੇ ਥਲ ਵਿਚ ਉਤਰਿਆ
ਤੇਰਾ ਬਾਜ਼ ਅਰਾਕੀ,
ਸਿਰਿ ਕਿਲਕਾਰੀ ਮਾਰਦਾ
ਤਿਰਾ ਰੂਹ ਹੁਸ਼ਨਾਕੀ,


WWW.SIKHBOOKCLUB.COM 

ਤੁਰ ਗਏ ਤੋਸ਼ਾ ਲੁੱਟ ਕੇ, ਕੁਝ ਲੋਕ ਨਿਕੰਮੇ—
ਪੈੜ ਅਸਾਡੀ ਲੈ ਗਿਆ, ਤੂੰ ਹਸ਼ਰ ਦੇ ਵੰਨੇ।

"ਪੈੜ ਬਿਨਾਂ ਕੁਝ ਲੱਭਿਆ ?"
ਗੱਲ ਕਰੇ ਲੋਕਾਈ,
ਮੱਚਦੇ, ਥਲਾਂ ਦੇ ਪਾਰ ਤੋਂ
ਮੇਰੀ 'ਵਾਜ ਨ ਆਈ,
ਮੈਨੂੰ ਆ ਸਮਝਾਉਂਦੇ ਸੋਹਣਿਆਂ, ਉੱਠ ਹੰਨੇ ਹੰਨੇ—
ਪੈੜ ਅਸਾਡੀ ਲੈ ਗਿਆ, ਤੂੰ ਹਸ਼ਰ ਦੇ ਵੰਨੇ।

ਜੋ ਤੂੰ ਕਸਕਾਂ ਮਾਰਦੈਂ
ਲੁੱਟ ਲੈਂਦੀਆਂ ਗਹਿਰਾਂ,
ਸੁਣ ਢੋਲ ਦਾ ਡੱਗਾ ਡਿੱਗਦੀ
ਗ਼ਸ਼ ਖਾ ਵਿਚ ਕਹਿਰਾਂ,
ਤਿੜ ਦੇ ਹੇਠਾਂ ਲੁਕੇ ਨੇ, ਮੇਰੇ ਬੋਲ ਦੋ ਨੰਨੇ—
ਪੈੜ ਅਸਾਡੀ ਲੈ ਗਿਆ, ਤੂੰ ਹਸ਼ਰ ਦੇ ਵੰਨੇ।

ਬਹਿ ਫ਼ਰਿਆਦਾਂ ਕੀਤੀਆਂ
ਤੇਰੇ ਰੁੱਖ ਦੀ ਛਾਵੇਂ
ਪੀਲਾ ਪੱਤਰ ਚੁੱਕਿਆ
ਮੈਂ ਸੂਰਜ ਸਾਹਵੇਂ,
ਕਿਸ ਲਈ ਅਸੀਂ ਫ਼ਕੀਰ ਹਾਂ, ਵਿਚ ਮਾਰੂ ਲੰਮੇ ?
ਪੈੜ ਅਸਾਡੀ ਲੈ ਗਿਆ, ਤੂੰ ਹਸ਼ਰ ਦੇ ਵੰਨੇ।

ਸੰਖ ਜਦੋਂ ਕੁਰਲਾਂਵਦਾ
ਚੜ੍ਹ ਸਿਖਰ ਦੁਪਹਿਰਾਂ,
ਹੂੰਗਰ ਕਾਲੇ ਖੂਹ ਦੀ
ਵਿਚ ਉੱਠਦੀ ਗਹਿਰਾਂ,
ਕੋਈ 'ਵਾਜ ਅੱਲਾਹ ਦੇ ਹਾਣ ਦੀ, ਪਈ ਕੱਪਰ ਭੰਨੇ—
ਪੈੜ ਅਸਾਡੀ ਲੈ ਗਿਆ, ਤੂੰ ਹਸ਼ਰ ਦੇ ਵੰਨੇ।

ਈਦ ਦੇ ਚੰਨ ਨੂੰ ਡੱਕਣਾ
ਹਈ ਵੱਸ ਨ ਤੈਂਡੇ,
ਸ਼ਹਿ ਕੇ ਦੀਦ 'ਚ ਬੈਠ ਗਏ
ਮਿਰੇ ਸ਼ੌਕ ਦੇਂ ਪੈਂਡੇ,
ਪਲਕ ਦੇ ਓਹਲੇ ਛਿਪੇ ਨੇ, ਮਿਰੀ ਰਿਸ਼ਮ ਦੇ ਪੰਨੇ—
ਪੈੜ ਅਸਾਡੀ ਲੈ ਗਿਆ, ਤੂੰ ਹਸ਼ਰ ਦੇ ਵੰਨੇ।

WWW.SIKHBOOKCLUB.COM

ਪੈੜ ਨੂੰ ਕਿਸ ਲਈ ਤੱਕਨਾ?
ਕਿਉਂ ਰੁੱਤ ਮਹੀਨਾ?
ਮਹਿਰਮ ਬੋਲ ਪੁਗਾਂਵਦਾ
ਚੁੱਕ ਖਿੰਡਿਆ ਚੀਨਾ;
ਲੰਘ ਗਈ ਰਾਤ ਉਦਾਸਿਆਂ, ਦਿਹੁੰ ਚੜ੍ਹਣ ਸੁਵੰਨੇ—
ਪੈੜ ਅਸਾਡੀ ਲੈ ਗਿਆ, ਤੂੰ ਹਸ਼ਰ ਦੇ ਵੰਨੇ।

ਸੁਣ! ਯਾਰ ਖ਼ੁਦਾਈ ਕੂਕਦੀ
ਮੇਰੀ ਨਜ਼ਰ ਜਾਂ ਉੱਠੇ,
ਇਸ ਸੰਘਣੇ ਝੱਲ ਵਿਚ ਕਿਤੇ ਤਾਂ
ਮੇਰੇ ਜ਼ਾਮਨ ਸੁੱਤੇ
ਉਹੀਓ ਸ਼ਾਹਦ, ਤੇ ਪੱਤਣਾਂ, 'ਤੇ ਉਹੀਓ ਵੰਨੇ—
ਪੈੜ ਅਸਾਡੀ ਲੈ ਗਿਆ, ਤੂੰ ਹਸ਼ਰ ਦੇ ਵੰਨੇ।
ਦਰ-ਦਰਵਾਜ਼ੇ ਸੁੱਤਿਆ, ਮੇਰੀ ਨਜ਼ਰ ਨ ਮੰਨੇ।

•


WWW.SIKHBOOKCLUB.COM

# 22

# ਵੈਰਾਗ ਦੀਆਂ ਵਾਟਾਂ

[ਇਕ ਮਾਸੂਮ ਅਤੇ ਪਾਕ ਸੀਰਤ ਫ਼ਕੀਰ ਕੁੜੀ ਨੂੰ]

(1)

ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ,
ਸੂਰਜ ਸਿਖਰ ਦੁਪਹਿਰ ਦਾ, ਤੇਰੇ ਸ਼ਹਿਰ 'ਤੇ ਆਇਆ।

ਸਿਖਰ ਦੁਪਹਿਰ ਦੇ ਕੋਟ 'ਤੇ
ਤੂੰ ਕੇਸ ਸੁਕਾਵੇਂ,
ਸੁੱਕਾ ਸਤਲੁਜ ਡੁਸਕਦਾ
ਤੇਰੀ ਫ਼ਜਰ ਦੀ ਛਾਵੇਂ,
ਵੱਡੇ ਤੜਕੇ ਥਲਾਂ ਵਿਚ, ਕੋਈ ਯਾਦ ਹੈ ਆਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਕਜਰਾ ਪਾਵਣ ਵਾਲੀਏ
ਤੇਰਾ ਕਵਣ ਮਹੀਨਾ ?
ਡੁੱਲ੍ਹਿਆ ਮੇਰੀ ਉਮਰ ਦਾ
ਤੇਰੇ ਆਂਗਣ ਚੀਨਾ।
ਤ੍ਰਬਕੇ ਲੰਮੇ ਸਿੰਧ ਤੋਂ, ਮੇਰੇ ਖੰਭ ਦਾ ਸਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਤਪਦੇ ਕੇਸੂ ਛੂਹਣ ਲਈ
ਵਲ ਰੋਹੀਆਂ ਜਾਵੇਂ,
ਮੰਗੂ ਮੇਰੇ ਦੂਰ ਨੇ
ਕਿਸੇ ਬ੍ਰਿਛ ਦੀ ਛਾਵੇਂ,
ਭੇਦ ਪੁਰਾਣਾ ਕਦੋਂ ਦਾ, ਵਲ ਪੱਤਣਾਂ ਚਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

WWW.SIKHBOOKCLUB.COM

ਸਿਖਰ ਦੁਪਹਿਰ ਦੇ ਕੋਟ 'ਤੇ
ਕਰ ਵੇਸ ਨ ਸੂਹਾ,
ਸੁੱਕਿਆਂ ਖੂਹਾਂ ਸਾਹਮਣੇ
ਮੇਰਾ ਕੰਬਦਾ ਬੂਹਾ,
ਸੁੰਞੀ ਜਿੰਦੜੀ ਕੂਕ ਕੇ, ਕੁੱਲ ਚਰਖ਼ ਤਪਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਸਿਖਰ ਦੁਪਹਿਰ ਦੇ ਕੋਟ 'ਤੇ
ਤੇਰਾ ਛਣਕੇ ਚੂੜਾ,
ਰੱਬ ਦੀ ਮਿਹਰ ਹੋ ਉਤਰਿਆ
ਰੰਗ ਤਲੀ 'ਤੇ ਗੂੜ੍ਹਾ,
ਛਾਲੇ ਹੇਠਾਂ ਥਲਾਂ ਨੇ, ਕੋਈ ਵੇਸ ਬਣਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਆ ਕੇ ਭਰਿਆਂ ਤ੍ਰਿੰਞਣਾਂ
ਵਿਚ ਖੇਡਣ ਰੈਣਾਂ,
ਸਿਖਰ ਦੁਪਹਿਰ ਦੇ ਕੋਟ ਤੋਂ
ਰੋ ਤੱਕਿਆ ਨੈਣਾਂ,
ਸ਼ੁਤਰ-ਸੁਆਰ ਦੀ ਤਲਬ ਨੂੰ, ਵਿਚ ਕਜਰੇ ਪਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਸਿਖਰ ਦੁਪਹਿਰ ਦੇ ਕੋਟ 'ਤੇ
ਤੇਰਾ ਭਖਦਾ ਸਾਲੂ,
ਸੁੰਨਾ ਸਤਲੁਜ ਚਿਰਾਂ ਦਾ
ਪਏ ਉੱਡਦੇ ਬਾਲੂ,
ਨਾਲ ਧਰੇਕਾਂ ਖੇਡ ਕੇ, ਹੱਸ ਤ੍ਰਿੰਞਣ ਪਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਭਰਿਆ ਤ੍ਰਿੰਞਣ ਵੇਖ ਲੈ
ਜਦ ਫਲਣ ਧਰੇਕਾਂ,
ਪੱਤਣ ਖ਼ੁਰ ਗਏ ਜਦੋਂ ਇਹ
ਫਿਰ ਨਦੀ ਨ ਦੇਖਾਂ,
ਪੈਣ ਧਮਾਲਾਂ, ਮਹਿੰਦੀਆਂ: ਨੇ ਸਫ਼ਰ ਮੁਕਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।


WWW.SIKHBOOKCLUB.COM

ਦੂਰ ਅੰਬਾਂ ਦੇ ਹੇਠ ਸੀ
ਜੋ ਮਜਲਿਸ ਮੇਰੀ,
ਛਾਲੇ ਛਾਲੇ ਹੋਏ ਕੇ
ਜੂਹ ਆਈ ਨ ਤੇਰੀ,
ਸਾਹਮੇ ਵੱਡੇ ਪੁਲਾਂ ਦੇ, ਕੋਈ ਕੌਲ ਨਿਭਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਉੱਚੇ ਕੋਟ ਤੋਂ ਵੇਖਣਾ
ਲਜਿਆ ਕੇ ਤੇਰਾ,
ਨਨਕਾਣੇ ਦੀ ਜੂਹ ਵਿਚ
ਮਨ ਭਰਿਆ ਮੇਰਾ,
ਰੋਹੀਆਂ ਦੇ ਵਿਚ ਵੱਸਦਾ, ਤੇਰਾ ਸ਼ਹਿਰ ਤਿਹਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।
ਸੂਰਜ ਸਿਖਰ ਦੁਪਹਿਰ ਦਾ, ਤੇਰੇ ਸ਼ਹਿਰ 'ਤੇ ਆਇਆ।

## (2)

[ਮਾਸੂਮ ਅਤੇ ਪਾਕ ਸੀਰਤ ਫ਼ਕੀਰ ਕੁੜੀ ਦੇ ਵਲਵਲੇ]

ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ,
ਧੰਮੀ ਵੇਲੇ ਝਨਾਂ 'ਤੇ, ਕੋਈ ਸੁਪਨਾ ਆਇਆ।

ਕੋਇਲ ਜਿਉਂ ਤੈਨੂੰ ਕੂਕਦਾ
ਮੇਰਾ ਚਾਅ ਅੰਞਾਣਾ,
ਇਉਂ ਨ ਜਾਵੀਂ ਛੋਡ ਕੇ
ਇਹ ਬੋਲ ਨਿਮਾਣਾ,
ਤੈਨੂੰ 'ਵਾਜਾਂ ਮਾਰ ਮਾਰ, ਅਸਾਂ ਸਫ਼ਰ ਮੁਕਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਸਤਲੁਜ ਦੇ ਵਿਚ ਜਦੋਂ ਸੀ
ਚੜ੍ਹ ਵਗਦੇ ਪਾਣੀ,
ਪੱਤਣਾਂ ਉੱਤੇ ਉਦੋਂ ਮੈਂ
ਤੇਰੀ 'ਵਾਜ ਪਛਾਣੀ,
ਉਹੀਓ 'ਵਾਜ ਦੇ ਆਸਰੇ, ਅਸਾਂ ਦਿਹੁੰ ਲੰਘਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

WWW.SIKHBOOKCLUB.COM

ਨਾਲ ਅੰਬਾਂ ਦੇ ਖੇਡ ਕੇ
ਮੈਂ ਕੇਸ ਸੰਵਾਰੇ,
ਪੱਤਣਾਂ 'ਤੇ ਬਹਿ ਵੇਖਦੀ
ਤੇਰੇ ਬਾਜ਼ ਪਿਆਰੇ,
ਡੂੰਘੇ ਮੇਰੇ ਝਨਾਂ ਨੇ, ਤੇਰਾ ਬੋਲ ਛੁਪਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਰੰਗ ਮਜੀਠੀ ਵੇਖ ਕੇ
ਮੇਰਾ ਮਨ ਕੁਮਲਾਵੇ,
ਦੂਜਾ ਰੰਗ ਕਸੁੰਭੜਾ
ਮੇਰੀ ਜਾਨ ਸੁਕਾਵੇ,
ਡੂੰਘੇ ਭਰੇ ਝਨਾਂ ਦਾ, ਮੈਂ ਕਰਜ਼ ਚੁਕਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਵੱਡੀਆਂ ਮਿਲਖਾਂ ਵਾਲਿਆ
ਖੜ੍ਹ ਗੱਲ ਸੁਣਾਵਾਂ,
ਲੈ ਜਾ ਲੰਮੇ ਬੁੱਤ ਤੋਂ
ਇਹ ਲੰਮੀਆਂ ਛਾਵਾਂ,
ਡੂੰਘੇ ਮੇਰੇ ਝਨਾਂ ਨੇ, ਮੈਨੂੰ ਖੇਡਣ ਲਾਇਆ—
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਪਿੱਪਲਾਂ ਛਾਵੇਂ ਚਾਅ ਵਿਚ
ਜਦ ਝੂਟਣ ਲੱਗੀ,
ਸਿਰ 'ਤੇ ਉਡਦਾ ਬਾਜ਼ ਤੱਕ
ਖੜ ਕੂਕਨ ਲੱਗੀ,
ਹੱਸ ਕੇ ਹਸ਼ਰਾਂ ਸਾਮ੍ਹਣੇ, ਅਸਾਂ ਸੀਸ ਨਿਵਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਇੱਕੋ ਬੋਲ ਪਛਾਣਿਆਂ
ਬਸ ਉਹੀਓ ਜਰਿਆ
ਰੋਹੀਆਂ ਦੇ ਲੱਖ ਬੁੱਲਿਆਂ
ਵਿਚ ਕੇਸੂ ਹਰਿਆ,
ਅਸਾਂ ਨੇ ਆਪਣੀ ਜਾਨ 'ਤੇ, ਮਾਹ ਸਾਉਣ ਚੜ੍ਹਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

WWW.SIKHBOOKCLUB.COM 

ਸਿਖਰ ਦੁਪਹਿਰ ਦੇ ਕੋਟ ਤੋਂ
ਮੈਂ ਨਦੀਆਂ ਵੇਖਾਂ,
ਹੰਝੂ ਮੈਂਡੇ ਡਲ੍ਹਕਦੇ
ਰੰਗ ਭਰਨ ਧਰੇਕਾਂ,
ਹਰਿਆਂ ਬੰਨਿਆਂ ਵਲ ਵੇ, ਤੇਰਾ ਲਸ਼ਕਰ ਪਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਸੁੱਕਾ ਸਤਲੁਜ! ਰੇਤ 'ਤੇ
ਮਨ ਡੁਸਕੇ ਮੇਰਾ,
ਜਲ-ਥਲ ਥੀਵਾਂ ਸਾਜਨਾ
ਸ਼ਹੁ ਭਰੇ ਜੇ ਤੇਰਾ,
ਯਾਰਾ ਨਗਰ ਬੇਗਾਨੜੇ, ਅਸਾਂ ਵੇਸ ਬਣਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।

ਸਿਖਰ ਦੁਪਹਿਰ ਦੇ ਕੋਟ 'ਤੇ
ਮੇਰੇ ਬੁੱਤ ਦਾ ਸਾਇਆ,
ਇਉਂ ਨਾ ਜਾਵੀਂ ਛੋਡ ਕੇ
ਅਸਾਂ ਬੋਲ ਪੁਗਾਇਆ,
ਵਗਦੇ ਮੇਰੇ ਝਨਾਂ ਦਾ, ਕਿਸੇ ਭੇਦ ਨ ਪਾਇਆ,
ਮਨ ਪਰਦੇਸੀ ਜੇ ਥੀਐ, ਸਭ ਦੇਸ ਪਰਾਇਆ।
ਧੰਮੀ ਵੇਲੇ ਝਨਾਂ ਦਾ, ਕੋਈ ਸੁਪਨਾ ਆਇਆ।

•

WWW.SIKHBOOKCLUB.COM

# 23

## ਵੀਰਾਨ ਰਾਹਾਂ

[ਸੂਫ਼ੀਆਂ ਦਾ ਗੀਤ]

ਸੂਹਾ ਵੇਸ ਕਰੇਂਦੀਏ, ਦਿਹੁੰ ਗੁਜ਼ਰੇ ਮੇਰੇ,
ਰੁੱਤ ਫਿਰੀ ਵਣ ਕੰਬਿਆ, ਕਿਰ ਗਏ ਬਨੇਰੇ। ,

ਰਾਹ ਵਿਚ ਮੈਨੂੰ ਛੱਡਿਆ
ਰੰਗ ਹਰੇ ਕਚੂਰਾਂ,
ਮਿੱਟੀ ਪਈ ਅਤੋਲਵੀਂ
ਵਿਚ ਸੁੱਕਿਆਂ ਬੂਰਾਂ।
ਏਸ ਖ਼ਾਕ ਵਿਚ ਰਲੇ ਨ, ਕਿਉਂ ਸੂਰਜ ਤੇਰੇ ?
ਸੂਹਾ ਵੇਸ ਕਰੇਂਦੀਏ, ਦਿਹੁੰ ਗੁਜ਼ਰੇ ਮੇਰੇ।

ਏਸ ਜੋਗ ਵਿਚ ਸੁਣੇ ਨ
ਕਿਉਂ 'ਵਾਜ ਪਿਆਰੀ ?
ਇਸ ਪੈਂਡੇ ਵਿਚ ਮਿਲੇ ਨ
ਕਿਸੇ ਨਾਥ ਦੀ ਯਾਰੀ।
ਨ ਇਹ ਖੂਹ ਹੈ ਸੋਹਣੀਏਂ, ਕਿਸੇ ਨਜ਼ਰ ਦੇ ਨੇੜੇ,
ਸੂਹਾ ਵੇਸ ਕਰੇਂਦੀਏ, ਦਿਹੁੰ ਗੁਜ਼ਰੇ ਮੇਰੇ।

ਇਹਨਾਂ ਅੱਖੀਆਂ ਨਦੀ ਦੇ
ਪਰਛਾਵੇਂ ਰੋਲੇ,
ਛੋਡੇ ਇਹਨਾਂ ਜੰਘੀਆਂ
ਦਰ ਗੁਰਾਂ ਦੇ ਟੋਲੇ;
ਖ਼ਾਨਗਾਹਾਂ ਤੋਂ ਦੂਰ ਹੀ, ਸ਼ਹੁ ਪਾਵੇ ਫੇਰੇ,
ਸੂਹਾ ਵੇਸ ਕਰੇਂਦੀਏ, ਦਿਹੁੰ ਗੁਜ਼ਰੇ ਮੇਰੇ।

WWW.SIKHBOOKCLUB.COM  Page 399

ਬੰਨ੍ਹੇ ਹੋਏ ਖੰਭ ਜਿਉਂ
ਸਾਹ ਫੜੇ ਨੇ ਮੇਰੇ,
ਸ਼ੇਰ ਬਘੇਲਾ ਪਾਏ ਨ
ਇਸ ਜੂਹ ਵਿਚ ਫੇਰੇ,
ਲਾ-ਮਕਾਂ ਦੀ ਨਜ਼ਰ ਨੂੰ, ਕੋਈ ਲਸ਼ਕਰ ਘੇਰੇ,
ਸੂਹਾ ਵੇਸ ਕਰੇਂਦੀਏ, ਦਿਹੁੰ ਗੁਜ਼ਰੇ ਮੇਰੇ।

ਲਾ-ਮਕਾਂ ਵਿਚ ਖੁਭੇ ਨੇ
ਦੰਦ ਸਾਰ ਦੇ ਡਾਢੇ,
ਕੁਝ ਵੀ ਉੱਗ ਨ ਸਕਦਾ
ਕਿਤੇ ਯਾਰ ਨ ਸਾਡੇ !
ਨ ਤਾਂ ਖੇਡ ਫ਼ਕੀਰ ਦੀ, ਨ ਦੁਨੀ 'ਚ ਡੇਰੇ,
ਸੂਹਾ ਵੇਸ ਕਰੇਂਦੀਏ, ਦਿਹੁੰ ਗੁਜ਼ਰੇ ਮੇਰੇ।
ਰੁੱਤ ਫਿਰੀ ਵਣ ਕੰਬਿਆ, ਕਿਰ ਗਏ ਬਨੇਰੇ।

•


WWW.SIKHBOOKCLUB.COM

## 24

# ਸੂਫ਼ੀਆਂ ਦਾ ਗੀਤ

ਇਸ ਸੁੱਕੇ ਸ਼ਹੁ ਦੇ ਪਾਰ ਮਿਰੇ,
ਪਏ 'ਵਾਜਾਂ ਮਾਰਨ ਯਾਰ ਮਿਰੇ।

ਕੁਝ ਬਾਕੀ ਅਜੇ ਫ਼ਕੀਰ ਦਾ ਹੈ,
ਲਹੂ-ਰੰਗੇ ਅਜੇ ਬਾਜ਼ਾਰ ਮਿਰੇ।

ਕਿਉਂ ਲੱਗਿਉਂ ਮੁਨਕਰ ਹੋਵਨ ਤੂੰ ?
ਅਜੇ ਜ਼ਾਮਨ ਲੱਖ ਹਜ਼ਾਰ ਮਿਰੇ।

ਤੂੰ ਜਦੋਂ ਬੁਲਾਵੇਂ ਯਾਦ ਕਰੀਂ:
ਕੁਝ ਨਾਲ ਜ਼ਿਮੀਂ ਇਕਰਾਰ ਮਿਰੇ।

ਜੱਗ ਦੱਸਦਾ ਰੁਲਿਆ ਰਾਹ ਸਾਡਾ,
ਕਿਸੇ ਗਹਿਰ 'ਚ ਹਫਦੇ ਬਾਰ ਮਿਰੇ।

ਰੱਬ ਕੂਕ ਮਿਰੀ ਨੂੰ ਠੱਲ੍ਹ ਲੈਂਦਾ,
ਕਿਉਂ ਜ਼ਖ਼ਮ ਖੜ੍ਹੇ ਵਿਚਕਾਰ ਮਿਰੇ ?

ਕਿਉਂ ਮਿਹਰ ਤੇਰੀ ਦੇ ਬੋਲ ਬਿਨਾਂ,
ਉੱਡ ਖੁੱਭਦੀ ਸੀਨੇ ਦਾਰ ਮਿਰੇ!

ਅਜੇ ਪੈੜ ਤੇਰੀ ਦੇ ਹੇਠਾਂ ਕੁਝ,
ਰੰਗ ਬੋਲ ਤੇਰੇ ਤੋਂ ਪਾਰ ਮਿਰੇ।

ਰਗ ਬੰਨ੍ਹੀ ਵਿਚ ਉਜਾੜਾਂ ਦੇ,
ਹੱਥ ਫੈਲੇ ਵਿਚ ਗ਼ੁਬਾਰ ਮਿਰੇ।

ਚਾਅ ਮੈਨੂੰ ਸਫ਼ਰ ਮੁਕਾਵਣ ਦਾ,
ਮੈਂ ਸੁਣਾਂ ਦੀਦ ਦੁਸ਼ਵਾਰ ਮਿਰੇ।

ਔਹ ਖ਼ਾਨਗਾਹਾਂ 'ਤੇ ਦੀਵਾ ਹੈ,
ਕੋਈ ਮੁੜਿਆ ਰੰਗ ਖਿਲਾਰ ਮਿਰੇ।



WWW.SIKHBOOKCLUB.COM 

ਹਾਂ, ਬੋਲ ਗੁਨਾਹ ਦਾ ਆਖ਼ਿਰ 'ਤੇ!
ਹਾਂ, ਸੁਪਨਾ ਮਿਹਰ ਦਾ ਬਾਰ ਮਿਰੇ।

ਮੈਂ ਮੁੜ ਦਰਿਆ ਨੂੰ ਮਿਲ ਪੈਣਾ,
ਖੰਭ ਖੰਭ 'ਤੇ ਲਹੂ ਉਡਾਰ ਮਿਰੇ।

ਇਹ ਰਾਹ ਗੁਮਨਾਮ ਵੀ ਅੱਪਣਾ ਹੈ,
ਅੱਜ ਰੋਕ ਲਵੇਂ ਜੇ ਯਾਰ ਮਿਰੇ।

ਹੱਸ ਛੱਡਿਆ ਗ਼ੈਬ ਦੇ ਦਾਮਨ ਨੂੰ,
ਇਹ ਨੈਣ ਬਣੇ ਅਸਵਾਰ ਮਿਰੇ।

ਜੇ ਸਿਖਰ ਤੇਰੀ 'ਤੇ ਤੂੰ ਹੀ ਹੈਂ,
ਇਸ ਕਿਣਕੇ ਨਾਲ ਉਧਾਰ ਮਿਰੇ।

ਜਾਂ ਤੇਗ ਮਿਰੀ ਦਾ ਹੌਕਾ ਹੈ,
ਜਾਂ ਅਰਜ਼ਾਂ ਕਰਨ ਮਜ਼ਾਰ ਮਿਰੇ।

ਕੁਝ ਅਰਜ਼ ਮਿਰੀ ਦਾ ਨੂਰ ਅਜੇ,
ਕੁਝ ਅਜੇ ਗਵਾਹ ਦਿਲਦਾਰ ਮਿਰੇ।

ਥਲ ਘੇਰੇ ਕਿਵੇਂ ਜ਼ੰਜੀਰ ਕੋਈ?
ਪਿਆ ਸੁਣਾਂ ਜਨੂੰ 'ਤੇ ਭਾਰ ਮਿਰੇ।

ਛੱਡ ਤੁਰਿਆ ਸ਼ੁਤਰ-ਸੁਆਰ ਜਦੋਂ,
ਚੰਨ ਚਮਕੇ ਬੇ-ਇਖਤਿਆਰ ਮਿਰੇ।

ਜਦ ਅੰਧ-ਗ਼ੁਬਾਰ 'ਚ ਬੋਲ ਪਿਆ,
ਆ ਗੋਰਖ ਖੜੇ ਦੁਆਰ ਮਿਰੇ।

ਮੈਂ ਕਿਸਨੂੰ ਜਾ ਫ਼ਰਿਆਦ ਕਰਾਂ?
ਥਲ ਗਏ ਜਨੂੰ ਤੋਂ ਹਾਰ ਮਿਰੇ!

ਜਦ ਚੁੱਪ ਤੇਰੀ ਮੈਂ ਫੈਲ ਗਿਆ,
ਰੁੱਖ ਬੂਟ ਹੋ ਜਾਸਨ ਖੁਆਰ ਮਿਰੇ!

•


WWW.SIKHBOOKCLUB.COM

# 25
## ਇਕ ਕਾਫ਼ੀ

ਉੱਚੇ ਟਿੱਬੇ ਤੇ ਡੂੰਘੀਆਂ ਕੱਸੀਆਂ ਵੇ,
ਰਾਹਾਂ ਜੋਗਣਾਂ ਮਾਹੀਏ ਨੇ ਦੱਸੀਆਂ ਵੋ।

ਸਾਡੀ ਜਾਨ ਕੁਸੇ ਪ੍ਰਈ ਕੇਸੂ ਜਿਉਂ,
ਅੱਖੀਂ ਵੱਲ ਰੋਹੀਆਂ ਦੇ ਨੱਸੀਆਂ ਵੋ।

ਭਾਵੇਂ ਪਾਰ ਦੁਪਹਿਰਾਂ ਦਾ ਢੋਲ ਸੁਣੇ,
ਪੀਲ੍ਹਾਂ ਛੋਡ ਕੇ ਜਾਵੀਂ ਨ ਰੱਸੀਆਂ ਵੋ।

ਡਾਢੇ ਰਾਹ ਦੁਸ਼ਵਾਰ 'ਤੇ ਹੱਸੀਆਂ ਵੋ।
ਰੱਬਾ ਖ਼ੈਰ ਕਰੀਂ, ਮੈਂ ਡੱਸੀਆਂ ਵੋ।

ਮੇਰੇ ਮੱਥੇ ਝਨਾਂ ਦੀਆਂ ਬੂੰਦਾਂ ਦੋ,
ਚਿਰ ਹੋਇਆ ਫ਼ਲਕ 'ਤੇ ਹੱਸੀਆਂ ਵੋ।

ਜੀਵੇਂ ਸ਼ਹਿਰ ਲਾਹੌਰ ਦਾ ਮਾਣ ਬੜਾ,
ਤੱਕ ਲਸ਼ਕਰ ਛਬੀਲੇ ਮੈਂ ਫੱਸੀਆਂ ਵੋ।

ਜੀਵੇਂ ਰਾਵੀ ਦੇ ਕੰਢੜੇ 'ਤੇ ਮੁੱਦਤਾਂ ਤੋਂ,
ਬੇਇਲਮ ਫ਼ਕੀਰਨਾਂ ਵੱਸੀਆਂ ਵੋ।

ਇਕ ਸ਼ਰਾ ਤੇਰੀ ਦਾ ਜ਼ੋਰ ਪਿਆ,
ਇਕ ਮਹਿੰਦੀਆਂ ਬੂਹੇ 'ਤੇ ਲੱਸੀਆਂ ਵੋ।

•



WWW.SIKHBOOKCLUB.COM 

## 26

# ਸੂਫ਼ੀਆਂ ਦਾ ਗੀਤ

ਸਾਨੂੰ ਯਾਦ ਅੱਲਾ ਦੀਆਂ ਗਲੀਆਂ ਵੋ,
ਸਾਡੇ ਚੜ੍ਹ ਦਰਵਾਜ਼ੇ 'ਤੇ ਖੱਲ੍ਹੀਆਂ ਵੋ।

ਮੁੱਕ ਜਾਣ ਹਸ਼ਰ ਦੇ ਸਭ ਝੇੜੇ
ਸਾਨੂੰ ਬਾਹਵਾਂ ਮਿਲੀਆਂ ਭਲੀਆਂ ਵੋ।

ਕੋ ਸੁੰਞੀ ਪੈੜ 'ਤੇ ਨਜ਼ਰ ਪਈ
ਪੈ ਜਾਣ ਥਲੀਂ ਤਰਥੱਲੀਆਂ ਵੋ।

ਚੜ੍ਹ ਬੈਠੇ ਨਿਗਾਹ 'ਤੇ ਹੜ੍ਹ ਲੱਖਾਂ
ਸਭ ਰੂਹਾਂ ਫ਼ਜਰ ਨੂੰ ਕੱਲੀਆਂ ਵੋ।

ਛੱਡ ਯਾਰ, ਸੱਥਰਾਂ 'ਤੇ ਸੌਂ ਕੇ,
ਕਿਸ ਜ਼ਿਮੀਂ ਅਵਾਜ਼ਾਂ ਖੱਲ੍ਹੀਆਂ ਵੋ।

ਨ ਕਦਮ ਤੇਰੇ ਦੀ 'ਵਾਜ ਪਈ
ਸਭ ਰਾਹਾਂ ਆਖ਼ਿਰ ਹੱਲੀਆਂ ਵੋ।

ਕੋ ਆਹਟ ਅਰਸ਼ ਦੀ ਧੂੜ ਵੜੀ
ਅੱਖੀਂ ਆ ਦਰਿਆਵਾਂ ਨੇ ਮੱਲੀਆਂ ਵੋ।

ਜਿਸ ਡੂੰਘੀ ਸ਼ਾਖ 'ਤੇ ਤੇਗ ਬਲੀ
ਉਸ ਧਰ ਪਰਵਾਜ਼ਾਂ ਬਲੀਆਂ ਵੋ।

ਮਰ-ਮਿੱਟ ਕੇ ਹੱਸ ਮਨਜ਼ੂਰ ਕਰਾਂ
ਗੱਲਾਂ ਜੋ ਵੀ ਯਾਰ ਨੇ ਘੱਲੀਆਂ ਵੋ।

ਸਾਨੂੰ ਯਾਦ ਅੱਲਾ ਦੀਆਂ ਗਲੀਆਂ ਵੋ,
ਸਾਡੇ ਚੜ੍ਹ ਦਰਵਾਜ਼ੇ 'ਤੇ ਖੱਲ੍ਹੀਆਂ ਵੋ।

•


WWW.SIKHBOOKCLUB.COM

# 27

## ਸ਼ਕਲ ਅਨਾਦਿ

ਸ਼ਕਲ ਅਨਾਦਿ ਝਿਮੀ ਵਿਚ ਖੰਡਾਂ
ਰੋਹ ਬਾਜ਼ਾਂ ਦਾ ਛਿੜਿਆ,
ਚੀਖ ਅਸੰਖ ਜਨਮ ਦੀ ਡਾਢੀ
ਚਰਖ ਮਗਨ ਹੋ ਫਿਰਿਆ।

ਮਗਨ ਨਜ਼ਰ ਬਾਜ਼ਾਂ ਦੀ ਡੁੱਬੀ
ਛੋਹ ਮਜ਼ਲੂਮ ਹਵਾਵਾਂ,
ਲਹੂ ਜਿਨ੍ਹਾਂ 'ਤੇ ਬਹਿ ਜਨਮਾਂ ਦਾ
ਰੋ ਰੋ ਕਰੇ ਦੁਆਵਾਂ।

ਜੜ੍ਹ-ਆਵਾਜ਼ ਸਿਖਰ ਕੁਰਲਾਈ
ਨਾਲ ਦੁਆ ਟਕਰਾ ਕੇ,
ਜਨਮ ਵਿਛੁੰਨੇ, ਮੌਤ ਵਿਛੁੰਨੀ,
ਜੜ੍ਹ-ਆਵਾਜ਼ ਨੂੰ ਪਾ ਕੇ।

ਪੀਲੇ ਪੱਤਰਾਂ ਦੇ ਵਣ ਮਾਰੀ
ਲਹੂ ਉਗਲ ਕਿਲਕਾਰੀ,
ਅਜ਼ਰਾਈਲਾਂ ਦੇ ਲੋਹ-ਪੰਜੇ ਦੀ
ਖਿਣ ਖਿਣ ਜੋਤ ਖਿੰਡਾਰੀ।

ਪਾਟੀ ਚੀਖ, ਸਿਖਰ ਹੈ ਕਿਹੜਾ ?
ਰੋ ਰੋ ਚੜ੍ਹਨ ਅਜ਼ਾਨਾਂ,
ਜੋ ਮਜ਼ਲੂਮ ਧਰਤ ਦੇ ਪਾਣੀ
ਚੁੰਮੇ ਲਾ-ਮਕਾਨਾਂ।

ਅਰਸ਼-ਨਾਭ ਵਿਚ ਕੰਕਰ ਭਖਦੇ
ਕਿਸ ਤੋਂ, ਕੌਣ ਵਿਛੁੰਨੇ ?
ਹਰ ਇਕ ਤਾਰੇ ਦਾ ਮਨ ਅੱਪਣਾ
ਡੂੰਘੀ ਚੁੱਪ ਹੋ ਰੁੰਨੇ।


WWW.SIKHBOOKCLUB.COM

ਡੂੰਘੀ ਚੁੱਪ ਪਤਾਲ ਦੇ ਸੀਨੇ
ਜਾਂ ਸੂਲੀ ਅਸਮਾਨਾਂ,
ਜਿਥੇ ਹੈ ਮਜ਼ਲੂਮ ਹੈ ਓਥੇ,
ਚੁੱਪ-ਜ਼ੰਜੀਰ 'ਚ ਜਾਨਾਂ।

ਘੁੱਟਿਆ ਲਹੂ ਕਿਸੇ ਹਰਿਆਵਲ
ਬਾਲ ਗੁਨਾਹ ਦੀਆਂ ਸੀਖਾਂ,
ਵਗ ਵਗ ਗਏ ਨੀਰ ਛੱਡ ਰੇਤਾਂ
ਛੱਡ ਕੇ ਸੁੰਨੀਆਂ ਚੀਕਾਂ।

ਭਾਰਾ ਤਾਲ ਅਗਨ ਦਾ ਕਟਕੇ
ਵਣ ਦੀ ਨਾਭ ਹਿਲਾਵੇ,
ਪੀਂਹਦੇ ਦੰਦ ਨਾਗ ਦੀ ਚੋਟੀ
ਕੋਈ ਬਾਜ਼ ਚਕਰਾਵੇ।

ਕੁਝ ਪੈੜਾਂ ਤੱਕ ਬੇਬੱਸ ਅੰਬਰ
ਖਿੰਡ ਖਿੰਡ ਹੰਭ ਹੰਭ ਰੋਏ,
ਚੜ੍ਹੇ ਘੋਰ ਕੁਹਰਾਮਾਂ ਸਾਹਮੇ
ਛਿਪ ਗਈ ਜੁਗਨੂੰ ਲੋਏ।

ਸਬਰ ਦੀ 'ਵਾਜ ਮੁੜੀ, ਤੇ ਮੁੜ ਗਏ
ਫ਼ਰਿਹਾਦਾਂ ਦੇ ਤੇਸੇ;
ਸੁੰਨ ਪਹਾੜ ਦੀ ਕਾਇਆਂ ਛਿਪ ਗਈ
ਬੇ-ਯਾਰ ਪਏ ਪੇਸ਼ੇ।

ਬੇ-ਯਾਰ ਪਰਬਤ ਦੇ ਕਦਮੀਂ
ਬੁੱਤ ਰੋਹੀਆਂ ਦਾ ਸੁੰਨਾ,
ਬੇ-ਦੀਨ ਨਦੀਆਂ ਦੇ ਜਲ ਤੋਂ
ਤੇਸਾ ਕੋਈ ਵਿਛੁੰਨਾ।

ਤਾਲ ਘੁੱਪ ਆ ਖੜਾ ਪੈੜ 'ਤੇ
ਆ ਕੋਈ ਤੇਸਾ ਮਾਰੇ,
ਪਾਣੀ ਨਦੀਆਂ ਦੇ ਰੁਕ ਖੜ੍ਹ ਗਏ
ਲੰਮੇ ਸਬਰ ਸਹਾਰੇ।

ਸ਼ਕਲ ਅਨਾਦਿ ਝਿਮੀ ਵਿਚ ਖੰਡਾਂ
ਰੋਹ ਬਾਜ਼ਾਂ ਦਾ ਛਿੜਿਆ,
ਵਣਾਂ ਦੀ ਹਰਿਆਵਲ ਦਾ ਗਾਨਾ
ਹਸ਼ਰ ਦੇ ਬੂਹੇ ਖਿੜਿਆ।

•


WWW.SIKHBOOKCLUB.COM

# 28
## ਸੂਫ਼ੀਆਂ ਦਾ ਗੀਤ

ਕੁੱਲ ਅੰਬਰ-ਜ਼ਿਮੀਂ ਉਦਾਸ ਮਿਰੇ,
ਉੱਡ ਧੂੜ ਚੜ੍ਹੇ ਨੇ ਸਾਸ ਮਿਰੇ।

ਛਿਪ ਜਾਂਦੇ ਸੂਰਜ ਅਰਜ਼ ਕਰਾਂ,
ਛਿੜ ਪੈਂਦੇ ਮੁੜ ਬਨਵਾਸ ਮਿਰੇ।

ਜਾ ਮਾਰੂਥਲਾਂ ਦੀ ਪੀੜ ਬਣੇ,
ਦਰਿਆ ਜੋ ਰਹੇ ਨ ਪਾਸ ਮਿਰੇ।

ਵੱਜ ਤੁੰਦ ਬੰਜਰਾਂ 'ਤੇ ਪੌਣਾਂ,
ਜਾ ਜੁੜੀਆਂ ਨਾਲ ਵਿਣਾਸ ਮਿਰੇ।

ਕੋਈ ਰੱਬ ਦਾ ਸ਼ੌਕ ਜ਼ਹੂਰ ਕਰਾਂ,
ਆ ਪਹੁੰਚੇ ਬੰਦ-ਖਲਾਸ ਮਿਰੇ।

ਮੈਂ ਖੜ੍ਹਾ ਹਜ਼ੂਰ ਬੇਖ਼ਬਰ ਰਿਹਾ,
ਸਭ ਲਾਉਂਦੇ ਰਹੇ ਕਿਆਸ ਮਿਰੇ।

ਜਾ ਅਰਜ਼ ਮਿਰੀ ਦਾ ਨੂਰ ਕਰੋ,
ਇਹ ਸ਼ੁਤਰ-ਸੁਆਰ ਨੇ ਖ਼ਾਸ ਮਿਰੇ।

ਕੁੱਲ ਅੰਬਰ-ਜ਼ਿਮੀਂ ਉਦਾਸ ਮਿਰੇ,
ਉੱਡ ਧੂੜ ਚੜ੍ਹੇ ਨੇ ਸਾਸ ਮਿਰੇ।

•


WWW.SIKHBOOKCLUB.COM

## 29

# ਵਾਹਗੇ ਤੋਂ ਪਾਰ ਵਸਦੇ ਪੰਜਾਬ ਨੂੰ ਅਸੀਸ

ਪਿਆ ਵਸਦਾ ਰਹੇ ਝਨਾਂ ਸਾਡਾ,
ਉਸ ਪਾਰ ਵਸੇ ਕੋਈ ਨਾਂ ਸਾਡਾ।

ਉਸ ਪਾਰ ਵਸੇ ਕੋਈ ਛਾਂ ਸਾਡੀ
ਉਸ ਪਾਰ ਵਸੇ ਕੋਈ ਬਾਂਹ ਸਾਡੀ
ਕੋਈ ਗਰਜ, ਕੋਈ ਚੁੱਪ-ਚਾਂ ਸਾਡੀ,
ਉਸ ਪਾਰ ਵਸੇ ਇਕ ਅਰਜ਼ ਮੇਰੀ
ਉਸ ਪਾਰ ਵਸੇ ਅਸਮਾਂ ਸਾਡਾ—
ਪਿਆ ਵਸਦਾ ਰਹੇ ਝਨਾਂ ਸਾਡਾ।

ਜੇ ਸ਼ਹੁ ਦਰਿਆ ਨੇ ਚੁੱਪ ਹੋਏ,
ਜੇ ਡੂੰਘੇ ਪੈਂਡੇ ਘੁੱਪ ਹੋਏ,
ਜੇ 'ਵਾਜ ਮੇਰੀ ਦੇ ਰੁੱਖ ਮੋਏ,
ਕਦੇ ਦੇਸ ਕਦੇ ਪ੍ਰਦੇਸਾਂ ਤੋਂ
ਕੋਈ ਰੋ ਕੇ ਲਵੇਗਾ ਨਾਂ ਸਾਡਾ—
ਪਿਆ ਵਸਦਾ ਰਹੇ ਝਨਾਂ ਸਾਡਾ।

ਨ ਰਾਂਝਣ ਮੰਨਣਾ ਚੀਨੇ 'ਤੇ
ਗੱਲ ਕਰਨੀ ਹਸ਼ਰ ਮਹੀਨੇ 'ਤੇ
ਸਿਰ ਲਹੂ-ਲੁਹਾਣ ਲਾ ਸੀਨੇ 'ਤੇ—
ਅਸਾਂ ਪੁੱਛਣਾ ਹਾਲ-ਹਵਾਲ ਤੇਰਾ
ਜਦ ਜਲ-ਬਲ ਗਿਆ ਨਿਸ਼ਾਂ ਸਾਡਾ—
ਪਿਆ ਵਸਦਾ ਰਹੇ ਝਨਾਂ ਸਾਡਾ।

ਇਕ ਛੁਪਿਆ ਅੱਥਰੂ ਤੇਗਾਂ ਦਾ
ਵਿਚ ਡੁੱਬਿਆ ਦਾਗ ਫ਼ਰੇਬਾਂ ਦਾ
ਮਨ ਡਾਢੇ ਬੇ-ਦਰੇਗ਼ਾਂ ਦਾ,
ਸੁਣ ਸੁਣ ਗੁਜਰਾਤ ਦੀ ਹੂੰਗਰ ਨੂੰ

WWW.SIKHBOOKCLUB.COM

ਕੋਈ ਸੂਰਜ ਰਹੇ ਰਵਾਂ ਸਾਡਾ—
ਪਿਆ ਵਸਦਾ ਰਹੇ ਝਨਾਂ ਸਾਡਾ।

ਤੇਰੀ ਮਿੱਟੀ ਵਿਚ ਦਸਤੂਰ ਮਿਰਾ
ਏਥੇ ਸੁੱਟਿਆ ਤੇਗਾਂ ਨੂਰ ਮਿਰਾ
ਏਥੇ ਹੋਇਆ ਕੌਲ ਜ਼ਰੂਰ ਮਿਰਾ,
ਤੇਰਾ ਜੰਮ ਜੰਮ ਸ਼ਹਿਰ ਲਾਹੌਰ ਵਸੇ
ਜ਼ਰਾ ਦੱਸਣਾ ਕਿਵੇਂ ਸੁਹਾਂ ਸਾਡਾ—
ਪਿਆ ਵਸਦਾ ਰਹੇ ਝਨਾਂ ਸਾਡਾ।

ਹੇ ਸਿਦਕ-ਕੁਹਰਾਮ ਦੀ ਰਾਤ ਹੈ!
ਬਸ ਚੜ੍ਹਣ-ਛਿਪਣ ਦੀ ਬਾਤ ਹੈ,
ਸਾਡਾ ਲਹੂ ਨਜ਼ਰ ਦੀ ਜ਼ਾਤ ਹੈ,
ਜੋ ਸ਼ਾਹ ਅਸਵਾਰ ਨੂੰ ਮਿਲਿਆ ਨਹੀਂ
ਉਹ ਸਮਝ ਨ ਸਕੇ ਥਾਂ ਸਾਡਾ—
ਪਿਆ ਵਸਦਾ ਰਹੇ ਝਨਾਂ ਸਾਡਾ।

ਗੁਜਰਾਤ ਦੇ ਪੁਲਾਂ ਨੂੰ ਤੋੜ ਕੇ
ਤੇਗਾਂ ਦੇ ਆਖ਼ਰੀ ਮੋੜ 'ਤੇ
ਅਸੀਂ ਕੂਕੇ ਜਾਨ ਨਿਚੋੜ ਕੇ,
ਸੁਣ ਮੁਰਸ਼ਦ ਤੇਰੇ ਪੱਤਣਾਂ 'ਤੇ
ਪਿਆ ਦਿਸੇ ਨ ਕੋਈ ਮਕਾਂ ਸਾਡਾ—
ਪਿਆ ਵਸਦਾ ਰਹੇ ਝਨਾਂ ਸਾਡਾ।

ਤੇਰਾ ਬੁੱਤ ਫੜਿਆ ਇਕ ਨਜ਼ਰ ਵਿਚ
ਅਸੀਂ ਸੁੱਤੇ ਸ਼ਹਿਰ ਬੇ-ਕਦਰ ਵਿਚ
ਤੇਰੇ ਘੋੜ ਦੀ ਪੈੜ ਦੀ ਫਜਰ ਵਿਚ,
ਕਦੇ ਆ ਜਮਰੌਦ ਦੇ ਵੱਲੋਂ ਤੂੰ
ਇਕ ਦੱਸ ਜਾ ਕੋਈ ਗਿਰਾਂ ਸਾਡਾ—
ਪਿਆ ਵਸਦਾ ਰਹੇ ਝਨਾਂ ਸਾਡਾ।

ਪਿਆ ਗਰਦ ਦਾ ਲਟਕੇ ਖੰਜਰ ਹੋ,
ਪਿਆ ਲਹੂ ਨਿਚੋੜੇ ਅੰਬਰ ਹੋ,
ਮੁੜ ਗਹਿਰਾ ਹੋਇਆ ਬੰਜਰ ਹੋ,
ਸੰਗ ਮੁਰਸ਼ਦ ਤੁਰੇ ਫ਼ਰੇਬ ਕੋਈ
ਪਿਆ ਦਿਸੇ ਨਸੀਬ ਬੇ-ਨਾਂ ਸਾਡਾ—
ਪਿਆ ਵਸਦਾ ਰਹੇ ਝਨਾਂ ਸਾਡਾ।

WWW.SIKHBOOKCLUB.COM

ਰਾਹ ਪੁੱਛਿਆ ਸ਼ਹਿਰ ਲਾਹੌਰ ਹਈ,
ਤੇਰੇ ਕਾਸੇ ਜਿਗਰ ਦਾ ਦੌਰ ਹਈ,
ਕੋਈ ਬਹੁਤ ਪੁਰਾਣਾ ਤੌਰ ਹਈ!
ਬਹੂੰ ਪੁਸ਼ਤਾਂ ਤੇਗ਼ ਲੁਕਾ ਸਾਡੀ
ਜਾ ਵੱਜਣਾ ਸਿਖਰ ਨਿਸ਼ਾਂ ਸਾਡਾ—
ਪਿਆ ਵਸਦਾ ਰਹੇ ਝਨਾਂ ਸਾਡਾ।

ਹਾਂ! ਧਮਕ ਮੁੱਠੀ ਵਿਚ ਤੇਗ ਦੀ ਹੈ,
ਗੱਲ ਸ਼ਾਹ ਰਗ ਵਾਲੇ ਵੇਗ ਦੀ ਹੈ,
ਆ ਲਟਕੀ ਬੂੰਦ ਫ਼ਰੇਬ ਦੀ ਹੈ,
ਮੇਰੇ ਨਿਹਕਲੰਕ ਦੇ ਰਾਹਾਂ 'ਤੇ
ਰੋ ਹੋਇਆ ਅਟਕ ਅਗਾਂਹ ਸਾਡਾ—
ਪਿਆ ਵਸਦਾ ਰਹੇ ਝਨਾਂ ਸਾਡਾ।

ਪਿਆ ਵਸਦਾ ਰਹੇ ਝਨਾਂ ਸਾਡਾ,
ਉਸ ਪਾਰ ਵਸੇ ਕੋਈ ਨਾਂ ਸਾਡਾ।

*(ਅਗਸਤ, 1970)*

•

WWW.SIKHBOOKCLUB.COM

# 30

# ਵੱਖਰਾ ਰਾਹ

[ਹਿੰਦੂ ਫ਼ਲਸਫ਼ੇ, ਇਤਿਹਾਸ ਅਤੇ ਵਕਤ ਦੇ ਹਾਕਮਾਂ ਨੂੰ ਖ਼ਾਲਸਾ ਜੀ ਦੇ ਕੁਝ ਉਦਾਸ ਸੁਆਲ।]

ਕਾਈ ਦੱਸਣਾ ਯਾਰ ਗੁਨਾਹ ਸਾਡਾ?
ਜੱਗ ਦੱਸਦਾ ਵੱਖਰਾ ਰਾਹ ਸਾਡਾ!

ਕਾਈ ਯਾਰ ਅਸਾਨੂੰ ਲੈ ਤੁਰਿਆ,
ਨ ਸਮਝ ਪਵੇ ਕੀ ਕਹਿ ਤੁਰਿਆ,
ਸਤਲੁੱਜ ਦੀ ਕੰਧੀ ਬਹਿ ਤੁਰਿਆ,
ਜਾ ਫ਼ਜਰ ਦੇ ਸੱਥਰਾਂ 'ਤੇ ਸੁੱਤਾ
ਕੋਈ ਦੀਨ-ਦੁਨੀ ਦਾ ਸ਼ਾਹ ਸਾਡਾ—
ਕਾਈ ਦੱਸਣਾ ਯਾਰ ਗੁਨਾਹ ਸਾਡਾ?
ਜੱਗ ਦੱਸਦਾ ਵੱਖਰਾ ਰਾਹ ਸਾਡਾ!

ਮੈਂਡਾ ਯਾਰ ਭਖਾ ਕੇ ਲੋਹ ਤੁਰਿਆ
ਜਿਵੇਂ ਸਿਖਰ ਦੁਪਹਿਰਾਂ ਦਾ ਰੋਹ ਤੁਰਿਆ,
ਮੈਂਡੀ ਜਾਨ ਕੁਸੇ ਪਏ...ਮੋਹ ਤੁਰਿਆ!
ਛੱਡ ਬਾਜ਼ ਗਿਆ ਵਿਚ ਰੋਹੀਆਂ ਦੇ
ਕੋਈ ਡਾਢਾ ਬੇਪਰਵਾਹ ਸਾਡਾ—
ਕਾਈ ਦੱਸਣਾ ਯਾਰ ਗੁਨਾਹ ਸਾਡਾ!
ਜੱਗ ਦੱਸਦਾ ਵੱਖਰਾ ਰਾਹ ਸਾਡਾ!

ਜਦ ਚਿੜੀ ਫ਼ਜਰ ਦੀ ਚੂਕ ਪਈ
ਕੋਈ ਰਣ ਵਿਚ ਜਾਨ ਮਲੂਕ ਪਈ
ਕਿਸੇ ਪੈੜ 'ਤੇ ਭਖਦੀ ਕੂਕ ਪਈ—
ਹੋ ਨੀਲਾ ਲਹੂ-ਲੂਹਾਣ ਗਿਆ
ਕੋਈ ਚੱਲੇ ਹਜ਼ੂਰ ਨ ਵਾਹ ਸਾਡਾ!
ਕਾਈ ਦੱਸਣਾ ਯਾਰ ਗੁਨਾਹ ਸਾਡਾ?
ਜੱਗ ਦੱਸਦਾ ਵੱਖਰਾ ਰਾਹ ਸਾਡਾ!

WWW.SIKHBOOKCLUB.COM

ਹੋ ਪੁਰੀ ਆਨੰਦ ਨੂੰ ਹੁਕਮ ਗਿਆ
ਹੋ ਨਾਲ ਤੇਗ ਦੇ ਸੁਖਨ ਗਿਆ
ਟੁੱਟ ਮਹਾਂ ਕਾਲ ਦਾ ਰੁਕਨ ਗਿਆ,
ਸ਼ਾਹ ਰਗ 'ਚੋਂ ਰਹਿਮ ਦੀ 'ਵਾਜ ਫਟੀ
ਉਹ ਹੋਇਆ ਆਪ ਗਵਾਹ ਸਾਡਾ—
ਕਾਈ ਦੱਸਣਾ ਯਾਰ ਗੁਨਾਹ ਸਾਡਾ ?
ਜੱਗ ਦੱਸਦਾ ਵੱਖਰਾ ਰਾਹ ਸਾਡਾ।

ਲੰਮੀ ਲੰਮੀ ਅਜ਼ਾਨ ਦੀ ਹੇਕ ਗਈ
ਧਾਹ ਮਾਰ ਸਰਹਿੰਦ ਵੀ ਵੇਖ ਗਈ
ਰੋਂਦੀ ਫਟ ਸ਼ਮਸ਼ੀਰ ਅਨੇਕ ਗਈ—
ਵਿਚ ਮੋਇਆ ਦੇਸ ਬੇਗਾਨੇ ਜਾ
ਕੋਈ ਤਾਜ ਸਿਰਾਂ 'ਤੋਂ ਲਾਹ ਸਾਡਾ—
ਕਾਈ ਦੱਸਣਾ ਯਾਰ ਗੁਨਾਹ ਸਾਡਾ ?
ਜੱਗ ਦੱਸਦਾ ਵੱਖਰਾ ਰਾਹ ਸਾਡਾ।

ਸਾਨੂੰ ਯਾਰ ਅਕਾ ਨ ਬਹਿਣ ਦੇ,
ਅਸੀਂ ਜਾਨਨੇ ਹਸ਼ਰ ਨੂੰ, ਰਹਿਣ ਦੇ,
ਹਿੱਕੋ ਗੱਲ ਸਾਡੀ, ਉਹੀਓ ਕਹਿਣ ਦੇ,
ਰੂਹਾਂ ਰੋ ਬਨਬਾਸਾਂ ਦੇ ਵਿਚ ਪਈਆਂ:
"ਬੇ-ਖ਼ਬਰ ਉਦਾਸ ਮਲਾਹ ਸਾਡਾ—"
ਕਾਈ ਦੱਸਣਾ ਯਾਰ ਗੁਨਾਹ ਸਾਡਾ ?
ਜੱਗ ਦੱਸਦਾ ਵੱਖਰਾ ਰਾਹ ਸਾਡਾ!

ਅੱਗ ਸ਼ਹੁ ਦਰਿਆਵਾਂ ਦੀ ਸਿਖਰ ਗਈ,
ਉੱਚੇ ਗਜ਼ਬ ਦੇ ਕੋਟਾਂ 'ਤੇ ਬਿਖਰ ਗਈ,
ਹੇਠ ਬੂੰਦ ਸ਼ਹੀਦਾਂ ਦੀ ਨਿਖਰ ਪਈ,
ਤੁਸੀਂ ਪੁੱਛੋ ਨ ਹਾਲ ਨਸੀਬਾਂ ਦਾ
ਸਭ ਸੁਖਨ ਈਮਾਨ ਕੁਹਾ ਸਾਡਾ—
ਕਾਈ ਦੱਸਣਾ ਯਾਰ ਗੁਨਾਹ ਸਾਡਾ ?
ਜੱਗ ਦੱਸਦਾ ਵੱਖਰਾ ਰਾਹ ਸਾਡਾ।

ਸਭ ਚਰਖ਼ ਧੂੜ ਨਾਲ ਲੱਦੇ ਵੋ
ਕੋਈ ਯਾਰ ਨ ਬੇਲੀ ਲੱਭੇ ਵੋ
ਨ ਕੋਲ ਨ ਦੂਰੋਂ ਸੱਦੇ ਵੋ—
ਜਦ ਨਨਕਾਣੇ ਦੀ 'ਵਾਜ ਪਵੇ
ਪਿਆ ਜਾਨ ਤੋਂ ਟੁੱਟਦਾ ਸਾਹ ਸਾਡਾ—


WWW.SIKHBOOKCLUB.COM

ਕਾਈ ਦੱਸਣਾ ਯਾਰ ਗੁਨਾਹ ਸਾਡਾ ?
ਜੱਗ ਦੱਸਦਾ ਵੱਖਰਾ ਰਾਹ ਸਾਡਾ !

ਇਕ ਸੰਵ ਸਭਰਾਵਾਂ ਦੇ ਨਾਲ ਪਈ,
ਅੱਖੀਂ ਡੁਸਕਣ ਤੇ ਜਾਨ ਬੇ-ਹਾਲ ਪਈ,
ਹਿੱਕੋ ਗੱਲ ਸਾਡੀ ਕਿਉਂ ਖ਼ਿਆਲ ਪਈ ?
ਜੈਂਦਾ ਬਾਜ਼ ਫ਼ਜਰ ਦੇ ਵਿਚ ਉੱਡਦਾ
ਉਹੀਓ ਆਖ਼ਿਰ, ਤੇ ਉਹੀਓ ਏ ਰਾਹ ਸਾਡਾ।
ਕਾਈ ਦੱਸਣਾ ਯਾਰ ਗੁਨਾਹ ਸਾਡਾ ?
ਜੱਗ ਦੱਸਦਾ ਵੱਖਰਾ ਰਾਹ ਸਾਡਾ !

*(ਅਗਸਤ, 1970)*

•



WWW.SIKHBOOKCLUB.COM

# 31
# ਸਿਦਕ ਦੇ ਮੋੜ 'ਤੇ

ਨਿੱਕੀਆਂ ਨਿੱਕੀਆਂ ਕੀਤੀਆਂ
ਮੇਰੀ ਉਮਰ ਨੇ ਗੱਲਾਂ,
ਵੱਡੀਆਂ ਵੱਡੀਆਂ ਹੋਈਆਂ
ਸਾਗਰ ਦੀਆਂ ਛੱਲਾਂ।

ਖੁੱਲਿਆ ਝੱਲ ਖਲੇਰ ਕੇ
ਮੇਰੀ ਉਮਰ ਦਾ ਬੂਹਾ,
ਬਾਬਲ ਦੇ ਦਰ ਦੇਖਦੀ
ਤੇਰੇ ਸ਼ਹਿਰ ਨੂੰ ਚੱਲਾਂ।

ਮੈਂ ਕਰਕੇ ਦਰਸ ਫ਼ਕੀਰ ਦਾ
ਬਸ ਸਭ ਕੁਝ ਹੋਈ,
ਨ ਸਜਦਾ ਕੀਤਾ ਨਬੀ ਨੂੰ
ਮੇਰੇ ਝੱਲ-ਵਲੱਲਾਂ।

ਮੈਂ ਚੁੱਕ ਕੇ ਖਾਰੀ ਸਿਦਕ ਦੀ
ਜਦ ਅੰਬਰ ਵੇਖੇ,
ਮੈਂ ਪਲ ਵਿਚ ਲਈ ਸੰਵਾਣ ਵੇ
ਕੁੱਲ ਬੇਲੇ ਝੱਲਾਂ।

ਤੈਂ ਭੇਹਰ ਫ਼ਜਰ ਦੀ ਸੁਣੀਂਦਾ
ਕੋਈ ਆਖ਼ਰੀ ਵੇਲਾ,
ਤੇਰੀ ਦੂਰ ਦੁਰਾਡੀ ਸੰਢ ਵਲ
ਮੈਂ ਕਿਸ ਨੂੰ ਘੱਲਾਂ ?

ਉਸ ਸੁੰਞ-ਦਰਵਾਜ਼ੇ ਗਗਨ ਦੇ
ਖੰਭਾਂ ਦੀ ਢੇਰੀ,
ਮੇਰੀ ਸ਼ਾਹ ਰਗ ਦੇ ਵਿਚ ਰੋਂਦੀਆਂ
ਕਿਤੋਂ ਆਣ ਇਕੱਲਾਂ।

WWW.SIKHBOOKCLUB.COM

ਤੱਕੇ ਰੋਂਦੇ ਕਾਫ਼ਲੇ
ਚੰਨ ਈਦ ਦੇ ਹੇਠਾਂ,
ਧੂੜਾਂ ਦੇ ਨਾਲ ਲੱਦਿਆਂ
ਮੇਰੇ ਕੋਟ-ਮਹੱਲਾਂ।

ਉੱਡਦਾ ਰਹੇਗਾ ਧਰਤ 'ਤੇ
ਤੇਰਾ ਬਾਜ਼ ਅਖ਼ੀਰੀ,
ਭਸਮ ਹੋਏ ਅਸਮਾਨ ਸਭ
ਮੈਂ ਚੀਖ ਕੇ ਵੱਲਾਂ।

ਮੈਂ ਤੱਕਦੀ ਈਦ ਦੇ ਚੰਨ ਨੂੰ
ਪਰਦੇਸਨ ਹੋਈ,
ਚਾਵਾਂ ਭਰੇ ਫ਼ਕੀਰ ਦੀ
ਕਿਸੇ ਜੂਹ ਨੂੰ ਮੱਲਾਂ।

ਭਸਮ ਹੋਈ ਅੱਖ ਚਿਰਾਂ ਦੀ
ਵਿਚ ਸੁੰਨੀਆਂ ਰੋਹੀਆਂ,
ਮੈਂ ਜੋਬਨ ਦੀ ਲੈ ਵਾਹਰ ਨੂੰ
ਤੈਂ ਬੇਲੇ ਸੱਲ੍ਹਾਂ।

ਨਿੱਕੀਆਂ ਨਿੱਕੀਆਂ ਕੀਤੀਆਂ
ਮੇਰੀ ਉਮਰ ਨੇ ਗੱਲਾਂ।

*(1969)*

•



WWW.SIKHBOOKCLUB.COM 

# 32

# ਸਿੱਖ ਸ਼ਹੀਦ ਦੀ ਅਰਦਾਸ

[ਕਲਗ਼ੀਆਂ ਵਾਲੇ ਦੇ ਦਰਬਾਰ ਵਿਚ]

(1)

ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ,
ਮੁੜਣਾ ਕਿਸੇ ਫ਼ਕੀਰ ਨੇ, ਇਹ ਯਾਦ ਹੈ ਮੇਰੇ।

ਮੌਤ-ਖ਼ਲਾ ਦੇ ਜਿਗਰ ਵਿਚ
ਲੱਖ ਵੈਣ ਨੇ ਮੇਰੇ,
ਅੰਬੇ ਥਲਾਂ ਦੀ ਸੁੰਞ ਵਿਚ
ਦੋ ਨੈਣ ਨੇ ਮੇਰੇ,
ਮੇਲਿਆਂ ਦੇ ਵਿਚ ਫੜੇ ਸੀ
ਰੋ ਹੱਥ ਮੈਂ ਤੇਰੇ;
ਹੂੰਗਰ ਤੇਰੇ ਬਾਜ਼ ਦੀ, ਵਿਚ ਸੁਣੇ ਹਨੇਰੇ—
ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ।

ਤੇਰੇ ਅੰਬਰ ਹੇਠ ਮੈਂ
ਲੱਖ ਪੈਂਡੇ ਕੀਤੇ,
ਸੂਰਜ ਤੈਂਡਾ ਤਕਦਿਆਂ
ਕਈ ਯੁਗ ਨੇ ਬੀਤੇ,
ਖ਼ਾਲੀ ਹੱਥ ਦਰਵੇਸ਼ ਨੇ
ਵਲ ਗੋਰਾਂ ਕੀਤੇ;
ਪੱਲੇ ਅੱਜ ਫ਼ਕੀਰ ਦੇ, ਦੋ ਬੋਲ ਨੇ ਤੇਰੇ—
ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ।

ਗੋਰਾਂ ਦੇ ਵਿਚ ਰੁਲਦਿਆਂ
ਮੇਰੀ 'ਵਾਜ ਖਲੋਈ:
ਦੂਰ ਸੁੰਨ ਬਿਕਰਾਲ ਵਿਚ
ਕਿਤੇ ਰੱਤ ਹੈ ਚੋਈ,

WWW.SIKHBOOKCLUB.COM

ਸੱਭੋ ਸਾਵਨ ਕੂਕ ਪਏ...
ਚੁੱਕ ਕੂੰਜੜੀ ਮੋਈ,
ਪੈਂਡਾ ਤੇਰੇ ਹੁਕਮ ਦਾ, ਬਹੂੰ ਦੂਰ ਅਗੇਰੇ—
ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ।

ਹੱਡਾਂ ਦੇ ਵਿਚ ਚੱਲਦਾ
ਵੱਡ ਚਰਖ ਦਾ ਗੇੜਾ,
ਸਤਲੁਜ ਭਰਿਆ ਲਹੂ ਦਾ
ਕਿਤੇ ਰਹਿਮ ਹੈ ਤੇਰਾ,
ਸਹਿਕ ਰਹੇ ਲੈ ਅੱਥਰੂ
ਸ਼ਮਸ਼ੀਰ ਦਾ ਜੇਰਾ—
ਢੱਕ ਲਏ ਲਸ਼ਕਰ ਥਲਾਂ ਦੇ, ਮੇਰੇ ਕੋਟ-ਬਨੇਰੇ—
ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ।

ਮਨੀ ਸਿੰਘ ਦੇ ਪੋਟਿਆਂ
'ਤੇ ਕਰਮ ਦੁਰਾਡਾ,
ਇਸ ਮਿੱਟੀ ਦੀ ਮੁੱਠ ਵਿਚ
ਕੁਰਲਾਟ ਹੈ ਡਾਢਾ,
ਬਹੁੜੀਂ ਕਲਗੀ ਵਾਲਿਆ
ਕੋਈ ਦੇਸ ਨ ਸਾਡਾ!
ਮੁੱਠ ਵਿਚ ਵੇਲਾ ਹਸ਼ਰ ਦਾ, ਅੱਜ ਸੱਥਰੀਂ ਡੇਰੇ—
ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ।

ਗੁਜ਼ਰੇ ਕਹਿਰ ਫ਼ਕੀਰ 'ਤੇ
ਵਿਚ ਰਣ ਸਭਰਾਵਾਂ,
ਕੋਈ ਵੀ ਕਿਸੇ ਦਾ ਰਿਹਾ ਨ
ਨ ਰਾਹ ਸਿਰਨਾਵਾਂ,
ਰੋ ਸਤਲੁਜ 'ਤੇ ਲੇਟੀਆਂ
ਬੇਹਾਲ ਹਵਾਵਾਂ,
ਲੱਭਦੇ ਪੈੜ ਹਜ਼ੂਰ ਦੀ, ਬੇਨੂਰ ਹੋ ਖੇੜੇ—
ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ।

ਲੱਥੀ ਗਹਿਰ ਫ਼ਕੀਰ 'ਤੇ
ਬੇ-ਓੜਕ ਕਾਲੀ,
ਕਾਲੇ ਖੂਹ ਵਿਚ, ਨੂਰ ਦਾ
ਹੱਥ ਦਿਸੇ ਨ ਹਾਲੀ,


WWW.SIKHBOOKCLUB.COM

ਲਸ਼ਕਰ ਚੜ੍ਹੇ ਵਜੀਦ ਦੇ
ਰਾਹ ਵੇਖਣ ਚਾਲੀ;
ਸੱਚਾ ਕਰਮ ਹਜ਼ੂਰ ਦਾ, ਕਦੇ ਪਾਵੇ ਫੇਰੇ—
ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ।

ਰੇਤ ਦੇ ਖ਼ਾਲੀ ਬੁੱਤ ਵਿਚ
ਕਿਤੇ ਹੈਣ ਕਿਨਾਰੇ,
ਨਫ਼ਸ ਦੇ ਕਿਣਕੇ ਅੰਦਰਾਂ
ਲੱਖ ਚੜ੍ਹਣ ਸਿਤਾਰੇ,
ਇਸ ਕਲਬੂਤ ਤੋਂ ਬਾਹਰ ਨੇ
ਮੇਰੇ ਯਾਰ ਪਿਆਰੇ,
ਲਾ-ਮਕਾਨ 'ਤੇ ਵਿਛੇ ਨੇ, ਕੁੱਲ ਸੱਥਰ ਤੇਰੇ,
ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ।

ਰਾਹ ਨਾਬੂਦ 'ਤੇ ਫੈਲਦੇ
ਮੇਰੀ ਸ਼ਾਮ ਦੇ ਅੱਖਰ,
ਹੱਥ ਜਲਾਦਾਂ ਲਿਖੇ ਨੇ
ਸ਼ਮਸ਼ਾਨ ਦੇ ਅੱਖਰ,
ਸੋਹਣਿਆਂ ਤੇਰੀ ਨਜ਼ਰ ਮੈਂ
ਅਰਮਾਨ ਦੇ ਅੱਖਰ;
ਸਾਨੂੰ ਰੋਗ ਕਦੀਮ ਦਾ, ਕਰ ਬੇਰੇ ਬੇਰੇ—
ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ।

ਗਾਨਾ ਬੰਨ੍ਹ ਕੇ ਸਿਦਕ ਦਾ
ਮੈਂ ਫੇਰ ਨ ਮੁੜਿਆ,
ਛਾਲੇ ਛਾਲੇ ਰੁਲ ਗਿਆ
ਤਨ ਥਲਾਂ 'ਚ ਭੁਰਿਆ,
ਤੋਸ਼ਾ ਤੇਰੇ ਹੁਕਮ ਦਾ
ਬੱਸ ਰਾਹ ਲਈ ਜੁੜਿਆ;
ਰੋਂਦੇ ਰਹਿਣ ਜੱਲਾਦ ਵੀ, ਮੇਰੇ ਸੁੰਞੇ ਵਿਹੜੇ—
ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ।

ਧੁਖਦਾ ਪਾਸਾ ਵਿਲਕਿਆ
ਤਨ ਲੜਿਆ ਕਾਢਾ,
ਪੁਰਸਲਾਤ 'ਤੇ ਖੜ੍ਹਾ ਹੈ
ਲੈ ਨੌਬਤ ਡਾਢਾ,


WWW.SIKHBOOKCLUB.COM

ਸ਼ਹੁ-ਤਕਦੀਰ ਦੇ ਪੱਤਣੀਂ
ਹੈ ਕੁਝ ਤਾਂ ਸਾਡਾ।
ਹੱਭੋ ਮੁਲਖ ਬੇਗਾਨੜਾ, ਕੋਈ ਹੰਝ ਨ ਕੇਰੇ—
ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ।

ਉੱਠ ਗਏ ਮੇਰੇ ਗਵਾਹ ਨੇ
ਮੈਨੂੰ ਸਮਝ ਬੇਗਾਨਾ,
ਸ਼ਹੁ ਦਰਿਆ ਜਿਉਂ ਛੋਡ ਕੇ
ਤੁਰ ਜਾਣ ਰਕਾਨਾਂ,
ਜਾਪਨ ਮੇਰੇ ਹਾਲ ਦੇ
ਗਏ ਤੋੜ ਜ਼ਬਾਨਾਂ;
ਤੁਰਿਆ ਈਦ ਦਾ ਚੰਨ ਵੀ, ਛੱਡ ਬਾਗ਼ ਹਨੇਰੇ—
ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ।

ਜਿੰਦ ਨਿਮਾਣੀ ਡੋਲਦੀ
ਘਿਰਿ ਰੋਹ-ਪਰਵਾਜ਼ਾਂ,
ਘੋਰ ਦੁਰੇਡੀ ਸੰਞ ਵਿਚ
ਖੋ ਜਾਣ ਆਵਾਜ਼ਾਂ,
ਚਾਇਆ ਸਾਡੀ ਜਿੰਦ ਨੂੰ
ਤੇਰੇ ਸੋਹਣਿਆਂ ਬਾਜ਼ਾਂ;
ਪਾੜ ਦੇ ਆ ਕੇ ਸੋਹਣਿਆਂ, ਬੇ-ਦਾਵੇ ਮੇਰੇ!
ਛਿਪਿਆ ਸੂਰਜ ਕਹਿਰ ਦਾ, ਮੇਰੀ ਚਿਖਾ ਦੇ ਨੇੜੇ।

## (2)

ਤੂੰ ਆਵੀਂ ਕਲਗ਼ੀ ਵਾਲਿਆ, ਕੋਈ ਦੇਸ ਨਾ ਸਾਡਾ,
ਸੁਪਨਾ ਪੁਰੀ ਆਨੰਦ ਦਾ, ਬੇ-ਨੂਰ ਦੁਰਾਡਾ।

ਤੈਂਡਾ ਰਹਿਮ ਪਛਾਣ ਕੇ
ਮੈਂ ਨਿਸਚਾ ਕਰਿਆ,
ਰੁੱਤ ਘਾਮ ਪਰਦੇਸ ਦੀ
ਕੋਈ ਬੂਟ ਨ ਹਰਿਆ,
ਸੁੰਞਾ ਸਤਲੁਜ ਚਿਰਾਂ ਤੋਂ
ਬੇ-ਨੀਰ ਹੈ ਦਰਿਆ,
ਰੁਲਦਾ ਨਾਮ ਹਜ਼ੂਰ ਦਾ, ਕੋਈ ਵੇਸ ਨ ਸਾਡਾ,
ਤੂੰ ਬਹੁੜੀਂ ਕਲਗ਼ੀ ਵਾਲਿਆ, ਕੋਈ ਦੇਸ ਨ ਸਾਡਾ।

WWW.SIKHBOOKCLUB.COM

ਰੋਹੀ ਘਾਮ ਦੀ, ਮੁੱਕਿਆ!
ਤੇਰੇ ਕਰਮ ਦਾ ਪੈਂਡਾ,
ਸ਼ੁਕਰ ਦੀ ਜੂਹੇ ਵੜਦਿਆਂ
ਸਾਹ ਟੁੱਟਿਆ ਮੈਂਡਾ,
ਸੁੱਟਿਆ ਖ਼ਾਕ ਜੀਰਾਣ ਵਿਚ
ਰੋ ਤੋਸ਼ਾ ਤੈਂਡਾ;
ਬਹਿ ਕੇ ਬਾਜ਼ ਦੇ ਖੰਭ 'ਤੇ, ਦਿਲ ਰੋਇਆ ਡਾਢਾ!
ਤੂੰ ਬਹੁੜੀਂ ਕਲਗੀ ਵਾਲਿਆ, ਕੋਈ ਦੇਸ ਨ ਸਾਡਾ।

ਸੁੰਞੇ ਪੱਤਣ ਚਿਰਾਂ ਦੇ
ਕੋਈ ਖ਼ਬਰ ਨ ਤੈਨੂੰ,
ਸਤਲੁਜ ਭਰਿਆ ਲਹੂ ਦਾ
ਛੱਡ ਮਿਲੀਏ ਕੈਨੂੰ?
ਸ਼ਹੁ-ਤਕਦੀਰ ਦਾ ਖੇਡਦਾ
ਬਿਨ ਦੱਸਿਆਂ ਮੈਨੂੰ;
ਮੁਲਖਾਂ ਵਾਲਿਆਂ ਲਾਇਆ, ਦਰਵੇਸ਼ ਨਾ' ਆਢਾ,
ਤੂੰ ਬਹੁੜੀਂ ਕਲਗੀ ਵਾਲਿਆ, ਕੋਈ ਦੇਸ ਨ ਸਾਡਾ।

ਦਾਮਨ ਤੈਂਡਾ ਪਾਟ ਕੇ
ਵਿਚ ਰੁਲਿਆ ਰੋਹੀਆਂ,
ਜਿੰਦਾਂ ਲੱਖ ਨਿਮਾਣੀਆਂ
ਤੱਕ ਸਰਸਾ ਰੋਈਆਂ,
ਟੁੱਟੀ ਅਰਜ਼ ਮੁਰੀਦ ਦੀ
ਸੁਣ ਹੰਭੀ, ਮੋਈਆਂ;
ਜੋਬਨ ਪਿਆ ਮੁਕਾਂਵਦਾ, ਸਿਰ ਝੁਲਦਾ ਜਾੜਾ—
ਤੂੰ ਬਹੁੜੀਂ ਕਲਗੀ ਵਾਲਿਆ, ਕੋਈ ਦੇਸ ਨ ਸਾਡਾ।

ਗੋਰਾਂ ਘੁੱਪ ਹਨੇਰੀਆਂ
ਸਾਹ ਹੌਲ ਕੇ ਡੋਲੇ,
ਗਲੀਂ ਜਿਨ੍ਹਾਂ ਦੇ ਬਾਹੜੀਆਂ
ਉਹ ਫੇਰ ਨ ਬੋਲੇ,
ਕਿੰਨੇ ਸ਼ਹਿਰ ਆਬਾਦ ਨੇ
ਤੇਰੇ ਦਾਮਨ ਓਹਲੇ!
ਹਿੱਕੋ ਵਾਰ ਹੀ ਤੱਕ ਲਏ, ਅਸਵਾਰ ਜੇ ਡਾਢਾ—
ਤੂੰ ਬਹੁੜੀਂ ਕਲਗੀ ਵਾਲਿਆ, ਕੋਈ ਦੇਸ ਨ ਸਾਡਾ।

WWW.SIKHBOOKCLUB.COM

ਸੁੰਞਾਂ ਮੂੰਝ ਬੇ-ਰੁੱਤੀਆਂ
ਤਿਰਾ ਦਿਸੇ ਨ ਦਾਮਨ,
ਨ ਕੋਈ ਹੁਕਮ ਹਜ਼ੂਰ ਦਾ
ਨ ਪੈੜ ਨ ਜ਼ਾਮਨ,
ਦੂਰ ਘੰਗੋਰਾਂ ਉਠਦੀਆਂ
ਕਿਤੇ ਲਸ਼ਕਰ ਜਾਵਣ,
ਜਾਪੇ ਸਾਡੇ ਸਿਰਾਂ 'ਤੇ, ਕੋਈ ਰੋਸ ਤੁਹਾਡਾ—
ਤੂੰ ਬਹੁੜੀਂ ਕਲਗੀ ਵਾਲਿਆ, ਕੋਈ ਦੇਸ ਨ ਸਾਡਾ।
ਸੁਪਨਾ ਪੁਰੀ ਆਨੰਦ ਦਾ, ਬੇ-ਨੂਰ ਦੁਰਾਡਾ।

*(ਦਸੰਬਰ, 1969)*

•


WWW.SIKHBOOKCLUB.COM

## 33

# ਫ਼ਨਾ ਦੇ ਮੁਕਾਮ 'ਤੇ

ਨੌਬਤ ਵੱਜੀ ਜਦੋਂ ਤੋਂ, ਦਿਲ ਧੜਕੇ ਮੇਰਾ।
ਤੱਕਿਆ ਰਾਹ ਨਾਬੂਦ ਤੇ, ਪਰਛਾਵਾਂ ਤੇਰਾ।

ਨਿੰਮੋਝੂਣ ਨੇ ਬੈਠੀਆਂ
ਸਿਰ ਸੁੱਟ ਰਕਾਨਾਂ,
ਕਾਲੇ ਜਲ ਚੋਂ ਉੱਠ ਕੇ
ਕੁਰਲਾਉਂਦੀਆਂ ਜਾਨਾਂ,
ਅੱਧੀ ਰਾਤ ਨੂੰ ਕੂਕੀਆਂ
ਚਹੁੰ ਕੂੰਟ ਜੀਰਾਣਾਂ;
ਸੰਸਾ ਫੜਿਆ ਜਿੰਦ ਨੇ, ਨਾ ਸਾਬਤ ਜੇਰਾ।
ਨੌਬਤ ਵੱਜੀ ਜਦੋਂ ਤੋਂ, ਦਿਲ ਧੜਕੇ ਮੇਰਾ।

ਪੀਲੇ ਪੱਤਰ ਨਾਲ ਨ
ਮੇਰੀ ਖੇਡ ਵਿਹਾਣੀ,
ਥਲ-ਉਦਿਆਨ 'ਚ ਕਿਤੇ ਤਾਂ
ਮੇਰੀ ਅਰਜ਼ ਦੇ ਪਾਣੀ!
ਬਾਜ਼ ਨ ਨਜ਼ਰੀਂ ਆਂਵਦਾ
ਨ ਕੂਕ ਪੁਰਾਣੀ,
ਸੁੰਨ-ਦਰਿਆ ਵਿਚ ਕਦੋਂ ਦਾ, ਢਹਿ ਪਿਆ ਬਨੇਰਾ,
ਨੌਬਤ ਵੱਜੀ ਜਦੋਂ ਤੋਂ, ਦਿਲ ਧੜਕੇ ਮੇਰਾ।

ਪੁਰਸਲਾਤ ਤੋਂ ਦਿਸੇ ਪਈ
ਹਾਂ, ਮਜਲਸ ਕੋਈ,
ਹਿੱਕ ਮੇਲੇ ਦੀ ਯਾਦ ਵੀ
ਭਰ ਅੱਖੀਏਂ ਚੋਈ,
ਅੰਬਾਂ ਦੀ ਛਾਂ ਹੇਠ ਸੀ
ਕਦੇ ਜਿੰਦੜੀ ਰੋਈ,


WWW.SIKHBOOKCLUB.COM

ਵਹਿ ਗਿਆ ਲਹੂ ਦੇ ਪਾਣੀਏਂ, ਦਰਵੇਸ਼ ਦਾ ਡੇਰਾ,
ਨੌਬਤ ਵੱਜੀ ਜਦੋਂ ਤੋਂ, ਦਿਲ ਧੜਕੇ ਮੇਰਾ।

ਵੱਡੇ ਤਕੜੇ ਰੋਂਦੀਆਂ
ਭਰ ਨੀਰ ਰਕਾਨਾਂ,
"ਬਾਗ਼ਾਂ ਦੇ ਵਿਚ ਖੇਡ ਕੇ
ਤੁਰ ਜਾਏਂ ਜੁਆਨਾਂ"
ਟਿੱਲੇ 'ਤੇ ਬਹਿ ਦੇਂਵਦੇ
ਮੇਰੇ ਯਾਰ ਅਜ਼ਾਨਾਂ,
ਮਾਣ ਕਰਾਂ ਕੀ ਯਾਰ 'ਤੇ, ਮੁੜ ਪਾਏ ਨਾ ਫੇਰਾ,
ਨੌਬਤ ਵੱਜੀ ਜਦੋਂ ਤੋਂ, ਦਿਲ ਧੜਕੇ ਮੇਰਾ।

ਪਾਇਆ ਰੇਤ ਦੇ ਬੁੱਤ ਨੂੰ
ਚਹੁੰ ਕੁੰਟਾਂ ਘੇਰਾ,
ਮੰਗਦਾ ਪਿਆ ਹਿਸਾਬ ਹੈ
ਇਕ ਸਜਦਾ ਮੇਰਾ,
ਭਰੇ ਹੋਏ ਦਰਿਆ ਜਿਉਂ
ਦਿਲ ਸਿੱਕਦਾ ਤੇਰਾ,
ਸੁਣਦਾ ਪਿਆ ਫ਼ਕੀਰ ਨੂੰ, ਕੋਈ ਸੁਖਨ ਉਚੇਰਾ—
ਨੌਬਤ ਵੱਜੀ ਜਦੋਂ ਤੋਂ, ਦਿਲ ਧੜਕੇ ਮੇਰਾ।
ਤੱਕਿਆ ਰਾਹ ਨਾਬੂਦ ਤੇ, ਪਰਛਾਵਾਂ ਤੇਰਾ।

•

WWW.SIKHBOOKCLUB.COM

# 34
# ਰਾਵੀ ਦੀ ਹੇਕ

## (1)

ਅੱਧੀ ਰਾਤ ਦੇ ਬੇਲਿਆਂ ਅੰਦਰ
ਕਦੇ ਕਦੇ ਰਾਵੀ ਦੀ ਹੇਕ ਮੈਂ ਸੁਣਦਾ।
ਅਤਿ ਦੇ ਡੂੰਘਿਆਂ ਪਾਣੀਆਂ ਸੀਨੇ
ਖ਼ੂਨੀ ਘੋੜਿਆਂ ਦੇ ਪੌੜਾਂ ਦੀ 'ਵਾਜ ਵਿਚ ਲਿਪਟਿਆ
ਹਿਮਾਲਾ ਸਮੇਂ ਦੇ ਲਸ਼ਕਰਾਂ ਨੂੰ ਸੁੰਨ ਕਰ ਸੁੱਤਾ।

ਨਾਨਕਾ! ਤੜਫ ਪਏ:
ਤੇਰੇ ਰਬਾਬ ਦੀਆਂ ਠੰਡੀਆ ਤਾਰਾਂ ਦੇ ਕੋਲੇ
ਮੁਲਤਾਨ ਦੇ ਰਣਾਂ ਵਿਚ ਰੋਂਦਿਆਂ ਸ਼ੁਤਰਾਂ ਦੇ ਕਾਫ਼ਲੇ
ਰਣ ਸਭਰਾਉਂ ਤਦੇ ਲਹੂ ਵਿਚ ਮੋਏ ਦੁਪਹਿਰੇ;
ਤਾਰਿਆਂ ਦੀਆਂ ਪਾਟੀਆਂ ਰਗਾਂ ਦੇ ਵਿੱਚੋਂ
ਸ਼ਮਸ਼ਾਨਾਂ ਦੀ ਰਾਖ ਪਈ ਉੱਡਦੀ
ਅਰਸ਼ ਦੇ ਖ਼ਾਲੀ ਚਸ਼ਮ ਜਿਉਂ ਪਾਟਦੀ,
ਥਲਾਂ 'ਚੋਂ ਅੱਗ ਨਾਸੂਰ ਜਿਉਂ ਫੁੱਟਦੀ
ਤੜਫਦੇ ਰਾਵੀ ਦੇ ਪਾਣੀ ਚੁਫੇਰੇ!

## (2)

ਬੀਰ ਅਕਾਲੀ ਦੇ ਨੇਜ਼ੇ ਦੇ ਰੋਹ ਜਿਉਂ
ਪੰਜਾਬ ਦੇ ਖੰਡਰਾਂ ਦੇ ਸੀਨੇ ਨੂੰ ਵਿੰਨ੍ਹਦੀ
ਚਿਰਾਂ ਦੇ ਡੁੱਬੇ ਹੰਝੂਆਂ ਵਿਚ ਲਹੂ ਨੂੰ ਸੂਤਦੀ
ਰਾਵੀਏ! ਬੂਰ ਦੀ ਛੱਲ ਇਕ ਮਾਰੀਂ!
ਫਟੇ ਕਾਲੀ ਗਸ਼ ਦੀ ਅੱਖ 'ਚੋਂ
ਚਿੱਟਿਆਂ ਬਾਜ਼ਾਂ ਦੀ ਕਾਂਗ ਇਕ ਅੰਨ੍ਹੀ
ਲਹੂ ਦੀ ਵਾਹਰ ਆ ਵੱਜੇ


WWW.SIKHBOOKCLUB.COM

ਪਾਟ ਜਾਣ ਖੰਡਰਾਂ ਦੇ ਮੱਥੇ
ਫਲ ਪਵੇ ਫੇਰ ਪੰਜਾਬ ਦੇ ਰਾਹਾਂ ਨੂੰ।
ਨਾਨਕਾ! ਕਿਤੇ ਨ ਰਹੀਆਂ
ਸਿਖਰ ਦੁਪਹਿਰਾਂ ਦੀਆਂ ਲਾਟਾਂ ਛਡਦੀਆਂ
ਤੇਰੇ ਰਬਾਬ ਦੀਆਂ ਤਾਰਾਂ ਰੱਤੀਆਂ;
ਚੌੜੇ ਥਲਾਂ ਦੀ ਪੈੜ ਨੂੰ ਪੁੱਟਦੀਆਂ
ਲਲਕਾਰ ਕੇ ਹਨੇਰੀਆਂ 'ਚ ਸੁਟਦੀਆਂ
ਚੀਖ ਕੇ ਤਾਰੇ ਘੁੱਟਦੀਆਂ
ਬਾਬਾ ਜੀ! ਸੁੰਨ ਵਿਚ ਮੋਏ ਸੱਪ ਜਿਉਂ ਲੇਟੀਆਂ!

(3)

ਪੰਛੀ ਦੀ ਸੁੱਕੀ ਰਗ ਨਾਲ
ਧੂੜ ਪਈ ਲਿਪਟੇ,
ਮੋਏ ਪੁੱਤ ਪੰਜਾਬ ਦੇ ਹੱਥ ਨ ਆਵਣੇ!
ਫ਼ਜਰ-ਮਧਾਣੀਆਂ ਦੀ ਖੱਟੀ 'ਤੇ ਮਿੱਠੀ ਮਹਿਕ ਨਾਲ ਭਰੀਆਂ
ਉਹ ਛਾਵਾਂ ਫੇਰ ਨ ਥਿਆਉਣੀਆਂ—
ਮਾਸੂਮ ਨੈਣਾਂ ਦੇ ਸਾਹਮਣੇ ਤਾਰਿਆਂ ਦੇ ਵਾਂਗੂੰ ਚਮਕਦੇ
ਇਲਮ ਦੀ ਹੱਦ ਤੋਂ ਅੱਗੇ ਦੇ ਲੱਖਾਂ ਆਵੇਸ਼
ਕਦੇ ਨ ਹਲ-ਵਾਹੁੰਦਿਆਂ ਜੱਟਾਂ ਨੂੰ ਦਿਸਣੇ!
ਪੱਥਰਾਂ ਦੀ ਜਾਨ ਨੂੰ ਇੱਕੋ ਘੁੱਟ ਵਿਚ ਪੀਣ ਵਾਲਾ
ਉਹ ਕਹਿਰ ਨ ਸਾਡੀਆਂ ਰਗਾਂ 'ਤੇ ਉੱਡਣਾ!
ਝੁਕੇ ਬੱਦਲਾਂ ਦੇ ਬੇਪਨਾਹ ਹੁਸਨ ਨੂੰ
ਫੇਰ ਨ ਰਸਾਂ-ਕਸਾਂ ਦੀ ਕੂਕ ਵੰਗਾਰਣਾ—
ਬਿਜਲੀਆਂ ਤੋੜ-ਮਰੋੜ ਕੇ ਭੱਖਦੀ
ਫੇਰ ਨ ਕਿਸੇ ਨੇ ਰਿਜ਼ਕ ਦੇ ਦਾਣੇ ਦੇ ਅੰਦਰ
ਧੁਰ ਪਤਾਲਾਂ ਤੋਂ ਡੂੰਘੀ
ਅਰਸ਼ ਦੀ ਧੁੰਧ ਤੋਂ ਗਾੜ੍ਹੀ
ਨਜ਼ਰ ਸ਼ਹੀਦਾਂ ਦੀ ਸੁੱਟਣੀ ਗਾਉਂਦਿਆਂ—
ਗੋਦਾਵਰੀ ਦੇ ਪੱਤਣਾਂ 'ਤੇ ਰੋਂਦਿਆਂ
ਫੇਰ ਨ ਕਿਸੇ ਦਲੀਪ ਨੇ
ਡੂੰਘੜੇ ਬੋਲ ਪੰਜਾਬ ਨੂੰ ਮਾਰਨੇ—
ਪੰਜਾਬ ਦੇ ਅੰਨ੍ਹੇ ਛਰਾਟਿਆਂ ਦੇ ਵਾਂਗੂੰ
ਫੇਰ ਨ ਗਦਰੀਆਂ ਗੂੰਜ ਕੋਈ ਪਾਉਣੀ
ਫੇਰ ਨ ਸੋਹਣੇ ਮੁਲਕ ਨੂੰ ਵਾਸਤਾ ਘੱਤਣਾ!


WWW.SIKHBOOKCLUB.COM

ਨਫ਼ੇ ਤੇ ਘਾਟੇ ਦੀ ਤੁੰਦ ਹਵਾੜ ਵਿਚ ਹੌਂਕਦੇ
ਪੰਜਾਬ ਦੇ ਮੈਲੇ ਬਜ਼ਾਰਾਂ 'ਚ ਥੱਕੀਆਂ
ਪੁੱਤਰਾਂ ਦੇ ਦੁੱਧ ਵੇਚ ਕੇ ਆਈਆਂ
ਰਾਵੀ ਦੇ ਪੱਤਣਾਂ 'ਤੇ ਪੈਰਾਂ ਨੂੰ ਧੋਂਦੀਆਂ,
ਪੈਰਾਂ ਨੂੰ ਧੋਂਦੀਆਂ, ਕੁਰਲਾਉਂਦੀਆਂ ਮਾਵਾਂ!
ਬਿਜਲੀਆਂ ਦੀ ਚਮਕਦੀ ਅੱਖ ਦੇ ਸਾਹਮਣੇ
ਬੈਠ ਦੁੱਖ-ਸੁੱਖ ਫੋਲਦੇ ਪੁੱਤ ਪੰਜਾਬ ਦੇ,
ਮੋਈ ਚੁੱਪ ਦੇ ਭਾਰ ਨਾਲ ਲੱਦੇ
ਬਰਕਤਾਂ ਤੋਂ ਖ਼ਾਲੀ ਹੱਥਾਂ ਨੂੰ ਦੇਖ ਦੇਖ ਰੋਂਦੇ
ਮਿਹਰਬਾਨ ਸਦੀਆਂ ਦੇ ਸੁੱਕੇ ਨਿਸ਼ਾਨਾਂ ਨੂੰ ਤੱਕਦੇ,
ਸ਼ਰਾਬ ਦੀ ਫਿੱਕੀ ਤੋੜ ਦੇ ਨਾਲ
ਵਣਾਂ ਦੀ ਛੌਂਹ ਨੂੰ ਨੋਚ ਨੋਚ ਉੱਗਲਛਦੇ
ਕਾਫ਼ਲੇ ਦੀ ਧੂੜ ਦੇ ਦਰਦ 'ਤੇ ਹੱਸਦੇ
ਵਿਸ਼ ਤੋਂ ਹੀਣਾ ਫ਼ਣ ਫੈਲਾਂਵਦੇ
ਨਸ਼ੇ ਦੀ ਤੁੰਦ ਹਵਾੜ ਵਿਚ ਜਾਨ ਨੂੰ ਕੱਸਦੇ।

ਤਹਿਜ਼ੀਬਾਂ ਦੇ ਕਿਣਕੇ ਹਜ਼ਾਰਾਂ
ਸੋਹਣੀ ਧਮਾਲ ਦੇ ਭੰਵਰ ਵਿਚ ਡੋਬਦਾ
ਅੰਨ੍ਹੇ ਜ਼ੋਰ ਵਿਚ ਹੱਸ ਹੱਸ ਡੋਬਦਾ
ਲਹੂ ਦੇ ਨਸ਼ੇ ਦਾ ਸ਼ੌਕ ਗੁਆਚਿਆ।
ਓ ਯਾਰੋ, ਨਫ਼ੇ 'ਤੇ ਘਾਟੇ ਦਾ ਸ਼ੋਰ ਵੇ,
ਸਾਰੇ ਪੰਜਾਬ ਨੂੰ ਤੇਹ ਲੱਗੀ!
ਅਸੀਂ ਦਸ਼ਮੇਸ਼ ਦੇ ਲਾਡਲੇ
ਥਾਂ ਥਾਂ ਭਟਕਦੇ ਫਿਰਦੇ ਤੇਹ ਦੀ ਅੱਗ ਦੇ ਮਾਰੇ।
ਸ਼ਾਇਦ ਉਹ ਵਖਤ ਨ ਆਵੇ
ਪੰਜ ਦਰਿਆਵਾਂ ਦੀਆਂ ਰਗਾਂ ਨੂੰ ਮੁੱਠੀ 'ਚ ਘੁੱਟ ਕੇ
ਲੰਮੀ 'ਵਾਜ ਦੇ ਵਾਂਗੂੰ ਲਹੂ ਦੀ ਕਾਂਗ ਨੂੰ
ਭਗਤ ਸਿੰਘ ਜਦੋਂ ਚੰਘਿਆੜ੍ਹ ਕੇ ਸੁੱਟਿਆ ਦੂਰ ਤਕ।

(4)

ਝਨਾਂ ਦੀ ਸੰਢ ਤਕ ਦਰਦ ਦੀ ਧੂੜ ਪਈ ਉੱਠੇ.....!
ਬੇਲੀਓ! ਕਹਿਰ ਦੀ ਗੁਮਨਾਮ ਹੋਈ ਸੁੰਨ ਵਿਚ
ਲੱਖਾਂ ਪੈੜਾਂ ਨੇ ਗਰਕ ਹੋਈਆਂ,
ਕੋਟ ਅਸੰਖਾਂ ਨਿਸ਼ਾਨ ਨੇ ਗਰਕ ਹੋਏ,


WWW.SIKHBOOKCLUB.COM

ਗਰਕ ਹੋਏ ਪਾਪ ਦੇ ਹਨੇਰੇ ਮਨਾਂ ਵਿਚ
ਜਿਥੇ ਮੇਲ-ਵਿਛੋੜਾ
ਯਾਦ ਦੀਦਾਰ ਦੀ ਨਹੀਉਂ,
ਜਿੱਥੇ ਭੜ੍ਹਦਾ ਬਸ ਰੋਹੀ ਦੀ ਬੁੱਢੀ ਖ਼ਾਕ ਦੀ
ਲੱਖ ਪੈੜਾਂ ਭੁੱਲ ਦੇ ਕੌੜੇ ਖੂਹ ਵਿਚ ਡਿੱਗੀਆਂ।

ਗਰਕ ਹੋਈਆਂ ਪੈੜਾਂ ਦੇ ਸਫ਼ਰ ਕਿੱਥੇ ?
ਕਿਸ ਸਫ਼ਰ 'ਤੇ ਆਣ ਜੁੜਦੇ
ਡੁੱਬਦੇ ਸੂਰਜ ਦੀਆਂ ਲਾਲੀਆਂ ਦੇ ਝੁਰਮਟ ?
ਕਿਸ ਬੇ-ਅਬਾਦ ਗਹਿਰ ਵਿਚ ਮਿਟੀਆਂ
ਸ਼ਮਸ਼ੀਰਾਂ ਤੱਕ ਕੇ ਚੜ੍ਹੀਆਂ ਰੋਹ ਦੀਆਂ ਧਾੜਾਂ ?
ਗਰਕ ਹੋਏ ਸਫ਼ਰਾਂ ਦੇ ਕਾਫ਼ਲੇ
ਕਿਹੜੀਆਂ ਨਜ਼ਰਾਂ ਨੇ ਤੱਕੇ ?
ਮੁਰਸ਼ਦ ਦੀ ਹੇਕ ਦੀ ਤਿੱਖੀ ਲਾਟ ਕੱਢ
ਕਿਨ੍ਹਾਂ ਨੇ ਮੌਤ ਦੇ ਹੱਥਾਂ ਨੂੰ ਚੁੰਮ੍ਹਿਆਂ ?
ਤਹਿਜ਼ੀਬਾਂ ਦੇ ਸ਼ੋਖ ਰੰਗਾਂ ਨੂੰ ਕਿਨ੍ਹਾਂ
ਜ਼ਰਾ ਕੁ ਮੁਸਕਰਾ ਕੇ ਡੋਬਿਆ,
ਹਾਥੀ ਦੀ ਮਸਤ ਚਾਲ ਚਲਦਿਆਂ
ਜ਼ਰਾ ਕੁ ਮੋਢਾ ਮਾਰ ਕੇ ਗਾਰਾਂ 'ਚ ਸੁੱਟਿਆ ?

ਬੋਹੜਾਂ ਦੀ ਛਾਂ ਹੇਠਾਂ
ਅਣਬੋਲ ਜਿਹੇ ਨੈਨ ਝੁਕਾਦਿਆਂ
ਕੌਣ ਸਨ ਜਿਨ੍ਹਾਂ ਨੇ ਵਾਰ ਦਿੱਤੇ ਚੰਨ ਦੀ ਟਿੱਕੀ ਤੋਂ
ਮੌਤ ਦੇ ਵਾਵਰੋਲਿਆਂ 'ਚ ਉੱਡਦੇ ਫ਼ਲਸਫ਼ੇ ?
ਕੌਣ ਸਨ ਮਾਤੇ ਜੰਗਲਾਂ ਦੇ ਭਰ ਭਰ ਕਲਾਵੇ
ਜਿਨ੍ਹਾਂ ਦੋਜ਼ਖ਼ ਦੇ ਹੱਥ ਨੂੰ ਮਿੱਟੀ ਦੀ ਮਹਿਕ ਵਿਚ ਦੱਬਿਆ ?
ਬੇ ਪਰਵਾਹੀਆਂ ਦੇ ਡਾਢੇ ਨਾਜ਼ ਵਿਚ
ਸੁਰਗ ਦੇ ਹੱਥ ਨੂੰ ਜ਼ਰਾ ਕੁ ਪਾਸੇ ਹਟਾਇਆ ?
ਟਸਕੀਆਂ ਪੀਲ੍ਹਾਂ ਨੂੰ ਚੱਖ ਕੇ
ਕਿਨ੍ਹਾਂ ਧਰਤ ਦਾ ਸਾਰਾ ਸੁਆਦ ਸਮੇਟਿਆ ?

ਕੌਣ ਸਨ:
ਜਿਨ੍ਹਾਂ ਬਿਰਖਾਂ ਦੀ ਕਲਮ ਦੇ ਨਾਲ
ਪੈਗ਼ੰਬਰਾਂ ਦੇ ਆਉਣ ਦੇ ਰਾਹਾਂ 'ਤੇ
ਸੱਚ ਦੀ ਤਕਦੀਰ ਨੂੰ ਲਿਖਿਆ
ਹੁਸਨ ਦੇ ਬਾਬ ਦੇ ਕਾਤਿਬ ਬਣੇ;

ਸਜਦੇ ਨੇ ਪਾਣੀਏਂ ਝੁੱਕ ਕੇ
ਦੇਖਿਆ ਬੇ-ਕਸਾਂ ਦੇ ਯਾਰ ਨੂੰ,
ਦੇਖਿਆ ਸੂਲੀ 'ਤੇ ਟੰਗਿਆ ਹੁਕਮ ਜੱਬਾਰ ਦਾ
"ਮੈਂ" ਦੇ ਜਲਾਲ ਦੀ ਸੂਹੀ ਵਿਸ਼ਾਲ ਅੱਗ ਦੇ ਹੇਠਾਂ
ਜਾਣਿਆਂ ਵਗਦਾ, ਛੱਲਾਂ ਮਾਰਦਾ, ਰਹਿਮ ਦਿਲਦਾਰ ਦਾ,
ਬੇ-ਕਸਾਂ ਦੇ ਯਾਰ ਦਾ।

(5)

ਪੈੜਾਂ ਦੀ ਗਹਿਰ 'ਚੋਂ ਨਿਕਲ ਕੇ
ਸ਼ਹੀਦ ਰਾਵੀ ਦੇ ਪੱਤਣਾਂ 'ਤੇ
ਸਿਖਰ ਦੁਪਹਿਰਾਂ ਹੋ ਆਉਂਦੇ,
ਜੋ ਦਰਿਆ ਤੋਂ ਲੰਮੀ
ਧਰਤ ਦੇ ਸਗਲ ਸੁਆਦ ਵਿਚ ਲੱਦੀ
ਵਣਾਂ ਦੇ ਗਾੜ੍ਹੇ ਨ੍ਹੇਰ ਵਿਚ ਸੁੱਤੀ
ਧਰਤੀ ਦੀ ਬਲਵਾਨ ਜੀਭਾ ਨੂੰ
ਮਛੇਰਿਆਂ ਦੇ ਰੋਮ ਰੋਮ ਨਾਲ ਲਾਉਂਦੇ—
ਕਦੇ ਨਾਰਾਂ ਦੀ ਨਜ਼ਰ ਨਾਲ ਲਾ ਕੇ
ਪਤਾਲਾਂ ਤੋਂ ਪਾਰ ਸ਼ਮਸ਼ੀਰ ਲੰਘਾਂਵਦੇ—
ਘੁੱਟ ਕੇ ਲੰਮੇ ਵਹਿਣ ਦੀਆਂ ਭਾਰੀਆਂ ਛੱਲਾਂ
ਜਾਨ ਸਾਰੀ ਦਾ ਕਾਫ਼ਲਾ ਲਿਸ਼ਕਾਂਵਦੇ—
ਚਮਕਾਂ ਛਡਦੀਆਂ ਛੱਲਾਂ ਦੇ ਸੀਨੇ 'ਤੇ
ਗਰਜਦੇ ਮੇਘਾਂ ਦੀ ਫ਼ੌਜ ਉਤਾਰਦੇ—
ਕਦੇ ਕਿਸੇ ਤੈਰਾਕ ਦੀ ਛਾਤੀ ਦੇ ਹੇਠਾਂ ਲਿਫ਼ਦੇ,
ਪਾਣੀਆਂ 'ਤੇ ਆਪਣੇ ਆਵੇਸ਼ਾਂ ਦੀ ਗੂੰਜ ਛੱਡਦੇ;
ਕਿਲੇ ਜਮਰੌਦ ਤੋਂ ਦਹਿਸ਼ਤਾਂ ਉਠਦੀਆਂ !! .....
ਲਹੂ ਤੋਂ ਲੰਘਦੇ ਨੂਰ ਦੇ ਹੜ੍ਹਾਂ ਦੇ ਹੇਠਾਂ
ਲਿਫ਼ ਲਿਫ਼ ਇਹ ਖ਼ੂਨੀ ਥਲਾਂ ਨੂੰ ਝੱਲਿਆ
ਪਾਣੀਆਂ ਦੇ ਜੁਗਨੂੰਆਂ ਲੰਮੇ ਵਹਿਣ ਦੀ ਅੱਗ ਵਿਚ;
ਬੇਲੀਓ !
ਸੋਹਣੇ ਸ਼ਹੀਦ ਪੰਜਾਬ ਦੇ
ਤੈਰਾਕ ਦੀ ਛਾਤੀ ਦੇ ਹੇਠਾਂ ਜੋਸ਼ ਫੈਲਾਂਵਦੇ ਫਿਰਦੇ।
ਰਾਵੀ ਦੇ ਹੜ੍ਹਾਂ ਦੇ ਹੇਠਾਂ
ਤਾਰੇ ਕੋਈ ਅੱਖਰ ਪਾਂਵਦੇ
ਜਿਸਦੇ ਸੀਨੇ ਘਮਸਾਨ ਉਠਾਂਵਦੇ


WWW.SIKHBOOKCLUB.COM

ਉਕਾਬਾਂ ਦੇ ਫੜਫੜਾਂਦੇ ਪਰਾਂ ਦੇ ਰਾਜ਼ ਲੱਖਾਂ,
ਜਿੱਥੇ ਹਾਲ-ਬੇਹਾਲ ਸੂਫ਼ੀ
ਹਾ ਦੇ ਨਾਅਾਰੇ ਮਾਰਦੇ, ਹੱਸਦੇ, ਨੱਚਦੇ,
ਕੂਕ ਕੂਕ ਅੱਖਾਂ ਨੂੰ ਲਹੂ-ਲੁਹਾਣ ਕਰਦੇ
ਛਾਤੀਆਂ ਦੇ ਅੰਨ੍ਹੇ ਜੋਸ਼ ਨੂੰ ਨੋਚਦੇ
ਰੋਣ 'ਤੇ ਹੱਸਣ ਵਿਚਾਲੇ ਤਕਦੀਰ ਨੂੰ ਬੰਨ੍ਹਦੇ
ਤਕਦੀਰ ਦੇ ਹੇਠਾਂ ਦਰਿਆ ਦਾ ਕਹਿਰ ਮਚਾਂਵਦੇ।
ਕਦੇ ਰਾਉ ਨੂੰ, ਕਦੇ ਰੰਕ ਨੂੰ
ਪੰਜਾਬ ਦੇ ਸ਼ਹੀਦ ਰਾਵੀ ਦਾ ਪਾਣੀ ਪਿਲਾਂਵਦੇ।

ਥਲਾਂ ਦੇ ਭੂਰੇ ਤੂਫ਼ਾਨ ਜਿਉਂ ਉੱਠੀ
ਲੱਖ ਸਾਲਾਂ ਦੇ ਪਾਰੋਂ ਆਂਵਦੀ
ਘੋੜਿਆਂ ਦੇ ਪੌੜਾਂ ਦੀ ਧਮਕ ਨੂੰ
ਰਾਵੀ ਦੇ ਇਕ ਕਤਰੇ 'ਚ ਮੇਟ ਦਿੰਦੇ
ਇਹ ਸੋਹਣੇ ਸ਼ਹੀਦ ਅਲਬੇਲੇ;
ਇਕ ਛਿਣ ਦੀ ਧਾਂਕ ਪੈਂਦੀ
ਕੋਟ ਕਾਂਗਾਂ ਦੇ ਭਖੇ ਲਿਲਾਟ ਦੇ ਸਾਹਮਣੇ!

ਲਾਇਲਪੁਰ ਝੰਗ-ਸਿਆਲ ਦੇ ਖੇਤਾਂ ਦੇ ਅੰਦਰ
ਸਰਗੋਧੇ ਦੇ ਖੁੱਲ੍ਹਿਆਂ ਪਿੰਡਾਂ ਦੀ ਸੱਥ ਵਿਚ
ਹੇਕਾਂ ਦੇ ਖੂਹ ਨੇ, ਭਰੇ ਹੋਏ ਬੇਲਿਆਂ ਵਰਗੇ—
ਸ਼ੇਖੂਪੁਰੇ ਦੇ ਅਸਮਾਨ ਜੇਹੇ ਖੇਤਾਂ ਵਿਚ
ਰਾਵੀ ਦਾ ਹੁਕਮ ਕੋਈ ਆਂਵਦਾ
ਗਿਆਨ ਧਿਆਨ ਸਾਰੇ
ਵਪਾਰੀਆਂ ਦੇ ਬਲੀ ਮਨਸੂਬੇ
ਕਿਸੇ ਤਰਬ ਦੀ ਲਾਟ ਵਿਚ ਮੇਟਦਾ।

(6)

ਰਾਵੀਏ! ਅਜ਼ਲ ਦੇ ਸਫ਼ਰਾਂ 'ਤੇ ਲੰਮੀਏਂ
ਸਾਰੀ ਧਰਤ ਦੀਆਂ ਜੜ੍ਹਾਂ ਵਿਚ ਹੱਥ ਇਕ ਫੇਰੀਂ
ਨਿਚੋੜ ਦੇਵੀਂ ਸਮੇਂ ਦੇ ਸਾਰੇ ਲਹੂ ਨੂੰ
ਝੂਣ ਦੇਵੀਂ ਬਿਰਖਾਂ ਦੇ ਪੱਤ ਵੋ
ਸਾੜ ਦੇਵੀਂ ਰਗਾਂ ਦੇ ਬੇ-ਰਸੇ ਤਾਲ ਨੂੰ
ਪਾੜ ਦੇਵੀਂ ਗਹਿਰ ਦੇ ਬੁਰਕੇ।

WWW.SIKHBOOKCLUB.COM

ਧਰਤ ਦੀਆਂ ਜੜ੍ਹਾਂ 'ਚੋਂ ਕੱਢੀਂ
ਰਣ ਸਭਰਾਉਂ ਦੀ ਹਾਕ ਨੂੰ।
ਨੀ ਸੋਹਣੀਏਂ!
ਰਿਜ਼ਕ ਦੇ ਦਾਣੇ 'ਚ ਸੁੱਟੀਂ
ਬੱਦਲਾਂ ਤੋਂ ਭਾਰੀ
ਮਿੱਟੀ ਤੋਂ ਪਿਆਰੀ
ਵਣਾਂ ਤੋਂ ਗਾੜ੍ਹੀ
ਪੰਜਾਬ ਦੇ ਪੁੱਤਰਾਂ ਦੀ 'ਵਾਜ ਨੂੰ।
ਡੂੰਘੀਆਂ ਛੱਲਾਂ ਦੇ ਹੇਠੋਂ
ਹਾਕ ਮਾਰ ਨੀ! ਜਿੰਦਾਂ ਰਹਿਣ ਨ ਮੋਈਆਂ—
ਸ਼ਮਸ਼ਾਨਾਂ ਦੇ ਸੀਨਿਆਂ ਅੰਦਰ
ਭਾਰੀਆਂ ਛੱਲਾਂ ਉਛਾਲਾ ਖਾਣ ਨੀ—
ਕੋਟ ਫ਼ਜਰਾਂ ਦੀਆਂ ਨਸਾਂ ਦੇ ਅੰਦਰ
ਜਾ ਧਸੇ ਤੈਂਡੀ ਅਜ਼ਾਨ ਨੀ।

ਪਹਾੜਾਂ ਦੀ ਡੱਕੀ ਨਜ਼ਰ ਵਿਚ ਖੜੀ ਜੋ ਮੌਤ ਹੈ
ਉਸਦੀਆਂ ਅਨਿਕ ਨਸਾਂ ਵਿਚ ਗਰਜਦੀ
ਰੁੱਖਾਂ ਦੇ ਸਿਰਾਂ 'ਤੇ ਸੁੱਟੇ
ਸੱਸੀ ਦੀ ਆਹ ਨੂੰ ਪੁੱਟ ਕੇ
ਇਹ ਰਾਵੀ ਅੱਥਰੀ ਸੋਹਣੀ;
ਬਾਬਾ ਜੀ!
ਤੇਰੇ ਰਬਾਬ ਦੀਆਂ ਹੱਦਾਂ 'ਚੋਂ
ਪਾੜ ਪਾੜ ਕੇ ਕੱਢੇ ਥਲਾਂ ਦੇ ਬੋਲ ਨੂੰ!

ਰਾਵੀਏ! ਅਜ਼ਲ ਦੇ ਸਫ਼ਰਾਂ ਤੋਂ ਲੰਮੀਏਂ
ਜਾਂਗਲੀ ਮੁਲਖਾਂ ਦੀ 'ਵਾਜ ਨੂੰ
ਬਿਰਖਾਂ ਦੀ ਟੀਸੀਆਂ ਤੋਂ ਸੁੱਟੀਂ;
ਨਾਗਾਂ ਦੇ ਫਣਾਂ 'ਚੋਂ ਕੱਢੀਂ
ਮ੍ਹਾਰੂਆਂ ਦੀ ਦਰਿਆ 'ਤੇ ਫੈਲੀ ਹਵਾੜ 'ਚੋਂ ਲੁੱਟੀਂ,
ਧਰਤ ਦੇ ਕਾਮ ਨਿਚੋੜਦੇ ਸਾਹਨਾਂ ਦੀਆਂ
ਮਸਤ ਅੱਖਾਂ 'ਚੋਂ ਨੋਚੀਂ,
ਘਾਹ 'ਤੇ ਚੜ੍ਹੀ ਸ਼ਰਾਬ ਨੂੰ ਪੀਵੀਂ,
ਸਾਂਦਲ ਬਾਰ ਦੀ ਅੱਧੀ ਰਾਤ ਦੇ ਚੋਰਾਂ ਦੇ
ਖੁੱਲ੍ਹਿਆਂ ਮੈਦਾਨਾਂ 'ਚ ਫੈਲੇ ਬੇਪਰਵਾਹ ਕਦਮਾਂ ਦੀ
ਰੁੱਖਾਂ ਤੇ ਪਸ਼ੂਆਂ ਨਾ' ਖੇਲ੍ਹਦੀ ਮੌਜ 'ਚੋਂ ਡੀਕੀਂ।


WWW.SIKHBOOKCLUB.COM

ਰਾਵੀਏ ਅਜ਼ਲ ਦੇ ਸਫ਼ਰਾਂ ਤੋਂ ਲੰਮੀਏਂ,
ਜਾਨ ਹੋ ਜਾਵੀਂ, ਜਾਨ ਨਾ' ਲਾਵੀਂ,
ਸੋਹਣਿਆਂ ਜਾਂਗਲੀ ਮੁਲਖਾਂ ਦੀ 'ਵਾਜ ਨੂੰ
ਬੰਨ੍ਹ ਦੇਵੀਂ ਬਘਿਆੜ ਦੀ ਨੇਸ ਦੀ ਨੋਕ 'ਤੇ—
ਨਾਗਾਂ ਦੀ ਜ਼ਹਿਰ ਉਛਾਲ ਦੇਵੀਂ
ਘੋੜਾਂ ਦੀ ਟਾਪ ਦੇ ਅੰਨ੍ਹੇ ਘਮਸਾਨ ਉਛਾਲ ਦੇਵੀਂ।

ਰਾਵੀਏ! ਵਕਤ ਦੇ ਆਵੇਸ਼ ਵਿਚ ਵਗਦੀਏ
ਅਰਜਨ ਪਿਆਰੇ ਜੋ ਬੋਲ ਨਹੀਂ ਬੋਲਿਆ
ਉਹ ਪੰਜੇ ਜਿਉਂ ਖੜੇ ਹੋਏ ਰੋਹ ਝੁਲਾਵੀਂ।
ਨਾਨਕ ਦੇ ਰਬਾਬ ਦੇ ਟੁੱਟਣ ਵੇਲੇ ਦੀ
ਆਖ਼ਰੀ ਧਮਕ ਉਛਾਲੀਂ!
ਪਾੜ ਕੇ ਸ਼ੇਸ਼ ਨਾਗ ਦੀ ਜੀਭ 'ਚੋਂ ਕੱਢੀਂ
ਸੰਨ ਸੰਤਾਲੀ ਦੀ ਧੂੜ ਵਿਚ ਚੀਕਦੇ ਕਾਫ਼ਲੇ!

ਨੀ ਰਾਵੀਏ!
ਸੋਹਣਿਆਂ ਜਾਂਗਲੀ ਮੁਲਖਾਂ ਦੀ 'ਵਾਜ ਨੂੰ
ਰੋ ਰੋ ਰੁਆਵੀਂ
ਰਗਾਂ 'ਤੇ ਚੜ੍ਹ ਚੜ੍ਹ ਰੁਆਵੀਂ!

## (7)

ਅੱਧੀ ਰਾਤ ਦੇ ਬੇਲਿਆਂ ਅੰਦਰ
ਕਦੇ ਕਦੇ ਰਾਵੀ ਦੀ ਹੇਕ ਮੈਂ ਸੁਣਦਾ।
ਆਸਮਾਨਾਂ ਦੀ ਖ਼ੈਰ ਨਾਲ ਭਰਿਆ
ਕੋਈ ਕੋਈ ਤੁਬਕਾ ਮੇਰੇ ਮੱਥੇ 'ਤੇ ਵੱਜਦਾ
ਲਾਟ ਕੋਈ ਕੱਢਦਾ ਮੇਰੇ 'ਚੋਂ!

ਮੈਂ ਸੇਕ ਸਾਰਾ
ਸਿਖਰ ਦੁਪਹਿਰ ਦਾ ਹੜ੍ਹ ਬਣਿਆਂ
ਨੱਸਦਾ ਜਾਂਦਾ, ਸ਼ਹਿਰ ਲਾਹੌਰ ਦੇ ਉੱਚਿਆਂ ਬੁਰਜਾਂ ਦੇ ਵੰਨੇ
ਰੋਹੀਆਂ ਦੇ ਘਾਹ ਨੂੰ ਮਸਲਦਾ
ਅੰਨ੍ਹੇ ਵਾਹ ਨੱਸਦਾ ਜਾਂਦਾ—
ਮੈਂ ਸਾਰੇ ਆਸਮਾਨ 'ਤੇ ਦੰਦ ਪੀਂਹਦਾ
ਚਿੱਟਿਆਂ ਬਾਜ਼ਾਂ ਦੇ ਲਹੂ 'ਤੇ ਪੈਰ ਰਖਦਾ
ਜਲਾਂ-ਥਲਾਂ ਵਿਚ ਕਾਰਵਾਂ ਬਣਾ ਕੇ
ਨੱਸਿਆ ਫਿਰਦਾ ਰਹਿਮ ਦੇ ਰੋਹ ਨਾਲ ਭਰਿਆ!


WWW.SIKHBOOKCLUB.COM

ਲਹੂ ਦੇ ਸਮੁੰਦਰਾਂ 'ਚੋਂ ਨਿਕਲ ਕੇ ਲਾਟਾਂ ਛੱਡਦੀ
ਵਜਦ ਦੀ ਕੂਕਦੀ ਤੰਦ ਵਿਚ
ਮੌਤ ਦੀ ਅੰਨ੍ਹੀ ਅਯਾਲ ਸਮੇਟ ਕੇ
ਮੈਂ ਚੀਖ ਕੇ ਹਿੱਕ ਨਾਲ ਲਾਉਂਦਾ—
ਮੇਰੀ ਨੇਸ ਜਾ ਖੁੱਭਦੀ
ਕਾਲੇ ਬ੍ਰਾਹਮਣਵਾਦ ਦੀਆਂ ਜੜ੍ਹਾਂ ਵਿਚ
ਖ਼ਾਲੀ ਵਪਾਰੀ ਹਿੰਦ ਦੇ ਅੰਧ ਵਿਚ।

ਰਾਵੀ ਦੇ ਝੱਖੜ ਧੁੰਮ ਪਾਂਵਦੇ ਹੇਠਾਂ
ਪੀਲਿਆਂ ਪੱਤਾਂ ਜਿਉਂ ਰੋਲਦੇ ਜਾਂਦੇ,
ਅਰਸ਼ ਦੀਆਂ ਭਖੀਆਂ ਕੋਟ ਸਿਖਰਾਂ
ਤੋੜਦੇ ਜਾਂਦੇ ਕਾਲ-ਕਾਲਾਂ ਦੇ ਮੁਕਟ ਨੂੰ!

ਲੱਖਾਂ ਪੈਰ ਜਿਸ ਅੱਗ ਵਿਚ ਤਾਂਡਵ ਨਾਚ ਦੇ ਖੁਭੇ ਨੇ
ਉਸ ਅੱਗ ਦਾ ਖੋਪਰ ਜਾ ਪਾੜਦੀ ਨਜ਼ਰ ਮੇਰੀ,
ਸਾਵਨ ਮਹੀਨੇ ਦੇ ਮੋਰਾਂ ਦੀਆਂ ਲੰਮੀਆਂ ਕੂਕਾਂ
ਵੰਗਾਰ ਕੇ ਕੱਢਦੀ—
ਫੈਲਦੇ ਪੰਜਾਬ ਦੀ ਧਰਤ 'ਤੇ
ਰਾਵੀ ਦੇ ਕੋਟਾਂ ਹੀ ਹੱਥ ਹੋ,
ਫਿਰ ਹੰਝੂਆਂ ਭਿੱਜੇ ਹੱਥ ਨੂੰ
ਮੈਂ ਪਾਣੀਆਂ ਦੇ ਝੱਖੜਾਂ 'ਚ ਡੋਬਦਾ—
ਜਿਨ੍ਹਾਂ ਡੂੰਘੀਆਂ-ਭਰੀਆਂ ਨ੍ਹੇਰੀਆਂ ਅੰਦਰ
ਅਨਿਕ ਰਾਹ ਚੀਕ-ਚਿਹਾੜਾ ਪਾਂਵਦੇ ਨੱਸਦੇ
ਨੇਜ਼ੇ ਦੇ ਵਾਂਗ ਖੁਭਿਆ ਉਹਨਾਂ ਨ੍ਹੇਰੀਆਂ ਦੇ ਸੀਨੇ
ਮੈਂ ਪਰਬਤਾਂ ਵਾਂਗ ਕਿਸੇ ਫਣ ਨੂੰ ਉੱਚਾ ਚੁੱਕਦਾ
ਕੂੜ ਦੇ ਦਾਗ਼ਾਂ ਨੂੰ ਨਿਗਾਹ ਵਿਚ ਭਸਮ ਕਰਦਾ
ਸੱਚ ਦੇ ਹੱਥਾਂ 'ਤੇ ਤੋਲਦਾ,
ਪੈਰ ਮਾਰ ਕੇ ਕੂੜ ਨੂੰ ਗਾਰਾਂ 'ਚ ਰੋਲਦਾ
ਮੈਂ ਪਰਬਤਾਂ ਵਾਂਗ ਕਿਸੇ ਫਣ ਨੂੰ ਉੱਚਾ ਚੁੱਕਦਾ!

ਮੇਰੀ ਆਵਾਜ਼ ਪਈ ਆਂਵਦੀ! .....
ਮੁੱਦਤਾਂ ਹੋਈਆਂ
ਰਣ ਸਭਰਾਉਂ 'ਤੇ ਸੂਰਜ ਛਿਪੇ ਨੂੰ,
ਵਗ ਵਗ ਦਰਿਆ ਸਤਲੁੱਜ ਪੁਕਾਰਿਆ
ਆਉਣ ਵਾਲੀਆਂ ਸਦੀਆਂ ਦੇ ਮੱਥੇ 'ਚ ਖੁਭੀਆਂ
ਜਾਣ ਵਾਲੇ ਮੁਸਾਫ਼ਰਾਂ ਦੀਆਂ ਖ਼ੂਨੀ ਅੱਖੀਆਂ—

WWW.SIKHBOOKCLUB.COM

ਸ਼ਮਸ਼ੀਰਾਂ 'ਤੇ ਲਿਖੀਆਂ ਆਵਾਜ਼ਾਂ
ਅੱਜ ਨ ਪੜ੍ਹੀਆਂ ਜਾਣ ਜੋ ਕਿਸੇ ਤੋਂ
ਗਰਜ ਉਠਸਨ ਸਿਦਕ ਦੀ ਬਾਜ਼ੀ ਨੂੰ ਜਿੱਤ ਕੇ!

ਅੰਬਾਂ ਦੇ ਬੂਰ ਜਿਉਂ ਫਲਿਆ
ਪੂਰੇ ਜਿਉਂ ਭਰਿਆ
ਪੀਲ੍ਹਾਂ ਦੀ ਮਿੱਠੀ ਕੌੜੱਤਣ ਜਿਉਂ ਟਸਕ ਕੇ ਲਿਫਿਆ
ਕਿੰਨਾ ਪਿਆਰ ਨੀ ਤੇਰਾ ਰਾਵੀਏ!
ਤੂੰ ਰੁੱਖਾਂ ਦੇ ਵਾਂਗੂੰ ਸੁਹਾਂਵਦੀ ਰਾਵੀਏ!
ਨੀ ਛੱਲਾਂ ਵਾਲੀਏ!
ਨੀ ਮਿੱਟੀ ਤੋਂ ਪਿਆਰੀਏ!
ਧਰਤ ਦੀਆਂ ਜੜ੍ਹਾਂ 'ਚੋਂ ਉਛਾਲੀਂ
ਨੇਜ਼ਿਆਂ ਦੀ ਨੋਕ 'ਤੇ ਤੜਪਦੇ ਖ਼ੂਨ ਦੇ ਕਤਰੇ,
ਜਿਨ੍ਹਾਂ ਦੀ ਅੱਗ ਹੇਠਾਂ
ਕਿਸੇ ਇਕਰਾਰ ਨੂੰ ਮੁੱਠੀ 'ਚ ਘੁੱਟ ਕੇ
ਮਾਵਾਂ ਦੇ ਪੁੱਤ ਅਣਬੋਲ ਹੀ ਮੋਏ!
ਇਕ ਪਲਸੇਟਾ ਮਾਰੀਂ ਪੈਗ਼ੰਬਰਾਂ ਦੀ ਨਜ਼ਰ ਵਰਗਾ
ਲੱਖ ਸੂਲੀਆਂ 'ਤੇ ਚੜ੍ਹੀ ਹੋਈ
ਪਟਕਾ ਕੇ ਮਾਰੀਂ ਜਾਨ ਸਾਰੀ,
ਧੋਬੀ ਦੇ ਪਟਕੇ ਜਿਉਂ ਨਦੀਆਂ ਹਜ਼ਾਰਾਂ
ਪਟਕਾ ਕੇ ਸੁੱਟੀ ਪਹਾੜਾਂ ਦੇ ਮੱਥੇ 'ਤੇ!
ਛੱਲਾਂ ਦੇ ਕੰਠ ਵਿਚ ਟੁੱਟਦੀਆਂ ਧਮਾਲਾਂ
ਥੰਮ੍ਹਕੇ ਇਕ ਪਲ
ਡਾਢੀਏ! ਹਾਕ ਕੋਈ ਮਾਰੀਂ,
ਸਾਰੇ ਬਿਰਖ ਹਲੂਣ ਕੇ
ਫਿਰ ਥੰਮ੍ਹ ਕੇ
ਸੋਹਣੀਏਂ, 'ਵਾਜ ਕੋਈ ਦੇਵੀਂ!

•

(ਇਤਿ)

ਨੋਟ: ਬੀਰ ਅਕਾਲੀ (ਭਾਗ 2) ਤੋਂ ਮੁਰਾਦ ਅਕਾਲੀ ਫੂਲਾ ਸਿੰਘ ਹੈ।


WWW.SIKHBOOKCLUB.COM


5
ਜੂਨਾਂ ਦੀ ਰਤ
(ਬੋਲਿਆਂ ਦੀ ਕੰਨਸੋਅ)

ਸੇਵਨ ਬੁਲਬੁਲਾਂ ਸੁੱਕਿਆਂ ਬੂਟਿਆਂ ਨੂੰ,
ਫੇਰ ਫੁੱਲ ਲੱਗਣ ਨਾਲ ਡਾਲ ਦੇ ਨੀ।
ਅਸਾਂ ਜਦ ਕਦ ਉਨ੍ਹਾਂ ਦੇ ਪਾਸ ਜਾਣਾ,
ਜਿਹੜੇ ਮਹਿਰਮ ਅਸਾਡੜੇ ਹਾਲ ਦੇ ਨੀ।

*(ਵਾਰਿਸ ਸ਼ਾਹ)*

ਆਸ ਦੀ ਲੋਅ ਦਾ ਨਾਮ ਹਿਯਾਤੀ, ਉਸ ਦੇ ਬਾਅਦ ਹਨੇਰੇ,
ਅੰਬਰ, ਅੱਖ ਦੀ ਹੱਦ ਅਖ਼ੀਰੀ, ਉਸ ਦੇ ਪਾਰ ਖਲਾਵਾਂ।

ਸ਼ਾਮ ਪਈ ਤੇ ਫ਼ਜਰ ਦਾ ਤਾਰਾ, ਛਹਿ ਲਾ ਕੇ ਆ ਬੈਠਾ,
ਰਾਤ ਦਾ ਰੂਪ ਘਟਣ ਨਹੀਂ ਦਿੱਤਾ, ਚੁੱਪ ਦੀਆਂ ਸ਼ੋਖ ਸਦਾਵਾਂ।

*(ਰਊਫ਼ ਸ਼ੇਖ਼)*

# ਸਮਰਪਣ

ਮਹਾਨ ਸਮੇਂ ਦੀ ਗੋਦ ਵਿਚ ਜਾਗ ਰਹੇ ਆਪਣੇ ਪਿਆਰੇ
ਪਿੰਡ ਝੂੰਦਾਂ ਦੇ ਵਿਸ਼ਾਲ ਖੇਤਾਂ, ਬਾਗ਼ਾਂ ਅਤੇ ਨਿੱਕੀਆਂ
ਇੱਟਾਂ ਦੇ ਘਰਾਂ ਦੀਆਂ ਮੁਹੱਬਤਾਂ ਨੂੰ ਆਪਣੀਆਂ
ਯਾਦਾਂ ਅਤੇ ਸੁਪਨਿਆਂ ਵਿਚ ਸਦਾ ਹੀ
ਪਾਲਣ ਵਾਲੇ ਆਪਣੇ ਪਿਆਰੇ ਦੋਸਤ
ਗੁਰਚਰਨ ਸਿੰਘ (ਬਾਵਾ)
ਉਹਨਾਂ ਦੀ ਧਰਮ ਪਤਨੀ ਪਤਵੰਤ
ਅਤੇ
ਬੇਟੀ ਨਵਸ਼ੀਰ ਦੇ ਨਾਂ।

# ਝਨਾਂ ਦੀ ਰਾਤ : ਹੁਸਨ ਦਾ ਰਹੱਸ

ਇਸ ਸੰਗ੍ਰਹਿ ਦੀਆਂ ਦੋ ਲੰਮੀਆਂ ਨਜ਼ਮਾਂ ਨੂੰ ਮੈਂ 1980 ਵਿਚ ਹੁਸ਼ਿਆਰਪੁਰ ਦੇ ਸਰਸਬਜ਼ ਪਿੰਡ ਡੱਫਰ ਵਿਖੇ ਲਿਖਿਆ। ਕੁਦਰਤ ਦਾ ਹੁਸਨ ਅਤੇ ਯਾਰ ਮੇਰੇ ਕਾਵਿ-ਆਵੇਸ਼ ਦੀ ਨਿਗਾਹਬਾਨੀ ਕਰ ਰਹੇ ਸਨ। ਇਸ ਕਿਤਾਬ ਨੂੰ ਵੱਖ ਵੱਖ ਸਮੇਂ ਉੱਤੇ ਲਿਖਦਿਆਂ ਮੈਂ ਪੰਜਾਬ ਦੀਆਂ ਮੁੱਢ-ਕਦੀਮੀ ਰਾਹਾਂ ਅਤੇ ਪਿਆਰੇ ਯਾਰਾਂ ਨੂੰ ਜ਼ਿੰਦਗੀ ਵਿਚ ਸਭ ਤੋਂ ਵੱਧ ਯਾਦ ਕੀਤਾ। ਇਸ ਕਾਰਨ *ਝਨਾਂ ਦੀ ਰਾਤ* ਹੀ ਇਹਨਾਂ ਸੱਤ ਕਾਵਿ-ਪੁਸਤਕਾਂ ਦਾ ਸਾਂਝਾ ਨਾਮ ਬਣਿਆ।

ਇਹ ਕਿਤਾਬ ਸਮੇਂ ਅਤੇ ਸਥਾਨ ਉੱਤੇ ਸਰਦਾਰੀ ਕਰ ਰਹੇ ਮੌਤ ਦੇ ਕਹਿਰ ਦੀਆਂ ਅਣਗਿਣਤ ਸ਼ਕਲਾਂ ਨੂੰ ਪੂਰੀ ਤਰ੍ਹਾਂ ਪਛਾਣ ਕੇ ਅਤੇ ਉਹਨਾਂ ਦੀ ਰਫ਼ਤਾਰ ਦਾ ਅਨੁਭਵ ਕਰਨ ਪਿੱਛੋਂ ਉਮੀਦ ਦੇ ਉਸ ਗੀਤ ਨੂੰ ਗਾਉਂਦੀ ਹੈ, ਜਿਸ ਵਿਚ ਹੀਰ ਨੇ ਜ਼ਰੂਰ ਆਉਣਾ ਹੈ, ਜਦੋਂ ਕੁਦਰਤ ਦੇ ਮੌਲਿਕ ਨਜ਼ਾਰੇ ਮੁੜ ਅਸਲੀ ਅਨੁਪਾਤ ਹਾਸਿਲ ਕਰ ਲੈਣਗੇ, ਜਦੋਂ ਅਤਿ ਪ੍ਰਾਚੀਨ ਸੁਤੰਤਰ ਧੁੱਪ ਖੁਦ ਹਨੇਰੇ ਘਰ ਤਕ ਆਵੇਗੀ, ਅਤੇ ਇਨਸਾਨੀ ਜ਼ਮੀਰ ਅਤੇ ਅਨੁਭਵ ਨੂੰ ਸਦੀਆਂ ਦੇ ਅਗਿਆਨ ਕਾਰਨ ਕਰੂਪ ਹੋਈਆਂ ਤਹਿਜ਼ੀਬਾਂ ਦੇ ਕਿੱਸੇ ਸੁਣਾਵੇਗੀ। ਵਿਗਿਆਨਿਕ ਯੁਗ ਦੀਆਂ ਪੇਚੀਦਗੀਆਂ ਵਿਚ ਜਾਂਗਲੀ ਛੋਹਰ ਦੀਆਂ ਢੋਕਾਂ ਦੀ ਸਿਹਤਮੰਦ ਸਾਦਗੀ ਆਪਣੇ ਆਪ ਵਿਚ ਇਕ ਕ੍ਰਿਸ਼ਮਾ ਹੋਵੇਗੀ। ਸੁੱਕਾ ਸਤਲੁਜ ਕਵੀ ਨੂੰ ਅਸੀਮ ਸਾਗਰਾਂ ਦੇ ਸੁਪਨੇ ਲੈਣ ਵਾਲੀ ਜ਼ਿੰਦਗੀ ਦੇ ਅਲੋਪ ਹੋਣ ਦੀ ਸੰਵੇਦਨਾ ਦਿੰਦਾ ਹੈ, ਪਰ ਸਭ ਥਲਾਂ ਦੀ ਰੇਤ ਵਿਚ ਠੰਢੀਆਂ ਲਹਿਰਾਂ ਦਾ ਸੰਗੀਤ ਇਕ ਦਿਨ ਜ਼ਰੂਰ ਸੁਣੇਗਾ। ਸੋਹਣੀ ਨੇ ਭਾਵੇਂ ਵੇਸ ਮੌਤ ਦਾ ਕੀਤਾ ਹੋਇਆ ਹੈ, ਪਰ ਉਸ ਦੀ ਆਖ਼ਰੀ ਰਾਤ ਹੀ ਉਸ ਦੀ ਜਿੱਤ ਦੀ ਰਾਤ ਹੈ। ਮਿਰਜ਼ਾ ਜੰਡ ਹੇਠ ਨੀਂਦ ਕਾਰਨ ਮੋਇਆ, ਪਰ ਇਸ ਨੀਂਦ ਵਿਚ ਹੀ ਉਸ ਨੇ ਇਸ਼ਕ ਦੀ ਫ਼ਤਿਹ ਦਾ ਸਭ ਤੋਂ ਸੋਹਣਾ ਖ਼ਾਬ ਲਿਆ। ਉਸ ਨੇ ਨਿਰਵਾਨ ਵਰਗੀ ਚੁੱਪ ਵਿਚ ਉਤਰ ਕੇ ਵੇਖ ਲਿਆ। *ਝਨਾਂ ਦੀ ਰਾਤ* ਹੁਸਨ ਦੀ ਮੁਕੰਮਲ ਪਛਾਣ ਦੀ ਅਵਸਥਾ ਹੈ, ਜਿਹੜੀ ਕਿ ਆਸ਼ਿਕਾਂ, ਕਵੀਆਂ, ਰਣਾਂ ਦੇ ਸ਼ਾਹ ਅਸਵਾਰਾਂ, ਸੰਤਾਂ ਅਤੇ ਸ਼ਹੀਦਾਂ ਸਭ ਦੇ ਹਿੱਸੇ ਆਉਂਦੀ ਹੈ। ਮੌਤ ਦੀ ਮੰਝਧਾਰ ਵਿਚ ਪਹੁੰਚ ਕੇ ਆਪਣੀ ਫ਼ਤਿਹ ਦਾ ਅਤਿ ਅਲਬੇਲਾ ਰੂਪ ਵੇਖਣਾ ਹੀ ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਜੋ ਗਏ ਹਨ, ਉਹ ਮੁੜ ਆਉਣਗੇ। ਬਸ, ਸੰਘਰਸ਼ਾਂ ਵਿਚ ਪਲੇ ਜੁਝਾਰੂ ਸਿਦਕ ਦੀ ਲੋੜ ਹੈ।

*(24-7-1989)*

## 1

# ਪੁਰਾਣੇ ਕਾਫ਼ਲਿਆਂ ਦੀ ਉਡੀਕ ਵਿਚ ਖਲੋਤੀ ਜਾਂਗਲੀ ਛੋਹਰ ਨੂੰ

ਛਿਪਦੇ ਸੂਰਜ ਦੀ ਗਾਨੀ 'ਤੇ,
ਕੰਬਦੇ ਸੁਖਨ ਹਵਾਵਾਂ ਦੇ।
ਸਰਘੀ ਵੇਲੇ ਮੁੜ ਆਵਣਗੇ,
ਤੁਰ ਗਏ ਦਰਦ ਝਨਾਵਾਂ ਦੇ।(੧)

ਜਿਸ ਤਾਰੇ ਦੀ ਗਹਿਰ ਥਲਾਂ ਵਿਚ
ਖ਼ੂਨ ਮੇਰੇ ਵਿਚ ਚੜ੍ਹਿਆ—
ਜੋ ਨ ਬੋਲ ਤੇਰੇ ਫੜ ਹੋਏ
ਉਹੀਓ ਖੰਭ ਦੁਆਵਾਂ ਦੇ।(੨)

ਚੰਨ ਤੋਂ ਵਿਛੜ ਰਿਸ਼ਮ ਜੋ ਮੋਈ
ਸਖੀ ਈਦ ਦੀ ਉਹੀਓ,
ਸੁੰਨੀਓ ਪੈੜੋ ਕੂਕ ਨ ਮਾਰੋ
ਅੱਥਰੂ ਮੁੜਨਗੇ ਮਾਵਾਂ ਦੇ।(੩)

ਕਿਸੇ ਅਜ਼ਾਨ ਦਾ ਪਾਣੀ ਵਗਦਾ
ਸੁੱਕੇ ਸਰਵਰ ਹੇਠਾਂ,
ਸੰਘਣੇ ਵਣਾਂ 'ਤੇ ਧੂੜ ਚਿਰਾਂ ਦੀ
ਸੁਣਦੀ ਹੌਕੇ ਛਾਵਾਂ ਦੇ।(੪)

ਸੰਝ ਨੂੰ ਪਿੱਪਲਾਂ ਹੇਠ ਛੰਭਾਂ 'ਤੇ
ਆਇਆ ਜੁਗਨੂੰ ਦੂਰ ਕਿਤੋਂ,
ਮੁੜ ਆਵੇਗੀ ਨਾਰ ਛਬੀਲੀ
ਲੈ ਕੇ ਰੰਗ ਗਰਾਵਾਂ ਦੇ।(੫)

ਭਰ ਸੁੱਕੇ ਸ਼ਹੁ ਦੇਸਨ ਤੈਨੂੰ
ਇਕ ਦਿਨ ਸੂਹਾ ਸਾਲੂ,
ਇਕ ਦਿਨ ਸਿਖਰ ਦੁਪਹਿਰੇ ਹੋਸਨ
ਪੈਂਡੇ ਮੇਰੇ ਗੁਨਾਹਾਂ ਦੇ।(੬)


WWW.SIKHBOOKCLUB.COM

ਇਕ ਦਿਨ ਘੋਰ ਲਵੇਗੀ ਮਹਿੰਦੀ
ਲੰਮੀ ਨਦੀ ਜੋ ਵਗਦੀ,
ਇਕ ਦਿਨ ਫ਼ਜਰ 'ਚ ਬਲ ਉੱਠਣਗੇ
ਦੀਵੇ ਵਿਛੜੇ ਸਾਹਵਾਂ ਦੇ।(੭)

ਇਕ ਦਿਨ ਏਸ ਝਨਾਂ ਨੇ ਹੋਣਾ
ਅੰਧ, ਅਸੀਰ, ਬੇਗਾਨਾ,
ਇਕ ਦਿਨ ਜਲ-ਥਲ ਵਹਿ ਉੱਠਣਗੇ
ਸੁਪਨੇ ਯਾਰ ਦੇ ਨਾਵਾਂ ਦੇ।(੮)

ਇਕ ਦਿਨ ਮੇਰੇ ਮੱਥੇ ਉੱਤੇ
ਪੈਣੀ ਧੂੜ ਦੁਰੇਡੀ,
ਇਕ ਦਿਨ ਪੱਤਣਾਂ 'ਤੇ ਆਵਣਗੇ
ਮੋਏ ਸ਼ੁਤਰ ਸਦਾਵਾਂ ਦੇ।(੯)

ਇਕ ਦਿਨ ਸੰਢ ਮਜ਼ਾਰਾਂ ਦੀ ਵਿਚ
ਕੂਕੇਗਾ ਕੋਈ ਕਤਰਾ,
ਇਕ ਦਿਨ ਜਿਊਣ-ਜੋਗੀਏ ਤੈਂ ਬਿਨ,
ਮਿਲਣਗੇ ਯਾਰ ਗਰਾਵਾਂ ਦੇ।(੧੦)

ਨਨਕਾਣੇ ਕੁਰਲਾ ਉੱਠੇਗਾ
ਇਕ ਦਿਨ ਭਰਿਆ ਮੇਲਾ,
ਅੱਧੀ ਰਾਤ ਨੂੰ ਦਰ 'ਤੇ ਬਹਿਣੇ
ਦੁਖੜੇ ਮੁੜ ਸਭਰਾਵਾਂ ਦੇ।(੧੧)

ਸਤਲੁਜ-ਕਿਣਕੇ ਦੀ ਛਾਂ ਹੇਠਾਂ
ਸਭ ਫ਼ਰਿਆਦਾਂ ਹੋਸਨ,
ਸੁੰਨੀਆਂ ਰੇਤਾਂ ਦੇ ਸਿਰ ਪੈਸਨ
ਸੂਹੇ ਬਿੰਗ ਖ਼ਲਾਵਾਂ ਦੇ।(੧੨)

ਹਾਲ-ਹਵਾਲ ਪੁੱਛਣੇ ਰੋ ਕੇ
ਮੇਲੇ ਵਿਚ ਜੱਲਾਦਾਂ,
ਧੂੜ ਕਾਫ਼ਲੇ ਦੀ ਵਿਚ ਰੁਲਸਨ
ਅੱਥਰੂ ਦੂਰ-ਸਜ਼ਾਵਾਂ ਦੇ।(੧੩)

ਤਪਦਾ ਨਾਦ ਬੇਓੜਕ ਭੀਸ਼ਣ
ਰੋਲ ਸੁੱਟੇਗਾ ਰਾਹਾਂ,
ਬਹਿ ਧਰਵਾਸ ਦੇਣਗੇ ਮੈਨੂੰ
ਜਿਗਰੇ ਟੁੱਟੀਆਂ ਬਾਹਵਾਂ ਦੇ।(੧੪)

WWW.SIKHBOOKCLUB.COM

ਮੰਗੂ ਬਣ ਕੇ ਪੀਰ ਪੈਗ਼ੰਬਰ
ਕਦੇ ਤਾਂ ਆਵਣ ਬੇਲੇ,
ਤ੍ਰਿਣ ਦੇ ਵਾਂਗੂੰ ਜਾਨ ਪਲੇਗੀ
ਮੇਲੇ ਛੋਡ ਭਰਾਵਾਂ ਦੇ।(੧੫)

ਮੁੜ ਕੇ ਹੌਲ ਪਵੇਗਾ ਓਹੀ
ਸੁਣ ਬੇਲੇ ਦੀਆਂ ਹੇਕਾਂ,
ਉਹੀਓ ਲਟਕ ਫ਼ਕੀਰੀ ਤੈਂਡੀ
ਉਹੀਓ ਮੋੜ ਅਦਾਵਾਂ ਦੇ।(੧੬)

ਕਮਲੀ ਨਾਰ ਸਾਰ ਨ ਜਾਣੇ
ਲੱਖ ਦਰਿਆ ਜੇ ਹੁੱਲੇ,
ਉਹੀਓ ਦੇਸ ਮਾਹੀ ਦਾ ਸੋਹਣਾ
ਉਹੀਓ ਹੱਕ ਨਿਗਾਹਵਾਂ ਦੇ॥(੧੭)

•


WWW.SIKHBOOKCLUB.COM

# 2
# ਇਕ ਵੀਰਾਨ ਮਸਜਿਦ ਨੂੰ ਵੇਖ ਕੇ

## (1)

ਵੱਗੀ ਵਾ, ਤੇ ਕਬਰਾਂ ਰੁੰਨੀਆਂ ਵੋ
ਕਿੰਵ ਦਰਦ ਛੁਪਾਉਣ ਵਿਛੁੰਨੀਆਂ ਵੋ।

ਮੈਨੂੰ ਦਿਸਨ ਕਾਫ਼ਲੇ ਰੋਹੀਆਂ ਵਿਚ
ਜਦ ਨਜ਼ਰ ਮਸੀਤਾਂ ਦੀ ਹੁੰਨੀਆਂ ਵੋ।

ਰੁੱਤਾਂ ਸੁੱਕੀਆਂ ਤੇ ਡੋਲਣ ਅੱਕ-ਖੰਭੀਆਂ
ਲੀਰੋ ਲੀਰ ਉਡੇਂਦੀਆਂ ਚੁੰਨੀਆਂ ਵੋ।

ਸੋਹਣਾ ਸ਼ਹੁ ਸਲਵਾੜਾਂ ਦੇ ਵਿਚ ਰੁਲਿਆ
ਜਿੰਦਾਂ ਬੈਠ ਪੱਤਣ 'ਤੇ ਭੁੰਨੀਆਂ ਵੋ।

ਕੋਈ ਪੈੜ ਰੇਤ ਤੋਂ ਡੂੰਘੀ ਹੈ
ਅਸਾਂ ਨਜ਼ਰਾਂ ਥਲਾਂ ਵਿਚ ਗੁੰਨ੍ਹੀਆਂ ਵੋ।

ਕੋਈ ਸਬਰ ਫ਼ਕੀਰਾਂ ਵਿਚ ਵਸਦਾ
ਅੱਕ ਪੀਣ ਹਵਾਵਾਂ ਸੁੰਨੀਆਂ ਵੋ।

## (2)

ਬਿਨ ਯਾਰ ਦੁਆਵਾਂ ਬੁੱਢੀਆਂ ਵੋ
ਕੂੰਜਾਂ ਸਿਖਰ ਦੁਪਹਿਰਾਂ ਨੂੰ ਉੱਡੀਆਂ ਵੋ।

ਬਿਨ ਯਾਰ ਦੇ ਬਾਹਵਾਂ ਬੁੱਢੀਆਂ ਵੋ
ਰੁੰਗਾਂ ਪਾਉਂਦੀਆਂ ਰੋ ਰੋ ਲੁੱਡੀਆਂ ਵੋ।

ਨਾਂਹ ਮਿਰਗ ਚਿਰਾਂ ਦੇ ਰਾਹ ਜਾਣਨ
ਬਣੇ ਬ੍ਰਿਛ ਪੁਰਾਣੇ ਮੁੱਢੀਆਂ ਵੋ।

WWW.SIKHBOOKCLUB.COM

ਪੱਕੇ ਪੁਲਾਂ 'ਤੇ ਦੁਆ ਕਰ ਰਾਤਾਂ ਨੂੰ
ਸੋਹਣੇ ਆਣ ਰੁਆਵਣ ਝੁੱਗੀਆਂ ਵੇ।

ਡੂੰਘੀ ਕੱਸੀਆਂ ਕਿਨਾਰੇ ਢੋਕਾਂ ਵਿਚ
ਪਾਣੀ ਪੀਂਦੀਆਂ ਮਾਵਾਂ ਬੁੱਢੀਆਂ ਵੇ।

(3)

ਚੱਕ ਅੰਬਰ ਦਾ ਜਾਨ ਮਲੇ ਪਿਆ
ਦਿਹੁੰ ਖੇਡਣ ਦਾ ਆਣ ਗਲੇ ਪਿਆ।

ਭੁੱਲੇ ਦੇਸ ਪੁਰਾਣੇ ਬੇਲੀ
ਪੱਤਝੜ ਦਾ ਤੂਫ਼ਾਨ ਰਲੇ ਪਿਆ।

ਸ਼ਾਹ ਪੈਗ਼ੰਬਰ ਪੀਰ ਨੂੰ ਮਿਲ ਲਉ
ਕਿਤੋਂ ਕਿਤੋਂ ਅਸਮਾਨ ਢਲੇ ਪਿਆ।

ਬੂਹੇ ਖੜੀ ਪੀਰ ਨੂੰ ਵੇਖੇ
ਚੁੱਕ ਕੇ ਡਾਢਾ ਭਾਰ ਚਲੇ ਪਿਆ।

ਉਂਞ ਤਾਂ ਯਾਰ ਦੇ ਉਹੀਓ ਪੱਤਣ
ਦਿਹੁੰ ਦਾ ਪਿਛਲਾ ਪਹਿਰ ਛਲੇ ਪਿਆ।

ਪੰਜ ਦਰਿਆਵਾਂ ਬਾਝੋਂ ਮਾਹੀ
ਤਨ ਸੂਲਾਂ ਦੇ ਵਾਂਗ ਜਲੇ ਪਿਆ।

ਅੰਬਰ ਦੇ ਵਿਚ ਪੀਲਾ ਪੱਤਰ
ਕਿਉਂ ਕੁਰਲਾ ਕੇ ਆਣ ਥਲੇ ਪਿਆ!

•

WWW.SIKHBOOKCLUB.COM

## 3

# ਰਾਤ ਦੇ ਪਰਛਾਵਿਆਂ ਵਿਚ ਉੱਡਦੀ ਸੁੰਦਰੀ ਨੂੰ

ਝਿੰਮ ਝਿੰਮ ਰਾਤ ਉਮਰ ਦੀ ਲੰਘਦੀ
ਭਰੀਆਂ ਵਗਣ ਝਨਾਵਾਂ
ਜੇ ਤੂੰ ਐਵੇਂ ਤੁਰ ਜਾਣਾ ਹੈ
ਫਿਰ ਕਿਉਂ ਕਰੇਂ ਦੁਆਵਾਂ ? (੧)

ਦੂਰ ਦੁਰਾਡੇ ਸੱਥਰਾਂ ਉੱਤੇ
ਯਾਦ ਕਰੇ ਕੋਈ ਬੇਲੀ,
ਜੇਕਰ ਤੇਰੇ ਬੋਲ ਬੇਗਾਨੇ
ਫਿਰ ਕਿਉਂ ਵਗਣ ਹਵਾਵਾਂ ? (੨)

ਕਿਉਂ ਤੂੰ ਨਾਲ ਗ਼ਾਜ਼ੀਆਂ ਚੱਲੀ
ਸਿਖਰ ਦੁਪਹਿਰਾਂ ਵੇਲੇ ?
ਜੀਵੇਂ ਡਾਢੇ ਥਲ ਨੇ ਤੈਨੂੰ
ਦਿੱਤੀਆਂ ਨਹੀਂ ਸਦਾਵਾਂ। (੩)

ਆਈਆਂ ਦੂਰ ਦੁਰਾਡਿਉਂ ਕੂੰਜਾਂ
ਸ਼ੁਤਰ ਵੀ ਦੂਰੋਂ ਆਏ,
ਜੇ ਤੂੰ 'ਵਾਜ ਅੱਲਾ ਦੀ ਸੁਣਦੀ
ਕਿਉਂ ਮੈਂ ਦਰਦ ਗਿਣਾਵਾਂ ? (੪)

ਤੇਰੇ ਕੇਸਾਂ ਨਾਲ ਕਿਉਂ ਆਏ
ਦੂਰੋਂ ਚਲ ਪ੍ਰਛਾਵੇਂ ?
ਜੀਵੇਂ ਗੀਟਿਆਂ ਕੋਲੋਂ ਪੁੱਛਦੀ :
"ਖ਼ਾਨਗਾਹਾਂ ਤਕ ਆਵਾਂ।" (੫)

ਬਾਗ਼ ਵੀ ਤੇਰੇ, ਵਾਟ ਵੀ ਤੇਰੀ,
ਮਹਿੰਦੀ-ਕਜਰਾ ਖੁਰਦੇ,
ਪੱਕੀਆਂ ਪੀਲੂਆਂ ਖਾਣ ਹੁਲਾਰੇ
ਅੱਜ ਨਾਂਹ ਮਿਲੀਆਂ ਮਾਵਾਂ। (੬)

•


WWW.SIKHBOOKCLUB.COM 

## 4

# ਇਕ ਅੰਞਾਣ ਜਿੰਦੜੀ ਨੂੰ

ਉੱਚੇ ਬ੍ਰਿਛ! ਮੁਹੱਬਤਾਂ ਮੇਰੀਆਂ!
ਲੰਮੇ ਦੇਸ ਝਨਾਂ ਦੀਆਂ ਫੇਰੀਆਂ।

ਭਾਵੇਂ ਰੰਗ ਫ਼ਕੀਰ ਦਾ ਆਪਣਾ,
ਅੱਖੀਂ ਈਦ ਤੋਂ ਸੋਹਣੀਆਂ ਤੇਰੀਆਂ।

ਹਰੀ ਟਾਹਣ 'ਤੇ ਪੀਂਘ ਚੜ੍ਹਾਂਦੀਏ,
ਲਾ ਨਾਂਹ ਨਦੀ ਦੇ ਕੰਢੜੇ ਦੇਰੀਆਂ।

ਜੀਵੇਂ ਵੇਖ ਨਾਂਹ ਉਮਰ ਦੀ ਪੈੜ ਨੂੰ,
ਰਮਜ਼ਾਂ ਅਜੇ ਤੂੰ ਖੂਹੇ ਨਾਂਹ ਗੇੜੀਆਂ।

ਜਗੇ ਸ਼ੁਤਰ-ਸੁਆਰਾਂ ਦੀ ਢੋਕ ਦੀਵਾ,
ਪੀਲ੍ਹਾਂ ਪੱਕੀਆਂ ਕਿਤੇ ਘਨੇਰੀਆਂ।

ਜੁਗਨੂੰ ਕੂੰਦਿਆ, ਬਾਗ਼ ਨੇ ਘੇਰੀਆਂ!
ਰੁੜੀਆਂ ਨਦੀ ਵਿਚ ਖੰਭਾਂ ਦੀਆਂ ਢੇਰੀਆਂ।

ਲੰਮੀ ਰਾਤ ਝਨਾਂ ਦੀ ਦੇਖ ਲੈ,
ਹੰਝਾਂ ਰੰਗ ਕਸੁੰਭੇ ਨੇ ਕੇਰੀਆਂ।

ਬੈਠ ਏਸ ਬਨੇਰੇ ਨਾਂਹ ਸੋਹਣੀਏਂ,
ਤਿਣਕੇ ਚੁੱਕ ਲੈ ਜਾਸਨ ਹਨੇਰੀਆਂ।

ਚੂੜਾ ਛਣਕਦਾ ਰੰਗਲੀ ਸੇਜ 'ਤੇ,
ਖੰਡਰ ਸੱਖਣੇ, ਵਜਦੀਆਂ ਭੇਰੀਆਂ।

ਡਾਢੇ ਉਮਰ ਦੇ ਬਾਜ਼ ਨੂੰ ਰੋਕ ਲੈ,
ਫ਼ਜਰ-ਚੁੱਪ ਪਾਉਂਦੀ ਘੁੰਮਨ ਘੇਰੀਆਂ।

ਕੁੜੇ ਛੇੜ ਨ ਰੰਗ ਕਸੁੰਭ ਦਾ,
ਸੋਹਣੇ ਬ੍ਰਿਛ 'ਤੇ ਪੈਣ ਹਨੇਰੀਆਂ।


WWW.SIKHBOOKCLUB.COM

ਚੀਨੇ ਖਿੰਡੇ 'ਤੇ ਹੱਸ ਨਾਂਹ ਸੋਹਣੀਏਂ,
ਖੇਡਾਂ ਇੰਝ ਹੀ ਖਿੰਡਣ ਨਾਂਹ ਤੇਰੀਆਂ।

ਉੱਚੇ ਬੁਰਜ 'ਤੇ ਕੇਸ ਸੁਕਾਂਦੀਏ,
ਗੱਲਾਂ ਨਾਲ ਮੁਸਾਫ਼ਰਾਂ ਛੇੜੀਆਂ।

•

WWW.SIKHBOOKCLUB.COM

# 5

# ਬੇਲਿਆਂ ਵਿਚ ਮਾਹੀ ਦੇ ਸੁਪਨੇ

ਹੱਕ ਨਿਗਾਹਾਂ ਦਾ ਮਾਹੀਆ,
ਸਾਡਾ ਜ਼ੋਰ ਨਾਂਹ।(੧)

ਇੱਕੋ ਜਿੰਦੜੀ ਏ ਮਾਹੀਆ,
ਜਿੰਦੜੀ ਹੋਰ ਨਾਂਹ।(੨)

ਲੱਜ ਮਾਹੀ ਦੇ ਹੁਕਮ ਦੀ
ਵਲੀ ਦਾ ਜ਼ੋਰ ਨਾਂਹ।(੩)

ਰੂਹਾਂ ਮਹਿੰਦੀ 'ਚ ਛੁਪੀਆਂ,
ਅੱਗੇ ਤੋਰ ਨਾਂਹ।(੪)

ਥਲਾਂ ਵਲ ਜਾਂਦਾ ਤਾਂ ਜਾਣ ਦੇ
ਮੋੜੀਂ ਲੋਰ ਨਾਂਹ।(੫)

ਪੁਰਸਲਾਤ ਦੇ ਪਾਣੀ ਮਿਲਣਗੇ
ਪਾਵੀਂ ਸ਼ੋਰ ਨਾਂਹ।(੬)

ਲਸ਼ਕਰ ਬੇਨਾਮ ਸਭ ਹੋਏ
ਇਉਂ ਤਾਂ ਖੋਰ ਨਾਂਹ।(੭)

ਭਰਨ ਦੇ ਯਾਰ ਦਾ ਪਾਣੀ
ਅਸੀਂ ਕੋਈ ਚੋਰ ਨਾਂਹ।(੮)

ਧਰਤੀ ਦੀ ਮਹਿਕ ਨੂੰ ਫੜੇਗਾ
ਕਤਰਾ ਬੇ-ਜ਼ੋਰ ਨਾਂਹ।(੯)

ਬਾਗ਼ਾਂ ਦੀ ਨਾਰੀਏ, ਸਦਕੇ ਜਾਂ,
ਪੱਤਣਾਂ ਤੋਂ ਪਿਆਰੀਏ, ਸੁਣੀਂ ਖਾਂ,
ਭੁੱਲੀਂ ਦਰਿਆਵਾਂ ਦਾ ਲੋਰ ਨਾਂਹ।(੧੦)

ਹਿੱਕੋ ਦੇਸ ਝਨਾਂ ਦਾ ਮਾਹੀਆ
ਦੇਸ ਕੋਈ ਹੋਰ ਨਾਂਹ।(੧੧)

•

WWW.SIKHBOOKCLUB.COM

## 6

# ਬੇਲਿਆਂ ਵੱਲ ਜਾਂਦੀ ਸੋਹਣੀ ਨੂੰ

ਤੈਨੂੰ ਯਾਦ ਮਾਹੀ ਦੇ ਦਰ 'ਤੇ
ਨਾਂਹ ਤਾਂ ਬੋਲ ਅਖ਼ੀਰਾਂ ਦੇ।
ਨਾਂਹ ਤਾਂ ਕਹਿਰ ਗ਼ਾਜ਼ੀਆਂ ਸੰਦੇ
ਨਾਂਹ ਤਾਂ ਸਬਰ ਫ਼ਕੀਰਾਂ ਦੇ।(੧)

ਕਿਣਕੇ ਦੇ ਵਿਚ ਡਾਹ ਹਸ਼ਰਾਂ ਦਾ
ਪੈੜ ਤੇਰੀ ਪਿਆ ਬਾਲੇ,
ਜਿਸਦੇ ਸਬਰ ਦੀ ਬਿਜਲੀ ਰੁਲਦੀ
ਵਿਚ ਝਨਾਂ ਦਿਆਂ ਨੀਰਾਂ ਦੇ।(੨)

ਨਿਹੁੰ ਦੀਆਂ ਨਦੀਆਂ ਦੇ ਰਾਹ ਜਾਂਦੇ
ਡਾਢੇ ਸ਼ਾਹ ਦੇ ਦਰ 'ਤੇ,
ਸਬਰ ਤੇਰੇ ਦੀਆਂ ਪੌਣਾਂ ਛੇੜਣ
ਸੱਥਰ ਵਲੀਆਂ ਪੀਰਾਂ ਦੇ।(੩)

ਜੁਗਨੂੰ ਦੇ ਪਰ 'ਤੇ ਕੁਝ ਲਿਖਿਆ
ਤੈਂਡੀ ਨਜ਼ਰ ਸੁਹਾਣੀ,
ਕਾਲਿਆਂ ਝੱਖੜਾਂ ਨੂੰ ਰਾਹ ਦਸਦਾ
ਮਹਿੰਦੀ-ਰੰਗਿਆਂ ਤੀਰਾਂ ਦੇ।(੪)

ਕੈਸੀ ਫ਼ਜਰ ਤੇਰੇ 'ਤੇ ਆਈ!
ਬਾਗ਼ ਨਾਂਹ ਥਲ ਨਾਂਹ ਤੇਰੇ,
ਨੌਬਤ ਵਜਦੀ ਸੁਣੇ ਨ ਤੈਨੂੰ
ਅੱਥਰੂ ਜਿਵੇਂ ਅਸੀਰਾਂ ਦੇ।(੫)

ਤੁਰ ਗਏ ਸ਼ੁਤਰ-ਸੁਆਰ ਵਿਚਾਰੇ
ਬਿਨ ਰਾਹ ਪੁੱਛਿਆਂ ਤੈਨੂੰ,
ਮੁੜ ਨ ਵੇਖਣ ਨੂਰ ਪਿਛਾਂਹ ਦੇ
ਬੋਲ ਜਿਵੇਂ ਤਕਸੀਰਾਂ ਦੇ।(੬)


WWW.SIKHBOOKCLUB.COM

ਤੇਰੀ ਖੇਡ ਦਾ ਗੀਟਾ ਰੁਲਿਆ
ਲੰਮੀ ਨਦੀ 'ਚ ਜੀਵੇਂ,
ਜੁਗਨੂੰ ਤੇਰੀ ਤਲੀ 'ਤੋਂ ਉੱਡ ਕੇ
ਰਾਹ ਪਿਆ ਵਣਾਂ-ਕਰੀਰਾਂ ਦੇ।(੭)

ਉੱਡਦਾ ਬਾਜ਼! ਅਜ਼ਾਨ ਸੁਣੀਂਦੀ
ਤਾਰਾ ਥਲ ਦਾ ਡੋਲੇ,
ਨੀਂਦ ਤੇਰੀ ਵਿਚ ਪੈਂਡੇ ਕੂੰਦਨ
ਮਜ਼੍ਹਬਾਂ ਦੀਆਂ ਲਕੀਰਾਂ ਦੇ।(੮)

ਤੈਨੂੰ 'ਵਾਜ ਈਦ ਦੀ ਸੁਣਦੀ
ਹਰੀ ਧਰੇਕ ਦੀ ਛਾਵੇਂ,
ਕੂੜੇ ਦਾਵੇ ਖਾਕ 'ਚ ਰੁਲਦੇ
ਲੱਖਾਂ ਸ਼ਾਹ ਵਜ਼ੀਰਾਂ ਦੇ।(੯)

ਹਿੱਕੋ ਤਾਂ ਪੈਂਡੇ ਵਲੀਆਂ ਦੇ ਨੇ
ਹਿੱਕੋ ਤਾਂ ਪੈਂਡੇ ਦੁਨੀਆਂ ਦੇ,
ਜੀਵੇਂ ਖੇਡ ਤੇਰੀ ਨੂੰ ਤਰਸਨ
ਵੱਡੇ ਹੱਕ ਸ਼ਮਸ਼ੀਰਾਂ ਦੇ।(੧੦)

ਭਰੀਆਂ ਜ਼ੁਲਫ਼ਾਂ, ਸਾਉਣ ਮਹੀਨਾ
ਸੂਹੀਆਂ ਸਬਜ਼ ਪੁਸ਼ਾਕਾਂ,
ਜੋਬਨ ਵਾਂਗ ਤੁਰੇਂਗੀ ਜਦ ਤੂੰ
ਦਿਸਣਗੇ ਸ਼ਹੁ ਦਿਲਗੀਰਾਂ ਦੇ।(੧੧)

ਤੂੰ ਨਾਂਹ ਬਾਹਰ ਮਹਿੰਦੀਉਂ ਆਈ
ਪਹਿਣ ਨਕਾਬ ਫ਼ਕੀਰੀ,
ਤੇਗ ਪੁਰਾਣੀ ਲੈ ਕੋਈ ਸੁੱਤੇ
ਜਿਗਰੇ ਨਬੀ ਦੇ ਵੀਰਾਂ ਦੇ।(੧੨)

ਮਹਿੰਦੀ ਦਾ ਇਕ ਸਾਲੂ ਉੱਡਦਾ
ਸਾਵਨ ਮਾਹ ਦੀਆਂ ਕੂੰਜਾਂ 'ਤੇ,
ਮਨ ਪਰਦੇਸੀ ਪੀਲੂਾਂ ਵਾਂਗੂੰ
ਖੇਡੇ ਨਾਲ ਸਮੀਰਾਂ ਦੇ।(੧੩)

ਜਾਂ ਕੋਈ ਪੱਤਣ ਜਾਂ ਕੋਈ ਦਾਮਨ
ਭਿੰਨੀ ਰੈਣ ਨੂੰ ਦਿਸਿਆ,
ਤੈਂਡੇ ਕੇਸ ਜਾਂ ਲਿਪਟਣ ਵਾ ਨੂੰ
ਵਹਿਣ ਝਨਾਂ ਦਿਆਂ ਚੀਰਾਂ ਦੇ।(੧੪)


WWW.SIKHBOOKCLUB.COM

ਕਿਤੇ ਤਾਂ ਜੀਭ ਥਲਾਂ ਦੀ ਸੁੱਤੀ
ਕਾਲੇ ਖੂਹ ਦੇ ਦਰ 'ਤੇ,
ਕਿਤੇ ਤਾਂ ਵਾਲ ਤੇਰੇ ਦੇ ਪਾਣੀ
ਭਰਦੇ ਸ਼ਹੁ ਤਕਦੀਰਾਂ ਦੇ। (੧੫)

ਕਿਤੇ ਉਦਾਸ ਫਿਰੇ ਕੋਈ ਨਾਗਣ
ਕਿਤੇ ਫ਼ਕੀਰ ਬੇ-ਆਸਾ,
ਕਿਤੇ ਨੈਣ ਤੇਰੇ ਨੇ ਜ਼ਾਮਨ
ਚਿਰਾਂ ਤੋਂ ਸੁੱਤੀਆਂ ਹੀਰਾਂ ਦੇ। (੧੬)

ਤੇਰੇ ਬੋਲ ਨਾਲ ਕੋਈ ਮੁਰਸ਼ਦ
ਰੋਹੀਆਂ 'ਚੋਂ ਸੀ ਤੁਰਿਆ,
ਤੇਰੇ ਬ੍ਰਿਛ ਹੇਠ ਕੁਝ ਹੌਕੇ
ਕਬਰੀਂ ਰੁਲੇ ਵਹੀਰਾਂ ਦੇ। (੧੭)

•


WWW.SIKHBOOKCLUB.COM

## 7

# ਸੁੱਕੇ ਸਤਲੁਜ ਨੂੰ ਵੇਖ ਕੇ

ਕਿਸ ਨੇ ਭਰਿਆਂ ਸਤਲੁਜਾਂ
ਦਾ ਨੀਰ ਸੁਕਾਇਆ ?
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ।

ਪੈੜ ਮਹੀਨ ਨੂੰ ਪੈਂਦੀਆਂ
ਦਰਿਆਂ ਦੀਆਂ ਖੋਹਾਂ।
ਕਰਦੇ ਮੋਏ ਲਸ਼ਕਰਾਂ
ਤੇ ਜੁਗਨੂੰ ਲੋਆਂ।
ਆਉਣ ਮਜ਼ਾਰਾਂ ਪਾਸਿਉਂ
ਕਿਸੇ ਤਿੜ ਨੂੰ ਸੋਆਂ।
ਰੋਂਦੀਆਂ ਮਾਵਾਂ ਸਾਮ੍ਹਣੇ
ਦਰਬਾਰ ਸਜਾਇਆ—
ਕਿਸ ਨੇ ਭਰਿਆਂ ਸਤਲੁਜਾਂ
ਦਾ ਨੀਰ ਸੁਕਾਇਆ ? (੧)

ਘਣੀਆਂ ਛਾਵਾਂ ਜਦੋਂ ਸੀ
ਮੇਰੇ ਦਰਾਂ 'ਤੇ ਪਈਆਂ,
ਕਾਲੀਆਂ ਬੱਦਲੀਆਂ ਝੂੰਮ ਜਦ
ਮੇਰੇ ਸ਼ੁਤਰ 'ਤੇ ਲਹੀਆਂ,
ਜਿਹਲਮ ਅਟਕ ਦੇ ਨਾਲ ਜਦ
ਮੈਂ ਖੇਡਣ ਗਈਆਂ,
ਟੁੱਟਦੀ ਤਿੜ ਵਿਚ ਬੇਲਿਆਂ
ਇਕਰਾਰ ਛੁਪਾਇਆ।
ਕਿਸ ਨੇ ਭਰਿਆਂ ਸਤਲੁਜਾਂ
ਦਾ ਨੀਰ ਸੁਕਾਇਆ ? (੨)


WWW.SIKHBOOKCLUB.COM 

ਅੱਧੀ ਰਾਤ ਨੂੰ ਧੁਖਦੀਆਂ
ਵਿਚ ਰੇਤ ਕਟਾਰਾਂ,
ਸਲਵਾੜਾਂ ਦੇ ਚੀਰ ਸਹਿ
ਪੰਧ ਕੱਟਣ ਵਾਰਾਂ,
ਤਲੀਆਂ ਹੇਠਾਂ ਬੋਲਦੇ
ਉੱਠ ਹਾੜ ਹਜ਼ਾਰਾਂ,
ਸੁੰਞ ਉਡਾਰੀ ਮਾਰਦੀ
ਖੰਭ ਤੋੜ ਛੁਪਾਇਆ—
ਕਿਸ ਨੇ ਭਰਿਆਂ ਸਤਲੁਜਾਂ
ਦਾ ਨੀਰ ਸੁਕਾਇਆ ? (੩)

ਕਿਰ ਕਿਰ ਭੁਰ ਭੁਰ ਵਿਲਕਦਾ
ਔਹ ਦੀਦ ਬਨੇਰਾ,
ਝੰਗ ਸਿਆਲ 'ਚ ਅਜੇ ਵੀ
ਕੋਈ ਜ਼ਾਮਨ ਮੇਰਾ,
ਥਲਾਂ 'ਚ ਲੀਰਾਂ ਲਟਕੀਆਂ
ਰਾਹ ਵੇਖਣ ਤੇਰਾ,
ਕਿਰ ਕਿਰ ਜਾਵਣ ਮਸਜਿਦਾਂ
ਕਿਤੇ ਪੀਰ ਸਧਾਇਆ—
ਕਿਸ ਨੇ ਭਰਿਆਂ ਸਤਲੁਜਾਂ
ਦਾ ਨੀਰ ਸੁਕਾਇਆ ? (੪)

ਛਾਲਾ ਕੁਲ ਕਾਇਨਾਤ ਦਾ
ਵਿਚ ਧੂੜ ਕੁਆਰੀ
ਲਟਕੇ ਦਿਲ ਮਸਕੀਨ 'ਤੇ
ਕੋਈ ਹੂੰਗਰ ਭਾਰੀ,
ਰਣ ਅਤੀਤ ਦਾ ਲਿਸ਼ਕਦਾ
ਵਿਚ ਨੈਣ-ਚਿੰਗਾਰੀ,
ਦੂਰ ਸੁੰਨ ਵਿਚ ਲਟਕਦਾ
ਵੱਡ ਜੋਧ ਸਦਾਇਆ—
ਕਿਸ ਨੇ ਭਰਿਆਂ ਸਤਲੁਜਾਂ
ਦਾ ਨੀਰ ਸੁਕਾਇਆ ? (੫)


WWW.SIKHBOOKCLUB.COM

ਸਰਸਾ ਕੰਢਿਉਂ ਉੱਡਦੀ
ਰੱਤ ਪੁਰੇ 'ਚ ਕੋਈ,
ਉੱਡੀ ਧੂੜ ਜੋ ਸਰਵਰਾਂ ਤੋਂ
ਨਾਲ ਹੈ ਹੋਈ,
ਕੰਬਦੇ ਵਣਾਂ ਤੇ ਛਾਲਿਆਂ
ਦੀ ਚੀਸ ਖਲੋਈ,
ਕੰਧੀ ਸੁਕੇ ਸਰਾਂ ਦੀ
ਥਲ ਤਕੀਆ ਲਾਇਆ—
ਕਿਸ ਨੇ ਭਰਿਆਂ ਸਤਲੁਜਾਂ
ਦਾ ਨੀਰ ਸੁਕਾਇਆ ?      (੬)

ਸੁੱਤੀ ਨਾਗ ਜਿਉਂ ਵਣਾਂ 'ਤੇ
ਕੋਈ ਹੇਕ ਲੰਮੇਰੀ
ਬਾਜ਼ ਦੀ ਨਜ਼ਰ 'ਚੋਂ ਸੁੰਨ ਕੁਈ
ਉੱਠ ਫੜੇ ਹਨੇਰੀ
ਪਰ ਕੁਮਰੀ ਦੇ ਵੱਜਦੀ
ਸਿੰਧ-ਰੇਤ ਵਡੇਰੀ,
ਬਿਆਸ ਦੀ ਕਣੀ 'ਚ ਦੌੜਦਾ
ਮੇਰੇ ਮੀਤ ਦਾ ਸਾਇਆ—
ਕਿਸ ਨੇ ਭਰਿਆਂ ਸਤਲੁਜਾਂ
ਦਾ ਨੀਰ ਸੁਕਾਇਆ ?      (੭)

ਮਾਰੀਂ ਰਾਵੀ ਸੋਹਣੀਏਂ
ਵਿਚ ਘਟਾ ਉਡਾਰੀ,
ਛਲਕੇ ਸ਼ੀਰੀਂ ਤਾਲ ਵਿਚ
ਜਿਉਂ ਝਿੰਮ ਝਿੰਮ ਨਾਰੀ,
ਰਾਹਾਂ ਸਬਜ਼ ਬੇਗਾਨੀਆਂ
ਜਿੰਦ ਜਾਵਾਂ ਵਾਰੀ,
ਕੰਧੀ ਰੋਇ ਝਨਾਂ ਦੀ
ਅਸਾਂ ਦਾਜ ਬਣਾਇਆ—
ਕਿਸ ਨੇ ਭਰਿਆਂ ਸਤਲੁਜਾਂ
ਦਾ ਨੀਰ ਸੁਕਾਇਆ ?      (੮)

ਰੋਹੀਆਂ ਵੇਖ ਕੇ ਰੁੰਨਿਆ
ਮੇਰਾ ਬਾਗ਼ ਅੰਞਾਣਾ,
ਕੰਠ ਕੋਇਲ ਦੇ ਰੇਤ ਦਾ
ਬਨਬਾਸ ਪੁਰਾਣਾ,
ਸਾਵਨ ਮਾਹ ਦੀ ਕਣੀ 'ਚੋਂ
ਬਿੰਗ ਦਿਸੇ ਭਿਆਣਾ,
ਹੀਰ ਦੀ ਤੰਦ 'ਤੇ ਘੁੰਮਦਾ
ਰਾਹ ਜੋਗ ਦਾ ਪਾਇਆ—
ਕਿਸ ਨੇ ਭਰਿਆਂ ਸਤਲੁਜਾਂ
ਦਾ ਨੀਰ ਸੁਕਾਇਆ ? (੯)

ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ।

•


WWW.SIKHBOOKCLUB.COM

8

# ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ

*(ਤੁਖਾਰੀ ਮਹਲਾ ੧)*

ਸ਼ਬਨਮ ਦੇ ਵਿਚ ਸੁੱਤੀਆਂ
ਕੁਝ ਲਹਿਰਾਂ ਪਈਆਂ,
ਚਿਰ ਤੋਂ ਹੇਕਾਂ ਮਾਂਝੀਆਂ
ਦੀਆਂ ਢੂੰਡਣ ਪਈਆਂ।

ਲੱਖਾਂ ਬ੍ਰਿਛਾਂ ਹੁੱਲ ਕੇ
ਇਕ ਫ਼ਜਰ ਉਤਾਰੀ,
ਪਰਬਤਾਂ ਉੱਤੇ ਸਾਵਨਾਂ
ਦੀਆਂ ਛਾਵਾਂ ਪਈਆਂ।

ਹਰੇ ਕਚੂਰ ਝਨਾਂ ਨੇ
ਕੋਈ 'ਵਾਜ ਹੈ ਮਾਰੀ,
ਸੁਪਨੇ ਵਿਚ ਮੈਂ ਤੁਰਦੀਆਂ
ਨਾਂਹ ਸਾਰਾਂ ਲਈਆਂ।

ਸ਼ਾਹ ਅਸਵਾਰ ਨੂੰ ਪਾਣੀਆਂ
ਇਕ ਅਰਜ਼ ਗੁਜ਼ਾਰੀ,
ਸੂਹੇ ਵੇਸ ਕਰੇਂਦੀਆਂ
ਚੁੰਮ੍ਹ ਵਾਗ ਨੂੰ ਰਹੀਆਂ।

ਮੇਰੇ ਨਾਜ਼ ਦੀ ਬਾਤ ਨੂੰ
ਕੋਈ ਪੁੱਛਣ ਆਵੇ,
ਭਖਦੇ ਸੀਨੇ ਤੂਰ ਦੇ
ਦੋ ਪੈੜਾਂ ਲਹੀਆਂ।


WWW.SIKHBOOKCLUB.COM 

ਸਿਖਰ ਦੁਪਹਿਰੇ ਝੱਖੜਾਂ
ਵਿਚ ਬਾਜ਼ ਨਾਂਹ ਰੁਕਦੇ,
ਚੜ੍ਹਦੀ ਉਮਰ ਦੀ ਕਾਂਗ ਨੂੰ
ਫੜ ਪੌਣਾਂ ਰਹੀਆਂ।

ਤੇਗ ਦੀ ਧਾਰ 'ਚ ਸ਼ਬਨਮਾਂ
ਕੋਈ ਹੁਸਨ ਲੁਕਾਵਣ,
ਨਜ਼ਰ ਦੀ ਧਾਰ ਨੂੰ ਛੋਂਹਦੀਆਂ
ਕੰਨਸੋਆਂ ਗਈਆਂ।

ਕੰਬਦੀ ਬਿਜਲੀ-ਸਿਖਰ 'ਤੇ
ਖੜ ਵੇਸ ਮੈਂ ਕੀਤਾ,
ਨਦੀਆਂ ਪੈਂਡੇ ਘੇਰ ਕੇ
ਦੋ ਗੱਲਾਂ ਕਹੀਆਂ।

ਉਡਦੀਆਂ ਜੁਗਨੂੰਆਂ ਵਾਂਗ ਜੋ
ਕਦੇ ਅੰਬਰ ਗੱਲਾਂ,
ਸਾਵਨ ਦੀ ਇਸ ਘਟਾ ਵਿਚ
ਮੈਨੂੰ ਯਾਦ ਨ ਰਹੀਆਂ।

ਰੰਗ ਮਜੀਠੀ ਥਰਕਦਾ
ਜਿਉਂ ਦੂਰ ਸੁਨੇਹੜੇ,
ਤਾਰਿਆਂ ਦੀ ਛਾਂ ਭਿੰਨੜੀ
ਨੂੰ ਛੋਹਵਣ ਬਹੀਆਂ।

ਮਾਹੀ ਤੈਂਡੇ ਪੈਂਡਿਆਂ
ਤੇ ਅੰਬਰ ਸਾਡਾ,
ਜਿਸਦਾ ਦਾਮਨ ਪਕੜਿਆ
ਰੂਹ ਰੰਗ ਗਵੱਈਆਂ।

ਕੰਬਦਾ ਬੁੱਤ ਲੈ ਅੱਥਰੂ
ਜੇਹੀ ਅਰਜ਼ ਮੈਂ ਕੀਤੀ,
ਜਦੋਂ ਦੁਪਹਿਰਾਂ ਗ਼ਜ਼ਬ ਖਾ
ਸੰਗ ਲਸ਼ਕਰਾਂ ਖਹੀਆਂ;

ਮਾਵਾਂ ਨੇ ਅਸਮਾਨ ਨੂੰ
ਜਦ ਮਾਰੀਆਂ 'ਵਾਜਾਂ
ਧਰਤੀ ਉੱਤੇ ਪੁੱਤਰਾਂ
ਦੀਆਂ ਛਾਵਾਂ ਲਹੀਆਂ;


WWW.SIKHBOOKCLUB.COM

ਵੇਖਾਂ ਝਿੰਮ ਝਿੰਮ ਰਹਿਮ ਦੇ
ਤਦ ਗਗਨ ਮੈਂ ਦੂਰੋਂ
ਕਿਤੋਂ ਹਵਾਵਾਂ ਆਉਂਦੀਆਂ
ਮੇਰੇ ਸਜਦੇ ਜਹੀਆਂ।

ਹੁੱਲਦੇ ਵਣਾਂ ਦੀ ਪੈੜ ਕੁਈ
ਮੇਰੀ ਜਾਨ 'ਤੇ ਕੰਬੇ
ਪਰਬਤ ਪਰਬਤ ਸ਼ਬਨਮਾਂ
ਕੋਈ ਰਾਜ਼ ਲੈ ਬਹੀਆਂ।

ਸੱਭੇ ਪੈਂਡੇ ਦਿਲਾਂ ਦੇ
ਪਰਦੇਸ ਤੋਂ ਆਵਣ,
ਸੁੱਤੇ ਝੰਗ ਜਗਾਂਦੀਆਂ
ਆ ਦੂਰੋਂ ਸਈਆਂ।

•


WWW.SIKHBOOKCLUB.COM

# 9
# ਮੁੱਢ ਕਦੀਮ ਦੀਆਂ ਗਲੀਆਂ ਵਿਚ

—ੳ—

ਮੁੱਢ ਕਦੀਮ ਦੀਆਂ ਗਲੀਆਂ ਵਿਚ
ਮੁੜ ਆਈਆਂ ਤਿਰਕਾਲਾਂ।
ਮੌਤ ਦੇ ਮੇਲੇ ਦੇ ਵਿਚ ਜੁੜੀਆਂ
ਸਦੀਆਂ ਬੰਨ੍ਹ ਬੰਨ੍ਹ ਪਾਲਾਂ।

ਪੀਲੇ ਬੋਹੜ ਵਿਚ ਨੇ ਛੁਪੀਆਂ
ਪਾਟ ਗਗਨ ਦੀਆਂ ਛਾਵਾਂ।
ਰੁਲੇ ਖੰਡਰਾਂ ਦੀਆਂ ਆਹਟਾਂ ਦੇ
ਹੌਲ ਜਰਦੀਆਂ ਮਾਵਾਂ।

ਢੱਠੀਆਂ ਖ਼ਾਨਗਾਹਾਂ ਦੇ ਆਂਗਣ
ਰੋਹੀਆਂ ਚੋਲੇ ਸੀਵਣ,
ਵੱਢਿਆਂ ਰੁੱਖਾਂ ਦੇ ਧੂੜਾਂ 'ਚੋਂ
ਹੌਕੇ ਪਏ ਸੁਨੀਵਣ।

ਸੁੰਞੀਆਂ ਨਿੰਮਾਂ ਦੇ ਵਿਚ ਫੜਕਣ
ਕੋ ਮਜਲਿਸ ਦੇ ਹਾਸੇ,
ਮੁੱਢ ਕਦੀਮ ਦੀਆਂ ਗਲੀਆਂ ਦੇ
ਰਾਹ ਜਾਵਣ ਕਿਸ ਪਾਸੇ?

ਧੀਮੀਆਂ ਧੀਮੀਆਂ ਲੂੰਆਂ ਵੇਖਣ
ਘੁਮਿ ਪੁਰਾਣੀਆਂ ਜੂਹਾਂ;
ਢੂੰਡ ਨ ਸਕੀਆਂ ਧਰਤੀ ਦਾ ਮਨ
ਨਾਜ਼ਕ ਘੁੰਮਦੀਆਂ ਰੂਹਾਂ।

WWW.SIKHBOOKCLUB.COM

ਕਿਸ ਦੇ ਸੁੰਞੇ ਸੱਥਰਾਂ ਸਾਵ੍ਹੇਂ
ਸਫਾਂ ਵਿਛਾਵਣ ਰੋਹੀਆਂ ?
ਸੂਲ ਸੁਰਾਹੀਆਂ ਅੰਧ ਸਮੇਂ ਦੀਆਂ
ਮੂੰਹ ਅੱਡ ਰਹਿਣ ਖਲੋਈਆਂ।

ਸੁੱਕੇ ਛੰਭਾਂ ਦੇ ਤਰਸੇਵੇਂ
ਧਾ ਲੱਗਣ ਅਸਮਾਨੇ।
ਚਿਰਾਂ ਦੇ ਭੁੱਲ ਚੁੱਕੇ ਨੇ ਪੰਖੀ
ਮੰਗੂਆਂ ਨਾਲ ਯਰਾਨੇ।

ਉੱਚੇ ਹੁਜਰੇ ਦੀ ਮੋਰੀ 'ਚੋਂ
'ਵਾਜ ਪੁਰਾਣੀ ਸੁਣਦੀ;
ਕਿੱਕਰਾਂ ਮਲ੍ਹੇ, ਫਲਾਹੀਆਂ ਓਹਲੇ
ਅੱਗ ਰੋਹੀਆਂ ਦੀਆਂ ਚੁਣਦੀ।

ਤਿਰਕਾਲਾਂ ਨੂੰ ਨੀਂਗਰ ਭੋਲੇ
ਖੇਡ ਰਹੇ ਘਰ ਬਾਰਾਂ।
ਵਰ੍ਹਿਆਂ ਪਿੱਛੋਂ ਗਲੀ ਗਲੀ ਵਿਚ
ਹਾਕ ਅਜਨਬੀ ਮਾਰਾਂ।

ਮੇਰੇ ਬੋਲ ਤਾਰਿਆਂ ਓਹਲੇ
ਭੈਅ ਵਿਚ ਦੂਰ ਖਲੋਏ।
ਸੁੰਞਾਂ ਤੱਕ ਗਲੀਆਂ ਵਿਚ ਮੈਨੂੰ
ਬੇਪਛਾਣ ਦਰ ਢੋਏ।

—ਅ—

ਰਾਤਾਂ ਨੂੰ ਕੁਝ ਸਮਝ ਨ ਪੈਂਦੀ
ਕਲਵਲ ਰਾਹ ਕੰਨਸੋਆਂ,
ਨਾਗ ਦਾ ਪਿੰਡਾ ਦੇਖ ਨ ਸਕੀਆਂ
ਤਾਰਾ-ਵਣ ਦੀਆਂ ਲੋਆਂ।

ਮੁੱਦਤਾਂ ਪਿੱਛੋਂ ਰੁਲਿਆ ਪੈਂਡਾ
ਤਨ-ਮਨ ਲਾਵੇ ਚੋਕਾਂ,
ਉਜੜੇ ਰਾਹਾਂ 'ਤੇ ਪਿੱਪਲਾਂ ਨੇ
ਫੇਰ ਬੁਲਾਈਆਂ ਝੋਕਾਂ।

WWW.SIKHBOOKCLUB.COM

ਫਾਹੀਆਂ ਚੁੰਮ੍ਹ ਸਬਰ ਦੇ ਰਾਹ ਤੋਂ
ਹਾਕ ਪਲਾਹਾਂ ਮਾਰੀ:
'ਮੇਲਿਆਂ ਵਿੱਚੋਂ ਉੱਠ ਕੇ ਚੱਲੀ
ਧਰਤੀ ਦੀ ਸਰਦਾਰੀ।'

ਕੌੜੀ ਨੀਂਦ ਰੋਹੀਆਂ 'ਤੇ ਕਿਰਦੀ
ਬੇਪਛਾਣ ਸਭ ਹੋਏ।
ਤਾਰਿਆਂ ਦਾ ਹੜ੍ਹ ਢੂੰਡ ਨ ਸਕਿਆ
ਰਾਹ ਮਿਰਗਾਂ ਦੇ ਖੋਏ।

ਵਾਟ ਗੁਆਚੀ ਰੋਹੀਏਂ ਮੁੜ ਕੇ
ਤੱਕੀਆਂ ਸੁੱਤੀਆਂ ਨਾਰਾਂ।
ਗਾੜ੍ਹੀ ਗਹਿਰ 'ਚ ਮਹਿਲ ਬਣਾਏ
ਦੂਰ ਗਏ ਅਸਵਾਰਾਂ।

ਲਾ-ਮਕਾਂ ਫ਼ਿਰਦੌਸਾਂ ਦੇ ਰੂਹ
ਠਿਲ੍ਹ ਪਏ ਕਹਿਰ ਦੇ ਪਾਣੀ।
ਕੱਚੇ ਘੜੇ ਦੇ ਵਾਂਗੂੰ ਖੁਰਦੇ
ਬ੍ਰਹਿਮੰਡਾਂ ਦੇ ਹਾਣੀ।

ਗਾੜ੍ਹੀ ਗਹਿਰ ਤ੍ਰੇਲਾਂ ਮੁੱਕੀਆਂ
ਸੁੱਕਿਆ ਮੌਤ ਦਾ ਪਿਆਲਾ,
ਅੱਪਣਾ ਕੌਲ ਨਿਭਾ ਜਾਵੇਗਾ
ਰੰਗਲੇ ਪੈਰ ਦਾ ਛਾਲਾ।

ਅੱਧੀ ਰਾਤ ਬਿਜਲੀਆਂ ਓਹਲੇ
ਸਬਰਾਂ ਦਰਦ ਨ ਕੂਣੇ।
ਸੋਹਣੀ ਡੁੱਬ ਮੋਈ, ਤਾਂ ਹੋਣਾ
ਚੜ੍ਹੇ ਝਨਾਵਾਂ ਊਣੇ।

ਚੋਰ ਦੀਆਂ ਪੈੜਾਂ ਜਿਉਂ ਛਲ ਗਏ
ਰਾਜ਼ ਮੇਰੇ ਹਰ ਥਾਵੇਂ।
ਕੱਚੇ ਘਰਾਂ ਦੀ ਜਾਨ ਘੇਰਦੇ
ਬਾਜ਼ਾਂ ਦੇ ਪਰਛਾਵੇਂ।

ਉੱਚੇ ਹੁਜਰੇ ਦੀ ਮੋਰੀ 'ਚੋਂ
ਡੁਬਦੇ ਤਾਰੇ ਵੇਖਾਂ।
ਮੈਂ ਤੁਰਦਾ ਤਾਂ ਮੋੜਣ ਆ ਕੇ
ਸੁਬਕ ਉਡਾਰੂ ਹੇਕਾਂ।


WWW.SIKHBOOKCLUB.COM

ਕੱਚੇ ਘਰਾਂ ਨੇ ਦਾਮਨ ਫੜਿਆ
ਬੀਤੀ ਉਮਰਾ ਪਾਸੇ;
ਸੁੱਕਿਆਂ ਰੁੱਖਾਂ ਦੇ ਉਦਰੇਵੇਂ
ਵੇਖਣ ਰੁਲਦੇ ਕਾਸੇ।

ਭੋਲੇ ਨੈਣ ਹੋਣ ਹੈਰਾਨੇ
ਰਮਜ਼ ਬੇਗਾਨੀ ਮੇਰੀ,
ਦੂਰ ਚੁਲ੍ਹਿਆਂ ਦੇ ਵਿਚ ਬਲਦੀ
ਅੱਗ ਪੁਰਾਣੀ ਕਿਹੜੀ ?

ਬਾਬਲ ਦੀਆਂ ਗਲੀਆਂ ਵਿਚ ਮੁੜ ਕੇ
ਝੁੱਲ ਪੁਰੇ ਦੀਏ ਰੁੱਤੇ;
ਖ਼ਾਬ ਜੁਗਨੂੰਆਂ ਵਾਂਗੂੰ ਉੱਡ ਉੱਡ
ਵੇਹਣ ਅੰਞਾਣੇ ਸੁੱਤੇ।

—ੲ—

ਧੰਮੀ ਵੇਲੇ ਦੂਰ ਪਿੰਡ ਤੋਂ
ਲੈ ਗਏ ਸੱਜਨ ਪਿਆਰੇ,
ਪਹੇ ਦੀਆਂ ਰੇਤਾਂ ਨੂੰ ਚੁੰਮ੍ਹਦੇ
ਮੋਹ ਦਰਿਆ ਦੇ ਭਾਰੇ।

ਸਬਜ਼ ਅੱਕਾਂ 'ਤੇ ਜੋਬਨ ਖਿੜਿਆ
ਲੰਘਿਆ ਨਜ਼ਰ ਦੇ ਨੂਰੋਂ;
ਵਿਸ਼ ਦੇ ਦੁੱਧ 'ਚ ਅੰਮ੍ਰਿਤ ਪਾਇਆ
ਬਾਲਪਣੇ ਨੇ ਦੂਰੋਂ।

ਪਹੇ ਦੀਆਂ ਰੇਤਾਂ ਵਿਚ ਮਿਲਦੀ
ਖੋਡ ਪੁਰਾਣੀ ਪੁੱਗੀ,
ਤਪੋਵਣਾਂ ਦੀ ਪਰੀ ਦੀ ਨੈਂ ਵਿਚ
ਛਾਪ ਪੁਰਾਣੀ ਡੁੱਬੀ।

ਮੋਇਆਂ ਕਾਫ਼ਲਿਆਂ ਨੇ ਜੀਕੂੰ
ਛੂਹ ਤਾਰਿਆਂ ਦੀ ਲੋਇ,
ਪਹੇ ਦੀਆਂ ਰੇਤਾਂ ਵਿਚ ਮੇਰੇ
ਬਹਿ ਬਹਿ ਪਾਪ ਨੇ ਧੋਏ।

ਮਾਨਸਰੋਵਰ ਦੇ ਹੰਸਾਂ ਦੀ
'ਵਾਜ ਸੁਣੀ ਵਿਚ ਧੰਮੀਂ,
ਠੰਡੀਆਂ ਰੇਤਾਂ ਵਿਚ ਵਿਛਾਵਣ
ਖ਼ਾਬ ਹਜ਼ਾਰਾਂ ਕੰਮੀ।

## —ਸ—

ਮੁੜ ਕੇ ਸਿਖਰ ਦੁਪਹਿਰਾਂ ਆਈਆਂ
ਮੈਂ ਹੁਜਰੇ ਵਿਚ 'ਕੱਲਾ।
ਡੁੱਬ ਗਿਆ ਮੁੜ ਨੂਰ ਦੇ ਹੜ੍ਹ ਵਿਚ
ਤਪੋਵਣਾਂ ਦਾ ਛੱਲਾ।

ਉੱਚੇ ਹੁਜਰੇ ਦੀ ਮੋਰੀ 'ਚੋਂ
ਕੌਣ ਔਹ ਜਲਦੇ, ਦੇਖਾਂ।
ਸੂਲਾਂ ਬੈਠ ਪਰੋਵਣ ਪਈਆਂ
ਵਲੀਆਂ ਦੀਆਂ ਹੱਥ-ਰੇਖਾਂ।

ਉਲਰ ਪਈਆਂ ਢੋਕਾਂ ਦੇ ਸਿਰ 'ਤੇ
ਬਲਦੀਆਂ ਰੋਹੀਆਂ ਮੋੜਾਂ।
ਪਾਕ ਹਰਫ਼ ਦੇ ਸਭ ਸੋਹਣੇ ਬੁੱਤ
'ਵਾਜ ਪਵੇ ਤਾਂ ਤੋੜਾਂ।

ਲਸ਼ਕਰ ਲੈ ਟਿੱਬਿਆਂ 'ਤੇ ਚੜ੍ਹਿਆ
ਵਾ ਵਰੋਲਾ ਝੱਲਾ,
ਸੂਰਜ ਦੇ ਵਲ ਉੱਡ ਉੱਡ ਜਲਿਆ
ਕਿਸੇ ਰਕਾਨ ਦਾ ਪੱਲਾ।

ਰੂਹ ਦਰਮਾਂਦੇ ਉੱਠ ਕੇ ਸੁਣੀਆਂ
ਭੋਲੀਆਂ ਪਰੇ ਆਵਾਜ਼ਾਂ।
ਰੁੱਖ ਜ਼ਿਮੀਂ ਦੇ ਚੁੰਮਣ ਆਈਆਂ
ਫ਼ਲਕ ਦੀਆਂ ਪਰਵਾਜ਼ਾਂ।

ਜੇਠ ਮਹੀਨੇ ਪੀਏ ਛਬੀਲਾਂ
ਬੱਚਿਆਂ ਦਾ ਇਕ ਮੇਲਾ।
ਦਰਿਆਵਾਂ ਤੋਂ ਵਿਛੜਿਆਂ ਦਾ
ਰਾਹ ਪੁੱਛਦਾ ਕੁਈ ਬੇਲਾ।


WWW.SIKHBOOKCLUB.COM

ਰੂਹ ਦਰਮਾਂਦਾ ਉਠ ਉਠ ਪੀਵੇ
ਠੰਢੀਆਂ ਜੀਣ ਛਬੀਲਾਂ;
ਭਰੇ ਪਿਆਲੇ ਬਾਲਪਣੇ ਦੇ,
ਅਜੇ ਨ ਪੱਕੀਆਂ ਪੀਲ੍ਹਾਂ।

ਅੱਧ-ਭਰੇ ਪਿਆਲੇ ਨੂੰ ਚੁੱਕ ਕੇ
ਇਕ ਬਾਲ ਸ਼ਰਮਾਵੇ,
ਦੂਰ ਮਹੀਨ ਸ਼ਬਨਮਾਂ ਓਹਲੇ
ਨਜ਼ਰ ਹੁਸੀਨ ਲੁਕਾਵੇ।

ਜੇਠ ਮਹੀਨਾ ਜਲ ਬਲ ਪੈਂਦਾ
ਤੂੰ ਕਿਸ ਬੂੰਦ ਨੂੰ ਤੱਕੇਂ ?
ਨਿੱਕੀ ਜਿੰਦ ਵਿਚ ਵਲੀਆਂ ਦੇ ਜਾਂ
ਸੁਪਨੇ ਸਾਂਭ ਨ ਸਕੇਂ।

ਕੀ ਤੂੰ ਥਲਾਂ ਦੀਆਂ ਟੱਲੀਆਂ ਵਿਚ
ਉਜੜੀ ਧੜਕਣ ਫੋਲੇਂ,
ਵੱਡ-ਵਡੇਰਿਆਂ ਦੇ ਰਾਹ ਭੁੱਲੇ
ਅੱਥਰੂ ਦੇ ਵਿਚ ਘੋਲੇਂ ?

ਧਰਤ ਦੇ ਘੁੰਡ ਨੂੰ ਚੁਕ ਚੁਕ ਵੇਖੇਂ
ਡੂੰਘੀਆਂ ਡੁੱਬੀਆਂ ਯਾਦਾਂ ?
ਨੈਂ ਹੰਝੂਆਂ ਦੀ ਥਲੀਂ ਵਗਾਈ
ਭੁਰ ਭੁਰ ਆਦਿ ਜੁਗਾਦਾਂ।

ਕੀ ਤੂੰ ਧਰ ਦਾ ਅਸਲ ਪਛਾਣੇ
ਦੂਰ ਕਿਤੇ ਵਿਚ ਰੋਹੀ ?
ਕੱਚੇ ਘਰਾਂ ਦੇ ਬੂਹਿਆਂ ਅੱਗੇ
'ਵਾਜ ਕਣਕ ਦੀ ਖੋਈ ?

ਰਮਜ਼ ਅਬੋਲ ਜਹੀ ਵਿਚ ਗਲੀਏਂ
ਕੀ ਕੋਈ ਬੋਲ ਛੁਪਾਵੇਂ ?
ਸੁੱਕਿਆਂ ਰੁੱਖਾਂ ਨਾਲ ਚਿਰਾਂ ਦੀ
ਸਾਂਝ ਨਵੇਲੀ ਪਾਵੇਂ ?

ਕੀ ਤੂੰ 'ਵਾਜ ਸੁਣੇ ਕੁਈ ਅੱਪਣੀ
ਵਿਚ ਦੁਰੇਡੇ ਰੁੱਖਾਂ ?
ਤੇਰੀ ਨਜ਼ਰ 'ਚ ਭੇਦ ਲੁਕਾਏ
ਕਾਫ਼ਲਿਆਂ ਦੇ ਦੁੱਖਾਂ।

ਉਮਰਾ ਦੇ ਸੁੰਵੇ ਤਰਨਾਪੇ
ਬਖ਼ਸ਼ ਕਿਰਨ ਇਕ ਮੈਨੂੰ।
ਮੋਹ ਲਿਆ ਇਸ ਧਰਤੀ ਉੱਤੇ
ਕਿਸ ਸੂਰਜ ਨੇ ਤੈਨੂੰ?

•

ਨੋਟ: ਭਾਗ-ੲ ਅਤੇ ਭਾਗ-ਸ ਵਿਚ ਸ਼ਕੁੰਤਲਾ ਦੀ ਮੁੰਦਰੀ ਗੁਆਚਣ ਦਾ ਸੰਕੇਤ ਹੈ, ਜਦੋਂ ਕਿ ਨੂਹ ਦਾ ਹੜ੍ਹ ਵਕਤ ਦੇ ਬਲਵਾਨ ਹਨੇਰੇ ਦਾ ਪ੍ਰਤੀਕ ਹੈ।


WWW.SIKHBOOKCLUB.COM

# 10
# ਵਿਛੜਿਆਂ ਦੇ ਮੇਲੇ

ਹਰ ਕਾਲ ਚੋਂ ਉੱਠਣਾ ਨਾਦ ਕਦੇ।
ਰੰਗ ਡੁੱਬਿਆ ਆਉਣਾ ਯਾਦ ਕਦੇ।

ਹਰ ਹਰਫ਼ 'ਚ ਸੁਪਨੇ ਪੁੜ ਜਾਣੇ,
ਸਭ ਅੰਬਰ ਨੀਂਦ 'ਚ ਜੁੜ ਜਾਣੇ,
ਸ਼ੀਂਹ ਖ਼ੂਨੀ ਮੌਤ ਦੇ ਮੁੜ ਜਾਣੇ;
ਤੁਰ ਵਾਂਗ ਮਸੀਹਾ ਆਵੇਗੀ
ਰੱਬ-ਘਰ ਕਾਫ਼ਰ ਦੀ ਯਾਦ ਕਦੇ—
ਹਰ ਕਾਲ 'ਚੋਂ ਉੱਠਣਾ ਨਾਦ ਕਦੇ।

ਕੁੜੇ ਰੋ ਨ, ਸਭ ਦਾ ਮੁੱਲ ਪੈਣਾ,
ਜੋ ਰੁਲ ਗਏ ਉਹਨਾਂ ਹੁੱਲ ਪੈਣਾ,
ਪੁੰਨ-ਪਾਪ ਤੋਂ ਅੱਗੇ ਝੁੱਲ ਪੈਣਾ;
ਜੋ ਵਾਅਦੇ ਤੋੜੇ ਵਲੀਆਂ ਨੇ
ਖੜ ਜਾਸਨ ਹੋ ਫ਼ਰਿਆਦ ਕਦੇ—
ਹਰ ਕਾਲ 'ਚੋਂ ਉੱਠਣਾ ਨਾਦ ਕਦੇ।

ਕਦੇ ਧਰਮ ਦੇ ਬੋਲ ਵੀ ਉੱਕਣਗੇ,
ਜੋ ਅੰਬਰ ਸਾਜਣ, ਰੁੱਕਣਗੇ,
ਰੋ ਖੰਡਰਾਂ ਦਾ ਦੁੱਖ ਚੁੱਕਣਗੇ;
ਦਰ ਪਾਕ ਕਿਤਾਬਾਂ ਦੇ ਸਾਹਮੇ
ਹੋ ਜਾਸਨ ਜਸ਼ਨ ਅਬਾਦ ਕਦੇ—
ਹਰ ਕਾਲ 'ਚੋਂ ਉੱਠਣਾ ਨਾਦ ਕਦੇ।

ਛੱਡ ਇਲਮ ਹਕੂਮਤ ਤਾਜ ਕਦੇ
ਹਰ ਤ੍ਰਿਣ ਦੀ ਚਮਕੇ ਆਬ ਕਦੇ
ਹਰ ਪੱਤ ਦੀ ਆਉਣੀ ਯਾਦ ਕਦੇ,
ਤੂੰ ਕੁੱਝ ਨ ਭੁੱਲ ਇਸ ਪੈਂਡੇ ਦਾ
ਇਹ ਮੁੜ ਨ ਆਉਣੀ 'ਵਾਜ ਕਦੇ—
ਹਰ ਕਾਲ 'ਚੋਂ ਉੱਠਣਾ ਨਾਦ ਕਦੇ।


WWW.SIKHBOOKCLUB.COM 

ਗਲ ਹੌਲ ਦੇ ਲਗਦੀ ਪੌਣ ਕੁਈ,
ਕੁਝ ਪੀਂਦੇ ਜਲ-ਥਲ ਕੌਣ ਕੁਈ,
ਵਿਚ ਸ਼ਬਨਮ ਸਿਹਰ ਜਗਾਉਣ ਕੁਈ,
ਇਸ ਜੂਹ ਵਿਚ ਜੋ ਵੀ ਬੋਲ ਪਿਆ
ਉਹ ਪਹਿਣ ਲਵੇਗਾ ਤਾਜ ਕਦੇ—
ਹਰ ਕਾਲ 'ਚੋਂ ਉੱਠਣਾ ਨਾਦ ਕਦੇ।

ਕਰ ਚੰਨ-ਸੂਰਜ ਨੂੰ ਮਾਤ ਕਦੇ
ਇਸ ਪੈੜ ਛੁਪਾਉਣੀ ਰਾਤ ਕਦੇ
ਥਲ ਹੋ ਜਾਣੇ ਇਕ ਝਾਤ ਕਦੇ,
ਲੈ ਖ਼ਾਬ ਮਹਿੰਦੀਆਂ ਮਾਹੀ ਦੇ
ਹੁੱਲ ਪੈਣਾ ਹਿਜਰਾਂ ਬਾਅਦ ਕਦੇ—
ਹਰ ਕਾਲ 'ਚੋਂ ਉੱਠਣਾ ਨਾਦ ਕਦੇ।

ਲੱਕ ਪਤਲਾ ਪੌਣ ਦਾ ਨਾਜ਼ ਕੋਈ
ਜਾਂ ਝੁੰਮਰ ਜਾਂ ਪਰਵਾਜ਼ ਕੋਈ,
ਹਾਂ, ਬਹੁਤ ਮਹੀਨ ਆਵਾਜ਼ ਕੋਈ
ਦਿਹੁੰ ਰਾਤ 'ਚ ਭਰਦੀ ਰਾਜ਼ ਕੋਈ,
ਆ ਮਿਲਸਨ ਵਿਛੜੇ ਯਾਰਾਂ ਜਿਉਂ
ਵਣ-ਪੀਲੂਆਂ ਵਾਲੇ ਸੁਆਦ ਕਦੇ—
ਹਰ ਕਾਲ 'ਚੋਂ ਉੱਠਣਾ ਨਾਦ ਕਦੇ,
ਰੰਗ ਡੁੱਬਿਆ ਆਉਣਾ ਯਾਦ ਕਦੇ।

•

# 11

# ਮਨ ਪਰਦੇਸੀ ਜੇ ਥੀਐ

—ੳ—

ਮਹਾਂ ਕਾਲ ਸੈ ਸਾਗਰਾਂ
ਸਾਹਵੇਂ ਤਿਰਹਾਇਆ।
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ।

ਰੱਤੀਆਂ ਤੇਗਾਂ ਉੱਡਦੀਆਂ
ਦਰਿਆ 'ਤੇ ਛਹੀਆਂ,
ਉੱਚੇ ਬੁਰਜੀਂ ਬੈਠੀਆਂ
ਰਣ ਤੱਕਣ ਸਈਆਂ,
ਖੰਡਰਾਂ ਓਹਲੇ ਰੋਂਦੀਆਂ
ਲੱਖ ਕੌਮਾਂ ਪਈਆਂ,
ਕਿਸ ਮਾਹੀ ਦੇ ਦੇਸ ਵੱਲ
ਉੱਠ ਨਜ਼ਰਾਂ ਰਹੀਆਂ ?
ਕਿਸ ਕਤਰੇ ਦੀ ਤਲਬ ਵਿਚ
ਜਲ-ਥਲ ਕੁਰਲਾਇਆ ?
ਮਹਾਂ ਕਾਲ ਸੈ ਸਾਗਰਾਂ
ਸਾਹਵੇਂ ਤਿਰਹਾਇਆ। (੧)

ਪਾਟੇ ਲੀੜਿਆਂ ਵਰਗੀਆਂ
ਤਨ ਨੂੰਰ ਦੇ ਯਾਦਾਂ,
ਖੰਡਰਾਂ ਬੂਹੇ ਬਹਿਣੀਆਂ
ਥਲ 'ਚੋਂ ਫ਼ਰਿਆਦਾਂ,
ਦਿਲ-ਦਰਮਾਂਦੇ ਕਾਰਨਾਂ
ਰਹੇ ਮਾਰ ਆਵਾਜ਼ਾਂ,
ਦਿੱਸਣ ਐਪਰ ਕਿਤੇ ਨ
ਵਿਚ ਭੈਅ-ਪਰਵਾਜ਼ਾਂ,

WWW.SIKHBOOKCLUB.COM

ਪੈੜਾਂ ਦੇ ਥਲ ਚੁੰਮ੍ਹਦਿਆਂ
ਨ ਦਿਲ ਮੁਸਕਾਇਆ,
ਮਹਾਂ ਕਾਲ ਸੈ ਸਾਗਰਾਂ
ਸਾਹਵੇਂ ਤਿਰਹਾਇਆ। (੨)

ਖੰਡਰਾਂ ਸਿਰ ਕੋਈ ਨਾਗ ਆ
ਫਣ ਪਿਆ ਖਲਾਰੇ,
ਸਦੀਆਂ ਦੇ ਵਲ ਦੇਖਦਾ
ਜਲ-ਥਲ ਵਿਚਕਾਰੇ,
ਬਾਬਲ ਮਿਸਰ ਯੂਨਾਨ ਦੇ
ਪਲ ਖੜੇ ਮੀਨਾਰੇ,
ਭੁੱਲੇ ਰਣਾਂ ਦੇ ਕੰਢੜੇ
ਵੀਰਾਨੀਆਂ-ਮਾਰੇ,
ਨਾਗ ਦੇ ਸਾਹ ਵਿਚ ਬਲ ਰਿਹਾ
ਗਏ ਜੁਗਾਂ ਦਾ ਸਾਇਆ,
ਮਹਾਂ ਕਾਲ ਮੈਂ ਸਾਗਰਾਂ
ਸਾਹਵੇਂ ਤਿਰਹਾਇਆ। (੩)

ਲੂੰਆਂ ਵੱਗਣ ਥੇਹ 'ਤੇ
ਬੁੱਢ ਪਿੱਪਲ ਡੋਲੇ,
ਲੱਖ ਵਰ੍ਹਿਆਂ ਦੀਆਂ ਹੂੰਗਰਾਂ
ਵਿਚ 'ਵਾਵਾਂ ਘੋਲੇ,
ਕੋਟ ਦੁਰੇਡੇ ਥਲਾਂ ਦੇ
ਕਿਸ ਮੌਤ ਨੇ ਰੋਲੇ ?
ਕੌਣ ਅਜਨਬੀ ਭਟਕਦੇ
ਔਹ ਸਾਗਰਾਂ ਉਹਲੇ ?
ਮਾਂ ਦਾ ਬੋਲ ਖਲਾ 'ਚੋਂ
ਅਜੇ ਹੇਠ ਨ ਆਇਆ—
ਮਹਾਂ ਕਾਲ ਸੈ ਸਾਗਰਾਂ
ਸਾਹਵੇਂ ਤਿਰਹਾਇਆ। (੪)

ਖੰਡਰਾਂ ਉੱਤੇ ਭੁੱਲਦੇ
ਰਾਹ ਬਾਜ਼ ਸਤਾਣੇ
ਆਏ ਤਿਮਰ-ਪਤਾਲ 'ਚੋਂ
ਤਜ ਦੇਵ-ਘਰਾਣੇ
ਝੱਖੜ ਲੰਘ ਅਸਗਾਹ ਦੇ


WWW.SIKHBOOKCLUB.COM

ਛਡ ਬਲੀ ਪੁਰਾਣੇ
ਰੰਗਲੀ ਧਨੁਸ਼ ਤੋਂ ਵਿਛੜੇ
ਅੱਜ ਹੋਏ ਨਿਮਾਣੇ—
ਅੱਗ-ਪਰਲੈ ਦੇ ਅੱਖਰਾਂ
ਕੀ ਨਾਮ ਛੁਪਾਇਆ ?
ਮਹਾਂ ਕਾਲ ਸੈ ਸਾਗਰਾਂ
ਸਾਹਵੇਂ ਤਿਰਹਾਇਆ।    (੫)

ਲੱਖਾਂ ਖ਼ੂਹਣੀਆਂ ਸੁੱਤੀਆਂ
ਬੇਬਸ ਪਰਛਾਵੇਂ,
ਮਨਸੂਰ ਦੇ ਚੋਲੇ ਤੜਪਦੇ
ਰੱਤ-ਵਹਿਣਾਂ ਸਾਹਵੇਂ,
ਕੋਈ ਨ ਜਾਏ ਹੜ੍ਹਾਂ ਤੱਕ
ਦਿਲਦਾਰ ਨੇ ਭਾਵੇਂ,
ਲੱਖਾਂ ਤਾਰੇ ਚੜ੍ਹੇ ਨੇ
ਗੁਲਜ਼ਾਰਾਂ ਛਾਵੇਂ,
ਨ ਮਨਸੂਰ ਜੇਹੀ ਨਜ਼ਰ ਨੂੰ
ਅਸਮਾਨ ਨੇ ਪਾਇਆ—
ਮਹਾਂ ਕਾਲ ਸੈ ਸਾਗਰਾਂ
ਸਾਹਵੇਂ ਤਿਰਹਾਇਆ।    (੬)

ਰਾਤ ਗੁਜ਼ਾਰਨ ਖੰਡਰਾਂ
ਤੇ ਸ਼ੁਤਰ ਉਦਾਸੇ
ਗੋਰਾਂ ਹੇਠਾਂ ਛੋਡ ਕੇ
ਵੱਡ ਪੀਰ ਪਿਆਸੇ—
ਰੌਣਕ ਬੰਨ੍ਹੀ ਥਲਾਂ ਵਿਚ
ਅੱਗ ਵਾਂਗ ਹੁਲਾਸੇ,
ਹੇਠ ਖਜੂਰਾਂ ਭਰੇ ਆ
ਕਿਸ ਖ਼ੂਨ ਨੇ ਕਾਸੇ ?
ਖ਼ਾਲੀ ਹੁਜਰੇ! ਘਾਇਲ ਕੁਈ
ਹੜ੍ਹ ਪਰੇ ਸਧਾਇਆ—
ਮਹਾਂ ਕਾਲ ਸੈ ਸਾਗਰਾਂ
ਸਾਹਵੇਂ ਤਿਰਹਾਇਆ।    (੭)

WWW.SIKHBOOKCLUB.COM

—ਅ—

ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ।
ਮਹਾਂ ਕਾਲ ਸੈ ਸਾਗਰਾਂ
ਸਾਹਵੇਂ ਤਿਰਹਾਇਆ।

ਮੁੱਢ ਕਦੀਮੀ ਵਾਦੀਆਂ
'ਤੇ ਉੱਡਣ ਕੂੰਜਾਂ,
ਨੂਰ ਦੇ ਧੁੰਧਲੇ ਰਣਾਂ 'ਚੋਂ
ਸੁਣ ਰਹੀਆਂ ਗੂੰਜਾਂ,
ਗਾੜ੍ਹੀ ਗਹਿਰ 'ਚ ਲੈਂਦੀਆਂ
ਲੱਖ ਸਦੀਆਂ ਊਂਘਾਂ,
ਪਾਰ ਕਿਨਾਰੇ ਸੁੱਤੀਆਂ
ਮਦ ਭਰੀਆਂ ਬੂੰਦਾਂ!
ਤਰਜ਼ ਪੁਰਾਣੀ ਸਮੇਂ ਦੀ
ਕੋਈ ਗੁੰਮਦਾ ਸਾਇਆ,
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ। (੮)

ਮੁੱਢ ਕਦੀਮੀ ਅੱਗ ਨੂੰ
ਫੁੱਲ ਪੈਣ ਅਨੇਕਾਂ,
ਸੌਂ ਗਏ ਨੂਰ ਦੇ ਹੜ੍ਹਾਂ ਨੂੰ
ਕਦੇ ਫੇਰ ਮੈਂ ਦੇਖਾਂ!
ਤਾਰਿਆਂ ਹੇਠ ਨੇ ਉਡਦੀਆਂ
ਅਣਸੁਣੀਆਂ ਹੇਕਾਂ,
ਤੁਰਦੇ ਛਿਣਾਂ 'ਤੇ ਬਲਦੀਆਂ
ਜਲ ਥਲ ਦੀਆਂ ਰੇਖਾਂ,
ਸੁਪਨਿਆਂ ਓਹਲੇ ਖੜੀ ਦਾ
ਮਨ ਕੂੰਜ ਉਡਾਇਆ—
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ। (੯)

ਲੱਖ ਸਫ਼ਰਾਂ ਦੇ ਖੰਭ ਜੋ
ਤਨ ਤਾਰਿਆਂ ਉੱਗੇ;
ਵਣ ਬੇਲਿਆਂ ਵਿਚ ਘੁੰਮਦੀਆਂ
ਦੇ ਜੋਬਨ ਪੁੱਗੇ।

ਪਾਟ ਰਹੇ ਅਸਮਾਨ ਨੇ
ਸਿੰਧ ਕਾਲ ਦੇ ਝੁੱਗੇ।
ਭੈਅ ਦੇ ਘੁੰਮਦੇ ਚੱਕ 'ਤੇ
ਰੰਗ ਧਰਤ ਦੇ ਉੱਗੇ।
ਬਹਿ ਰੋਹੀਆਂ ਵਿਚ ਮਹਿੰਦੀਆਂ
ਕੋਈ ਹਾਰ ਬਣਾਇਆ—
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ। (੧੦)

ਹੌਲ 'ਚ ਪੰਖੀ ਉੱਡਦੇ
ਕੋਹ ਕੋਟ ਹਜ਼ਾਰਾਂ,
ਮਿਰਗਾਂ ਸ਼ੀਹਾਂ ਮਾਹਣੀਆਂ
ਦੀਆਂ ਤ੍ਰਭਕਨ ਡਾਰਾਂ,
ਸਾਲੂ ਦਾਵਾ ਅਗਨ ਦੇ
ਸਿਰ ਲੈਂਦੀਆਂ ਨਾਰਾਂ,
ਗੋਦ 'ਚ ਲੈ ਕੇ ਬਹਿੰਦੀਆਂ
ਹੋ ਠੰਢੀਆਂ ਠਾਰਾਂ
ਛਾਂ ਤਾਰਿਆਂ ਦੀ, ਸਾਗਰਾਂ
ਦਾ ਭੇਦ ਲੁਕਾਇਆ—
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ। (੧੧)

ਪੁਰਸਲਾਤ ਵਲ ਵੇਖਦੀ
ਝੁੱਲ ਉੱਠੀ ਆਂਧੀ,
ਬ੍ਰਹਮਾ ਵਾਂਗੂੰ ਕਮਲ ਵਿਚ
ਰੁਲ ਜਾਵਣ ਪਾਂਧੀ,
ਮੁੱਢ ਕਦੀਮੀ ਪੈਂਡਿਆਂ
ਨੂੰ ਕੌਣ ਜਗਾਂਦੀ ?
ਕੌਣ ਪੈਗ਼ੰਬਰ ਸਮੇਂ ਦੇ
ਕਨਿਆਨ ਬੁਲਾਂਦੀ ?
ਕਿਹੜੇ ਅਰਸ਼ ਗੁਨਾਹ ਨੂੰ
ਵਿਚ ਤਾਜ ਸਜਾਇਆ ?
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ। (੧੨)

WWW.SIKHBOOKCLUB.COM

ਸਾਗਰਾਂ ਉੱਤੇ ਉੱਡਦੇ
ਦੋ ਹੰਸ ਪੁਰਾਣੇ
ਦੂਰ ਮਹੀਨ ਨੈਂ ਕੰਢੜੇ
ਪਏ ਵੇਹਣ ਮੁਹਾਣੇ,
ਗਾਉਂਦੇ ਚੁੱਪ ਨੂੰ ਬ੍ਰਿਛ ਨੇ
ਕਿਤੇ ਡੂੰਘ-ਡੂੰਘਾਣੇ,
ਕੌਣ ਉਹ ਝਿੰਮ ਝਿੰਮ ਨਾਰੀਆਂ
ਵਿਚ ਨੀਂਦ ਦੇ ਬਾਣੇ ?
ਡੂੰਘੀ ਧਰਤ 'ਚ ਅੱਖੀਆਂ
ਕੋਈ ਸਬਰ ਛੁਪਾਇਆ—
ਮਨ ਪਦੇਸੀ ਜੇ ਥੀਐ
ਸਭ ਦੇਸ ਪਰਾਇਆ। (੧੩)

ਬੈਠੀਆਂ ਟੂਣੇਹਾਰਣਾਂ
ਵਿਚ ਛੁਪ ਕੰਦਰਾਵਾਂ
ਰਾਹੀਂ ਸਿਹਰ ਜਗਾਉਂਦੀਆਂ
ਰੂਹ-ਸ਼ਿਕਨ ਅਦਾਵਾਂ,
ਮੌਤ ਦੇ ਪੀਲੇ ਪੱਤ 'ਤੇ
ਕੁਝ ਲਿਖਣ ਹਵਾਵਾਂ,
ਲਹੂ-ਭਿੱਜੀਆਂ ਚੋਟੀਆਂ
'ਤੇ ਰੋਂਦੀਆਂ ਮਾਵਾਂ,
ਕੋਟ ਕੋਹਾਂ ਤਕ ਕਿਸੇ ਨੇ
ਰੋਹ-ਨਾਦ ਵਜਾਇਆ—
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ। (੧੪)

ਜਿਗਰ ਪੁਰਾਣਾ ਅੱਗ ਦਾ
ਆ ਸ਼ਿਕਰੇ ਢੂੰਡਣ,
ਭੁੱਲੇ-ਵਿਸਰੇ ਪਰਬਤੀਂ
ਕੁਝ ਰਮਜ਼ਾਂ ਕੂੰਦਨ,
ਅਫ਼ਲਾਤੂਨੀ ਨਜ਼ਰ ਨੂੰ
ਘੁੰਮ ਕਬਰਾਂ ਢੂੰਡਣ,
ਧੌਂਸੇ ਕਿਸੇ ਫ਼ਕੀਰ ਦੇ
ਕੋਹ ਕੋਟੀਂ ਗੂੰਜਣ,
ਕੀਤੇ ਜਸ਼ਨ ਪੈਗ਼ੰਬਰਾਂ !


WWW.SIKHBOOKCLUB.COM

ਕਿਸ ਦੀਪ ਬੁਝਾਇਆ ?
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ। (੧੫)

ਸੁੱਤੀ ਵੇਲ ਅੰਗੂਰ ਦੀ
ਮੇਰੇ ਨਬੀਆਂ ਬਾਹੀਂ,
ਪਰਬਤ ਨਦੀਆਂ ਥਲਾਂ ਦੇ
ਹੁੱਲ ਉੱਠੀ ਸਾਹੀਂ,
ਲਿਪਟ ਰਹੀ ਅਸਮਾਨ ਨੂੰ
ਨੱਸ ਮੋਹ ਦੇ ਰਾਹੀਂ,
ਰੱਬ ਦੇ ਸ਼ਹਿਰ 'ਚ ਫੇਰ ਵੀ
ਕਿਉਂ ਸੁਣੀਆਂ ਆਹੀਂ ?
ਕੂਨ ਨ ਜਾਣੇ ਜਿੰਦੜੀ
ਨ ਪੀਰ ਮਨਾਇਆ—
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ। (੧੬)

ਉੱਚੇ ਬੁਰਜੀਂ ਲੱਭਦੇ
ਕਿਸੇ ਨਾਰ ਦੇ ਸਾਏ,
ਹੱਸਦੇ-ਹੱਸਦੇ ਸ਼ਹਿਰ ਵੱਲ
ਚੜ੍ਹ ਲਸ਼ਕਰ ਆਏ,
ਵਿਛੜੇ ਯੋਧੇ ਸਮੇਂ ਦੇ
ਬਹਿ ਬਾਰ ਪਰਾਏ,
ਮੌਤ ਨੇ ਡੂੰਘੇ ਸਾਗਰੀਂ
ਗੜ੍ਹ-ਕੋਟ ਵਿਛਾਏ;
ਭੌਜਲ ਫਾਹੀਆਂ ਤਾਣੀਆਂ
ਹੱਥ ਮਰਦ ਨ ਆਇਆ—
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ। (੧੭)

ਰਾਹ ਝੋਕਾਂ ਦਾ ਵੇਂਹਦੀਆਂ
ਪਰਦੇਸੀ ਹੰਝਾਂ,
ਖੰਡਰਾਂ ਉੱਡੇ ਢਹਿੰਦੀਆਂ
ਭਰ ਹੌਕੇ ਸੰਞਾਂ,
ਕੰਠ ਤ੍ਰਿੰਞਣ ਘੁਟਦੀਆਂ
ਕੁਝ ਅਣਦਿੱਸ ਤੰਦਾਂ,


WWW.SIKHBOOKCLUB.COM

ਲਾ-ਮਕਾਂ ਦੀ ਚੁੱਪ ਵਿਚ
ਸੈ ਭੁਰਦੀਆਂ ਕੰਧਾਂ,
ਰੁੱਤ ਦੇ ਜੋਬਨ ਸਿਖਰ 'ਤੇ
ਸੁੰਨ-ਡੰਗ ਜਗਾਇਆ—
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ, (੧੮)

ਕੌਲ ਪੀਰ ਦਾ ਰੁਲੇਗਾ
ਵਿੱਚ ਸੁੱਕਦੇ ਬੂਰਾਂ,
ਕੂਨ ਨਾਂਹ ਜਾਣਨ ਥਲਾਂ ਵਿਚ
ਮਰ ਜਾਸਨ ਹੂਰਾਂ,
ਪੰਜ ਨਦੀਆਂ ਨ ਵੇਖੀਆਂ
ਮੇਰੇ ਸਿਦਕ ਦੇ ਨੂਰਾਂ,
ਗੁਰਾਂ ਦਾ ਪੰਜਾ ਹਿੱਸਿਆ
ਵਿਚ ਨਜ਼ਰ ਦੀ ਧੂੜਾਂ,
ਸੂਰਜ ਗਗਨਾਂ ਬੰਨ੍ਹ ਕੇ
ਬੇ-ਨਜ਼ਰ ਤਪਾਇਆ—
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ। (੧੯)

ਹਰ ਤਾਰੇ ਦੀ ਜੂਹ ਵਿਚ
ਕੋਈ ਝੌਕ ਹੈ ਮੇਰੀ,
ਮਿਲੀ ਸੀ ਕੌਲ ਪੁਰਾਤਨਾਂ
ਵਿਚ, 'ਵਾਜ ਜੋ ਤੇਰੀ,
ਛੁਪ ਛੁਪ ਨਦੀਆਂ ਵੇਖਦੀ
ਤਕ ਪਰੀ ਹੈ ਕਿਹੜੀ ?
ਬਾਗ਼ ਰੂਹਾਂ ਦੇ ਲੰਘਦੀ
ਕੋਈ ਰੇਖ ਲੰਮੇਰੀ—
ਤਾਰਿਆ! ਤੇਰੀ ਲੋ ਵਿਚ
ਤਕ ਮਿਰਗ ਤਿਹਾਇਆ—
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ। (੨੦)

ਲੰਘ ਲੰਘ ਜਾਵੇ ਬਿੱਜਲੀਆਂ
ਮੈਂ ਵੇਸ ਜੋ ਸੂਹਾ,


WWW.SIKHBOOKCLUB.COM

ਨਭ ਪਤਾਲ ਤੇ ਧਰਤ ਨੇ
ਹੈ ਢੋਹਿਆ ਬੂਹਾ,
ਰੋ ਨ, ਸੁਕਣਾ ਪੂਰਨਾ!
ਅਸਮਾਨ ਦਾ ਖੂਹਾ—
ਮਹਿਲਾਂ ਵਾਲੀਏ! ਜੋਗੀਆਂ
ਦਾ ਬਾਜ਼ ਉਡਾਇਆ—
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ
ਮਹਾਂ ਕਾਲ ਸੈ ਸਾਗਰਾਂ
ਸਾਹਵੇਂ ਤਿਰਹਾਇਆ। (੨੧)

•


WWW.SIKHBOOKCLUB.COM

# 12

## ਛਲਦਾ ਜੋਬਨ

'ਜੋਬਨ ਵੈਂਦਾ ਏ ਢੱਲਿਆ।
ਸੁਣੀਂ ਯਾਰ ਦਿਆ ਛੱਲਿਆ।'

ਸੰਵਾਂ ਫ਼ਜਰਾਂ ਦੁਪਹਿਰਾਂ ਦੀ ਵਾਟ ਵੇ
ਲੰਮੀ ਲੰਮੀ ਥਲਾਂ ਦੀ ਰਾਤ ਵੇ
ਕੰਧੀ ਸੁਣੇ ਝਨਾਂ ਦੀ ਨਾਅਤ ਵੇ—
ਪਾਂਧੀ ਕੌਣ ਅਰਬ ਵਲ ਚੱਲਿਆ?
ਜੋਬਨ ਵੈਂਦਾ ਏ ਢੱਲਿਆ।

ਵੱਗਣ ਵੱਗਣ ਰਾਵੀ ਝਨਾਂ ਵੇ
ਲੰਮੀ ਲੰਮੀ ਖਜੂਰਾਂ ਦੀ ਛਾਂ ਵੇ
ਪਈਆਂ ਲੈਣ ਕੋਈ ਮਿੱਠੜਾ ਨਾਂ ਵੇ—
ਅਸਾਂ ਬੇ-ਪਰਵਾਹੀਆਂ ਨੂੰ ਝੱਲਿਆ,
ਸੁਣੀਂ ਯਾਰ ਦਿਆ ਛੱਲਿਆ।
ਜੋਬਨ ਵੈਂਦਾ ਏ ਢੱਲਿਆ।

ਉੱਡੇ ਸਿੰਧ ਤੋਂ ਪਾਰ ਕੋਈ ਕੂੰਜ ਵੇ,
ਹਿਜਰ-ਵਸਲ ਦੀ ਪੂਰੇ ਜਹੀ ਊਂਘ ਵੇ
ਪਿਆਸ ਧਰਤ ਦੀ ਫੜੀ ਇਕ ਬੂੰਦ ਵੇ
ਪੀਂਘਾਂ ਪੈਂਦੀਆਂ ਬਾਗ਼ ਕੋਈ ਛੱਲਿਆ—
ਸੁਣੀਂ ਯਾਰ ਦਿਆ ਛੱਲਿਆ।
ਜੋਬਨ ਵੈਂਦਾ ਏ ਢੱਲਿਆ।

ਮੰਗੂ ਭਾਲਦੇ ਡੰਡੀਆਂ ਥਾਂ ਵੇ
ਸੱਦਾ ਦੇਂਵਦੀ ਵੰਝਲੀ ਮਾਂ ਵੇ
ਕਿੰਨੇ ਡੁੱਬ ਗਏ ਹੜ੍ਹਾਂ ਵਿਚ ਨਾਂ ਵੇ!
ਰੂਹਾਂ ਬੋਲ ਦਰਮਾਂਦੀਆਂ ਘੱਲਿਆ—
ਜੋਬਨ ਵੈਂਦਾ ਏ ਢੱਲਿਆ।


WWW.SIKHBOOKCLUB.COM

ਢੋਕਾਂ ਉੱਤੇ ਨੇ ਉੱਡਦੇ ਬਾਜ਼ ਵੇ
ਤ੍ਰਿਣ ਦੱਸੇ ਵਣ-ਅਗਨ ਦੇ ਰਾਜ਼ ਵੇ
ਸਿਹਰ ਪਾਉਣ ਕੁਈ ਬਾਰ ਦੇ ਨਾਜ਼ ਵੇ—
ਤੂੰ ਕੀ ਦੇਸ ਬਿਗਾਨੜਾ ਮੱਲਿਆ!
ਸੁਣੀਂ ਯਾਰ ਦਿਆ ਛੱਲਿਆ।
ਜੋਬਨ ਵੈਂਦਾ ਏ ਢੱਲਿਆ।

ਭੂਗਰ ਥਲਾਂ ਵਿਚ ਵਿਸੁ ਕੁਈ ਘਣੀ ਵੇ
ਮੈਂਡੇ ਦਰਦ ਵਿਚ ਤੈਂਡੀ ਹੀ ਅਣੀ ਵੇ
ਡਿੱਗੇ ਅੰਬਰਾਂ ਤੋਂ ਇਕ ਕਣੀ ਵੇ—
ਦਾਵਾ ਅਗਨ ਵ਼ਿਚ ਖੰਭ ਨ ਜੱਲਿਆ।
ਸੁਣੀਂ ਯਾਰ ਦਿਆ ਛੱਲਿਆ।
ਜੋਬਨ ਵੈਂਦਾ ਏ ਢੱਲਿਆ।

ਵਣ ਕੰਬਿਆ ਫਿਰੇ ਪਈ ਰੁੱਤ ਵੇ,
ਘੁੱਟੀ ਬੂਟਿਆਂ ਰੰਗਾਂ ਦੀ ਮੁੱਠ ਵੇ,
ਸਾਵਨ ਦੂਰ! ਨ ਚੇਤਰ ਦੀ ਧੁੱਪ ਵੇ—
ਤੁਰ ਗਏ ਕਾਫ਼ਲੇ, ਮਾਹੀ ਨ ਰੱਲਿਆ।
ਜੋਬਨ ਵੈਂਦਾ ਏ ਢੱਲਿਆ।

ਹਾਥੀ ਊਂਘਦੇ ਸੰਘਣੇ ਵਣੀਂ ਵੇ
ਦੁੱਧ ਉਤਰਿਆ ਸ਼ੀਹਣੀ ਦੇ ਥਣੀਂ ਵੇ,
ਮਸਤ ਨਾਗ ਪਏ ਦੇਖਦੇ ਮਣੀ ਵੇ—
ਖੱਲੀਂ ਖੱਲੀਂ ਵੇ ਪਾਂਧੀਆ 'ਕੱਲਿਆ।
ਜੋਬਨ ਵੈਂਦਾ ਏ ਢੱਲਿਆ।

ਜਿਹੜਾ ਚਿਰਾਂ ਤੋਂ ਤੈਂਡਾ ਗਵਾਹ ਵੇ
ਰੋਹੀਆਂ ਘੇਰਿਆਂ ਉਹੀਓ ਹੀ ਸਾਹ ਵੇ,
ਫਲਾਂ ਫੁੱਲਾਂ ਨੂੰ ਸਾੜਦੀ ਹਾ ਵੇ,
ਕੰਧੀ ਨੈਂ ਦੀ ਮਿਰਗ ਨੂੰ ਸੱਲ੍ਹਿਆ—
ਸੁਣੀਂ ਯਾਰ ਦਿਆ ਛੱਲਿਆ।
ਜੋਬਨ ਵੈਂਦਾ ਏ ਢੱਲਿਆ।

•


WWW.SIKHBOOKCLUB.COM 

## 13

# ਅੰਬਾਂ ਦੇ ਬਾਗ਼ਾਂ ਵਿਚ ਪੱਤਝੜ ਦੀ ਇਕ ਦੁਪਹਿਰ

ਗੂੜ੍ਹੀਆਂ ਛਾਵਾਂ ਸਿਖਰ ਦੁਪਹਿਰਾਂ
ਉਦਰੇਵੇਂ ਵਿਚ ਵੇਖਾਂ:
ਡੰਡੀਆਂ ਉੱਤੇ ਊਂਘਣ ਚਿਰ ਤੋਂ
ਸੈ ਰਾਹੀਆਂ ਦੀਆਂ ਹੇਕਾਂ।

ਪੰਛੀ ਦੀਆਂ ਨਜ਼ਰਾਂ ਵਿਚ ਦੂਰੋਂ
ਉਡਦੇ ਪਏ ਪ੍ਰਛਾਵੇਂ,
ਸੁੰਞੀਆਂ ਖ਼ਾਨਗਾਹਾਂ ਵਲ ਵੇਖਣ
ਕਲਵਲ ਮੂਕ ਧਰੇਕਾਂ।

ਚੌਦਾਂ ਤਬਕਾਂ ਹੌਲ ਹੈ ਪੈਂਦਾ
ਵਣ-ਤ੍ਰਿਣ ਦੀ ਚੁੱਪ ਡੋਲੇ,
ਭਾਰ ਗਗਨ ਦੇ ਕੂੰਬਲ ਦੇ ਸਿਰ
ਸੁੱਟ ਪਟਕਾਏ ਲੇਖਾਂ।

ਮੈਂ ਨ ਵੇਖ ਸਕਾਂ ਪਰ ਝੁੱਕਿਆ
ਹੂਰ 'ਤੇ ਅੱਥਰੂ ਮੇਰਾ,
ਫੁੱਲ ਕਸੁੰਭਾ ਫੜ ਸਮਝਾਇਆ
ਅੰਬਰ ਨੂੰ ਕੁਝ ਸੇਖ਼ਾਂ।

ਸੁੰਞ ਵਿਰਾਟ ਨੇ ਅੱਥਰੂ ਫੜ ਲਏ
ਡਿੱਗੇ ਖੰਭ ਦੇ ਹੇਠਾਂ,
ਮਾਰੂਥਲ ਦੇ ਹੱਥ 'ਤੇ ਬਲੀਆਂ
ਤੂਰ ਦੀਆਂ ਕੁਝ ਰੇਖਾਂ।


WWW.SIKHBOOKCLUB.COM

ਦੂਰੋਂ 'ਵਾਜ ਪਈ ਦਿਲ ਹੌਲੇ
ਬਾਗ਼ ਦੇਣ ਧਰਵਾਸੇ,
ਸਿੰਧ ਪਰਬਤੀਂ ਭੇਦ ਛੁਪਾਏ
ਕਾਲੇ ਸੰਘਣੇ ਕੇਸਾਂ।

ਹਰੇ ਕਚੂਰ ਬਾਗ਼ ਦੇ ਸੀਨੇ
ਪੀਂਘਾਂ ਦਾ ਹੜ੍ਹ ਛੁਪਿਆ,
ਖ਼ੂਨੀ ਭਰੇ ਝਨਾਂ ਦੇ ਸਾਹਮੇ
ਅੰਬਰ ਦਾ ਮਨ ਟੇਕਾਂ।

ਮੈਂ ਬੁੰਬਲਾਂ ਦੇ ਹੜ੍ਹ ਤੋਂ ਮੰਗਾਂ
ਕੋਈ ਧਰਵਾਸ ਉਧਾਰਾ,
ਵੇਦ ਕੁਰਾਨ ਗ੍ਰੰਥ ਤੋਂ ਪੁੱਛਦਾ
ਜਿਹੜੇ ਮੁੜੇ ਨ ਪੇਖਾਂ।

ਕੁੜੀਆਂ ਚਿੜੀਆਂ ਤੋਂ ਮੈਂ ਡਰਦਾ
ਬੋਲ ਸਕਾਂ ਨ ਯਾਰੋ,
ਜਿਹੜੇ ਰੰਗ ਫ਼ਕੀਰਾਂ ਬਖ਼ਸ਼ੇ
ਬਸ ਉਹਨਾਂ ਨੂੰ ਸੇਕਾਂ।

ਫੁੱਲੀਆਂ ਕਾਹੀਆਂ ਕੂਕ ਸੁਣੀਵੇ
ਕੋਈ ਨ ਚਸ਼ਮਾ ਵੱਗੇ,
ਰੇਤਾਂ ਹੇਠ ਛੁਪੇ ਜੋ ਪਰਬਤ
ਤੇਸਾ ਮਾਰ ਕੇ ਛੇਕਾਂ।

•


WWW.SIKHBOOKCLUB.COM

# 14

# ਬਿਆਸ ਦੇ ਕੰਢਿਆਂ 'ਤੇ ਪੱਤਝੜ ਦੀ ਇਕ ਸ਼ਾਮ

ਸਾਵੇ ਸਰਕੜਿਆਂ ਦੇ ਬੁੰਬਲ
ਨੂਰ ਵਾਂਗ ਥੱਰਾਵਣ,
ਛਿਪਦੇ ਸੂਰਜ ਦੇ ਪ੍ਰਛਾਵੇਂ
ਚੁੰਮ੍ਹ ਚੁੰਮ੍ਹ ਕੇ ਮੁੜ ਜਾਵਣ।

ਪੀਲੇ ਪੱਤਰ; ਨਦੀਆਂ ਵੱਗਣ;
ਨ ਅੱਖੀਆਂ ਵਿਚ ਪਾਣੀ!
ਕਿਸ ਪੰਛੀ ਨੂੰ ਦੇਣ ਸੁਨੇਹੇ
ਦੂਰ ਦੁਰਾਡੇ ਹਾਣੀ?

ਥਲ ਵਿਚ ਪੈੜ ਚਿਰਾਂ ਤੋਂ ਮੋਈ
ਡਾਚੀਆਂ ਦਾ ਮਨ ਭਰਿਆ।
ਬੇਘਰ ਸਾਹ, ਨ ਖੰਭ ਬੇਗਾਨੇ,
ਥਲ ਕੋਈ ਭੇਦ ਨ ਜਰਿਆ।

ਸੂਹੇ ਵੇਸ ਉਮਰ ਜੋ ਕੀਤੇ,
ਕੌਣ? ਕਿਨ੍ਹਾਂ ਦੇ ਪੱਲੇ?
ਬਾਗ਼ਾਂ ਨੇ ਕੁਝ ਰੰਗ ਬਣਾ ਕੇ
ਬਨਬਾਸਾਂ ਵੱਲ ਘੱਲੇ।

ਡਿੱਗੇ ਖੰਭ ਰੇਤ 'ਤੇ ਲੱਖਾਂ
ਫੜ ਸਮਿਆਂ ਦੇ ਸਾਏ।
ਅੰਬਰ ਨਦੀਆਂ ਨੇ ਰਾਹ ਭੇਜੇ,
ਮਰਨ ਸਵਾਰ ਤਿਹਾਏ!

WWW.SIKHBOOKCLUB.COM

Page 479

ਪਰਦੇਸਾਂ ਦੇ ਵੇਸ ਨ ਭਾਵਣ
ਨ ਕੋ ਭਲਾ ਵਸੇਰਾ।
ਪਰਲੋਂ ਤੋਂ ਵੀ ਪਾਰ ਕਿਤੇ ਜਾ
ਬਲਦਾ ਸਾਹ ਕੋਈ ਮੇਰਾ।

ਪੱਤਝੜ ਦੇ ਪੱਤਰਾਂ ਵਿਚ ਸੁੱਤੇ
ਮੋਹ ਮਾਵਾਂ ਦੇ ਜਾਣੇ।
ਚਿਰਾਂ ਤੋਂ ਛੁਪੇ ਸੰਘਣੀ ਛਾਵੇਂ,
ਕੁਝ ਬਨਬਾਸ ਪੁਰਾਣੇ।

ਚੜ੍ਹੇ ਵਹਿਣ ਹੜ੍ਹਾਂ ਦੇ ਜਿਸਦੀ
ਸਾਂਭ ਸਕੇ ਨ ਯਾਰੀ
ਅਧਰੈਣੀ ਨੂੰ ਚੰਨ ਵਲ ਉਮ੍ਹਲੇ
ਭਖ ਜੋ ਨੈਣ ਉਡਾਰੀ,

ਪੱਤਝੜ ਦੇ ਬਲਦੇ ਪ੍ਰਛਾਵੇਂ
ਉਹੀਓ ਹੇਕ ਲਿਆਵਣ
ਪੁੰਨਿਆਂ ਜਹੇ ਬੁੰਬਲਾਂ ਦੀਆਂ ਪਲਕਾਂ
ਉਡਦਾ ਸੁਪਨ ਛੁਪਾਵਣ।

ਅੰਧ ਗ਼ੁਬਾਰ ਯੁਗਾਂ ਦਾ ਤੋਲੇ
ਪੱਤ ਨਿਮਾਣਾ ਕੋਈ,
ਓਦਰ ਰਹੇ ਮਜ਼ਾਰਾਂ ਦੇ ਵੱਲ
ਨਜ਼ਰ ਗਈ ਜੋ, ਮੋਈ।

ਝਿੰਮ ਝਿੰਮ ਰੈਣਾਂ ਦੂਰੋਂ ਦੂਰੋਂ
ਜੁਗਨੂੰ ਕੋਈ ਬੁਲਾਵਣ।
ਹੜ੍ਹਾਂ ਵਾਂਗ ਛਲਕਦੇ ਪੈਂਡੇ
ਪਰਾਂ ਨਾਲ ਛੁਹ ਜਾਵਣ।

ਛਿਣ ਪਲ ਰੁਲੇ ਖਾਰ ਦੇ ਸੀਨੇ
ਕਟਕ ਮਹਿਕ ਦਾ ਵੱਜੇ,
ਖੋਈਆਂ ਚਿਰਾਂ ਦੀਆਂ ਡੰਡੀਆਂ ਦੀ
ਐਪਰ ਧੂੜ ਨ ਲੱਭੇ।

ਕਾਫ਼ਲਿਆਂ ਦੀਆਂ ਧੂੜਾਂ ਲੱਥੀਆਂ
ਚੜ੍ਹ ਚੜ੍ਹ ਬਾਗ਼ਾਂ ਕੋਲੇ
ਭੇਦ ਅੰਬਾਂ ਦੀ ਗੂੜ੍ਹੀ ਛਾਵੇਂ
ਥਰਹਰ ਜੁਗਨੂੰ ਖੋਲ੍ਹੇ।


WWW.SIKHBOOKCLUB.COM 

ਭਾਰੀ ਚਰਖ ਟੁੱਟਣ ਦੇ ਪਿੱਛੋਂ
ਗੋਰਾਂ ਦਾ ਪ੍ਰਛਾਵਾਂ!
ਰੁਲੀਆਂ ਧੂੜਾਂ 'ਤੇ ਵੀ ਵੱਗਣ
ਇਕਰਾਰਾਂ ਦੀਆਂ 'ਵਾਵਾਂ।

ਘੁੱਟ ਲਿਆ ਨ੍ਹੇਰਾਂ ਨੇ ਚੜ੍ਹ ਕੇ
ਭੇਦ ਪੁਰਾਣਾ ਯਾਰੋ!
ਬਿਆਸ ਪੱਤਣ ਵੱਲ ਇਸ ਪੱਤਝੜ ਵਿਚ
ਮੁੜੋ ਕਦੇ ਅਸਵਾਰੋ।

•

WWW.SIKHBOOKCLUB.COM

# 15
## ਮੋਇਆਂ ਦੇ ਰਾਹ ਤੋਂ

ਮੋਇਆਂ ਦੇ ਰਾਹ ਉੱਤੇ ਫ਼ਜਰੀਂ
'ਵਾਜ ਸੁਣੀਂ ਦਰਵੇਸ਼ਾਂ:
"ਦਰਦ ਮਿਟੀ ਪੈੜ ਦੇ ਲਿਆਉਣੇ
ਨਾਜ਼ਕ ਕੂੰਜ ਹਮੇਸ਼ਾਂ।

ਬਿਰਹੋਂ ਦੇ ਬੋਲ ਨੇ ਕਿਧਰੋਂ
ਬਾਜ਼ ਵਾਂਗ ਉੱਡ ਪੈਣਾ,
ਭੁੱਲੀ ਨਦੀ ਦੇ ਪੱਤਣਾਂ 'ਤੇ ਆ
ਰੋ ਪੈਣਾ ਪਰਦੇਸਾਂ।"

ਦੂਰ ਦੁਰੇਡੀਆਂ ਢੋਕਾਂ ਦੇ ਵਿਚ
ਰੁੰਗ ਢੋਲ ਦੀ ਧਮਕੇ
ਕਿਸੇ ਕੋਇਲ ਦੇ ਕੰਠ 'ਚ ਬਲਦੇ
ਵਸਲ ਦੇ ਪੈਂਡੇ ਦੇਖਾਂ।

ਫ਼ਜਰ ਤੋਂ ਆਥਣ ਤੱਕ ਦੀਆਂ ਗੱਲਾਂ
ਬ੍ਰਿਛ ਝਨਾਂ ਦੇ ਲਿਆਏ,
ਚਾਨਣੀਆਂ ਵਿਚ ਭੇਦ ਆ ਦੱਸੇ
ਵਿਛੜੇ ਯਾਰ ਦੇ ਲੇਖਾਂ।

ਮੇਰੇ ਜਜ਼ਬੇ ਦੀ ਟੀਸੀ ਤੋਂ
ਹੌਲ ਅੰਬਰ ਨੂੰ ਤੋੜੇ,
ਮਿਟਦੇ ਨਕਸ਼ ਨੂੰ ਤਦੋਂ ਜਗਾਇਆ
ਰਿੰਮ ਝਿੰਮ ਕਰਦੇ ਦੇਸਾਂ।

ਸੰਘਣੇ ਵਣ 'ਚੋਂ ਮੈਨੂੰ ਮੇਰੀ
ਤੁਰ ਗਈ 'ਵਾਜ ਸੁਣੀਵੇ,
ਪੁੰਨਿਆਂ ਨੂੰ ਮੁੜੀਆਂ ਜੋ ਲੰਘੀਆਂ
ਕੂੰਜਾਂ ਵਾਂਗ ਵਰੇਸਾਂ।

WWW.SIKHBOOKCLUB.COM

ਉਂਝ ਤਾਂ ਲੰਘੇ ਨਦੀ ਦੇ ਪਾਣੀ
ਫਿਰ ਨਹੀਂ ਮੁੜ ਕੇ ਆਉਣਾ,
ਕਾਲ 'ਚ ਡੁੱਬੀਆਂ ਜਿੰਦਾਂ ਆਉਣਾ
ਲਸ ਜੁਗਨੂੰ ਦੇ ਭੇਸਾਂ।

ਦੂਰ ਜਲੇ ਵਣ, ਪਰਬਤ ਟੁੱਟੇ,
ਥਲ ਧੂੜਾਂ ਵਿਚ ਰੁਲ ਗਏ,
ਲਹੂ-ਲੁਹਾਣ ਗਗਨ ਦੇ ਸੀਨੇ
ਸੁੰਨ ਸਰਾਪੀਆਂ ਨੇਸਾਂ!

ਪੀਰ ਪੈਗ਼ੰਬਰ ਸਤਿਗੁਰ ਜਿਹੜੀ
ਰਾਹ ਤੋਂ ਮੁੜ ਨਹੀਂ ਆਏ
ਅੱਜ ਉਹ ਘੋਰ ਕੁੰਟ 'ਚੋਂ ਆਈਆਂ
ਹਰੇ ਵਣਾਂ ਦੀਆਂ ਹੇਕਾਂ।

•

WWW.SIKHBOOKCLUB.COM

# 16
# ਸਦਾ ਉਡੀਕਾਂ

ਕੋਈ ਯਾਦ ਮਾਹੀ ਨੂੰ ਆਵੇਗਾ।
ਕਦੇ ਥਲ ਵਿਚ ਤੰਬੂ ਲਾਵੇਗਾ।

ਹਫ ਟੁੱਟਦੇ ਤਾਰੇ ਜਾਨਾਂ ਦੇ
ਰੋਹ ਪੈੜਾਂ ਹੇਠ ਤੂਫ਼ਾਨਾਂ ਦੇ
ਉਹ ਅੱਥਰੂ ਵਰਗੀਆਂ ਛਾਵਾਂ ਨੂੰ
ਚਿਰ ਮੋਇਆਂ ਸੰਗ ਜਗਾਵੇਗਾ,
ਕੋਈ ਯਾਦ ਮਾਹੀ ਨੂੰ ਆਵੇਗਾ।

ਜਮ-ਕੰਦਰਾ ਦੇ ਵਿਚ ਸਿੰਧ ਕੋਈ
ਸਭ ਕਾਲ-ਰਗਾਂ ਵਿਚ ਬਿੰਦ ਕੋਈ,
ਚੁੱਪ ਕਬਰੀਂ ਖੜੀਆਂ ਰੈਣਾਂ ਨੂੰ
ਕਿਸੇ ਫ਼ਜਰ ਦਾ ਤੀਰ ਛੁਹਾਵੇਗਾ,
ਕੋਈ ਯਾਦ ਮਾਹੀ ਨੂੰ ਆਵੇਗਾ।

ਜਦ ਸੁੰਨ ਚੜ੍ਹੇਗੀ ਸਾਹਾਂ 'ਤੇ
ਜਦ ਦਰਦ ਰਿਹਾ ਨ ਰਾਹਾਂ 'ਤੇ
ਉਹ ਗੁਮਨਾਮੀ ਦੇ ਪਿੰਜਰਾਂ 'ਤੇ
ਖੰਭ ਤਾਰਿਆਂ ਦੇ ਲਟਕਾਵੇਗਾ,
ਕੋਈ ਯਾਦ ਮਾਹੀ ਨੂੰ ਆਵੇਗਾ।

ਥੰਮ੍ਹ ਚੜ੍ਹਦੀ ਉਮਰ ਦੇ ਨੀਰਾਂ ਨੂੰ
ਦੇ ਥਲ ਦੀ ਵਾਗ ਫ਼ਕੀਰਾਂ ਨੂੰ
ਉਹ ਝਿੰਮ ਝਿੰਮ ਕਰਦੀਆਂ ਨਾਰਾਂ ਨੂੰ
ਕੁਝ ਬਾਂਹ ਫੜ ਕੇ ਸਮਝਾਵੇਗਾ,
ਕੋਈ ਯਾਦ ਮਾਹੀ ਨੂੰ ਆਵੇਗਾ।

WWW.SIKHBOOKCLUB.COM 

ਵਿਚ ਪਰਲੋਂ ਬੈਠਾ ਰਿੰਦ ਕੋਈ
ਵਣ ਹਰੇ ਹਰੇ ਵਿਚ ਜਿੰਦ ਕੋਈ
ਉਹ ਪਾਂਧੀ ਸੁੰਨ ਚਿਰਾਂ ਦੀ ਤੇ
ਹੱਥ ਸਿਖਰ ਦੁਪਹਿਰ ਨੂੰ ਲਾਵੇਗਾ,
ਕੋਈ ਯਾਦ ਮਾਹੀ ਨੂੰ ਆਵੇਗਾ।

ਨ ਭਿੰਨੀ ਰੈਣ ਦੀ ਨਜ਼ਰ ਰਹੀ
ਖੜ ਕਾਲ ਦੇ ਸੀਨੇ ਕਬਰ ਰਹੀ
ਉਹ ਮੌਤ ਤੋਂ ਪਰਲੀਆਂ ਫ਼ਜਰਾਂ ਤਕ
ਕੰਦਰਾਵਾਂ ਤੋੜਦਾ ਜਾਵੇਗਾ,
ਕੋਈ ਯਾਦ ਮਾਹੀ ਨੂੰ ਆਵੇਗਾ।

ਕੰਨਸੋਆਂ ਜਹੇ ਪਰ ਕੂੰਜਾਂ ਦੇ
ਸੁਪਨ ਬਿਜਲੀਆਂ, ਵਣ ਬੂੰਦਾਂ ਦੇ
ਕਲਵਲ ਤਪਦੇ ਅੰਬਰ ਦੇ ਵੱਲ
ਬਾਜ਼ ਸਿਤਾਰੇ ਚਾਵੇਗਾ,
ਕੋਈ ਯਾਦ ਮਾਹੀ ਨੂੰ ਆਵੇਗਾ।

ਮੁੱਢ ਕਦੀਮ ਸੁੰਨ ਦੀਆਂ ਗੱਲਾਂ
ਮੁੜੀਆਂ ਸੁਨਣ ਲਈ ਕੁਝ ਛੱਲਾਂ,
ਬਲੀ ਪਰਬਤਾਂ ਦਾ ਬੁੱਤ ਖਾਰਾ
ਇਕ ਤਿੜ ਲਈ ਕੁਰਲਾਵੇਗਾ,
ਕੋਈ ਯਾਦ ਮਾਹੀ ਨੂੰ ਆਵੇਗਾ।

ਆ ਦਲ ਰੂਹਾਂ ਦਾ ਕੂੰਦੇਗਾ
ਥਲ-ਨਦੀਆਂ ਦੇ ਵਿਚ ਗੂੰਜੇਗਾ,
ਮੋਹ ਛੋੜ ਕੇ ਸੋਹਣੀਆਂ ਥਾਵਾਂ ਦੇ
ਕੋਈ ਦੂਰ ਦੁਰੇਡੇ ਜਾਵੇਗਾ,
ਕੋਈ ਯਾਦ ਮਾਹੀ ਨੂੰ ਆਵੇਗਾ।
ਕਦੇ ਥਲ ਵਿਚ ਤੰਬੂ ਲਾਵੇਗਾ।

•

WWW.SIKHBOOKCLUB.COM

# 17
# ਸੰਜੋਗ-ਵਿਜੋਗ ਦੀਆਂ ਨਦੀਆਂ

ਬੇਨਿਆਜ਼ ਯਾਰਾਂ ਦੀਆਂ ਸਹੀਆਂ
ਬੇਪਰਵਾਹੀਆਂ ਭਾਰੀ।
ਮੈਂਡੇ ਰੰਗ ਹਜ਼ਾਰਾਂ ਵੇਖਣ
ਲੰਘਦਿਆਂ 'ਵਾਜ ਨ ਮਾਰੀ।
"ਕੁਸ ਨ ਬੀਆਬਾਨ ਵਿਚ ਐਵੇਂ"
ਕਿਸੇ ਕਿਹਾ ਆ ਮੈਨੂੰ:
"ਧਰਤ ਦੇ ਪੈਂਡੇ ਮਿਲਣਗੇ ਤੈਨੂੰ
ਅੱਪਣੀ ਅੱਪਣੀ ਵਾਰੀ।" (੧)

ਨਦੀ ਦੇ ਪੱਤਣ ਖੁਰ ਖੁਰ ਜਾਂਦੇ
ਦਰ ਹਸ਼ਰਾਂ ਨੇ ਖੋਲ੍ਹੇ।
ਦੇਸ ਮਾਹੀ ਦਾ ਰਿਹਾ ਨ ਸਾਡਾ
ਰਾਹ ਸਦੀਆਂ ਦੇ ਰੋਲੇ।
ਕੁਝ ਨ ਪੁੱਛੇ ਕੁਝ ਨ ਦੱਸੇ
ਹਰ ਕੁਈ ਹੋਇਆ ਬਿਗਾਨਾ,
ਨਜ਼ਰਾਂ ਵਾਲਾ ਕਿਤੇ ਅਜੇ ਵੀ
ਪੰਡ ਅਮਲਾਂ ਦੀ ਫੋਲੇ। (੨)

ਲਾ-ਮਕਾਂ ਦੇ ਸੀਨੇ ਵੱਜਦੇ
ਕਿਸੇ ਗੁਨਾਹ ਦੇ ਹਾਸੇ।
ਧਰਤ ਦੇ ਸਬਰ ਨੇ ਫੇਰ ਬਣਾਏ
ਨਵੇਂ ਨਵੇਲੇ ਪਾਸੇ।
ਉੱਗ ਪੈਣਗੇ ਰੁੱਖ ਪੁਰਾਣੇ
ਪਾਂਧੀਆਂ ਨੇ ਜੋ ਮਾਣੇ,
ਤੋੜ ਦੇਵੋ ਬੇਸ਼ਕ ਅਸਮਾਨੋ
ਧਰਤ ਦੇ ਸਾਰੇ ਕਾਸੇ। (੩)

WWW.SIKHBOOKCLUB.COM

ਮੈਂ ਜਾਣਾ ਕਿ ਇਕ ਦਿਨ ਆ ਕੇ
ਕੌਲ ਜਗਾਣਾ ਤੈਨੂੰ।
ਸ਼ਾਹ ਅਸਵਾਰ ਨੂੰ ਦੇਖਣ ਖ਼ਾਤਰ
ਧਰਤ ਸਦੇਂਦੀ ਕੈਨੂੰ ?
ਜਾਂ ਮੈਂ ਕਾਫ਼ਰ ਜਾਂ ਮੈਂ ਮੋਮਨ
ਇਹ ਤਾਂ ਮਾਹੀ ਜਾਣੇ,
ਵੇਦ ਕਤੇਬ ਗ੍ਰੰਥਾਂ ਸਾਹਵੇਂ
'ਵਾਜ ਪਵੇਗੀ ਮੈਨੂੰ।(੪)

ਆਲਮ ਭੇਦ ਫਾਸ਼ ਕਰ ਨਿਕਲੇ
ਤੱਕਣ ਜੱਗ ਵਿਚ ਸ਼ਾਨਾਂ,
ਹੋਇ ਹੈਰਾਨ ਰਹੇ ਜਦ ਤੱਕੀਆਂ
ਖੂਹ 'ਤੇ ਅਜਬ ਰਕਾਨਾਂ।
ਜਿੰਦਾਂ ਜੀਣ ਜੋ ਸੰਘਣੇ ਰੁੱਖੀਂ
ਤਿਨ੍ਹਾਂ ਨੂੰ ਸਮੇਂ ਤੋਂ ਦੂਰੋਂ
ਛੁਪੀਆਂ ਪਰੀਆਂ ਵਾਂਗ ਵੇਂਹਦੀਆਂ
ਜਲ ਥਲ ਦੀਆਂ ਉਡਾਣਾਂ। (੫)

ਲਾ-ਮਕਾਂ ਵੱਲ ਤੱਕਦੀ ਤੱਕਦੀ
ਧਰਤ ਪੁਰਾਣੀ ਹੋਈ।
ਕਬਰਾਂ ਭੇਸ ਪੰਛੀਆਂ ਦੇ ਵਿਚ
ਤੱਕਣ ਲੁਕ ਲੁਕ ਲੋਈ।
ਖੁਰੇ ਝਨਾਂ ਦੇ ਪੱਤਣ ਸਈਓ
ਸੱਸੀ ਦੇ ਰਾਹ ਭੁੱਲੇ,
ਬੈਠੇ ਕੌਣ ਤਾਰਿਆਂ ਸਾਹਵੇਂ
ਪੈੜ ਦੇ ਭੇਦ ਲਕੋਈ।(੬)

ਮੈਂ ਪਰਦੇਸੀ ਵਾ ਪੁਰੇ ਦੀਏ
ਮੈਨੂੰ ਵਾਜ ਨਾ ਮਾਰੀਂ।
ਲਹਿਰ ਝਨਾਂ ਦੇ ਉੱਤੇ ਮੇਰੇ
ਚੁੱਪ ਵਿਚ ਰੰਗ ਉਤਾਰੀਂ।
ਭੇਦ ਸਮੇਂ ਦੇ ਸਾਹ ਮੇਰੇ ਵਿਚ
ਜਦ ਕਦ ਟੁੱਟਣ ਲੱਗਣ,
ਸਾਬਤ ਚੋਲਾ ਮਨਸੂਰਾਂ ਦਾ
ਜਿੰਦ ਮੇਰੀ ਤੇ ਵਾਰੀਂ।(੭)

ਉਡਦੀ ਕੂੰਜੇ ਨਾਲ ਮੇਰੇ ਨੇ
ਕਾਫ਼ਲਿਆਂ ਦੀਆਂ ਧੂੜਾਂ,
ਦੁਖੜੇ ਤੇਰੇ ਬੱਚੜਿਆਂ ਦੇ
ਪਿਆ ਛੁਪਾਵਾਂ ਝੂਰਾਂ।
ਬੇਪਰਵਾਹ ਅਰਸ਼ ਦੇ ਪੈਂਡੇ
ਖੰਭ ਤੇਰੇ ਜੋ ਹੋਏ,
ਤਿਰਕਾਲਾਂ ਦੇ ਜਲ ਵਿਚ ਤੱਕੇ
ਕੰਬਦੇ ਕੰਬਦੇ ਬੂਰਾਂ। (੮)

ਮਿਰਜ਼ੇ ਦੇ ਤੀਰਾਂ ਜਿਉਂ ਜਦ ਵੀ
ਜੋਬਨ ਛਲਿਆ ਢਹਿੰਦਾ,
ਚਰਖ ਦੇ ਸੀਨੇ 'ਤੇ ਆ ਕਿਧਰੋਂ
ਰੋਹ ਛੱਲਾਂ ਦਾ ਪੈਂਦਾ,
ਤੁਰਨ ਜਦੋਂ ਯਾਰ ਨਿਰਮੋਹੇ
ਕਰ ਇਕਲਾਪਾ ਮੈਨੂੰ,
ਵਾਂਗ ਫ਼ਕੀਰ ਕਬਰ ਦੇ ਸਾਹਵੇਂ
ਰਾਹ ਨਵਾਂ ਕੁਈ ਰਹਿੰਦਾ। (੯)

ਸੁਣੀ ਧਰਤੀਏ ਰੁੱਖਾਂ ਬਾਝੋਂ
ਹੱਸ ਮਿਲੇਂਗੀ ਕੈਨੂੰ ?
ਕੋਟ ਹਜ਼ਾਰਾਂ ਗੋਰਾਂ ਦੇ ਵਿਚ
ਗੋਰ ਨ ਮਿਲਣੀ ਤੈਨੂੰ।
ਲਾ-ਮਕਾਂ ਵਿਚ ਡੁੱਬ ਜਾਵੇਂਗੀ
ਹੋ ਪਰਦੇਸਨ ਇਕ ਦਿਨ,
ਕਦੇ ਫ਼ਜਰ ਨੂੰ ਆਣ ਜਗਾਸੇਂ
ਚੂਕ ਚਿੜੀ ਜਿਉਂ ਮੈਨੂੰ। (੧੦)

ਮਿੱਠੀ ਸੁਹਲ ਪੁਰੇ ਦੀਏ ਵਾਏ
ਹੱਥ ਨ ਮੈਨੂੰ ਲਾਵੀਂ।
ਮੈਂ ਨ ਹਾਣ ਤੇਰੇ ਦੀ ਗੱਲ ਵਿਚ
ਬਾਹਵਾਂ ਅਜੇ ਨ ਪਾਵੀਂ।
ਵੱਡੇ ਤਕੜੇ ਮੁੱਕ ਜਾਣਗੇ
ਸਾਹ ਪਰਦੇਸੀ ਮੇਰੇ,
ਵਗ ਵਗ ਪੁਰੇ ਦੀਏ ਤਦ ਵਾਏ
ਬੋਲ ਸੱਜਣ ਦੇ ਲਿਆਵੀਂ। (੧੧)

WWW.SIKHBOOKCLUB.COM

ਲਾ-ਮਕਾਂ ਨੇ ਇਕ ਦਿਨ ਮੈਨੂੰ
ਚੁੱਪ 'ਚੋਂ 'ਵਾਜ ਸੀ ਮਾਰੀ।
ਦਰਮਾਂਦੇ ਹੱਥਾਂ ਨੇ ਸੁੱਟੀ
ਕੰਬਦਿਆਂ ਜ਼ਿਮੀਂ 'ਤੇ ਖਾਰੀ।
"ਪੀਲ੍ਹਾਂ ਤੋੜ ਮੌਜ ਵਿਚ ਕੁੜੀਏ
ਭੈਅ ਵਿਚ ਕਿਉਂ ਤੂੰ ਡੋਲੇਂ?
ਤੇਰੀਆਂ ਬੇਪਰਵਾਹੀਆਂ ਕੋਲੋਂ
ਖੈਰ ਮੰਗੀ ਮੈਂ, ਵਾਰੀ!" (੧੨)

ਬੇਮੁਹਾਰ ਉਡ ਉਡ ਕੇ ਉਮਰਾਂ
ਪਰਵਾਜ਼ਾਂ ਅਸਮਾਨੀ।
ਥਲਾਂ 'ਚ ਖੰਭ ਵੇਖ ਕੇ ਰੋਈਆਂ
ਜਿਵੇਂ ਵਿਛੜਿਆ ਜਾਨੀ।
ਮੁੜ ਉਹ ਚਾਪ ਸੁਣੀ ਨ ਸਈਓ
ਡਾਚੀਆਂ ਪਰਤ ਨ ਆਈਆਂ,
ਰਹੇ ਉਡੀਕ ਥਲਾਂ ਦੇ ਰਾਹੀ
ਛੋੜ ਕਿਤੇ ਕਰਵਾਨੀ। (੧੩)

ਬੇਮੁਹਾਰ ਅੰਬਰ ਵਿਚ ਫਿਰਦੀ
ਅਲਬੇਲੀ ਪਰਦੇਸਨ।
ਪੂਰੇ ਦੀਏ ਵਾਏ ਨ ਤੈਨੂੰ
ਨਜ਼ਰਾਂ ਕੌਲ ਇਹ ਦੇਸਨ।
ਅੱਥਰੂ ਬਾਲ ਕੇ ਵੇਖੇਂਗੀ ਜਦ
ਤਨ ਦੀ ਰੰਗਲੀ ਚੋਲੀ,
ਵਰਭੰਡਾਂ ਦੀ ਰਾਖ 'ਚ ਰੁੱਤਾਂ
ਤੈਂਡੇ ਦਰਦ ਵੰਡੇਸਨ। (੧੪)

ਗਲੀ ਗਲੀ ਵਿਚ ਮਨ ਮੇਰੇ ਦੇ
ਖੁਰਦੇ ਜਾਣ ਟਿਕਾਣੇ।
ਵਿਛੜੀ ਡਾਚੀ ਥਲ ਮਾਰੂ ਗਲ
ਮਿਲਸੀ ਕਦੋਂ? ਨ ਜਾਣੇ।
ਭੁੱਲੇ ਕੌਲ ਦੀਆਂ ਦੋ ਬੂੰਦਾਂ
ਤ੍ਰਿਣ ਦੀ ਜੀਭ 'ਤੇ ਲਗਸਨ,
ਮੈਂ ਇਹ ਲਹਿਰ ਨੂੰ ਫੇਰ ਨ ਮਿਲਸਾਂ
ਸ਼ਹੁ ਦਰਿਆ ਦੇ ਭਾਣੇ। (੧੫)

WWW.SIKHBOOKCLUB.COM

ਵਰਭੰਡਾਂ ਦੀ ਕਬਰ 'ਚ ਸੁੱਕੇ
ਕੂਕ ਕਿਹਾ ਦਰਿਆਵਾਂ:
"ਅਜੇ ਵੀ ਕੰਠ ਅਸਾਡੇ ਲੱਗਣ
ਬੋਹੜ ਘਣੇ ਦੀਆਂ ਛਾਵਾਂ।
ਤੰਗ ਘਸਮੈਲੀ ਨਜ਼ਰ ਨੇ ਭਾਵੇਂ
ਸਾੜ ਦਿੱਤਾ ਹੈ ਸਾਨੂੰ,
ਤੜਕੇ ਤੜਕੇ ਬਾਲ ਸਰ੍ਹਾਨੇ
ਬੈਠ ਜਗਾਵਣ ਮਾਵਾਂ।" (੧੬)

ਸੰਘਣੇ ਪਿੱਪਲਾਂ ਦੀ ਛਾਂ ਵੱਲੇ
ਪੈੜ ਮੁੜੇ ਕੋਈ ਮੇਰੀ।
ਮੰਗੂਆਂ ਨੇ ਪਹਿਚਾਣ ਲਈ ਹੈ
'ਵਾਜ ਪੁਰਾਣੀ ਕਿਹੜੀ?
ਵਾਵਰੋਲਿਆਂ ਦੇ ਵਿਚ ਜਾਂਦੇ
ਉਠ ਉਠ ਕਹਿਰ ਦੇ ਪੈਂਡੇ,
ਰਿਹਾ ਸੰਭਾਲ ਨਹੀਂ ਪਰ ਸੰਭਲੀ
ਰਮਜ਼ ਉਡਾਰੂ ਜਿਹੜੀ। (੧੭)

ਪਿੰਡ ਦੇ ਖੰਡਰਾਂ ਉੱਤੇ ਝੁਲਦੇ
ਪਿੱਪਲਾਂ ਹਰਿਆਂ-ਭਰਿਆਂ,
ਆਹਟ ਮਾਸੂਮ ਸੁਣੀ ਜੋ ਘੇਰੀ
ਥਲ ਥਲ ਉਡਦੇ ਵਰ੍ਹਿਆਂ।
ਓਸੇ ਆਹਟ 'ਚ ਧਰਤ ਨੇ ਅੱਪਣੇ
ਬੀਜ ਸਾਂਭ ਕੇ ਰੱਖੇ,
ਭੇਦ ਪਾਣੀਆਂ ਨੂੰ ਇਹ ਦੱਸੇ
ਕੋਟ ਕਾਫ਼ਲੇ ਮਰਿਆਂ। (੧੮)

ਚੜ੍ਹ ਚੜ੍ਹ ਚੜ੍ਹੀ ਥਲਾਂ ਵਿਚ ਨ੍ਹੇਰੀ
ਵੇਖੀ ਡਾਚੀਆਂ ਜਾਂਦੀ,
ਕਬਰਾਂ ਨੂੰ ਧਰਵਾਸੇ ਦਿੰਦੇ
ਪੀਰ ਪੈਗ਼ੰਬਰ ਪਾਂਧੀ।
ਤਾਰੇ ਚੜ੍ਹੇ ਤਾਂ ਸੱਸੀ ਆਈ
ਥਲ ਵਿਚ ਦੀਵਾ ਬਾਲਣ,
ਇੱਕੋ ਅੱਥਰੂ ਲੰਘ ਨ ਹੋਇਆ
ਮੌਤ ਫਿਰੇ ਸ਼ਰਮਾਂਦੀ। (੧੯)


WWW.SIKHBOOKCLUB.COM

ਇਕ ਦਿਨ ਇੰਞ ਉਦਰੇਵੇਂ ਹੋਸਨ
ਦੇਸ ਝਨਾਂ ਨੂੰ ਮੇਰੇ।
ਰੋ ਗੋਰਾਂ ਦੀ ਬਾਂਗ ਸੁਣਨਗੇ
ਭਰੇ ਤ੍ਰਿੰਞਣ ਵਿਹੜੇ।
ਢਹਿ ਢੇਰੀ ਗੜ੍ਹ ਕੋਟ ਹੋਏ ਨੇ
ਸੱਭੇ ਸਾਂਝਾਂ ਗਈਆਂ,
ਗਾੜ੍ਹੀਆਂ ਧੂੜਾਂ ਦੇ ਵਿਚ ਡੁੱਬੀਆਂ
ਪਾਉਣ ਦੁਆਵਾਂ ਫੇਰੇ। (੨੦)

ਸਿਖਰ ਦੁਪਹਿਰੇ ਸਰਕੜਿਆਂ 'ਚੋਂ
ਹੌਲ ਸੁਣਾਂ ਮੈਂ ਡਾਢੇ।
ਖ਼ਾਲੀ ਬੱਦਲੀ ਵੇਖ ਰਹੇ ਨੇ
ਮੂੰਹ ਅੱਡ ਘਾਮ ਦੁਰਾਡੇ।
ਬਾਰਾਂ ਬੇਲੇ ਹਾਰ ਚੁਕੇ ਨੇ
ਦਿਲਾਂ ਦੀ ਬਾਜ਼ੀ ਯਾਰੋ,
ਪਾਟੇ ਬੋਲ ਮੇਰੇ ਰੋ ਸੀਵਣ
ਇਕ ਦਿਨ ਸੁੱਕੇ ਜਾਡੇ। (੨੧)

ਉੱਚੇ ਬੁਰਜ ਲਾਹੌਰ ਦੇ ਉੱਤੇ
ਖੜ ਤਿਰਕਾਲਾਂ ਵੇਖਾਂ।
ਕਿਸੇ ਪੁਰਾਣੇ ਰਾਹ ਦੇ ਉੱਤੇ
ਪਈ ਜਗਾਵਾਂ ਰੇਖਾਂ।
ਰੰਗ ਬਦਲਦੇ ਕੇਸਾਂ ਸਾਹਮੇ
ਵਗਦੀ ਰਾਵੀ ਲੰਮੀ,
ਘੋੜ ਸਵਾਰ ਸਮੇਂ ਦੇ ਮੋੜੇ
ਭੇਦ ਭਰੇ ਅਜ ਲੇਖਾਂ। (੨੨)

ਠੰਢੀਆਂ ਰਾਤਾਂ ਦੇ ਵਿਚ ਬੈਠੀ
ਅੰਬਰ ਬੁਣ ਬੁਣ ਵੇਖਾਂ,
ਇਕ ਪਲ ਢੋਲ ਕਹਿਰ ਦਾ ਵੱਜੇ
ਇਕ ਪਲ ਮਿੱਠੀਆਂ ਹੇਕਾਂ।
ਝੱਖੜ ਦਿਲ ਦੇ ਮੋੜ ਨ ਸੱਕੀ
ਦਿਸੇ ਨ ਢਲਦਾ ਜੋਬਨ,
ਧੀਆਂ ਵਾਂਗ ਜਗਾ ਕੇ ਬੈਠੀ
ਮੈਂ ਧਰਤੀ ਦੀਆਂ ਰੇਖਾਂ। (੨੩)


WWW.SIKHBOOKCLUB.COM

ਉੱਚੇ ਬੁਰਜ ਲਾਹੌਰ 'ਤੇ ਖੜੀਏ
ਨਾਲ ਲਸ਼ਕਰਾਂ ਰੋਵੇਂ।
ਜਿੱਥੇ ਗਈ ਧੂੜ ਤੂੰ ਓਥੇ
ਵਾਂਗ ਫ਼ਜਰ ਦੇ ਹੋਵੇਂ।
ਬਾਰ ਦੇਸ ਵਿਚ ਛਿਪ ਗਈ ਸੈਂ ਤੂੰ,
ਮੈਂ ਮੁੜ ਫੇਰ ਕੀ ਦੇਖਾਂ!
ਕਿਸੇ ਵਲੀ ਦਾ ਚੋਲਾ ਦਾਗ਼ੀ
ਰਾਵੀ ਦੇ ਵਿਚ ਧੋਵੇਂ। (੨੪)

ਬੁੱਤ ਨੂੰ ਵੇਖ ਵੇਖ ਕੇ ਰੋਵਣ
ਪਰਛਾਵੇਂ ਵਿਚ ਜਾਨਾਂ।
ਨੂਰ ਦੇ ਹੜ੍ਹਾਂ ਨਾਲ ਖੇਡਨੈ
ਬਿਰਹਾ ਦੇ ਸੁਲਤਾਨਾ!
ਬਿਰਹਾ ਦੇ ਵੀ ਫਲ-ਫੁੱਲ ਸੁੱਕੇ
ਕੌਲ ਸੱਜਣ ਦੇ ਭੁੱਲੇ,
ਖੜੇ ਫ਼ਕੀਰ ਜਾਣ ਕਿਸ ਪਾਸੇ
ਰੇਤ ਤਪੀ ਮੁਲਤਾਨਾਂ। (੨੫)

ਬਿਰਹਾ ਨੂੰ ਕੰਡ ਦਿੱਤੀ ਆਖ਼ਿਰ
ਕੁਲ ਅਦਲੀ ਅਸਮਾਨਾਂ।
ਜਦ ਦਰਿਆਵਾਂ ਨੂੰ ਨ ਦਿੱਤਾ
ਦਰਦਾਂ ਦਾ ਨਜ਼ਰਾਨਾ।
ਸੱਚ ਦੀ ਪੈੜ ਵਖਾਵਣ ਖ਼ਾਤਰ
ਜੱਗ 'ਤੇ ਸੂਰਜ ਚੜ੍ਹਦੇ,
ਪੰਜਾ ਚਮਕ ਰਿਹਾ ਪਰਬਤ 'ਤੇ
ਵੇਖ ਰਿਹਾ ਮਰਦਾਨਾ। (੨੬)

ਘੋਰ ਫ਼ਰੇਬ ਸਮੇਂ ਵਿਚ ਪਲਦੇ
ਲੂਹੀਆਂ ਜੜ੍ਹਾਂ ਪ੍ਰੇਤਾਂ।
ਵਾਵਰੋਲਿਆਂ ਦੇ ਵਿਚ ਵੜੀਆਂ
ਲਹੂ-ਲੁਹਾਣ ਹੋ ਰੇਤਾਂ।
ਪੈਂਡੇ ਪਾਕ ਬਣਾਏ ਸਈਓ
ਛੁਪੀ ਫ਼ਜਰ ਨੇ ਮੁੜ ਕੇ,
ਚਿੜੀ ਚੂਕਦੀ ਨੂੰ ਰਾਹ ਦੱਸੇ
ਬਿਰਖ ਦੇ ਸਾਂਭੇ ਭੇਤਾਂ। (੨੭)


WWW.SIKHBOOKCLUB.COM

ਦੂਰ ਸਮੇਂ ਦੇ ਖੂਹਾਂ ਦੇ ਵਿਚ
ਹੂੰਗਰ ਸੁਣੀ ਫ਼ਕੀਰਾਂ।
ਝਿੰਮ ਝਿੰਮ ਤਾਰਿਆਂ ਦੇ ਵਿਚ ਰੁਮਕਣ
ਲੂਹੀਆਂ ਰਾਖ ਸਮੀਰਾਂ।
ਖੋਏ ਅੰਗ ਜ਼ਿਮੀਂ ਦੇ ਤੜਫੇ
ਜਾਗ ਪਤਾਲਾਂ ਤੀਕਣ,
ਜਾ ਜੋਗੀ ਦੀ ਪਿਆਸ ਬੁਝਾਈ
ਚਿਰਾਂ ਤੋਂ ਸੁੱਕਿਆਂ ਨੀਰਾਂ। (੨੮)

ਅੱਧੀ ਰਾਤੀਂ ਰੋਹੀਏਂ ਖੇਡੇ
ਤਰਲ ਨਾਗ ਹੈਰਾਨੀ।
ਤੰਦੂਏ ਵਾਂਗ ਧਰਤ ਨੂੰ ਖਿੱਚੇ
ਕੋਈ ਸੱਦ ਹੈਵਾਨੀ।
ਹੌਲ ਪਿਆ, ਸ਼ੀਸ਼ੇ ਦੇ ਵਾਂਗੂੰ
ਝਿੰਮ ਝਿੰਮ ਗਗਨ ਦੀ ਟੁੱਟੀ—
ਖੜੇ ਸਰ੍ਹਾਨੇ ਦੇਣ ਦਿਲਾਸਾ
ਬੋਲ ਕਿਤੋਂ ਬਾਬਾਣੀ। (੨੯)

ਹੁਸਨ ਦਾ ਕਿਹੜਾ ਬੋਲ ਪੁਗਾਵਾਂ
ਕਿਹੜੀ ਨਦੀ 'ਤੇ ਰੋਆਂ।
ਦੂਰ ਸਮੇਂ ਦੇ ਸਿਰ ਦੇ ਦਿੱਸਣ
ਸ਼ਮਸ਼ੀਰਾਂ ਦੀਆਂ ਲੋਆਂ।
ਸੰਵ ਮਨ੍ਹੇਰ ਦੇ ਭੁੱਲੇ ਰਾਹ 'ਤੇ
ਮੁੜ ਉਹ ਨਜ਼ਰ ਨ ਆਈ—
ਲੰਘੇ ਜਸ਼ਨ ਉਮਰ ਦੇ ਯਾਰਾ
ਬਸ ਰਹੀਆਂ ਕੰਨਸੋਆਂ। (੩੦)

ਦੇਖ ਦਿਲਾ! ਅੱਪਣੇ ਹੀ ਪੈਂਡੇ
ਕਿਸ ਪਾਸੇ ਉੱਠ ਚੱਲੇ।
ਰੁਲਦੇ ਕੌਲ, ਉਡੀਕਾਂ ਮੋਈਆਂ,
ਘਾਟ ਨਿਮਾਣੇ 'ਕੱਲੇ।
ਅੱਜ ਉਹਨਾਂ ਸ਼ੀਹਾਂ ਲਈ ਰੋਂਦੀ
ਕੱਲ ਜਿਨ੍ਹਾਂ ਤੋਂ ਡਰਦੀ,
ਸ਼ਾਲਾ! ਸੁੰਞੀ ਵਾਟ ਕਦੇ ਨ
ਪਵੇ ਅਸਾਡੇ ਪੱਲੇ। (੩੧)


WWW.SIKHBOOKCLUB.COM

ਸੂਰਜ ਚੰਨ ਤਾਰਿਆਂ ਦੇ ਵਣ
ਧੁੰਧਲੇ ਭੇਦ ਉਲੀਕਣ।
ਹਰਨੀ ਵਾਂਗ ਧਰਤ ਇਹ ਦੇਖੇ
ਅੰਧ ਕਾਲ-ਥਲ ਤੀਕਣ।
ਨੈਣਾਂ ਦੇ ਵਿਚ ਹੜ੍ਹ ਸਮਿਆਂ ਦੇ
ਦਿਸਹੱਦੇ ਕੁੱਲ ਡੁੱਬੇ,
ਕਦ ਕੂੰਦੇ ਇਕਰਾਰ ਮਾਹੀ ਦਾ
ਭੈਅ ਵਿਚ ਨੈਣ ਉਡੀਕਣ। (੩੨)

ਰਾਹ ਪੰਜਾਬ ਦੇ ਵੇਖੀਂ ਜਾ ਕੇ
ਸਿਖਰ ਉਡੇਂਦੀਏ ਕੂੰਜੇ।
ਹਿਜਰ ਅਬੋਲ ਮਿਰਾ ਵਿਚ ਰਾਤਾਂ
ਜਿਹਲਮ ਸਿੰਧ 'ਤੇ ਕੂੰਦੇ।
ਕੁੜੀ ਚਿੜੀ ਕਿਸੇ ਤੋਂ ਪੁੱਛੀਂ
"ਕੀ ਢੋਕਾਂ ਵਿਚ ਹੁਣ ਵੀ,
ਜ਼ਖ਼ਮ ਪੁਰਾਣਾ ਤੰਦ ਨਵੀਂ 'ਤੇ
ਵਿਚ ਤ੍ਰਿੰਞਣ ਊਂਘੇ।" (੩੩)

ਸੁੱਕੇ ਬ੍ਰਿਛ, ਵਗਣ ਨ ਪਾਣੀ,
ਪੰਖੀ ਮਿਰਗ ਨ ਜੀਵਣ।
ਪਰੇ ਪਰੇ ਮਿੱਟੀ ਦੇ ਓਹਲੇ
ਬੁੱਤ ਪੁਰਾਣੇ ਥੀਵਣ।
ਅਦਭੁਤ ਧਰਤ ਮਿਰੀ ਦਾ ਡੋਲਾ
ਸਾਹਾਂ ਚੁੱਕਿਆ ਹੋਇਆ,
ਝਿਲਮਿਲ ਝਿਲਮਿਲ ਪਾਣੀ ਮਾਵਾਂ
ਸ਼ਗਨ ਮਨਾਂਦੀਆਂ ਪੀਵਣ। (੩੪)

•


WWW.SIKHBOOKCLUB.COM

# 18
# ਝਨਾਂ ਦੀ ਰਾਤ

## 1
## ਅੱਧੀ ਰਾਤ ਦਾ ਹੌਲ

ਕਲਵਲ ਕਸਕ ਚੀਰ ਅਧਰੈਣੀ
ਆਈ ਦੂਰ ਉਜਾੜੋਂ।
ਭੈਅ ਦੀ ਤੰਦ ਜਾਨ ਨੂੰ ਵਲਦੀ
ਘੋਰ ਗੁਫ਼ਾਵਾਂ ਪਾਰੋਂ।

ਭਾਰੀ ਹੌਲ ਨੀਂਦ 'ਤੇ ਕਟਕੇ
ਲਹੂ ਕਾਲ ਦੇ ਛਾਣੀ,
ਛੁਪੀ ਨੇਸ ਜਿਗਰ ਵਿਚ ਪੁੜਕੇ
ਧੂੰਹਦੀ ਭੰਵਰ ਭਿਆਣੀ।

ਬੋਟਾਂ ਵਾਂਗੂੰ ਨੀਂਦ 'ਚ ਰੁਲਦੇ
ਜ਼ਖ਼ਮੀ ਨਾਦ ਹਜ਼ਾਰਾਂ,
ਇਕ ਹੌਕੇ ਇਕ ਸਾਹ ਤੋਂ ਖ਼ਾਲੀ
ਥਲ ਵਿਚ ਖੁੱਭੀਆਂ ਦਾਰਾਂ।

ਬਿਸਮਿਲ ਭੁੱਲਿਆਂ ਰਾਹੀਆਂ ਨੂੰ ਮੈਂ
ਬੇਬਸ ਧੁੰਦ 'ਚ ਦੇਖਾਂ,
ਯਾਦ-ਕੰਠ 'ਚੋਂ ਫੁੱਟ ਨ ਸੱਕਣ
ਰੋ ਬਿਰਹੋਂ ਦੀਆਂ ਹੇਕਾਂ।

ਮੌਤ-ਗਜ਼ਬ ਤੋਂ ਕੋਟ ਕੋਹਾਂ ਉਡ
ਕੰਕਰ ਹੋਏ ਬਾਜ਼ਾਰਾਂ,
ਮੇਰੀ ਬੇਹੋਸ਼ੀ 'ਤੇ ਲੱਦੀਆਂ
ਮੋਈਆਂ ਭੁੱਲੀਆਂ ਡਾਰਾਂ।


WWW.SIKHBOOKCLUB.COM

ਥਲਾਂ ਦੇ ਸੀਨੇ ਸੁੱਕ ਸੁੱਕ ਬੁਝੀਆਂ
ਕਹਿਸ਼ਕਾਂ ਦੀਆਂ ਸ਼ਾਖਾਂ;
ਆਦਮ-ਦਿਹੁੰ ਦੀ ਲਾਲੀ ਤੋਂ ਲੈ
ਹਸ਼ਰਾਂ ਤੀਕਣ ਰਾਖਾਂ!

ਰੰਗ ਹਸ਼ਰ ਦੇ ਬਲੇ ਅਸੰਖਾਂ,
ਆਦਮ ਦਾ ਦਿਹੁੰ ਮੋਇਆ;
ਨ੍ਹੇਰੀ ਨਦੀ ਰਾਖ ਦੇ ਹੇਠਾਂ
ਝਿਮ ਝਿਮ ਕਰਦਾ ਖੋਇਆ।

ਇਕ ਪਲ ਤਪਦੇ ਭੱਠ 'ਤੇ ਕਿਰੀਆਂ
ਤ੍ਰੇਲਾਂ ਵਾਂਗੂੰ ਮੁੰਝਾਂ;
ਨ ਦਿਹੁੰ ਰੈਣ ਨ, ਪਲ ਦੂਜੇ ਵਿਚ
ਨ ਥਲ ਗਗਨ ਨ ਬੂੰਦਾਂ।

ਇਕ ਪਲ ਕਾਲ ਦੇ ਭੌਜਲ ਅੰਦਰ
ਨਿਸ ਬਾਸਰ ਬਉਰਾਣੇ,
ਦੂਜੇ ਪਲ ਅਣਦਿੱਸ ਫਾਹੀਆਂ ਵਿਚ
ਘਿਰ ਸਾਹ ਹੋਣ ਬੇਗਾਨੇ।

ਅੱਜ ਤਾਂ ਜਿੰਦ ਨੂੰ ਛੋਡ ਚੱਲੀਆਂ
ਪਿਆਰ ਦੀਆਂ ਤਕਸੀਰਾਂ।
ਫ਼ਰਿਆਦਾਂ ਤੋਂ ਖ਼ਾਲੀ ਹੋਈਆਂ
ਮੁੱਢ ਕਦੀਮ ਅਖ਼ੀਰਾਂ।

ਕਾਲ ਦੇ ਪੁਰਸਲਾਤ ਤੋਂ ਲੰਘਦੇ
ਆਲਮ ਦੇ ਪਰਛਾਵੇਂ,
ਮੈਂ ਤੱਕਦਾ ਡੁੱਬ ਨੈਣ ਚਿਰਾਂ ਦੇ
ਯਾਦ ਨ ਆਵਣ ਭਾਵੇਂ।

ਮੇਰੀਆਂ ਨੀਂਦਾਂ ਜਾਗਾਂ ਅੰਦਰ
ਦਹਿਦਿਸ ਲਸਣ ਜ਼ੰਜੀਰਾਂ,
ਮਲਕ ਦੇ ਦਰ ਤੋਂ ਅੱਗੇ ਤੁਰੀਆਂ
ਯਾਦਾਂ ਵਾਂਗ ਫ਼ਕੀਰਾਂ।

ਵਾ ਵਰੋਲੇ ਬਣ ਕੇ ਝੁੱਲੀਆਂ
ਤੇਜ਼ ਖ਼ੂਨ ਦੀਆਂ ਧਾਰਾਂ,
ਕਹਿਰ ਵਿਚ ਸਮੇਂ ਨੂੰ ਥੰਮ੍ਹਣ
ਪੱਥਰ ਦੀਆਂ ਉਡਾਰਾਂ।


WWW.SIKHBOOKCLUB.COM

ਡੰਗ ਪਿਆਸ ਦੇ ਕੁਲ ਆਲਮ ਦੇ
ਲਹੂ 'ਚ ਖੁਭ ਖੁਭ ਜਾਵਣ,
ਤਣੇ ਕੁਸੈਲੀਆਂ ਦਾਰਾਂ ਦੇ ਮੂੰਹ
ਪਲ ਪਲ ਸਮੇਂ ਦਾ ਖਾਵਣ।

ਜਾਨ ਮੇਰੀ 'ਤੇ ਚੱਕ ਜਿਉਂ ਘੁੰਮਦੇ
ਮੂਕ ਮਿਟੇ ਪਛਾਵੇਂ,
ਧਰ ਦੇ ਗਰਭ-ਨ੍ਹੇਰ ਵਿਚ ਤੜਪੇ
ਬੀਜ ਵਿਸ਼ੈਲੀ ਥਾਵੇਂ।

ਨ੍ਹੇਰ-ਨਾਭ ਵਿਚ ਅਣਦਿੱਸ ਨਾਗਾਂ
ਕਸੀਆਂ ਸੁਹਲ ਤਣਾਵਾਂ।
ਚੰਨ ਸੂਰਜਾਂ ਦੇ ਫੜ ਪੈਂਡੇ
ਡੰਗੀਆਂ ਮਧੁਰ ਦੁਆਵਾਂ।

ਬਖ਼ਸ਼ਿਸ਼ ਦੀ 'ਨਾਂਹ' ਵੀ ਮਿਟ ਚੱਲੀ,
ਨਾਂਹ ਝੋਕਾਂ ਨਾਂਹ ਗੋਰਾਂ!
ਸੋਹਣੇ ਬਾਗ਼ ਯਾਦ ਕਰਵਾਏ
ਨਾਂਹ ਕੁਫਰਾਂ ਦੇ ਜ਼ੋਰਾਂ।

ਦਿਹੁੰ-ਰੈਣ ਨੂੰ ਮੇਸ ਕੇ ਨੀਂਦੋਂ
ਬਲਦੇ ਗਗਨ ਬੇਗਾਨੇ,
ਕਦੇ ਜਾਗ ਦੇ ਪੈਂਡੇ ਰਿੰਮ ਝਿੰਮ
ਘੁੰਮਦੇ ਨੀਰ ਪੁਰਾਣੇ।

ਮੁੱਢ ਕਦੀਮ ਦਿਆਂ ਝੱਖੜਾਂ ਵਿਚ
ਘਿਰ ਕੰਨਸੋਅ ਕੁਰਲਾਵੇ,
ਕਹਿਸ਼ਕਾਂ ਦੇ ਤਾਜ ਤੋਂ ਉਡਦਾ
ਫਿਰ ਕੋਈ ਜੁਗਨੂੰ ਆਵੇ।

ਮੈਨੂੰ ਲੱਗਿਆ ਹੁਣ ਕੁਝ ਹੋਸੀ
ਨਿੰਮ੍ਹੇ ਚਾਨਣ ਹੇਠਾਂ,
ਹਿੱਕੇ ਤਾਂ 'ਵਾਜ ਚਿਰਾਂ ਦੀ ਪੈਣੀ
ਹਿੱਕੇ ਤਾਂ ਦੀਵੇ ਦੇਖਾਂ।

ਨਿੰਮ੍ਹੇ ਨੂਰ 'ਚ ਪਰਾਂ 'ਤੇ ਚਾਈ
ਰੰਗਲੀ ਕੂੰਟ ਉਕਾਬਾਂ,
ਜਿਸਨੂੰ ਆ ਕੇ ਦੂਰੋਂ ਮਿਲਣਾ
ਪੈੜਾਂ, ਪੈਂਡਿਆਂ, ਖ਼ਾਬਾਂ।


WWW.SIKHBOOKCLUB.COM

ਜਾਗਣ ਲੱਗਾਂ ? ਹੌਲ ਦੀਆਂ ਲੱਖ
ਫਾਹੀਆਂ ਬਲਦੀਆਂ ਆਵਣ।
ਤੁਰਨ ਲੱਗਾਂ ? ਕੰਨਸੋਆਂ ਚਿਰ ਦੀਆਂ,
ਪੈਂਡੇ ਦੂਰ ਦੇ ਚਾਵਣ।

ਅੱਧੀ ਰਾਤ ਦੀ ਪਰਲੋਂ ਸਾਹਮੇ
ਮੈਂ ਇਕ ਬੂੰਦ ਜਗਾਵਾਂ,
ਕੋਟ ਭਸਮ ਬਰਬਾਦ ਵਣਾਂ ਵਿਚ
ਨੂਰੀ ਖੰਭ ਬੁਲਾਵਾਂ।

ਅੱਧੀ ਰਾਤ ਨਦੀ ਦੇ ਪਾਰੋਂ
ਕੂਕ ਦਿੱਤੀ ਰੋ ਮੋਰਾਂ,
ਦੇਸ ਦੀਆਂ ਮੈਂ ਛੱਡ ਕੇ ਝੋਕਾਂ
ਤੁਰਿਆ ਚੁੱਕ ਘੰਗੋਰਾਂ।

(ਭਾਗ ਪਹਿਲਾ ਖ਼ਤਮ)


WWW.SIKHBOOKCLUB.COM 

## 2
## ਉਦਾਸ ਰਾਤ ਦਾ ਸਫ਼ਰ

ਮੈਂ ਨ ਵੈਂਦਾ ਦਰਦ ਨ ਮੈਂਡਾ!
ਮਨ ਪਰਦੇਸੀ, ਲੰਮਾ ਪੈਂਡਾ।

ਝਿੰਮ ਝਿੰਮ ਦੂਰ ਸੁਣੇ ਅਧਰੈਣੀ,
ਵਰ੍ਹ ਪੈਂਦੇ ਫਿਰ ਅੱਥਰੂ ਨੈਣੀ।

ਪਲ ਭਰ ਚੜ੍ਹਦਾ ਤਾਰਾ ਲੰਮਾ,
ਕਾਂਗ ਉਠੇ ਕੁਈ, ਦਰਦ ਨਿਕੰਮਾ!

ਉਡਣ ਵਣਾਂ ਵਣਾਂ ਦੀਆਂ ਛੋਹਾਂ,
ਨੂਰ ਦੇ ਝੱਖੜ ਕਰਨ ਨ ਲੋਆਂ।

ਮਨ ਪਰਦੇਸੀ ਖ਼ਾਲੀ ਹੋਇਆ,
ਪੈਂਡਿਆਂ ਸਾਮ੍ਹੇ ਬਹਿ ਬਹਿ ਰੋਇਆ।

ਪਰ ਅੱਥਰੂ ਕੋਈ 'ਵਾਜ ਨਾ ਮਾਰੇ
ਯਾਦ ਤਰੇਂਦੀ, ਨ ਹੜ੍ਹ ਭਾਰੇ।

ਉਜੜੇ ਵਣਾਂ ਚੋਂ ਜਦ ਮੈਂ ਲੰਘਾਂ,
ਸਦੀਆਂ ਨਾਲ ਬੋਲ ਕੁਝ ਸੰਗਾਂ।

ਦਿਲ ਨੱਚੇ ਤਾਂ ਨਾਗ ਵੀ ਕੀਲਾਂ,
ਲਹੂ 'ਚ ਮਹਿਕ ਜਗਾਵਣ ਪੀਲ੍ਹਾਂ!

ਤਕ ਝੋਕਾਂ ਛਡ ਗਏ ਪਿਆਰੇ,
ਰੁੰਗ ਸੁਣੇ ਮਨ, ਥਲ ਲਲਕਾਰੇ।

ਭਰੀਆਂ ਭਰੀਆਂ ਵਗਣ ਹਵਾਵਾਂ,
ਧਰ-ਨੀਂਦਰ ਦੇ ਸਫ਼ਰ 'ਤੇ ਜਾਵਾਂ।

ਕਿਸੇ ਗੁਫ਼ਾ 'ਚੋਂ ਚੁੰਮ ਸ਼ਮਸ਼ੀਰਾਂ,
ਮੈਨੂੰ ਰਾਹ ਵਿਚ ਮਿਲਣ ਸਮੀਰਾਂ।


WWW.SIKHBOOKCLUB.COM

ਧਰਤ-ਅੰਬਰ ਦੀਆਂ ਖੁੱਲ੍ਹੀਆਂ ਵਾਗਾਂ,
ਬਿੰਦੂ ਇਕ, ਅਨੰਤਾਂ ਜਾਗਾਂ।

ਪਰ ਨ ਇਕ ਆਵਾਜ਼ ਸੁਣੀਵੇ,
ਭੁੱਲ ਅਥਾਹ ਕਿਤੋਂ ਸਾਹ ਪੀਵੇ।

ਕਹਿਕਸ਼ਾਂ ਤੁਰੀਆਂ ਹੀ ਜਾਵਣ,
ਇਕ ਹੌਕੇ ਨੂੰ ਮੋੜ ਲਿਆਵਣ।

ਫਿਰ ਹੌਕੇ ਨੂੰ ਮੋੜਨ ਪਾਰੀ,
ਨਦੀਆਂ ਤੋਂ ਵੀ ਲੰਬੀ ਤਾਰੀ

ਲਾਈ ਧਰ ਦੇ ਅਣਗਿਣ ਖ਼ਾਬਾਂ,
ਭਖ ਸੂਰਜ ਜਿਉਂ ਖੁੱਲ੍ਹੀਆਂ ਜਾਗਾਂ।

ਤੱਕੇ ਦੂਰ ਅੰਬਰ ਦੇ ਰਾਹੀਆਂ,
ਭੁੱਲੀਆਂ ਨਜ਼ਰਾਂ ਵੇਖਣ ਆਈਆਂ।

ਤੋੜ ਸੁੱਟੀਆਂ ਅੰਬਰ ਵਾਗਾਂ,
ਤੱਕੀ ਧੂੜ ਲਹੂ ਦੀ ਖ਼ਾਬਾਂ।

ਰੰਗ ਸੁਗੰਧਾਂ ਚਮਕਾਂ ਤੋੜੀ,
ਅਰਜ਼ ਕੋਈ ਡਾਢੇ ਨੇ ਮੋੜੀ।

ਭਾਵੇਂ ਦਿਲ ਦੇ ਭਰੇ ਬਜ਼ਾਰਾਂ,
ਪਾਇਆ ਪੈੜ ਦਾ ਮੁੱਲ ਹਜ਼ਾਰਾਂ।

ਕੀ ਕਰਾਂ ਅੱਖੀਆਂ ਦੇ ਪਾਣੀ?
ਸੁੱਤਿਆਂ ਛੋਡ ਗਏ ਕਰਵਾਨੀ!

ਚਮਕਾਂ ਚਾਈਆਂ ਛਿਣਾਂ ਦੇ ਰਾਹੀਆਂ;
ਖਾਰੀਆਂ ਉੱਤੇ ਵਿਸ ਦੀਆਂ ਫਾਹੀਆਂ!

"ਤੂੰ ਨਾਂਹ ਵੇਖ ਸਕੇਂ" ਕੋਈ ਹੋੜੇ,
ਲੱਖ ਫਰਿਸ਼ਤੇ ਦੇਣ ਨਹੋਰੇ।

ਹੜ੍ਹ ਨੂਰਾਂ ਦੇ ਆਦਿ ਜੁਗਾਦਾਂ,
ਮੌਤ ਸਾਹਿਉਂ ਲੰਘੀਆਂ ਯਾਦਾਂ।

ਕਿਉਂ ਅੱਜ ਖਿਚਦੇ ਭੰਵਰ ਤਣਾਵਾਂ?
ਭੈਅ ਵਿਚ ਦੂਰ ਯੁਗਾਂ ਤੋਂ ਬਾਹਾਂ!


WWW.SIKHBOOKCLUB.COM 

ਨਾਂਹ ਅੱਜ ਨੂਰ-ਮੂਰਛਾ ਆਵੇ,
ਘਟਾਂ ਬੰਨ੍ਹ ਸੁਰਤ 'ਤੇ ਛਾਵੇ।

ਭੈਅ ਦੇ ਰੰਗ ਵੀ ਖ਼ਾਲੀ ਖ਼ਾਲੀ,
ਨਾਂਹ ਕੋਈ ਵੇਖੇ, ਨਾਂਹ ਕੋਈ ਸੁਆਲੀ।

ਤਪਦੇ ਭੱਠ ਚੀਰ ਕੰਨਸੋਆਂ,
ਕਦੇ ਕਦੇ ਜੋ ਕਰਦੀਆਂ ਲੋਆਂ।

ਬਾਂਝ ਖਲਾ ਵਿਚ ਤਦੋਂ ਨਸੀਬਾਂ,
ਭਰੀਆਂ ਲਹੂਆਂ ਨਾਲ ਸਲੀਬਾਂ।

ਹਾਂ, ਅੱਜ ਸ਼ੌਕ-ਮੱਤੇ ਫ਼ਰਿਹਾਦਾਂ,
ਭੈਅ ਵਿਚ ਬੰਨ੍ਹੀਆਂ ਸਿਦਕੀ ਯਾਦਾਂ।

'ਹਾਂ ਨਾਂਹ' ਤੋਂ ਮੈਂ ਉਂਝ ਦੁਰਾਡਾ,
ਆਗੇ ਘਾਮ ਨਾ ਪਿੱਛੇ ਜਾਡਾ!

'ਵਾਜ ਇਹੋ ਜਿਹੀ ਦੇਵਣ ਬੇਲੇ,
ਬਿਸਮਿਲ ਹੂੰਗਰ ਜਿਉਂ ਵਿਚ ਮੇਲੇ।

ਘਾਇਲ ਹੋਈਆਂ ਥਲਾਂ ਦੀਆਂ ਬਾਹਵਾਂ,
ਇਉਂ ਤੱਕਣ ਨਿਰਮੋਹ ਹਵਾਵਾਂ;

ਸਰਵਣ ਜਿਵੇਂ ਮੂਰਛਾ ਪਾਰੋਂ,
ਪਿਆਸ 'ਤੇ ਉਮ੍ਹਲੇ ਵਿਛੜੀ ਡਾਰੋਂ।

ਨਾਂਹ ਸੁਣੀ 'ਵਾਜ ਕਰਵਾਨੀ,
ਧੁਰ ਗਗਨ ਤੋਂ ਮੰਗਦੀ ਪਾਣੀ।

ਕੂੰਜ ਗਈ ਵੱਲ ਉੱਡ ਪਹਾੜਾਂ,
ਕੂਕ ਸੁਣੀ ਨ ਮੋਇਆਂ ਯਾਰਾਂ।

ਫਿਰ ਆਈ ਕੋਈ ਚੀਰ ਕੇ ਹੋਣੀ,
ਭੰਵਰਾਂ ਦੇ ਵਿਚ ਛੁਪੀ ਸਲੋਨੀ।

ਥਕਦੀ 'ਵਾਜ ਮੇਰੀ ਦੇ ਪਾਰੋਂ,
ਬੇਲੇ ਹੇਕ ਲਗਾਵਣ ਪਿਆਰੋਂ।

ਭਾਰੀ ਮੌਤ-ਸਿੰਧਾਂ ਦੇ ਪਾਣੀ,
ਤੋੜ ਭੰਵਰ ਛਲਕਾਵਣ ਹਾਣੀ।


WWW.SIKHBOOKCLUB.COM

ਕਾਂਗ ਸਰੂਰ ਦੀ ਇਕ ਪਲ ਛੇੜੇ,
ਹੜ੍ਹ ਉਠਦੇ ਕੁਮਲਾਂਦੇ ਖੇੜੇ।

ਇਕ ਪਲ 'ਵਾਜ ਮਾਹੀ ਦੀ ਆਵੇ,
ਵਣ ਦਿਸਦੇ, ਕੋਈ ਦੀਪ ਬੁਝਾਵੇ।

ਮੈਂ ਤੱਕਿਆ, ਕੁਝ ਵੇਖਣ ਜਾਵਾਂ,
ਸਦੀਆਂ ਪਾਰ ਤਰੇ ਪਰਛਾਵਾਂ।

ਭੈਅ ਵਿਚ ਕਦਮ ਮਿਰਾ ਥੱਰਾਵੇ,
ਰੰਗ ਕਸੁੰਭਾ ਛੋਡ ਨ ਜਾਵੇ!

ਸੁਣਾਂ ਹੇਠ ਮੈਂ ਜੰਡ ਫਲਾਹੀਆਂ,
ਹੌਕੇ ਭਰਨ ਝਨਾਂ ਦੀਆਂ ਜਾਈਆਂ।

ਤੁਰਨ ਲੱਗਾਂ, ਤਾਂ ਪੈਣ ਜ਼ੰਜੀਰਾਂ,
ਛੋਹ ਨਾ ਸਕਾਂ ਹੁਸਨ-ਵਹੀਰਾਂ।

ਰੁਲੀਆਂ ਬੀਆਬਾਨ ਤਕਸੀਰਾਂ,
ਸੁਕ ਗਈਆਂ ਸਰਸਬਜ਼ ਨਜ਼ੀਰਾਂ।

ਸੀਨੇ ਮੈਂਡੇ ਪੌਂਦੀਆਂ ਭੀੜਾਂ,
ਹੜ੍ਹ ਚੜ੍ਹਦੇ, ਮਿਟ ਜਾਣ ਅਖ਼ੀਰਾਂ!

x x x x

x x x x

ਭੇਦ ਥਲਾਂ ਦੇ ਨ੍ਹੇਰ 'ਚ ਕਾਵਾਂ,
ਸ਼ੋਰ ਪਾ ਸੁੱਟੇ, ਸੁੱਤੀਆਂ ਸ਼ੁਆਵਾਂ।

ਇਕ ਪਲ ਬਾਲੇ ਅਣਗਿਣ ਛਾਲੇ,
ਕਹਿਰਵਾਨ ਪਰ ਅੰਬਰ ਨਾਲੇ!

ਸੁਪਨੇ ਲੈ ਛਾਂ ਇਸਦੀ ਖਲ੍ਹੀਆਂ,
ਤਪਦੇ ਤਾਂਬੇ ਦੇ ਵਿਚ ਢਲੀਆਂ।

ਕੀ ਹੋਇਆ ਜੇ ਦੀਵੇ ਬਾਲੇ!
ਕੌਲ ਕਰੇ ਪਰ ਕੌਲ ਨ ਪਾਲੇ!

x x x x

WWW.SIKHBOOKCLUB.COM

ਖਿੱਚੋਂ ਜਿੰਦ ਨੂੰ ਇੰਞ ਹਨੇਰੇ :
ਫ਼ਜਰਾਂ ਛੁਪੀਆਂ ਦਿਲ ਜੋ ਮੇਰੇ।

ਦੂਰ ਅਸੰਖਾਂ ਤਾਰਿਆਂ ਪਾਰੋਂ,
ਪੱਥਰ ਕਰਸੇਂ ਤੋੜ ਜਿਉਂ ਡਾਰੋਂ।

ਕੁਝ ਮਾਸੂਮ ਅਵਾਜ਼ਾਂ ਲੰਘੀਆਂ,
ਜਾਨ ਮੇਰੀ ਨੂੰ ਚੁੰਮ ਕੇ ਕੰਬੀਆਂ।

ਦਿਲੜੀ ਖ਼ਾਲੀ ਥਲ ਪਿਆ ਮਾਰੇ,
ਹੌਲ ਮਿਰੇ ਅੰਬਰ ਤੋਂ ਭਾਰੇ।

ਨਾਂਹ ਵੇਖਾਂ, ਨ ਤਿਮਰ ਨ ਤਾਰੇ,
ਮੋਹ ਅਜਨਬੀ ਕੂੰਟਾਂ ਚਾਰੇ।

ਮੈਂ ਭੁੱਲਾ ਵਿਚ ਉਮਰ ਦੇ ਕੰਮਾਂ,
ਭਾਵੇਂ ਚੜ੍ਹਿਆ ਤਾਰਾ ਲੰਮਾ !

ਕਿਉਂ ਮੈਂ ਤੁਰਿਆ ? ਕੈਂ ਧਿਰ ਚੱਲਾਂ ?
ਨ ਮੈਂ ਖ਼ਾਲੀ, ਨ ਮੈਂ ਛੱਲਾਂ।

ਯੁਗਾਂ ਦੀਆਂ ਕੋਟਾਂ ਹੀ ਗਲੀਆਂ,
ਫ਼ਜਰਾਂ ਸੰਞਾਂ ਦੇ ਰੰਗ ਛਲੀਆਂ :

ਸੁੰਨਾਂ ਅੰਬਰ ਦੀਆਂ ਚੁੱਕ ਭਾਰੀ,
ਵੇਖਣ ਕਿਤੇ ਮਾਸੂਮ ਉਡਾਰੀ।

ਇਕ ਭਬੂਕੇ ਚੜ੍ਹ ਕੇ ਬਲੀਆਂ,
ਚਰਖੇ ਦੀ ਘੂਕਰ ਵਿਚ ਪਲੀਆਂ।

ਪਾੜ ਸਿੰਧਾਂ ਨੂੰ ਖੜ੍ਹੀਆਂ ਸੁੰਨਾਂ,
ਦਿਲ ਸੈ ਭੰਬਰਾਂ ਦੇ ਵਿਚ ਰੁੰਨਾ।

ਸਭ ਕੂੰਟਾਂ 'ਚੋਂ ਮੁੱਕੀਆਂ ਡਾਰਾਂ,
ਅੱਥਰੂ 'ਕੱਲਾ ਵਿਚ ਉਜਾੜਾਂ।

ਮਨ ਪਰਦੇਸੀ ਪੱਤਝੜ ਛਾਵਾਂ,
ਐਨਾ ਭਾਰ ਕਿਵੇਂ ਮੈਂ ਚਾਵਾਂ।

ਬਿਰਖ ਪੱਤਣ ਥਲ ਪਰਬਤ ਪਾਸੇ,
ਖਾਰ ਗਗਨ ਵਿਚ ਖੁਭੇ ਪਿਆਸੇ।

WWW.SIKHBOOKCLUB.COM

ਲੱਖਾਂ ਰਾਮ ਗਏ, ਵਣ ਪੈੜਾਂ,
ਚੰਨ ਸੂਰਜ ਭੁੱਲੇ ਸਮ ਗ਼ੈਰਾਂ!

ਕਦੇ ਕਦੇ ਵਣ ਚੋਂ ਹਬਕਾਰਾਂ,
ਭੇਜੀਆਂ ਮੈਨੂੰ ਮੋਇਆਂ ਯਾਰਾਂ।

ਸੁਕੇ ਦਿਲ ਮੰਗ ਸਕਣ ਨ ਖੈਰਾਂ,
ਸਾਨੂੰ ਛੋਡ ਗਈਆਂ ਸਭ ਲਹਿਰਾਂ।

ਖਾਇ ਮੂਰਛਾ ਡਿੱਗਾ ਝੱਲਾਂ,
ਮੈਂ ਨ ਜਾਗ ਰਿਹਾ ਨ ਚੱਲਾਂ।

(ਦੂਸਰਾ ਭਾਗ ਖ਼ਤਮ)

WWW.SIKHBOOKCLUB.COM Page 504

## 3
## ਮੌਤ ਅਤੇ ਥਲਾਂ ਦੇ ਰਾਹ

ਫੇਰ ਮੇਰੀ ਜਾਨ 'ਤੇ ਲਰਜ਼ੇ
ਨੂਹ ਵੇਲੇ ਦੇ ਪਾਣੀ,
ਕੋਟ ਵਾਰ ਹਫ ਜਿੰਦ ਗਗਨਾਂ ਦੀ
ਮੰਝਧਾਰੀਂ ਕੁਮਲਾਣੀ।

ਯੁਗਾਂ ਦੇ ਪੈਂਡੇ ਸੁੱਕ ਜਾਵਣ ਦੀ
ਹੁੰਗਰ ਵਿਚ ਗ਼ੁਬਾਰਾਂ।
ਅੰਬਰ ਵੇਖ ਸਕੇ ਨ ਮੈਨੂੰ
ਨਾਂਹ ਧਰਤੀ ਨੂੰ ਸਾਰਾਂ।

ਦੂਰ ਰਿਸ਼ਮ ਯੂਸਫ਼ ਦੀ ਕੋਈ,
ਗਰਜ ਸਾਗਰਾਂ ਖਾਣੀ;
ਔਹ ਡੂਗਰ 'ਤੇ ਸਿਰਾਂ ਨੂੰ ਪਟਕਣ
ਸੈ ਰੂਹਾਂ ਕਨਿਆਨੀ।

ਯੁਗਾਂ ਦੇ ਬਹੁੰ ਅਕੇਵੇਂ ਲੰਮੇ!
ਨਾਂਹ ਰਾਹ ਦਿਸਣ ਨ ਪਾਂਧੀ :
ਸਾਹਾਂ ਦੇ ਵਲ ਚੋਰ ਮੂਰਛਾ
ਵਾਂਗ ਸਰਾਲ ਦੇ ਜਾਂਦੀ।

ਤਾਰੇ ਭੁੱਲ ਰੈਣ ਕੁਈ ਲੱਥੀ
ਕਦੇ ਮੂਰਛਾ ਮੁੱਕੇ।
ਪੰਖੀ ਮੇਘ ਬਿਰਖ ਤੋਂ ਸੁੰਞੇ
ਥਲ ਇਹ ਯੁਗਾਂ ਤੋਂ ਸੁੱਕੇ।

ਨੂਹ ਦਾ ਬੇੜਾ ਤੋੜ ਕੇ ਗਰਜੇ
ਅੰਬਰੋਂ ਪਰੇ ਅੰਧਾਰੀ,
ਦਿਲ ਮੈਂਡੇ ਤੋਂ ਝੱਲ ਨ ਹੋਈ
ਸਮਿਆਂ ਦੀ ਕਿਲਕਾਰੀ।


WWW.SIKHBOOKCLUB.COM

ਦਿਲ ਮਸਕੀਨ ਦੀ ਕਮਲੀ ਛੋਹ ਤਕ
ਕੁਸਕਣ ਲਸ਼ਕਰ ਦੂਰੋਂ,
ਦੇਸ ਮਾਹੀ ਦਾ ਭੁੱਲ ਜਾਵੇਗਾ
ਸੱਦ ਮੂਸਾ ਬਿਨ ਤੂਰੋਂ।

ਕੋਟ ਅਸੰਖ ਸਮੇਂ ਦੇ ਚੱਕਰ
ਘਿਰੇ ਅੰਧ ਤੁਗਿਆਨੀ,
ਮੌਤ-ਸਿਖਰ ਤੋੜ ਕੇ ਤੱਕਣ
ਕੋ ਤਾਰਾ ਨੂਰਾਨੀ।

ਕਿੰਗਰੇ ਉੱਚ ਪਹਾੜਾਂ ਦੇ ਟੁੱਟ,
ਨੀਮ ਯਾਦ ਸਿਰਿ ਝੁੱਲੇ;
ਗਜਰਾਜਾਂ ਦੇ ਝੁੰਡ ਪੁਰਾਣੇ
ਸੰਘਣੇ ਵਣਾਂ ਨੂੰ ਭੁੱਲੇ।

ਅੰਬਰ ਜਾਣ ਸਕੇ ਨ ਯਾਰੋ,
ਕੌਣ ਕਾਫ਼ਲੇ ਮੋਏ।
ਧਰਤੀ ਨੂੰ ਧੂੜਾਂ ਉਹ ਭੁੱਲੀਆਂ
ਗ਼ੌਸ ਵਲੀ ਜਿਨ ਖੋਏ।

ਮੇਰੀ ਹੋਸ਼ ਵਿਚ ਨ ਰਹੀਆਂ
ਮੁੱਢ ਕਦੀਮੀ ਐਵਾਜਾਂ,
ਇਕ ਦਿਨ ਤਾਰੇ ਰੁਲ ਜਾਵਣਗੇ
ਭੁੱਲ ਜਾਸਨ ਮਿਅਰਾਜਾਂ।

ਘਾਇਲ ਹੋਏ ਵਲੀਆਂ ਦੀ ਹੂੰਗਰ
ਲਹਿੰਦੀ ਰੁਕਦੇ ਸਾਹੀਂ।
ਇਕ ਦਿਨ ਮਾਂ ਦੇ ਬੋਲ ਰੁਲਣਗੇ
ਵਿਚ ਕਹੇਲੇ ਕਾਹੀਂ।

ਬੇਪੱਤ ਖੁਲ੍ਹਿਆਂ ਕੇਸਾਂ ਵਾਂਗੂੰ,
ਸੁਹਲ ਜ਼ਿਮੀਂ ਕੁਮਲਾਣੀ।
ਟੁੱਟਦੇ ਸਾਹਾਂ ਵਾਂਗ ਅਸੰਖਾਂ
ਖ਼ਿਆਲ ਡੂੰਘੇਰੇ ਬਾਣੀ।

ਮੇਰੀ ਹੋਸ਼ ਦੇ ਬੂਹੇ ਮੋਈਆਂ
ਮਜ਼੍ਹਬਾਂ ਦੀਆਂ ਪਰਵਾਜ਼ਾਂ।
ਘਾਇਲ ਕਰੇ ਕਸਕਾਂ ਨੇ ਸਾਗਰ
ਸੰਗ ਸੁਹਾਣੇ ਰਾਜ਼ਾਂ।

WWW.SIKHBOOKCLUB.COM

ਓਢੇ ਹੋਸ਼ ਦੇ ਧੁੰਧੂਕਾਰੇ
ਪੀਰ ਸਮੇਂ ਦਿਆਂ ਭੇਸਾਂ,
ਥਲ 'ਚੋਂ ਕਦੇ ਨ ਚੁੱਕਣ ਆਏ
ਰੋਂਦੀਆਂ ਬਾਲ-ਵਰੇਸਾਂ।

ਸਾਹ-ਹੀਣ ਰੱਤਹੀਣ ਇਕੱਲਾਂ
ਬਰਬਰ ਸੀਨੇ ਖੜੀਆਂ,
ਬੋਲ ਨ ਪੌਣ ਨ ਡਰਵਰ ਭਾਰੀ!
ਕਿੰਵ ਮੰਗਾਂ ਦਿਲਬਰੀਆਂ ?

ਭਸਮ ਹੋਏ ਅਸਮਾਨਾਂ ਦੇ ਵਲ,
ਨੀਮ ਨਜ਼ਰ ਇਕ ਮਾਰਾਂ;
ਨਬੀਆਂ-ਆਂਗਣ ਭਾਂਬੜ ਹਿੱਸਗੇ
ਨ ਹੁੱਲੀਆਂ ਗੁਲਜ਼ਾਰਾਂ।

ਸਮੇਂ ਦੇ ਸੀਸ ਰਾਖ ਵਿਚ ਡੁੱਬੇ
ਖਾਧੇ ਜਿਸਮ ਜ਼ਮੀਰਾਂ,
ਇਕ ਵੀ ਰਾਹ ਦੀ ਟੋਹ ਨ ਦਿੱਤੀ
ਤਹਿਜ਼ੀਬਾਂ ਦੇ ਤੀਰਾਂ।

ਨਾਂਹ ਮੂਰਛਾ ਥਰਹਰ ਕੰਬੇ
ਨਾਂਹ ਤਾਂ ਜਾਨ ਪਿਆਸੀ,
ਹਿੱਕੋ ਸੀਤ ਹਾ ਵਿਚ ਘਿਰੀਆਂ
ਜੂਨਾਂ ਲੱਖ ਚੌਰਾਸੀ।

ਸੀਤ ਹਾ ਦਾ ਭੌਜਲ ਕਾਲਾ
ਪੁਰਸਲਾਤ ਤੋਂ ਸੁੱਟੇ,
ਬੇਬਸ ਕੂਕ ਮੇਰੀ ਲਈ ਤੜਪੇ
ਕਬਰੀਂ ਕਾਲ ਨਿਖੁੱਟੇ।

ਭਾਰ ਪਹਾੜਾਂ ਹੇਠਾਂ ਸੁੱਤੇ
ਬਾਲ-ਵਰੇਸ ਦੇ ਹਾਣੀ!
ਮਲ੍ਹਿਆਂ ਦੇ ਵਿਚ ਨਦੀਆਂ ਸਾਮ੍ਹੇ
ਮੰਗਦੇ ਮਰ ਗਏ ਪਾਣੀ।

ਮੋਇਆਂ ਲਈ ਹੰਝੂ ਨ ਆਵਣ
ਨ ਮੂਰਛਾ ਡੋਲੇ।
ਕਬਰਾਂ ਤਾਣ ਦਿੱਤੇ ਲੋਹ-ਤੰਬੂ
ਧੁੰਧੂਕਾਰ ਨ ਬੋਲੇ।


WWW.SIKHBOOKCLUB.COM

ਕਦੇ ਕਦੇ ਲਿਸ਼ਕੇ ਇਕ ਕਤਰਾ
ਨ੍ਹੇਰ ਦਾ ਭੌਜਲ ਲੰਘੇ।
ਰੰਗ-ਫੁਹਾਰ ਵਰ੍ਹੇ ਜਦ ਕੋਈ
ਵਾਟ ਥਲਾਂ ਦੀ ਹੰਭੇ।

ਮੇਰੀ ਮੂਰਛਾ ਨੂੰ ਸੀ ਬੰਨ੍ਹਿਆ
ਉਂਵ ਤਾਂ ਤੇਜ਼ ਅੰਧਾਰੀ।
ਐਪਰ ਗਰਜ ਦੀ ਸੁੰਨ 'ਚੋਂ ਲੰਘਦੀ
ਬੂੰਦ ਮਹੀਨ ਨਿਆਰੀ;

ਪਰਲੈ ਲੰਘ ਜਿਵੇਂ ਕੋਈ ਪਾਂਧੀ
ਰੰਗ ਸਿਦਕ ਦੇ ਥੰਮ੍ਹੇ।
ਵੇਹਣ ਦੁਆਵਾਂ ਨਦੀਆਂ ਕੰਢੇ
ਛਿਪਦੇ ਸੂਰਜ ਵੰਨੇ।

ਦੂਰ ਗੁਫ਼ਾ 'ਚੋਂ ਲੋਇ ਪਿਈਣੀ
ਨਾਜ਼ਕ ਕੰਪਨ ਖਾਏ,
ਜਿਵੇਂ ਕੋਈ ਸੁਪਨੇ ਵਿਚ ਕਤਰਾ
ਬੋਲ ਮਹੀਨ ਅਲਾਏ।

ਬੱਜਰ ਚੁੱਪ ਮੂਰਛਾ ਦੀ 'ਚੋਂ
ਕੁਝ ਹਿੱਲੇ ਪਰਛਾਵੇਂ।
ਤਦੋਂ ਕਿਸੇ ਅਰਦਾਸ ਨੇ ਲਿੱਖੇ
ਜੀਵਨ ਦੇ ਸਿਰਨਾਵੇਂ।

ਫਿਰ ਕੰਨਸੋਅ ਪਈ ਇਕ ਦੂਰੋਂ
ਬਾਣਿ ਵੈਰਾਗਣ ਝੀਣੀ।
ਮੇਰੀ ਮੂਰਛਾ ਦੇ ਵਿਚ ਕੰਬੀ
ਲੰਮੀ ਵਾਟ ਉਡੀਣੀ।

ਨ੍ਹੇਰਾਂ ਦੇ ਝੁਰਮੁਟ 'ਚੋਂ ਉਠੀਆਂ
ਹੜ੍ਹ ਵਾਂਗੂੰ ਫ਼ਰਿਆਦਾਂ।
ਵੱਡੇ ਥੱਲਾਂ ਦੇ ਸਾਮ੍ਹੇ ਖੜੀਆਂ
ਕੋਟ ਫ਼ਕੀਰੀ ਯਾਦਾਂ।

x x x


WWW.SIKHBOOKCLUB.COM Page 508

ਸਦੀਆਂ ਦੀ ਮੈਂ ਸਿਖਰ 'ਤੇ
ਤਾਰਾ ਤੱਕਿਆ ਕੋ।
ਵੱਡੇ ਭਾਰੇ ਥਲਾਂ ਵਿਚ
ਕੱਲਮ ਕੱਲੀ ਲੋਅ।

ਪੈਰਾਂ ਹੇਠਾਂ ਉਠਦੇ
ਅਗਨ ਤਬੂਕੇ ਰੋ,
ਭਸਮ ਕਰੇਂਦੀ ਗ਼ਜ਼ਬ ਖਾ
ਰੋਹੀਆਂ ਦੀ ਕੰਨਸੋਅ।

ਕਦਮ ਹਨੇਰੇ ਪੁੱਟਦੇ
ਲੈ ਤਾਰੇ ਦੀ ਟੋਹ,
ਹੌਕਾ ਲੈ ਕੇ ਜਾਂਵਦੇ
ਕੰਦਰਾਵਾਂ ਵਿਚ ਖੋ।

ਵੱਡੇ ਤੜਕੇ ਥਲਾਂ ਵਿਚ
ਪਰਬਤ ਦਿਸਦਾ ਕੋ,
ਜਿਸ ਵਲ ਡਾਚੀ ਸਮੇਂ ਦੀ
ਉਮਰਾਂ ਰਹੀ ਹੈ ਢੋਅ,
ਜਿਸਦੀ ਸੁੱਤੀ ਨਜ਼ਰ ਵਿਚ
ਥਰਹਰ ਟਿਮਕਣ ਮੋਹ;
ਜਿਸ ਦੀ ਸੁੰਵੀ ਤਲੀ 'ਤੇ
ਆਦਮ ਦੀ ਖੁਸ਼ਬੋ,
ਕੁਝ ਪੈਂਡੇ ਪਿਆ ਵੇਖਦਾ
ਮੋਇਆਂ ਨਾਲ ਖਲੋ,
ਜੋ ਵਿਚ ਭਰਿਆਂ ਛਾਲਿਆਂ
ਦੇਂਦਾ ਕੇਰ ਡੁਬੋ।

x x x x

ਵੜਿਆ ਥਲਾਂ ਦੇ ਵਿਚ ਮੈਂ,
ਦਾਮਨ ਕਾਲ ਦਾ ਚੁੰਮ,
ਹੋਸ਼ਾਂ ਦੇ ਵਲ ਆਈਆਂ
ਕੋਟ ਇਕੱਲਾਂ ਘੁੰਮ।

ਹਿੱਕੋ ਪਲ ਵਿਚ ਹੋਇਆ
ਹੜ੍ਹ ਸਮਿਆਂ ਦਾ ਗੁੰਮ,
ਐਪਰ ਧੂੜੀਂ ਖੜਕਦੇ
ਸੈ ਘੋੜਾਂ ਦੇ ਸੁੰਮ।


WWW.SIKHBOOKCLUB.COM

ਥਲ ਦੀ ਡੂੰਘ 'ਚ ਡੁੱਬਦੀ
ਜਦ ਤਾਰੇ ਦੀ ਲੋਅ,
ਲਰਜ਼ਨ ਦਿਲ ਦੀ ਰੈਣ ਵਿਚ
ਬਹੁਤ ਪੁਰਾਣੇ ਮੋਹ।

ਫਿੱਕੀ ਚਮਕ ਖ਼ਲਾ ਦੀ,
ਦਿਲ 'ਤੇ ਮਾਰੇ ਚੋਕ।
ਪਾਣੀ ਮੰਗਦੇ ਪੰਖਣੂ,
ਪਤਾ ਨਹੀਂ ਕਿਸ ਲੋਕ?

ਵਿਛੜੇ ਛਿਣ ਜੋ ਸੂਰਜੋਂ,
ਨ੍ਹੇਰਾਂ ਵਿੱਚ ਫ਼ਕੀਰ।
ਸੁੱਕੇ ਸਰਵਰ ਵੇਖ ਕੇ,
ਜਿਉਂ ਪੰਖੀ ਦਿਲਗੀਰ।

ਨ੍ਹੇਰ ਦੇ ਪਾਟ ਜੋ ਡਿੱਗਿਆ
ਪੰਖ ਪੁਰਾਣਾ ਹੋ,
ਸਿੱਕ ਓਸ ਦੀ ਗਈ ਹੈ
ਨਾਲ ਉਡਾਣਾਂ ਕੋ।

ਕਿਤਨੇ ਅੰਬਰ ਤੁਰੇ ਨੇ
ਤੋੜ ਕੇ ਨਾਗਰ ਹੇਕ,
ਸੰਭਲ ਬੁੱਕ ਨ ਭਰੇ ਨੇ
ਰਵੀ-ਚੰਦ ਨੇ ਦੇਖ।

ਡੂੰਘੇ ਖੂਹ ਵਿਚ ਡੁੱਬ ਗੇ,
ਤਕ ਮਿਅਰਾਜਾਂ ਸੇਖ਼।
ਪਾ ਸਕੇ ਇਲਹਾਮ ਨ
ਭਾਗੀ ਹੜ੍ਹ ਤੇ ਰੇਖ।

ਮਿਟ ਗਏ ਰਵੀ ਦੇ ਕੰਬਦੇ
ਹੌਲੇ ਪੱਤ ਤੋਂ ਲੇਖ,
ਫਿਰ ਵੀ ਥਲਾਂ 'ਚ ਉਤਰਦੇ
ਚੁੱਕ ਪੁਰਾਣਾ ਸੇਕ।

ਬੀਜ ਦੇ ਸੁਪਨੇ ਰਿਹਾ ਨ,
ਵਣਾਂ ਦਾ ਲੰਮਾ ਰਾਜ।
ਲੱਖਾਂ ਸੱਸੀਆਂ ਮਰਨ ਜੇ
ਬ੍ਰਿਛ ਨ ਮਾਰਨ 'ਵਾਜ।

WWW.SIKHBOOKCLUB.COM Page 510

ਦੀਪ ਦੀ ਲੋਅ ਬਿਨ ਵੇਖਦੀ
ਸਦੀਆਂ ਬਾਂਝ ਨਮਾਜ਼
ਮੋਇਆਂ ਦੀ ਚੁੱਪ ਥਲਾਂ ਵਿਚ
ਸੁਲੇਮਾਨਾਂ ਦੇ ਤਾਜ।

ਸੁੱਤੇ ਦੇਸ ਬਿਗਾਨੜੇ
ਸਹਿਮ ਮਾਵਾਂ ਦੇ ਬੋਲ,
ਤਕ ਰਹੇ ਜੀਰਾਣ ਕੁਝ
ਦਰ ਨਬੀਆਂ ਦੇ ਖੋਲ੍ਹ।

ਗਠੜੀ ਚੁੱਕ ਗੁਨਾਹ ਦੀ
ਰੇਤਾਂ ਸੀਨਿਉਂ ਵਾ,
ਪੀਲੇ ਪੱਤਰ ਨਾਲ ਲੈ
ਉਠੀ ਕੋਈ ਬਲਾ!

ਪੁੱਟੇ ਥਲਾਂ ਦੇ ਵਿਚ ਮੈਂ
ਕਦਮ ਇਕ ਜਾਂ ਦੋ;
ਧੁੰਧੂਕਾਰ 'ਤੇ ਪੈ ਗਈ
ਪਤਲੀ ਪਤਲੀ ਲੋਅ।

ਪਰਵਾਜ਼ਾਂ 'ਤੇ ਲਟਕਦੇ
ਸੁੰਨ ਹੋਏ ਸ਼ਾਹ ਬਾਜ਼;
ਡਿਗਦੇ ਖ਼ੂਨ 'ਚ ਜੰਮਦੇ
ਜ਼ਹਿਰੀ ਥਲਾਂ ਦੇ ਰਾਜ਼।

ਬੰਨ੍ਹੇ ਪੈਰੀਂ ਰੇਤ ਕੁਝ
ਚੁੱਪ ਖੜੀ ਬਦਨੀਤ;
ਮੇਰੇ ਸਾਹ 'ਤੇ ਉਲ੍ਹਰਦੇ
ਨ੍ਹੇਰ ਹੋਏ ਭੈਅ ਭੀਤ।

ਵੱਡੇ ਤੜਕੇ ਦੇ ਰਿਹਾ,
ਇੱਕੋ ਤਾਰਾ ਲੋਅ;
ਕਾਲੀ ਜੀਭ ਗੁਨਾਹ ਦੀ
ਮੁੜ ਮੁੜ ਰਿਹਾ ਏ ਧੋ।

ਸੁੱਕੇ ਬ੍ਰਿਛੀਂ ਲਟਕਦੇ,
ਪਰਛਾਵੇਂ ਗੰਭੀਰ।
ਤਨ ਦਰਵੇਸ਼ਾਂ ਸੰਦੜੇ,
ਰਾਤੀਂ ਦਿੱਤੇ ਚੀਰ।

WWW.SIKHBOOKCLUB.COM

ਮੇਰੇ ਤਨ 'ਤੇ ਵਜਦੇ
ਤੁੰਦ ਖ਼ਾਬ ਬੇਪੀਰ;
ਕੌੜੇ ਹਾਸੇ ਹੱਸਦੇ,
ਖ਼ਾਲੀ ਹੱਥ 'ਅਖ਼ੀਰ'।

ਹਾੜ ਬੋਲਦੇ ਸੁਣਦੀਆਂ
ਮੇਢੀਆਂ ਉਲਝ ਕਰੀਰ।
ਲੀਰਾਂ ਥਲ ਵਿਚ ਰੁਲਦੀਆਂ
ਰੋ ਰੋ ਗਏ ਫ਼ਕੀਰ।

ਤਾਰੇ ਦੀ ਲੋਅ ਵੇਖਿਆ,
ਪਰਬਤ ਦੂਰ ਅਤੀਤ।
ਪਿੱਛੇ ਮੁੜੇ ਨਾ ਦੇਣ ਲਈ
ਕਦੇ ਦਿਲਾਸਾ ਮੀਤ।

ਖੁਸ਼ਕ ਯੁਗਾਂ ਦੇ ਪਾਟ ਨੇ,
ਸੁੰਵੀ ਜਿਵੇਂ ਸਰਾਂ।
ਮਿਰਜ਼ੇ ਬਾਝੋਂ ਹੋ ਗਈ,
ਖ਼ਾਲੀ ਥਲ ਦੀ ਛਾਂ।

ਦਿੱਸਹੱਦੇ 'ਤੇ ਰੁਕੀ ਹੈ,
ਬੁਝ ਬੁਝ ਧੁੰਧਲੀ ਲੋਅ।
ਤਨ-ਮਨ ਹੋੜ ਜਲਾਂਵਦੀ
ਸਾਰੇ ਥਲ ਦੀ ਖੋਹ।

ਮੇਰੀ ਨਜ਼ਰ ਚੋਂ ਤੋੜਦੀ,
ਕੁਲ ਰੁੱਤਾਂ ਦੀ ਛੋਹ।
ਇਕ ਤਸਵੀਰ ਵੀ ਬਣੀ ਨ,
ਸੈ ਗਗਨਾਂ 'ਚੋਂ ਹੋ।

ਮੇਰੇ ਕੰਠ ਦੇ ਹੇਠ ਨੇ,
ਸੁੱਕੇ ਸਿੰਧ ਅਨੇਕ।
ਜਿਹੜੇ ਕਾਲ ਦੀ ਇਕ ਵੀ
ਵੇਖ ਨ ਸੱਕਣ ਰੇਖ।

ਪਰਦੇ ਹੇਠ ਗੁਨਾਹ ਨੇ,
ਪਤਝੜ ਪਾਰੋਂ ਦੇਖ;
ਦੇਖੇ ਤੱਤੀ ਵਾ ਵਿਚ,
ਕਬਰਾਂ ਪੁਟਦੇ ਸ਼ੇਖ਼।


WWW.SIKHBOOKCLUB.COM

ਝੁਲਦੇ ਝੱਖੜ ਮਾਰ ਕੇ
ਸੁੰਨ ਚੜ੍ਹੇ ਬੇ-ਕਾਜ;
ਪ੍ਰਲੈ ਜਿਸ 'ਤੇ ਨੱਚਦੀ
ਲੱਭ ਰਹੀ ਉਹ ਤਾਜ।

ਸਾਂਭੇ ਬੁੱਢੇ ਸਮੇਂ ਨ
ਰੁਲਦੇ ਹੋਏ ਸ਼ਹੀਦ।
ਹੂੰਗਰ ਹੇਠਾਂ ਦੱਬਦੀ,
ਬਾਲਪਨੇ ਦੀ ਦੀਦ।

ਮੈਂਡੇ ਸਾਹੀਂ ਚੜ੍ਹ ਰਹੇ,
ਧੂੜਾਂ ਵਾਂਗ ਸਰਾਪ।
ਰੋਗ ਅਬੋਲ ਨ ਦੱਸਦੇ,
ਕਿਸ ਘਰ ਜਾਣਾ ਆਪ।

ਬੰਨ੍ਹਿਆ ਕਹਿਰ ਅਗੰਮ ਦੇ,
ਮੈਂ ਖ਼ਾਲੀ ਬੇ-ਨੂਰ—
ਥਲ ਵਿਚ ਪਰਬਤ ਸਿਖਰ 'ਤੇ
ਚਮਕਿਆ ਜੁਗਨੂੰ ਦੂਰ।

ਧੁੰਧਲੀ ਸਿਖਰ 'ਤੇ ਜਾਪਿਆ,
ਕੁਝ ਰੂਹਾਂ ਦਾ ਜ਼ੋਰ;
ਭਾਂਬੜ ਬਾਲ ਕੇ ਧੁੰਧ ਵਿਚ
ਛਿਪ ਜਾਵਣ ਵਿਚ ਭੋਰ।

ਜਿਵੇਂ ਮਹੀਨ ਫੁਹਾਰ ਦੇ
ਬਿਜਲੀ ਚੁੱਕ ਸਰੂਰ;
ਲੁਕ ਬ੍ਰਿਛਾਂ ਨੂੰ ਲਾਂਵਦੀ,
ਪਲ ਵਿਚ ਯੁਗਾਂ ਦਾ ਨੂਰ।

ਹਿਲਦੀਆਂ ਚੁੱਪਾਂ ਜਾਪੀਆਂ,
ਗਾੜ੍ਹੀ ਧੁੰਧ ਦੀ ਕੂਟ;
ਆਏ ਯੋਗੀ ਕਿਤੋਂ ਨੇ,
ਜਾ ਕੁਝ ਕੰਬਦੇ ਬੂਟ।

ਸੁੱਕੀ ਤ੍ਰਿਣ ਤੋਂ ਬਾਗ਼ ਹੋ,
ਵਿਚ ਪਰਲੋਂ ਦੀ ਅੱਗ,
ਫੁੱਟੀ ਵੇਲ ਅੰਗੂਰ ਜਿਉਂ,
ਇਉਂ ਮੈਂ ਦਿੱਤੀ ਸੱਦ। :—



WWW.SIKHBOOKCLUB.COM 

"ਦੋਵੋ ਸਿਖਰਾਂ ਵਾਲਿਓ,
ਸਵਾਂਤ ਬੂੰਦ ਦਾ ਲੋਰ।
ਦਿਲ ਵਿਚ ਕੌੜੀ ਅੱਚਵੀ
ਬਹੁੰ ਮਚਾਇਆ ਸ਼ੋਰ।

"ਕੁਝ ਤੱਕਣ ਲਈ ਕੱਟਦਾ,
ਰਾਹ ਬਰਬਰ ਦੇ ਸੋਗ।
ਸਾਜਨ ਮਿਲੇ ਤਾਂ ਜਾਣਗੇ
ਪ੍ਰਛਾਵੇਂ ਦੇ ਰੋਗ।

"ਜਦ ਸੁਪਨੇ ਨੂੰ ਪਰਤਦਾ,
ਉਡਦੀ ਸੋਗੀ ਵਾਟ।
ਜਦ ਪ੍ਰਛਾਵਾਂ ਤੋੜਦਾ,
ਉੱਠੇ ਚੀਸ ਵਿਰਾਟ।

"ਵੈਂਦਾ ਜੈਂਦੇ ਵਸਲ ਲਈ,
ਉਸ ਦੇ ਪੰਧ ਤਿਆਰ।
ਛੋਹ ਖ਼ਾਬਾਂ ਤੋਂ ਓਸਦੀ
ਭਾਰੀ ਕੋਟਾਂ ਵਾਰ।

"ਤੱਕਾਂ ਉਸਦੀ ਪਲਕ ਨੂੰ,
ਕੜਕਣ ਲੱਖ ਅਤੀਤ।
ਅਉਧ ਵਿਹਾਣੀ ਸੁਪਨ ਦੀ
'ਮੈਂ' ਲਖ ਜਾਂਦੇ ਬੀਤ।

"ਤਨ ਦਾ ਤੀਲਾ ਬਾਲਦੀ,
ਸੰਘਣੇ ਵਣਾਂ ਦੀ ਸਿੱਕ।
ਸੈ ਉਮਰਾਂ ਮੈਂ ਰੁਲਦਿਆਂ,
ਮੁੱਖ ਨ ਤੱਕਿਆ ਇਕ।

"ਮੈਂ ਸੁਪਨੇ ਨੂੰ ਤੋੜ ਕੇ,
ਰੰਗੀ ਨਭ ਦੀ ਦਿੱਖ।
ਵਹਿਣ ਸਮੇਂ ਦੇ ਸੁੱਕਣੇ,
ਜੇਕਰ ਪਈ ਨ ਭਿੱਖ।"

ਮੇਰੀ ਸੱਦ ਚੋਂ ਬਿਜਲੀਆਂ,
ਉੱਠ ਜਗਾਏ ਤੂਰ।
ਪਰਬਤ ਪਰਬਤ ਕੰਬਦੇ,
ਸਜਦੇ ਨੂਰੋ ਨੂਰ।


WWW.SIKHBOOKCLUB.COM 

ਨਜ਼ਰਾਂ ਪਰਬਤ ਵਲ ਕਰ
ਜਿਉਂ ਮੈਂ ਖੜਾ ਹਮੇਸ਼,
ਦੂਰ ਮੁਨ੍ਹੇਰ 'ਚ ਦਿੱਸਿਆ
ਕੋ ਸਾਈਂ ਦਰਵੇਸ਼।

ਸਿਦਕ ਦੇ ਲੰਮੇ ਹੱਥ ਨੇ,
ਪੱਥਰ ਚੁੱਕਿਆ ਕੋ।
ਦੂਰ ਅਗੰਮ ਪਤਾਲ ਵਿਚ,
ਸੁੱਟੀ ਸਮੇਂ ਦੀ ਲੋਅ।

ਘਾਇਲ ਹੋਏ ਹਰ ਅੰਗ 'ਤੇ
ਰੁਮਕਣ ਲੱਗੀ ਰੁੱਤ।
ਚਰਖ਼-ਜ਼ਿਮੀਂ ਦੇ ਮੌਤ-ਰਾਹ
ਸੁਪਨਾ ਲੈਂਦੇ ਰੁੱਖ।

ਸੁਣਿਆ ਪੱਥਰ ਹੇਠ ਸੀ
ਕੁਲ ਕੁਲ ਕਰਦੇ ਵਹਿਣ।
ਅਸਲ 'ਚ ਸਾਈਆਂ ਵਾਲੜੇ
ਕਾਲ 'ਚ ਛੁਪੇ ਸੀ ਨੈਣ।

ਸਜਦਾ ਕੀਤਮੁ, ਜਾਣਿਆਂ
ਉਹ ਕੋਈ ਦੂਰ ਦੀ ਨੈਂ।
ਅਜੇ ਤਾਂ ਲੰਮੇ ਕਾਲ ਵਿਚ
ਪੈਂਡੇ ਕਰਨੇ ਮੈਂ।

ਕਰ ਅਰਦਾਸਾਂ ਲੰਮੀਆਂ
ਮੈਂ ਉਡਦਾ ਵਲ ਲੋਅ।
ਨੂਰੀ ਪੌਣ ਦੀ ਪਤਾ ਨਹੀਂ
ਦੂਰ ਦੂਰ ਕਿਉਂ ਛੋਹ ?

x x x x
x x x x

ਮੈਂ ਸਾਈਂ ਤੋਂ ਪੁੱਛਿਆ, "ਕਿਉਂ ਹੋ ਤੁਸੀਂ ਪਰੇ ?
ਭਾਵੇਂ ਨਿੱਕਾ ਜੀਵ ਮੈਂ, ਲੱਖਾਂ ਦੁੱਖ ਜਰੇ।"

ਸਾਈਂ ਹੱਸ ਕੇ ਬੋਲਿਆ, "ਮੈਂ ਨ ਘੁੰਡ ਕਰੇ।
ਕੀੜੀ ਤੁਲ ਨ ਹੋਵਣੀ, ਸਾਜਨ ਨਦਰ ਕਰੇ।"


WWW.SIKHBOOKCLUB.COM

ਮੈਂ ਸਾਈਂ ਵੱਲ ਵੇਖਿਆ, ਅੰਬਰੋਂ ਕਹਿਰ ਵਰ੍ਹੇ।
ਜੇ ਸਭ ਨੇ ਮਿਟ ਜਾਵਣਾ, ਕਿੱਥੇ ਰੰਗ ਹਰੇ?

ਸਾਈਂ ਮੇਰੀ ਚੁੱਪ ਨੂੰ, ਤੱਕਿਆ ਦੂਰ ਖੜੇ।
ਦੱਸਣ ਲੱਗਾ ਫ਼ਜਰ ਦੀ, ਨੈਣੀਂ ਤੀਰ ਚੜ੍ਹੇ:

"ਨਦਰ ਦੀ ਛਾਵੇਂ ਬੈਠ ਕੇ, ਕਾਲ ਨ ਹੱਥ ਫੜੇ।
ਭਵਜਲ ਦੇ ਵਿਚ ਰਹਿਣਗੇ, ਲੱਖਾਂ ਸਾਸ ਹਰੇ।

"ਸਾਹ ਸੂਰਜ ਜਦ ਪੀਂਵਦੇ, ਜਿੰਦ ਵੈਰਾਗ ਵਰੇ।
ਵਡ ਸਿਦਕਾਂ ਦੀਆਂ ਮਹਿੰਦੀਆਂ, ਲਾ ਕੇ ਵਾਗ ਫੜੇ।

"ਕਿਸ ਦੇ ਜ਼ੋਰ ਹੈ ਥੰਮ੍ਹਣਾ?, ਥਲ ਤੇ ਸਿੰਧ ਤਰੇ।
ਭਾਵੇਂ ਸਾਜਨ ਰਾਂਗਲੇ, ਸੰਭਲ ਬੁੱਕ ਭਰੇ।"

ਮੈਂ ਆਖਾਂ: "ਵੇ ਸਾਈਆਂ, ਕਿਉਂ ਕੁਈ ਰੰਗ ਮਰੇ?
ਜਿੰਦਾਂ ਨਿੱਕੀਆਂ ਵੱਡੀਆਂ, ਦਾਮਨ ਰੱਬ ਫੜੇ।

ਪੁਛਦਾ ਕਿਉਂ ਨ ਆਇਕੇ? ਮੈਨੂੰ ਦਰਦ ਬੜੇ।"
ਸਾਈਂ ਨੇ ਹੱਸ ਆਖਿਆ, "ਸੁਣ ਓ ਯਾਰ ਖੜੇ;

"ਕਾਲ ਦੇ ਅੱਥਰੇ ਵਹਿਣ ਜਦ, ਆਵਨ ਹੁਕਮ ਦਰੇ,
ਨਿੱਕੀ ਜਿੰਦ ਜੋ ਰੱਬ ਦੀ, ਉਸ ਤੋਂ ਕਾਲ ਡਰੇ;

"ਅਣਦਿੱਸ ਕੁੰਟੀਂ ਓਸਦੇ, ਨਾਮ ਦਾ ਵਹਿਣ ਚੜ੍ਹੇ,
ਵਾਟ ਓਸਦੀ ਸਦਾ ਹੀ, ਰਹਿੰਦੀ ਰੱਬ ਘਰੇ।"

ਸਾਈਂ ਪਾਰ ਖਲੋਤੜੇ, ਛੋਹ ਤੋਂ ਬਹੁਤ ਪਰੇ,
ਜਿੰਦ ਨ ਨਿੱਕੀ ਜੇਹੀ ਵੀ, ਤਾਰ ਮਹੀਨ ਤਰੇ।

ਸੰਜਬਰ ਦੀ ਜੇ ਚੁੱਪ ਵਿਚ, ਸਾਈਂ ਕਦਮ ਧਰੇ,
ਪਰਲੋਂ ਤੀਕਰ ਝੱਖੜੀਂ, ਪੈਂਡੇ ਹਰੇ ਹਰੇ।

ਪਲ ਪਲ ਪੰਛੀ ਉਡਦੇ, ਸਾਈਂ ਪੀੜ ਜਰੇ,
ਜਦੋਂ ਥਲਾਂ ਦੀ ਚੁੱਪ ਵਿਚ, ਕੁਈ ਕੁਈ ਬੀਜ ਸੜੇ।

ਮੈਂ ਸਾਈਂ ਵੱਲ ਵੇਖਿਆ, ਦਿਲ ਨ ਰੰਗ ਫੜੇ,
ਮੈਨੂੰ ਬੇਵਸ ਵੇਖਦੇ, ਲੱਖਾਂ ਦਰਦ ਖੜੇ।

x x x x x x x x
x x x x x x x x


WWW.SIKHBOOKCLUB.COM Page 516

ਪੌਣ ਵਾਂਗ ਅਰਦਾਸ ਵਿਚ
ਸੁਣਦਾ ਉਸਦਾ ਬੋਲ।
ਲੰਘੇ ਸਿੰਧ ਮੈਂ, ਆਏ ਨ
ਪਛਾਵੇਂ ਤੋਂ ਕੋਲ।

ਸੋਚਾਂ: ਪਾਵਨ ਚਰਨ ਸੰਗ
ਜੇ ਮੈਂ ਛੋਹਵਾਂ ਜਿੰਦ;
ਕਿੰਨੇ ਪੈਂਡੇ ਹੋਣਗੇ
ਹਰੀ ਭਰੀ ਉਸ ਬਿੰਦ।

ਥਲ ਵਿਚ ਕੌਮਾਂ ਘੁੰਮੀਆਂ,
ਲਸ਼ਕਰ ਕਰਨ ਗੁਮਾਨ।
ਕਾਲ ਦੇ ਆਦਿ ਤੇ ਅੰਤ ਵਿਚ
ਕਿਸ ਥਾਂ ਡਿੱਗੇ ਵਾਣ?

"ਸਾਈਂ ਇੰਞ ਨ" ਕਿਹਾ ਮੈਂ
"ਬਾਰ ਬਿਗਾਨੇ ਰੋਲ,
ਕਿੰਞ ਇਕ ਅੱਖਰ ਰਹੇਗਾ,
ਭਵਜਲ ਕਰਦੇ ਘੋਲ?"

ਬੋਲ ਸਾਈਂ ਦੇ ਖੇਡਦੇ,
ਚੁੱਪਾਂ ਦੇ ਘਮਸਾਨ।
ਕਾਫ਼ਲਿਆਂ ਦੇ ਪਾਰ ਤਕ,
ਨਜ਼ਰਾਂ ਕਰਨ ਉਡਾਣ।

ਸਾਈਂ ਕਹਿੰਦਾ "ਰੰਗਦੀ,
ਕੌਮਾਂ ਨੂੰ ਅਰਦਾਸ।
ਪੈਂਡਾ ਜਦ ਕੁਈ ਬਣੇ ਨ,
ਕਬਰ ਹਨੇਰੀ ਵਾਸ!

"ਆਦਿ-ਅੰਤ ਜਦ ਕਾਲ ਦੇ
ਟੁੱਟ ਟੁੱਟ ਪੈਣ ਉਜਾੜ
ਫਿਰ ਵੀ ਕਿਰਨ ਮਲੂਕ ਆ
ਝਖੜੀਂ ਕਰੇ ਸ਼ਿੰਗਾਰ।

"ਨਿਕੇ ਬੀਜ 'ਤੇ ਲਿਖਦੀਆਂ,
ਅਣਦਿੱਸ ਸਦੀਆਂ ਲੇਖ।
ਤਾਰਾ ਮੰਡਲ ਖਿਚਦੀਆਂ,
ਬੋਲ ਮਹੀਨ ਦੇ ਹੇਠ।"


WWW.SIKHBOOKCLUB.COM

ਮੈਂ ਪੁੱਛਿਆ "ਬਿਨ ਵਣਾਂ ਦੇ,
ਪੌਣਾਂ ਸਿੱਕ ਸਿੱਕ ਜਾਣ।
ਕਬਰੀਂ ਚੜ੍ਹ ਕੀ ਵੇਖਦੇ,
ਕੌਮਾਂ ਦੇ ਸੁਲਤਾਨ ?"

ਸਾਈਂ ਦਸਦਾ "ਜਾਗਿਆ,
ਮੁੜ ਨ ਪਹਿਲਾ ਬੋਲ।
ਆਦਮ ਦਾ ਦਿਹੁੰ ਬੀਤਿਆ
ਦਿਲ ਦੀਆਂ ਸੁੰਞਾਂ ਫੋਲ।

"ਦਿਲ ਦੀ ਸੁੰਞ ਚੋਂ ਕਾਫ਼ਲੇ,
ਤੁਰਦੇ ਲਹੂ-ਲੁਹਾਣ।
ਸੁੱਕੀਆਂ ਨਦੀਆਂ ਸਾਮ੍ਹਣੇ,
ਅੱਥਰੂ ਭਰੇ ਰਕਾਨ।

"ਸੁਣ ਨਦੀਆਂ ਸੁਕ ਜਾਂਦੀਆਂ,
ਸੁੰਞੇ ਦਿਲ ਦੀ ਬਾਂਗ।
ਅੰਧ ਗ਼ੁਬਾਰ ਅਕਾਸ਼ ਦੇ,
ਦੂਰੋਂ ਮਾਰਨ ਸਾਂਗ।"

ਕੀਤੀ ਅਰਜ਼ ਮੈਂ "ਕੀ ਨੇ
ਅਰਦਾਸਾਂ ਦੇ ਰਾਹ ?
ਫੜੇ ਕਸੈਲੀ ਅੱਚਵੀ
ਜਦ ਕੌਮਾਂ ਦੇ ਸਾਹ!"

ਸਾਈਂ ਬੋਲੇ "ਕਾਲ ਵਿਚ
ਅਰਦਾਸਾਂ ਦੀ ਜਾਹ
ਟੁੱਟਦੇ ਚਰਖਾਂ ਸਾਹਮਣੇ
ਚਮਕਾਂ ਹੋਣ ਗਵਾਹ;

"ਕਾਲੇ ਖੂਹ ਦੇ ਲਹੂ 'ਚੋਂ
ਜਦ ਕਦ ਉਠਦਾ ਸੋਗ
ਚਹੁੰ ਕੁੰਟਾਂ ਵਿਚ ਕੂਕਦਾ
ਜਦ ਪੂਰਨ ਦਾ ਰੋਗ।

"ਅਣਦਿੱਸ ਕਾਲ 'ਚੋਂ ਕਾਲ ਦੇ
ਜਲ ਬਲ ਵਰ੍ਹਦੇ ਮੇਘ,
ਚੜ੍ਹ ਬਿਜਲੀ ਦੇ ਘੋੜ 'ਤੇ
ਕਾਲ 'ਚ ਮਾਰਨ ਤੇਗ।



WWW.SIKHBOOKCLUB.COM 

"ਝਿੰਮ ਝਿੰਮ ਮਣ ਤੋਂ ਵੇਂਹਦੀਆਂ
ਅਰਦਾਸਾਂ ਭਰ ਨੀਰ
ਬੁੱਚੇ ਅੰਗ ਜਗਾਂਦੀਆਂ,
ਜਿਉਂ ਕੋ ਬ੍ਰਿਛ ਸਮੀਰ।

"ਕਣੀਆਂ ਅਣਦਿੱਸ ਚੁੰਮੀਆਂ
ਇਕਤ ਪਇਆਂ ਪਾਸ;
ਕਾਲੇ ਗਹਿਰੇ ਖੂਹ ਜਾ
ਜਲਦੇ ਬੁਝ ਬੁਝ ਮਾਸ।

"ਅਣਦਿੱਸ ਕਾਲ ਹੈ ਵੇਖਦਾ
ਮਾਣਸ ਬੇ-ਦਰੇਗ,
ਰਮਜ਼ਾਂ ਨਾਲ ਵਰ੍ਹਾਂਵਦਾ
ਅਰਦਾਸਾਂ ਦੇ ਮੇਘ।

"ਜੋਬਨ ਫੇਰ ਫ਼ਕੀਰ ਬਣ
ਤੁਰਦਾ ਨਦੀਆਂ ਨਾਲ।
ਬਾਗ਼ਾਂ ਛਾਵੇਂ ਬੈਠਦਾ
ਚਿਰ ਤੋਂ ਜ਼ਖ਼ਮੀ ਕਾਲ।"

ਮੈਂ ਝੁਕ ਝੁਕ ਰੋ ਆਖਿਆ:
"ਬੋਲ ਤੁਹਾਡੇ ਮਾਂ।
ਤੁਸੀਂ ਦੂਰ! ਕਿਉਂ ਮਿਲੋ ਨ?
ਮਿਲੇ ਤੁਹਾਡੀ ਛਾਂ।"

ਨਿਆਰੀ ਰਮਜ਼ ਫ਼ਕੀਰ ਦੀ
ਭਿੰਨੀ ਲੋਇ ਮਹੀਨ,
ਤਾਰੇ ਪੈਂਡੇ ਮਾਰ ਕੇ
ਆਏ ਝਿੰਮ ਝਿੰਮ ਪੀਣ।

ਮੈਂਡੇ ਖ਼ਾਲੀ ਦਿਲੇ ਨੂੰ
ਆਇਆ ਉਦੋਂ ਯਕੀਨ,
ਨੂਰੀ ਕਾਸੇ ਉਂਝ ਤਾਂ
ਚਿਰ ਤੋਂ ਪੈਂਡੇ ਜੀਣ।

ਸਾਈਂ ਕਹਿੰਦਾ: "ਕਦੇ ਨ
ਸਾਬਤ ਮੈਂਡੀ ਲੋ,
ਭਾਵੇਂ ਸਾਹਮੇ ਦਿਸਾਂ ਮੈਂ
ਭਾਵੇਂ ਛਿਪ ਜਾਂ ਹੋ।


WWW.SIKHBOOKCLUB.COM

"ਦਿਲਾਂ ਦੇ ਪਰਦੇ ਵਿਚ ਹੀ
ਘੁੰਮਦੇ ਮੈਂਡੇ ਨਾਂ।
ਕੁਝ ਲਈ ਦੂਰ ਦੁਰਾਡੜਾ
ਕੁਝ ਲਈ ਕਾਲੀ ਛਾਂ।

"ਸੁਲਤਾਨਾਂ ਦੇ ਜ਼ੋਰ ਵਿਚ
ਕੁਝ ਲਈ ਜਾਵਾਂ ਖੋ;
ਕੁਝ ਤਾਂ ਕਹਿਰ ਨੂੰ ਸੱਦਦੇ
ਕੁਝ ਤਾਂ ਪੈਂਦੇ ਰੋ।"

x x x x x

ਕਹਿ ਦਰਵੇਸ਼ ਗਿਆ ਛਿਪ ਦੂਰੀ,
ਰਮਜ਼ ਮਿਲੀ, ਪਰ ਰਹੀ ਅਧੂਰੀ।

ਛਮਕਾਂ ਮਾਰਨ ਡੂੰਘੀਆਂ ਵਾਟਾਂ,
ਦੂਰ ਉਦਾਸ ਧੂੜ ਵਿਚ ਟਾਪਾਂ।

ਤੱਕੀਆਂ ਪਾਣੀ ਭਰਦੀਆਂ ਨਾਰਾਂ,
ਲਹੂ-ਲੁਹਾਣ ਹੋਏ ਅਸਵਾਰਾਂ।

ਤੱਕਾਂ ਜਦ ਗੁਜਰਾਤ 'ਚ ਮੋਏ,
ਕੁਝ ਕੁਝ ਦਰਸ ਮਾਹੀ ਦਾ ਹੋਏ।

ਫ਼ਜਰ ਤੋਂ ਪਹਿਲਾਂ ਹੈ ਰੁਣਝੁਣਦੀ,
ਸੁਪਨ ਪਰੇ ਕੰਨਸੋਅ ਕੁਈ ਬੁਣਦੀ।

ਸਦੀਆਂ ਪਹਿਲਾਂ ਬਾਂਗ ਜਾਂ ਹੁਣ ਦੀ ?
ਬਾਹਰਵਾਰ ਬਗ਼ਦਾਦ ਦੇ ਸੁਣਦੀ।

ਜਲਵਾ ਜਦੋਂ ਇਲਾਹੀ ਛਾਏ,
ਖ਼ੂਨੀ ਰਣਾਂ ਦਾ ਸੁਪਨਾ ਆਏ।

ਸਾਈਂ ਦੂਰ, ਮਿਲਣ ਖ਼ੁਸ਼ਬੋਆਂ।
ਨੀਲ ਘੋੜ ਦੀਆਂ ਸੁਣਦੀਆਂ ਸੋਆਂ।

ਪਰ ਨ ਜਲਵਾ ਪੂਰਾ ਹੋਇਆ,
ਮੈਂ ਨ ਮਾਹੀ ਨਾਲ ਖਲੋਇਆ।

ਦਸਿਆ ਦਾਰ ਉੱਤੇ ਮਨਸੂਰਾਂ
"ਸੂਰਜ ਚੜ੍ਹਣ ਨ ਦਿਲ ਦੀਆਂ ਧੂੜਾਂ,

WWW.SIKHBOOKCLUB.COM

"ਜਦ ਤਕ ਦਾਰ 'ਤੇ ਪੈਣ ਨ ਭੂਰਾਂ
ਦਿਲ ਬਹਿਸ਼ਤ ਨਹੀਂ, ਨ ਹੂਰਾਂ।"

ਜਲਵਾ ਓਨਾ ਰੌਸ਼ਨ ਦਿਲ ਦਾ,
ਜਿਨ੍ਹਾਂ ਥਲ ਵਿਚ ਮਾਹੀ ਮਿਲਦਾ।

ਸਾਈਂ ਗਿਆ ਮੈਂ ਕੇਹਾ ਸੁਆਲੀ!
ਸੂਰਜ ਚੜ੍ਹਿਆ, ਅੱਖੀਆਂ ਖ਼ਾਲੀ।

x x x x x x

ਫ਼ਜਰ ਨੂੰ ਤੰਬੂ ਪੁੱਟ ਲਏ
ਮਿਰੇ ਦਿਲ ਦੇ ਲੋਕਾਂ,
ਚੁੱਕ ਪੈੜਾਂ ਦੀ ਸੁੰਢ 'ਚੋਂ
ਥਲ ਮਾਰੇ ਚੋਕਾਂ।

ਪਰਬਤ ਉੱਤੇ ਪਿਆਸ ਬਿਨ
ਨਾਂਹ ਕੋ ਪਰਛਾਵਾਂ,
ਖੁਭੀਆਂ ਕਿਸੇ ਖ਼ਲਾ 'ਚੋਂ
ਕੁਝ ਪੱਥਰੀਂ ਨੋਕਾਂ।

ਕਿਸ ਨੂੰ ਮਿਲਿਆਂ ਮਿਲਣਗੇ
ਪਰਦੇਸ 'ਚ ਮੈਨੂੰ,
ਸ਼ਰਤਾਂ ਕੁਝ ਨ ਰੱਖੀਆਂ
ਅਸਮਾਨ ਦੇ ਲੋਕਾਂ।

ਸਜਦੇ ਫ਼ਜਰ ਨੂੰ ਲਭਦੇ
ਉਸ ਸਿਖਰ ਤੋਂ ਪਾਣੀ,
ਮੈਂ ਨ ਕਾਲ ਫ਼ਕੀਰ ਦੇ
ਕਦੇ ਰਾਹ ਨੂੰ ਰੋਕਾਂ।

ਮੈਨੂੰ ਕੁਝ ਪਰਵਾਹ ਨ
ਰੋਹ ਚਰਖ਼ ਦੀ ਯਾਰੋ,
ਰੱਬ ਦੇ ਬੰਦੇ ਜਾਣ ਨ
ਜੇ ਛੱਡ ਕੇ ਝੋਕਾਂ।

ਤੱਤੀ ਵਾਏ ਝੁਲਸਿਆ
ਤੂੰ ਬੋਲ ਪੁਰਾਣਾ,
ਮੈਂ ਤਾਂ ਫ਼ਜਰ ਦੀ ਨੀਂਦ ਨੂੰ
ਕਦੇ ਭੁੱਲ ਨ ਝੋਕਾਂ।

WWW.SIKHBOOKCLUB.COM

ਭੋਲੀ ਤ੍ਰਿਣ ਕਿਉਂ ਕੰਬਦੀ
ਤਕ ਅੰਬਰ ਡਾਢੇ,
ਮੈਂ ਤਾਂ ਨੀਂਦ ਦੀ ਬੂੰਦ 'ਤੇ
ਥਲ ਤਪਦੇ ਜੋਖਾਂ।

ਸੁਣ ਸੂਰਜ ਬੇਗਾਨਿਆਂ
ਕਿਉਂ ਅੱਗ ਵਰ੍ਹਾਈ?
ਜੁਗਨੂੰ ਦਾਮਨ ਲੱਗ ਮੈਂ
ਲਖ ਭਵਜਲ ਘੋਖਾਂ।

— — — — —

ਫ਼ਜਰਾਂ ਕਿੱਥੇ ਲੱਥੀਆਂ
ਥਲ ਵਾਟ ਸਤਾਣੀ,
ਪੰਛੀ ਰਹੇ ਨ ਪਰਬਤਾਂ
ਤੇ ਬੂੰਦ ਨ ਪਾਣੀ।

ਸੁਣੀ ਮੈਂ ਵਿਚ ਬੇਹੋਸ਼ੀਆਂ
ਸੀ ਪੀੜ ਦੀ ਹੂੰਗਰ,
ਕਦੇ ਤਾਂ ਆ ਕੇ ਪੁੱਛਦੇ
ਮੈਨੂੰ ਰਾਹ ਕਰਵਾਨੀ।

ਅੱਧੀ ਰਾਤ ਦੀ ਚੁੱਪ ਹੈ
ਮੇਰੇ ਬੋਲ 'ਤੇ ਸੁੱਤੀ,
ਜਦੋਂ ਤੋਂ ਸੁੱਤਿਆਂ ਛੋਡ ਗਏ
ਮੇਰੀ ਉਮਰ ਦੇ ਹਾਣੀ।

ਕਾਲ ਦੇ ਹੜ੍ਹ ਵਿਚ ਅਸਾਂ ਦੀ
ਕਿਸੇ ਸਾਰ ਨ ਲੀਤੀ,
ਰਾਹ ਰਹੀ ਮਿਰੇ ਉਡੀਕਦੀ
ਕੋਈ ਸ਼ਾਖ਼ ਨਿਮਾਣੀ।

ਓਦੋਂ ਅੰਬਰ ਨਾਲ ਮੈਂ
ਸਾਂ ਬੁੱਢਾ ਹੋਇਆ,
ਕਬਰੀਂ ਕੌਮਾਂ ਵੇਖਦੀ
ਜਦ ਪੌਣ ਪੁਰਾਣੀ।

WWW.SIKHBOOKCLUB.COM

ਤੀਰ ਯਜ਼ੀਦ ਨ ਪਾਣੀਆਂ,
ਰੋ ਪਿਆਸ ਤੋਂ ਸੁਣਿਆਂ,
"ਰੰਗ ਹੁਸੈਨ ਸੀ ਨਬੀ ਦੀ
ਵਿਚ ਨਜ਼ਰ ਸੁਹਾਣੀ।"

ਸੂਰਜ ਡੁੱਬਣ-ਚੜ੍ਹਨ ਦੀ
ਚੁੱਪ ਦਿਲਾਂ ਤੋਂ ਡੂੰਘੀ,
ਗੁਜ਼ਰੀ ਲੰਮੀ ਵਾਟ ਉਹ
ਮਿਰੇ ਅੱਥਰੂ ਥਾਣੀ।

ਮੁੱਤੀਆਂ ਯਾਦਾਂ ਸਾਮ੍ਹਣੇ
ਮੈਂ ਮੁੜ ਮੁੜ ਜਾਵਾਂ,
ਮੇਲੇ ਭਰੇ 'ਚ ਪੀ ਲਏ
ਮੈਂ ਮੌਤ ਦੇ ਪਾਣੀ।

ਰੰਗ ਕਸੁੰਭਾ ਨਾਲ ਹੀ
ਹੱਸ ਵਣ ਪਏ ਖੇਡਣ,
ਕਿੱਥੇ ਵੰਝਲੀ ਰਾਂਝਣਾ
ਮੈਂ ਭਰੀ ਵਿਹਾਣੀ।

x x x x x
x x x x x

ਫੇਰ ਦੁਪਹਿਰਾਂ ਆਈਆਂ
ਬੰਨ੍ਹ ਅਗਨ-ਵਹੀਰਾਂ,
ਲੂ ਵਿਚ ਕੋਹੇ ਕਾਫ਼ਲੇ
ਦੀਆਂ ਉਡਦੀਆਂ ਲੀਰਾਂ।

ਕੀ ਹੋਇਆ ਜੇ ਕਾਫ਼ਲੇ
ਇਸ ਥਲ ਵਿਚ ਕੋਹੇ?
ਬੁੱਲਿਆਂ ਦੇ ਵਿਚ ਰੁਲਦੀਆਂ
ਕੰਬ ਰੋਣ ਜ਼ਮੀਰਾਂ।

ਚੜ੍ਹੇ ਕੁਸੈਲੇ ਬੁੱਲਿਆ,
ਖੰਭ ਫੇਰ ਤੂੰ ਮਾਰੀਂ—
ਮੇਰੇ ਖ਼ੂਨ 'ਚ ਰੱਖ ਜਾ
ਵਿਸ-ਭਰੀਆਂ ਪੀੜਾਂ।


WWW.SIKHBOOKCLUB.COM

ਕੰਬਦੀ ਮੇਰੀ ਇਕੱਲ ਤੇ
ਥਲ ਤਪ ਤਪ ਚੜ੍ਹਿਆ,
ਉਮਰਾਂ ਕਿੰਝ ਗੁਨਾਹ ਲੈ
ਵਲ ਜਾਣ ਨਕੀਰਾਂ ?

ਗਠੜੀ ਅਮਲ ਦੀ ਕਦੋਂ ਦਾ
ਚੁੱਕ ਥਲ ਵਿਚ ਤੁਰਿਆ,
ਕੀ ਰੇਤਾਂ ਵਿਚ ਪੁੱਛਦੀਆਂ,
ਤਪ ਤਪ ਤਕਦੀਰਾਂ ?

"ਕਿਸ ਰਣ ਦਾ ਅਸਵਾਰ ਤੂੰ ?"
ਸੁਣ ਨੀਵੀਂ ਪਾਵਾਂ,
ਸਿਖਰ ਦੁਪਹਿਰੀਂ ਪੁੱਛਦੀਆਂ
ਖੜ੍ਹ ਰਾਹ ਸ਼ਮਸ਼ੀਰਾਂ।

ਥਲਾ ਵੇ ਕਿੱਥੇ ਸੋਹਣੀਆਂ
ਤੁਰ 'ਵਾਜਾਂ ਗਈਆਂ ?
ਸੁਣੇ ਬਾਲ ਇਸ ਉਮਰ ਦਾ
ਹਰ ਪਲ ਤਕਸੀਰਾਂ।

ਪੁੱਛਦੀ ਮੌਤ "ਮੈਂ ਰੱਬ ਦੇ
ਜਦ ਨਾਮ ਤੋਂ ਹੀਣੀ,
ਕੀ ਮੈਂ ਡਾਢੀ ? ਲਾਈ ਨ
ਤਕ ਹੇਕ ਫ਼ਕੀਰਾਂ।"

ਸੁਣ ਮੌਤੇ ਨਾਂਹ ਦਿਲਾਂ ਦੇ
ਜਦ ਰੰਗ ਬੇਗਾਨੇ,
ਥਲ ਸੀਨੇ ਰੰਗ ਤੈਂਡੜੇ
ਕਢ ਦੇਣ ਸਮੀਰਾਂ।

ਮੋਹ ਨ ਜਦ ਪਰਦੇਸ ਵਿਚ,
ਕੋ ਬੀਜ ਨ ਰੁੱਤਾਂ।
ਗੋਦ ਇਕੱਲਾਂ ਲੀਤੀਆਂ
ਮਾਂ ਨੈਣ ਦੇ ਨੀਰਾਂ।

ਉਦੋਂ ਕਹਿਰ ਨ, ਥਲਾਂ ਦੇ
ਬਸ ਭਰੇ ਸੀ ਮੇਲੇ,
ਜਦ ਸਨ ਪੀਲੂ ਪੱਕੀਆਂ
ਰੰਗ ਭਰੇ ਕਰੀਰਾਂ।


WWW.SIKHBOOKCLUB.COM

ਅਜ਼ਲ ਤੋਂ ਅਬਦਾਂ ਤੀਕਰਾਂ
ਜੋ ਸੁਪਨਾ ਜਾਵੇ,
ਉਸਦੀਆਂ ਥਲ ਦੇ ਕਹਿਰ ਨੂੰ
ਚੁੰਮ੍ਹ ਜਾਣ ਲਕੀਰਾਂ।

ਅਉਧ ਵਿਹਾਣੀ ਕਾਲਿਆਂ
ਜਦ ਕੇਸਾਂ ਸੰਦੀ,
ਰੰਗ ਅਤੀਤ ਦੇ ਵੇਖਦੀ
ਮੈਂ ਨਦੀਆਂ ਚੀਰਾਂ।

ਖ਼ਿਆਲ ਅਜ਼ਲ ਦੀ ਅੱਗ ਤਕ
ਕਿਉਂ ਕਰੇ ਨ ਪੈਂਡੇ?
ਜੇਕਰ ਸੂਰਜ ਚੜ੍ਹੇ ਨਾਂਹ
ਕੰਬ ਜਾਣ ਆਖ਼ੀਰਾਂ।

ਭਾਵੇਂ ਕਾਲ ਦੀ ਰਾਖ ਨੇ
ਸਭ ਤਾਰੇ ਢੱਕੇ,
ਵੇਲ ਅੰਗੂਰੀ ਨਦਰ ਦੀ
ਸਿਰ ਝੂੰਮੇ ਪੀਰਾਂ।

ਮੈਨੂੰ ਲੰਮੇ ਸਮੇਂ ਵਿਚ
ਜਦ ਕੋਚ ਨ ਦਿਸਿਆ,
ਮਹਿੰਦੀ ਰੰਗੇ ਖ਼ਾਬ ਨੇ
ਥਲ ਪਾਈਆਂ ਭੀੜਾਂ।

— — — — —
— — — — —

ਸੰਝ ਚੁਫੇਰੇ ਲੱਥਦੀ
ਥਲ ਰੋਹੀਆਂ ਝੱਲਾਂ।
ਆਏ ਰਾਤ ਨ, ਸਮੇਂ ਦਾ
ਲੜ ਫੜਨ ਇਕੱਲਾਂ।

ਪੁੱਟੇ ਹੋਏ ਤੰਬੂਆਂ
ਦੀ ਮਿਟੀ ਨਿਸ਼ਾਨੀ,
ਨ ਸ਼ੀਂਹ ਨਦੀ ਨ ਰਾਤ ਹੈ,
ਕਿਸ ਨਾਲ ਮੈਂ ਚੱਲਾਂ?

ਨ ਤਾਂ ਤੀਰ ਹੈ, ਬਾਜ਼ ਨ,
ਨ ਘੋੜ ਨ ਬੇਲੇ,
ਤੁਰਗੀ ਮਿਰੀ ਉਡੀਕ ਜਦ
ਮੈਂ ਕਿਸ ਥਾਂ ਖੱਲਾਂ ?

ਬਿਰਹੁੰ ਦੀ ਝੀਣੀ ਬਾਣਿ ਦੇ
ਹੈ ਨੈਂ ਕੁਈ ਉਹਲੇ,
ਸੁਣਾਂ, ਜੇ ਹੁਣੇ ਹੀ ਸਮੇਂ ਦੇ
ਕਿਸੇ ਦਰ ਨੂੰ ਮੱਲਾਂ।

ਸੰਝ ਦੇ ਘੁੰਡ ਚੋਂ ਵੇਖਦੀ
ਥਲ ਰਾਤ ਪੁਰਾਣੀ,
ਤਾਰੇ ਜਿਸਦੀ ਟਹਿਣ 'ਤੇ
ਬਹਿ ਕਰਦੇ ਗੱਲਾਂ।

— — — — —
— — — — —

ਪਰਬਤ ਦੂਰ ਦੁਰਾਡੜੇ
ਥਲ ਸੰਞਾਂ ਪਈਆਂ,
ਪੰਖੀ-ਡਾਰ ਨੂੰ ਅੱਖੀਆਂ
ਅੱਜ ਤਰਸ ਨੇ ਰਹੀਆਂ।

ਰੱਬ ਦੀਆਂ ਗੱਲਾਂ ਵਾਲੜਾ
ਰੱਜ ਵੇਖ ਨ ਹੋਇਆ,
ਕੀ ਪਰਛਾਵਾਂ ਭਰਮ ਸੀ ?
ਕੁੱਲ ਸਮਝਾਂ ਗਈਆਂ !

ਭੈਅ ਵਿਚ ਸਾਸ ਬਿਗਾਨੜੇ
ਪਏ ਥਰਹਰ ਡੋਲਣ,
ਰੂਹਾਂ ਦਿਲ ਦੇ ਭੇਦ ਕੱਢ
ਵਿਚ ਥਲ ਦੇ ਲਹੀਆਂ।

ਵਿਛੜੇ ਸੁਪਨੇ ਕਿਸੇ ਨੇ
ਉਸ ਪਲ ਵਿਚ ਮੈਨੂੰ,
ਆ ਕੇ ਬਰਬਰ ਸੱਖਣੇ
ਕੁੱਝ ਗੱਲਾਂ ਕਹੀਆਂ।

WWW.SIKHBOOKCLUB.COM Page 526

ਜਿਉਂ ਥਲ ਵਿਚ ਅੱਕ-ਖੰਭੀਆਂ
ਦਿਲਿ ਪੀੜਾਂ ਕੰਬਣ,
'ਕੱਠੀਆਂ ਹੋਈਆਂ ਸੁਪਨ ਤਕ
ਜਿਉਂ ਬਾਗ਼ੇ ਸਈਆਂ।

— — — — —

ਥਲ ਵਿਚ ਜਦੋਂ ਉਡੀਕ ਦੇ
ਦੱਬ ਜਾਣ ਬਨੇਰੇ
ਪੰਖੀ ਰਹਿਣ ਨ ਦੇਸ ਵਿਚ
ਛੱਡ ਜਾਵਣ ਖੇੜੇ।

"ਧੂੜਾਂ-ਲੱਦੇ ਆਂਗਨੀਂ
ਅੱਕ-ਖੰਭੀਆਂ ਉੱਡਣ,
ਨਜ਼ਰਾਂ ਵਿਚ ਵੀਰਾਨੀਆਂ
ਚੜ੍ਹ ਪਾਵਣ ਫੇਰੇ।

"ਮੰਦੇ ਕੰਮੀਂ ਦਿਲਾਂ ਵਿਚ
ਸੈ ਉਲਝਣ ਪੌਸਣ,
ਸੁਪਨੇ ਕੌਮ ਨੂੰ ਛੱਡ ਕੇ
ਤੁਰ ਜਾਣ ਅਗੇਰੇ।

"ਸੱਪ ਦੇ ਡੰਗ ਬਿਨ ਬਾਗ਼ ਵੀ
ਰਹਿ ਜਾਣ ਪਿਆਸੇ,
ਮਧ-ਮੱਖੀਆਂ ਲਈ ਵਲਵਲੇ
ਰੰਗ-ਖੂਹ ਨ ਗੇੜੇ।

"ਮਹਿੰਦੀ ਰੰਗੀ ਤਲੀ ਦਾ
ਧਰ ਲਏ ਨ ਸੁਪਨਾ,
ਬੈਠੇ ਸੱਸੀ ਥਲੀਂ ਜੇ
ਛੱਡ ਇਸ਼ਕ ਦੇ ਜੇਰੇ।

"ਆਉਂਦੀ ਥਲ ਦੀ ਹੂਰ ਹੈ
ਚਾ ਫ਼ਜਰ ਦੇ ਪਾਣੀ,
ਨੌਬਤ ਵਜਦੀ ਜਦੋਂ ਹੈ
ਵਿਚ ਕਾਫ਼ਲੇ ਮੇਰੇ।"

— — — — —


WWW.SIKHBOOKCLUB.COM

ਉੱਡਿਆ ਸੁਪਨਾ ਬੋਲ ਇਉਂ
ਵਲ ਸੰਞ ਦੀ ਲਾਲੀ।
ਲੰਘਦੀ-ਛਿਪਦੀ ਦੂਰ ਸੀ
ਕੋਈ ਹੂਰ ਨਿਰਾਲੀ।

ਸੂਰਜ ਪਾਰ ਸਲੋਨੜੀ
ਚੁੰਮ੍ਹ ਕੰਬਦੇ ਪੈਂਡੇ,
ਭੇਜ ਰਹੀ ਰੰਗ-ਕਾਫ਼ਲੇ
ਥਲ ਹੋਣ ਨ ਖ਼ਾਲੀ।

ਸਹਿਮ ਜਹੇ ਵਿਚ ਕਦੇ ਵੀ
ਉਹ ਪਰੀ ਨ ਬੋਲੇ,
ਯੁਗਾਂ ਤਕ ਜੇ ਥਲਾਂ ਵਿਚ
ਰਹੇ ਖੜਾ ਸੁਆਲੀ।

ਤੋਸ਼ਾ ਹੂਰ ਦੀ ਯਾਦ ਦਾ
ਰੁਲ ਜਾਏ ਨ ਰਾਤੀਂ,
ਸਾਰੇ ਥਲ ਵਿਚ ਸਹਿਮ ਦੀ
ਪਈ ਕੰਬਦੀ ਡਾਲੀ।

ਕਿਹਾ ਮੈਂ: "ਬਿਰਹੁੰ ਰੰਗ ਤਕ
ਸਭ ਰੁੱਤਾਂ ਜੀਵਣ,
ਬੀਜ ਦੇਵੇ ਇਸ ਬੀਜ ਨੂੰ
ਜੇ ਸਮੇਂ ਦਾ ਮਾਲੀ।"

— — — — —
— — — — —

ਵੇਖ ਰਿਹਾ ਥਲਾਂ ਵਿਚ ਬੈਠਾ
ਸੰਞਾਂ ਦੇ ਪਰਛਾਵੇਂ।
ਥਲ ਦੀਆਂ ਪੈੜਾਂ ਹੇਠ ਛੁਪੇ ਨੇ
ਪੈਂਡੇ ਦਿਲ ਦੇ ਭਾਵੇਂ।

ਮੈਂ ਅਤੀਤ ਦੇ ਸੁਪਨੇ ਵਿੱਚੋਂ
ਕੈਂਦੇ ਦਰ ਤੇ ਵੰਞਾਂ ?
ਮਹਿੰਦੀ-ਰੰਗੀਆਂ ਤਲੀਆਂ ਹੇਠਾਂ
ਵਣ-ਢੋਕਾਂ ਦੀਆਂ ਸੰਞਾਂ।


WWW.SIKHBOOKCLUB.COM

ਹੂਰ ਦੀਆਂ ਪਲਕਾਂ 'ਤੇ ਉਤਰਣ
ਦੂਰ ਝਨਾਂ ਦੀਆਂ ਰੈਣਾਂ,
ਝਿਮ ਝਿਮ ਵਾਟ ਜਿਨ੍ਹਾਂ ਦੀ ਉੱਤੇ
ਕਾਫ਼ਲਿਆਂ ਨੇ ਸੈਣਾਂ।

ਉਸਦੇ ਰੂਪ-ਸੁਪਨ ਵਿਚ ਸੁੱਤੀ
ਚੁੱਪ ਇਲਾਹੀ ਬਾਣੀ।
ਥਲ-ਸੰਢਾਂ ਦੇ ਸੀਨੇ ਲਹਿਰਣ
ਜਿਉਂ ਜ਼ਮਜ਼ਮ ਦੇ ਪਾਣੀ।

ਕਾਲਿਆਂ ਕੇਸਾਂ ਦੇ ਘੁੰਡ ਉਹਲੇ
ਮੌਨ ਫ਼ਕੀਰੀ ਵਾਟਾਂ,
ਸੰਘਣੇ ਵਣੀਂ ਜਿਉਂ ਭੇਦ ਦਿਲਾਂ ਦੇ
ਬੈਠ ਛੁਪਾਵਣ ਰਾਤਾਂ।

ਬੰਨ੍ਹੀਆਂ ਰੁੱਤਾਂ ਥਲਾਂ ਨੇ
ਆ ਹੂਰ ਦੀ ਵੀਣੀ।
ਅਣਦਿੱਸ ਰੂਹਾਂ ਨਾਲ ਲੈ
ਚੱਲ ਵਾਟ ਉਡੀਣੀ।

ਹੂਰ ਦੇ ਨੈਣੀਂ ਵੱਸਦਾ
ਕੋਈ ਅੰਬਰ ਪਿਆਰਾ,
ਵਗਿਆ ਝਿਮ ਝਿਮ ਵਿਚ ਮੈਂ
ਹੋ ਅਣਦਿੱਸ ਤਾਰਾ।

ਅੰਬਰੀਂ ਜਦੋਂ ਤਾਰਿਆਂ ਵਾਲੀ
ਕਲਵਲ ਲੜੀ ਸੀ ਟੁੱਟੀ,
ਭੀਸ਼ਣ ਨਾਦ ਬਿਜਲੀਆਂ ਦੇ ਵਿਚ
ਪਰੀ ਇੰਞ ਇਹ ਸੁੱਤੀ:

ਵਣ-ਝਖੜਾਂ ਦੇ ਮਸਤਕ ਉੱਤੇ
ਜਿਉਂ ਕੋਈ ਤ੍ਰੇਲ ਸੁਹਾਣੀ,
ਖ਼ਾਬ ਦੀਆਂ ਪੱਤੀਆਂ 'ਤੇ ਸਾਂਭੇ
ਸੈ ਜਨਮਾਂ ਦੇ ਪਾਣੀ।

ਦਿਸਹੱਦੇ ਤੋਂ ਥਲ ਨੂੰ ਤੱਕਿਆ
ਬਲ ਬਲ ਉਠ ਉਠ ਕੇਚਾਂ।
ਦੋ ਪੈਰਾਂ ਦੀਆਂ ਸੰਢਾਂ ਸੀਨੇ
ਨਸ ਪਈਆਂ ਤਦ ਰੇਖਾਂ।


WWW.SIKHBOOKCLUB.COM

ਅਣਦਿੱਸ ਥਲ ਵਿਚ ਹੰਝਾਂ ਭਰਦੇ
ਕੌਮਾਂ ਦੇ ਸਿਰਨਾਵੇਂ।
ਹੂਰ ਦਿਆਂ ਅੰਗਾਂ 'ਤੇ ਪੈਂਦੇ
ਸਦੀਆਂ ਦੇ ਪਰਛਾਵੇਂ।

ਕਿਸੇ ਨੈਂ ਦਾ ਬੋਲ ਪੁਰਾਣਾ
ਭਟਕ ਰਿਹਾ ਥਲ ਸੀਨੇ।
ਖੰਡਰਾਂ ਉੱਤੋਂ ਉਠ ਉਠ ਆਏ
ਥਲੀਂ ਉਦਾਸ ਮਹੀਨੇ।

ਸੰਞ ਨੂੰ ਹੂਰ ਦਾ ਮਸਤਕ ਛੋਹਿਆ
ਕਿਸੇ ਫ਼ਜਰ ਦੀਆਂ ਲੋਆਂ।
ਪੈਂਡੇ ਕੱਟ ਕੇ ਥਲ ਵਿਚ ਮਿਲੀਆਂ
ਅਣਸੁਣੀਆਂ ਕੰਨਸੋਆਂ।

ਕਿਸੇ ਦਾਰ ਤੋਂ ਉਤਰ ਕੇ ਆਈਆਂ
ਚੁੱਪ ਅਡੋਲ ਦੁਆਵਾਂ।
ਹੂਰ ਦਿਆਂ ਹੱਥਾਂ ਨੂੰ ਚੁੰਮ੍ਹਿਆ
ਝੁਕ ਸੰਞਾਂ ਦੀਆਂ ਛਾਵਾਂ।

ਗੱਲ ਕਰੇ ਰਾਹੀਆਂ ਸੰਗ ਮੇਰੀ,
ਰਾਤਾਂ ਵਿਚ ਨਾਬੀਨਾ।
ਪੀਲੂਆਂ ਵਾਲੇ ਰਾਹ 'ਤੇ ਬੈਠਾ,
ਕੋਈ ਉਦਾਸ ਮਹੀਨਾ।

ਘੁੰਮਣ ਹੂਰ ਦੀਆਂ ਵੰਗਾਂ ਵਿਚ,
ਮੇਰੇ ਦਿਲ ਦੇ ਪੈਂਡੇ।
ਜਿਨ੍ਹਾਂ ਦੇ ਨਭ-ਵਹਿਣਾਂ ਉੱਤੇ
ਲੱਖਾਂ ਚਾਨਣ ਪੈਂਦੇ।

ਚੜ੍ਹ ਚੜ੍ਹ ਛਿਪੇ ਸਮੇਂ ਦੇ ਸੂਰਜ,
ਥਲ ਨ ਦਸਦਾ ਰਾਹਵਾਂ।
ਜਿਤ ਧਿਰ ਨੈਣ ਪਰੀ ਦੇ ਉੱਡਣ,
ਤਿਤ ਧਿਰ ਜਾਣ ਹਵਾਵਾਂ।

ਮੈਨੂੰ ਹੂਰ ਦੇ ਸਾਮ੍ਹੇ ਆਈਆਂ,
ਮੁੜ ਸਾਈਂ ਦੀਆਂ ਯਾਦਾਂ
ਚੁੰਮ੍ਹ ਨ ਸਕੀਆਂ ਰੋ ਰੋ ਜਿਸਦਾ,
ਪਰਛਾਵਾਂ ਫ਼ਰਿਆਦਾਂ।

ਥਲ ਦੀ ਪਰੀ ਨੂੰ ਦੇਖ ਮੈਂ ਆਖਾਂ,
"ਕਿੱਥੇ ਅਸਲ ਮੁਹਾਣੇ ?
ਪੱਤਝੜ ਦੇ ਪੱਤਰਾਂ ਦੇ ਵਾਂਗੂੰ
ਕੰਬਦੇ ਮਿਰੇ ਟਿਕਾਣੇ।"

"ਤੂੰ ਵਲੀਆਂ ਦੇ ਸੁਪਨੇ ਸੰਦਾ,"
ਹੂਰ ਕਹੇ "ਨਾਂਹ ਹਾਣੀ।
ਤਾਂਹੀਉਂ ਤੈਨੂੰ ਦਿਸ ਨਹੀਂ ਸਕਦੇ,
ਸਦਾ-ਉਮਰ ਦੇ ਹਾਣੀ।"

"ਸਾਈਂ ਏਸ ਪਾਰ ਨ ਆਵੇ,"
ਹੂਰ ਕਹੇ ਸ਼ਰਮਾ ਕੇ।
"ਮੌਤ ਦੇ ਰਾਹ ਜਦ ਦਿਲ ਨ ਵੇਖੇ,
ਦੀਦ ਹੁਸਨ ਦੀ ਚਾ ਕੇ।"

"ਪੈਂਡੇ ਕਵਣ ਦੂਰ ਵੱਲ ਵੇਖੇਂ,"
ਪੁਛਿਅਮੁ ਹੋਇ ਨਿਮਾਣਾ।
"ਲੰਮੀ ਨਦੀ ਦੇ ਪੱਤਣਾਂ ਨੇ ਵੀ,
ਜਦ ਆਖ਼ਰ ਖੁਰ ਜਾਣਾ ?"

— — — — — —
— — — — — —

ਛਿਪਿਆ ਸੂਰਜ ਥਲਾਂ 'ਤੇ,
ਕੁਝ ਕਿਰਨਾਂ ਰਹੀਆਂ।
ਰੰਗ ਥਲਾਂ ਦੇ ਹੂਰ ਗਲ
ਜਿਉਂ ਪਾਵਣ ਸਈਆਂ.

ਤਾਰਿਆਂ ਦੇ ਵਿਚ ਉੱਡਦੀ
ਜਦ ਕੂੰਜ ਦੇ ਵਾਂਗੂੰ,
ਨਜ਼ਰਾਂ ਲੰਮੇ ਕਾਲ ਦੀਆਂ
ਉਸ ਪਰੀ 'ਤੇ ਲਹੀਆਂ

ਥਲ ਦੀ ਨਾਰ ਦੀ ਪੀਲੂਆਂ
ਵਿਚ ਕੰਬਦੀ ਬਾਣੀ,
ਲਟਕਾਵੀਂ ਚਾਲ ਝਨਾਂ ਦੀ
ਤੋਂ ਰਮਜ਼ਾਂ ਲਈਆਂ।


WWW.SIKHBOOKCLUB.COM

ਫਿਰ ਉਹ ਬੋਲੀ ਹੁਸਨ ਦੇ
ਭਰ ਕੰਠ 'ਚ ਪੈਂਡੇ,
"ਤੱਕ ਵੀਰਾ ਵਲ ਬੇਲਿਆਂ
ਕੁਝ ਰਮਜ਼ਾਂ ਜਹੀਆਂ।

"ਬਿਨਾਂ ਮਲਾਹ ਦੀ ਹੇਕ ਦੇ
ਜੋ ਨਦੀ ਨ ਵੱਗੇ,
ਚਿਰ ਤੋਂ ਉਸਦੇ ਕੰਢੜੇ
ਮੈਂ ਭਾਲਦੀ ਪਈਆਂ।

"ਉੱਚ ਦਰਵਾਜ਼ਾ ਤਾਰਿਆਂ
ਦਾ ਕਾਲ 'ਚ ਕੰਬੇ,
ਦੂਰ ਝਨਾਂ ਦੇ ਵਹਿਣ ਵੱਲ
ਮੈਂ ਵੇਖਦੀ ਗਈਆਂ।

"ਜੁਲ ਪੈ ਲੰਮੇ ਪੰਧ 'ਤੇ
ਮੈਂ ਆਖਾਂ ਵੀਰਾ,
ਦੂਰ ਝਨਾਂ ਦੀ ਰਾਤ ਵਿਚ
ਕੁਝ ਗਾਵਣ ਸਈਆਂ।"

(ਭਾਗ ਤੀਸਰਾ ਖ਼ਤਮ)


WWW.SIKHBOOKCLUB.COM

## 4
## ਝਨਾਂ ਦੀ ਰਾਤ

ਕਿਸੇ ਪਾਤਣੀ ਨੂੰ ਸੱਦ ਦੇਂਦੇ,
ਘਣੀ ਰੈਣ ਦੇ ਪਾਣੀ।
ਛਾਣ ਰਹੇ ਅੰਬਰ ਕੁਲ ਧਰਤੀ:
"ਉਹ ਕਿਸ ਨੈਂ ਦੇ ਹਾਣੀ?"

ਖਿੱਚੀ ਧੁਣਖ ਸਬਰ ਦੀ ਕਾਲਾਂ,
ਚਿੱਲੇ ਚੜ੍ਹੇ ਸਿਤਾਰੇ।
ਨਾਜ਼ਕ ਤ੍ਰਿਣਾਂ ਚੀਰ ਕੇ ਲੰਘੇ,
ਅੰਬਰ ਦੇ ਹਰਕਾਰੇ।

ਮੈਂਡੀ ਦਿਲੜੀ 'ਤੇ ਬਿੱਜਲਾਏ,
ਸੈਆਂ ਮੇਘ ਹੁਲਾਸੇ।
ਰਿਮ ਝਿਮ ਵੇਖ ਰਹੀ ਗਗਨਾਂ ਦੀ,
ਮੁੱਢ ਕਦੀਮੀ ਪਾਸੇ।

ਮੇਰੇ ਦਿਲ 'ਚੋਂ 'ਵਾਜ ਸੁਣੀਂ ਕੁਈ,
ਨਾਜ਼ਕ ਸ਼ੀਰੀਂ ਨਾਦਾਂ।
ਮੇਰੇ ਕਦਮਾਂ ਹੇਠ ਵਿਛਾਈਆਂ,
ਕਾਫ਼ਲਿਆਂ ਦੀਆਂ ਯਾਦਾਂ।

ਮੈਨੂੰ ਵਾਟ ਸਿੰਧਾਂ ਦੀ ਦੱਸੀ
ਕਿਸੇ ਪਾਤਣੀ ਦੂਰੋਂ।
ਮੌਲੇ ਰੁੱਖ ਬੇਲਿਆਂ ਦੇ ਮੁੜ
ਮੈਂ ਹੰਝੂਆਂ ਦੇ ਨੂਰੋਂ।

ਆਹਟ ਮੇਰੇ ਕਦਮਾਂ ਦੀ ਜਾਂ ਫਿਰ,
ਭੇਦ ਧਰਤ ਦਾ ਕੋਈ।
ਪੱਥਰ ਹੋਈ ਗੁਫ਼ਾ 'ਚੋਂ ਉੱਠੀ,
ਵੰਝਲੀ ਦੀ ਅਰਜ਼ੋਈ।


WWW.SIKHBOOKCLUB.COM

ਕੋਈ ਕੋਈ ਬੋਲ ਧਰਤ 'ਚੋਂ ਸੁਣਦਾ,
ਗਹਿਲਾ ਦਿਲ ਘਬਰਾਵੇ।
ਚਮਕ ਵਿਰਾਟ ਨਭਾਂ ਦੀ ਵਿੱਚੋਂ,
ਹੰਸ ਪੁਰਾਣਾ ਗਾਵੇ।

ਮੰਝ ਦੂਰ ਤਾਰਿਆਂ ਵੰਨੀ
ਭਰੇ ਘਣੇ ਰੂਹ-ਮੇਲੇ।
ਆ ਕਿਚਰਕ ਕੰਨਸੋਆਂ ਦੇਸਨ
ਪੌਣਾਂ ਝੰਗ ਦੇ ਬੇਲੇ।

ਡੁੱਬੇ ਸੂਰਜ ਵਾਂਗ ਅਨੇਕਾਂ
ਇਸ ਰੋਹੀ ਵਿਚ ਛਾਲੇ।
ਹੂਰਾਂ ਦੇ ਸੁਪਨੇ ਦੀ ਏਥੇ
ਅੱਗ ਪਿਆ ਕੁਈ ਬਾਲੇ।

ਮੈਂ ਬੇ-ਦੋਸ਼ ਫ਼ਕੀਰ ਪੁਰਾਣਾ
ਸੁੱਕੇ ਸਰਵਰ ਤੀਰਾਂ।
ਬੀਤੇ ਬਹੁੰ ਸਾਲ, ਵਿਚ ਝੰਗ ਦੇ
ਕਿਵੇਂ ਪਛਾਣਾਂ ਹੀਰਾਂ?

ਇਕ ਕੂੰਬਲ ਹੁੱਲੀ ਤਾਂ ਮਾਰਨ
ਪੈੜਾਂ ਚੁੱਕ ਵਣਿ ਫੇਰੇ।
ਕਿਤੋਂ ਝਨਾਂ ਦੀ ਰੁਣ ਝੁਣ ਠੰਢੀ
ਚੁੰਮ੍ਹਦੀ ਮਸਤਕ ਮੇਰੇ।

ਮੈਂਡੇ ਕਾਸੇ ਵਿੱਚੋਂ ਉੱਡਣ
ਜੁਗਨੂੰ-ਭੇਸਿ ਦੁਆਵਾਂ।
ਧਾ ਧਾ ਰੋਹੀਆਂ ਸੀਨੇ ਲੱਗਣ
ਸਜਦੇ ਕਰਦੀਆਂ ਛਾਵਾਂ।

ਪਾਰ ਜੁਗਾਂ ਦੀ ਕਾਲੀ ਕੂਟੋਂ,
ਠੰਢੀ ਵੇਲ ਅੰਗੂਰੀ।
ਮੈਂਡੇ ਹੰਝੂਆਂ ਨਾਲ ਛੁਹਾਵਣ
ਹੱਥ ਮੂਸਾ ਦੇ ਨੂਰੀ।

ਜਿਵੇਂ ਜ਼ੁਲੈਖਾਂ ਦੇ ਸੁਪਨੇ ਦਾ
ਪਿਰਮ ਪਿਆਲਾ ਪੀ ਕੇ,
ਹਰੇ ਕਚੂਰ ਥੀਣ, ਮੁੜ ਜੀਵਣ
ਜਿਨ੍ਹਾਂ ਹਲਾਹਲ ਡੀਕੇ:


WWW.SIKHBOOKCLUB.COM

ਸੁੰਝੇ ਖੂਹ ਯੂਸਫ਼ ਦੇ ਜਦ ਸੀ
ਥਲ ਕੰਡਿਆਲੇ ਰੋਏ,
ਪਿਆਸੇ ਇਕ ਕਣੀ ਦੇ ਬਾਝੋਂ
ਸ਼ੀਂਹ ਬਰਿੰਡੇ ਮੋਏ।

ਡੂੰਘੇ ਵਹਿਣ ਝਨਾਂ ਦੇ ਭਾਰੀ
ਰੱਜ ਨੈਣਾਂ ਨੇ ਪੀਣੇ।
ਤਾਨ ਬੰਸਰੀ ਫੇਰ ਜਗਾਏ
ਕੰਨ ਖਿਜ਼ਰ ਦੇ ਰੀਣੇ।

ਕੋਈ 'ਵਾਜ ਸੁਣੀ, ਰੋ ਉੱਠੇ,
ਤ੍ਰਿਣ ਸੁੱਕੇ ਤੇ ਲੂਹੇ।
ਮੈਂਡੀ ਨਜ਼ਰ ਦੇ ਸਾਮ੍ਹੇ ਖੁੱਲ੍ਹੇ,
ਤਾਰਿਆਂ ਦੇ ਸੈ ਬੂਹੇ।

x x x x x x


WWW.SIKHBOOKCLUB.COM

## ਗੀਤ

ਸਹੀਓ ਨੀ ਵਗਦੇ ਝਨਾਂ ਦੇ ਪਾਣੀ
ਕੁੱਝ ਮਿਲਦੇ ਕੁਝ ਨਾਂਹ।

ਖੁਰ ਖੁਰ ਜਾਣ ਪਿਆਰਾਂ ਦੇ ਪੱਤਣ
ਤੁਰ ਗਈ ਉਡੀਕਦੀ ਮਾਂ।

ਕਿਤ ਧਿਰ ਝੰਗ ਦੀਆਂ ਮਿੱਠੀਆਂ ਝੋਕਾਂ,
ਉੱਚੀਆਂ ਖਜੂਰਾਂ ਦੀ ਥਾਂ।

ਕਿੱਥੇ ਨੇ ਟਾਹਣੀਆਂ ਪਿੱਪਲਾਂ ਦੇ ਆਂਗਣ
ਕਿੱਥੇ ਨੇ ਉਹ ਮੱਝੀਂ ਤੇ ਗਾਂ।

ਤਾਰਿਆਂ ਦੇ ਉੱਚੇ ਦਰਵਾਜ਼ੇ 'ਤੇ ਝਿਮਝਿਮ,
ਸੋਹਣੇ ਸੋਹਣੇ ਵੇਲਿਆਂ ਦੀ ਛਾਂ।

ਵੰਝਲੀ ਦੀ ਮਿਠੜੀ ਸੱਦ ਗਲ ਪੈਂਦੀ
ਲੰਮੀਆਂ ਹਵਾਵਾਂ ਦੀ ਬਾਂਹ।

ਘੁੰਮ ਘੁੰਮ ਲਹਿਰਾਂ ਦੇ ਸੀਨੇ 'ਤੇ ਬਣਦੇ
ਹੀਰ ਸਲੇਟੜੀ ਦੇ ਨਾਂ।

ਕਿਸੇ ਨ ਸਾਂਭੇ ਨੇ ਦਰਦ ਮੰਗੂ ਦੇ
ਧਰਤੀ ਨੇ ਕੀਤੀ ਏ ਹਾਂ।

ਦੂਰ ਦੁਰਾਡੜੇ ਪੰਖੀ ਪਿਆ ਉਡਦਾ
ਰੂਹ ਕੋਈ ਰਾਂਝਣ ਦੀ ਜਾਂ।

ਸੱਦ ਵੰਝਲੀ ਦੀ ਉਹੀਓ ਜੇ ਆਵੇ,
ਹੀਰ ਨੇ ਵੀ ਆਉਣਾ ਏ ਤਾਂ।

x x x x x x

WWW.SIKHBOOKCLUB.COM

## ਰੂਹ ਜ਼ਮੀਨ ਦੀ

ਚੁੱਪ ਰੂਹ ਧਰਤ ਦੀ ਜਾਗੀ
ਧੂ ਤਕ ਖਿੱਚ ਕਮਾਨਾਂ।
ਸੈ ਰੁੱਤਾਂ ਦੀਆਂ ਪੀਂਘਾਂ ਉੱਤੇ
ਉੱਡੀ ਵਾਂਗ ਰਕਾਨਾਂ।

ਥਲ ਡੂਗਰ ਨੈਂ ਸਿੰਧ ਮੇਦਨੀ
ਨੱਸੇ ਖਾ ਝਰਨਾਟਾਂ।
ਪਲ ਪਲ 'ਤੇ ਬਿਜਲਾ ਕੇ ਉਠੀਆਂ,
ਅਣਦਿੱਸ ਸੁੱਤੀਆਂ ਵਾਟਾਂ।

ਕੰਵਲ ਦੀ ਡੂੰਘੀ ਨੀਂਦੋਂ ਉਠਦਾ,
ਰੰਗ ਪਿਆ ਵਿਚ ਬੁੱਤਾਂ।
ਅੰਬ ਬੰਬੂਲ ਸਰੀਹਾਂ ਉੱਤੇ,
ਕਰਵਟ ਲੈਂਦੀਆਂ ਰੁੱਤਾਂ।

ਮੇਰੇ ਲਹੂ-ਸਿੰਧ ਵਿਚ ਉਬਲੇ
ਜੋਸ਼ ਚਰਖ ਦਾ ਸਾਰਾ।
ਤਾਂਘ ਦੇ ਹਰ ਬੂਹੇ 'ਤੇ ਬੈਠਾ
ਧਰਤੀ ਦਾ ਵਣਜਾਰਾ।

ਆਈਆਂ ਜਦੋਂ ਚੁੱਪ ਮੈਂ ਸਾਹਮੇ
ਸਦੀਆਂ ਤੁਰ ਫਰਿਆਦਾਂ।
ਜ਼ਿਮੀਂ ਕੰਵਲ ਦੀ ਖਾਰੀ ਚਾਈਆਂ
ਮਿਹਰਬਾਨ ਰਸ-ਯਾਦਾਂ।

ਪੀਲੂ ਵਾਂਗੂੰ ਟਸਕ ਕੇ ਖੜੀਆਂ,
ਸੁਪਨੇ ਵਿਚ ਫੁਹਾਰਾਂ।
ਰਾਤ ਦੀ ਛਾਤੀ ਹੜ੍ਹ ਜਾਵਣਗੀਆਂ
ਜਜ਼ਬੇ ਦੀਆਂ ਉਜਾੜਾਂ।


WWW.SIKHBOOKCLUB.COM

ਜ਼ਿਮੀਂ ਦੇ ਵੇਖ ਲਏ ਮੈਂ ਪੈਂਡੇ,
ਜੋ ਨ ਮੌਤ ਵੰਝਾਣੇ।
ਅੱਜ ਤਾਂ ਜ਼ਾਮਨ ਬਣ ਜਾਵਣਗੇ,
ਧਰ ਦੇ ਬੋਲ ਅੰਞਾਣੇ।

ਸ਼ੇਸ਼ ਰੋਲ ਰਿਹਾ ਮਣੀਆਂ ਨੂੰ,
ਚੁੱਕ ਅੰਬਰ ਦੀ ਖਾਰੀ।
ਛਲਕ ਰਿਹਾ ਜਜ਼ਬੇ ਦੇ ਵਾਂਗੂੰ,
ਤਾਰਿਕਾ ਮੰਡਲ ਭਾਰੀ।

ਪਿਰਮ ਪਿਆਲਾ ਦਿਲ ਦਾ ਓਦੋਂ
ਰੁਲੇ ਨ ਵਿਚ ਖਲਾਵਾਂ;
ਜਦੋਂ ਕਦੇ ਆਸ਼ਿਕ ਨੂੰ ਦੇਵਣ
ਬੂੰਦਾਂ ਅਮਰ ਝਨਾਵਾਂ।

ਧਰ ਦੀ ਰੂਹ ਨ ਜਾਣ ਸਕਣਗੇ
ਦਿਲ ਹੁਸਨਾਂ ਬਿਨ ਸੈਂਦੇ,
ਦਰਦ-ਉਡੀਕ ਬਿਨਾਂ ਖੇਵਟ ਕਦ
ਵਲ ਨਦੀਆਂ ਦੇ ਵੈਂਦੇ ?

ਪਰਬਤ ਖੁਸ਼ਕ ਤੇ ਸੌਂ ਨਹੀਂ ਗਈਆਂ
ਕੁਹਕਨ-ਦਿਲ-ਪਰਵਾਜ਼ਾਂ।
ਟਿਕ ਟਿਕ ਤੇਸੇ ਦੀ ਵਿਚ ਛੁਪਣਾ
ਮੂਕ ਧਰਤ ਦਿਆਂ ਰਾਜ਼ਾਂ।

•

## ਗੀਤ

ਤੱਕਿਆ ਮੈਂ ਤਾਰਿਆਂ ਦਾ ਉੱਚ ਦਰਵਾਜ਼ਾ,
ਲੰਘ ਲੰਘ ਸਮਿਆਂ ਦੇ ਕੋਹ।

ਕਲ੍ਹ ਮੈਨੂੰ ਪੈੜਾਂ ਜੋ ਧਰਤੀ 'ਤੇ ਦਿਸੀਆਂ,
ਉਹਨਾਂ ਦੀ ਅੱਜ ਏਥੇ ਲੋਅ।

ਉੱਚੇ ਦਰਵਾਜ਼ੇ ਦੀ ਸਿਖਰਾਂ 'ਤੇ ਲੱਸਦੀ,
ਚੁੱਕ ਕੁੱਲ ਗਗਨਾਂ ਦਾ ਮੋਹ।

ਧਰਤੀ ਦੇ ਸੈਆਂ ਮਜ਼ਾਰਾਂ 'ਤੇ ਡਿਗਦੀ,
ਬੂੰਦ ਕੋਈ ਅੱਲਾ ਦੀ ਜੋ।

ਉੱਚੇ ਦਰਵਾਜ਼ੇ ਦੇ ਤਾਜਾਂ ਨੂੰ ਚੁੰਮਦੀ,
ਕਿਹੜੇ ਦੇਸੋਂ ਆਈ ਖ਼ੁਸ਼ਬੋ ?

ਦਿਲ ਦਰਿਆਵਾਂ ਦੇ ਰਾਹ ਪਈ ਜਾਣੇ
ਧੂੜ ਚੜ੍ਹੀ ਊਠਾਂ ਦੀ ਕੋ।

ਕਦੇ ਕਦੇ ਤਾਰਿਆਂ ਦੇ ਤਾਜਾਂ 'ਤੇ ਡਿਗਦੀ,
ਨਬੀਆਂ ਦੀ 'ਵਾਜ ਕੋਈ ਹੋ।

ਲਸ ਲਸ ਬੂਹੇ 'ਤੇ ਪਾਣੀ ਕਿਨ੍ਹਾਂ ਪੀਤੇ,
ਧੂੜ ਗੁਨਾਹਾਂ ਦੀ ਨੂੰ ਧੋ ?

ਮੰਗੂਆਂ ਦੇ ਦਰਦ ਨੂੰ ਕਿੱਥੇ ਆ ਕੇ ਪੁੱਛਿਆ
ਮੁੱਸ ਮੁੱਸ ਵੰਝਲੀ ਨੇ ਰੋ।

ਝੰਗ ਸਿਆਲਾਂ ਦੀ ਮੈਂ ਖ਼ੈਰ ਮਨਾਂਦੀਆਂ
ਨਬੀਆਂ ਦੇ ਸਾਮ੍ਹਣੇ ਖਲੋ।

ਧਰਤੀ ਗ਼ਰੀਬ ਦੇ ਨੇ ਪੈਂਡੇ ਪੁਰਾਣੇ
ਨਭ ਦੀ ਨਵੇਲੀ ਕੰਨਸੋਅ।

ਸਈਓ ਨੀ ਮਹਿਰਮ ਉਠ ਉਠ ਜਾਂਦੇ
ਕਦੋਂ ਫਿਰ ਕਰਨਗੇ ਲੋਅ।



WWW.SIKHBOOKCLUB.COM

ਉੱਚੇ ਦਰਵਾਜ਼ੇ ਦੀ ਕੰਧੀ 'ਤੇ ਝਨਾਂ ਨੂੰ
ਕਦੇ ਕਦੇ ਪੈਂਦੀ ਏ ਖੋਹ।

ਤੱਕਿਆ ਮੈਂ ਤਾਰਿਆਂ ਦਾ ਉੱਚ ਦਰਵਾਜ਼ਾ,
ਲੰਘ ਲੰਘ ਸਮਿਆਂ ਦੇ ਕੋਹ।

•


WWW.SIKHBOOKCLUB.COM

## ਝੰਗ ਦੇ ਬੇਲੇ ਵਿਚ

ਤਾਰਾ ਗਣ ਦੇ ਬੂਹੇ ਚੁੰਮ੍ਹਦੇ
ਕਦਮ ਧਰਤ ਵੱਲ ਚਾਇਆ।
ਧਰ ਦੀ ਜਾਨ ਫੜੀ ਵਿਚ ਮੁੱਠੀ
ਮੈਂ ਝੰਗ ਬੇਲੇ ਆਇਆ।

ਔਝੜ ਰਾਹਾਂ 'ਤੇ ਸੁੱਤੀਆਂ ਨੇ
ਮੂਕ ਵੰਝਲੀ-ਤਾਨਾਂ।
ਛੱਡ ਕੇ ਤੁਰ ਗਈਆਂ ਨੇ ਕਿੱਥੇ
ਸੁੰਵੀਂ ਪੀਂਘ ਰਕਾਨਾਂ ?

ਮੈਂਡੈ ਖੰਭ ਗਗਨ 'ਤੇ ਤਪਦੇ
ਸਫ਼ਰ ਸਮੇਂ ਦੇ ਚਾਈ,
ਧਰਤੀ ਉੱਤੇ 'ਵਾਜ ਉਹਨਾਂ ਦੀ
ਅਜੇ ਪਰਤ ਨ ਆਈ।

ਜਿੰਦ ਤੇ ਕੌਲ ਖੜੇ ਬਰਸਾਂ ਤੋਂ
ਭੁੱਲੀ ਧਰਤ ਨਿਮਾਣੀ।
ਪਰਬਤ ਖੁਸ਼ਕ ਗੁਫ਼ਾਵਾਂ ਸਾਮ੍ਹੇ,
ਸੁੰਵੇ ਜੰਡ, ਨ ਪਾਣੀ।

ਮੇਰੇ ਸਾਹਾਂ ਵਿਚ ਪਾਰ ਤੋਂ
ਤਦੋਂ ਅਗਨ ਕੋਈ ਲੱਗੀ।
ਬੇਮੁਹਾਰ ਸ਼ੁਤਰ ਜਿਉਂ ਤਨ ਵਿਚ
ਜਾਨ ਧਰਤ ਦੀ ਵੱਗੀ।

ਹੋ ਅਰਦਾਸ ਚੌਖੰਨੀ ਜਿੰਦੂ,
ਕਹਿਕਸ਼ਾਂ ਤੱਕ ਹੁੱਲੇ।
ਸ਼ਬਨਮ ਤਕ ਕੌਲਾਂ ਦਾ ਪੈਂਡਾ,
ਜ਼ੁਲਫ਼ਾਂ ਵਾਂਗੂੰ ਖੁੱਲ੍ਹੇ।

WWW.SIKHBOOKCLUB.COM

ਝੰਗ ਦੇ ਬੇਲੇ ਰਾਤ ਸੁਹਾਣੀ,
ਵਗਣ ਝਨਾਂ ਦੇ ਪਾਣੀ।
ਕੋਟ ਵਰ੍ਹੇ ਦੀ ਚੁੱਪ ਜਿੰਦ 'ਤੇ,
ਮੇਘ ਵਾਂਗ ਛਾ ਜਾਣੀ।

ਧਰਤੀ ਨਾਲ ਹੌਲ ਕੁਈ ਚਿਰ ਦਾ,
ਦੂਰ ਹੰਸ ਜਿਉਂ ਗਾਵੇ।
ਗਗਨ ਨੂਰਾਨੀ ਪੱਤਣਾਂ ਉੱਤੇ,
ਖੇਵਟ ਵਾਂਗ ਬੁਲਾਵੇ।

ਸ਼ਬਨਮ ਦੀਆਂ ਪਲਕਾਂ ਵਿਚ ਦੂਰੋਂ,
ਬਿਜਲੀ ਕੋ ਲਿਸ਼ਕੇਂਦੀ।
ਜਿਵੇਂ ਚਰਖ ਦੇ ਭੌਂਜਲ ਭਾਰੀ,
ਨਾਜ਼ਕ ਨਜ਼ਰ ਵਲੇਂਦੀ।

ਸਬਜ਼ ਕੋਂਪਲੀਂ ਖੰਭ ਫੈਲਾ ਕੇ,
ਜਜ਼ਬੇ ਧਰਤ ਦੇ ਲੱਥੇ।
ਬੂੰਦ ਝਨਾਂ ਦੀ ਕਦੇ ਕਦੇ ਆ,
ਚੁੰਮ੍ਹਦੀ ਥਲ ਜਹੇ ਮੱਥੇ।

ਝੰਗ ਬੇਲੇ ਜੋ ਕਦੇ ਝਨਾਂ ਸੰਗ
ਰਾਤੀਂ ਦੁਖ ਸੁਖ ਫੋਲੇ।
ਸੈ ਬਰਸਾਂ ਦੀ ਘਣੀ ਨੀਂਦ 'ਚੋਂ,
ਸੁਪਨ ਪਿਆ ਉਹ ਟੋਲੇ।

ਰਾਂਝਣ ਦੀ ਇਕ ਹਾ ਨੂੰ ਲੈ ਕੇ,
ਜੁਗਨੂੰ ਦੂਰ ਸਿਧਾਇਆ।
ਖੋਲ੍ਹ ਗਗਨ ਦੇ ਨੂਰੀ ਬੂਹੇ
ਸੁੱਚੀ ਸੱਥ ਨੂੰ ਆਇਆ।

ਕਦੇ ਤਾਂ ਰੁਣਝੁਣ ਅੱਖੀਆਂ ਦੇ ਵਿਚ,
ਕਦੇ ਤੂਫ਼ਾਨ ਉਚੇਰੇ।
ਡਾਢੇ ਹੜ ਨੂੰ ਮੋੜ ਲਵੋ ਕੁਈ,
ਸਾਹ ਟੁੱਟ ਜਾਸਨ ਮੇਰੇ।

ਕੋਇਲ ਦੀ ਕੂਕ ਸੁਣੀ ਵਿਚ ਬੇਲੇ,
ਮਾਵਾਂ ਕਿਤੇ ਉਡੀਕਣ।
ਫੋਲ ਸੁੱਟੇ ਨਾਜ਼ਕ ਰੰਗ ਸਾਰੇ,
ਲੁਕੇ ਪਤਾਲਾਂ ਤੀਕਣ।


WWW.SIKHBOOKCLUB.COM

ਕਦੇ ਤਾਂ ਤਾਨ ਸਜਨ ਦੀ ਸੁਣਦੀ,
ਕਦੇ ਤਾਂ ਖੁਰਣ ਬਨੇਰੇ।
ਨੌਬਤ ਵਜਦੀ ਰੋਕ ਦਿਉ, ਨਹੀਂ
ਬਾਗ਼ ਰੋਣਗੇ ਮੇਰੇ।

ਹੀਰ ਲਈ ਧਰਤੀ ਦਾ ਜਜ਼ਬਾ
ਕੌਣ ਬਲੀ ਅੱਜ ਮੋੜੇ ?
ਚੰਨ ਸੂਰਜਾਂ ਦੇ ਫੜ ਤੇਸੇ,
ਬੁੱਤ ਧਰਤ ਦਾ ਤੋੜੇ।

x x x x x x

## ਹੀਰ ਰਾਂਝੇ ਦੇ ਦੀਦਾਰ

ਕਿਸੇ ਬੇਨਕਸ਼ ਨੂਰ ਦੀ ਨਾਜ਼ਕ
ਛਲ ਜ਼ਿਮੀਂ ਨੇ ਮਾਰੀ।
ਲਸ ਲਸ ਤਾਰਿਆਂ ਦੇ ਵਿਚ ਕੰਬੀ
ਸੁਬਕ ਤਾਨ ਜਹੀ ਨਾਰੀ।

ਮੈਨੂੰ ਝੰਗ ਦੇ ਬੇਲੇ ਦਿਸੀਆਂ,
ਮੁੜ ਸਿਆਲਾਂ ਦੀਆਂ ਜਾਈਆਂ।
ਤਾਨ ਬੰਸਰੀ ਦੀ ਸੁਟ ਜੁਗ ਜੁਗ
ਅੰਬਰ ਫੜੇ ਕਲਾਈਆਂ।

ਸੁਣੀਆਂ ਰਾਤ ਵਿਚ ਤ੍ਰਿੰਝਣ ਦੀਆਂ,
ਮੀਂਹ ਜੇਹੀਆਂ ਗੁੰਜਾਰਾਂ।
ਜਜ਼ਬੇ ਜਜ਼ਬੇ ਬੰਨ੍ਹ ਦੇਂਦੀਆਂ,
ਸਿਹਰ ਮਹੀਨ ਹਜ਼ਾਰਾਂ।

ਦਰਦ ਮੰਗੂ ਦੇ ਜ਼ਿਮੀਂ ਤੋਂ ਭਾਰੀ,
ਖੜੇ ਰੋਸ ਵੱਡ ਤਾਣੀ—
ਕਿੰਝ ਪੰਜਾਬੇ ਰੂਹ ਰਾਂਝਣ ਬਿਨ
ਪੀਣ ਝਨਾਂ ਦੇ ਪਾਣੀ ?

ਕੰਧੀ ਦਿਸੇ ਕਹਿਕਸ਼ਾਂ ਵਾਂਗੂੰ,
ਸੁਪਨਾ ਬੰਨ੍ਹ ਛਬੀਲੀ;
ਜਿਵੇਂ ਝਨਾਂ ਦੇ ਸੀਨਿਉਂ ਨਿਕਲੀ,
ਨਿੰਮ੍ਹੀ ਨੀਂਦ ਰਸੀਲੀ।

ਬੇਨਜ਼ੀਰ ਤਰਬ 'ਤੇ ਡਲ੍ਹਕੇ
ਪਤਲੇ ਨਕਸ਼ ਦੇ ਪਾਣੀ;
ਨਭ ਦੇ ਪਹਿਰੇਦਾਰ ਕੀ ਜਾਣਨ
ਜੋਬਨ ਖੇਡ ਅੰਞਾਣੀ!


WWW.SIKHBOOKCLUB.COM

ਹੁਸਨ ਅਕਹਿ ਰਮਜ਼ ਦਾ ਸ਼ੀਰੀਂ
ਨਜ਼ਰੀਂ ਸਿਹਰ ਜਗਾਵੇ।
ਭਰੇ ਝਨਾਂ ਦੇ ਵਹਿਣਾਂ ਦੀ ਚੁੱਪ
ਪਲਕਾਂ 'ਤੇ ਸ਼ਰਮਾਵੇ।

ਝੰਗ ਦੇ ਬੇਲੇ ਨਜ਼ਰਾਂ ਨੂਰੀ,
ਪਤਲੇ ਨਕਸ਼ ਪਿਆਸੇ।
ਮਲਕ ਦੀ ਢਾਹ ਨ ਖੋਰ ਸਕੇਗੀ,
ਪ੍ਰੀਤ-ਵਣਾਂ ਦੇ ਪਾਸੇ।

ਤਨ ਦੀ ਮਹਿਕ ਸਮੁੰਦਰੋਂ ਡੂੰਘੀ,
ਮਹਿਕ ਨ ਢੂੰਡੋ ਕੋਈ।
ਖੇਡ ਧਰਤ ਦੇ ਨਕਸ਼ਾਂ 'ਤੇ ਜੋ,
ਭੇਦ ਧਰਤ ਦਾ ਹੋਈ।

ਤਾਰਿਆਂ ਭਰੀ ਰਾਤ ਦੀ ਸਿਖਰੋਂ,
ਡਲ੍ਹਕੇ ਤੇਜ਼ ਇਸ਼ਾਰਾ।
ਨੈਂ ਝਨਾਂ ਵਿਚ ਲਿਖ ਕੁਝ ਮੁੜਿਆ,
ਮੁੱਢ ਕਦੀਮੀ ਤਾਰਾ।

ਕਾਲ ਦੀ ਨੈਂ ਨ ਖੋਰ ਸਕੇਗੀ,
ਰੂਪ ਦਾ ਭੇਦ ਅਪਾਰੀ।
ਡਲ੍ਹਕ ਰਹੀ ਅੰਬਰ ਦੇ ਉਹਲੇ
ਅੱਖਰਾਂ ਦੀ ਸਰਦਾਰੀ।

ਹੀਰ ਦੇ ਕੋਮਲ ਤਨ ਚੋਂ ਉੱਠਣ
ਰਮਜ਼ਾਂ ਵਾਂਗ ਉਕਾਬਾਂ।
ਦੇਸ ਪੰਜਾਬ ਦੇ ਕੁਲ ਰੁੱਖਾਂ 'ਤੇ,
ਦਮਕਣ ਮਿੱਠੀਆਂ ਜਾਗਾਂ।

ਜਜ਼ਬੇ ਨੂੰ ਰੰਗ ਰੰਗ ਕੇ ਆਖ਼ਰ,
ਤੁਰ ਜਾਸਨ ਵਣਜਾਰੇ।
ਲਟਬੌਰੀ ਕੋਈ ਹੇਕ ਫਿਰੇਗੀ,
ਹਰ ਸਾਵਨ ਦੇ ਦੁਆਰੇ।

ਹੀਰ ਦੀ ਛਾਤੀ ਮੁਦਤਾਂ ਤੀਕਰ,
ਹੜ੍ਹ ਵਸਲਾਂ ਦੇ ਖੇਲੇ।
ਕਾਂਗ ਕਹਿਰ ਦੀ ਲੈ ਜਿਉਂ ਮੌਲੇ,
ਵਣ ਭਾਰੀ ਅਲਬੇਲੇ।


WWW.SIKHBOOKCLUB.COM

ਲਖ ਸਾਲਾਂ ਵਿਚ ਪਿਆਸ ਬਣੇਗੀ,
ਚਾਲ ਹੀਰ ਦੀ ਸੋਹਣੀ।
ਲਖ ਸਾਲਾਂ ਵਿਚ ਰਮਜ਼ ਹੀਰ ਦੀ
ਬੋਲ ਹੰਸ ਦਾ ਹੋਣੀ।

ਕਿਤੇ ਕੰਧੀ 'ਤੇ ਹੰਸਾਂ ਆਉਣਾ,
ਸੁਣ ਪਿਆਸ ਦੀਆਂ ਹੂਕਾਂ।
ਸੇਜ ਸੁਹਾਣੀ ਦੇ ਵੱਲ ਆਉਣਾ,
ਮਿਠੜੇ ਨਾਜ਼ ਮਲੂਕਾਂ।

x x x x x x


WWW.SIKHBOOKCLUB.COM

## ਹੀਰ ਝਨਾਂ ਦੀ ਕੰਧੀ 'ਤੇ
## (ਲੰਮਾ ਗੀਤ)

ਨਜ਼ਰਾਂ ਫੇਰ ਨੂਰਾਨੀਆਂ, ਦਰਿਆਵਾਂ ਸਾਹਮੇ।
ਜ਼ੁਲਫ਼ਾਂ ਹੁੱਲ ਦੀਵਾਨੀਆਂ, ਦਰਿਆਵਾਂ ਸਾਹਮੇ।

ਵੰਝਲੀ ਵਾਲਾ ਪਾ ਰਿਹਾ,
ਨੈਂ ਵਾਂਗ ਕਹਾਣੀ:
ਉਂਞ ਤਾਂ ਸਰਵਰ ਸੁੱਕਣਾ,
ਰੁੱਤ ਕੰਵਲ ਵਿਹਾਣੀ।
ਕਿਸੇ ਨ ਮੁੜ ਕੇ ਆਵਣਾ
ਇਹ ਛਾਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ
ਦਰਿਆਵਾਂ ਸਾਹਮੇ।

ਕਿਸ ਕਿਸ ਨੇ ਮੁੜ ਵੇਖਣਾ,
ਇਸ ਰੁੱਤ ਦਾ ਮੀਹਾ!
ਜੱਲ੍ਹਰ ਉੱਤੋਂ ਵਰ੍ਹ ਰਿਹਾ
ਘਟ ਵਾਂਗ ਬੰਬੀਹਾ।
ਘੁੰਮ ਵਣਜਾਰੇ ਆਉਣਗੇ
ਇਹ ਥਾਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ
ਦਰਿਆਵਾਂ ਸਾਹਮੇ।

ਕੰਧੀ ਉੱਤੇ ਮਉਲਿਆ,
ਮੁੜ ਚੇਤ ਮਹੀਨਾ।
ਭਰੇ ਝਨਾਂ ਸੰਗ ਲੱਗਿਆ
ਮੈਂ ਵਸਲ ਦਾ ਸੀਨਾ।
ਪੈੜਾਂ ਬਲ ਬਲ ਉੱਠੀਆਂ
ਤੈਂ ਨਾਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ
ਦਰਿਆਵਾਂ ਸਾਹਮੇ।


WWW.SIKHBOOKCLUB.COM

ਦਿਲ ਦਾ ਕੀ ਕੁਝ ਦੱਬਿਆ,
ਰੋ ਬਾਬਲ ਵਿਹੜੇ ?
ਕੀ ਕੁਝ ਦਿਲ ਦਾ ਮਉਲਿਆ
ਹੱਸ ਬਾਗ਼ ਬਨੇਰੇ ?
ਕੀ ਕੁਝ ਪਈ ਛੁਪਾਨੀਆਂ
ਦਰਿਆਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ
ਦਰਿਆਵਾਂ ਸਾਹਮੇ।

ਥਲ ਦੀ ਗਹਿਰ 'ਚ ਅੱਟਿਆ,
ਕੁੱਲ ਹੀਰ ਦਾ ਪੈਂਡਾ।
ਰੰਗਪੁਰ ਵੰਨੀਂ ਝੰਗ ਦਾ
ਕੋਈ ਬੋਲ ਨ ਵੈਂਦਾ।
ਕਿਚਰਕ ਘਾਮ ਵੀਰਾਨੀਆਂ
ਦਰਿਆਵਾਂ ਸਾਹਮੇ!
ਨਜ਼ਰਾਂ ਫੇਰ ਨੂਰਾਨੀਆਂ
ਦਰਿਆਵਾਂ ਸਾਹਮੇ।

ਧੀ ਦਾ ਬੋਲ ਪਛਾਣਿਆਂ
ਰੋ ਸੱਥ ਬਾਬਾਣੀ।
ਉਹੀਓ ਪੱਤਣ ਝੰਗ ਦੇ
ਉਹ ਘਨੀਅਰ ਪਾਣੀ।
ਉਹੀਓ ਰੁੱਤ ਮਨਾਨੀਆਂ
ਦਰਿਆਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ
ਦਰਿਆਵਾਂ ਸਾਹਮੇ।

ਭਰੇ ਝਨਾਂ ਦੇ ਹਾਣ ਦੀ,
ਕੋਈ ਖੇਡ ਬਣਾਵੇਂ।
ਅੱਥਰੇ ਵਹਿਣ ਰੰਗੀਲੜੇ
ਵਿਚ ਪਲਕ ਛੁਪਾਵੇਂ।
ਤਰਜ਼ਾਂ ਬੇ-ਮੁਹਾਨੀਆਂ
ਦਰਿਆਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ
ਦਰਿਆਵਾਂ ਸਾਹਮੇ।


WWW.SIKHBOOKCLUB.COM

ਰਾਤ ਝਨਾਂ ਦੀ ਫੈਲਿਆ,
ਰੂਹ ਝੰਗ ਸੁਹਾਣਾ।
ਸੱਥਾਂ ਤ੍ਰਿੰਞਣਾਂ ਪਿੱਪਲਾਂ,
ਦੇ ਬੋਲ ਪਛਾਣਾਂ।
ਨਾਗ ਨੂੰ ਮੀਤ ਮੈਂ ਜਾਣਿਆਂ
ਇਹ ਰਾਹਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ
ਦਰਿਆਵਾਂ ਸਾਹਮੇ।

ਸਿੰਧ ਚਣਿਓਟ ਕੜਾਣਿਆਂ
ਦੀਆਂ ਤ੍ਰਿੰਞਣ-ਨਾਰਾਂ,
ਵੰਝਲੀ ਵਾਲਾ ਜਾਣਿਆਂ
ਵਿਚ ਰੰਗਪੁਰ ਬਾਰਾਂ।
ਬੋਲ ਮਾਹੀ ਦਾ ਸਾਂਭਿਆ
ਧਰ 'ਵਾਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ
ਦਰਿਆਵਾਂ ਸਾਹਮੇ।

ਰਾਤ ਝਨਾਂ ਵਿਚ ਵੇਖਦਾ,
ਕੋਈ ਜੋਬਨ-ਢਾਣੀ।
ਮੈਂਡੇ ਬੋਲ ਬਿਗਾਨੜੇ
ਤੇ ਅਰਜ਼ ਨਿਮਾਣੀ।
ਅੱਲ੍ਹੜ ਉਮਰ ਨਾਦਾਨੀਆਂ
ਦਰਿਆਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ
ਦਰਿਆਵਾਂ ਸਾਹਮੇ।

ਨੈਣੀ ਹੀਰ ਦੇ ਸੋਂਹਦੀਆਂ,
ਮਾਂਹ ਬਾਰਾਂ ਮੂੰਝਾਂ।
ਰਾਂਝਣ ਕੂਕ ਬੁਲਾਂਦੀਆਂ
ਵਿਚ ਨੀਂਦਰ ਕੂੰਜਾਂ।
ਸਾਜਨ ਚਾਨਣ ਕਰਨਗੇ,
ਮੇਰੀ ਆਹਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ,
ਦਰਿਆਵਾਂ ਸਾਹਮੇ।


WWW.SIKHBOOKCLUB.COM

ਕਿਹੜੀ ਨੀਂਦ ਦੇ ਅੰਬਰੋਂ
ਮੈਂ ਨੈਣ ਜਗਾਵਾਂ।
ਜ਼ੁਲਫ਼ਾਂ ਕੇਲ ਕਰੇਂਦੀਆਂ,
ਸੰਗ ਬਾਜ਼ ਝਨਾਵਾਂ।
ਧਰਤੀ ਬੋਲ ਪੁਗਾਂਵਦੀ
ਮੇਰੇ ਸਾਹਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ,
ਦਰਿਆਵਾਂ ਸਾਹਮੇ।

ਟੋਰ ਦੀ ਮਿੱਠੀ ਤਾਨ ਲਈ,
ਸਿੱਕ ਸੌਂ ਗਏ ਬੇਲੇ।
ਦੀਗਰ ਵੇਲੇ ਵਿਛੜੇ,
ਜੁੜ ਜੁੜ ਕੇ ਮੇਲੇ।
ਅੰਬਰ ਓਹਲੇ ਖੜੀ ਮੈਂ,
ਨਾਂਹ ਆਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ,
ਦਰਿਆਵਾਂ ਸਾਹਮੇ।

ਪੱਤਣ ਜ਼ੁਲਫ਼ ਦਾ ਲੰਘਦੇ,
ਰੋਹ ਚਰਖ ਉਚੇਰੇ।
ਸੋਹਣੀਆਂ ਪੀਰ ਦੀ ਮਿਹਰ ਵੱਲ,
ਡਰ ਪਾਵਣ ਫੇਰੇ।
ਨੀਂਦ ਹੁਮਾ ਦੀ ਛਾਂ ਚੁੱਕ
ਮੈਂ ਜਾਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ,
ਦਰਿਆਵਾਂ ਸਾਹਮੇ।

ਤਲੀਆਂ ਮਹਿੰਦੀ ਰੰਗੀਆਂ,
ਮੋਹ ਧਰਤ ਜਗਾਵਣ।
ਸੁੰਦੇ ਦਿਲ ਵਿਚ ਦਿਲਾਂ ਦਾ
ਕੋਈ ਮਹਿਰਮ ਲਿਆਵਣ।
ਹੋਣ ਨ ਕਦੇ ਬੇਗਾਨੀਆਂ,
ਦਰਿਆਵਾਂ ਸਾਹਮੇ।
ਨਜ਼ਰਾਂ ਫੇਰ ਨੂਰਾਨੀਆਂ,
ਦਰਿਆਵਾਂ ਸਾਹਮੇ।

x x x x


WWW.SIKHBOOKCLUB.COM

## ਸਬਜ਼ ਪੋਸ਼ ਫ਼ਕੀਰ (ਪੀਰ) ਦੇ ਦੀਦਾਰ

ਵੰਝਲੀ-ਸੁਰਾਂ ਜਗਾਂਦੀਆਂ, ਅਧਰੈਣੀ ਦੀ ਆਬ।
ਹੀਰ ਦੇ ਮੁੱਖ 'ਤੇ ਪਾਉਂਦੀਆਂ, ਨੀਂਦਰ ਜੇਹਾ ਨਕਾਬ।

ਖੰਭ ਪਰੀਆਂ ਦੇ ਫੜਕਦੇ, ਵਿਚ ਡੂੰਘੇਰੇ ਨੀਰ।
ਜ਼ਿਮੀਂ ਦੇ ਸੀਨੇ ਹੋ ਰਹੀ, ਸੁਹਲ ਜਹੀ ਕੁਈ ਪੀੜ।

ਲੱਖ ਫ਼ਕੀਰ ਜਗਾਉਣਗੇ, ਦੂਰ ਇਕੱਲੀ ਗੋਰ।
ਹੀਰ ਦਾ ਜੋਬਨ ਤੱਕਣਾ, ਮੁੜ ਧਰਤੀ ਦੇ ਜ਼ੋਰ।

ਕਿਉਂ ਤੂੰ ਰੂਪ ਨੂੰ ਕੱਜਿਆ, ਮਿੱਠ ਤਾਨਾ ਦੇ ਪਾਰ ?
ਕਿਉਂ ਤੂੰ ਅੰਬਰ ਲੈ ਗਈ, ਡੂੰਘੀ ਨਦੀ ਦਾ ਹਾਰ ?

ਲਹਿਰ ਝਨਾਂ ਦੀ ਛਾਂ ਵਿਚ, ਆ ਬਹਿੰਦੀ ਕੁਈ ਹੂਰ।
ਵਾਟ ਝੰਗ ਦੀ ਸਦਾ ਹੀ, ਧਰਤੀ ਨੂੰ ਮਨਜ਼ੂਰ।

ਰਾਤ ਝਨਾਂ ਦੀ ਥਰਕਦਾ, ਘੁੰਡ ਨਵੇਲਾ ਸੁਹਲ।
ਓਹਲੇ ਬੈਠੀ ਆਣ ਕੇ, ਕਿਹੜੀ ਰੁੱਤ ਅਬੋਲ!

ਵਾਟਾਂ ਟੂਣੇਹਾਰਣਾਂ, ਘੁੰਡ ਦੇ ਓਹਲੇ ਥੀਣ;
ਮੁੱਖ ਜਿਨ੍ਹਾਂ ਦੇ ਵੇਖ ਕੇ, ਵੱਡ ਰੁੱਖਾਂ ਦਾ ਜੀਣ।

ਤਾਰਿਆਂ ਦੀ ਛਾਂ ਕੰਬਦਾ, ਘੁੰਡ ਮਹੀਨ ਅਪਾਰ।
ਕੱਜ ਲਏ ਮੰਗੂ ਬੇਲੜੇ, ਕੱਜ ਲਏ ਬਲੀ ਪਹਾੜ।

ਭੁੱਲੀ ਹੀਰ ਪਈ ਢੂੰਡਦੀ, ਅੱਪਣੇ ਤਨ ਦੀ ਲੋਅ,
ਝੋਕ ਤ੍ਰਿੰਞਣ ਵਣਾਂ ਨੂੰ, ਰੰਗ ਰੰਗ ਰਹੀ ਪਰੋ।

ਕਿਹੜੀ ਝੁੱਗੀ ਵੇਖ ਲੈ, ਬਲਦਾ ਪਿਆ ਚਰਾਗ਼,
ਹੀਰ ਦਾ ਪਾਣੀ ਭਰੇਗਾ, ਰੋਇ ਵਿਸੂਲਾ ਬਾਗ਼।

ਰਾਤ ਝਨਾਂ ਦੀ ਵੇਖਿਆ, ਲਹਿਰੀਂ ਡੁਬਦਾ ਨੂਰ।
ਸੁਬਕ ਤਾਨ ਜਿਉਂ ਗੁੰਮਿਆ, ਬੁੱਤ ਹੀਰ ਦਾ ਦੂਰ।

x x x x x



WWW.SIKHBOOKCLUB.COM

ਹਿਲਦਾ ਬੁੱਤ ਮੈਂ ਦੇਖਦਾ, ਫੇਰ ਝਨਾਂ ਦੇ ਤੀਰ,
ਕੰਧੀ ਕੰਧੀ ਆਂਵਦਾ, ਚੋਲਾ ਸਬਜ਼ ਫ਼ਕੀਰ।

ਦਾੜ੍ਹੀ ਪੀਰ ਸਫ਼ੈਦ ਜਿਉਂ, ਲੱਖ ਰਹਿਮ ਦੀ ਤਾਰ।
ਕੋਟਾਂ ਭੇਦ ਲਪੇਟ ਲਏ, ਸਮਿਆਂ ਦੀ ਦਸਤਾਰ।

ਜੈਂਦੇ ਮਸਤਕ ਹੀਰ ਦਾ, ਇੱਕੋ ਇਕ ਈਮਾਨ,
ਜੈਂਦੇ ਆਂਗਣ ਤੁਰਦੀਆਂ, ਪਾਉਣ ਹਦੀਸਾਂ ਸ਼ਾਮ।

ਜੈਂਦੀਆਂ ਅੱਖੀਆਂ ਦੇਂਦੀਆਂ, ਸੈ ਸਿੰਧਾਂ ਦੀ ਸਾਰ,
ਜਿਸਨੇ ਜੋਬਨ ਭੇੜਿਆ, ਵੱਡ ਮਲਕਾਂ ਦੇ ਬਾਰ।

ਚਾੜ੍ਹੀ ਜਿਸਨੇ ਜਿੰਦ 'ਤੇ, ਸਬਰ-ਹੁਸਨ ਦੀ ਸਾਨ,
ਵਾਹੇ ਪਤਣ ਝਨਾਂ ਤੋਂ, ਵਲ ਕਿਆਮਤ ਵਾਣ।

ਘੇਰੇ ਰਾਹ ਜਿਸ ਮੌਤ ਦੇ, ਪਾ ਜੋਬਨ ਦੀ ਧੂਹ,
ਢੋਲ ਵਜਾ ਕੇ ਹਸ਼ਰ ਦਾ, ਦੇਸ ਪੰਜਾਬ ਦੀ ਜੂਹ।

ਮਹਿਰਮ ਮੁੱਢ ਕਦੀਮ ਦਾ, ਦਿਸੇ ਝਨਾਂ ਦੇ ਤੀਰ,
ਕੰਧੀ ਕੰਧੀ ਆਂਵਦਾ, ਚੋਲਾ ਸਬਜ਼ ਫ਼ਕੀਰ।

x x x x x x

WWW.SIKHBOOKCLUB.COM

## ਸਬਜ਼ ਪੋਸ਼ ਪੀਰ (ਫ਼ਕੀਰ) ਦੇ ਸਾਹਮਣੇ

ਨਾਂਹ ਜਾਣਾ ਕਿਸਦਾ ਮੈਂ ਦਾਮਨ ਫੜ ਕੇ,
ਢੁੱਕਿਆ ਫ਼ਕੀਰ ਦੇ ਕੋਲ।
ਸੋਹਣੀਆਂ ਹੰਝਾਂ ਤੇ ਕਮਲਾਂ ਜਿਉਂ ਸੁੱਤੇ,
ਵਗਦੇ ਝਨਾਵਾਂ ਦੇ ਬੋਲ।
ਦੂਰ ਤ੍ਰਿੰਝਣਾਂ 'ਚੋਂ ਪੰਖੀ ਨੇ ਉੱਡੇ
ਪਏ ਉੱਡ ਮਹਿਰਮ ਦੀ ਝੋਲ।
ਪੀਰ ਦੇ ਦਰ ਤੋਂ ਖਾਲੀ ਨ ਮੁੜ ਤੂੰ
ਲੈ ਤੂੰ ਵੀ ਦੁੱਖ ਸੁੱਖ ਫੋਲ।

ਪੁੱਛਿਆ ਮੈਂ "ਰੱਬ ਦਾ ਦਾਮਨ ਫੜ ਕੇ,
ਕਿਹੜੇ ਦੇਸੋਂ ਆਏ ਫ਼ਕੀਰ।
ਕਿਚਰਕ ਕੰਧੀ ਝਨਾਂ ਦੀ 'ਤੇ ਵੱਸਣਾ,
ਕਿਹੜੇ ਦੇਸੀਂ ਜਾਣਾ ਅਖ਼ੀਰ?"
"ਕੰਧੀ ਝਨਾਂ ਦੀ ਏ ਦੇਸ ਅਸਾਡਾ,
ਵਗੇ ਏਥੇ ਜਿੰਦੜੀ ਦਾ ਨੀਰ।
ਰੱਬ ਦਿਆਂ ਬੰਦਿਆਂ ਨੂੰ ਜਦੋਂ ਹੀਰ ਵਿਸਰੇ,
ਓਦੋਂ ਛੱਡ ਜਾਂਦੇ ਅਸੀਂ ਤੀਰ।"

"ਕਾਹਤੋਂ ਮੈਂਡੇ ਦਿਲ ਵਿਚ ਬਰਬਰ ਸੱਖਣੇ,
ਸੁੰਞਾਂ ਵਿਚ ਕੰਬਦੀ ਜ਼ਬਾਨ।
ਕਦੇ ਕਦੇ ਪੈੜ ਕੋਈ ਥਲਾਂ ਵਿਚ ਦਿਸਦੀ,
ਲੈ ਜਾਣ ਖੋਹ ਕੇ ਤੂਫ਼ਾਨ।
ਕਦੇ ਕਦੇ ਦੇਂਦੀ ਪਰ ਬੂੰਦ ਝਨਾਂ ਦੀ,
ਥੋੜ੍ਹਾ ਥੋੜ੍ਹਾ ਰੂਹ ਨੂੰ ਰਮਾਨ।
ਸੋਹਣੇ ਜਹੇ ਝਨਾਂ ਦੇ ਮਿੱਠੜੇ ਫ਼ਕੀਰਾ,
ਖੋਲ੍ਹ ਜ਼ਰਾ ਮਾਅਨੇ ਕੁਰਾਨ।"

"ਰੰਗਲੀ ਝਨਾਂ ਦੇ ਤੁਸਾਂ ਵਹਿਣ ਨ ਵੇਖੇ,
ਮੈਂਡੀਆਂ ਅੱਖੀਆਂ ਦੇ ਨਾਲ।
ਤਾਂਹੀਉਂ ਏ ਚਿੱਤ ਤੈਂਡਾ ਡਰਵਰ ਡਰਵਰ,
ਰਹਿਣਾ ਝੰਗ ਬੇਲੜੇ ਮੁਹਾਲ।

WWW.SIKHBOOKCLUB.COM

ਵਿੱਧਣ ਰਾਹਾਂ 'ਤੇ ਜਿੰਦ ਤੈਂਡੀ ਡੋਲਦੀ,
ਸੁੱਕੀ ਸੁੱਕੀ ਪੌਣਾਂ ਦੀ ਚਾਲ।"
ਸਬਰਾਂ ਦੀ ਸਾਨ ਮੈਂਡੀ ਜਿੰਦੂ 'ਤੇ ਲਾ ਲਾ,
ਪੀਰ ਪਿਆ ਪੁੱਛਦਾ ਹਵਾਲ।

ਪੀਰ ਨੇ ਨਜ਼ਰਾਂ ਉਠਾਈਆਂ ਜਾਂ ਮੈਂ ਵੱਲ,
ਕੰਬੀ ਕੁਲ ਤਾਰਿਆਂ ਦੀ ਛਾਂ।
ਉੱਡੀ ਉੱਡੀ ਜਾਂਦੀ ਵੱਲ ਅੰਬਰਾਂ ਦੇ ਸੁਪਨੇ,
ਫੜ ਫੜ ਕਰੇਂਦੀ ਏ ਝਨਾਂ।
ਭੇਦ ਪਿਆ ਮਾਹੀ ਦੇ ਚੋਰੀ ਚੋਰੀ ਦਸਦਾ,
ਰੁੱਖਾਂ ਵਿਚ ਪੰਖੀ ਅਨਾਂ।
ਨ ਵੰਝ ਮਾਹੀ ਅਸਾਂ ਸੰਗ ਤੈਂਡੇ ਜੁੱਲਣਾ,
ਅਜੇ ਤੈਂਡਾ ਤੱਕਣਾ ਗਿਰਾਂ।

x x x x x x

WWW.SIKHBOOKCLUB.COM

# ਪੀਰ ਦੇ ਬੋਲ

ਪੀਰ ਕਹੇ ਖਿੱਚ ਅੰਬਰ ਤਾਨਾਂ:
"ਤੱਕ ਝਨਾਂ ਦੀਆਂ ਸੋਹਣੀਆਂ ਜਾਨਾਂ।"

"ਵਗ ਵਗ ਜਾਣ ਉਮਰ ਦੇ ਪਾਣੀ
ਕਾਫ਼ਲੇ ਲੰਘਣ ਅੱਥਰੂ ਥਾਣੀ,
ਕਿਸੇ ਨੇ ਅੱਗ ਸਿਰਾਂ 'ਤੇ ਤਾਣੀ—
ਜੱਗ ਨੂੰ ਦੀਨ ਗੁਆਂਦਾ ਤੱਕਿਆ,
ਮੇਰੀ ਨਜ਼ਰ ਹੇਠ ਅਸਮਾਨਾਂ।"
ਪੀਰ ਕਹੇ ਖਿੱਚ ਅੰਬਰ ਤਾਨਾਂ:
"ਤੱਕ ਝਨਾਂ ਦੀਆਂ ਸੋਹਣੀਆਂ ਜਾਨਾਂ।"

"ਛੱਡ ਤੂਫ਼ਾਨ ਥਲਾਂ ਦੇ ਖੂਹੇ,
ਜੋਗੀਆਂ ਵਾਂਗ ਬੇਲਿਆਂ ਬੂਹੇ
ਤੱਕਣ ਹੱਥ ਹੀਰ ਦੇ ਸੂਹੇ—
ਕਾਫ਼ਰ ਹੁਸਨ ਮੈਂ ਰੱਜ ਵਖਾਇਆ
ਹੁੱਲ ਹੁੱਲ ਸਾਹਮੇ ਫ਼ਜਰ-ਅਜ਼ਾਨਾਂ—"
ਪੀਰ ਕਹੇ ਖਿੱਚ ਅੰਬਰ ਤਾਨਾਂ:
"ਤੱਕ ਝਨਾਂ ਦੀਆਂ ਸੋਹਣੀਆਂ ਜਾਨਾਂ।"

"ਹੱਸਣ ਜਦੋਂ ਝਨਾਂ ਦੀਆਂ ਨਾਰਾਂ,
ਝੁਲ ਝੁਲ ਅੰਬਰ ਵਿਚ ਫੁਹਾਰਾਂ
ਵਣ ਵਣ ਪੀਂਘਾਂ ਪਾਉਣ ਹਜ਼ਾਰਾਂ;
ਬਿੱਜਲਾਂ ਵਾਂਗ ਝਨਾਂ ਨੂੰ ਵੇਖਣ
ਕੰਧੀ ਝੁੰਮਰ ਪਾਉਣ ਰਕਾਨਾਂ—"
ਪੀਰ ਕਹੇ ਖਿੱਚ ਅੰਬਰ ਤਾਨਾਂ:
"ਤੱਕ ਝਨਾਂ ਦੀਆਂ ਸੋਹਣੀਆਂ ਜਾਨਾਂ।"

"ਵੰਝਲੀ ਵਾਲਾ ਕਿਸ 'ਤੇ ਵਿਕਦਾ?
ਸੰਞ ਸਵੇਰੀਂ ਕਿਸਨੂੰ ਸਿਕਦਾ?
ਸੋਹਣਾ ਬੁੱਤ ਹੀਰ ਦਾ ਛਿਪਦਾ—
ਜਾਂ ਕੋਈ ਬੋਲ ਸੱਜਣ ਅੱਜ ਬੋਲੇ,


WWW.SIKHBOOKCLUB.COM

ਜਾਂ ਨਾਂਹ ਖਿੱਚੇ ਇੰਞ ਕਮਾਨਾਂ—"
ਪੀਰ ਕਹੇ ਖਿੱਚ ਅੰਬਰ ਤਾਨਾਂ:
"ਤੱਕ ਝਨਾਂ ਦੀਆਂ ਸੋਹਣੀਆਂ ਜਾਨਾਂ।"

"ਹੀਰ ਦੇ ਸਾਹਮੇ ਡੋਲ੍ਹ ਕੇ ਚੀਨਾ
ਬਿਜਲੀਆਂ ਕੋਲ ਵਜਾਈਆਂ ਬੀਨਾਂ
ਰਿਮ ਝਿਮ ਰਿਮ ਝਿਮ ਰੁੱਤ ਮਹੀਨਾ—
ਹੀਰ ਦੀ ਨਾਜ਼ਕ ਧੜਕਣ ਉੱਤੇ
ਰੁਣ ਝੁਣ ਕੀਤੀ ਫ਼ਜਰਾਂ ਸ਼ਾਮਾਂ—"
ਪੀਰ ਕਹੇ ਖਿੱਚ ਅੰਬਰ ਤਾਨਾਂ:
"ਤੱਕ ਝਨਾਂ ਦੀਆਂ ਸੋਹਣੀਆਂ ਜਾਨਾਂ।"

"ਇਕ ਕਿਤਾਬ ਰਾਜ਼ ਮੈਂ ਦੱਸੇ
ਟਾਵੀਂ ਟਾਵੀਂ ਸੈਨਤ ਲੱਸੇ
ਰਹਿੰਦੀ ਵਾਟ ਨਜ਼ਰ ਵਿਚ ਵੱਸੇ;
ਅਸਾਂ ਝਨਾਂ ਦੀ ਲਹਿਰ 'ਤੇ ਲਿੱਖੇ,
ਡੂੰਘੇ ਮਾਅਨੇ ਵਿਚ ਕੁਰਾਨਾਂ—"
ਪੀਰ ਕਹੇ ਖਿੱਚ ਅੰਬਰ ਤਾਨਾਂ:
"ਤੱਕ ਝਨਾਂ ਦੀਆਂ ਸੋਹਣੀਆਂ ਜਾਨਾਂ।"

"ਜੋ ਕੁਝ ਕਿਹਾ ਹੀਰ ਦੇ ਨੈਣਾਂ
ਡੂੰਘੇ ਵਹਿਣ ਝਨਾਂ ਦੀਆਂ ਰੈਣਾਂ
ਕੁਲ ਰਮਜ਼ੀਂ ਮੈਂ ਕਦੇ ਨ ਕਹਿਣਾ;
ਨਹੀਂ ਤਾਂ ਇਸ ਆਲਮ ਦੀਆਂ ਰੂਹਾਂ
ਨਾਲੇ ਜਲਣਾ ਕੁੱਲ ਨਿਸ਼ਾਨਾਂ—"
ਪੀਰ ਕਹੇ ਖਿੱਚ ਅੰਬਰ ਤਾਨਾਂ:
"ਤੱਕ ਝਨਾਂ ਦੀਆਂ ਸੋਹਣੀਆਂ ਜਾਨਾਂ।"

"ਜਾਂ ਤੁਰਸਨ ਛੱਡ ਦਿਲ ਦੀ ਢਾਣੀ
ਰਾਹ ਗੋਰਾਂ ਦੇ ਰੰਗਲੇ ਹਾਣੀ,
ਸੁਕ ਸੁਕ ਜਾਣ ਝਨਾਂ ਦੇ ਪਾਣੀ—
ਉਹ ਸਭ ਰਮਜ਼ਾਂ ਬਾਲ ਲਵਾਂਗਾ,
ਜੋ ਨ ਦੱਸੀਆਂ ਵਿਚ ਜਹਾਨਾਂ—"
ਪੀਰ ਕਹੇ ਖਿੱਚ ਅੰਬਰ ਤਾਨਾਂ:
"ਤੱਕ ਝਨਾਂ ਦੀਆਂ ਸੋਹਣੀਆਂ ਜਾਨਾਂ।"


WWW.SIKHBOOKCLUB.COM

"ਮੈਂ-ਮਨ ਸੁੱਤੀਆਂ ਵਾਂਗ ਰਕਾਨਾਂ,
ਕੁਲ ਸਮੇਂ ਤੋਂ ਲੰਮੀਆਂ ਤਾਨਾਂ,
ਤੋੜ ਸੁੱਟਾਂ ਕਿੰਵ ਦਿਲ ਦੀਆਂ ਸ਼ਾਨਾਂ।
ਕਿਵੇਂ ਝਨਾਂ ਦੇ ਬੂਹਿਉਂ ਉੱਠਾਂ
ਮੈਨੂੰ ਲੱਭਣਾਂ ਮੇਰੇ ਮੁਕਾਮਾਂ।"
ਪੀਰ ਕਹੇ ਖਿੱਚ ਅੰਬਰ ਤਾਨਾਂ:
"ਤੱਕ ਝਨਾਂ ਦੀਆਂ ਸੋਹਣੀਆਂ ਜਾਨਾਂ।"

•

WWW.SIKHBOOKCLUB.COM

Page 557

## ਝਨਾਂ ਦੇ ਖੁਲ੍ਹੇ ਦੀਦਾਰ
## ਇਕੱਲਾਂ ਖ਼ਤਮ...

ਮੈਂ ਝਨਾਂ ਦੇ ਵਹਿਣ 'ਤੇ ਵੇਖੀ
ਨੈਣਾਂ ਦੀ ਗੁਲਕਾਰੀ।
ਖੋਹ ਰਿਹਾ ਰੁੱਤਾਂ ਦਾ ਪੈਂਡਾ,
ਰੰਗ ਕਸੁੰਭੜਾ ਭਾਰੀ।

ਪੀਲੇ ਪੱਤ ਜਿਉਂ ਘੁੰਮ ਘੁੰਮ ਡਿਗਦੇ,
ਧਮ ਧਮ ਕਰਦੇ ਬੁੱਲੇ।
ਬਾਲ-ਉਮਰ ਨੂੰ ਕੀ ਸਮਝਾਵਾਂ,
ਕਿਉਂ ਇਹ ਝੁੰਮਰ ਹੁੱਲੇ!

ਅੱਥਰੇ ਵਹਿਣ 'ਚ ਰੁਲ ਜਾਵੇਗੀ,
ਇਹ ਸੱਜਣਾਂ ਦੀ ਢਾਣੀ।
ਘੜਿਆਂ ਦੇ ਵਿਚ ਰੁੱਤਾਂ ਭਰਿਆ,
ਹੱਸ ਕਸੁੰਭੜਾ ਪਾਣੀ।

ਕੌਣ ਤੁਰੇਗਾ ਇਸ ਪਾਸੇ ਨੂੰ,
ਅਣਦਿੱਸ ਬੂਹਾ ਖੁੱਲ੍ਹੇ!
ਏਸ ਵਹਿਣ 'ਤੇ ਨਾਚ ਕਰੇ ਜੋ,
ਆਖ਼ਿਰ ਇਕ ਦਿਨ ਰੁੱਲੇ।

ਲੱਖਾਂ ਰੋਣ ਜਲਾਂ ਵਿਚ ਰੂਹਾਂ,
ਡੁਬਦੀਆਂ ਪਾਉਣ ਕੁਕਾਰਾ।
ਵਹਿਣ ਰਾਂਗਲੇ ਹੇਠ ਮੈਂ ਵੇਖਾਂ,
ਹੱਥ ਪੀਰ ਦਾ ਪਿਆਰਾ।

ਰੰਗ ਰੁੱਤਾਂ ਦੇ ਹੰਭ ਹੰਭ ਜਾਵਣ,
ਚੜ੍ਹਨ ਨ ਵਹਿਣ ਹਮੇਸ਼ਾਂ।
ਮੰਗਣ ਵਸਲ ਮਾਹੀ ਦਾ ਧਰ ਤੋਂ,
ਪੀਵਣ ਥੀਣ ਵਰੇਸਾਂ।


WWW.SIKHBOOKCLUB.COM

ਪਾਵਨ ਚੁੱਪ ਧਰਤ ਦੀ ਸਾਰੀ,
ਵਹਿਣ ਝਨਾਂ ਹੋ ਜਾਵੇ;
ਘੁੰਡ ਕਸੁੰਭੜੇ ਦਾ ਚੁੱਕ ਪਿਆਸਾ,
ਰਾਂਝਣ ਯਾਰ ਬੁਲਾਵੇ।

ਝੰਗ ਦਾ ਬੇਲਾ ਭੇਸ ਵਟਾ ਕੇ,
ਵਾਂਗ ਜੋਗੀਆਂ ਰਮਦਾ।
ਰਾਤ ਦੇ ਆਂਗਣ ਕੁਲ ਧਰਤੀ ਦਾ,
ਤਪ ਤਪ ਬਿਹੁੰ ਥੰਮ੍ਹਦਾ।

ਝੰਗ ਦਾ ਬੇਲਾ ਅਲਖ ਜਗਾਉਂਦਾ,
ਖੜਾ ਖੜਾ ਦਰ ਝੋਕਾਂ।
ਪੀ ਗਏ ਸਾਹ ਨਾਗ ਜਦ ਧਰ ਦੇ,
ਕੌਣ ਲਗਾਵੇ ਚੋਕਾਂ ?

ਕਦੇ ਝਨਾਂ 'ਤੇ ਵੰਝਲੀ ਵੱਜੇ,
ਕਦੇ ਤਾਂ ਤਖ਼ਤ ਹਜ਼ਾਰੇ।
ਮੰਗੂ ਚਾਕ ਖੜ੍ਹੇ ਹੈਰਾਨੇ,
ਮੀਂਹ ਪਵੇ ਕਿਸ ਬਾਰੇ ?

ਸੁਣਿਆ ਹੀਰ : ਰਾਂਝਣ ਵਿਚ ਬੇੜੀ !
ਵਣ ਵਣ ਤੰਦਾਂ ਪਾਵੇ।
ਫ਼ਜਰੀਂ ਸੰਧੀਂ ਸਿਖਰ ਦੁਪਹਿਰੀਂ,
ਰਾਤੀਂ ਸੇਜ ਬਣਾਵੇ।

ਹੀਰ ਦੇ ਸੁਪਨੀਂ ਝਿਲਮਿਲ ਝਿਲਮਿਲ,
ਲੰਘਣ ਰਾਤ ਦੇ ਪਾਣੀ।
ਸੋਹਣੇ ਲੌਂਗ 'ਤੇ ਲਿਸ਼ਕ ਤਾਨ ਕੁਈ,
ਉਮਰਾਂ ਵਾਂਗ ਵਿਹਾਣੀ।

ਬੁੱਤ ਹੀਰ ਦਾ ਰੁੱਤ ਸਾਵਨ ਵਿਚ,
ਛਿਪ ਛਿਪ ਦਿਵੇ ਨ ਸਾਰਾਂ।
ਨ ਸਦ ਵੰਝਲੀ ਨ ਜੁਗਨੂੰ ਕੁਈ,
ਸਕਿਆ ਢੂੰਡ ਫੁਹਾਰਾਂ।


WWW.SIKHBOOKCLUB.COM

ਹੀਰ ਦੇ ਬੂਹੇ ਘੁੰਮ ਘੁੰਮ ਆਵਣ,
ਸੁਬਕ ਝਨਾਂ ਦੀਆਂ ਭੂਰਾਂ।
ਕਹਿਕਸ਼ਾਂ ਦੇ ਖੂਹੇ ਵੱਲੇ,
ਚਾਏ ਘੜੇ ਜਿਉਂ ਹੂਰਾਂ।

ਬਾਰਾਂ ਮਾਸ ਅਖੀਂ ਵਿਚ ਹੰਝੂ,
ਕੀ ਰੰਗਪੁਰ ਦਾ ਜੀਣਾ?
ਮੱਛ ਕੱਛ ਨਾਗਾਂ ਦੇ ਰਾਹ 'ਤੇ,
ਸੱਦ ਮਾਹੀ ਦੀ ਥੀਣਾ।

ਫਿਰ ਰਾਤੀਂ ਮੈਂ ਰੁੱਖਾਂ ਓਹਲੇ,
ਖੜ੍ਹ ਖੜ੍ਹ ਤੱਕੀਆਂ ਬਾਰਾਂ।
ਰੋਇ ਝਨਾਂ ਦਾ ਪਾਟਾ ਦਾਮਨ,
ਸੀਣ ਝਨਾਂ ਦੀਆਂ ਨਾਰਾਂ।

ਘੁੰਮ ਘੁੰਮ ਚੜ੍ਹਦੇ ਭਾਂਬੜ ਚਾਈ,
ਵਗ ਵਗ ਜਾਵਣ ਰੁੱਤਾਂ।
ਬਲਦੇ ਚਰਖ ਹੇਠ ਮੈਂ ਵੇਖਾਂ,
ਸ਼ਗਨ ਮਨਾਵਣ ਰੁੱਤਾਂ।

ਜਿਸਦੇ ਜੋਬਨ ਜਲ ਬਲ ਜਾਣਾ,
ਹੀਰ ਨ ਓਸ ਬਨੇਰੇ।
ਰੰਗ ਕਸੁੰਭੜਾ ਜਿਸ ਰਾਹ ਵਿਕਦਾ,
ਉਸ ਤੋਂ ਖੜ੍ਹੀ ਅਗੇਰੇ।

ਜੇ ਨਾਂਹ ਵੰਗ ਅੰਬਰ ਦੀ ਟੁੱਟੇ,
ਖ਼ਿਆਲ ਹੀਰ ਦਾ ਵੱਲਾਂ।
ਸੰਜੋਗ-ਵਿਜੋਗ ਦੀਆਂ ਵਾਟਾਂ 'ਤੇ,
ਮਾਰ ਰਿਹਾ ਵੱਡ ਛੱਲਾਂ।

ਸੰਜੋਗ-ਵਿਜੋਗ ਲੰਮੀਆਂ ਨਦੀਆਂ,
ਹੀਰ ਦਾ ਖ਼ਿਆਲ ਪਰੋਈ।
ਜਲ ਥਲ ਨੂੰ ਗਲ ਲਾ ਕੇ ਮਿਲੀਆਂ,
ਵਾਂਗ ਮਿੱਠੀ ਖ਼ੁਸ਼ਬੋਈ।

WWW.SIKHBOOKCLUB.COM

ਚੰਨ ਚਾਨਣੀ ਦੇ ਵਿਚ ਉੱਡਣ,
ਕੂੰਜ ਵਾਂਗ ਕੰਨਸੋਆਂ।
ਖੁਰਦੇ ਰਾਤ ਦੇ ਪੱਤਣ ਬੈਠਾ,
ਕੌਣ ਕਰੇ ਪਿਆ ਲੋਆਂ ?

ਬਿਜਲੀ ਸੁਬਕ ਸੁਪਨ ਤੋਂ ਸੋਹਣੀ,
ਚਾਲ ਰਹੀ ਸ਼ਰਮਾਈ।
ਖੇਡ ਰਿਹਾ ਮੰਗੂ ਦਾ ਸੁਪਨਾ,
ਬਿਰਖ-ਨੀਂਦ ਗਲ ਲਾਈ।

ਜਦੋਂ ਝਨਾਂ ਦੀ ਕੰਧੀ ਕੁੱਸਣਾ,
ਹੀਰ ਦਾ ਖ਼ਿਆਲ ਪਿਆਸਾ।
ਤਕਦੀਰਾਂ ਦੇ ਭੇਦ-ਭਰੇ ਹੱਥ,
ਧਰਤ ਫੜੇਗੀ ਕਾਸਾ।

ਧਰਤ ਦੀ ਵਾਟ ਹੀਰ ਦਾ ਜੋਬਨ,
ਰਹੇ ਝਨਾਂ ਦੇ ਨੈਣਾਂ।
ਰਹਿਣ ਈਮਾਨ ਹੁਸਨ ਦੇ ਵਸਦੇ,
ਸੰਗ ਭਿੰਨੀਆਂ ਰੈਣਾਂ।

ਹੋਏ ਵੇਸ ਧਰਤ ਦੇ ਸੂਹੇ,
ਰੰਗ ਰੰਗਾਂ ਨੂੰ ਕੱਜੇ।
ਜਿਸ ਕਣ ਬਾਗ਼ ਦਾ ਸੁਪਨਾ, ਉਸ ਤੇ
ਭਰੀ ਝਨਾਂ ਜਿਉਂ ਵੱਜੇ।

ਸਾਰੀ ਧਰਤ ਦੀ ਜਾਨ 'ਤੇ ਲਿਪਟਣ,
ਕਿਸੇ ਬ੍ਰਿਛ ਦੀਆਂ ਛਾਵਾਂ,
ਜਾਗ ਗੀਤ ਦੇ ਅੰਗੀਂ ਸੁੱਤੀਆਂ,
ਟੋਲਣ ਜਿਹਨੂੰ ਹਵਾਵਾਂ।

ਸਦ ਅਬੋਲ ਚਾਅ ਨੂੰ ਲਿਆਈਆਂ,
ਬੇਲਿਆਂ ਦੇ ਵਿਚ ਕੂੰਜਾਂ।
ਕੁੱਝ ਹੀ ਭੇਦ ਧਰਤ ਦਾ ਪਾਵਣ,
ਘਾਹ 'ਤੇ ਸੁੱਤੀਆਂ ਬੂੰਦਾਂ।


WWW.SIKHBOOKCLUB.COM

ਝੁੰਮਰ ਦੇ ਵਿਚ ਮੁੜ ਮੁੜ ਨੱਚੀਆਂ,
ਕਵਣ ਬ੍ਰਿਛ ਦੀਆਂ ਰਾਹਵਾਂ !
ਭੈਅ ਵਿਚ ਕੌਣ ਕਿਸੇ ਨੂੰ ਆਖੇ :
"ਨ ਵਗ ਜਾਣ ਝਨਾਵਾਂ।"

ਹਰਾ ਬ੍ਰਿਛ ਕਿਸ ਜੂਹ ਵਿਚ ਮਉਲੇ ?
ਜਲ ਥਲ ਦੇਸ ਨ ਜਾਪੇ।
ਫਿਰ ਕਿਉਂ ਬੁੱਲੀਆਂ ਮਿੱਠੀਆਂ
ਹੋਵਣ, ਇਸ ਸੁੰਞੇ ਤਰਨਾਪੇ ?
ਹਰਾ ਬ੍ਰਿਛ ਹੀਰ ਦਾ ਸੁਪਨਾ,
ਫਲਦਾ ਰਹੇ ਹਮੇਸ਼ਾਂ।
ਪੈਂਡਾ ਅੱਖੀਆਂ ਵਿਚ ਝਨਾਂ ਦਾ,
ਸਾਂਭ ਲਿਆ ਦਰਵੇਸ਼ਾਂ।

*(ਡੱਵਰ—21-6-1980.*

(ਇਤਿ)

•


WWW.SIKHBOOKCLUB.COM 

# 19

# ਸੋਹਣੀ ਦੀ ਆਖ਼ਰੀ ਰਾਤ

—1—

ਇਕ ਪਲ ਸੋਹਣੀ ਨੂੰ ਨੀਂਦ ਆਈ!
ਮਹਿਕ ਦੇ ਅਣਦਿੱਸ ਚਸ਼ਮਿਆਂ ਵਿੱਚੋਂ
ਰਾਤ ਦੇ ਭੇਦ ਭਰੇ ਰਾਹਾਂ ਨੂੰ ਚੀਰ ਕੇ
ਧਰਤ ਦੀਆਂ ਬਾਹਾਂ ਝੱਲੀਆਂ,
ਕੋਟ ਸਾਲਾਂ ਦੇ ਵਸਲ ਦੀ ਅੱਗ ਨੂੰ
ਬੁੱਕਲ ਦੀ ਚੁੱਪ ਵਿਚ ਘੁੱਟ ਕੇ
ਸੋਹਣੀ ਨੂੰ ਲਿਪਟੀਆਂ ਆਖ਼ਰੀ ਵਾਰੀ।

ਸੁੱਤੀ ਨਾਰ ਨ ਜਾਗੇ!
ਉਂਞ ਤਾਂ ਨੂਹ-ਜਲਾਂ ਦੇ ਜ਼ੋਰ ਤੋਂ ਡੂੰਘਾ
ਸਮੇਂ ਦੇ ਨਕਸ਼ ਨ ਛੋਂਹਦਾ
ਆਦਿ ਤੋਂ ਪਹਿਲਾਂ, ਜੁਗਾਦਿ ਤੋਂ ਭਾਰੀ
ਹੜ੍ਹ ਬਲਵਾਨ ਹੈ ਚਾਰ ਚੁਫ਼ੇਰੇ!
(ਪਤਾ ਨਹੀਂ ਇਹ ਹੜ੍ਹ
ਆਪਣਾ ਹੈ ਜਾਂ ਧਰਤੀ ਦਾ!)
ਕਦੀ ਸੋਹਣੀ ਦੇ ਅੰਗਾਂ ਦਾ ਸਾਦਿਕ ਨਸ਼ਾ
ਝਿਲਮਲਾਉਂਦੇ ਅਕਾਸ਼ ਨੂੰ ਡਾਢੀਆਂ ਖਿੱਚਾਂ ਪਾ
ਹਨੇਰੀਆਂ ਦੇ ਨਾਲ ਝੁਲਦੇ ਵਣਾਂ ਜਿਉਂ ਨਿਵਾਉਂਦਾ,
ਕਦੀ ਇਸ ਚੁੱਪ ਦਾ ਜੋਸ਼ ਅਲਬੇਲਾ
ਧਰਤੀ ਦੇ ਛੁਪੇ ਹੁਸਨਾਂ ਦੇ ਸਿੰਧਾਂ 'ਚ ਉਤਰਦਾ।

ਨੈਣਾਂ, ਬੁੱਲੀਆਂ, ਜ਼ੁਲਫ਼ਾਂ ਦਾ ਜੋਬਨ
ਖ਼ਾਬਾਂ ਦੇ ਸਿਹਰ ਵਿਚ ਲਿਸ਼ਕਦਾ।
ਅੰਗਾਂ ਦੀਆਂ ਮੂੰਹ-ਜ਼ੋਰ ਸ਼ੀਰੀਨੀਆਂ
ਧਰਤੀ ਦੇ ਕਣ ਕਣ ਦੀ ਤਾਂਘ 'ਤੇ
ਫ਼ਰਿਆਦ ਦੀ ਨਹਿਰ ਬਣ ਵੱਜਦੀਆਂ।


WWW.SIKHBOOKCLUB.COM

ਸੋਹਣੀ ਦੇ ਨਕਸ਼ਾਂ ਦੀ ਚਾਂਦਨੀ,
ਪਾਵਨ, ਬੇਨਕਸ਼ ਡੂੰਘਾਣਾਂ ਨੂੰ ਭਰਦੀ,
ਕਿੱਥੇ ਕੁ ਜਾਂਦੀ ? ਕਿੱਥੇ ਕੁ ਥਰਕਦੀ ?
ਅਨੰਤ ਨੂੰ ਸਮਝ ਨ ਆਵੇ,
ਬਉਰਾਣੀਆਂ ਨਜ਼ਰਾਂ ਆਪਣਾ ਆਪ ਨ ਜਾਣਨ।

ਸੋਹਣੀ ਦਾ ਖ਼ਾਬ ਪਿਆ ਦੌੜਦਾ
ਧਰਤ ਦੇ ਅਰੂਪ ਅਣਛੋਹੇ ਥਲਾਂ ਵਿਚ,
ਜੋ ਭੇਦਾਂ ਦੇ ਗਾੜ੍ਹੇ ਨੇਰ ਵਿਚ ਲੇਟੇ।
ਤੇ ਮਹਿੰਦੀ ਰੰਗੇ ਪੈਰ ਬਿਜਲੀਆਂ ਬਣ ਕੇ
ਮੋਏ ਲੁਕੇ ਥਲਾਂ ਦੇ ਸੀਨੇ ਨੂੰ ਚੀਰਦੇ,
ਮਹਿੰਦੀ ਰੰਗੇ ਨਿਸ਼ਾਨਾਂ ਦੇ ਨਾਲ
ਦੁਪਹਿਰਾਂ ਸੰਞਾਂ ਦੇ ਕਾਫ਼ਲੇ ਨਸਦੇ ਜਾਵਣ।

ਜੋਬਨ ਦੀ ਚੜ੍ਹਦੀ ਕਾਂਗ ਵਿਚ
ਆਦਿ-ਜੁਗਾਦਿ ਪਏ ਭਿੜਦੇ;
ਜਿਵੇਂ ਦੂਰ ਤਪਦੀਆਂ ਬਾਰਾਂ ਦੇ ਅੰਦਰ
ਸਿਖਰ ਦੁਪਹਿਰਾਂ ਦੀ ਢਾਲ 'ਤੇ
ਮਿਰਜ਼ੇ ਦੇ ਤੀਰ ਪਏ ਵਰ੍ਹਦੇ।
ਸੋਹਣੀ ਦੀ ਝਿਲਮਲਾਉਂਦੀ ਨੀਂਦ ਦੇ ਓਹਲੇ
ਘੁੰਮਨਘੇਰੀਆਂ ਦੇ ਭੇਦ ਨ ਆਵਣ
ਸਮਾਂ ਰੰਗ ਬੇਰੰਗ ਤੋਂ ਅੱਗੇ !
ਹਾਂ ! ਬੁੱਢਾ ਫਲਕ ਉੱਡਦਾ ਧੁੰਧ ਵਿਚ
ਕੱਪਰਾਂ ਦੇ ਥੱਕੇ ਖੰਭਾਂ ਨੂੰ ਸੁੱਟਦਾ ਜਾਂਦਾ।

ਕੌਣ ਜਾਣੇ ? ਕਿਹੜੇ ਸਿਹਰ ਨੇ ਕਿੱਥੋਂ
ਜਾਂ ਰਾਤ ਦੀਆਂ ਕਿਹਨਾਂ ਦੂਰੀਆਂ ਨੇ ਜਾਗ ਕੇ
ਨੱਟ-ਖੱਟ ਸਖੀ ਦੇ ਵਾਂਗੂੰ
ਇਕ ਤਿਖੀ ਝੱਲ ਜ਼ੁਲਫ਼ਾਂ 'ਤੇ ਮਾਰ ਕੇ
ਛੋਹਿਆ, ਥੋੜੀ ਜੇਹੀ ਛੇੜ ਕੇ ਹਿਲਾਇਆ,
ਝਿਲਮਿਲਾਉਂਦਾ ਅਨੰਤਾਂ ਤਾਰਿਆਂ ਵਾਲਾ
ਸੋਹਣੇ ਅਸਮਾਨ ਦਾ ਪੱਲੂ;
ਖ਼ੁਸ਼ਬੋ ਤੋਂ ਨਾਜ਼ਕ, ਨਵਾਤ ਤੋਂ ਮਿੱਠਾ,
ਦਿਸਦੇ-ਅਣਦਿਸਦੇ ਭੇਤ ਤੋਂ ਨਿਆਰਾ।

WWW.SIKHBOOKCLUB.COM

ਸੋਹਣੀ ਜਾਗੀ, ਨ ਜਾਗਦੀ,
ਹੁਸਨਾਂ ਦਾ ਗਾਫ਼ਲ ਨਸ਼ਾ ਲੈ
ਗਵਾਹੀ ਦੇਂਦੀ ਅਲਬੇਲੀਆਂ ਖੇਡਾਂ ਦੀ।
ਬੇਖ਼ੁਦੀਆਂ ਦੇ ਬੇਪਨਾਹ ਜੋਸ਼ ਵਿਚ
ਝੱਲੀਆਂ ਰਮਜ਼ਾਂ ਲੈ
ਉਹ ਰਣਾਂ ਵਿਚ ਵੜਦੀ,
ਜਿੱਥੇ ਜੋਬਨ ਗੁਨਾਹਾਂ ਦੇ ਨਾਲ ਖੇਡਣ
ਕਰਨ ਅਠਖੇਲੀਆਂ, ਨੱਚਣ;
ਸੋਹਣੀ ਜਾਗੀ, ਨ ਜਾਗਦੀ,
ਉੱਥੇ ਹੀ ਰਾਸ ਜਾ ਪਾਉਂਦੀ;
ਗੁਨਾਹ ਦਿਆਂ ਰੰਗਲਿਆਂ ਵਜਦਾਂ ਨੂੰ
ਮੌਜ ਵਿਚ 'ਵਾਜਾਂ ਮਾਰਦੀ
ਤੇ ਬੇਪਨਾਹ ਹੱਸਦੀ, ਜ਼ਾਮਨ ਬਣੇ।

ਸੋਹਣੀ ਧਰਤ 'ਤੇ ਸੁੱਤੀ, ਅਕਾਸ਼ 'ਤੇ ਜਾਗਦੀ।
ਸਦੀਆਂ ਦੀਆਂ ਉਡਾਰੀਆਂ ਲੰਮੀਆਂ
ਸੁੱਤੀ ਦੇ ਹਰ ਨਕਸ਼ 'ਤੇ ਉਡਾਰੀਆਂ ਮਾਰਨ।
ਪੰਧਾਊ ਰਾਹ ਭੁੱਲੇ,
ਕਮਾਲ ਛੁਪੇ ਨੇ ਕਿੱਥੇ ?
ਨੈਣ ਫਲਕ ਪੀ ਜਾਵਣ
ਅਸਗਾਹ ਵਿਚ ਥੀਵਣ
ਐਪਰ ਭੇਦ ਨ ਦੇਵਣ ਵੱਡੇ ਜਮਾਲ ਦਾ।
ਨੀਂਦਾਂ ਦੇ ਮਿੱਠੇ ਦੇਸ ਵਿਚ
ਕਿਹੋ ਜਹੇ ਘੁੰਡ ਦੇ ਉਹਲੇ,
ਕਿਸ ਨੇਮ ਅਸਗਾਹ ਵਿਚ,
ਕਿਸ ਲੰਮੀ ਨਦੀ ਦੇ ਪੱਤਣ 'ਤੇ,
ਸੋਹਣੀ ਦੇ ਨਕਸ਼ਾਂ ਦੀ ਬਿਜਲੀ ਠਹਿਰਦੀ ?

ਸੁੱਤੀ ਨਾਰ ਅਕਾਸ਼ 'ਤੇ ਜਾਗਦੀ
ਅੰਗਾਂ ਦਾ ਮਧੁਰ ਪ੍ਰਛਾਵਾਂ
ਚੁਫ਼ੇਰੇ ਕਹਿਕਸ਼ਾਂ ਜੇਹੀ ਬਣ ਕੇ ਫੈਲਦਾ।
ਕਿਹੋ ਜਹੀ ਕਿਸਨੂੰ ਧੂਹ ਪੈਂਦੀ
ਉੱਚੇ ਅਸਮਾਨ ਤੋਂ
ਧਰਤੀ ਦੇ ਰਾਂਗਲੇ ਪਾਣੀਆਂ ਉੱਤੇ
ਰੂਪ ਅਬੋਲ ਦੇ ਨੈਣ ਪਏ ਉਲਰਦੇ ?


WWW.SIKHBOOKCLUB.COM

ਰਮਜ਼ਾਂ ਤਿੱਖੀਆਂ! ਜਿਉਂ ਛੈਲ ਛੰਨਾਰਾਂ,
ਦੂਰੋਂ ਧਰਤ ਦੇ ਅੰਗਾਂ ਨੂੰ ਡੰਗਦੀਆਂ,
ਤਾਂ ਸੋਹਣੀ ਦਾ ਰੰਗ ਰੱਬਾਨੀ
ਆਦਮ ਦੇ ਨੈਣਾਂ 'ਚ ਜਾਗਦਾ।
ਬੇਲਿਆਂ 'ਚ ਲੁਕ ਲੁਕ
ਧਰਤ ਦੇ ਸੁਆਦਾਂ 'ਚ ਮਉਲਦਾ।

ਰਿਜ਼ਕ ਤੋਂ ਸੁੱਚਾ
ਰੁੱਖਾਂ ਦੇ ਸਬਰ ਤੋਂ ਸੰਘਣਾ ਖਿੜਦਾ
ਨਕਸ਼ਾਂ ਦੇ ਚੜ੍ਹਣ-ਛਿਪਣ ਤੋਂ ਉੱਚਾ ਨਵੇਲਾ,
ਸੋਹਣੀ ਦਾ ਰੰਗ ਰੱਬਾਨੀ
ਅਸਮਾਨ ਦੇ ਉੱਚੇ ਕੋਟਾਂ ਤੋਂ
ਪੈਰਾਂ ਦੀ ਖ਼ਾਕ ਵਿਚ ਲਹਿੰਦਾ,
ਉਸ ਮਿੱਟੀ ਦਾ ਰਾਜ਼ ਬਣਦਾ
ਜੋ ਵਲੀਆਂ ਦੇ ਇਕਰਾਰਾਂ ਵਾਂਗ ਵੱਡੀ
ਜੋ ਚਨਾਬ ਦੀਆਂ ਲਹਿਰਾਂ ਜਿਉਂ ਪਿਆਰੀ।

ਸੋਹਣੀ ਜਾਗੀ ਨੂਰ ਦੀ ਕਿਣਮਿਣ ਦੇ ਅੰਦਰ
ਝਿੰਮ ਝਿੰਮ ਫਲਕ ਸੋਹਣੀ ਦੀਆਂ ਪਲਕਾਂ 'ਤੇ ਛਾਇਆ,
ਅਗੰਮ ਬਰਫ਼ੀਲੀਆਂ ਕੂਟਾਂ ਤੋਂ
ਸੋਹਣੀ ਦੇ ਅੰਗਾਂ 'ਤੇ ਸੁੱਟਦਾ
ਨਿੰਮ੍ਹੇ ਨਿੰਮ੍ਹੇ ਮਾਸੂਮ ਦੀਵਿਆਂ ਦਾ ਚਾਨਣ;
ਉਂਵ ਇਸ ਮਾਸੂਮ ਨਾਜ਼ ਤੋਂ ਅੱਗੇ
ਇਸ ਪਤਲੀ ਬਾਰੀਕ ਕਿਣਮਿਣ ਨੂੰ ਲੰਘ ਕੇ
ਕਹਿਰ ਦੀ ਚਾਦਰ ਦੇ ਪਿੱਛੇ
ਫਲਕ ਦਾ ਇਕ ਹੋਰ ਵੀ ਚਿਹਰਾ,
ਜਿੱਥੇ ਵਸਲ ਦਾ ਪੈਂਡਾ
ਪੁਰਸਲਾਤ ਵਾਂਗ ਤਾਣ ਕੇ
ਖ਼ੂਨੀ ਧਮਕ ਦੀ ਅਗਨੀ
ਮਹੀਨ ਬਿਜਲੀ ਦੀ ਛੁਰੀ ਬਣ
ਕਲਵਲ ਚਮਕਦਾ।
ਜਿਸ ਤੋਂ ਲੰਘ ਕੇ ਤੱਕਦੀਆਂ ਸੋਹਣੀਆਂ
ਸ਼ਹਾਦਤਾਂ ਦੇ ਮੀਨਾਰ ਉੱਚੇ,
ਜਿਨ੍ਹਾਂ ਦੇ ਨੂਰੀ ਹੜ੍ਹ ਦੇ ਇੱਕੋ ਹੀ ਝਟਕੇ ਨਾਲ
ਬੇਨਾਮ ਤੇ ਨਾਬੂਦ ਜੇਹੀ ਚੁੱਪ ਹੋ
ਮਜ਼ਾਰਾਂ ਦੀ ਬੀਆਬਾਨੀ ਇਕੱਲ ਵਿਚ ਡਿਗਦੀਆਂ।


WWW.SIKHBOOKCLUB.COM

ਇਹ ਕੀ ?
ਸੋਹਣੀ ਦੀਆਂ ਯਾਕੂਤ ਬੁੱਲੀਆਂ ਦੀ ਪਿਆਸ ਵਿਚ
ਆਸਮਾਨਾਂ ਤੋਂ ਪਾਰ ਦੁਰੇਡੇ
ਸ਼ਹਾਦਤਾਂ ਦਾ ਜਾਮ ਹੈ ਛਲਕਿਆ,
ਵਰ੍ਹਿਆ ਸਾਵਨ ਦੇ ਮੀਂਹ ਵਾਂਗ
ਤਾਰਿਆਂ ਦੇ ਝਿਲਮਿਲਾਉਂਦੇ ਬਾਗ਼ 'ਤੇ।
ਕੋਈ ਕੋਈ ਕਣੀ
ਸੋਹਣੀ ਦੇ ਮਸਤਕ 'ਤੇ ਲੱਗਦੀ,
ਹਜ਼ਾਰਾਂ ਵਰ੍ਹਿਆਂ ਦੇ ਹੁਸਨ ਦੀ ਤੱਕਨੀ
ਸ਼ਬਨਮ ਤੋਂ ਸੁਬਕ ਤਾਲ
ਅਬੋਲ ਨੈਣੀਂ ਜਗਾਉਂਦੀ।

ਸ਼ਹਾਦਤ ਦੇ ਜਾਮ ਤੋਂ ਛਲਕੇ
ਕੋਈ ਸੱਦ ਪੁਰਾਣੀ
ਸੋਹਣੀ ਦੇ ਕੰਠ ਵਿਚ ਉਤਰੇ
ਇਸ਼ਕ ਦੇ ਸੀਨੇ 'ਤੇ ਰੁਣ ਝੁਣ ਅਨੰਤ ਕਰਦੀ।
ਨੈਣਾਂ 'ਚ ਕਿਸੇ ਜੁਗ ਦੀ ਨਜ਼ਰ ਹੈ!
ਲੁਤਫ਼ ਹੈ ਕਿਸ ਹਸ਼ਰ ਦਾ ਬੁੱਲ੍ਹੀਆਂ 'ਤੇ ?
ਅਬੋਲ ਲਿਪਟਦੀ
ਪੈਰਾਂ ਨੂੰ ਧੂਹ ਪਾਉਂਦੀ
ਅਣਵੇਖੀ ਕਿਸ ਵਲੀ ਦੀ ਮੰਜ਼ਿਲ ਪੁਰਾਣੀ!

—2—

ਗੁਜਰਾਤ ਦੀਆਂ ਸੁੱਤੀਆਂ ਗਲੀਆਂ ਦੇ ਅੰਦਰ
ਕੱਚਿਆਂ ਘਰਾਂ ਦੇ ਬੂਹਿਆਂ ਦੇ ਅੱਗੇ
ਮੁੱਢ ਕਦੀਮੀ ਕੰਨਸੋਅ ਕੋਈ ਆਉਂਦੀ
ਝੁਲਦਿਆਂ ਹਨੇਰਿਆਂ 'ਚ ਵਿੰਗ ਵਲ ਖਾਂਦੀਆਂ
ਸਦੀਆਂ ਦੀਆਂ ਪੌੜੀਆਂ ਤੋਂ
ਪੋਲੇ ਪੋਲੇ ਉਤਰਦੇ
ਕਿਸੇ ਖ਼ਿਆਲ ਦੇ ਪੈਰਾਂ ਦੀ ਚਾਪ ਜਿਉਂ।
ਕੰਨਸੋਅ ਦੇ ਥਰਕਦੇ ਜੋਬਨ 'ਤੇ
ਝਨਾਂ ਦਿਆਂ ਡੂੰਘਿਆਂ ਵਹਿਣਾਂ ਦੇ ਖ਼ਾਬ
ਕਿਸੇ ਰਮਜ਼ ਦੀ ਰੌਸ਼ਨੀ ਪਾਉਂਦੇ,

WWW.SIKHBOOKCLUB.COM

ਇਸ਼ਕ ਦੇ ਅਰੂਪ ਪਰਦਿਆਂ ਓਹਲੇ
ਚੜ੍ਹਦੀਆਂ ਕਾਂਗਾਂ ਦੇ ਖੰਭਾਂ 'ਤੇ ਬੈਠ ਕੇ
ਸੋਹਣੀ ਦੇ ਚਮਕਦੇ ਅਸਮਾਨਾਂ ਵਿਚ
ਖਿਲਰੇ ਤਾਜਾਂ ਨੂੰ ਵੇਖਦੇ
ਜਿੱਥੇ ਹਰ ਅਸਮਾਨ
ਖੰਭ ਹੈ ਨਵੇਂ ਅਸਮਾਨ ਦਾ।

ਕੰਨਸੋਅ ਦੇ ਮਹੀਨ ਬਦਨ ਦੇ ਅੰਦਰ
ਅੱਧੀ ਰਾਤ ਸੋਹਣੀ ਦੇ ਮਲੂਕ ਪ੍ਰਛਾਵੇਂ ਨੂੰ
ਸੈਆਂ ਦਰਿਆਵਾਂ ਪਛਾਣਿਆਂ ਆ ਕੇ
ਤੇ ਲੱਖਾਂ ਸਾਲਾਂ ਦਾ ਰੰਗ ਚੜ੍ਹਿਆ
ਸੋਹਣੀ ਵਲ ਅੱਥਰੀ ਕਾਂਗ ਜਿਉਂ ਉਮ੍ਰਲਿਆ।

ਅਸਮਾਨ ਦੀਆਂ ਅੱਖਾਂ ਨੇ ਦੂਰ ਤੋਂ
ਸਾਰੀ ਧਰਤੀ 'ਚ ਸੋਹਣੀ ਦੇ ਜਿਸਮ ਨੂੰ ਵੇਖਿਆ।
ਝਨਾਂ ਦੇ ਇਕ ਇਕ ਵੇਸ 'ਤੇ
ਇਕ ਇਕ ਤਾਲ 'ਤੇ
ਸੋਹਣੀ ਦੇ ਬੁੱਤ ਦੀ ਚਾਂਦਨੀ ਵਿਛਦੀ,
ਜਿਵੇਂ ਇਸਰਾਈਲ ਦੇ ਪਰਬਤਾਂ ਦੀਵਾਰਾਂ 'ਤੇ
ਪੈਗ਼ੰਬਰਾਂ ਦੇ ਮੁਬਾਰਿਕ ਕਦਮ ਹੀ ਉਠਦਿਆਂ
ਅੰਗੂਰ ਦੀਆਂ ਵੇਲਾਂ ਦਾ ਹੁੱਲ ਕੇ ਉਲਰਣਾ।

ਭਰੇ ਨੈਣਾਂ ਦੇ ਨਾਲ ਆਖ਼ਰੀ ਵਾਰੀ
ਸੋਹਣੀ ਨੇ ਵੇਖਿਆ
ਗੁਜਰਾਤ ਦੀਆਂ ਸੁੱਤੀਆਂ ਗਲੀਆਂ ਨੂੰ—
ਬਦਲ ਬਦਲ ਵਹਿਣਾਂ ਜਿਉਂ ਚੜ੍ਹਦੀ
ਸੋਹਣੀ ਦੀ ਰੰਗਲੀ ਚੋਲੀ;
ਡੂੰਘੀਆਂ ਰਾਤਾਂ 'ਚ ਸੁੱਤੀਆਂ ਫ਼ਜਰਾਂ ਨੂੰ
ਮੁੜ-ਮੁੜ ਜਗਾਂਵਦੀ ਚੱਲੀ;
ਤਾਰਿਆਂ ਨੂੰ ਛੋਂਹਦੀਆਂ ਪੌਣਾਂ ਦੀ
ਜੁਆਨੀ ਨੇ ਕਹਿਰਾਂ ਦਾ ਜ਼ੋਰ ਘੱਤਿਆ!

ਸੋਹਣੀ ਸਖੀ ਅੱਜ ਪਿਆਰੀ
ਲੰਘੇ ਤੇ ਆਉਣ ਵਾਲੇ ਸਮਿਆਂ ਦੇ ਵਸਲਾਂ ਨੂੰ
ਲੰਘੇ ਤੇ ਆਉਣ ਵਾਲੇ ਸਮਿਆਂ ਦੇ ਹਿਜਰਾਂ ਨੂੰ
ਰੋ ਰੋ ਹੱਸ ਹੱਸ ਮਿਲਾਂਵਦੀ
ਨਵੀਆਂ ਹੀ ਸਿਖਰਾਂ 'ਤੇ।


WWW.SIKHBOOKCLUB.COM

ਪਾਰੇ ਦੀ ਅਤਿ ਮਹੀਨ ਕਿਰਨ ਤੋਂ ਪਿਆਸੀ
ਸੋਹਣੀ ਦੇ ਰੂਪ ਦੀ ਬਿਜਲੀ
ਝਨਾਂ ਦੀ ਕੁੱਲ ਪਿਆਸ ਤੋਂ ਨਿਰਮਲ ਜੋ
ਕੱਚਿਆਂ ਘਰਾਂ ਦੇ ਬੂਹਿਆਂ ਨੂੰ ਚੁੰਮਦੀ, ਪਲੋਸਦੀ।

ਸੋਹਣੀ ਦੇ ਨੈਣਾਂ ਦੀ
ਸ਼ਬਨਮ ਜੇਹੀ ਡਲ੍ਹਕਦੀ ਚੁੱਪ ਨਾਂਹ ਦੱਸਦੀ
(ਉਂਝ ਰਾਹ ਸਭ ਤੱਕਦੀ ਰਸਿਕ ਵੈਰਾਗ ਦੇ)
ਕਿ ਕੁੱਲ ਸਮਾਂ ਨਜ਼ਰ ਪਿਆ ਆਵੇ
ਕਿਹੜੇ ਮੁਕਾਮ ਤੋਂ ?
ਝਨਾਂ ਦੀਆਂ ਕਿਹੜੀਆਂ ਲਹਿਰਾਂ ਮਹਿਮਾਨ ਨੇ ਏਥੇ ?
ਧਰਤੀ ਦਾ ਮੋਹ ਕਿਸ ਅਬੋਲ ਵੇਦਨਾ 'ਚ ਕੰਬਦਾ ?
ਕਿਸ ਜੁਗ ਵਿਚ ਡਲ੍ਹਕ ਕੇ ਅੰਬਰ ਆਏ ਨੇ ਏਥੇ ?
ਹੁਸਨ ਦਾ ਨੇਮ ਕਿਹੜਾ
ਸਫ਼ਰ ਝਾਗ ਕੇ ਆਇਆ ਦੁਰੇਡੇ
ਕਿਸੇ ਨਕਸ਼, ਸਮੇਂ ਜਾਂ ਖ਼ਿਆਲ ਨੂੰ ਲੰਘ ਕੇ ?

ਗੁਜਰਾਤ ਦੀਆਂ ਪੌਣਾਂ ਨੂੰ ਮਿਲਦੀ ਤੇ ਵਿਛੜਦੀ
ਸੋਹਣੀ ਦੇ ਬੁੱਤ ਦੀ
ਵਣਾਂ ਦੀ ਛਾਂ ਤੋਂ ਵੀ ਸੰਘਣੀ ਛਾਂ ਨੂੰ
ਬਾਬਲ ਦੇ ਰੁੱਖਾਂ ਦੀਆਂ ਛਾਵਾਂ
ਦੂਰ ਤਕ ਪਿਆਰ ਦੇਣ ਲਈ ਆਈਆਂ।
ਪਿੱਛੇ ਗੁਜਰਾਤ ਦੀਆਂ ਗਲੀਆਂ ਵਿਹੜਿਆਂ ਉੱਤੇ
ਤਾਰਿਆਂ ਦੀ ਝਿੰਮ ਝਿੰਮ ਤੋਂ ਸੱਖਣੀ
ਮਜ਼ਾਰਾਂ ਦੀ ਚੁੱਪ ਛਾਈ;
ਕਰ ਰਿਹਾ ਇਸ ਸੁੰਞ ਨੂੰ ਹੋਰ ਵੀ ਡੂੰਘਾ
ਕਿਸੇ ਛਾਲੇ ਛਾਲੇ ਹੋਏ ਉਜੜੇ ਫ਼ਕੀਰ ਦਾ ਝੋਲਾ,
ਵੇਖਿਆ ਆ ਸੱਖਣੀ ਰਾਤ ਨੇ
ਕਿਧਰੋਂ ਆ ਬਲਖ-ਬੁਖਾਰੇ ਦਾ ਹੌਕਾ
ਖਿਜ਼ਾਵਾਂ ਦੀ ਮਾਰ ਕੇ ਮਗਰੀ
ਥਲਾਂ ਦਾ ਝੰਬਿਆ ਅਜਨਬੀ ਇਕੱਲਾ
ਗੁਜਰਾਤ ਦੀਆਂ ਗਲੀਆਂ 'ਚ ਪਾਂਵਦਾ ਫੇਰੀ,
ਸੁੰਞਾਂ ਹੀ ਸੁੰਞਾਂ ਵੇਖਦਾ,
ਆਪਣੇ ਹਰ ਕਦਮ ਨਾਲ
ਘਰਾਂ ਤੇ ਵਿਹੜਿਆਂ ਦੀਆਂ ਬੇਆਸਰਾ ਇਕੱਲਾਂ ਨੂੰ

ਬੀਆਬਾਨਾਂ ਤੋਂ ਲੰਮੀਆਂ ਕਰਦਾ
ਮਜ਼ਾਰਾਂ ਦੀ ਚੁੱਪ ਵਿਚ ਡੂੰਘਾ ਉਤਰਦਾ ਜਾਂਦਾ।

ਵਸਲ ਦੇ ਪਰਬਤ ਦੀਆਂ ਚੋਟੀਆਂ 'ਤੇ ਬਲਦੀਆਂ
ਤਾਰਿਆਂ ਦੀਆਂ ਵਿੰਗ ਵਲ ਖਾਂਦੀਆਂ
ਲੰਮੀਆਂ ਕਤਾਰਾਂ ਨੂੰ
ਸੋਹਣੀ ਨੇ ਨਜ਼ਰ ਭਰ ਵੇਖਿਆ।
ਝਨਾਂ ਦੇ ਬੇਲਿਆਂ ਤੋਂ 'ਵਾਜ ਕੋਈ ਸੁਣਦੀ
ਸਾਰੀ ਧਰਤ ਹੀ ਸੋਹਣੀ ਨੂੰ ਮਿਲਣ ਲਈ ਆਉਂਦੀ।
ਸੋਹਣੀ ਦੇ ਕਦਮਾਂ ਦੇ ਤਾਲ ਵਿਚ
ਝਨਾਂ ਦੇ ਵਹਿਣ ਮੁੜ ਮੁੜ ਪੈਲ ਕੋਈ ਪਾਉਂਦੇ!
ਭੈਅ ਦੀ ਪਤਲੀ ਤਰੰਗ 'ਤੇ
ਨੈਂ ਦਿਆਂ ਡੂੰਘਿਆਂ ਵਹਿਣਾਂ ਦਾ ਹੁਸਨ ਚਿਲਕੋਰਦਾ।
ਸੋਹਣੀ ਦੇ ਪਤਲਿਆਂ ਅੰਗਾਂ 'ਤੇ
ਪੁਰੇ ਦੀਆਂ ਵਗਦੀਆਂ ਪੌਣਾਂ ਦਾ ਭਾਰ ਪੈਂਦਾ।
ਦੱਸ ਨੀ ਨਾਰ ਨਵੇਲੀਏ
ਪਰੀਆਂ ਦੇ ਕਿਹੜੇ ਖੂਹ ਤੋਂ
ਤੂੰ ਅਕਾਸ਼ ਦੇ ਅੰਮ੍ਰਿਤ-ਘੜੇ ਨੂੰ ਚਾਇਆ,
ਜੋ ਵਗਦੀਆਂ ਪੌਣਾਂ 'ਤੇ ਡੁਲ੍ਹਦਾ, ਛਲਕਦਾ ਜਾਂਦਾ,
ਤੇਰਾ ਲੱਕ ਵਲ ਖਾਂਦਾ ਨਾਜ਼ਕ ਜੁਆਨੀਏ।

ਸੁੱਤੇ ਭੈਅ ਮਜ਼ਾਰਾਂ ਦੇ ਜਾਗ ਕੇ
ਨਾਗ ਵਾਂਗ ਸ਼ੂਕਦੇ, ਤਿਲਕਦੇ,
ਪੁਰੇ ਦੀਆਂ ਪੌਣਾਂ 'ਚ ਫਣ ਫੈਲਾਉਂਦੇ
ਸੋਹਣੀ ਦੇ ਰਾਹ ਨੂੰ ਡੱਕਦੇ,
ਮੁੜਦੇ ਨ ਹੱਟਦੇ!
ਪਰ ਪਤਾ ਨਹੀਂ ਕਿਹੜੀ ਕੁੰਟ ਚੋਂ ਹੰਝੂ ਉਮ੍ਹਲਦੇ
ਰੋ ਰੋ ਸਿਕ ਸਿਕ ਸੋਹਣੀ ਦੇ ਪੈਰਾਂ ਨੂੰ ਚੁੰਮ੍ਹਦੇ—
ਸੋਹਣੀ ਦੇ ਇਕ ਇਕ ਕਦਮ ਨਾਲ
ਹਜ਼ਾਰਾਂ ਸਾਲ ਉਹ ਦੁਖੀਆਂ ਦੇ ਬੀਤਦੇ।

ਧਰਤੀ ਨੇ 'ਵਾਜ ਮਾਰੀ
ਤੁਰ ਗਿਆਂ ਚਾਕਾਂ ਨੂੰ,
ਦੱਸੋ ਨ ਤੁਰ ਗਿਆਂ ਰਾਹੀਆਂ ਨੂੰ
ਕੌਣ ਵਾਸਤੇ ਪਾਉਂਦਾ?

ਮੋਰ ਕੂਕਦੇ ਝਨਾਂ ਦਿਆਂ ਬੇਲਿਆਂ ਅੰਦਰ,
ਦਰਿਆ ਦੀਆਂ ਲਹਿਰਾਂ ਨੂੰ
ਸਮਾਂ ਮਿਲਿਆ ਜਿਉਂ ਆਖ਼ਰੀ ਵਾਰੀ।
ਅੱਜ ਖ਼ਾਕ ਨੂੰ ਹਸਰਤ
ਅਸਮਾਨ ਤਕ ਬੋਲਣ ਦੀ,
ਅੱਜ ਦੀ ਰਾਤ ਧਰਤੀ ਤਾਰਿਆਂ ਤੀਕਨ
ਸੋਹਣੀ ਨੂੰ ਵੇਖਣਾ ਲੋਚੇ।

ਝਨਾਂ ਦੀਆਂ ਅਨੰਤ ਲਹਿਰਾਂ 'ਚ ਬੁੱਤ ਇੱਕੋ!
ਜਦ ਸਮਾਂ ਮੁੱਕਦਾ
ਆਖ਼ਰੀ ਸਫ਼ਰ ਦੀ ਮੰਜ਼ਿਲ 'ਤੇ
ਤਾਂ ਨਾਬੂਦ ਦੇ ਧੂੜ ਤੋਂ ਸੱਖਣੇ ਥਲਾਂ ਵਿਚ
ਹੁਸਨ ਦਾ ਬੁੱਤ ਇੱਕੋ!
ਹੋਰ ਕੁਝ ਵੀ ਨਾਂਹ!

ਸੋਹਣੀ ਦੇ ਹਰ ਇਕ ਤਾਲ ਨੂੰ
ਭੈਅ ਵਿਚ ਆਖ਼ਰੀ ਵਾਰੀ
ਝਨਾਂ ਦੀਆਂ ਲਹਿਰਾਂ ਨੇ ਥੰਮ੍ਹਿਆਂ;
ਪਰ ਮੌਤ ਦੇ ਸੱਖਣੇ ਅਸਗਾਹ ਵਿਚ
ਸੋਹਣੀ ਦੇ ਨੈਣਾਂ ਦੀਆਂ ਰਮਜ਼ਾਂ ਦਾ
ਅਸਮਾਨ ਦੇ ਕੁੱਲ ਪੈਂਡਿਆਂ ਤੋਂ ਸੋਹਣਾ
ਹਾਰ ਇਲਾਹੀ ਝਨਾਂ ਨੂੰ ਪਿਆਰਾ
ਨੂਰੋ ਨੂਰ ਇਸ਼ਕ ਦੇ ਗਲ ਵਿਚ ਪਾਉਣ ਲਈ,
ਵਜਦ ਦੀ ਤਿੱਖੀ ਵੰਗਾਰ ਉਤਰਦੀ ਜਾਂਦੀ
ਹੁਸਨ ਦੇ ਖ਼ਿਆਲ ਨੂੰ ਬੇਨਜ਼ੀਰ ਬਣਾਉਣ ਲਈ।

ਸ਼ਹਾਦਤ ਦੀ ਸਿਖਰ ਤੋਂ
ਇਕ ਗੁਮਨਾਮ ਜੇਹੀ ਹੇਕ ਸੁਣਦੀ
ਜੋ ਪੱਤਣਾਂ, ਬੇਲਿਆਂ, ਦੂਰ ਦੀਆਂ ਝੋਕਾਂ ਵਿਚ
ਸੋਹਣੀ ਦੇ ਤੁਰਨ ਤੋਂ ਸਦੀਆਂ ਪਿੱਛੋਂ ਦਾ
ਇਕ ਮਿੱਠਾ ਜੇਹਾ ਸੁਆਦ ਲਿਆਉਂਦੀ।
ਧੀਮੀ ਝਿੱਕੀ ਧਰਤ ਦੇ ਕੰਨਾਂ ਨੂੰ ਲੱਗਦੀ
ਧੂਹ ਪਾਉਂਦੀ
ਪਤਲੀ ਬਰੀਕ ਰਮਜ਼ ਵਿਚ ਕੂੰਦੀ;
ਸਦੀਆਂ ਪਿੱਛੋਂ ਵਣਾਂ ਦੀਆਂ ਭੁੱਲੀਆਂ ਡੰਡੀਆਂ ਉੱਤੇ।
ਅਛੋਪਲੇ ਮਾਸੂਮ ਦੀਵੇ ਜਗਾਉਂਦੀ
ਸੋਹਣੀ ਜਾ ਰਹੀ ਦੇਸ ਬਿਗਾਨੜੇ।


WWW.SIKHBOOKCLUB.COM

ਉਹ ਰਾਹ ਜੋ ਮਹੀਂਵਾਲ ਨ ਵੇਖੇ
ਸੋਹਣੀ ਨਜ਼ਰਾਂ ਦੇ ਜ਼ੋਰ ਨਾਲ
ਮਹੀਂਵਾਲ ਨੂੰ ਓਥੇ ਹੀ ਲਿਆਉਂਦੀ।
ਹੇਕ ਮਿੱਠੀ ਹਰੀ ਲਗਰ ਜਿਉਂ ਝੁਕਦੀ
ਕਦੇ ਆਪਣੀਆਂ ਜੁ ਸਨ
ਪਰ ਅੱਜ ਪਰਦੇਸਨਾਂ ਰਾਹਾਂ 'ਤੇ।

ਚੰਨਾਂ ਸੂਰਜਾਂ ਤਾਰਿਆਂ ਦੀਆਂ ਹੱਦਾਂ ਵਿਚ
ਸੋਹਣੀ ਦੇ ਹੁਸਨ ਦਾ ਖ਼ਿਆਲ ਪਲਦਾ
ਜੀਣ ਥੀਣ ਦੇ ਨਸ਼ਿਆਂ ਦੇ ਖ਼ਾਬਾਂ ਨੂੰ ਲੈ ਕੇ
ਜਿੱਥੋਂ ਦੀਪ ਕੋਈ ਛੁਪ ਛੁਪ ਉਤਰਦਾ,
ਤੇ ਰਾਹ ਵਖਾਉਂਦਾ ਜਗਾ ਕੇ ਧਰਵਾਸ ਦੇ
ਵਣਾਂ ਦੇ ਉਦਾਸ ਰੁੱਖਾਂ ਦੇ ਹੇਠ ਸੁੱਤੀਆਂ
ਬੇਘਰ ਹਾਰੀਆਂ ਨਸਲਾਂ ਨੂੰ।

ਕਦੇ ਕਦੇ ਰਾਤ ਦੇ ਕੋਟਾਂ ਤੋਂ ਭਾਰੀ
ਹੌਲ ਤੋਂ ਅੱਗੇ,
ਗੁਆਚੇ ਬੇ ਰੌਣਕ ਕਾਫ਼ਲੇ ਵੇਖਦੇ
ਵੀਰਾਨੀਆਂ 'ਚ ਖੜੀ
ਕੱਪਰਾਂ ਨਾਲ ਖੇਡਦੀ ਸੋਹਣੀ ਨੂੰ,
ਜੋ ਲਹਿਰਾਂ ਨੂੰ ਮੁਸਕਾਨ ਨਾਲ ਪਿੱਛੇ ਹਟਾਂਦੀ।

ਥਲਾਂ ਦਾ ਅੰਤ ਨਾਂਹ!
ਕਦੇ ਕਦੇ ਹੀ ਦਿਸਦੀ, ਪਲੋ ਪਲੋ ਛਿਪਦੀ,
ਸੋਹਣੀ ਦੇ ਪੈਰਾਂ 'ਚ ਫ਼ਜਰਾਂ ਦੀ ਕੂਲ ਕੋਈ ਵਗਦੀ।
ਪਲ ਕੁ ਤੱਕਦੀ, ਕੌਣ ਜਾਣੇ ?
ਨਦੀਆਂ ਦੇ ਕੰਢਿਆਂ 'ਤੇ ਰੋਂਦੀਆਂ ਮਾਵਾਂ ਗਲ
ਕਦੇ ਕਦੇ ਪੈਂਦੀਆਂ ਭਾਰੀ ਮੋਹ ਦੀਆਂ ਬਾਹਾਂ।

ਸੋਹਣੀ ਦੀ ਕੂਕ ਨੇ
ਧੂਹ ਪਾਈ ਸੁਪਨਿਆਂ ਅੰਦਰ,
ਤਾਂ ਸਦੀਆਂ ਪਿੱਛੋਂ ਝਨਾਂ ਦਿਆਂ ਪੱਤਣਾਂ 'ਤੇ
ਸੌਦਾਗਰਾਂ ਦੇ ਵੇਸ ਵਿਚ
ਮਲਾਹਾਂ ਦੀਆਂ ਸੈਆਂ ਟੋਲੀਆਂ ਆਈਆਂ;
ਜਾਂ ਉਹ ਵਹਿਣ ਤੋਂ ਘੁੰਡ ਲਾਹੁਣ ਲਈ ਝੁਕੀਆਂ
ਜਿਹਨਾਂ 'ਚ ਬਲ ਬਲ ਪੈਂਦੇ ਟੂਣੇ ਹਜ਼ਾਰਾਂ
ਸੋਹਣੀ ਦੀਆਂ ਟੂਣੇਹਾਰਣਾਂ ਵਾਟਾਂ ਦੇ;


WWW.SIKHBOOKCLUB.COM

ਤਾਂ ਮਲਾਹਾਂ ਦੀਆਂ ਟੋਲੀਆਂ
ਉਹ ਸਿਦਕੀ ਵਾਟਾਂ ਤੱਕ ਨ ਸਕੀਆਂ,
ਬੇਹੋਸ਼ ਹੋਈਆਂ
ਜਾਦੂਗਰ ਝਨਾਂ ਦਿਆਂ ਪੱਤਣਾਂ 'ਤੇ।
ਸ਼ਹਾਦਤਾਂ ਦੀ ਸਿਖਰ ਤੋਂ
ਇਕ ਗੁਮਨਾਮ ਜੇਹੀ ਹੇਕ ਸੁਣਦੀ!

ਸ਼ਹਾਦਤ ਦੀ ਸਿਖਰ 'ਤੇ
ਸਦੀਆਂ ਧੂੜ ਬਣ ਉੱਠੀਆਂ
ਥਲ ਅੱਗੇ ਨ ਪਿੱਛੇ, ਹੇਠਾਂ ਨ ਉੱਪਰ,
ਕੁਝ ਵੀ ਨਾਂਹ, ਬਸ ਇੱਕੋ ਹੀ
ਸੋਹਣੀ ਦੇ ਪੈਰਾਂ ਦੀ ਥਰਥਰਾਹਟ
ਪਾਵਨ ਖੰਭ ਤੋਂ ਸੂਖਮ ਨੂਰਾਨੀ
ਝੱਖੜ ਦੇ ਸੀਨੇ 'ਚ ਰੋਸ਼ਨੀ ਕਰਦੀ।

ਸੋਹਣੀ ਝਨਾਂ ਵੱਲ ਚੱਲੀ!
ਸੁਣੀਂ ਸੁਣੀਂ ਤੂੰ ਧਰਤ ਪਿਆਰੀਏ,
ਸ਼ਹਾਦਤ ਦੀ ਸਿਖਰ 'ਤੇ
ਕੂੰਜਾਂ ਦੇ ਉਡਣ ਦਾ ਵੇਲਾ।
ਸਦੀਆਂ ਏਧਰ ਨ ਓਧਰ,
ਅਕਾਸ਼ ਦੂਰ ਨ ਨੇੜੇ,
ਬਸ ਸੋਹਣੀ ਦਾ ਬੁੱਤ ਸੁਹਾਣਾ
ਇੱਕੋ ਇਕ ਕਿਸੇ ਅਕਾਸ਼ ਦਾ ਬੱਦਲ।
ਕਿੱਥੇ ਅਕਾਸ਼? ਇਹ ਨਜ਼ਰ ਨ ਜਾਣੇ।

—3—

ਕਿਤੇ ਦੂਰ! ਕਾਲ ਦਾ ਸਿੰਘ ਗਰਜਦਾ
ਸਾਲਾਂ ਦੇ ਸਾਲ ਬ੍ਰਿਛਾਂ ਜਿਉਂ ਢੱਠਦੇ;
ਅਸਮਾਨ ਦੇ ਤਾਰਿਆਂ-ਜੜੇ ਪਰਬਤ 'ਤੇ
ਝੱਖੜਾਂ ਦੀ ਛਲ ਵੱਜਦੀ ਵੱਜਦੀ
ਕੁਝ ਤੋੜ ਕੇ ਪੰਜਾਬ ਵੱਲ ਆਈ,
ਤੇ ਸੋਹਣੀ ਨੂੰ ਘੇਰਿਆ ਚਾਰ ਚੁਫੇਰਿਉਂ।
ਕਹਿਰਾਂ ਦੀ ਰਾਤ ਵਿਚ
ਜ਼ੋਰਾਵਰ ਸਮਾਂ ਸੋਹਣੀ ਨੂੰ ਹੋੜਦਾ,


WWW.SIKHBOOKCLUB.COM

ਝਨਾਂ ਦੇ ਪੱਤਣ ਤਕ
ਮਾਰੂਥਲਾਂ ਦੀਆਂ ਅਣਗਿਣ ਜ਼ੰਜੀਰਾਂ ਤਾਣਦਾ।

ਸੋਹਣੀ ਨੂੰ ਕੌਣ ਮੋੜੇ
ਉਹ ਜਾ ਰਹੀ ਝੱਖੜਾਂ ਦੇ ਸੀਨੇ 'ਤੇ
ਵਜਦ ਦੀ ਬਿਜਲੀ ਜਿਉਂ ਵੱਜਦੀ—
ਕਾਲ ਦੇ ਸੰਘਣੇ ਵਣਾਂ ਵਿਚ
ਸ਼ੀਂਹ ਵਾਂਗ ਬੁੱਕਦੇ ਝੱਖੜਾਂ ਨੂੰ
ਹੌਲ ਪਾਉਂਦੀ ਮਹੀਂਵਾਲ ਦੇ ਨਾਮ ਦਾ।
ਇਸ਼ਕ ਦੀ ਤਾਣ ਨਾਜ਼ਕ ਚੁੰਧਿਆਉਂਦੀ ਚੁਫ਼ੇਰੇ
ਪਤਾਲ ਤਕ ਅੰਬਰ ਦੀ ਭਿੰਨੀ ਨਜ਼ਰ ਨੂੰ ਖਿੱਚਦੀ।
ਛੋਹ ਕੇ ਮਲੂਕ ਜਿੰਦੜੀ ਦਾ ਪੱਲੂ
ਝੱਖੜ ਮਹੀਂਵਾਲ ਦੀ ਖ਼ੁਸ਼ਬੋ ਨਾਲ ਲੱਦੇ।
ਸੋਹਣੀ ਚਾਨਣੀ ਦੀ ਨਾਜ਼ਕ ਤਾਰ ਕੋਈ
ਕੁਝ ਅਸਮਾਨਾਂ ਦੀਆਂ ਬਿਜਲੀਆਂ ਪੀ ਕੇ
ਤੂਫ਼ਾਨਾਂ ਨੂੰ ਜਿਸਮ ਦੀ ਕੂਲੀ ਖ਼ੁਸ਼ਬੋ ਵਿਚ ਬੰਨ੍ਹਦੀ,
ਦੂਰ ਦੂਰ ਤਕ ਪਤਾ ਨਹੀਂ ਕਿੱਥੇ
ਮਹੀਂਵਾਲ ਨੂੰ ਵਲਦੀ
ਬਾਹਾਂ ਦੀ ਤੇਜ਼ ਚਾਂਦਨੀ ਨੱਸਦੀ।

ਇਸ਼ਕ ਦਾ ਜ਼ੋਰ ਪਿਆ
ਤਾਂ ਤੂਫ਼ਾਨਾਂ 'ਚ ਉਡਦੀਆਂ ਆਈਆਂ
ਅਹੱਲਿਆ ਵਾਂਗ ਭੁੱਲੀਆਂ ਗੁਮਨਾਮ ਸਿੱਪਾਂ,
ਜੋ ਉਮਰ ਦੇ ਖ਼ਾਲੀ ਸੱਖਣੇ ਪੈਂਡਿਆਂ ਉੱਤੇ
ਬੇਜਾਨ ਸਰਾਪੇ ਨ੍ਹੇਰਾਂ 'ਚ ਲੇਟੀਆਂ।
ਵੇਖੇਂ ਨ ਧਰਤੀਏ,
ਸਿੱਪਾਂ 'ਚ ਸ੍ਵਾਂਤ ਬੂੰਦ ਦੇ ਹੜ੍ਹ ਆਏ।
ਸੱਚਮੁਚ ਸੋਹਣੀ ਦੀ ਛੋਹ ਦਾ
ਲੱਖਾਂ ਸਾਲਾਂ ਤੋਂ ਮੀਂਹ ਪਿਆ ਬਰਸਦਾ!

ਸੋਹਣੀ ਨੇ ਘੜਾ ਚਾਇਆ
ਜਿਸਦੀਆਂ ਧੀਮੀਆਂ ਲੁਕਵੀਆਂ ਲਕੀਰਾਂ 'ਤੇ
ਤਕਦੀਰਾਂ ਸੂਰਜਾਂ ਦੇ ਚੜ੍ਹਣ-ਛਿਪਣ ਜਿਉਂ ਘੁੰਮਦੀਆਂ।
ਪਰ ਸੋਹਣੀ ਦੇ ਵਸਲ ਦਾ ਪੱਤਣ ਨਾ ਕਿਤੇ ਵੀ
ਘੜੇ ਨੇ ਜੋਬਨ ਇਸ਼ਕ ਦੀ ਕਾਂਗ ਨ ਝੱਲਣੀ।


WWW.SIKHBOOKCLUB.COM

ਕਾਲ ਦੇ ਕੱਪਰ ਕੰਬਦੇ
ਇਸ਼ਕ ਦੀਆਂ ਬਾਹਾਂ ਦਾ ਆਰ-ਪਾਰ ਨਾਂਹ।
ਸੀਨੇ ਦੇ ਹੜ੍ਹਾਂ ਨਾਲ ਪੱਤਣ ਟੁੱਟਦੇ
ਕਿੱਥੇ ਕੁ ਮਹੀਂਵਾਲ ਦੀ ਕੁੱਲੀ?
ਉਡੀਕਾਂ ਦੇ ਭਾਂਬੜ ਨੇ ਕਿੱਥੇ ਕੁ ਉੱਠਣਾ?

ਸੋਹਣੀ ਨੇ ਭਰੇ ਝਨਾਂ ਨੂੰ ਵੇਖਿਆ
ਪਾਰ ਤਕ ਸੋਹਣੇ ਨੈਣ ਉਡਾਰੀਆਂ ਮਾਰਦੇ,
ਕਹਿਕਸ਼ਾਂ ਵਰਗੇ ਲੱਕ ਨੂੰ
ਲਹਿਰਾਂ 'ਚ ਲਹਿਰ ਕਰਦੀ
ਆਖ਼ਿਰ ਠਿਲ੍ਹ ਪਈ ਚੜ੍ਹੇ ਪਾਣੀਆਂ ਅੰਦਰ।
ਤਾਂ ਕੁੱਲ ਝਨਾਂ ਵਿਚ ਕੰਬਨੀ ਧਾਈ,
ਪਰਬਤਾਂ ਤੇ ਸੁੱਤੀਆਂ ਝੀਲਾਂ ਵਿਚ
ਹੰਸਾਂ ਜਾਗ ਜਾਗ ਅੰਬਰ ਨੂੰ ਵੇਖਿਆ।
ਝਨਾਂ ਦੀਆਂ ਕੁੱਲ ਡੂੰਘਾਣਾਂ ਵਿਚ
ਤਾਂਘਾਂ ਦੇ ਖੰਭ ਫੜਕਦੇ
ਚਾਅ ਵਿਚ ਸਿੱਪੀਆਂ ਗੋਤੇ ਖਾਂਦੀਆਂ
ਮੋਤੀਆਂ ਦੇ ਜੋਬਨ 'ਚ ਡੁਲ੍ਹਦੀਆਂ
ਪਰ ਝਨਾਂ ਦੀ ਹਾਥ ਨ ਆਵੇ।
ਹੰਸਾਂ ਦੇ ਖੰਭ ਦਰਮਾਂਦੇ
ਡੂੰਘਾਣਾਂ ਤੋਂ ਅੱਗੇ ਹੋਰ ਡੂੰਘਾਣਾਂ!
ਸੋਹਣੀ ਦੇ ਸਿਦਕ ਦੇ ਚੜ੍ਹੇ ਪਾਣੀਆਂ
ਦੇਣੇ ਹਿਸਾਬ ਨੇ ਕਿਸੇ ਹੋਰ ਹੀ ਪੱਤਣ।

ਸੋਹਣੀ ਦੇ ਜੋਬਨ ਦੀ
ਛੁਹ-ਅਣਛੁਹ ਵਿਚ ਥਰਕਦਾ
ਕਾਂਗਾਂ ਵਿਚ ਗੂੰਮਦਾ ਤੇ ਚੜ੍ਹਦਾ
ਝਨਾਂ ਪਿਆ ਵਗਦਾ, ਵਕਤ ਤੋਂ ਅੱਗੇ।
ਲਹਿਰਾਂ 'ਚ ਲਹਿਰ ਸੋਹਣੀ ਦੀ ਜਾਨ ਨ ਹੰਭਦੀ,
ਪਰਬਤਾਂ ਬੇਲਿਆਂ ਸਮੁੰਦਰਾਂ ਤੀਕਨ
ਝਨਾਂ ਨੂੰ ਸੋਹਣੀ ਦੇ ਇਸ਼ਕ ਦੀ ਰੌਸ਼ਨੀ ਵਲਦੀ।
ਅੰਬਰ ਧਰਤ ਦੇ ਨਿਆਰੇ ਵੇਸਾਂ ਤੋਂ ਨਿਆਰਾ
ਸੋਹਣੀ ਦਾ ਹੁਸਨ ਹੋਰ ਥਾਂ ਵੇਖਣ ਲਈ
ਝਨਾਂ ਦੇ ਵਹਿਣ ਪਏ
ਹਸ਼ਰਾਂ ਦੀ ਅੱਗ ਤਕ ਨੱਚਦੇ।


WWW.SIKHBOOKCLUB.COM

ਬੀਆਬਾਨਾਂ 'ਚ ਉੱਠਦੀ
ਅਜ਼ਾਨ ਦੇ ਸੋਜ਼ ਤੋਂ ਮਿੱਠੀ
ਸੋਹਣੀ ਦੀ ਛੋਹ ਨੇ
ਮਹੀਂਵਾਲ ਦੀ ਸਿੱਕ ਵਿਚ
ਡੋਬ ਦਿੱਤੇ ਝਨਾਂ ਦੇ ਵਹਿਣ ਲਾਸਾਨੀ।

ਠਾਠਾਂ ਮਾਰਦੇ ਝਨਾਂ ਤੋਂ
ਸੋਹਣੀ ਦੀ ਪਿਆਸ ਵੱਡੀ
ਇਸ਼ਕ ਦੀ ਅੱਗ ਦੇ ਜੋਬਨ ਨੇ
ਅਨੰਤ ਲਹਿਰਾਂ ਨੂੰ ਰੰਗਿਆ।
ਧਰਤੀ ਤੇ ਅੰਬਰ ਦੀ ਚਾਦਰ ਨੂੰ ਚੀਰ ਕੇ
ਸੋਹਣੀ ਦਾ ਤਨ ਇਕ ਪਲ
ਆਖ਼ਰੀ ਹਨੇਰੇ ਨੂੰ ਰੌਸ਼ਨ ਕਰਨ ਲਈ
ਸਮੇਂ ਦੀ ਆਖ਼ਰੀ ਹੱਦ ਤਕ ਲਰਜ਼ਿਆ।
ਝਨਾਂ ਦੀਆਂ ਲਹਿਰਾਂ ਦੀ ਪੀਂਘ ਚੜ੍ਹਦੀ
ਜ਼ਿੰਦਗੀ-ਮੌਤ ਦੀਆਂ ਛਾਵਾਂ ਤਕ।
ਸੋਹਣੀ ਵਕਤ ਦੇ ਆਖ਼ਰੀ ਜਾਮ ਨੂੰ ਚੁੱਕੀ
ਲਹਿਰਾਂ ਦੀ ਪੀਂਘ ਦੀ ਝੋਲ ਵਿਚ ਬੈਠੀ।
ਘੜਾ ਖੁਰਿਆ
ਕਸੁੰਭੜੇ ਦੇ ਰੰਗ ਦੀ ਬਾਤ ਮੁੱਕੀ!
ਝਨਾਂ ਦੇ ਸਭ ਪੱਤਣਾਂ ਤੋਂ
ਓਹਲੇ ਦੇ ਕਿਸੇ ਪੱਤਣ 'ਤੇ
ਝਨਾਂ ਤੋਂ ਵੱਡੀਆਂ ਪਿਆਸ ਦੀਆਂ ਬਾਹਾਂ ਵਿਚ
ਮਹੀਂਵਾਲ ਨੂੰ ਮਿਲ ਕੇ, ਘੁੱਟ ਕੇ,
ਸੋਹਣੀ ਨੇ ਖੋਰ ਦਿੱਤਾ ਤਕਦੀਰਾਂ ਦੇ ਰੰਗ ਨੂੰ।

ਸੱਸੀ ਦੇ ਥਲਾਂ ਤੋਂ ਪਾਰ
ਇਕ ਬਾਗ਼ ਵਿਚ ਮੋਰਾਂ ਨੂੰ ਕੂੰਜਾਂ ਨੇ ਦੱਸਿਆ
ਕਿ ਕਹਿਰਾਂ ਦੀ ਰਾਤ ਨੂੰ
ਸੋਹਣੀ ਮਹੀਂਵਾਲ ਨੂੰ ਕੂਕਦੀ ਕੁਰਲਾਂਦੀ
ਦੂਰ ਝਨਾਂ ਦੀਆਂ ਲਹਿਰਾਂ 'ਚ ਡੁੱਬ ਮੋਈ।
ਤਾਂ
ਅਸਮਾਨ ਦੇ ਖੂਹੇ ਤੋਂ
ਚੰਨਾਂ ਤਾਰਿਆਂ ਨੂੰ ਪਾਣੀ ਪਿਲਾਂਦੀਆਂ

WWW.SIKHBOOKCLUB.COM

ਸਦੀਆਂ ਨੇ ਫ਼ਜਰਾਂ ਦੀ ਮਣ ਤੋਂ
ਝੁਕ ਕੇ ਧਰਤ ਵੱਲ ਵੇਖਿਆ;
ਤੇ
ਪੱਕੀਆਂ ਪੀਲੂਆਂ ਦੀ ਰੁੱਤੇ
ਵਣਾਂ ਦੀ ਛਾਂ ਵਿਚ ਬੈਠੀਆਂ
ਨਾਰਾਂ ਦੇ ਕੰਨ ਵਿਚ ਆਖਿਆ:
ਕਿ ਮਹੀਂਵਾਲ ਨੂੰ ਯਾਦ ਕਰਦੀ
ਸੋਹਣੀ ਆਪਣੀ ਪਿਆਸ ਵਿਚ ਮੋਈ।

*(ਡੱਫ਼ਰ—24-6-1980)*

•


WWW.SIKHBOOKCLUB.COM

# 20

# ਮਿਰਜ਼ੇ ਦੀ ਨੀਂਦ

## —1—

## ਗ਼ਾਜ਼ੀ ਖ਼ਾਨ ਦੇ ਟੋਭੇ 'ਤੇ

ਟੋਭੇ ਗ਼ਾਜ਼ੀ ਖ਼ਾਨ ਦੇ, ਸਿਖਰ ਦੁਪਹਿਰ ਦੀ ਹੂਰ
ਵਾਗਾਂ ਸਮਿਆਂ ਵਾਲੀਆਂ, ਖਿੱਚ ਰਹੀ ਵੱਲ ਨੂਰ।

ਬ੍ਰਿਛਾਂ ਦੀ ਛਾਂ ਲਰਜ਼ਦੇ, ਦਿਲਾਂ ਦੇ ਸੈਅ ਦਰਿਆ
ਉੱਡਦੇ ਜਾਂਦੇ ਪੰਛੀਆ! ਬੂਰ ਖਿੜੇ ਕਿਉਂ ਦੂਰ?

ਲੰਮੀ ਤੈਂਡੀ ਜ਼ੁਲਫ਼ ਤੋਂ, ਲੰਮੀ ਕਿਤੇ ਝਨਾਂ
ਟਾਪ ਸੁਣੀ ਜੋ ਦਿਲੇ ਨੇ, ਕਿਥੇ ਕੁ ਉਸਦੀ ਧੂੜ?

ਜੋਬਨ ਰੁਕਿਆ ਨ ਰੁਕੇ, ਖੁਰ ਖੁਰ ਜਾਵਣ ਤੂਰ
ਸੁਣ! ਕਨਿਆਨ ਦੀ ਵਾਟ 'ਤੇ, ਅਸੀਂ ਬੜੇ ਮਜਬੂਰ।

ਬੇਲਿਆਂ ਦੀ ਜਿੰਦ ਘੁੱਟਦਾ, ਅਜ ਨਵੇਲਾ ਮੋਹ
ਮਹਿਕ ਨ ਕੁਝ ਵੀ ਦੱਸਦੀ, ਆਪ ਨ ਆਵੇ ਬੂਰ।

ਅਸਮਾਨਾਂ ਨੂੰ ਚੀਰਦਾ, ਖੰਭ ਪੁਰਾਣਾ ਕੋ
ਸਾੜ ਨ ਸਕੀਆਂ ਬਿਜਲੀਆਂ, ਨਜ਼ਰੀਂ ਬਾਲ ਸਰੂਰ।

ਟੋਭੇ ਗ਼ਾਜ਼ੀ ਖ਼ਾਨ 'ਤੇ, ਸਖੀਆਂ ਰਹੀਆਂ ਝੂਰ
ਨੀਲੀ ਦੇ ਅਸਵਾਰ ਨੂੰ, 'ਵਾਜ ਨ ਦੇਵੇ ਹੂਰ!

"ਨਾਂਹ ਝੁਰੋ ਹਮਜੋਲੀਓ, ਅਜੇ ਨਸੀਬ ਦੀ ਲੋਅ,
ਹੁਜਰੇ ਸ਼ਾਹ ਮੁਕੀਮ ਦੇ, ਮੈਂ ਹੋਈਆਂ ਮਨਜ਼ੂਰ।

"ਹਿੱਕ ਦੀਂਹ ਕੰਧੀ ਨਦੀ ਜਿਉਂ, ਖੁਰਣ ਤੱਤੀ ਦੇ ਲੇਖ
ਵਰ੍ਹਦੀ ਅਜੇ ਝਨਾਂ ਦੀ, ਸਿਰ ਮੇਰੇ 'ਤੇ ਭੂਰ।"

ਟੋਭੇ ਗ਼ਾਜ਼ੀ ਖ਼ਾਨ ਦੇ, ਸਿਖਰ ਦੁਪਹਿਰ ਦੀ ਹੂਰ
ਵਾਗਾਂ ਸਮਿਆਂ ਵਾਲੀਆਂ, ਖਿੱਚ ਰਹੀ ਵੱਲ ਨੂਰ।



WWW.SIKHBOOKCLUB.COM

—2—

## ਸਾਹਿਬਾਂ ਦੀ ਝਲਕ ਉੱਤੇ ਮਿਰਜ਼ੇ ਦਾ ਪਿਆਰ-ਵਜਦ

ਘੁੰਮ ਘੁੰਮ ਹਵਾ ਦੀ ਬਾਂਹ ਪੈਂਦੀ,
ਗਲ ਵਣ-ਬੇਲੇ ਹਰ ਥਾਂ ਪੈਂਦੀ।

ਕੰਬ ਨੀਲੀ ਦੇ ਅਸਵਾਰ ਕਿਹਾ :
"ਅੱਜ ਕਹਿਰਾਂ ਭਰੀ ਝਨਾਂ ਪੈਂਦੀ।

"ਨਾਂਹ 'ਹਾਂ' ਤੇ 'ਨਾਂਹ' ਦਾ ਭੇਦ ਰਿਹਾ,
ਇਸ ਵਾਟ 'ਤੇ ਜਿੰਦੜੀ ਜਾਂ ਪੈਂਦੀ।

"ਕੀ ਨਜ਼ਰਾਂ ਸਾਹਮੇ ਨਾਰ ਕੋਈ,
ਜਾਂ ਹਰੀ ਝਨਾਂ ਦੀ ਛਾਂ ਪੈਂਦੀ।

"ਸੰਗ ਤੀਰਾਂ ਟੁਟ ਟੁਟ ਜਾਂ ਪੈਂਦੀ।
ਔਹ ਟੋਭੇ ਗ਼ਾਜ਼ੀ ਖ਼ਾਂ ਪੈਂਦੀ।

"ਚੜ੍ਹ ਚੜ੍ਹ ਕੇ ਕਲਵਲ ਥਲ ਪੈਂਦੇ,
ਰੋਹ ਭਰੀ ਲਾਸ ਜਿਉਂ ਨਾਂਹ ਪੈਂਦੀ।

"ਘਿਰ ਜਿੰਦ ਦੁਪਹਿਰੀਂ ਗੋਰਾਂ ਵਿਚ,
ਰੋ ਥੱਕ ਵਾਂਗ ਫਰਵਾਂ ਪੈਂਦੀ।

"ਕਦੇ ਕੂਲੀ ਠੰਢੀਆਂ ਫ਼ਜਰਾਂ ਤੋਂ,
ਕੰਨ ਸਬਜ਼ ਬਿਰਖ ਜਿਉਂ ਹਾਂ ਪੈਂਦੀ।

"ਮੈਂ ਗ਼ਾਜ਼ੀ ਸਿਖਰ ਦੁਪਹਿਰਾਂ ਦਾ,
ਮੇਰੇ ਤੀਰ 'ਤੇ ਕਾਲ ਦੀ ਛਾਂ ਪੈਂਦੀ।

"ਕਿਸੇ ਸ਼ਬਨਮ ਨਾਲ ਝਨਾਂ ਖੇਡੇ,
ਬਲ ਬਿਜਲੀ ਵਿਚ ਜ਼ਬਾਂ ਪੈਂਦੀ।

"ਉਡ ਘੋਰ ਪਤਾਲ ਚੋਂ ਮਣੀ ਕੋਈ
ਲਸ ਨਾਗ ਵਾਂਗ ਅਸਮਾਂ ਪੈਂਦੀ।"

ਘੁੰਮ ਘੁੰਮ ਹਵਾ ਦੀ ਬਾਂਹ ਪੈਂਦੀ,
ਗਲ ਵਣ-ਬੇਲੇ ਹਰ ਥਾਂ ਪੈਂਦੀ।



WWW.SIKHBOOKCLUB.COM 

## —3—

## ਸਾਹਿਬਾਂ ਦੇ ਮਿਰਜ਼ੇ ਦੀ ਝਲਕ ਪਿੱਛੋਂ ਉਠਦੇ ਦਿਲ ਦੇ ਜਜ਼ਬਾਤ

ਜਿੰਦੜੀ ਉੱਤੇ ਥਰਕਦੇ, ਤਿਰਕਾਲਾਂ ਦੇ ਪੈਰ।
ਲੰਮੀਆਂ ਨਦੀਆਂ ਲੰਘਦੇ, ਜਾਂ ਆਪਣੇ ਜਾਂ ਗੈਰ।

ਧੂੜ ਥਲਾਂ ਦੀ ਵੇਖਦੀ, ਖੀਵੇ ਖ਼ਾਂ ਦੀ ਧੀ।
ਸੋਹਣੇ ਵਹਿਣ ਝਨਾਂ ਦੇ, ਸਮਾਂ ਨ ਜਾਵੇ ਪੀ।

ਪੈੜ ਦੇ ਵਾਂਗੂ ਮਿਟੇਗੀ, ਚੰਨ-ਸੂਰਜ ਦੀ ਲੋਅ;
ਉਡਦੇ ਬਾਜ਼ ਨੂੰ ਮਾਰਸੀ, ਥਲ-ਲਸ਼ਕਰ ਦਾ ਰੋਹ।

ਜੰਗਲ ਗੋਰਾਂ ਵਾਲੜੇ, ਨ ਮੰਗੂ ਦੀ ਪੈੜ।
ਇਸ ਜੂਹ ਵਿਚ ਵੀ ਮੰਗਦਾ, ਕੌਣ ਕਿਸੇ ਦੀ ਖ਼ੈਰ ?

ਚੋਗਾ ਚੁਗਦੇ ਪੰਖਣੂ, ਸੁਣੀ ਕਿਤੋਂ ਕੰਨਸੋਅ।
ਚਰਦੇ ਮੰਗੂ ਵੇਖਦਾ, ਡੂੰਘਾ ਧਰ ਦਾ ਮੋਹ।

ਜੋਬਨ ਦੀ ਜੂਹ ਧਰਤ ਨੇ, ਭੇਦ ਦਿੱਤੇ ਲਖ ਖੋਲ੍ਹ।
ਸਾਹਿਬਾਂ ਰੂਹ ਦਰਿਆ ਦੀ, ਬੇਲੇ ਹੁੱਲਿਆ ਬੋਲ।

ਦਾਵਾ ਅਗਨ ਦੇ ਖੰਭ 'ਤੇ, ਕੂਕ ਚੜ੍ਹੀ ਖ਼ੁਸ਼ਬੋ।
ਧਰਤ ਦੀ ਸ਼ਬਨਮ ਆਖ਼ਰੀ, ਚੁਕਦੇ ਝੱਖੜ ਰੋ।

ਆਗਾਸਾਂ ਆਗਾਸ ਤਕ, ਜਿਸ ਮਾਂਝੀ ਦੀ ਹੇਕ
ਸੰਢ ਨੂੰ ਉਸ ਦੇ ਕੌਲ ਦੀ, ਮਿਟ ਨ ਜਾਵੇ ਰੇਖ।

ਆਗਾਸਾਂ ਆਗਾਸ ਤਕ, ਸੰਢ ਦੀ ਗਿਮਝਿਮ ਵਾਟ।
ਤੁਰਦੇ ਜਾਂਦੇ ਕਾਫ਼ਲੇ, ਚੁੱਕ ਹਿਜਰਾਂ ਦੀ ਰਾਤ।

ਰਾਤ ਪਈ ਵਿਚ ਬੇਲੜੇ, ਸੁਪਨਿਆਂ ਦੇ ਵਿਚ ਰੁੱਖ
ਦਸਦੇ ਪਏ ਝਨਾਂ ਨੂੰ, ਆਪਣੇ ਆਪਣੇ ਦੁੱਖ।

ਸੈ ਚਰਖਾਂ ਦੇ ਮਿਟਣ ਦੀ, ਪੱਤ ਪੱਤ ਦੇ ਵਿਚ ਪੀੜ।
ਭੈਅ ਵਿਚ ਦਹਿਰ ਨੇ ਤੋੜਦੇ, ਤਾਰਿਆਂ ਦੀ ਜ਼ੰਜੀਰ।

ਟਹਿਣੀ ਸੁੱਤੇ ਪੰਖਣੂ, ਹੇਠ ਵਗਣ ਦਰਿਆ।
ਕਦੋਂ ਕੁ ਤੀਕਰ ਦਿਸਣਗੇ, ਔਹ ਬਟਕਾਂ ਦੇ ਰਾਹ।

ਕੰਧੀ ਖੜੀ ਝਨਾਂ ਦੀ, ਨਜ਼ਰਾਂ ਦੇ ਰੰਗ ਤਾਣ।
ਵਕਤ ਦੇ ਪੈਂਡੇ ਸਾਜਦਾ, ਇਸ਼ਕ ਦਾ ਬਲਦਾ ਬਾਣ।

—4—

[ਸਾਹਿਬਾਂ ਦਾ ਖ਼ਿਆਲ ਮਿਰਜ਼ੇ ਨੂੰ ਉਸਦੇ ਪਿੰਡ ਦੀ ਜੂਹ ਵਿਚ ਲੈ ਆਉਂਦਾ ਹੈ। ਪਿੰਡ ਦੀਆਂ ਕੁੜੀਆਂ ਸਾਹਿਬਾਂ ਦੀ ਯਾਦ ਜਗਾ ਦਿੰਦੀਆਂ ਹਨ।]

ਉੱਚੇ ਬੁਰਜੀਂ ਖੀਵਿਆਂ
ਦੇ ਖੜੀਆਂ ਨਾਰਾਂ।
ਰੰਗ ਕਸੁੰਭਾ ਬਾਲਿਆ
ਵਿਚ ਬੇਲੇ ਬਾਰਾਂ।

ਫ਼ਜਰਾਂ ਜੈਂ ਮੁਟਿਆਰ ਸੰਗ
ਅੱਜ ਭਰਦੀਆਂ ਪਾਣੀ,
ਤਾਣ ਦਿੱਤੀਆਂ ਓਸ ਲਈ
ਅਸਮਾਨ ਨੇ ਦਾਰਾਂ।

ਸੂਹਾ ਵੇਸ ਕਰੇਂਦੀਏ
ਇਕ ਬੋਲ ਜੇ ਬੋਲੇਂ,
ਘੋੜ ਦੀ ਟਾਪ ਜਮਾ ਦਿਆਂ
ਮੈਂ ਪਾਰ ਗ਼ੁਬਾਰਾਂ।

ਸਾਖਾਂ ਵੇਸ ਕਰੇਨ ਜਾਂ
ਰੁੱਤ ਚੇਤ ਵਸਾਖਾਂ,
ਬੇਲੇ ਸੁੱਤੀ ਨਾਰ ਨੂੰ
ਮੈਂ 'ਵਾਜ ਨ ਮਾਰਾਂ।

ਬਰਸਾਂ ਰਿਹਾ ਉਡੀਕਦਾ
ਫ਼ਰਿਹਾਦ ਦਾ ਤੇਸਾ,
ਕਿਸੇ ਨ ਦੀਵਾ ਬਾਲਿਆ
ਸਿਰ ਬਾਂਝ ਪਹਾੜਾਂ।

ਭਾਵੇਂ ਤੀਰ ਗੁਆਚਣਾ
ਵਿਚ ਖ਼ੂਨੀ ਥਲ ਦੇ,
ਧੀ ਖੀਵੇ ਦੀ ਰਹੇਗੀ
ਇਸ ਦਿਲ ਦੇ ਪਾਰਾਂ।



WWW.SIKHBOOKCLUB.COM 

ਉੱਚੀਆਂ ਲੰਮੀਆਂ ਟਾਹਲੀਆਂ
ਤਕ ਵਗਣ ਝਨਾਵਾਂ,
ਵੇਖ ਰਹੇ ਤਕਦੀਰ ਨੂੰ
ਹੱਸ ਹੁਸਨ ਹਜ਼ਾਰਾਂ।

ਚੰਨ ਸੂਰਜਾਂ ਤਾਰਿਆਂ
ਜਿਸ ਰਾਹ 'ਤੇ ਬੁਝਣਾ,
ਓਥੇ ਵੀ ਲੈ ਸੁੱਤੀਆਂ
ਦਿਲ-ਭੇਦ ਨੂੰ ਗਾਰਾਂ।

## —5—

## ਬੱਕੀ ਦੇ ਸਫ਼ਰ ਵਿਚ ਉਡਦੇ ਜਜ਼ਬੇ

ਔਹ ਦੀਵੇ ਬਲਦੇ ਵੀਰਾਂ ਦੇ।
ਰੋਹ ਚਰਖ਼ ਪਾਰ ਸ਼ਮਸ਼ੀਰਾਂ ਦੇ।

ਜਿਸ ਡਾਢੇ ਪੌੜ ਦੀ ਧਮਕ ਸੁਣੇ
ਲੰਘ ਆਈ ਘਾਟ ਅਖ਼ੀਰਾਂ ਦੇ।

ਕਿਸ ਧੂੜ ਦੇ ਅੰਦਰ ਕੈਦ ਅਸੀਂ ?
ਕੁਝ ਕਦਮ ਉਦਾਸ ਫ਼ਕੀਰਾਂ ਦੇ।

ਸੁਣ ਨਾਜ਼ਕ ਮਿਠੜੇ ਬੋਲ ਤਿਰੇ
ਕੀ ਦੱਸਣੇ ਕਹਿਰ ਨਕੀਰਾਂ ਦੇ

ਮੈਂ ਸਾਹਿਬਾਂ ਕਦੇ ਨ ਵੇਖ ਸਕਾਂ
ਰੰਗ ਪਰੇ ਪਰੇ ਤਸਵੀਰਾਂ ਦੇ।

ਜਾਂ ਦਿਲ ਦੀ ਹਾਥ ਨ ਲੈ ਹੋਵੇ
ਦਿਲ ਟੁੱਟ ਜਾਂਦੇ ਤਕਦੀਰਾਂ ਦੇ।

ਕੋਈ ਵਾਹ ਨ ਫ਼ਜਰ ਦੇ ਕੇਸ ਰਿਹਾ
ਕੁਝ ਛੋਟੇ ਜਿਗਰੇ ਭੀੜਾਂ ਦੇ।

ਕੀ ਸਿਖਰ ਦੁਪਹਿਰਾਂ ? ਹਸ਼ਰਾਂ ਤੋਂ
ਜਦ ਖ਼ਾਲੀ ਨੈਣ ਸ਼ਮੀਰਾਂ ਦੇ।

ਸੰਢ ਹੋਇ ਬੇਆਸ ਹੈ ਤੁਰ ਜਾਂਦੀ
ਨ ਦੋ ਘੁੱਟ ਮਿਲਦੇ ਨੀਰਾਂ ਦੇ।


WWW.SIKHBOOKCLUB.COM 

ਦਿਲ ਵਾਲੇ ਕੱਫਨ ਪਏ ਸੀਂਦੇ
ਕੁਝ ਖ਼ਾਨਗਾਹਾਂ ਦੀਆਂ ਲੀਰਾਂ ਦੇ।

ਔਹ ਦੀਵੇ ਬਲਦੇ ਵੀਰਾਂ ਦੇ
ਰੋਹ ਚਰਖ ਪਾਰ ਸ਼ਮਸ਼ੀਰਾਂ ਦੇ।

—6—

## ਜੰਡ ਤੋਂ ਪਹਿਲਾਂ ਮਿਰਜ਼ੇ ਦੇ ਤਿਲ੍ਹਕਦੇ ਜਜ਼ਬਾਤ

ਖੰਭ ਤਪਦੇ ਸਿਖਰ ਦੁਪਹਿਰਾਂ ਦੇ।
ਅੱਗ ਡਿਗਦੀ ਧਰਤ ਦੇ ਪੈਰਾਂ 'ਤੇ।

ਟਪ ਅੰਬਰ ਕਾਲ ਨੂੰ ਚਲ ਪੈਣਾ
ਤ੍ਰਿਣ ਤ੍ਰਿਣ 'ਤੇ ਹਸ਼ਰਾਂ ਬਲ ਪੈਣਾ
ਹਰ ਕਿਸੇ ਨੂੰ ਲੰਘਣਾ ਥਲ ਪੈਣਾ;
ਨ ਡਾਚੀ ਬਿਰਖ ਫ਼ਕੀਰ ਕੋਈ
ਨ ਖ਼ਾਬ ਨੇ ਜ਼ਮਜ਼ਮ-ਲਹਿਰਾਂ ਦੇ—
ਖੰਭ ਤਪਦੇ ਸਿਖਰ ਦੁਪਹਿਰਾਂ ਦੇ।

ਕੋਈ ਪੌੜ ਸੁਣੇ ਵਿਚ 'ਵਾਵਾਂ ਦੇ
ਮਨ ਥਰਹਰ ਕੰਬਦੇ ਰਾਹਵਾਂ ਦੇ
ਕੁੱਲ ਵਾਵਰੋਲਿਆਂ ਛਾਵਾਂ ਦੇ;
ਵਿਚ ਬਾਹਾਂ ਕੇਸੂ ਹੜ੍ਹ ਭਖਦੇ
ਕਿਉਂ ਅੰਬਰ ਛਲ ਨੇ ਕਹਿਰਾਂ ਦੇ ?
ਖੰਭ ਤਪਦੇ ਸਿਖਰ ਦੁਪਹਿਰਾਂ ਦੇ।

ਔਹ ਕੌਲ ਸਿਖਰ ਸਚਿਆਰ ਖੜੇ,
ਹਾਂ, ਦੂਰ ਆਗਾਸਾਂ ਪਾਰ ਖੜੇ,
ਕਿਉਂ ਵਸਲ ਮੇਰੇ ਬੇ-ਯਾਰ ਖੜੇ ?
ਅੱਜ ਦੂਰ ਝੰਗ ਦੀਆਂ ਛਾਵਾਂ ਦੇ
ਔਹ ਤੀਰ ਖੁਭੇ ਵਿਚ ਗਹਿਰਾਂ ਦੇ—
ਖੰਭ ਤਪਦੇ ਸਿਖਰ ਦੁਪਹਿਰਾਂ ਦੇ।

ਲੰਘ ਚੱਲਿਆ ਮਿਰਜ਼ਾ ਬਾਰਾਂ 'ਚੋਂ
ਮੋਹ ਕੂੰਜ ਸੈਆਂ ਹੀ ਡਾਰਾਂ 'ਚੋਂ
ਕੋਈ ਲੁੱਟ ਕੇ ਬਿਜਲੀ ਨਾਰਾਂ 'ਚੋਂ,
ਅਸਾਂ ਬੋਲ ਤੇਰੇ ਵਿਚ ਡੁੱਬ ਜਾਣਾ

ਸਭ ਭੁੱਲ ਨਿਹੋਰੇ ਗੈਰਾਂ ਦੇ–
ਖੰਭ ਤਪਦੇ ਸਿਖਰ ਦੁਪਹਿਰਾਂ ਦੇ।

ਕੰਨਸੋਅ ਜਹੀ, ਲਿਸ਼ਕੋਰ ਜਹੀ,
ਬਹੁੰ ਸੁਬਕ ਜਹੀ, ਦਿਲ-ਚੋਰ ਜਹੀ,
ਵੱਡ ਸਿਖਰ ਦੁਪਹਿਰਾਂ ਦੇ ਜ਼ੋਰ ਜਹੀ,
ਮਰ ਜਾਸੇਂ ਤੇਸੇ ਬਿਨ ਅੜੀਏ
ਤੂੰ ਸੁਪਨੇ ਲੈਂਦੀ ਨਹਿਰਾਂ ਦੇ–
ਖੰਭ ਤਪਦੇ ਸਿਖਰ ਦੁਪਹਿਰਾਂ ਦੇ।

ਛੱਡ ਹਰੀ ਝਨਾਂ ਦੀ ਬੇਟ ਕੁੜੇ
ਵਿਚ ਰੋਹੀਆਂ ਜੰਡ ਦੇ ਹੇਠ ਕੁੜੇ
ਮਰ ਜਾਸੇਂ ਤਪਦੇ ਜੇਠ ਕੁੜੇ,
ਤੂੰ ਬੱਕੀ ਨਾਲ ਫ਼ਕੀਰ ਹੋਈ
ਮੇਰੇ ਤੀਰ ਨੇ ਪਿਛਲੇ ਪਹਿਰਾਂ ਦੇ–
ਖੰਭ ਤਪਦੇ ਸਿਖਰ ਦੁਪਹਿਰਾਂ ਦੇ।

ਮਿਰੀ ਗੱਲ ਕਿਤੇ ਪਰਵਾਜ਼ ਸੁਣੇ
ਉਹ ਕੌਣ, ਕਿਹੋ ਜੇਹਾ ਰਾਜ਼ ਸੁਣੇ ?
ਕੁੱਲ ਧਰਤੀ ਇਕ ਆਵਾਜ਼ ਸੁਣੇ–
ਕਦੇ ਮੁੱਢ ਕਦੀਮੀ ਹਾਸੇ 'ਚੋਂ
ਕੁਝ ਬੋਲ ਸੁਣਾਂ ਮੈਂ ਵੈਰਾਂ ਦੇ–
ਖੰਭ ਤਪਦੇ ਸਿਖਰ ਦੁਪਹਿਰਾਂ ਦੇ।

ਦਿਲ-ਜਾਨ ਸਾਹਿਬਾਂ ਦੇ ਨਾਲ ਖੜੇ
ਚਹੁੰ ਕੁੰਟੀਂ ਲੱਖਾਂ ਸਾਲ ਖੜੇ
ਚੰਨ ਸੂਰਜ ਖੁਰਣ ਖ਼ਿਆਲ ਖੜੇ,
ਮੈਂ ਅਮਲ ਦੇ ਲੁਟਦੇ ਪੈਂਡੇ ਵਿਚ
ਕਿੰਞ ਬੋਲ ਪੁਗਾਵਾਂ ਖੈਰਾਂ ਦੇ–
ਖੰਭ ਤਪਦੇ ਸਿਖਰ ਦੁਪਹਿਰਾਂ ਦੇ!

ਵਣ ਬੇਲੇ ਵਗਦੇ ਨੀਰਾਂ ਦੇ
ਕੁਝ ਸੁੱਤੇ ਰੰਗ ਕਰੀਰਾਂ ਦੇ
ਕੋਈ ਭੇਦ ਨ ਦੇਵਣ ਹੀਰਾਂ ਦੇ–
ਜਲ ਥਲ ਵਿਚ ਰੰਗ ਫ਼ਕੀਰਾਂ ਦਾ
ਕੁਝ ਰੰਗ ਪੁਰਾਣੇ ਜ਼ਹਿਰਾਂ ਦੇ–
ਖੰਭ ਤਪਦੇ ਸਿਖਰ ਦੁਪਹਿਰਾਂ ਦੇ।


WWW.SIKHBOOKCLUB.COM 

ਅੱਖ ਮੁਨਕਰ ਕੜੇ ਨਕੀਰਾਂ ਦੀ
ਜਿੰਦ-ਜਾਨ ਫੜੇ ਪਈ ਤੀਰਾਂ ਦੀ
ਜੰਡ ਹੇਠ ਚੁੱਪ ਤਕਦੀਰਾਂ ਦੀ—
ਕਦੇ ਬਿਰਖ ਦੀ ਛਾਂ ਵੀ ਛੱਡ ਜਾਂਦੀ
ਮੁੱਕ ਜਾਂਦੇ ਪੈਂਡੇ ਦਹਿਰਾਂ ਦੇ—
ਖੰਭ ਤਪਦੇ ਸਿਖਰ ਦੁਪਹਿਰਾਂ ਦੇ।
ਅੱਗ ਡਿਗਦੀ ਧਰਤ ਦੇ ਪੈਰਾਂ 'ਤੇ।

## —7—
## ਜੰਡ ਹੇਠ ਮਿਰਜ਼ੇ ਦੀ ਨੀਂਦ

—ੳ—

ਕੁੱਲ ਧਰਤ ਰਹੀ ਵੇਖ:
ਮਿਰਜ਼ਾ ਸੁੱਤਾ ਜੰਡ ਹੇਠ,
ਬਾਰਾਂ ਤਪਣ ਵਿਚ ਜੇਠ,
ਦੂਰ ਵਗਦੀ ਝਨਾਂ
ਠੰਢੀ ਸਾਹਿਬਾਂ ਦੀ ਛਾਂ।

ਕੁੱਲ ਧਰਤ ਦੇ ਭੁਚਾਲ
ਲੰਘੇ ਸਾਲਾਂ ਦੇ ਸਾਲ
ਸੁੱਤੇ ਮਿਰਜ਼ੇ ਦੇ ਨਾਲ,
ਲੈਂਦਾ ਦੂਰ ਫਰਵਾਂ
ਭੁੱਲੇ ਬ੍ਰਿਛਾਂ ਦੇ ਨਾਂ।

ਨੀਂਦ ਵਿਚ ਪਵੇ ਜ਼ੋਰ
ਦੇਵੋ ਚਰਖਾਂ ਨੂੰ ਤੋੜ
ਕੱਢੋ ਨਵਾਂ ਕੋਈ ਲੋਰ—
ਕਾਇਨਾਤ ਦਾ ਫ਼ਕੀਰ
ਸਾਹਿਬਾਂ ਤੱਕ ਭਰੇ ਨੀਰ।

ਕੁੱਲ ਧਰਤੀ ਦੇ ਰਾਹ
ਹੋਏ ਮਿਰਜ਼ੇ ਦੇ ਸਾਹ,
ਸਾਹਿਬਾਂ ਵਗੇ ਦਰਿਆ!
ਮੋਹਦਾ ਰੁੱਤਾਂ ਦੇ ਤੀਰ
ਜੋਬਨ ਧਰੇ ਨ ਧੀਰ।


WWW.SIKHBOOKCLUB.COM

ਟੱਪੇ ਸਮਿਆਂ ਦੀ ਘਾਤ
ਡੂੰਘੀ ਬੇਲਿਆਂ ਦੀ ਰਾਤ
ਪੈੜਾਂ ਭੁੱਲੀਆਂ ਦੀ ਬਾਤ,
ਲੱਭੇ ਨੀਂਦਾਂ 'ਚ ਢੋਅ—
ਸਾਹਿਬਾਂ ਧਰਤੀ ਦਾ ਮੋਹ।

ਲੱਖਾਂ ਸਾਵਨਾਂ ਦੀ ਗੂੰਜ
ਪਵੇ ਮਿੱਠੀ ਮਿੱਠੀ ਬੂੰਦ,
ਜਿਵੇਂ ਧਰਤੀ ਦੀ ਕੂੰਜ
ਮਿਲੀ ਮਿਰਜ਼ੇ ਨੂੰ ਰੋ,
ਗਈ ਨੀਂਦਰਾਂ 'ਚ ਖੋ।

ਪਈ ਆਖਰਾਂ ਦੀ ਭੀੜ
ਯੋਗੀ ਵਲੀ ਗੌਸ ਪੀਰ
ਵੱਡੀ ਕਰ ਤਕਸੀਰ,
ਮਾਹੀ ਵੇਖਦੇ ਨੇ ਆਏ
ਡੁੱਬ ਗਏ ਤਿਰਹਾਏ।

ਮੋਏ ਕਾਫ਼ਲੇ ਦੀ ਲੋਅ
ਕੱਚੇ ਘਰਾਂ ਦੇ ਮੋਹ
ਯਾਰੋ ਲੈਂਦੀ ਕੰਨਸੋਅ
ਪਈ ਨਦੀ ਵੱਲੋਂ ਆਏ
ਜਿਵੇਂ ਮਾਂਝੀ ਕੁਰਲਾਏ।

ਰੁਲੀ ਰੁਲੀ ਖ਼ਾਨਗਾਹ,
ਕਿੱਥੇ ਮਾਹੀ ਸੁੱਤਾ ਜਾ ?
ਰਹੇ ਭਾਲ ਦਰਿਆ—
'ਵਾਜਾਂ ਮਾਰਦੇ ਫ਼ਕੀਰ
ਮੋੜੀ ਮੁੜੇ ਨ ਵਹੀਰ।

ਚੀਰ ਨੀਂਦਰਾਂ ਦੇ ਰਾਹ
ਜਿੱਥੇ ਤੀਰ ਵੱਜੇ ਜਾ
ਉਹਦੀ ਧਰਤ ਨ ਗਵਾਹ—
ਮਿਰਜ਼ਾ ਪਹੁੰਚਿਆ ਅਖ਼ੀਰ
ਸਾਹਿਬਾਂ ਬੜੀ ਬੇ-ਨਜ਼ੀਰ।


WWW.SIKHBOOKCLUB.COM

## —ਅ—

ਬੱਕੀ ਖੜੀ ਜੰਡ ਹੇਠ
ਉੱਡ ਆਈ ਜਿਵੇਂ ਹੇਕ
ਰਹੀ ਬਾਰਾਂ ਵੱਲ ਵੇਖ—
ਮਾਰੇ ਸਮਾਂ ਲਿਸ਼ਕੋਰ
ਅਜੇ ਭੇਦ ਬੜੇ ਹੋਰ।

ਮਿੱਠੇ ਨਿੰਮਾਂ ਦੇ ਹੁਲਾਰੇ
ਛੁਪੇ ਜੋਬਨਾਂ ਦੇ ਲਾਰੇ
ਚੜ੍ਹ ਧਰਤ ਦੇ ਨਜ਼ਾਰੇ
ਪਾਉਂਦੇ ਨਜ਼ਰਾਂ ਦਾ ਜ਼ੋਰ
ਰੁੱਤ ਮੁੜੇ ਨ ਅਮੋੜ।

ਚੁਗਦੇ ਸਾਲ ਤੇ ਮਹੀਨੇ
ਖਿੰਡੇ ਜੋਗੀ ਦੇ ਚੀਨੇ
ਛਲਕਣ ਰੁੱਤਾਂ ਦੇ ਸੀਨੇ
ਵਣੀਂ ਹੁੱਲਦੀ ਧਰੇਕ
ਫੜੇ ਤਾਰਿਆਂ ਦੀ ਹੇਕ।

ਸਮਾਂ ਵੇਖਦਾ ਏ ਝੋਕਾਂ
ਕੋਹਿਆ ਬ੍ਰਿਛਾਂ ਨੂੰ ਲੋਕਾਂ
ਉਡਦੇ ਪੰਛੀਆਂ 'ਤੇ ਰੋਕਾਂ—
ਦੂਰ ਦੂਰ ਸੋਹਣੇ ਲੇਖ
ਜਿਵੇਂ ਕਹਿਕਸ਼ਾਂ ਦੀ ਰੇਖ।

ਸਾਹਿਬਾਂ ਦਸਦੇ ਨੇ ਸ਼ਾਇਰ
ਕੋਈ ਫ਼ਜਰਾਂ ਦੀ ਲਹਿਰ
ਛਲਕੇ ਸਿਖਰ ਦੁਪਹਿਰ—
ਥਰਹਰ ਸੰਞ ਦੀ ਖੁਮਾਰੀ
ਲਾਈ ਬ੍ਰਿਛਾਂ ਨਾ' ਯਾਰੀ।

ਛੂਹ ਨ ਤੀਰਾਂ ਦੇ ਨੂਰ
ਜੀਵੇਂ ਵੇਖੀਂ ਨ ਤੂਰ
ਭਾਵੇਂ ਜੋਬਨ ਮਨਜ਼ੂਰ—
ਕੱਚੇ ਘੜੇ ਦੀ ਵਾਰੀ
ਭੁੱਲ ਜਾਸੇਂ ਨੀ ਤਾਰੀ।


WWW.SIKHBOOKCLUB.COM

ਸੁੱਤਾ ਦਹਿਰ ਦਾ ਰਿੰਦ
ਸਾਨੂੰ ਵੇਖਦਾ ਨ ਬਿੰਦ
ਤੈਂਡੇ ਤੀਰ ਮੈਂਡੀ ਜਿੰਦ—
ਜੋਬਨ ਵੈਂਦਾ ਏ ਢੱਲਿਆ
ਸੁਣੀਂ ਯਾਰ ਦਿਆ ਛੱਲਿਆ।

ਲੈ ਜਾ ਜਿੰਦੜੀ ਦੀ ਵੱਥ
ਤੈਂਡਾ ਦੂਰ ਦੁਰਾਡੜੇ ਰੱਥ
ਜੀਵੇਂ ਸਮੇਂ ਤੋਂ ਲੰਮੇ ਨਾਂਹ ਹੱਥ।
ਸਈਓ ਬੱਕੀ ਦਾ ਜੋਬਨ ਚੱਲਿਆ
ਨਾਂਹ ਸ਼ਹੁ ਦਰਿਆਵਾਂ ਠੱਲ੍ਹਿਆ।

ਸਾਹਮੇ ਤਾਰਿਆਂ ਦੀ ਵਾਹਰ
ਤਪੇ ਹੜ੍ਹਾਂ ਵਿੱਚਕਾਰ
ਖੜਾ ਬੱਕੀ ਦਾ ਸਵਾਰ—
ਧਨੁਸ਼ ਗਗਨਾਂ ਦਾ ਤੋੜੇ
ਸਾਡੇ ਵੱਲ ਨੈਣ ਮੋੜੇ।

ਅਸਾਂ ਵੇਖੀ ਵਿਚ ਖੀਵੇ
ਬਾਲ ਨਿੱਕੇ ਨਿੱਕੇ ਦੀਵੇ
ਕਿਵੇਂ ਧਰਤੀ ਇਹ ਜੀਵੇ
ਵਿਚ ਪੁੱਤਾਂ ਦੇ ਵਿਛੋੜੇ—
ਧੀਆਂ ਰੋਂਦੀਆਂ ਦੇ ਝੋਰੇ।

ਪਾਰ ਮੁੱਢ ਤੇ ਕਦੀਮਾਂ
ਸਾਡੇ ਸੁੱਚੜੇ ਯਕੀਨਾਂ
ਉਹੀਓ ਤੱਕਿਆ ਮਹੀਨਾ
ਜਿੱਥੇ ਡਾਢਾ ਤੀਰ ਵੱਜੇ—
ਕੁਝ ਵੀ ਜਿੰਦੜੀ ਨ ਕੱਜੇ।

ਨਾਲ ਸੱਚੜੇ ਯਕੀਨਾਂ
ਮਾਹੀਆ ਵੇਖ ਸਾਡਾ ਸੀਨਾ—
ਜ਼ਾਲਿਮ ਤੀਰਾਂ ਦਾ ਕੀਨਾ
ਸਾਡੇ ਸੀਸ ਉੱਤੇ ਸੱਜੇ—
ਰੂਹ ਸਬਰਾਂ ਨਾ' ਰੱਜੇ।

WWW.SIKHBOOKCLUB.COM

ਲੱਕ ਪਤਲੇ ਛੰਨਾਰਾਂ
ਵਿਚ ਝੰਗ ਦੀਆਂ ਬਾਰਾਂ
ਦੇਣ ਸ਼ੀਰੀਂ ਹਬਕਾਰਾਂ—
ਤੱਕੀਆਂ ਛੈਲ ਰਕਾਨਾਂ
ਸਿੱਕਦੇ ਲਾ-ਮਕਾਨਾਂ।

ਵਲ ਉਜੜੇ ਹੋਏ ਖੂਹਾਂ
ਆਉਣ ਘੁੰਮ ਘੁੰਮ ਲੂਆਂ
ਬਹਿਣ ਗੋਰਾਂ 'ਤੇ ਰੂਹਾਂ—
ਸੋਹਣੇ ਪਾਕ ਕੁਰਾਨਾਂ
ਵਾਰਾਂ ਯਾਰ ਤੋਂ ਜਾਨਾਂ।

ਰੁਲੇ ਬੋਲ ਚੁੱਕ 'ਵਾਵਾਂ
ਗਲ ਲੰਮੀਆਂ ਝਨਾਵਾਂ
ਪਾਉਣ ਕੱਸ ਕੱਸ ਬਾਹਵਾਂ—
ਢੋਲ ਵੱਜੇ ਕੋਈ ਤੁੰਦ
ਸੁਣੇ ਧੂੜਾਂ ਓਹਲੇ ਰੁੰਗ।

ਘਿਰੀਆਂ ਝੱਖੜੀਂ ਬੂੰਦਾਂ
ਤਰੀਆਂ ਬ੍ਰਿਛਾਂ 'ਤੇ ਮੂੰਝਾਂ
ਆਉਣ ਰਾਹੀਆਂ ਨੂੰ ਊਂਘਾਂ—
ਡਾਢੇ ਅਰਸ਼ ਦੀ ਸੁੰਢ
ਰਹੀ ਏ ਜ਼ਿਮੀਂ ਨੂੰ ਸੁੰਘ!

ਟੁੱਟੀ ਪੱਤਣਾਂ 'ਤੇ ਵੰਗ
ਖੁਰਿਆ ਸੋਹਣੀ ਦਾ ਰੰਗ
ਕੋਈ ਨ ਸਕਿਆ ਲੰਘ—
ਕੱਚੇ ਘੜੇ ਦੀ ਵਾਰੀ
ਲਾ ਨ ਨੀਂਦ ਸੰਗ ਯਾਰੀ!

ਜ਼ਹਿਰਾਂ ਭਰੀਆਂ ਤਰੰਗ
ਰਾਂਝਾ ਮੁੜ ਆਇਆ ਝੰਗ
ਚਾਕਾਂ ਛੱਡਿਆ ਏ ਸੰਗ—
ਨੀਂਦਾਂ ਮਿੱਠੀਆਂ ਨੇ, ਵਾਰੀ!
ਪੀਲੂਆਂ ਪੱਕੀਆਂ ਦੀ ਖਾਰੀ।


WWW.SIKHBOOKCLUB.COM

—ੲ—

ਵੱਡੇ ਜਿੰਦੜੀ ਦੇ ਦਾਵੇ,
ਧਰਤੀ ਨੱਸੀ ਨੱਸੀ ਆਵੇ
ਘੁਲੀ ਨੀਂਦ ਵਿਚ ਜਾਵੇ
ਤਨ ਮਨ ਨਜ਼ਰ ਹੀ ਬਣਾਵੇ—
ਜਿਹੜੀ ਹਸ਼ਰ ਵਾਂਗੂੰ ਤਪੇ
ਸਾਹਿਬਾਂ ਦਿੱਸ ਨ ਸਕੇ।

ਨੈਆਂ ਪੰਖੀਆਂ ਜਿਉਂ ਆਈਆਂ
ਕੁਲ ਧਰਤ ਉੱਤੇ ਛਾਈਆਂ
ਰਾਹ ਗਗਨਾਂ ਦੇ ਲਿਆਈਆਂ
ਨਜ਼ਰਾਂ ਨੀਂਦਰਾਂ 'ਤੇ ਪਾਈਆਂ—
ਪੈਂਡੇ ਸਮਿਆਂ ਦੇ ਹੱਫੇ
ਸਾਹਿਬਾਂ ਦਿੱਸ ਨ ਸੱਕੇ।

ਪੈਂਡੇ ਬੇਲਿਆਂ ਦੇ ਤੰਗ!
ਛੱਡ ਕੁਦਰਤਾਂ ਦੇ ਰੰਗ
ਜੋ ਵੀ ਦਿਸੇ ਉਸਨੂੰ ਲੰਘ
ਵੇਖਾਂ ਨੱਢੜੀ ਦੇ ਅੰਗ—
ਪਾਰ ਪਰੇ ਪਰੇ ਜੋ
ਉਹੀਓ ਸਾਹਿਬਾਂ ਦੀ ਲੋਅ।

ਵਿੰਨ੍ਹਾਂ ਸੂਰਜਾਂ ਦੀ ਬਾਰੀ
ਵਿੰਨ੍ਹਾਂ ਕਹਿਕਸ਼ਾਂ ਔਹ ਸਾਰੀ
ਤੱਕਾਂ ਬੇਲਿਆਂ ਨੂੰ ਪਿਆਰੀ
ਲਾਵਾਂ ਡੂੰਘੜੀ ਕੋਈ ਤਾਰੀ—
ਤੀਰ ਸੁਬਕ ਕੰਨਸੋਅ
ਗਏ ਨੀਂਦ ਵਿਚ ਖੋ।

ਮਿਰਜ਼ਾ ਤੋੜਦਾ ਜ਼ੰਜੀਰਾਂ
ਖੋਰ ਰਿਹਾ ਤਸਵੀਰਾਂ
ਪਈਆਂ ਜਲੀਂ ਥਲੀਂ ਭੀੜਾਂ
ਦੀਦ ਮਿਲੇ ਜੇ ਅਖ਼ੀਰਾਂ—
ਬੈਠਾ ਨੀਂਦਰਾਂ ਦੇ ਦੁਆਰ
ਬੁਰਕੇ ਹਸ਼ਰਾਂ ਦੇ ਪਾੜ।

WWW.SIKHBOOKCLUB.COM

ਵਿਹੜੇ ਨੀਂਦਰਾਂ-ਨਸੀਬਾਂ
ਸਾਹਮੇ ਹੁਸਨ ਦੇ ਗ਼ਰੀਬਾਂ
ਖੈਰਾਂ ਮੰਗੀਆਂ ਤਬੀਬਾਂ।
ਲੰਮੇ ਪੈਂਡਿਆ ਰਕੀਬਾਂ
ਤੀਰ ਚੁੰਮ੍ਹੇ ਜਾ ਪਾਰ,
ਮਿੱਠੀ ਨੀਂਦਰਾਂ ਦੀ ਦਾਰ!

ਨਾਰ ਰੰਗਲੀ ਸੁਹਾਣੀ
ਮੇਘਾਂ ਪੰਖੀਆਂ ਪਛਾਣੀ,
ਜਲਾਂ ਥਲਾਂ ਵਾਲੀ ਬਾਣੀ
ਰਹੀ ਬੋਲਦੀ, ਨਾਂਹ ਜਾਣੀ!
ਤੁਰਦੀ ਨਾਗਾਂ ਦੇ ਪੈਂਡੇ
ਅਸੀਂ ਦੇਖਦੇ ਹੀ ਰਹਿੰਦੇ!

ਤੀਰ ਬਿਨਾਂ ਵਿਚ ਰੋਹੀ
ਬਸ ਨਜ਼ਰਾਂ ਨੇ ਮੋਹੀ
ਅੰਬਰ ਜ਼ਿਮੀਂ ਅਣਛੋਹੀ
ਬੂੰਦ ਸਬਰਾਂ ਦੀ ਕੋਈ—
ਵਰ੍ਹੇ ਨੀਂਦਰਾਂ 'ਚ ਵਹਿੰਦੇ
ਚੁੱਪ ਕਿਹੋ ਜੇਹੀ ਸਹਿੰਦੇ!

ਔਹ ਦੂਰ ਦੇ ਤਾਰਿਆਂ ਪਾਰ
ਪਈ ਅਜ਼ਲ ਨੂੰ ਮੋੜਦੀ ਨਾਰ
ਖੁਰ ਗਈ ਸਮੇਂ 'ਚ ਜਿੱਤ ਤੇ ਹਾਰ!
ਲੰਘੀ ਲੰਘੀ ਊਠਾਂ ਦੀ ਡਾਰ—
ਜਿਗਰੇ ਮਿਰਜ਼ੇ ਦੇ ਲੰਮੇ
ਸੁੱਤੇ ਉਮਰਾਂ ਦੇ ਵੰਨੇ।

ਫੁਰਨਾ ਸਾਹਿਬਾਂ ਦਾ ਹੋਰ
ਧਾਰ ਤੇਗਾਂ ਦੀ ਜ਼ੋਰ
ਪੁਰਸਲਾਤ ਰਿਹਾ ਖੋਰ
ਪੈਂਦਾਂ ਅਜ਼ਲ ਤਕ ਸ਼ੋਰ!
ਪੈਂਡੇ ਨਾਗਾਂ ਦੇ ਅੰਨ੍ਹੇ
ਨੀਂਦ ਮਿਰਜ਼ੇ ਦੀ ਬੰਨ੍ਹੇ!


WWW.SIKHBOOKCLUB.COM

ਮੀਨਾ ਸਾਗਰਾਂ 'ਚ ਭੌਣਾਂ
ਖ਼ਿਆਲ ਖ਼ਾਬਾਂ 'ਚ ਸੌਣਾਂ,
ਪਾਕ ਹਰਫ਼ਾਂ ਦਾ ਆਉਣਾ
ਰੂਹ ਦੀ ਝਿਮਝਿਮ ਬਣਾਉਣਾ,
ਮਿੱਠੀਆਂ ਨੀਂਦਾਂ ਦੇ ਕੋਲ
ਸਾਹਿਬਾਂ ਬੋਲੇ ਇਉਂ ਬੋਲ!

ਨੀਂਦਰ ਵਣਾਂ ਦੇ ਵੰਨੇ
ਉਡਦੇ ਤੀਰ ਤੈਂ ਬੰਨ੍ਹੇ—
ਚਿਰ ਤੋਂ ਗੱਲ ਜੋ ਮੰਨੇਂ
ਪੈਂਦੀ ਹਸ਼ਰ ਦੇ ਕੰਨੇ—
ਸ਼ੀਰੀਂ ਨੀਂਦਾਂ ਤੋਂ ਬੋਲ
ਨਦੀਆਂ ਭਰਦੀਆਂ ਝੋਲ।

—ਸ—

ਵਾਵਰੋਲਿਆਂ ਦੀ ਕੂਕ
ਬਿਜਲੀ ਕਾਲੜੀ ਦੀ ਸ਼ੂਕ
ਖ਼ਾਬ ਹੱਫਦੇ ਮਲੂਕ
ਰੰਗ ਤਪਦੇ ਦੀ ਹੂਕ
ਰੋਣ ਧਰਤੀ ਦੇ ਰਾਹ
ਜ਼ੋਰ ਪਾਉਂਦੇ ਗੁਨਾਹ।

ਨੀਂਦ ਜਿੰਦ ਨੂੰ ਸ਼ਿੰਗਾਰੇ
ਜਿਵੇਂ ਖੜ ਗਏ ਸਤਾਰੇ—
ਮੀਨਾ ਸਾਗਰਾਂ ਕਿਨਾਰੇ
ਜਿਵੇਂ ਅੰਬਰਾਂ ਨੂੰ ਹਾੜੇ—
ਮਿਰਜ਼ਾ ਸਿਦਕ ਵਾਲੇ ਰਾਹ
ਸੁੱਤਾ ਲੰਘ ਕੇ ਗੁਨਾਹ।

ਤੁੰਦ ਕਾਲੀਆਂ ਗਾਰਾਂ
ਬਲਦੀ ਨਦੀ ਦੇ ਪਾਰਾਂ—
ਡੰਗ ਨਾਗਾਂ ਦੇ ਆਰਾਂ
ਕਹੀਆਂ ਜ਼ਹਿਰਾਂ ਸਹਾਰਾਂ!
ਵਿਛੜੇ ਬਾਗ਼ਾਂ 'ਚ ਜਾਨੀ
ਰਹੀਆਂ ਰੋਹੀਆਂ ਨਿਸ਼ਾਨੀ।

WWW.SIKHBOOKCLUB.COM

ਵਗੇ ਸਰਕੜੇ 'ਚ ਲੋਅ
ਤਪੇ ਕੋਹਾਂ ਦੇ ਕੋਹ
ਸ਼ੀਹਾਂ ਤਾਣਿਆਂ ਰੋਹ;
ਛਲਕੇ ਰੁੱਤਾਂ ਦਾ ਮੋਹ
ਵਿਚ ਵਕਤ ਦੀ ਕਾਨੀ,
ਲਿਖੇ ਨੀਂਦਾਂ 'ਚ ਜਾਨੀ।

ਲਚਕਾਂ ਖਾਂਦੀਆਂ ਨਾਰਾਂ
ਸਾਉਣ ਵਰ੍ਹੇ ਜਿਉਂ ਬਾਰਾਂ;
ਆਸ਼ਿਕ ਸੁੱਤੇ ਹਜ਼ਾਰਾਂ
ਥਲਾਂ ਫੜੀਆਂ ਮੁਹਾਰਾਂ—
ਚੁੱਕੀ ਜਾਂਦੇ ਕਚਾਵੇ
ਡੂੰਘੇ ਦਰਦ ਦੇ ਹਾਵੇ।

ਛੱਡ ਥਲਾਂ ਦੇ ਘੇਰੇ
ਛੱਡ ਖਰਲਾਂ ਦੇ ਵਿਹੜੇ
ਚੰਧੜ ਸਿਆਲਾਂ ਦੇ ਝੇੜੇ
ਫੋਕੇ ਦੁਨੀਆਂ ਦੇ ਜੇਰੇ
ਲੰਘ ਬੇਟਾਂ 'ਚੋਂ ਆਵੇ,
ਮਿਰਜ਼ਾ ਸਿਦਕ ਅਜ਼ਮਾਵੇ।

ਸਬਰਾਂ ਸਿਦਕਾਂ ਸ਼ਿੰਗਾਰੀ
ਲਾਈ ਬੱਕੀ ਨੇ ਉਡਾਰੀ
ਪੌਣ ਪੁਰੇ ਦੀ 'ਚ, ਵਾਰੀ!
ਲਾਈ ਝੁੰਮਰਾਂ ਜਿਉਂ ਤਾਰੀ—
ਚੋਲੇ ਜਿੰਦ ਦੇ ਉਤਾਰਾਂ
ਨੱਢੀ ਤੱਕਾਂ ਹਿੱਕ ਵਾਰਾਂ।

ਪੈਣ ਨਾਗਾਂ ਦੇ ਪੈਂਡੇ
ਜੰਡ ਚੁੰਮ੍ਹ ਚੁੰਮ੍ਹ ਸੈਂਦੇ;
ਜਿਹੜੇ ਜੱਗ ਨਾਲ ਰਹਿੰਦੇ
ਜੋਬਨ ਖੁਰ ਖੁਰ ਵੈਂਦੇ;
ਕਿੱਥੇ ਸਾਹਿਬਾਂ ਨੂੰ ਉਤਾਰਾਂ ?
ਨੀਂਦ ਵੇਖ ਰਹੀਆਂ ਨਾਰਾਂ।


WWW.SIKHBOOKCLUB.COM

ਖ਼ਾਲੀ ਜੱਗ ਦੇ ਰੰਗਾਂ
ਸਾਹਮੇ ਤਰਕਸ਼ ਟੰਗਾਂ—
ਰੂਹ ਦੀਆਂ ਹੋਰ ਨੇ ਮੰਗਾਂ
ਤਾਂਹੀਉਂ ਯਾਰ ਤੋਂ ਸੰਗਾਂ—
ਸੰਞ ਫ਼ਜਰ ਨੂੰ ਹੀਰਾਂ,
ਨਿੱਤ ਤੱਕੀਆਂ ਨੇ ਪੀਰਾਂ।

ਔਹ ਨੇ ਜੱਗ ਦੀਆਂ ਧੂੜਾਂ
ਕਿਸ ਨੂੰ ਤੀਰ ਸੰਗ ਘੂਰਾਂ!
ਸਾਨੂੰ ਵਰਜਿਆ ਨੂਰਾਂ
ਪਾਕ ਹਰਫ਼ ਦੀਆਂ ਹੂਰਾਂ—
ਕਰਨਾ ਕੀ ਇਹ ਤੀਰਾਂ,
ਸਾਨੂੰ ਭੁੱਲੇ ਸ਼ਮੀਰਾਂ!

ਤਰਕਸ਼ ਟੰਗਿਆ ਜੋ ਜੰਡ
ਹੇ ਨਾਂਹ ਦਿਲੜੀ ਦਾ ਰੰਗ
ਝੂਠੀ ਦੁਨੀਆਂ ਦੀ ਮੰਗ—
ਕੂੜੇ ਅਦਲਾਂ ਦਾ ਤੋਲ
ਸਾਹਿਬਾਂ ਸੱਚ ਤੋਂ ਸੁਹਲ।

ਵਿਚ ਹਸ਼ਰਾਂ ਦੁਪਹਿਰ
ਫੜ੍ਹੀ ਚੁੰਝਾਂ ਵਿਚ ਕਹਿਰ
ਸੁੱਟੀ ਧਰਤੀ 'ਤੇ ਜ਼ਹਿਰ—
ਸਾਹਿਬਾਂ ਸ਼ਾਹ ਰਗ ਤੋਂ ਕੋਲ,
ਮਿਰਜ਼ਾ ਬੋਲੇ ਨਾਂਹ ਬੋਲ।

(ਇਤਿ)

•


WWW.SIKHBOOKCLUB.COM

# *ਝਨਾਂ ਦੀ ਰਾਤ*
# ਮੌਤ ਤੋਂ ਉਮੀਦ ਤਕ ਦਾ ਸਫ਼ਰ

*ਝਨਾਂ ਦੀ ਰਾਤ* ਦੇ ਕਾਵਿ ਸੰਗ੍ਰਹਿ ਦੇ ਵੱਡੇ ਹਿੱਸੇ ਨੂੰ ਜਦੋਂ ਮੈਂ ਪੰਜਾਬ ਦੇ ਵਗਦੀਆਂ ਕੂਲਾਂ ਵਾਲੇ ਹਰੇ ਕਚੂਰ ਪਿੰਡ ਡੱਫਰ ਵਿਖੇ ਲਿਖਿਆ, ਤਾਂ ਇਸ ਵਿਚ ਮੌਤ ਦੇ ਸੀਨੇ ਵਿੱਚੋਂ ਹਰ ਛਿਣ ਉੱਤੇ ਉਮੀਦ ਦੀਆਂ ਕਰੂੰਬਲਾਂ ਦੇ ਹੜ੍ਹ ਵੀ ਨਾਲੋ ਨਾਲ ਫੁੱਟ ਰਹੇ ਸਨ। ਇਸ ਤੋਂ ਪਹਿਲਾਂ *ਪਿਆਰੇ ਦਾ ਦੇਸ* ਅੰਤਮ ਘੜੀ ਦੇ ਤ੍ਰਾਸਦਿਕ ਤਣਾਉ ਉੱਤੇ ਕਵੀ ਨੂੰ ਵਿਸਫੋਟਕ ਆਵੇਸ਼ ਰਾਹੀਂ ਪੰਜਾਬ ਦਾ ਉਹ ਖਿੰਡਾਉ ਵਿਖਾ ਚੁੱਕਿਆ ਸੀ, ਜਿਸ ਨਾਲ ਗੁਰੂ-ਕਾਲ ਦੀ ਜ਼ਰਖੇਜ਼ ਅੰਤਰ-ਦ੍ਰਿਸ਼ਟੀ ਹਮਸਫ਼ਰ ਸੀ। *ਆਖ਼ਰੀ ਸ਼ਾਮ* ਵਿਚ ਬੇਵਤਨ ਹੋਣ ਦੀਆਂ ਵੀਰਾਨੀਆਂ ਦੇ ਛਿਣਾਂ ਦੇ ਨਾਲ ਪਿਰੁ-ਅਸੀਸ ਦੀ ਤ੍ਰਿਖਾ ਜੁੜੀ ਹੋਈ ਹੈ। *ਆਖ਼ਰੀ ਸ਼ਾਮ* ਵਿਚ ਹਯਾਤੀ ਦੇ ਗੁਆਚੇ ਰਿਸ਼ਤਿਆਂ ਦਾ ਵੈਰਾਗ ਮਾਹੀ ਦਾ ਅਮੁੱਲ ਪਿਆਰ ਹੋ ਨਿਬੜਿਆ। ਇੰਜ ਮੌਤ ਦੀ ਸ਼ਿੱਦਤ ਦਾ ਕਣ ਕਣ ਜ਼ਰਖੇਜ਼ ਜੀਵਨ-ਯਾਦਾਂ ਨਾਲ ਰੰਗਿਆ ਗਿਆ। *ਝਨਾਂ ਦੀ ਰਾਤ* ਦੇ ਆਲੇ-ਦੁਆਲੇ ਦਰਿਆ, ਥਲ, ਪਹਾੜ, ਰਾਤ, ਕੱਚਾ ਘੜਾ, ਜੰਡ, ਗ਼ਫ਼ਲਤ ਵਿਗੁੱਤੀ ਨੀਂਦ, ਵੀਰਾਨ ਮਸਜਿਦਾਂ, ਖੰਡਰਾਂ ਅਤੇ ਮੋਇਆਂ ਦੇ ਰਾਹਾਂ ਉੱਤੇ ਮੌਤ ਦਾ ਵਸੇਰਾ ਹੈ, ਪਰ ਇਸਦੇ ਸਰਾਪੇ ਘੇਰੇ ਨੂੰ ਉਮੀਦ ਨਿਰੰਤਰ ਤੋੜਦੀ ਜਾ ਰਹੀ ਹੈ। ਇਸ ਉਮੀਦ ਦੀਆਂ ਅਨੇਕ ਸ਼ਾਖ਼ਾਂ ਹਨ, ਜਿਹਨਾਂ ਨੂੰ ਪਿੱਛੇ ਮੈਂ ਹੁਸਨ ਦਾ ਰਹੱਸ ਕਿਹਾ ਹੈ। ਪੰਜ ਸਦੀਆਂ ਤੋਂ ਗੁਰੂ-ਬਖ਼ਸ਼ਿਸ਼ ਦੇ ਘਰ ਵਿਚ ਵਸੇ ਹੋਏ ਵਫ਼ਾ, ਮਹਿਮਾਨ-ਨਿਵਾਜ਼ੀ ਅਤੇ ਦੋਸਤੀ ਨਾਲ ਲਬਰੇਜ਼ ਸਿੱਖ ਸਭਿਆਚਾਰ, ਇਸ਼ਕ ਹਕੀਕੀ ਦੀਆਂ ਸਾਡੇ ਸਾਹੀਂ ਸਦਾ ਜਿਉਂਦੀਆਂ ਗਾਥਾਵਾਂ, ਕੁਦਰਤ-ਸੁਹਜ ਦੀ ਸੰਪੂਰਣਤਾ ਅਤੇ ਪੰਜਾਬ ਦੇ ਕਾਮਲ ਨਕਸ਼ਾਂ ਨੂੰ 1849, 1947, ਅਤੇ 1984 ਈ: ਵਿਚ ਭਾਵੇਂ ਇਖ਼ਲਾਕੀ ਗਿਰਾਵਟ ਅਤੇ ਮਿੱਤ੍ਰ-ਮਾਰੂ ਸਿਆਸੀ ਧ੍ਰੋਹ ਵਿੱਚੋਂ ਉਤਪੰਨ ਹੋਏ ਮੌਤ-ਕਹਿਰ ਨੇ ਵਲੂੰਧਰਿਆ ਵੀ, ਪਰ ਇਸਦੀ ਸ਼ਿੱਦਤ ਵਿੱਚੋਂ ਹੀ ਗੁਰੂ-ਸਿਦਕ ਦੇ ਇਸ਼ਾਰੇ ਉਮੀਦ ਦਾ ਖੇੜਾ ਜਗਾਉਂਦੇ ਹਨ। *ਝਨਾਂ ਦੀ ਰਾਤ* ਲਿਖਣ ਸਮੇਂ ਕਵੀ-ਮਨ ਵਿਚ ਭਾਵੇਂ ਮੌਤ ਦੇ ਕਠੋਰ ਨਜ਼ਾਰੇ ਵੀ ਨੇੜੇ ਨੇੜੇ ਸਨ, ਪਰ ਮੈਂ ਆਪਣੇ ਪਿਆਰੇ ਮੀਜ਼ਬਾਨ ਸ: ਫ਼ਕੀਰ ਸਿੰਘ ਸਹੋਤਾ ਦੀ ਅਲੌਕਿਕ ਮਹਿਮਾਨ-ਨਿਵਾਜ਼ੀ ਦਾ ਦਾਮਨ ਫੜ ਕੇ ਸਤਿਗੁਰ ਦੇ ਬਹੁ-ਰੰਗੇ ਪਿਆਰ ਅਤੇ ਹਯਾਤੀ ਦੀ ਧਰੁਵ ਤਾਰੇ ਵਾਂਗ ਟਿਮਟਮਾਉਂਦੀ ਮੰਜ਼ਿਲ ਵਲ ਮੌਤ ਦੇ ਵਿਸ਼ਾਲ ਦ੍ਰਿਸ਼ ਵਿੱਚੋਂ ਕੋਈ ਜੀਵਨ-ਬਖ਼ਸ਼ਦੀ ਉਮੀਦ ਨਿਤਾਰ ਕੇ ਤੁਰਦਾ ਰਿਹਾ। ਗੁਰੂ-ਯਾਦਾਂ ਦੇ ਝੁਰਮਟ ਵਿਚ *ਝਨਾਂ ਦੀ ਰਾਤ* ਦਾ ਇਹੋ ਮੌਤ ਤੋਂ ਉਮੀਦ ਤਕ ਦਾ ਸਫ਼ਰ ਹੈ।

*(21-9-2002)*

6

# ਕੁਰਲਾਉਂਦੇ ਕਾਫ਼ਲੇ

(1947 ਈ: ਦੇ ਉਦਾਸ ਦਿਨਾਂ ਨੂੰ ਬਿਆਨ ਕਰਦੀ
ਕੌਮਾਂ ਦੀ ਤਕਦੀਰ ਉੱਤੇ ਰੌਸ਼ਨੀ ਪਾਉਂਦੀ
ਲੰਮੀ ਕਵਿਤਾ)



ਝੂਠਿ ਵਿਗੁਤੀ ਤਾ ਪਿਰ ਮੁਤੀ
ਕੁਕਹ ਕਾਹ ਸਿ ਫੁਲੇ॥
ਆਗੈ ਘਾਮ ਪਿਛੈ ਰੁਤਿ ਜਾਡਾ
ਦੇਖਿ ਚਲਤ ਮਨੁ ਡੋਲੇ॥

*(ਗੁਰੂ ਨਾਨਕ ਸਾਹਿਬ*
*ਤੁਖਾਰੀ ਬਾਰਹਮਾਹਾ)*

ਸਾਰੇ ਲੋਕੀ ਟੁਰ ਗਏ, ਲੈ ਕੇ ਨਾਲ ਕਜ਼ਾ।
ਗਲੀਆਂ ਹੌਕੇ ਭਰਦੀਆਂ, ਰੋਂਦੀ ਫਿਰੇ ਹਵਾ।

ਕੰਧਾਂ ਸੁੰਢ ਮੁਸੁੰਦੀਆਂ, ਕੋਠੇ ਵਾਂਗ ਬਲਾ।
ਕੂਕਾਂ ਦੇਣ ਹਵੇਲੀਆਂ, ਸਾਡੇ ਵੱਲ ਨ ਆ।

ਉਜੜੇ ਪਏ ਮਦਾਨ ਵਿਚ, ਬਾਦਸ਼ਾਵਾਂ ਦੇ ਰੱਥ;
ਕਬਰਾਂ ਦੇ ਵਿਚ ਸੌਂ ਗਏ, ਮਹਿੰਦੀਆਂ ਵਾਲੇ ਹੱਥ।

*(ਮੁਨੀਰ ਨਿਆਜ਼ੀ—ਸਫ਼ਰ ਦੀ ਰਾਤ ਵਿੱਚੋਂ)*

# ਸਮਰਪਣ

ਪਾਕਿਸਤਾਨ ਦੇ ਪਿਆਰੇ ਸ਼ਾਇਰ ਦੋਸਤ
ਪ੍ਰੋ: ਡਾ: ਰਿਆਜ਼ ਮਜੀਦ ਸਾਹਿਬ
(ਉਰਦੂ ਵਿਭਾਗ, ਗੌਰਮਿੰਟ ਕਾਲਜ, ਲਾਇਲਪੁਰ)
ਦੀ
ਪਵਿੱਤਰ ਮਾਤਾ
ਦੇ ਨਾਂ,

ਜਿਹਨਾਂ ਦੇ ਮਿਹਰਬਾਨ ਦਿਲ ਵਿੱਚੋਂ ਸਮੇਂ ਦੇ ਬੇਰਹਿਮ ਥਲਾਂ ਵਿਚ ਤੁਰਦੇ, ਅਟਕਦੇ ਤੇ ਤ੍ਰਭਕਦੇ ਇਨਸਾਨਾਂ ਦੇ ਉਦਾਸ ਕਾਫ਼ਲਿਆਂ ਦੇ ਸਿਰਾਂ ਉੱਤੇ ਹਜ਼ਾਰਾਂ ਅਸੀਸਾਂ ਕੂੰਜਾਂ ਵਾਂਗ ਉਡਦੀਆਂ ਜਾ ਰਹੀਆਂ ਹਨ।

# ਕੁਰਲਾਉਂਦੇ ਕਾਫ਼ਲੇ : ਕੌਮਾਂ ਦੇ ਦੁਖਾਂਤ ਦੀ ਦਲੀਲ

*ਕੁਰਲਾਉਂਦੇ ਕਾਫ਼ਲੇ* ਨੂੰ ਮੈਂ ਮਾਰਚ, 1984 ਵਿਚ ਗੜ੍ਹਦੀਵਾਲਾ ਵਿਖੇ ਸਮਾਪਤ ਕੀਤਾ, ਜਦੋਂ ਕਿ ਸਦੀਆਂ ਤਕ ਖ਼ਾਲਸੇ ਦੇ ਦਿਲਾਂ ਨੂੰ ਘਾਇਲ ਕਰਨ ਵਾਲੇ ਅਕਾਲ ਤਖ਼ਤ ਦੇ ਅਪਮਾਨ ਹੋਣ ਵਿਚ ਥੋੜ੍ਹੀ ਦੇਰ ਸੀ। ਕਵਿਤਾ ਤਿੰਨ ਮਹੀਨਿਆਂ ਵਿਚ ਲਿਖੀ। ਉਂਞ ਮੈਂ ਇਸ ਦੇ ਅਨੁਭਵਾਂ ਨੂੰ ਬਚਪਨ ਤੋਂ ਹੀ ਪਾਲ ਰਿਹਾ ਸਾਂ।

ਭਾਵੇਂ ਕਵਿਤਾ 1947 ਦੇ ਉਹਨਾਂ ਖ਼ੂਨੀ ਹਾਦਸਿਆਂ ਨੂੰ ਮਹਾਨ ਹਕੀਕਤਾਂ ਦੇ ਪ੍ਰਤੀਕ ਬਣਾ ਕੇ ਵਰਤਦੀ ਹੈ, ਜਿਹਨਾਂ ਨੂੰ ਕਵੀ ਨੇ ਬਚਪਨ ਵਿਚ ਵੇਖਿਆ ਅਤੇ ਜਰਿਆ, ਪਰ ਕਵਿਤਾ ਦੇ ਸੂਖਮ ਤਰਕ ਵਿਚ ਵਿਸ਼ਵ ਦੀਆਂ ਕੌਮਾਂ ਦੀ ਤਕਦੀਰ ਦੇ ਇਤਿਹਾਸ ਛੁਪੇ ਹੋਏ ਹਨ। ਜਦੋਂ ਵਫ਼ਾ ਦੇ ਸਦੀਵੀ ਮਿਆਰ ਡਿੱਗ ਪੈਣ, ਤਦੋਂ ਮਨੁੱਖ ਨੂੰ ਰੂਹ ਦਾ ਅਸਲੀ ਕੇਂਦਰ ਛੱਡਣਾ ਪੈਂਦਾ ਹੈ। ਕੌਮਾਂ ਦੇ ਸਰੀਰ ਅਤੇ ਰੂਹ ਵਿੱਚੋਂ ਬੇਵਫ਼ਾਈ ਦੀਆਂ ਸਭ ਲਾਅਨਤਾਂ ਮੁੱਕਣ ਪਿੱਛੋਂ ਹੀ ਅਸਲੀ ਕੇਂਦਰ ਵੱਲ ਪਰਤਣ ਦੀ ਸ਼ਰਤ ਪੂਰੀ ਹੁੰਦੀ ਰਹੀ ਹੈ। ਕਵਿਤਾ ਵਿਚ ਕੌਮਾਂ ਦੇ ਚੜ੍ਹਣ ਅਤੇ ਡਿੱਗਣ ਦੇ ਮਸਲੇ ਮਨੁੱਖੀ ਮਨ ਦੀ ਸਰੋਦੀ ਕੋਮਲਤਾ ਦੇ ਉਤਾਰ-ਚੜ੍ਹਾਵਾਂ ਵਿਚ ਬੁਣੇ ਗਏ ਹਨ। ਇਸਰਾਈਲੀਆਂ ਦੇ ਮਿਸਰ ਛੱਡਣ ਦੇ ਵੇਲਿਆਂ ਤੋਂ ਸਿੱਖਾਂ ਅਤੇ ਫ਼ਲਸਤੀਨੀਆਂ ਨਾਲ ਹੋਈਆਂ ਬੇਇਨਸਾਫ਼ੀਆਂ ਤਕ ਬੇ-ਵਤਨ ਹੋਣ ਦੇ ਸੈਂਕੜੇ ਕਿੱਸੇ ਇਤਿਹਾਸ ਨੇ ਦੁਹਰਾਏ। ਕੌਮਾਂ ਨਾਲ ਵਾਪਰੇ ਦੁਖਾਂਤ ਦੀਆਂ ਖ਼ੂਨੀ ਦਾਸਤਾਨਾਂ ਇਕ ਪਾਸੇ ਬੇ-ਅਦਲ ਹਾਕਮਾਂ ਦਾ ਬਾਹਰਮੁਖੀ ਇਤਿਹਾਸ ਬਣਾਉਂਦੀਆਂ ਹਨ, ਦੂਜੇ ਪਾਸੇ ਇਹਨਾਂ ਦਾ ਜ਼ਬਰਦਸਤ ਅਸਰ ਸਦੀਆਂ ਤਕ ਰੂਹ ਦੇ ਚਿਤਰਪੱਟ ਉੱਤੇ ਅਨੇਕਾਂ ਸ਼ਕਲਾਂ ਧਾਰਦਾ ਰਹਿੰਦਾ ਹੈ। ਸੋ ਕੌਮਾਂ ਦੇ ਦੁਖਾਂਤ ਦੀ ਦਲੀਲ ਉਹਨਾਂ ਦੀ ਰੂਹ ਵਿਚ ਪੈਦਾ ਹੋਏ ਜ਼ਲਜ਼ਲਿਆਂ ਵਿੱਚੋਂ ਹੀ ਢੂੰਡਣੀ ਪੈਂਦੀ ਹੈ, ਜਿਹਨਾਂ ਦਾ ਰਿਸ਼ਤਾ ਮਨੁੱਖੀ ਇਖ਼ਲਾਕ ਨਾਲ ਆਪਣੇ ਆਪ ਜਾ ਜੁੜਦਾ ਹੈ। *ਕੁਰਲਾਉਂਦੇ ਕਾਫ਼ਲੇ* ਇਕ ਵਿਸ਼ਾਲ ਘੁੰਮਦਾ ਬਿੰਬ ਹੈ, ਜਿਸਦਾ ਵਜੂਦ ਬਹੁਤ ਸਾਰੀਆਂ ਸ੍ਵੈ-ਸਿਰਜੀਆਂ ਮਿੱਥਾਂ ਦੀ ਸਾਮਗ੍ਰੀ ਨਾਲ ਬਣਿਆ ਹੈ। ਇਹ ਮਿੱਥਾਂ ਪੰਜਾਬੀ ਸਭਿਆਚਾਰ ਦੀਆਂ ਜਿਊਂਦੀਆਂ-ਜਾਗਦੀਆਂ ਰੌਣਕਾਂ ਦਾ ਇਕਾਗਰ ਸਿਮਰਣ ਹਨ। ਮੈਂ ਇਨਸਾਨ ਦੀ ਧੁਰੋਂ ਮਨਜ਼ੂਰ ਹੋਈ ਆਜ਼ਾਦੀ ਦਾ ਤਾਲਿਬ ਹਾਂ। ਮੇਰੇ ਅੰਦਰ ਬੇ-ਪੱਤ ਹੋਈਆਂ ਕੌਮਾਂ ਦੇ ਦੱਬੇ ਹੌਕੇ ਹਨ। ਮੇਰੇ ਅੱਥਰੂ ਵਿਚ ਦੈਵੀ ਨਜ਼ਰਾਂ ਨਾਲ ਦਗ਼ਾ ਕਮਾਉਂਦੀਆਂ ਉਹਨਾਂ ਸਾਜ਼ਿਸ਼ਾਂ ਦੇ ਭੇਦ ਹਨ, ਜਿਹਨਾਂ ਨੂੰ ਸ਼ੈਤਾਨ ਹਕੂਮਤਾਂ ਨੇ ਸੱਚੇ ਧਰਮਾਂ ਨੂੰ ਕੋਹਣ ਲਈ ਵਰਤਿਆ। ਯਕੀਨ ਕਰਨਾ ਮੇਰੇ ਅੰਦਰ ਇਖ਼ਲਾਕੀ, ਰੂਹਾਨੀ ਅਤੇ ਮੁਲਕੀ ਪੱਧਰ ਉੱਤੇ ਬੇ-ਵਤਨ ਹੋਣ ਦੀ ਪੀੜ ਇਸ ਕਵਿਤਾ ਨਾਲੋਂ ਕਿਤੇ ਵੱਡੀ ਹੈ। *(24-7-1989)*

# ਸਰਗ ਪਹਿਲਾ

## ਨਨਕਾਣਾ ਸਾਹਿਬ ਦੀਆਂ ਗਲੀਆਂ
## ਵਿਚ
## ਵਿਛੜੇ ਲੋਕਾਂ ਦਾ ਮੇਲਾ

—ੳ—

ਸੁੱਕੇ ਸਰਾਂ 'ਤੇ ਤਿਰਕਾਲਾਂ ਨੂੰ,
ਨੌਬਤ ਸੁਣੀ ਫ਼ਕੀਰਾਂ।
ਰਾਜ਼ ਮਿੱਟੀ ਦੇ ਚੁੱਕ ਚੁੱਕ ਤੁਰੀਆਂ,
ਸਮਿਆਂ ਦੀਆਂ ਵਹੀਰਾਂ।

ਚੁੱਪ ਫ਼ਕੀਰ ਗਏ ਜਿਸ ਪਾਸੇ,
ਉਸ ਰਾਹ ਸਿੱਕ ਖਲੋਈ।
ਜਾਨ ਨਪੀੜ ਰਹੀ ਸੁੰਜਬਰ ਦੀ,
ਪੈੜ ਪੁਰਾਣੀ ਕੋਈ।

ਵਿਛੜੇ ਲੋਕਾਂ ਦੇ ਮੇਲੇ 'ਚੋਂ,
ਹੌਕੇ ਵੈਣ ਸੁਣੀਂਦੇ।
ਤਕ ਜ਼ਿਆਰਤ ਦੇ ਅੱਥਰੂ ਨੂੰ,
ਰਾਹ ਅਸਮਾਨ ਦੇ ਜੀਂਦੇ।

ਡੂਗਰ ਜਲਾਂ ਥਲਾਂ 'ਚੋਂ ਆਏ,
ਓਢਣ ਸਮੇਂ ਦਾ ਪਾਏ।
ਸੁੰਞੇ ਸਰਾਂ ਤੋਂ ਉਡ ਉਡ ਮੁੜ ਗਏ,
ਰੋ ਪੰਛੀ ਤ੍ਰਿਹਾਏ।

ਸੁੱਕੇ ਸਰਾਂ 'ਤੇ ਮੁਸ ਮੁਸ ਰੋਵਾਂ,
ਖੁਰ ਗਈਆਂ ਤਿਰਕਾਲਾਂ।
ਸਦੀਆਂ ਵੇਖ ਸਕਣ ਨ ਜਿਸਨੂੰ,
ਸੋ ਰੰਗ ਨਜ਼ਰ 'ਚ ਪਾਲਾਂ।


WWW.SIKHBOOKCLUB.COM

ਦੂਰ ਢੋਲ ਵੱਜਿਆ ਖ਼ੂਨੀ,
ਹੌਲ ਪਿਆ ਵਿਚ ਬਾਰਾਂ।
ਜ਼ਿਆਰਤ ਦੀਆਂ ਪੈੜਾਂ 'ਚੋਂ ਬਲਦੀ,
ਹੂੰਗਰ ਸੁਣੀ ਬਜ਼ਾਰਾਂ।

ਤਾਂਘਾਂ ਆਣ ਬੈਠੀਆਂ ਕਿਧਰੋਂ,
ਉੱਡ ਉੱਡ ਹੰਝ-ਬਨੇਰੇ।
ਸ਼ਾਲਾ ਲੰਘ ਆਵੇ ਅੱਜ ਮਾਹੀ,
ਬਲਦੇ ਚਰਖ ਚੁਫੇਰੇ।

ਕਹਿਕਸ਼ਾਂ ਦੇ ਕਿਸ ਦਰ ਉੱਤੇ,
ਸੂਰਜ-ਚੰਨ ਪਰਾਏ ?
ਕਾਲ-ਪੈਂਡਿਆਂ ਦੀਆਂ ਗਾਰਾਂ ਵਿਚ
ਢਹੇ ਸਵਾਰ ਤਿਹਾਏ!

ਸਰਾਂ ਦੇ ਕੰਢੇ ਜੰਡ ਫਲਾਹੀਆਂ,
ਹੇਠ ਪੁਰਾਣੇ ਸੱਥਰ।
ਪੌਣਾਂ ਭੈਣਾਂ ਵਾਂਗ ਜਗਾਵਣ,
ਚੁੰਮ੍ਹ ਅਜਨਬੀ ਅੱਖਰ।

ਚੁੱਕ ਲੰਗਾਰ ਵਣਾਂ ਦੇ ਸਿਰ ਤੋਂ,
ਬੁੱਢੀਆਂ ਮਾਵਾਂ ਸੀਵਣ;
ਨਨਕਾਣੇ ਦੀ ਜੂਹ ਵਿਚ ਰੋ ਕੇ,
ਸੂਲ ਸੁਰਾਹੀ ਪੀਵਣ।

ਆ ਨ ਬ੍ਰਿਛਾਂ ਹੇਠ ਸੰਵਾਣੇ,
ਨੀਂਗਰ ਸੁੱਤੇ ਯਾਰਾਂ;
ਤੁੰਦ ਹਵਾਵਾਂ ਉੱਤੇ ਉਤਰੇ,
ਨਿਰਮੋਹੇ ਅਸਵਾਰਾਂ।

ਚੰਨ ਦੇ ਹੇਠ ਵਰ੍ਹੇ ਕੁਰਲਾਵਣ,
ਡਰਵਰ ਵਾਂਗ ਵੀਰਾਨੇ।
ਜਲੀਆਂ ਮੁੱਢੀਆਂ ਵਾਂਗ ਖੜੇ ਨੇ,
ਮੁੱਢ ਕਦੀਮ ਯਰਾਨੇ।

ਬ੍ਰਹਿਮੰਡਾਂ ਦੇ ਭੇਦ ਦਾ ਅੱਖਰ,
ਚੜ੍ਹ ਕੇ ਪਾਸ਼ਵੀ ਵਾਹਰਾਂ।
ਛੁਪ ਛੁਪ ਘੇਰ ਘੇਰ ਕੇ ਡੋਬਣ,
ਮੰਝ ਸਹੰਸਰ ਧਾਰਾਂ।


WWW.SIKHBOOKCLUB.COM 

ਸੁੰਢ ਦੇ ਤਪੇ ਕੜਾਹੇ ਸਿਸਕਣ,
ਉਡ ਸਮਿਆਂ ਦੇ ਛਾਲੇ।
ਸਹਿਮ ਰਹੇ ਬਾਲਾਂ 'ਤੇ ਚੜ੍ਹਦੇ,
ਕਹਿਰ ਪੁਰਾਣੇ ਕਾਲੇ।

ਕਿਸੇ ਅੰਧ ਦੀ ਸਿਖਰੋਂ ਨੇਸਾਂ,
ਵੇਹਣ ਮਾਸੂਮ ਬਰਾਤਾਂ।
ਕੁੱਲ ਜ਼ਿਮੀਂ ਨੂੰ ਜਾਲ ਬਣਾਇਆ,
ਬੇਪਛਾਣ ਹੋ ਘਾਤਾਂ!

ਦਾਵਾ ਅਗਨੀ ਦੀ ਰਗ ਵੰਨੀ,
ਰੋ ਦੁਆ ਕੁਈ ਨੱਸੀ।
ਝੱਖੜਾਂ ਦੀਆਂ ਜਿੰਦਾਂ ਨੇ ਪਲ ਵਿਚ,
ਸੁਹਲ ਜਿੰਦ ਉਹ ਕੱਸੀ।

ਧਰ ਗ਼ਰੀਬ ਨੂੰ ਡੋਬਣਾ ਚਾਹਿਆ,
ਤੰਦੂਏ ਵਾਂਗ ਬਲਾਵਾਂ।
ਬੋਲ ਕਿਸੇ ਸੰਤ ਦੇ ਮਿੱਠੇ,
ਜਲ ਬਲ ਫੜੇ ਖਲਾਵਾਂ।

ਕਾਲ ਗਿਰਝ ਦੇ ਵਾਂਗੂੰ ਉੱਡਣ,
ਗੌਲ ਫ਼ਰੇਬੀ ਨਾਰਾਂ।
ਮਰਦਾਨੇ ਦੇ ਭਲੇ ਸੀਸ 'ਤੇ
ਬੰਨ੍ਹ ਬੰਨ੍ਹ ਆਵਣ ਡਾਰਾਂ।

ਪੰਛੀ ਬਲਦੇ ਦੇਸ ਦੀ ਕੂਟੋਂ,
ਮੁੜ ਮੁੜ ਨਜ਼ਰ ਦੌੜਾਏ;
ਪੀਰ ਫ਼ਕੀਰ ਸੰਤ ਦੇ ਸੋਹਣੇ
ਵੱਢ ਵੱਢ ਹੱਥ ਗਿਰਾਏ।

—ਅ—

ਕੋ ਫ਼ਰਿਆਦ ਹਵਾ 'ਤੇ ਸੁੱਤੀ,
ਸੱਥਰਾਂ ਉੱਤੇ ਡੋਲੇ।
ਕੱਤਕ ਦੀ ਪੁੰਨਿਆ ਨੂੰ ਚੁੰਮਦੀ,
ਸੁੱਕੇ ਸਰਾਂ ਦੇ ਚੋਲੇ।


WWW.SIKHBOOKCLUB.COM

ਵਿਛੜੇ ਲੋਕਾਂ ਦਾ ਮਨ ਲੂੰਹਦੀ,
ਦਾਵਾ ਅਗਨ ਵਿਡਾਣੀ।
ਭਖਦੇ ਨੈਣਾਂ ਨੂੰ ਆ ਛੋਂਹਦੇ,
ਤਿੜ ਦੇ ਸ਼ੀਰੀਂ ਪਾਣੀ।

ਹੰਝੂਆਂ ਉੱਤੇ ਅਣਦਿੱਸ ਵਜਦੇ
ਬਹੁਤ ਮਹੀਨ ਸੰਗੋਲੇ।
ਮੇਰੇ ਵਡ-ਵਡੇਰਿਆਂ ਦੇ ਮਨ,
ਬਹਿ ਸੱਥਰੀਂ ਕੁਈ ਫੋਲੇ।

ਬੁੱਢੀਆਂ ਮਾਵਾਂ ਦੀਆਂ ਫ਼ਰਿਆਦਾਂ,
ਬ੍ਰਿਛਾਂ ਤਾਈਂ ਬੁਲਾਵਣ।
ਕੰਨ ਸ਼ਬਨਮ ਦੇ ਦੁੱਖ ਪੁਰਾਣੇ,
ਬੋਲ ਅਬੋਲ ਸੁਨਾਵਣ।

ਵਿਛੜੇ ਲੋਕਾਂ ਦੇ ਮੇਲੇ ਵਿਚ;
ਮਨ ਸਿੱਕ ਸਿੱਕ ਸਧਰਾਇਆ।
ਦਾਵਾ-ਬੜਵਾ ਅਗਨ ਦੇ ਚੱਕਰ,
ਘਾਇਲ ਬੋਟ ਤ੍ਰਿਹਾਇਆ।

ਹੋਏ ਅਸਗਾਹ ਤੜਪ ਕੇ ਰੋਲੇ,
ਬੋਟ ਨੇ ਰਮਜ਼ ਪਛਾਣੀ।
ਮਹਾਂ ਅਗਨੀਆਂ ਜਾਣ ਨ ਸਕੀਆਂ,
ਤਿੜ ਦੇ ਸ਼ੀਰੀਂ ਪਾਣੀ।

ਕਦੇ ਕਦੇ ਮਸਤਕ ਨੂੰ ਛੋਂਹਦੀ,
ਕੂਲੀ ਅਨਹੱਦ ਕਾਨੀ।
ਪਰਦੇਸਾਂ ਵਿਚ ਦੇਸਾਂ ਵਾਂਗੂੰ,
ਕੌਣ ਮਿਲੇ ਅੱਜ ਜਾਨੀ!

ਮੋਈਆਂ ਰੂਹਾਂ ਤਾਈਂ ਵਿਹਾਜਣ,
ਰਮਜ਼ਾਂ ਫਿਰਨ ਬਾਜ਼ਾਰਾਂ।
ਮਨਾਂ ਦੇ ਉਹਲੇ ਖੜ੍ਹ ਖੜ੍ਹ ਤੱਕਣ,
ਦੂਰ ਝਨਾਂ ਤਕ ਬਾਰਾਂ।

ਹਰੀ ਭਰੀ ਰਾਵੀ ਦੇ ਕੰਢੇ,
ਵੈਣ ਪਾਉਣ ਕੁਈ ਆਵੇ।
ਫੇਰ ਹਯਾ ਦੇ ਪਰਦੇ ਉਹਲੇ,
ਰੋਇ ਰੋਇ ਲੁਕ ਜਾਵੇ।


WWW.SIKHBOOKCLUB.COM

ਹੰਝੂਆਂ ਦੀ ਖਾਰੀ ਚਾ ਘੁੰਮਨ,
ਮੇਲੇ ਵਿਚ ਤਅਜ਼ੀਰਾਂ।
ਛੁਪ ਗੁਨਾਹ ਦੇ ਪੈਂਡੇ ਦੇਖੇ,
ਨਦੀਆਂ ਚੀਰ ਫ਼ਕੀਰਾਂ।

ਨਨਕਾਣੇ ਦੀਆਂ ਗਲੀਆਂ ਦੇ ਵਿਚ,
ਕਮਲੀ ਜਿੰਦ ਬੇਗਾਨੀ।
ਭੁੱਲੇ ਕੌਲ ਧੂੜ 'ਚੋਂ ਲਭਦੀ
ਥਲ ਰੋਹੀ ਦੀਵਾਨੀ।

ਮੋਈਆਂ ਰੂਹਾਂ ਘੁੰਮਨ ਪਈਆਂ
ਅੱਪਣੀ ਅੱਪਣੀ ਰੇਖੇ।
ਸੁਪਨੇ ਦੀ ਇਕ ਮਣੀ ਚਿਰੋਕੀ
ਨੀਂਦ ਧਰਤ ਦੀ ਦੇਖੇ।

ਇਉਂ ਮੈਂ ਰੂਹ 'ਤੇ ਸਾਂਗਾਂ ਲੱਗਣ
ਜਿਸ ਦਾ ਕਿਤੇ ਨ ਸਾਨੀ।
ਜਿਵੇਂ ਕਿਸੇ ਸ਼ਬਨਮ 'ਤੇ ਵੱਜੇ
ਸਮਿਆਂ ਦੀ ਤੁਗਿਆਨੀ।

ਝਰਨ ਕਦੇ ਨਾਗ ਦੇ ਫਣ 'ਚੋਂ
ਟੂਣੇਹਾਰਨਾਂ ਮਣੀਆਂ।
ਸੱਥਰਾਂ 'ਤੇ ਸੁੱਤਿਆਂ ਨੂੰ ਛੇੜਣ
ਰੂਪ ਚਾਨਣੀ ਅਣੀਆਂ।

ਸੰਢਾਂ ਦੀ ਦਸਤਾਰ ਸਜਾਈ
ਸਿੰਘਾਂ ਦਾ ਮਨ ਭਰਿਆ।
ਜ਼ਾਮਨ ਬਣੇ ਘਰਾਂ ਦਾ ਮਾਹੀ
ਦੇਸ ਬੇਗਾਨਾ ਜਰਿਆ।

ਵਣ ਦੇ ਹੇਠੋਂ 'ਵਾਜ ਸੁਣੀ ਮੈਂ
ਫੈਲ ਗਈ ਵਿਚ ਬਾਰਾਂ,
ਮੋਹ ਧਰਤ ਦਾ ਚਾ ਕੇ ਤੱਕਿਆ
ਚੋਰ, ਯਾਰ, ਅਸਵਾਰਾਂ।

ਵਿਛੜੇ ਲੋਕਾਂ ਦੇ ਮੇਲੇ ਵਿਚ,
ਹੇਕ ਛੇੜੂਆਂ ਛੋਹੀ।
ਵਣਾਂ ਦੇ ਬੀਜ ਬੀਜ ਨੂੰ ਝੂਣੇ,
ਵਾਣ ਵਜਦ ਦੀ ਕੋਈ।


WWW.SIKHBOOKCLUB.COM

ਹਾਇ ਪਰ ਜਿਨ੍ਹਾਂ ਬੂਹਿਆਂ ਸਾਹਮੇ
ਚਾਈ ਅਸਾਂ ਨੇ ਖਾਰੀ।
ਹੁਣ ਉਹ ਮਹਿਲ ਹਲਾਹਲ ਸੁੱਤੀ
ਤੋੜ ਸਿਖਰ ਦੀ ਬਾਰੀ।

ਹਾਇ ਮੈਂ ਜਿਨ੍ਹਾਂ ਬੀਜਾਂ ਅੰਦਰ
ਅਜ਼ਲ ਤੋਂ ਕੌਲ ਛੁਪਾਏ।
ਬ੍ਰਿਛ ਬਣੇ ਤਾਂ ਪੱਤਿਆਂ ਅੰਦਰ
ਛੁਪੇ ਪ੍ਰੇਤ ਦੇ ਸਾਏ।

ਪਲ ਵਿਚ ਦੇਸ ਪਰਾਏ ਹੋ ਗਏ
ਨੈਣ ਮਾਸੂਮ ਨ ਬੋਲੇ।
ਸਮੇਂ ਦੀਆਂ ਧੁੱਪਾਂ ਨ ਰੁਕੀਆਂ
ਟਿੰਘਾਂ ਨੇ ਫਣ ਖੋਲ੍ਹੇ।

ਹੱਥ ਮਰੋੜੇ ਡੁਬ ਡੁਬ ਜਾਵੇ
ਜਿੰਦ ਬਉਰਾਣੀ ਮੇਰੀ ?
ਧਰ ਦੇ ਛਤਰ ਵਿਸ਼ੈਲੇ ਹੇਠਾਂ
ਨੀਂਦ ਬੁਲਾਵਾਂ ਕਿਹੜੀ ?

ਵੱਡ ਫ਼ਰੇਬ ਕਰੇ ਪਿਆ ਦੂਤੀ
ਬਦਲ ਸਮਾਂ ਪ੍ਰਛਾਵਾਂ।
ਨੀਂਦ ਦਾ ਕੀ ਇਤਬਾਰ ਹੈ ਯਾਰੋ
ਪੈਂਡੇ ਨਾਲ ਲਿਜਾਵਾਂ।

—ੲ—

ਮੈਂਡੀ ਨੀਂਦ ਦੀਆਂ ਲਹਿਰਾਂ ਵਿਚ
ਵਰ੍ਹੇ ਗੁਆਚੇ ਥੀਂਦੇ।
"ਖੁਰ ਜਾਵਣਗੇ ਨਕਸ਼ ਇਨ੍ਹਾਂ ਦੇ"
ਧੀਮੇ ਵੈਣ ਸੁਣੀਂਦੇ।

ਸਾਂਵਲ ਮੀਤ ਆਏ ਵੱਲ ਦੇਸਾਂ
ਇਕ ਪਲ ਕੌਲ ਪੁਗਾਵਣ;
ਦੂਜੇ ਪਲ ਰਾਹ ਮਿਠੜੇ ਉਸਦੇ
ਗੋਰ ਸੁੰਞ ਬਣ ਜਾਵਣ।

ਗੋਰਾਂ ਦਾ ਵੱਡ ਦਰਦ ਸੁਣਾਵਣ
ਚੜ੍ਹ ਚੜ੍ਹ ਨਜ਼ਰੀਂ ਬੁੱਲੇ।
ਪੱਤਿਆਂ ਉਹਲੇ ਛੁਪ ਛੁਪ ਰੋਵਣ
ਬੋਲ ਸਮੇਂ ਦੇ ਭੁੱਲੇ।

ਸਾਂਦਲ ਬਾਰ ਦੀਆਂ ਨਹਿਰਾਂ 'ਤੇ
ਵਗਣ ਨ੍ਹੇਰੀਆਂ ਭਾਰੀ।
ਸੱਚੇ ਅਦਲ ਦੀ ਲਰਜ਼ ਜਗਾਂਦੀ
ਤਿੱਪ ਲਹੂ ਦੀ ਨਿਆਰੀ।

ਸਿਖਰ ਦੁਪਹਿਰੇ ਤਪ ਸਲਵਾੜੀਂ
ਦਾਗ਼ ਲੁਕਾਵਣ 'ਕੱਲੇ।
ਵਣਾਂ ਕਰੀਰਾਂ ਅਰਜ਼ ਗੁਜ਼ਾਰੀ
ਅੱਥਰੂ ਇਕ ਨ ਪੱਲੇ।

ਸਾਂਦਲ ਬਾਰ ਦੀਆਂ ਨਹਿਰਾਂ 'ਤੇ
ਵੱਡੇ ਘਰ ਦੀਆਂ ਜਾਈਆਂ।
ਦਾਗ਼ ਕਦੇ ਪੁੱਤਰਾਂ ਦਾ ਲੱਥੇ
ਲੀਰਾਂ ਧੋਵਣ ਆਈਆਂ।

ਦਾਗ਼ ਨ ਲੱਥੇ, ਪਾਪਾਂ ਨੂੰ ਪਰ
ਸਮਾਂ ਹਜ਼ੂਰ ਬੁਲਾਵੇ।
ਬੇਪੀਰ ਕੌਮਾਂ ਦੇ ਸਿਰ ਤੋਂ
ਮੌਤ ਦਾ ਹਾੜ ਉਠਾਵੇ।

ਮੋਇਆਂ ਦੇ ਪੈਂਡੇ ਨੂੰ ਢੂੰਡਣ
ਕੌਣ ਕੌਣ ਉਹ ਗਈਆਂ।
ਰੁਲ ਕੇ ਵਰ੍ਹਿਆਂ ਪਿੱਛੋਂ ਮੁੜੀਆਂ
ਨਜ਼ਰਾਂ ਧੋਵਣ ਪਈਆਂ।

ਮੇਰੇ ਘਰ ਦੇ ਸਾਹਵੇਂ ਮੇਰੀ
'ਵਾਜ ਨਿਮਾਣੀ ਕੁੱਠੀ।
ਲੰਮੀ ਤੇਗ ਤੂਫ਼ਾਨਾਂ ਵਾਲੀ
ਜਲ ਥਲ ਦੇ ਵਿਚ ਉੱਠੀ।

ਕੂਕਾਂ: "ਕੋਈ ਮਿਲਾਵੋ ਆ ਕੇ
ਬੇਪੀਰ ਮੈਂ ਝੱਲਾ।
ਛਬੀਆਂ ਨਾਲ ਘਾਇਲ ਜੋ ਮੋਇਆ
ਲਹੂ ਮਾਸੂਮ ਇਕੱਲਾ।"


WWW.SIKHBOOKCLUB.COM

ਕੂਕ ਮਿਰੀ ਕੁਠ ਹੋਇ ਮੂਰਛਿਤ
ਪਰਬਤ ਤਲਖ਼ ਤੇ ਕੋਰੇ।
ਗਾੜ੍ਹੇ ਭੇਦ ਉਮਰ ਦੇ ਉੱਤੇ
ਕੋ ਜੁਗਨੂੰ ਲਿਸ਼ਕੋਰੇ।

ਪਲ ਵਿਚ ਮੇਰੀ ਕੂਕ ਦੇ ਦਰ 'ਤੇ
ਜੋਗਣ ਅਲਖ ਜਗਾਵੇ।
ਅਨਹੱਦ ਕੁੰਟ ਦੇ ਵਿੱਚੋਂ ਸੋਹਣੀ
ਅੰਗ ਅਨੀਲ ਖਿੜਾਵੇ।

ਮੇਰੀ ਨਜ਼ਰੀਂ ਨੂਰ ਵਰ੍ਹਾਏ
ਮੁੱਢ ਕਦੀਮ ਸਹੇਲੀ।
ਜਲਾਂ ਥਲਾਂ ਦੀ ਵਾਗ ਸੁਹਾਣੀ
ਫੜੀ ਨਾਰ ਅਲਬੇਲੀ।

"ਅਨਹੱਦ ਕੁੰਟ ਜਿਹੜੀ 'ਚੋਂ ਆਈ,
ਉਸ ਦਾ ਹਾਲ ਸੁਣਾਈਂ।"
"ਸੌਂਹ ਧਰਤੀ ਦੀ ਮੈਨੂੰ ਰੂਹ ਦੀ,
'ਰਾਵੀ' ਆਖ ਬੁਲਾਈਂ।

"ਕਹਿਕਸ਼ਾਂ ਦੇ ਵਗਦੇ ਜਲ 'ਤੇ
ਮੈਂ ਉੱਡ ਹੋਈ ਦੀਵਾਨੀ।
ਤੇਰੇ ਵਿਹੜਿਉਂ 'ਵਾਜ ਸੁਣੀ ਤਦ
ਲੰਘ ਉਮਰਾਂ ਅਸਮਾਨੀ।"

ਵੇਖ ਰਹੀ ਪੱਤਿਆਂ ਵਿਚ ਝੁਲਦੇ,
ਰਾਵੀ ਜਲਦੇ ਪੈਂਡੇ।
ਉਹੀਓ ਹੰਝੂ ਪਈ ਵਿਹਾਜੇ,
ਜੋ ਕੰਡਿਆਂ ਵਿਚ ਰਹਿੰਦੇ।

ਲਹੂ ਚੁੱਕ ਰੇਤ 'ਚੋਂ ਉੱਡਣ,
ਕਹਿਰ ਕਲੂਰ ਅੰਗਾਰੇ।
'ਵਾਵਾਂ ਦੇ ਤਨ-ਮਨ 'ਤੇ ਰਾਵੀ,
ਭੁੱਲੇ ਜ਼ਖ਼ਮ ਸ਼ਿੰਗਾਰੇ।

ਰਾਂਗਲੇ ਸਾਜਣ ਢੂੰਡ ਨ ਥੱਕੀ,
ਜੀਰਾਣੀਂ ਅਧਰੈਣੀ।
ਵਾਟ ਸਬਰ ਦੀ ਮੁਕ ਜਾਵੇਗੀ,
ਧਰਤ ਦੇ ਸਿਕਦੇ ਨੈਣੀਂ।


WWW.SIKHBOOKCLUB.COM 

ਵਾਲ ਜਿਹੇ ਸਮੇਂ ਦੇ ਪੁਲ 'ਤੇ,
ਕੌਣ ਜਾਣ ਕੁਰਲਾਉਂਦੇ ?
ਜਿੰਨ ਪ੍ਰੇਤ ਕਿਸੇ ਵਿਚ ਕੁਲਜ਼ਮ,
ਹੂਲ ਕਹਾਹਾ ਪਾਉਂਦੇ।

ਰਾਵੀ ਨੀਂਦ ਦੀਆਂ ਜੂਹਾਂ ਵਿਚ,
ਵਿਛੜੇ ਬੋਲ ਉਤਾਰੇ।
ਸੁੱਤੇ ਬਾਰ ਦੇ ਬੋਹੜਾਂ ਹੇਠਾਂ,
ਪੁੱਤ ਅਣਭੋਲ ਵਿਚਾਰੇ।

ਰਾਵੀ ਭੈਣ ਨੂੰ ਵੇਖਣ ਆਏ
ਪਾ ਸ਼ਬਨਮ ਦੇ ਬਾਣੇ।
ਤਪਦੀ ਹੁੰਗਰ ਦੇ ਮਿੱਟੀ ਵਿਚ
ਸੂਰਜ ਬੁਝੇ ਵਿਹਾਣੇ।

ਕਹਿਰ ਹਜੂਮ ਬੰਨ੍ਹ ਕੇ ਆਏ,
ਰਾਹ ਰਾਵੀ ਦੇ ਭੀੜਾਂ।
ਕਿਸੇ ਚੁੰਨੀ ਦੀ ਲੀਰ 'ਤੇ ਵਾਰਣ,
ਬਹਿ ਅੱਥਰੂ ਤਕਸੀਰਾਂ।

ਜਲ ਥਲ ਰੋ ਪਰੀ ਤੋਂ ਪੁੱਛਣ,
ਮਾਵਾਂ ਦੇ ਸਿਰਨਾਵੇਂ।
ਮਲ੍ਹਿਆਂ ਉਹਲੇ ਬੈਠ ਕੇ ਰੋਂਦੇ,
ਮਿਰਗਾਂ ਦੇ ਪ੍ਰਛਾਵੇਂ।

ਸਾਂਦਲ ਬਾਰ ਦੀਆਂ ਨਹਿਰਾਂ ਨੂੰ,
ਧੀਆਂ ਦੇ ਦੁੱਖ ਡਾਢੇ।
ਰਾਵੀ ਕੋਲੋਂ ਝੁਕ ਝੁਕ ਪੁੱਛਣ,
ਟਾਹਲੀਆਂ ਦੁੱਖ ਦੁਰਾਡੇ।

ਚਾ ਸਿਰ ਆਤਣ ਦੀਆਂ ਉਡੀਕਾਂ,
ਸੋਹਣੀਆਂ ਦੁੱਖ ਫਰੋਲਣ।
ਸਾਂਦਲ ਬਾਰ ਦੀਆਂ ਨਹਿਰਾਂ 'ਤੇ,
ਰੰਗ ਕਸੁੰਭੜਾ ਤੋਲਣ।

ਅੱਪਣੇ ਅੱਪਣੇ ਪੈਂਡੇ ਭੈਣਾਂ,
ਤੋਰੇ ਨਾਲ ਫ਼ਕੀਰਾਂ।
"ਹੁਣ ਦੇ ਸਮੇਂ ਦਾ ਬੋਲ ਨ ਬੋਲੇ"
ਕਹਿਣ ਪਈਆਂ ਤਕਸੀਰਾਂ।


WWW.SIKHBOOKCLUB.COM

ਕੱਤਕ ਦੀ ਪੁੰਨਿਆ ਨੂੰ ਆਏ,
ਜਲ ਥਲ 'ਚੋਂ ਵਣਜਾਰੇ।
ਟੂਣੇਹਾਰੀ ਰਾਵੀ ਕੋਲੋਂ,
ਕੌਲ ਵਿਹਾਜਣ ਪਿਆਰੇ।

"ਉਹੀਓ ਹੱਥ ਮੋਇਆਂ ਸਿਰ ਰੱਖੋ"
ਸੁਣ ਰਾਵੀ ਸ਼ਰਮਾਈ:
ਜਿਹੜੇ ਹੱਥ ਸਕੂਨ ਦੀ ਮਹਿੰਦੀ
ਪੁੰਨਿਆ ਸਾਹਵੇਂ ਲਾਈ।

ਰਾਵੀ ਵਕਤ ਕਹਿਰ ਦੇ ਰੋ ਕੇ,
ਬੁੱਕਲ ਵਿਚ ਲੁਕੋਏ।
ਪਾਣੀ ਮੰਗਦੇ ਰੋਹੀਆਂ ਦੇ ਵਿਚ,
ਜਦੋਂ ਕਾਫ਼ਲੇ ਮੋਏ।

ਮੋਇਆਂ ਮਜ਼੍ਹਬਾਂ ਦੀ ਸ਼ਾਹ ਰਗ ਜੋ,
ਖੁਭੀ ਫ਼ਰੇਬੀ ਖ਼ੰਜਰ;
ਰਾਵੀ ਭਾਲ ਰਹੀ ਉਮਰਾਂ ਤੋਂ
ਨਾਗ ਨਿਵਾਸਾਂ ਅੰਦਰ।

ਪਰੀ ਤੋਂ ਦੀਪ ਸ਼ਬਨਮਾਂ ਦੇ ਲੈ,
ਰੱਖ ਵਿਚ ਥਾਲ ਬਸੰਤਾਂ।
ਟੁੱਕੇ ਅੰਗ ਵੇਹਣ ਲਈ ਰੋਹੀਏਂ
ਕੁੰਟਾਂ ਝੁਕਣ ਅਨੰਤਾਂ!

ਪਾਟੇ ਮਸਤਕ ਕੌਮਾਂ ਦੇ 'ਤੇ
ਪੰਜਾ ਨੂਰ ਵਰ੍ਹਾਵੇ।
ਪਗ ਪੁਨੀਤ 'ਚੋਂ ਜ਼ਮਜ਼ਮ ਉਛਲੇ
ਦਾਗ਼ ਥਲਾਂ ਦੇ ਲਾਹਵੇ।

ਪਰਸ ਹੱਥ ਰਾਵੀ ਦੇ ਬੋਲਾਂ:
"ਭੈਣੇ ਅਜੇ ਮੈਂ 'ਕੱਲਾ।
ਛੋੜਾਂ ਅਜੇ ਛੋੜ ਨਹੀਂ ਸਕਦਾ,
ਬੀਆਬਾਨ ਦਾ ਪੱਲਾ।

"ਕਿਵੇਂ ਰਾਂਗਲੇ ਸਾਜਨ ਸੌਂ ਗਏ,
ਜੀਰਾਣਾਂ ਵਿਚ ਜਾ ਕੇ?
ਕਿਵੇਂ ਖ਼ਾਕ ਵਿਚ ਠੰਢੇ ਹੋ ਗਏ,
ਪੈਂਡੇ ਲੱਖ ਤਪਾ ਕੇ?


WWW.SIKHBOOKCLUB.COM

"ਕਿਵੇਂ ਇਬਾਦਤ ਕਰਕੇ ਸੁੱਕੇ,
ਸ਼ਮਸ਼ੀਰਾਂ ਦੇ ਪਾਣੀ?
ਮਿੱਟੀ ਦੇ ਵਿਚ ਬਾਤ ਹੱਕ ਦੀ,
ਬਿਨ ਖਿੜਿਆਂ ਕੁਮਲਾਣੀ?

"ਭੈੜੀ ਨੀਂਦ ਸਿਰਾਂ 'ਤੇ ਡਿੱਗੀ,
ਤੰਦ ਸਾੜ ਲਏ ਸਈਆਂ।
ਲਹੂ ਮਾਸੂਮ ਦੀਆਂ ਫ਼ਰਿਆਦਾਂ,
ਪੀਰ ਜਗਾਵਣ ਪਈਆਂ।"

"ਸਮਾਂ ਸਿਦਕ ਦੇ ਬੋਲ ਪੁਗਾਵੇ"
ਕਹੇ ਮਿਹਰ ਹੋ ਰਾਵੀ:
"ਬਾਂਝ ਪਰਬਤਾਂ ਨੂੰ ਢਕ ਲੈਂਦੀ,
ਵੇਲ ਅੰਗੂਰ ਦੀ ਸਾਵੀ।

"ਬੋਲ ਮਾਸੂਮਾਂ ਦੇ ਲਿਖ ਸਾਂਭਣ,
ਸੁਬਕ ਤਬਾ ਤਕਦੀਰਾਂ।
ਦੇਸ ਗੁਨਾਹਾਂ ਦੇ ਢਕ ਲੈਂਦੀਆਂ,
ਗੁੱਝੀਆਂ ਅਦਲ-ਲਕੀਰਾਂ।

"ਬਾਲਪਨੇ ਦੀ ਫੱਟੀ ਉੱਤੇ
ਵਾਹੁੰਦੇ ਅਜਬ ਤਾਬੀਰਾਂ;
ਮੁੜ ਕੇ ਪੀਰਾਂ ਦੇ ਰਾਹ ਬਣਸਨ
ਜਾਗ ਕੇ ਇਹੋ ਲਕੀਰਾਂ।

"ਧੀਮੇ ਵੈਣ ਵਿਚ ਅਸਮਾਨਾਂ,
ਰਾਹ ਮਜ਼੍ਹਬਾਂ ਦੇ ਦੇਖੇ।
ਫਿਰਦੇ ਹੇਕ ਧਰਤ ਦੀ ਅੰਦਰ,
ਧੁਰ ਅਦਲਾਂ ਦੇ ਲੇਖੇ।

"ਵਾਰੀ ਵਾਰੀ ਤਕਨੇ ਸਭਨਾਂ,
ਅੱਪਣੇ ਅੱਪਣੇ ਪੈਂਡੇ।
ਮਾਂ ਦੇ ਦੁੱਧ ਵਾਂਗ ਮੋਹ ਧਰ ਦੇ
ਛੁਪੇ ਜੁਗਾਂ ਤਕ ਰਹਿੰਦੇ।

"ਕੂੰਜ ਵਾਂਗ ਮਾਵਾਂ ਨੂੰ ਸਿਕਦਾ
ਲਹੂ ਖ਼ਾਕ ਜੋ ਰੁੱਲੇ;
ਪੀਰ ਫ਼ਕੀਰਾਂ ਦੇ ਵਣ ਅੰਦਰ,
ਝੱਖੜਾਂ ਵਾਂਗੂੰ ਝੁੱਲੇ।


WWW.SIKHBOOKCLUB.COM

"ਧਰਤ ਅੰਬਰ ਦੀ ਕੂੰਬਲ ਕੂੰਬਲ
ਤਰਬ ਸਿੱਕ ਦੀ ਝੂਣੇ।
ਕੌਲ ਢਕੇ ਮਿੱਟੀ ਦੇ ਅੰਦਰ
ਕੌਮਾਂ ਨਾਲ ਜਾ ਕੂਣੇ।

"ਮਾਂ ਦੇ ਬੋਲ ਵਾਂਗ ਧਾ ਲਗਦੀ
ਕੌਮਾਂ ਗਲੇ ਹਮੇਸ਼ਾ,
ਜਿਹੜੀ ਮਿੱਟੀ ਬੱਚੇ ਵਾਂਗੂੰ
ਤਰਸ ਪਵੇ ਵਿਚ ਦੇਸਾਂ।"

ਮੈਂ ਕਿਹਾ ਰਾਵੀ ਨੂੰ, "ਕਰਦਾ
ਇਹ ਦਰਵੇਸ਼ ਪੁਕਾਰਾਂ।
ਜਿਹੜੇ ਲਹੂ ਤੋਂ ਬੋਲ ਨ ਹੋਇਆ
ਅੱਥਰੂ ਓਸ 'ਤੇ ਵਾਰਾਂ।

"ਮਾਂ ਦੇ ਹੱਥ ਬਿਨਾਂ ਡੁੱਬ ਜਾਵਾਂ
ਵਿਚ ਅਸਗਾਹ ਭਿਆਨਾਂ।
ਗੁਰਾਂ ਦੀ ਪੈੜ ਬਿਨਾਂ ਰੁਲ ਜਾਵਾਂ
ਹੇਠ ਸਮੇਂ ਦੀਆਂ ਸ਼ਾਮਾਂ।"

ਮੈਂ ਕਿਹਾ: "ਪਾਪ ਤੋਂ ਸੰਗਦੀ
ਚਰਖ ਦੀ ਪੈੜ ਜਗਾਵੋ।
ਹੋਤ ਦੇ ਰਾਹ ਦੀ ਪੀਂਘ ਰਾਂਗਲੀ,
ਬਾਗ਼ ਸੱਸੀ ਦੇ ਪਾਵੋ।

"ਮੌਤ ਦੀਆਂ ਜੂਹਾਂ ਵਿਚ ਜਾ ਕੇ
ਧੀਆਂ ਢੂੰਡ ਮਨਾਵੋ।
ਲਹੂ ਮਾਸੂਮ ਦੇ ਸਾਹਵੇਂ ਰੋ ਕੇ
ਮੁੜ ਘਰ ਯਾਦ ਕਰਾਵੋ।

"ਦੂਰ ਕਿਤੇ ਹੰਝਾਂ ਦੀ ਬੱਦਲੀ,
ਮਹਿੰਦੀਆਂ ਕੋਲ ਲਿਆਵੋ।
ਚੁੰਮ੍ਹ ਬਿਜਲੀਆਂ ਦੀ ਕੁਈ ਝਾਂਜਰ,
ਪੈਰ ਸੋਹਣੀਆਂ ਪਾਵੋ।

"ਜਿਹੜੇ ਬੋਲ ਬਿਨਾਂ ਰਾਹ ਖ਼ਾਲੀ,
ਸੋਈ ਬੋਲ ਮਿਲਾਵੋ;
ਜਿਸ ਪੱਤਣ 'ਤੇ ਪੈੜ ਮਾਹੀ ਦੀ,
ਪੱਤਣ ਸੋਈ ਜਗਾਵੋ।"


WWW.SIKHBOOKCLUB.COM

ਸਜਦੇ ਵਾਂਗ ਬਣੀ ਤਦ ਸੋਹਣੀ,
ਖੜੀ ਨਾਲ ਤਕਦੀਰਾਂ।
ਉਹਦੀਆਂ ਅੱਖਾਂ ਸਾਹਮੇ ਵਿਛੀਆਂ,
ਸਫ਼ਾਂ ਵਾਂਗ ਤਕਸੀਰਾਂ।

ਪੁੰਨਿਆ ਦੇ ਸਾਲੂ ਵਿਚ ਲਿਪਟੀ,
ਫੇਰ ਮਿਰੇ ਵੱਲ ਵੇਖੇ।
ਜ਼ਿਮੀਂ-ਜ਼ਮਾਨ ਦੇ ਬੂਹੇ ਅੱਗੇ,
ਖੜੀ ਜਿੰਦ ਨੂੰ ਟੇਕੇ।

ਬ੍ਰਿਛਾਂ ਵਿਚ ਖੜੀ ਇਉਂ ਰਾਵੀ,
ਮਨ ਵਿਚ ਜਿਵੇਂ ਦੁਆਵਾਂ।
ਕਹੇ: "ਖ਼ਾਕ ਵਿਚ ਰੁਲੇ ਮੈਂ ਤੇਰੇ,
ਮੁੜ ਕੇ ਪੰਧ ਦਿਖਾਵਾਂ।"

•

*(ਇਤਿ ਸਰਗ ਪਹਿਲਾ)*


WWW.SIKHBOOKCLUB.COM

# ਸਰਗ ਦੂਸਰਾ

## ਕਾਫ਼ਲਾ ਸੁਪਨੇ ਵਿਚ—
## ਵਿਛੜੀਆਂ ਜੂਹਾਂ ਵਿਚ
## ਬ੍ਰਿਹੁੰ ਦੀਆਂ ਪੈੜਾਂ।

### (ੳ)

ਕੱਤਕ ਦੀ ਪੁੰਨਿਆ ਰੋ ਪਰਸੇ,
ਵਣ, ਨਹਿਰਾਂ, ਧਰ ਸਾਵੀ।
ਦਹਿਲ ਪੁਰਾਣੇ ਠੱਲ੍ਹ ਨ ਹੁੰਦੇ,
ਡੁਬ ਡੁਬ ਜਾਵੇ ਰਾਵੀ।

ਨਿਹਚਲ ਲੋਅ ਅਨੰਤ ਪਈ ਥਰਕੇ,
ਭਰੇ ਸੋਹਣੀਆਂ ਬਾਰਾਂ।
ਦੂਰ ਸੁਨੇਹੇ ਦੇਣ ਲਈ ਖੜੀਆਂ,
ਸੈ ਬਿਰਖਾਂ ਦੀਆਂ ਡਾਰਾਂ।

ਵੱਡੇ ਤੜਕੇ ਚੰਨ ਦੇ ਸਾਹਮੇ,
'ਵਾਜ ਦੂਰ ਜਾਂ ਨੇੜੇ।
ਕਿੱਥੇ ਸਮੇਂ ਨੇ ਪਰਬਤ ਭਾਰੇ,
ਚੁੱਕ ਕੇ ਅੱਥਰੂ ਕੇਰੇ?

ਸੁੱਕ ਮੋਏ ਅਜਨਬੀ ਪੈਂਡੇ,
ਪਿਆਸੇ ਬਿਰਖ ਨਿਥਾਵੇਂ।
ਕਿਸ ਗੁਨਾਹ ਦਾ ਧਰਤੀ ਉੱਤੇ,
ਭਾਰ ਪਾਉਣ ਪ੍ਰਛਾਵੇਂ?

ਝੁਲਸ ਜਾਂਦੀਆਂ ਛੂਹ ਕੇ ਮਸਤਕ,
ਅੰਧ ਕੂੰਟ ਚੋਂ ਬੂੰਦਾਂ।
ਪਰੇ ਪਰੇ ਟਿੱਬਿਆਂ ਤੋਂ ਵੇਖਣ,
ਕਿਸ ਰਾਹੀ ਨੂੰ ਕੂੰਜਾਂ?


WWW.SIKHBOOKCLUB.COM

ਸਮੇਂ ਦਿਆਂ ਬੁੱਲਿਆਂ ਦੇ ਸਿਰ 'ਤੇ,
ਦੂਰ ਵਾਲ ਕੋਈ ਝੁੱਲੇ।
ਮੋਇਆਂ ਕਾਫ਼ਲਿਆਂ ਦੀ ਡਾਢੀ,
ਜਾਨ ਕਹਿਰ ਵਿਚ ਖੁੱਲੇ।

ਦੂਰੋਂ ਅੰਬਰ ਦੇਣ ਸੁਨੇਹੇ,
ਲੰਘ ਸਮੇਂ ਦੀਆਂ ਊਂਘਾਂ।
ਭੀੜੇ ਦਰ ਹੰਝੂਆਂ ਦੇ ਥਾਣੀ,
ਲੰਘ ਨ ਸਕੀਆਂ ਕੂੰਜਾਂ।

ਧਰਤੀ ਚੁੱਪ ਦਾ ਭਾਰ ਨ ਸੁੱਟੇ,
ਅੰਬਰ ਕੋਲ ਨ ਖਾਰੀ।
ਪੈੜ ਪੈੜ 'ਤੇ ਪੱਥਰਾਂ ਵਾਂਗੂੰ,
ਵਜਦੇ ਸੁਪਨੇ ਭਾਰੀ।

ਚਹੁੰ ਕੂੰਟਾਂ ਵਿਚ ਵੇਖ ਰਿਹਾ ਮੈਂ,
ਦਿਸਦੀ, ਦਿਸੇ ਨ ਰਾਵੀ।
ਬੋਲ ਨ ਸਕੀਆਂ ਪੈੜਾਂ ਕੁਝ ਵੀ,
ਘੁੰਡ ਨ ਚੁਕਦੀ ਭਾਵੀ।

ਬੋਲ ਨ ਸੱਕੇ ਭੁੱਲੇ ਪੈਂਡੇ,
ਬੋਲ ਨ ਸਕੀਆਂ ਬਾਰਾਂ।
ਦੂਰ ਚਾਨਣੀ ਦੇ ਵਿਚ ਖੜੀਆਂ,
ਬੋਲ ਨ ਸਕੀਆਂ ਨਾਰਾਂ।

ਨਹਿਰਾਂ ਦੇ ਕੰਢਿਆਂ 'ਤੇ ਉਡਦਾ,
ਬੁੱਲਾ ਕੱਲਮ ਕੱਲਾ।
ਜਾਨ ਕਿਸੇ ਕਾਫ਼ਲੇ ਦੀ ਇਹ,
ਫੜੇ ਧਰਤ ਦਾ ਪੱਲਾ।

ਬ੍ਰਿਛਾਂ ਛਾਵੇਂ ਬੁੱਤ ਖੜੇ ਸੈ,
ਵੇਖੇ ਸ਼ੁਤਰ ਸੁਆਰਾਂ।
ਲਖ ਸਾਲਾਂ ਦਾ ਬੋਲ ਕੋਈ ਮੈਂ,
ਅੱਪਣੇ ਨਾਲ ਉਤਾਰਾਂ।

ਖੁਲ੍ਹੀਆਂ ਬਾਵਰੀਆਂ ਵਿਚ 'ਵਾਵਾਂ,
ਹਿੱਲਣ ਵਾਂਗ ਸਰਾਲਾਂ।
ਪੀ ਚਾਨਣੀ ਕਹਿਕਸ਼ਾਂ ਦੇ
ਹੜ੍ਹ ਵਿਚ ਮਾਰਨ ਛਾਲਾਂ।

ਇਕ ਪਲ ਆਣ ਕਿਸੇ ਨੇ ਭਾਵੇਂ
ਅੰਬਰ ਫੇਰ ਸ਼ਿੰਗਾਰੇ;
ਚੁੱਪ ਤਾਰਿਆਂ ਦੀ ਵਿਚ ਡੁੱਬਣ,
ਬੋਲ ਧਰਤ ਦੇ ਭਾਰੇ।

ਮੈਂ ਕਿਹਾ: "ਜਾਂ ਭੁੱਲੀਆਂ ਧੂੜਾਂ,
ਚਾਨਣੀ ਵਿਚ ਪਛਾਣਾਂ:
ਕੌਣ ਮਿਰੇ ਸਾਹਾਂ ਨੂੰ ਪੀਂਦਾ,
ਡਾਢਾ ਕੌਣ? ਨ ਜਾਣਾਂ।

"ਹੌਲ ਹਵਾ ਨੂੰ ਪੈਂਦੇ ਭੈਣੇ,
ਸੂਰਤ ਦਿਸੇ ਨ ਤੇਰੀ।
ਖ਼ੂਨੀ ਸਾਂਗ ਖੋਭ ਵਿਚ ਤਬਕਾਂ,
ਲਰਜ਼ੇ ਘੁੰਮਨ ਘੇਰੀ।"

ਸੁਪਨੇ ਦੇ ਸਾਲੂ ਵਿਚ ਲਿਪਟੀ,
ਰਾਵੀ ਦੀਪ ਜਗਾਵੇ:
"ਲੰਮੀ ਰੈਣ ਮੌਤ ਦੀ ਵੀਰਾ,
ਨਾਲ ਚਾਨਣੀ ਜਾਵੇ।

"ਧਰ ਦੇ ਮੋਹ ਬਿਨਾਂ ਇਲਮਾਂ ਦੇ,
ਖ਼ਾਲੀ ਰਹਿਣ ਚੁਬਾਰੇ।
ਰੋਂਦੇ ਹੋਏ ਮਜ਼ਾਰਾਂ ਦੇ ਜਿਉਂ,
ਬੂਹੇ ਰਹਿਣ ਸ਼ਿੰਗਾਰੇ।

"ਪੈੜ ਜਦੋਂ ਕੌਮਾਂ ਨੂੰ ਅੱਪਣੀ,
ਥਲ ਵਿਚ ਯਾਦ ਨ ਆਵੇ।
ਤਦ ਉਡਦਾ ਬਾਜ਼ਾਂ ਦਾ ਲਸ਼ਕਰ,
ਭੈਅ ਵਿਚ ਖੰਭ ਗਿਰਾਵੇ।

"ਧਰ ਦੇ ਮੋਹ ਬਿਨਾਂ ਬਿਰਹਾ ਦੇ,
ਸੁੱਕੇ ਸਰ ਕੁਮਲਾਂਦੇ।
ਡਿੱਗ ਅਗਾਸ ਹੌਲ ਦੀ ਝੋਲੀ,
ਚੋਰ ਜਿਉਂ ਤੇਗ ਲੁਕਾਂਦੇ।

"ਯਾਦ ਨ ਆਉਂਦੇ ਜਿੰਦੜੀ ਨੂੰ ਜਾਂ,
ਦਰਿਆਵਾਂ ਦੇ ਪਾਣੀ;
ਤਦੋਂ ਵਡੇਰਿਆਂ ਦੇ ਅੰਬਰ ਨੂੰ,
ਛਡਦੀ ਜਿੰਦ ਨਿਮਾਣੀ।


WWW.SIKHBOOKCLUB.COM

"ਅੱਪਣੇ ਦਰ ਨੂੰ ਬਾਰ ਬਿਗਾਨਾ,
ਮੰਨ ਜਦੋਂ ਕੋਈ ਜੀਵੇ:
ਬਦਨਸੀਬ ਅੱਥਰੂ ਪਰਦੇਸੀ
ਹੌਲ ਚਰਖ ਦਾ ਪੀਵੇ।

"ਅੱਥਰੂ ਦੀ ਚੁੱਪ ਜਦੋਂ ਨ ਸਾਂਭੇ,
ਸਮਿਆਂ ਦੀ ਬਰਬਾਦੀ;
ਸੁੱਕੇ ਬਾਗ਼ਾਂ ਵਿਚ ਆਉਂਦੀਆਂ,
ਹੋ ਮਾਵਾਂ ਫ਼ਰਿਆਦੀ।

"ਜਦੋਂ ਕਾਫ਼ਲੇ ਦੀਆਂ ਧੂੜਾਂ ਤੋਂ
ਮਿਟਦੇ ਨਕਸ਼ ਬਾਬਾਣੀ,
ਅਨਹੱਦ ਸੁਰਤਿ ਤੇਰੀ ਵਿਚ ਮਿਟਦੀ,
ਪੀਰ ਫ਼ਕੀਰ ਦੀ ਬਾਣੀ।

"ਚਾਕ ਮਹੀਂ ਦਾ ਜੂਹ ਨਨਕਾਣੇ,
ਭੁੱਲ ਸੌਣ ਜਦ ਅੱਖਾਂ;
ਕੱਤਕ ਦੀ ਪੁੰਨਿਆ ਤਨ ਖੁਭਦੇ
ਡੰਗ ਵਿਸ਼ੈਲੇ ਲੱਖਾਂ।

"ਪਿਆਸੀ ਕੂੰਜ ਵਾਂਗ ਉਡ ਜਾਵਾਂ,
ਵਿਚ ਬੇਗਾਨੀਆਂ ਫ਼ਜਰਾਂ।
ਛਿਪ ਜਾਵਾਂ ਮੈਂ ਵਾਂਗ ਤਾਰਿਆਂ,
ਪਾਰ ਤੇਰੀਆਂ ਨਜ਼ਰਾਂ।

"ਐਪਰ ਮਨ ਬਹੁ ਰੰਗ ਨਿਹਾਲੇ,
ਸੁੱਕਿਆਂ ਬਾਗ਼ਾਂ ਦੁਆਰੇ।
ਅਸਮਾਨਾਂ ਦੀ ਚੁੰਝ 'ਚ ਬਲਦੇ,
ਭੇਦ ਧਰਤ ਦੇ ਪਿਆਰੇ:—

"ਖ਼ਾਕ ਜਦੋਂ ਪੀਰ ਦੇ ਦਰ ਦੀ
ਆਵੇ ਸੁਰਤਿ ਜਗਾ ਕੇ;
ਨੂਰ ਗਗਨ ਤੋਂ ਉੱਚਾ ਕੋਈ
ਬ੍ਰਿਛ ਸਾਂਭਦੇ ਆ ਕੇ।

"ਜਦੋਂ ਘਾਇਲ ਯੂਸਫ਼ ਦਾ ਅੱਥਰੂ
ਦੇਸ ਜ਼ੁਲੈਖਾਂ ਜਾਵੇ;
ਬਘਿਆੜਾਂ ਦੀ ਗੁਫ਼ਾ 'ਚ ਕਿਧਰੋਂ,
ਛਲ ਜ਼ਮਜ਼ਮ ਦੀ ਗਾਵੇ।


WWW.SIKHBOOKCLUB.COM

"ਮਾਂ ਦੇ ਵਾਂਗ ਥਲਾਂ ਦੀ ਆਤਿਸ਼,
ਜਦੋਂ ਕਦੇ ਤਨ ਬਾਲੇ;
ਦੀਵਿਆਂ ਵਾਂਗ ਮੌਤ-ਘਰ ਬਲਦੇ,
ਤਦ ਸੱਸੀ ਦੇ ਛਾਲੇ।

"ਬਿਹਬਲ ਖ਼ਾਕ ਤਦੋਂ ਉਠ ਚੱਲੇ,
ਨਾਲ ਮਾਹੀ ਦੀਆਂ ਗੱਲਾਂ।
ਕਿਸ ਪਾਸੇ ਕੋਈ ਬੋਲ ਪਿਆਰਾ,
ਖੇਡ ਰਿਹਾ ਵਿਚ ਛੱਲਾਂ।"

## (ਅ)

ਸੁਖਨ ਕਿਰੇ ਰਾਵੀ ਦੇ ਨੂਰੋਂ
ਵਣ ਬੇਲੇ ਵਿਚ ਸੁਣਾਂ ਮੈਂ ਦੂਰੋਂ।

ਮੈਂ ਬੇਜਾਨ, ਬੇਹੋਸ਼, ਇਕੱਲਾ—
ਫੜਾਂ ਕਿਸੇ ਸਿਮਰਣ ਦਾ ਪੱਲਾ।

ਨਭ ਪਤਾਲ ਸਮਿਆਂ ਵਿਚ ਪਿਆਰੀ,
ਵੇਖਾਂ ਅੱਪਣੀ ਨਜ਼ਰ ਨਿਆਰੀ।

ਨਾਗਾਂ ਵਾਹੀਆਂ ਜ਼ਿਮੀਂ 'ਤੇ ਰੇਖਾਂ,
ਝਿਲਮਿਲ ਤਾਣੇ ਸੁਪਨੇ ਲੇਖਾਂ।

ਫੇਰ ਕਲੰਕਾਂ ਮੇਰੇ ਮੱਥੇ
ਕਹਿਰੀ ਤੀਰ ਲੁਕਾਏ ਭੱਥੇ।

ਅਗਲੇ ਪਲ ਹੀ ਰੋਣ ਹਵਾਵਾਂ
ਡੰਗ ਕਰੇਂਦੇ ਸਿਰ 'ਤੇ ਛਾਵਾਂ।

ਸੁੱਕੇ ਬਾਗ਼ੀਂ ਲੁਕੇ ਕਸੁੰਭਾ
ਛਾਂ ਦਾ ਰੋਗ ਈਰਖਾ-ਰੰਗਾ।

ਪੁੱਤ ਨਦੀ ਦੇ ਮਿਰਗ ਪਿਆਸੇ
ਕਿਹੜੇ ਛੇੜੂ ਲੈ ਗਏ ਪਾਸੇ।

ਬਿੱਜ ਫੜੇ ਉਠ ਨਗਨ ਅਚੰਭਾ
ਲੂੰਹਦਾ ਜਾਵੇ ਖਿੜਿਆ ਚੰਬਾ।

ਕੂੜ ਕਦੂਰਤ ਦੀ ਅੱਗ ਛੱਲੇ
ਜਲੇ ਜਲੇ ਧਰਤੀ ਦੇ ਪੱਲੇ!


WWW.SIKHBOOKCLUB.COM

ਕੌਣ ਦਿਸੇ ਪਿਆ ਪਿਛਲੇ ਪਹਿਰੇ ?
ਤੁਰੇ ! ਮੁੜੇ ! ਫਿਰ ਚਾਨਣ ਠਹਿਰੇ।

ਪੱਤਣ ਖੁਰਦੇ ਲੰਘਣ ਛੱਲਾਂ
ਦੇਵਣ ਭੇਦ ਪੁਰਾਣੀਆਂ ਗੱਲਾਂ।

ਟੁੱਟੀਆਂ ਬਾਲਪਨੇ ਦੀਆਂ ਵੰਗਾਂ
ਤਰਨਾਪੇ ਨੂੰ ਵਿੰਨ੍ਹਿਆਂ ਡੰਗਾਂ।

ਕਿਉਂ ਟੁੱਟ ਜਾਂਦੇ ਹਾਰ ਨਵੇਲੇ ?
ਕਿੱਥੋਂ ਦੇਣ ਅਵਾਜ਼ਾਂ ਬੇਲੇ ?

ਬੋਲ ਗੁਆਚੇ ਕਿੱਥੇ ਮੈਂਡੇ !
ਰਾਵੀ ਦਿਸੇ ਨ, ਕੰਬਦੇ ਪੈਂਡੇ ?

ਕੌਣ ਸਮੇਂ ਦੇ ਬੂਹੇ ਸੁੱਤਾ ?
ਖਾ ਕੇ ਛਾਂ ਦਾ ਡੰਗ ਬੇਰੁੱਤਾ।

ਪੌਣ ਸਮੇਂ ਦੀ ਧੁੰਧ 'ਚ ਖੇਡੇ
ਕੋਈ ਕਾਰਵਾਂ ਦਿਸੇ ਦੁਰੇਡੇ !

— — — — —
— — — — —

— — — — —
— — — — —

ਜ਼ਿਮੀਂ ਦੀਆਂ ਕੁਲ ਕੰਬਨ ਰੇਖਾਂ
ਫਿਰ ਮੈਂ ਵਿਚ ਚਾਨਣੀ ਵੇਖਾਂ :

ਆਦਿ ਜੁਗਾਦਿ ਦਿਆਂ ਬਨਬਾਸਾਂ
ਲਿਪਟ ਕੇ ਨਾਲ ਜ਼ਿਮੀਂ ਦੇ ਸਾਸਾਂ

ਦੱਸੇ ਭੇਦ ਉਮਰ ਦੇ ਜਾਂਦੇ
ਪੈੜਾਂ ਨਾਲ ਹੀ ਜਾਣ ਮਿਟਾਂਦੇ।

ਝੱਖੜ ਜਾਣ ਪਰੇ ਦਰਿਆ 'ਤੇ
ਮੌਤ-ਗੁਫ਼ਾਵਾਂ ਸਿਰਾਂ 'ਤੇ ਚਾ ਕੇ।

ਕੁਝ ਤਾਂ ਲਿਖ ਗਏ ਪੈੜਾਂ ਉੱਤੇ
ਮਿਟ ਗਏ ਅੱਖਰ ਅੱਪਣੀ ਰੁੱਤੇ।

WWW.SIKHBOOKCLUB.COM

ਰਾਮ ਦੇ ਤੀਰ ਜਲੇ ਬੇਆਸੇ—
ਸੋਨ ਮਿਰਗ ਗਏ ਕਿਸ ਪਾਸੇ!

ਜੋਬਨਵੰਤ ਜਗਾਈਆਂ ਹੀਰਾਂ
ਨੈਣ ਭਰੇ ਰਾਮ ਦੇ ਤੀਰਾਂ।

ਪਰਬਤ ਸਿੰਧ ਬਾਰ ਦੇ ਵੈਣਾਂ
ਮੌਤ ਵਿਹੜਿਉਂ ਮੁੜੀਆਂ ਰੈਣਾਂ।

ਜਦ ਕਦ ਚੁੱਪ ਅਬੋਲ ਬੁਲਾਈਆਂ
ਜੀਵਨ-ਸਿੰਧ ਛਿਪਨ ਤ੍ਰਿਹਾਈਆਂ।

ਕਿਸਨੇ ਅੱਪਣੀ ਬਾਂਹ ਉਲਾਰੀ ?
ਚੰਨ ਦੇ ਪਾਰ ਧੂੜ ਦੁਖਿਆਰੀ।

ਕੌਣ ਬੁੱਤ ਉਹ ਕੂਣ ਨ ਭੈੜੇ
ਚਹੁੰ ਕੁੰਟਾਂ ਵਿਚ ਦੇਵਣ ਪਹਿਰੇ।

ਹੂੰਗਰ ਮਾਰਨ ਘਾਇਲ ਉਹ ਕਿੱਥੋਂ ?
ਕਿਸੇ ਡੈਣ ਦੀ ਖਾਰੀ ਵਿੱਚੋਂ!

ਕੌਣ ਚੁੱਕੇ ਇਹ ਚਿਰਾਂ ਦੀ ਖਾਰੀ ?
ਜਾਂ ਧਰ ਜਾਂ ਅਸਮਾਨ ਦੀ ਵਾਰੀ।

ਹੱਥ ਪੁਨੀਤ ਬਾਰ ਦੇ ਸੂਹੇ
ਖੋਲ੍ਹ ਦੇਣ ਰਮਜ਼ਾਂ ਦੇ ਬੂਹੇ।

ਲੈਣ ਪਈਆਂ ਦੂਰੋਂ ਕੰਨਸੋਆਂ
ਬਨਬਾਸਾਂ ਦੀਆਂ ਛਿਪਦੀਆਂ ਲੋਆਂ।

— — — — —
— — — — —

— — — — —
— — — — —

ਨਭ ਪਤਾਲ ਚੀਰ ਅਸਗਾਹਾਂ
ਭਰਿਆ ਵਿਚ ਮਿਰੇ ਕੁਝ ਸਾਹਾਂ।

ਭੈਅ ਵਿਚ ਨਾਗ ਸ਼ੀਂਹ ਜਲ-ਵਾਸੀ
ਸੱਦ ਦਿੱਤੀ ਬਿਰਖਾਂ ਬਨਬਾਸੀ।

ਨਹੀਂ ਟਾਵੇਂ ਟਾਵੇਂ ਵਣਾਂ ਨੂੰ ਭੁੱਲੇ
ਕਦੇ • ਕਦੇ ਤੂਫ਼ਾਨ ਜੋ ਝੁੱਲੇ।

ਹਾਰ ਤੋੜ, ਸੁੱਟ ਗਈਆਂ ਹੀਰਾਂ
ਮੋਤੀ ਚੁਕ ਚੁਕ ਰੋਣ ਸਮੀਰਾਂ।

ਧੂੜ ਵਿਚ ਕਿਤੇ ਕਰਵਾਨੀ
ਲੱਭ ਰਹੇ ਹੋਤ ਦੀ ਗਾਨੀ।

ਮੋਰ ਕੂਕਦੇ ਚਾਨਣੀ ਅੰਦਰ,
ਬ੍ਰਿਛ ਦੀ ਚੁੱਪ 'ਚ ਘੁੰਮਨ ਅੰਬਰ।

ਅੱਖਰ ਛੁਪੇ ਹੋਏ ਨੂਰਾਨੀ
ਟੋਲ ਰਹੇ ਵਕਤ ਦਾ ਸਾਨੀ।

ਝੱਖੜਾਂ ਵਿਚ ਜੁਗਾਂ ਤਕ ਭੁੱਲਦੇ
ਜੁਗਨੂੰ ਮਿਲੇ ਥਲਾਂ ਵਿਚ ਰੁਲਦੇ।

ਨੀਂਦੋਂ ਨਾਜ਼ਕ ਸਿਕਦੀਆਂ ਬਾਹਾਂ
ਫਿਰਨ ਕਦੇ ਨ ਦੇਂਦੀਆਂ ਛਾਵਾਂ।

ਪੈਰਾਂ ਹੇਠ ਪਿਆ ਕੁਝ ਹੁੱਲੇ
ਕੋ ਅਸਗਾਹ ਜਾਗ ਪਏ ਭੁੱਲੇ।

ਉਸ ਧਰਤੀ ਦਾ ਪੱਤਾ ਪੱਤਾ
ਡੁੱਬ ਗਿਆ ਵਿਸਮਾਦ 'ਚ ਮੱਤਾ।

ਪੈਣ ਮਿਰੇ ਪੈਰਾਂ ਨੂੰ ਖੋਹਾਂ,
ਗਗਨ ਪਤਾਲ ਕਰਨ ਪਏ ਲੋਆਂ।

ਮੈਨੂੰ ਵੇਖ ਰਹੇ ਰਾਹ ਸਾਰੇ,
ਧੂਹ ਪਾਉਣ ਅਸਵਾਰ ਪਿਆਰੇ।

ਮੈਂ ਦਰਿਆ ਕਦਮ ਨ ਰੋਕਾਂ,
ਔਹ ਦਿਸਣ ਮਾਵਾਂ ਦੀਆਂ ਢੋਕਾਂ।

ਨਹਿਰੋਂ ਪਾਰ ਤੂਫ਼ਾਨ 'ਚ ਰੁੱਲੇ
ਭਖਣ ਪਏ ਢੋਕਾਂ ਦੇ ਚੁੱਲ੍ਹੇ।

ਔਹ ਮੈਂ ਵੇਖਾਂ ਚਾਨਣ ਜਿਹੜੇ
ਬਲੇ ਬਲੇ ਮੇਰੇ ਹੀ ਵਿਹੜੇ।

ਪਰੇ ਧੁੰਧ ਵਿਚ ਅਗਨੀ ਡੋਲੇ
ਘੁੰਡ 'ਚ ਨੈਣ ਹੀਰ ਦੇ ਬੋਲੇ।



WWW.SIKHBOOKCLUB.COM 

ਸੋਅ ਪਵੇ ਕੂੰਜਾਂ ਦੀ ਕੰਨੀਂ
ਸਿਰ 'ਤੇ ਚਾ ਮਟਕੀ ਜਿਉਂ ਧੰਮੀ
ਝੁੰਮਰ ਦੀ ਬਿਜਲੀ ਵਿਚ ਬੰਨ੍ਹੀ
ਸੁੱਕੇ ਬਾਗ਼ ਵੇਖਦੀ ਸੰਮੀ।

— — — — —

ਕੰਬਦੇ ਵਣਾਂ ਦੇ ਕਹਿਰ ਨੇ ਡਾਢੇ!
ਲੰਘ ਰਹੇ ਮੇਰੇ ਹੀ ਜਾੜੇ।

ਸੁੰਨੀਆਂ ਬਾਰਾਂ ਵਿਚ ਦੁਰਾਡੇ
ਪਾਣੀ ਪੀਣ ਮਿਰਗ ਔਹ ਸਾਡੇ।

ਨੂਰ ਮਹਿਲ ਦੀ ਢੋਕ ਬਾਬਾਣੀ
ਕੰਢੇ ਨਹਿਰ ਉਡੀਕਣ ਹਾਣੀ।

ਨ ਜਾਣੇ ਬ੍ਰਿਹਾ ਦੀ ਢਾਣੀ
ਇਹ ਤਾਂ ਮਿਰੇ ਹੀ ਪੀਤੇ ਪਾਣੀ।

ਥਰਕ ਪਵੇ ਝੁੰਮਰ ਦੇ ਕੰਨੀਂ!
ਚੰਨ ਦੇ ਨਾਲ ਖੇਡਦੇ ਕੰਮੀ।

ਚੌਦਾਂ ਤਬਕ ਦੇਣ ਕਿਉਂ ਸੱਦਾਂ?
ਇਹ ਤਾਂ ਬੋਲ ਮਿਰੇ ਦੀਆਂ ਹੱਦਾਂ।

ਢੋਕ ਮਿਰੀ ਵਿਚ ਮਿਰੇ ਇਸ਼ਾਰੇ
ਚਮਕਾਂ ਮਾਰ ਗਿਣਨ ਪਏ ਤਾਰੇ।

ਦਿਸੀਆਂ ਜਾਨ ਮੇਰੀ ਦੇ ਪਾਰਾਂ
ਜੋ ਕਦੇ ਮਿਲੀਆਂ ਵਿਚ ਬਾਰਾਂ।

ਚੁੱਲ੍ਹਿਆਂ ਕੋਲ ਸੋਹਣੀਆਂ ਨਾਰਾਂ
ਅੱਗ ਉੱਤੇ ਝੁਕੀਆਂ ਗੁਲਜ਼ਾਰਾਂ!

ਪੀਂਘ ਪੁਰਾਣੀ ਨਵੀਆਂ ਢੋਕਾਂ,
ਕੌਣ ਮਾਰਦਾ ਲੁਕ ਲੁਕ ਚੋਕਾਂ?

ਮਾਂ ਦੇ ਨੈਣ ਵੱਸਣ ਉਸ ਪਾਸੇ
ਤੇ ਭੈਣਾਂ ਦੇ ਭੁੱਲੇ ਹਾਸੇ।

ਜਾਨ ਮਹੀਨ ਮਿਰੀ ਦੀਆਂ ਤਾਰਾਂ
ਤ੍ਰਿੰਞਣ ਭਰੇ ਕੱਤਣ ਮੁਟਿਆਰਾਂ।

ਕੌਲ ਕਿਸੇ ਫ਼ਰਿਹਾਦ ਦੇ ਸੁੱਤੇ
ਚਿਰਾਂ ਤੋਂ ਬਾਂਝ ਪਰਬਤਾਂ ਉੱਤੇ

ਜਾਗ ਪੈਣ ਜਿਉਂ ਇੱਕੋ ਵਾਰੀ
ਧੂਹ ਪਵੇ ਧਰਤੀ ਨੂੰ ਭਾਰੀ।

ਘਾਹ ਬਿਰਖ ਮੂਰਛਾ ਖਾਵਣ
ਵਰ੍ਹੇ ਨ ਜਦ ਤਕ ਸਿੱਕ ਦੇ ਸਾਵਨ।

ਮਾਰੀ ਇੰਞ ਕਹਿਰ ਵਿਚ ਕਾਨੀ
ਨੂਰ ਮਹਿਲ ਦੀ ਦੀਦ ਲਾਸਾਨੀ।

ਕਾਂਗ ਚੜ੍ਹੀ ਬ੍ਰਿਹਾ ਦੀ ਭਾਰੀ
ਡੋਬ ਦਿੱਤੀ ਸਮਿਆਂ ਦੀ ਤਾਰੀ।

ਜ਼ੋਰ ਖਾਇ ਪਾਟੇ ਥਲ ਖ਼ੂਨੀ
ਨੂਹ-ਕੱਪਰ ਵਿਚ ਫਸੇ ਜਨੂੰਨੀ।

ਬਾਲਪਨ ਖੜ੍ਹ ਢੋਕਾਂ ਉਹਲੇ
ਖ਼ੂਨੀ ਨਦੀ 'ਚ ਸੁੱਟੇ ਚੋਲੇ।

ਨੂਰ ਮਹਿਲ ਵਲ ਮੈਂ ਵੀ ਚੱਲਾਂ
ਬੇਲੀਂ ਵੱਸਣ ਝੁੰਮਰ ਦੀਆਂ ਛੱਲਾਂ।

ਨ੍ਹੇਰ-ਘੁਲੇ ਚਾਨਣ ਦੇ ਤੀਰਾਂ
ਬੇਖ਼ਬਰੀ ਵਿਚ ਜਾਣ ਵਹੀਰਾਂ।

ਬੂਹੇ ਖੋਲ੍ਹਣ ਵਿਛੜੀਆਂ ਬਾਰਾਂ
ਮੈਂ ਤੱਕੇ ਸਿੰਧ ਪਾਰ ਪਹਾੜਾਂ:

ਮਨ ਨਿਰਲੇਪ ਗਗਨ ਦੇ ਵਾਸੀ
ਤਿੰਨ ਨੂਰ-ਪੋਸ਼ ਬਨਬਾਸੀ।

ਵਿਚ ਸਫ਼ੈਦ ਚਾਨਣੀ ਜਾਣੀ
ਪੀਣ ਆਏ ਧਰਤੀ ਦੇ ਪਾਣੀ;

ਮੁੱਢ ਕਦੀਮ ਧਰਤ ਦੇ ਜੇਰੇ
ਦੇਣ ਅਸੀਸ ਆਏ ਵੱਲ ਮੇਰੇ;

ਦੇਵਣ ਅਜਬ ਅਬੋਲ ਇਸ਼ਾਰੇ
ਝਿੰਮ ਝਿੰਮ ਤਾਰੇ ਦੇਣ ਹੁੰਗਾਰੇ;


WWW.SIKHBOOKCLUB.COM

ਰੋ ਮੈਂ ਤੱਕਿਆ ਅੰਬਰ ਤਾਣੀ,
ਸੀ ਕਿਸਦੀ ? ਨ 'ਵਾਜ ਪਛਾਣੀ :

"ਬੀਬਾ ਲੰਘ ਨ ਅੱਥਰੇ ਪਾਣੀ
ਸੁਣਨੀ ਕਿਸੇ ਨ 'ਵਾਜ ਅੰਞਾਣੀ।

"ਢੋਕੀਂ ਅਜੇ ਟੋਲ ਨ ਬੇਲੀ
ਬਾਲਪਨੇ ਦੀ ਜਿੰਦ ਨਵੇਲੀ।

"ਮੋਹ ਮਸਤੂਰ ਖ਼ਾਕ ਵਿਚ ਜਿਹੜੇ
ਅਜੇ ਬਣੇ ਨ ਚਾਨਣ ਤੇਰੇ।

"ਵਗਦੇ ਪਾਣੀਆਂ ਵਿਚ ਪੁਰਾਣੇ
ਅਜੇ ਤੂੰ ਮਾਂ ਦੇ ਬੋਲ ਨ ਜਾਣੇ।

"ਧਰਤ ਦੀ ਸਿੱਕ ਨੂੰ ਮਿਲੇ ਨ ਹਾਲੇ
ਵਲੀ ਪੀਰ ਅਵਤਾਰ ਨਿਰਾਲੇ।

"ਸੁੱਕੇ ਬਾਗ਼ ਨ ਅੱਥਰੂ ਕੇਰੇ
ਅਜੇ ਨ ਵੇਖੇ ਮਾਂ ਦੇ ਜੇਰੇ।

"ਰਾਹ ਅੱਕਾਂ ਦੇ ਕਾਫ਼ਲੇ ਰੋਏ
ਬਾਲਪਨੇ ਦੀ ਜੂਹ ਵਿਚ ਖੋਏ।

"ਨਾਂਹ ਤੈਂ ਹੰਝ ਉਹ ਦਿਹੁੰ ਖਲੋਏ
ਸੁੰਞੇ ਸ਼ਹਿਰ ਜਦੋਂ ਸੀ ਹੋਏ।

"ਸੁੰਞੇ ਸ਼ਹਿਰ ਨੂੰ ਵਗੀਆਂ 'ਵਾਵਾਂ
ਤੇਰੇ ਸਾਹ ਵਿਚ ਨਹੀਂ ਦੁਆਵਾਂ।

"ਕੌਲ ਨੇ ਤੇਰੇ ਅਜੇ ਅਧੂਰੇ
ਦਰਸ ਨ ਪੀਰ ਫ਼ਕੀਰ ਦੇ ਪੂਰੇ।

"ਅਜੇ ਨ ਏਥੇ ਹੱਕ ਜਤਾਵੀਂ
ਬੀਬਾ ਨੂਰ ਮਹਿਲ ਨ ਜਾਵੀਂ।"

— — — — —

— — — — —


WWW.SIKHBOOKCLUB.COM

## (ੲ)

## ਇਕ ਵਿੱਛੜੇ ਮੁਸਾਫ਼ਰ ਦੇ ਪ੍ਰਭਾਵ

ਨੂਰ-ਪੋਸ਼ ਬੋਲ ਇਉਂ ਛਿਪ ਗਏ,
ਪਤਾ ਨਹੀਂ ਕਿਸ ਪਾਸੇ।
ਫ਼ਜਰ ਦੇ ਸਾਦਿਕ ਰੰਗ ਉੱਜਲੇ,
ਸਹਿਮੇ ਦੇਣ ਦਿਲਾਸੇ।
ਘਾਇਲ ਮਿਰਗ, ਵਿੰਨ੍ਹੀਆਂ ਕੂੰਜਾਂ,
ਔਹ ਰੋਂਦੇ ਘਰ ਆਈਆਂ;
ਬੂਹੇ ਉਹਲੇ ਸੁਣਾਂ ਮੈਂ ਖੜ੍ਹ ਕੇ,
ਕਿਸੇ ਰਕਾਨ ਦੇ ਹਾਸੇ। (1)

ਉਜੜੇ ਨਗਰ ਖੜੇ ਬਰ-ਛਾਤੀ,
ਜੀਣ ਝਨਾਂ ਦੇ ਬੇਲੇ।
ਝੁੰਮਰ ਛੱਡ ਪੌਣ ਪਰਦੇਸਨ,
ਖੰਡਰਾਂ ਦੇ ਵਿਚ ਖੇਲੇ।
ਧੂੜ ਰੋਇ ਆਖਦੀ ਮੈਨੂੰ:
"ਜਾ ਘਰ ਆਪਣੇ ਵੀਰਾ।"
"ਬਾਰ ਬਿਗਾਨੜੇ ਹੋਏ ਭੈਣੇ,
ਵਿਛੜ ਗਏ ਜਦ ਮੇਲੇ।" (2)

ਰੋਹੀਆਂ ਦੇ ਵਿਚ ਸੈਨਤਾਂ ਮਾਰਨ,
ਨਾਜ਼ਕ ਪਤਲੀਆਂ ਨਾਰਾਂ।
ਨਿਗਾਹ ਨੂੰ ਪੱਛ ਪੱਛ ਕੇ ਸੀਵਨ,
ਸਰਕੜਿਆਂ ਦੀਆਂ ਵਾਰਾਂ।
ਬੁੰਬਲਾਂ ਉੱਤੇ ਹੌਕੇ ਲੈਂਦੀਆਂ,
ਬਹਿ ਦਰਵੇਸ਼ ਸਮੀਰਾਂ;
ਕਿਹੜੇ ਕਾਫ਼ਲੇ ਲਹੂ ਦੇ ਦੀਵੇ,
ਛਡ ਗਏ ਵਿਚ ਮਜ਼ਾਰਾਂ। (3)

ਸਾਗ ਰਿੰਨ੍ਹਦੀਆਂ ਚੁੱਲੇ ਕੋਲੇ,
ਸੂਤ ਅਟੇਰਨ ਰੰਨਾਂ।
"ਪਾਵੇ ਨਾਲ ਕਾਲ ਦੇ ਜਮ ਨੂੰ,
ਕਹੇ ਛੰਨਾਰ: "ਮੈਂ ਬੰਨ੍ਹਾਂ।"
ਸ਼ਾਲਾ ਰੂਹ ਬਨਬਾਸ ਨ ਪਾਵੀਂ,
ਰੋਣ ਬੁੱਢੀਆਂ ਮਾਵਾਂ;
"ਦੀਵਾ ਸਹਿਜ ਬਲੇ ਵਿਚ ਕੱਤਕ"
'ਵਾਜ ਪਵੇ ਮੈਂ ਕੰਨਾਂ। (4)


WWW.SIKHBOOKCLUB.COM

ਸਾਹ ਮਿਰੇ ਗਿਣ ਗਿਣ ਵਣਜਾਰਣ,
ਬੈਠੀ ਹਵਾ ਨੂੰ ਫੋਲੇ।
ਫ਼ਜਰ ਦੀਆਂ ਰਾਹਾਂ ਦੇ ਉੱਤੇ
ਚਾਕ ਮਿਲੇ, ਨ ਬੋਲੇ।
ਜਿਸ ਬੇਲੇ ਵਿਚ ਉਮਰ ਗਵਾਈ
ਪੈੜ ਨ ਓਥੇ ਮੇਰੀ,
ਆਲਮ ਕੁਲ ਸੰਵਾਣ ਲਵੇਗਾ,
ਦਾਗ਼ ਲਹੂ ਦੇ ਚੋਲੇ। (5)

ਬਾਲਪਨ ਦੇ ਮੱਥੇ ਆਖ਼ਿਰ
ਢੂੰਡੇ ਜ਼ਖ਼ਮ ਨਸੀਬਾਂ।
ਬਹੁਤ ਹੈਰਾਨ ਹੋਏ ਸ਼ਰਮਿੰਦੇ
ਲਭ ਸੀ ਲਏ ਤਬੀਬਾਂ।
"ਗੁਨਾਹਗਾਰ ਕੌਣ ਨੇ ਤੇਰੇ"
ਕੂਕ ਕਿਹਾ ਕੁਲ ਚਾਕਾਂ,
ਨਿਗਾਹ ਮਾਸੂਮ ਉਠੀ ਜਦ ਮੇਰੀ
ਭਰ ਲਏ ਨੈਣ ਗ਼ਰੀਬਾਂ। (6)

ਝੁੰਮਰ ਦੇ ਪੈਂਡੇ ਵਿਚ ਕਿਧਰੋਂ,
ਹੌਲ ਕਾਰਵਾਂ ਸੁੱਤੇ।
ਬਾਜ਼ ਝਪਟ ਪਵੇਗਾ ਖ਼ੂਨੀ,
ਪੀਂਘ ਚੜ੍ਹੀ ਕਿਸ ਰੁੱਤੇ!
ਜਰਸ ਦੀ ਗੂੰਜ ਸੁਣੀਂਦੀ ਨਭ 'ਚੋਂ,
ਨ ਅਸਵਾਰ ਨ ਡਾਚੀ;
ਜਮ ਦੀ ਪੈੜ ਦੇ ਪਿੱਛੇ ਨੱਸਣ,
ਕਿਸੇ ਵਲੀ ਦੇ ਕੁੱਤੇ। (7)

ਇਕ ਸੁੰਞੇ ਟਿੱਲੇ 'ਤੇ ਚੜ੍ਹ ਕੇ,
ਝਾਤ ਦੇਸ ਵਲ ਮਾਰਾਂ।
ਇਕ ਮਸੀਤ ਦੇ ਖੰਡਰਾਂ ਉੱਤੇ,
ਦੁਆ ਕਰਨ ਮੁਟਿਆਰਾਂ।
ਮੁੱਦਤਾਂ ਹੋਈਆਂ ਅਰਸ਼ ਦੇਖਦੇ,
ਕੌਣ ਖ਼ਾਕ ਦਾ ਬੇਲੀ;
ਖਾਰਾਂ-ਵਿੰਨ੍ਹੇ ਪੈਰ ਬ੍ਰਿਹਾ ਦੇ
ਚੁੰਮੇ ਨਬੀਆਂ ਯਾਰਾਂ। (8)


WWW.SIKHBOOKCLUB.COM

ਬਾਰ ਦੇਸ ਵਲ ਤੁਰਿਆ ਜਾਵਾਂ,
ਲੰਘੇ ਵਰ੍ਹੇ ਮਹੀਨੇ।
ਮਾਰੂ ਝੱਖੜਾਂ ਵਿਚ ਨੇ ਡਿੱਗੇ,
ਰਾਂਝਣ ਵੀਰ ਦੇ ਚੀਨੇ।
ਰੋਹ ਜਬਲ ਵਿਚ ਕਾਸਾ ਖਿੰਡਿਆ,
ਰੁਲਦੇ ਹੀਰ ਦੇ ਹੌਕੇ;
ਕੌਣ ਕਹੇ ਸਹਿਤੀ ਨੂੰ ਜਾ ਕੇ :
"ਕਰ ਕੁਝ ਅਦਲ ਹੁਸੀਨੇ।" (9)

ਦੇਸ ਮਿਰਾ, ਪਰ ਦਿਸਦਾ ਨਹੀਉਂ,
ਭੇਦ ਨ ਦੇਵੇ ਲੋਈ।
ਥਲ ਦਰਿਆ ਪਹਾੜ ਤੋਂ ਅੱਗੇ,
ਕੈਦ ਹੋਈ ਅਰਜ਼ੋਈ।
ਰਾਤ ਫ਼ਰੇਬ ਦੀ ਦੇਸ ਮਿਰੇ ਨੂੰ,
ਹੋਤ ਦੇ ਵਾਂਗੂੰ ਲੈ ਗਏ;
ਬ੍ਰਿਹਾ ਕੂਕ ਰਿਹਾ ਰੋਹੀਆਂ ਵਿਚ,
ਅਦਲ ਕਰੇ ਨ ਕੋਈ। (10)

ਮੈਂ ਸੁਣਿਆਂ ਕਿ ਕਿਸੇ ਕਿਸੇ ਰਾਹ,
ਸਾਂਭ ਕੇ ਰੱਖੇ ਛਾਲੇ।
ਨ ਕੋਈ ਰੁੱਤ ਬ੍ਰਿਛ ਨ ਪਾਣੀ,
ਜੁਗਨੂੰ ਕਰਨ ਉਜਾਲੇ।
ਕੇਚ ਦੂਰ ਗੁਫ਼ਾ ਵਿਚ ਲਟਕੇ,
ਸਮਾਂ ਵੀ ਓਥੇ ਕੈਦੀ;
ਅੱਜ ਨਿਆਂ ਕਰਨ ਗੁਰ ਮੇਰੇ,
ਸਦਾ ਰਹਿਣ ਜੋ ਖ਼ਿਆਲੇ। (11)

ਚਾਨਣ ਗੁਰਾਂ ਦਾ ਦਿਸਦਾ ਐਪਰ
ਅਟਕਾਂ! ਜਲਾਂ! ਮੈਂ ਸਾਹਵੇਂ;
ਕਿਵੇਂ ਮਿਲਣ ਸੂਰਜ ਨੂੰ ਜਾ ਕੇ
ਬ੍ਰਿਹਾ ਦੇ ਪ੍ਰਛਾਵੇਂ ?
ਦੇਸ ਬਾਬਲੇ ਦਾ ਪਿਆ ਖੁਰਦਾ
ਜਿਵੇਂ ਪੱਤਣ ਦਰਿਆ ਦੇ,
ਗੁਰਾਂ ਦੇ ਬੋਲ ਮਾਰਦੇ ਛੱਲਾਂ,
ਅਦਲ ਮਿਲਣ ਕਿਸ ਥਾਵੇਂ ? (12)


WWW.SIKHBOOKCLUB.COM 

"ਸਾਰੇ ਜੱਗ ਤੋਂ ਸੋਹਣੀ ਕੁੜੀਏ
ਤੂੰ ਬੇਖ਼ਬਰ ਇਕੱਲੀ।
ਸ਼ੀਂਹ ਕਹਿਰ ਦੇ ਘਾਟ 'ਤੇ ਬੈਠੇ
ਤੂੰ ਬੇਖ਼ੌਫ਼ ਹੈਂ ਖੱਲ੍ਹੀ।"
"ਦੇਸ ਮਾਹੀ ਦਾ ਮੈਂ ਮਾਹੀ ਦੀ
ਕਰਨ ਕੀ ਖ਼ੂਨੀ ਲਸ਼ਕਰ ?
ਬਾਰ ਦਾ ਇਸ਼ਕ ਸੀਸ 'ਤੇ ਚਾ ਕੇ
ਮਿਲਣ ਪੀਰ ਨੂੰ ਚੱਲੀ ?" (13)

ਕਹੇ : "ਬਿਜਲੀਆਂ ਨਾਲ ਖੇਡ ਕੇ,
ਤੰਦ ਮੈਂ ਪਾਉਂਦੀ ਝੱਲੀ।
ਹੜ੍ਹਾਂ ਦੇ ਕੱਪਰ ਚੀਰ ਕੇ ਵੇਖਾਂ,
ਮਾਂ ਦੀ ਨਜ਼ਰ ਸੁਵੱਲੀ।
ਪੈੜ ਪੁਰਾਣੀ ਵਿੱਚੋਂ ਜੇ ਤੂੰ,
ਸਿਦਕ ਪਛਾਣੇ, ਜਾਣਾ—
ਵਰਭੰਡਾਂ ਦੇ ਰਿਜ਼ਕ ਦੀ ਬੋਲੀ,
ਭੇਦ ਭਰੇ ਵਿਚ ਬੱਲੀ।" (14)

ਰਾਤ ਪਈ ਮੈਂ ਆਤਣ ਸਾਹਵੇਂ
ਖੜਾ ਜਾ ਭੁੱਖਾ ਭਾਣਾ।
ਕੁੜੀਆਂ ਹੱਸ ਪਈਆਂ ਤਕ ਮੈਨੂੰ,
ਪੁੱਛਣ "ਤੇਰਾ ਟਿਕਾਣਾ ?
ਦਸ ਅਜਨਬੀ ਬੋਲ ਤੇਰਾ ਕੋਈ,
ਇਸ ਜੂਹ ਵਿਚ ਅਮਾਨਤ ?
ਲੰਘਿਆ ਦਰ ਤੂੰ ਜਿਸ 'ਤੇ ਦਿੰਦਾ,
ਪਹਿਰਾ ਨਾਗ ਸਤਾਣਾ।" (15)

ਮੈਂ ਆਖਾਂ ਕਿ "ਨਾਗ ਨਾਲ ਸੀ,
ਡੰਗ ਹਜ਼ਾਰਾਂ ਖੱਲ੍ਹੇ।
ਮੇਰੇ ਦਿਲ ਦੀਆਂ ਕਾਲ-ਗੁਫ਼ਾਵਾਂ
ਢੂੰਡ ਰਹੇ ਉਹ ਝੱਲੇ।
ਪਹਿਰਾ ਬਦਲ ਲੈਣ ਲਈ ਜਦ ਮੈਂ
ਵਲ ਦਰਵਾਜ਼ੇ ਹੋਇਆ;
ਮੈਨੂੰ ਪਾਰ ਲੰਘਾਵਣ ਦੇ ਲਈ
ਰਾਵੀ ਭੇਜੇ ਛੱਲੇ।" (16)


WWW.SIKHBOOKCLUB.COM

ਸੁਣ ਕੇ ਰੋਇ ਹੱਸੀਆਂ ਸੱਭੇ
ਉਹ ਬਨਬਾਸੀ ਕੂੰਜਾਂ।
ਹਰ ਇਕ ਤੰਦ 'ਤੇ ਰਾਵੀ ਦਾ ਮਨ
ਗੂੰਜ ਰਿਹਾ ਵਿਚ ਮੁੰਝਾਂ।
ਖ਼ਾਬ ਦੀ ਬਹੁਤ ਮਹੀਨ ਚਾਨਣੀ
ਓਢ ਤ੍ਰਿੰਞਣ ਬੈਠੀ;
ਮੇਰੇ ਗੁਨਾਹਾਂ ਦੇ ਮਸਤਕ 'ਤੇ
ਸੁਟਦੀ ਠੰਢੀਆਂ ਬੂੰਦਾਂ। (17)

ਪਲ ਵਿਚ ਉੱਠ ਗਿਆ ਰੋ ਤ੍ਰਿੰਞਣ
ਖੋਰ ਮੇਰੀਆਂ ਵਾਟਾਂ।
ਕਰ ਸਲਾਮ ਉਡ ਗਈਆਂ ਹੂਰਾਂ
ਗੁੰਮ ਹੋਈਆਂ ਵਿਚ ਰਾਤਾਂ।
ਪੰਖੀ ਬਿਰਖ ਨਦੀ ਦੇ ਪਾਣੀ
ਜ਼ਾਮਨ ਬਣੇ ਨ ਮੇਰੇ;
ਸੁੰਞ ਵਿਚ ਤ੍ਰਿੰਞਣ ਦੇ ਹੰਝੂ
ਜਾਂ ਰਾਵੀ ਦੀਆਂ ਬਾਤਾਂ! (18)

ਅੱਧੀ ਰਾਤ ਮਸਜਿਦਾਂ ਰੋਵਣ
ਪਰੇ ਪਰੇ ਵਿਚ ਰੋਹੀਆਂ।
ਬਾਰ ਦੇਸ ਵਿਚ ਸੂਫ਼ੀ ਰੁਲਦੇ
ਢੂੰਡਣ 'ਵਾਜਾਂ ਖੋਈਆਂ।
"ਕੁਲ ਜ਼ਮੀਨ ਹੈ ਮਸਜਿਦ ਤੇਰੀ"
ਕਿਹਾ ਨਬੀ ਨੇ ਦੂਰੋਂ;
ਬਾਗ਼ ਪੁਰਾਣੇ ਸੁਣ ਇਹ ਜਿੰਦਾਂ
ਹੱਸੀਆਂ ਹੱਸ ਕੇ ਰੋਈਆਂ। (19)

ਮੈਂ ਕਿਹਾ: "ਇਹ ਹੱਸਣ ਰੋਣ 'ਚ
ਭੇਦ ਕੁਹਨ ਹੈ ਕਿਹੜਾ?"
'ਵਾਜ ਆਈ "ਹੱਸੇ? ਕਿ ਧੁਰ ਤੋਂ
ਮਿਲਿਆ ਹੱਕ ਉਚੇਰਾ।
ਨਬੀ ਦੇ ਬੋਲ 'ਚ ਸਿੱਕ ਜ਼ਿਮੀਂ ਦੀ
ਭਰੀ ਹੋਈ ਪਰ ਜਿੰਨੀ,
ਰੋਏ ਹਾਂ ਇਸ ਇਸ਼ਕ ਨਹੀਂ ਪਾਉਣਾ
ਵਿਚ ਨਮਾਜ਼ਾਂ ਫੇਰਾ।" (20)


WWW.SIKHBOOKCLUB.COM

ਅੱਧੀ ਰਾਤ ਉਮਰ ਦੀਆਂ ਪੀੜਾਂ
ਪੀਂਦਾ ਯੋਗੀ ਵੇਖਾਂ।
ਕਹੇ: "ਕਵਨ ਕੁੰਟ ਮੈਂ ਜਾਵਾਂ
ਕਵਨ ਦੇਸ ਦੇ ਭੇਖਾਂ।
ਰਿੱਧਾਂ ਸਿੱਧਾਂ ਰੁਸ ਗਈਆਂ ਨੇ
ਸੜ ਜਾਵਾਂ ਜਦ ਉੱਡਾਂ;
ਧਰਤ ਨੂੰ ਕਦੇ ਨਜ਼ਰ ਨ ਆਵਣ
ਅਜਬ ਯੋਗ ਦੀਆਂ ਰੇਖਾਂ।" (21)

ਮੈਂ ਕਿਹਾ: "ਸੁਣ ਜੋਗੀ ਰਾਹ ਦੇ
ਡੁੱਬੇ ਤੇਰੇ ਖ਼ਜ਼ਾਨੇ।
ਨ ਰੋ ਧਨੀ ਸਿੱਧੀਆਂ ਦੇ ਤੂੰ
ਸਾੜ ਖੰਭ ਅਸਮਾਨੇ।
ਫ਼ਜਰ ਦੇ ਆਸਨ ਬੈਠ ਕੇ ਭਰ ਲੈ
ਝਿੰਮ ਝਿੰਮ ਕਰਦਾ ਕਾਸਾ,
ਚਿੜੀ ਚੂਕਦੀ ਸਾਂਭ ਕੇ ਰੱਖੇ
ਰਾਹੀਆਂ ਦੇ ਨਜ਼ਰਾਨੇ।" (22)

ਸਿੱਧ ਬਗਾਈ ਦੇ ਟਿੱਲੇ ਤੋਂ
ਝਾਤ ਬਾਰ ਵਲ ਮਾਰਾਂ।
ਕਿਸੇ ਖਲਾ ਦੀ ਸੁੰਨ ਜ਼ਹਿਰ ਵਿਚ
ਸਾਂ ਸਾਂ ਕਰਦੀਆਂ ਹਾਰਾਂ।
ਸੁੱਕੇ ਬੋਹੜ ਦੀ ਟੀਸੀ ਬੈਠੀ
ਗਿਰਝ ਵੇਖ ਰਹੀ ਮੈਨੂੰ,
ਨਾਨਕ ਦੇ ਪੰਜੇ 'ਤੇ ਲਿਸ਼ਕਣ
ਮੇਂਡੀਆਂ ਮਿੱਠੀਆਂ ਬਾਰਾਂ। (23)

ਸਿੱਧ ਬਗਾਈ ਦੇ ਟਿੱਲੇ ਤੋਂ
ਤਪ ਤਪ ਲਹਿੰਦੀਆਂ ਲੋਆਂ।
ਯੋਗ ਅਨੰਤ ਨਾਥ ਦਾ ਸੁੰਨਾ
ਜਾਗੇ ਸਿਦਕ ਨ, ਰੋਆਂ।
ਜਿਹਲਮ ਦੀਆਂ ਲਹਿਰਾਂ ਦੇ ਨੇੜੇ
ਇਕ ਅਜਨਬੀ ਕਾਸਾ;
ਕਿਹੜੀ ਖੈਰ ਪਾਉਣ ਵਿਚ ਪਾਣੀ
ਕੋਈ ਨ ਦੇਂਦਾ ਸੋਆਂ! (24)


WWW.SIKHBOOKCLUB.COM

ਬਾਲ ਨਾਥ ਦੇ ਟਿਲਿਉਂ ਦੇਖਾਂ
ਖ਼ਾਲੀ ਬੇਲੇ ਬੰਨੇ।
ਸੁੱਕ ਗਏ ਚਿਰਾਂ ਦੇ ਲਾਏ
ਬਾਗ਼ ਜੋ ਹੰਨੇ ਹੰਨੇ।
ਉਸ ਜੂਹ ਦੇ ਅਸਵਾਰ ਨੇ ਸੁੱਤੇ
ਬ੍ਰਿਹੁੰ-ਕੰਦੀਲ ਬੁਝਾ ਕੇ
ਜਿਹੜੀ ਜੂਹ ਦਾ ਅੱਥਰੂ ਲੋਚਣ
ਨੈਣ ਮਾਵਾਂ ਦੇ ਅੰਨ੍ਹੇ। (25)

ਤੋੜ ਨਾਗ ਦੇ ਪਹਿਰੇ ਖ਼ੂਨੀ
ਸੁੱਕੇ ਬਾਗ਼ ਨੂੰ ਜਾਵਾਂ।
ਰਾਵੀ ਦੇ ਅੱਥਰੂ ਦਾ ਪਾਣੀ
ਬਾਗ਼ ਮੰਗਣ ਤਾਂ ਪਾਵਾਂ।
ਡੰਗ ਕਢਾ ਅੱਪਣੇ 'ਚੋਂ ਜਿਸ ਨੇ
ਡੱਸੇ ਮੇਰੇ ਵੱਡੇਰੇ,
ਸ਼ੀਂਹ ਬਾਜ਼ ਅਸਵਾਰ ਨੂੰ ਓਵੇਂ
ਰੋਇ ਰੋਇ ਗਲ ਲਾਵਾਂ। (26)

— — — — —
— — — — —

## (ਸ)

ਸੁੱਕੇ ਬਾਗ਼ ਸੰਢ ਨੇ ਰੰਗੇ
ਸੋਅ ਲਵਾਂ ਮੈਂ ਜਿਹਲਮ ਕੰਢੇ
ਹਵਾ 'ਤੇ ਬੈਠ ਕੌਣ ਨੇ ਲੰਘੇ?
ਚੜ੍ਹੇ ਸੰਜੀਵਨੀਆਂ ਦੇ ਤਾਰੇ
ਸ਼ੂਕਰ ਸੁਣਦੀ ਤੀਰਾਂ ਦੀ। (1)

ਸੰਢ ਪਈ ਥਲ ਮਾਰੇ ਹਾਕਾਂ,
ਭੈਣ ਭਰਾਵਾਂ ਦਿਲ ਦੇ ਸਾਕਾਂ
ਕਿੱਥੇ ਛਡਿਉਮ, ਕਿੰਢ ਮੈਂ ਆਖਾਂ?
ਮਛਲੀ ਹਾਥ ਲਵੇ ਨ ਓਵੇਂ
ਵਤ ਜਿਹਲਮ ਦਿਆਂ ਨੀਰਾਂ ਦੀ। (2)


WWW.SIKHBOOKCLUB.COM

ਔਹ ਅਸਵਾਰਾਂ ਹੌਲ ਜਗਾਏ
ਜਿਉਂ ਤਕਦੀਰਾਂ ਲਿਖਣੇ ਆਏ
ਖੂਹ 'ਤੇ ਕੁੜੀਆਂ ਰੋਇ ਬੁਲਾਏ—
ਨਾਲ ਘੋੜਿਆਂ ਦੇ ਪਈ ਉੱਡੇ
'ਵਾਜ ਗੁਆਚੇ ਵੀਰਾਂ ਦੀ। (3)

ਬੋਲ ਯਤੀਮਾਂ ਦੇ ਦਰਮਾਂਦੇ
ਲਾ-ਮਕਾਂ ਨੂੰ ਕੈਦ 'ਚ ਪਾਂਦੇ
ਘੇਰ ਦੀਵਾਰ ਦਰਦ ਦੀ ਲਿਆਂਦੇ—
ਬੇ-ਕਿਰਾਂ ਵਲ ਮੂੰਝਾਂ ਦੇ ਹੜ੍ਹ
ਚਾੜ੍ਹਣ ਕਾਂਗ ਜ਼ੰਜੀਰਾਂ ਦੀ। (4)

ਮਲ੍ਹਿਆਂ ਉਹਲੇ ਬਚੜੇ ਰੋਂਦੇ
ਕੌਣ ਲਹੂ ਨਦੀ ਵਿਚ ਧੋਂਦੇ
ਲਭ ਲਭ ਭਾਰ ਕਾਫ਼ਲੇ ਢੋਂਦੇ—
ਬਾਬਲ ਅੱਖੀਆਂ ਨਾਲ ਲਗਾਂਦੇ
ਗੰਢ ਨਿਮਾਣੀਆਂ ਲੀਰਾਂ ਦੀ। (5)

ਬ੍ਰਿਛਾਂ ਵਿਚ ਟੋਂਹਦੀਆਂ ਫਾਹੀਆਂ
ਡੈਣਾਂ ਪੀਣ ਹਨੇਰ ਤਿਹਾਈਆਂ
ਪੀਲੂ ਚੁਗਦੀਆਂ ਘਰੀਂ ਨ ਆਈਆਂ—
ਖ਼ਾਬ ਵੇਖਦੇ ਸੁੰਞੇ ਬੂਹੇ—
ਰੋਹੀ ਛੋਡ ਕਰੀਰਾਂ ਦੀ। (6)

ਧਾਹਾਂ ਮਾਰਨ ਸਾਲ ਮਹੀਨੇ:
ਬੱਚਿਓ ਚੜ੍ਹੋ ਨ ਫਲਕ ਦੇ ਜ਼ੀਨੇ
ਅਜੇ ਦੁੱਧ ਧਰਤ ਦੇ ਸੀਨੇ—
ਸੁੱਕੇ ਬਾਗ਼ 'ਚ ਮਾਵਾਂ ਢੂੰਡੇ
ਝੀਣੀ ਬਾਣਿ ਸਮੀਰਾਂ ਦੀ। (7)

ਜੂਹ ਜੀਵਨ ਜਾਂ ਮੌਤ ਦੀ ਮੱਲਾਂ ?
ਮੋਇਆਂ ਨਾਲ ਨ ਹੋਵਣ ਗੱਲਾਂ।
ਮੋਹ ਧਰਤ ਦਾ ਮਾਰੇ ਛੱਲਾਂ—
ਕਿਸ ਨੇ ਸ਼ਰਤ ਲਗਾਈ ਹੋਈ
ਧਰਤੀ ਨਾਲ ਅਖ਼ੀਰਾਂ ਦੀ ? (8)


WWW.SIKHBOOKCLUB.COM

ਖ਼ੂਨ ਪੁਰਾਣਾ ਆਇਆ ਚੜ੍ਹ ਕੇ
ਮੋੜਿਆਂ ਮੁੜੇ ਨ, ਖ਼ਾਕ 'ਚ ਅਟਕੇ,
ਕੂਕੇ ਵਿਚ ਇਲਹਾਮ ਦੇ ਵਰਕੇ—
ਸਮੇਂ ਦੀ ਮਹਾਂ ਤੇਗ 'ਤੇ ਕਟਕੀ
ਬਿਜਲੀ ਕੋਟ ਜ਼ਮੀਰਾਂ ਦੀ। (9)

ਰੀਣੇ ਕੰਨ, ਨ ਜ਼ਾਮਨ ਬੋਲੇ
ਥੀ ਸ਼ਰਮਿੰਦਾ ਨੈਣ ਨ ਖੋਲ੍ਹੇ
ਰੁਲਦੇ ਅਮਲ ਨ ਮੇਰੇ ਫੋਲੇ—
ਛੁਪ ਮੁਨਸਿਫ਼ ਦੇ ਅਦਲ ਨੇ ਪਕੜੀ
ਰਗ ਸੁਲਤਾਨ ਅਮੀਰਾਂ ਦੀ। (10)

ਕੱਪਰ ਚੜ੍ਹੇ ਸਬਰ ਤੋਂ ਤਕੜੇ
ਡੂੰਘੇ ਵਹਿਣ ਜਾਨ ਦੇ ਪਕੜੇ
ਘੇਰ ਘੇਰ ਸਾਹ ਮੇਰੇ ਜਕੜੇ—
ਅਜੇ ਵੀ ਸਿਦਕ ਮੇਰੇ ਨੂੰ ਸੁਣਦੀ
ਸੋਅ ਭੁੱਲੀ ਕੋਈ ਹੀਰਾਂ ਦੀ। (11)

ਔਹ ਹਰਿਆਂ ਬਿਰਖਾਂ ਦੇ ਪਾਰਾਂ
ਖ਼ੂਹ 'ਤੇ ਪੀਰ ਮਨਾਵਣ ਨਾਰਾਂ
ਸੈਨਤਾਂ ਮਾਰਨ ਜਿਵੇਂ ਫੁਹਾਰਾਂ—
ਪਾਣੀ ਭਰਨਾ ਯਾਦ ਰਿਹਾ ਨ
ਤੱਕਣ ਵਾਟ ਜ਼ਹੀਰਾਂ ਦੀ। (12)

ਗ਼ੈਬੀ ਕਲਮ ਤੋੜ ਕੇ ਹੱਸਣ
ਰਮਜ਼ ਨ ਪੀਰ ਫ਼ਕੀਰ ਨੂੰ ਦੱਸਣ
ਪੋਠੋਹਾਰ ਦੀ ਜੂਹ ਵਿਚ ਵੱਸਣ—
ਖ਼ੂਹ 'ਤੇ ਸਿਹਰ ਹੁਸਨ ਦਾ ਪਾ ਕੇ
ਅਰਜ਼ ਨ ਸੁਣਦੀਆਂ ਪੀਰਾਂ ਦੀ। (13)

ਗ਼ਮਜ਼ੇ ਫੜਣ ਪੌਣ ਦੀ ਵੀਣੀ
ਨਾਜ਼ ਵਿਚ ਜਿਉਂ ਬੈਠੀ ਸ਼ੀਹਣੀ
ਫੜੀ ਵਣਾਂ ਦੀ ਵਾਟ ਉਡੀਣੀ—
ਵੇਖ ਰਹੀ ਨਬੀਆਂ ਦੇ ਚਿਹਰੇ
ਉਡ ਬਿਜਲੀ ਤਹਰੀਰਾਂ ਦੀ। (14)


WWW.SIKHBOOKCLUB.COM

ਜੋ ਨੂਰੀ ਇਲਹਾਮ ਨਾ' ਖੇਲ੍ਹੀ
ਜਿਸ ਨੇ ਨਜ਼ਰ ਹੜ੍ਹਾਂ ਵਿਚ ਠੇਲ੍ਹੀ
ਤਕ ਮੈਨੂੰ ਕੂਕੀ ਅਲਬੇਲੀ:
"ਕਿਸ ਨੇ ਨਜ਼ਰ ਮਿਲਾਈ ਅੜੀਓ
ਕੁੜੀਆਂ ਨਾਲ ਫ਼ਕੀਰਾਂ ਦੀ। (15)

"ਮੀਂਹਾਂ ਵਿਚ ਉਡਾਵਾਂ ਝੁੰਮਰ
ਨਦੀਆਂ ਬੰਨ੍ਹ ਸੁਆਵਾਂ ਘੁੰਮਰ
ਇਲਮਾਂ ਤਾਈਂ ਭੁਲਾਵਾਂ ਹੁੱਨਰ—
ਨਭ ਪਤਾਲ ਤਕ ਪੀਂਘਾਂ ਝੂਟਾਂ
ਚੜ੍ਹ ਕੇ ਲਹਿਰ ਮੁਨੀਰਾਂ ਦੀ। (16)

"ਸੁਣ ਵੇ ਰਾਹੀ! ਸੁਣ ਵੇ ਰਾਹੀ!
ਅਮਲਾਂ ਨਾਲ ਜਿੰਦ ਪਰਨਾਈ
ਇਕ ਪਲ ਦੇਖ ਲਵੇਂ ਜੇ ਮਾਹੀ!
ਮੈਨੂੰ ਬਾਤ ਨ ਭਾਉਂਦੀ ਉੱਕਾ
ਮਿਲਖਾਂ ਅਤੇ ਜਾਗੀਰਾਂ ਦੀ।" (17)

"ਭਰ ਲੈ ਖੂਹ 'ਤੇ ਪਾਣੀ ਜੀਵੇਂ!
ਅਜੇ ਬੋਲ ਨ ਤੇਰੇ ਨੀਵੇਂ
ਜ਼ਹਿਰ ਨ ਸੁੱਕੇ ਬਾਗ਼ ਦੀ ਪੀਵੇਂ—
ਮੇਰੇ ਰਾਹ ਦੀ ਹਵਾ ਨੇ ਚੁੱਕੀ
ਭਾਰੀ ਸੱਦ ਨਕੀਰਾਂ ਦੀ।" (18)

ਆਖ ਮੈਂ ਤੱਕਿਆ ਦੂਰ ਦੁਰਾਡੇ
ਫਾਹੀਆਂ ਪਾਉਣ ਘਾਮ ਤੇ ਜਾੜੇ,
ਸੁੱਕੇ ਬਾਗ਼ ਕਸੇ ਹੋਏ ਸਾਡੇ!
ਦੇਵਣ ਕੌਣ ਦਿਲਾਸੇ ਡਾਢੇ?
"ਰੋਸੀ ਵਿਲਕ ਕੇ ਮਾਵਾਂ ਅੱਗੇ
ਕਦੇ ਧਾਰ ਸ਼ਮਸ਼ੀਰਾਂ ਦੀ। (19)

— — — — —
— — — — —

ਵੈਣ ਸੁਣਨ ਜਦ ਜਾਵਾਂ ਅੱਗੇ
ਰੋਹੀਆਂ ਵਿਚ ਹਲਾਹਲ ਵੱਗੇ
ਵਿਚ ਕੰਦਰਾਵਾਂ ਵੱਜਣ ਡੱਗੇ
ਖੂਹ 'ਤੇ ਅਜੇ ਵੀ ਦੀਵਾ ਜੱਗੇ!
ਤਲਖ਼ ਹਵਾ ਦਾ ਪਿੰਡਾ ਚੀਰੇ
ਸੁੰਨੀ ਜੂਹ ਦੀ ਹਾਸੀ ਵੋ। (1)

WWW.SIKHBOOKCLUB.COM

ਨ ਇਹ ਪੋਠੋਹਾਰ ਨ ਬਾਰਾਂ
ਨ ਇਹ ਧਰਤੀ ਨ ਇਹ ਪਾੜਾਂ
ਨ ਰੋਹੀਆਂ ਨ ਵਿਚ ਪਹਾੜਾਂ
ਬਸ ਘੇਰਣ ਹੜ੍ਹ ਵਾਂਗ ਪੁਕਾਰਾਂ—
ਅੱਥਰੂ ਆਉਣ ਨ ਅੱਖੀਆਂ ਦੇ ਵਿਚ
ਨ ਅਰਦਾਸ ਵਿਗਾਸੀ ਵੋ। (2)

ਕੰਦਰਾਂ ਦੀ ਅੱਖ ਖੁਲ੍ਹਦੀ ਜਾਵੇ
ਹਉਂ ਮੁਸ਼ਰਿਕ ਦੀ ਝੁੱਲਦੀ ਜਾਵੇ
ਬਾਂਗ ਨਮਾਜ਼ ਵੀ ਭੁੱਲਦੀ ਜਾਵੇ
ਧਰਤੀ ਦੀ ਪੱਤ ਰੁਲਦੀ ਜਾਵੇ!
ਸਭ ਰਾਹਾਂ 'ਤੇ ਪੈਰ ਸਾੜਦੇ
ਸੂਫ਼ੀ ਨਾਥ ਉਦਾਸੀ ਵੋ। (3)

ਸੁੱਕੇ ਬਾਗ਼ ਰਾਹਾਂ ਵਿਚ ਰੋਲੇ
ਦੋਜ਼ਖ਼ ਦੇ ਸਾਹਾਂ ਵਿਚ ਘੋਲੇ।
ਧਰ ਦੇ ਅੰਨ੍ਹੇ ਨੈਣਾਂ ਕੋਲੇ
ਚੜ੍ਹਦੇ ਕਾਲੇ ਨਾਗ ਵਰੋਲੇ!
ਅੰਨ੍ਹਾ ਕਲਵੱਤ ਪੁੱਛ ਨ ਚੀਰੇ
ਜੂਨੀ ਲੱਖ ਚੁਰਾਸੀ ਵੋ। (4)

ਰੂਹ ਅਣਗਿਣਤ, ਖ਼ਾਕ ਨ ਜਾਣੇ
ਖ਼ਾਬ ਮੇਰੇ ਬੇ-ਬੱਸ ਨਿਤਾਣੇ
ਪਹੁੰਚਾਂ ਕਿਵੇਂ ਝੰਗ ਮਘਿਆਣੇ ?
ਰਾਹ ਮਿਟ ਜਾਂਦੇ! ਕਰਾਂ ਕੀ ਮਾਣੇ ?
ਮੇਰੇ ਸਾਹ ਨੂੰ ਛੱਡ ਛੱਡ ਨੱਸੇ
ਜਾਨ ਧਰਤ ਦੀ ਪਿਆਸੀ ਵੋ। (5)

ਮੇਰੇ ਹੱਥ ਚਰਖ ਨੇ ਚੀਰੇ
ਕਿਤੇ ਕਾਫ਼ਲੇ ਗੁਫ਼ਾ 'ਚ ਪੀੜੇ—
ਰੋਕਣ ਦਇਆਹੀਣ ਦਰ ਭੀੜੇ
ਲਹੂ ਦੀ ਕਾਂਗ 'ਚ ਤੁਰਦੇ ਕੀੜੇ!
ਮੇਰੇ ਸੁਪਨ ਹੀ ਵਿੰਨ੍ਹਦੀ ਭੈੜੀ
ਮੇਰੀ ਰਗ ਦੀ ਫਾਸੀ ਵੋ। (6)

WWW.SIKHBOOKCLUB.COM

ਨਭ ਦੀ ਭਟਕਣ ਹੌਲ ਜਗਾਵੇ
ਕੋਟ ਕੋਹਾਂ ਤੋਂ ਫਾਹੀਆਂ ਪਾਵੇ
ਰਗ ਫੜ ਸ਼ੋਰ ਦੀ ਕਾਗ ਉਡਾਵੇ
ਦੀਪ ਬੁਝਾ ਕੇ ਮਾਸ ਖੁਆਵੇ।
ਤਾਰਿਆਂ ਤੀਕਨ ਮੇਰੇ ਗੁਨਾਹ ਦੀ
ਨਜ਼ਰ ਕਿਸੇ ਨੇ ਕਿਆਸੀ ਵੋ।(7)

ਖੂਹ ਵਿਚ ਕੂਕ ਕਿਸੇ ਦੀ ਹੰਭੀ
ਹੱਡੀਆਂ ਚੱਟ ਕੋਈ 'ਵਾ ਲੰਘੀ
ਕੁੱਲ ਖਲਾ ਵਿਚ ਆਈ ਤੰਗੀ
ਹੂੰਗਰ ਮਾਰ ਦੂਆ ਮੈਂ ਕੰਬੀ—
ਚੂੰਡੇ ਰੋਹ ਵਿਚ ਸ਼ਾਹ ਰਗ ਮੇਰੀ
ਥਲ ਦਾ ਕਾਗ ਨਿਵਾਸੀ ਵੋ।(8)

ਵੱਢੇ ਕਾਫ਼ਲੇ ਬਾਰ ਦੇ ਬੰਨੇ
ਨੈਣ ਕਰੇ ਮਾਵਾਂ ਰੋ ਅੰਨ੍ਹੇ—
ਸੁੱਕੇ ਬਾਗ਼ ਨਾ' ਮੈਂ ਸਿਰ ਭੰਨੇ
ਦੇਸ ਆਇਮ ਪਰ ਕੁਈ ਨ ਮੰਨੇ!
ਬ੍ਰਿਹਾ ਦੀ ਕੁਈ ਚੀਖ ਸੁਣੀ ਨ
ਜ਼ਹਿਰ ਭਰੀ ਇਸ ਹਾਸੀ ਵੋ।(9)

## (ਹ)

## (ਉਡਦਾ ਸਰਾਪ)

ਮੈਨੂੰ ਕਿਸੇ ਹਲਾਹਲ ਚਾਇਆ
ਘੁੰਮਦੀ ਚਰਖੜੀ ਉੱਤੇ ਪਾਇਆ;
ਜ਼ਖ਼ਮੀ ਸਿਰ 'ਤੇ ਕਾਗ ਬੈਠਾ ਕੇ
ਸੜਦੇ ਸ਼ਹਿਰਾਂ ਵਿਚ ਘੁਮਾਇਆ।

ਉਂਞ ਤਾਂ ਹੰਝੂ ਦੋ ਹੀ ਆਏ
ਕੋਟ ਕੋਹਾਂ ਮੈਂ ਸਫ਼ਰ ਮੁਕਾਇਆ।

ਬਾਰ ਦੇ ਜ਼ਖ਼ਮਾਂ 'ਤੇ ਪਗ ਧਰਦਾ
ਸੁੱਕੇ ਬਾਗ਼ ਦੇ ਦਰਾਂ 'ਤੇ ਆਇਆ।

ਰਾਤ ਗੁਫ਼ਾਵਾਂ ਵਿੱਚੋਂ ਉਛਲੀ
ਪਾਟ ਗਿਆ ਸਦੀਆਂ ਦਾ ਸਾਇਆ।

— — — — —


WWW.SIKHBOOKCLUB.COM

## (ਧਰਤੀ ਦਾ ਖ਼ਾਮੋਸ਼ ਸਰਾਪਿਆ ਬੁੱਤ)

ਖੜਾ ਖ਼ਾਮੋਸ਼ ਖ਼ੂਨ ਦਾ ਝੱਖੜ!
ਨੂਹ ਤਕ ਸੰਗ ਬਣੇ ਸਭ ਕੱਪਰ!

ਕੋਹ-ਨਿਸ਼ਾਨ ਮੌਤ ਦੇ ਬਣ ਕੇ
ਸੁੱਕੇ ਬ੍ਰਿਛ ਘਿਰੇ ਵਿਚ ਚੱਕਰ।

ਨੀਂਦ ਦੀ ਇਕ ਕਣੀ ਲਈ ਸਿਕਦੇ
ਮੋਏ ਵਣੀਂ ਉਡੀਕਣ ਸੱਕ਼ਰ।

ਕੌਮ ਦੇ ਵੱਡੇ ਟੋਹ ਟੋਹ ਲਭਦੇ
ਭੁੱਲੀ ਨਦੀ 'ਚ ਉਮਰ ਦੀ ਵੱਖਰ।

ਅੱਗ ਦੀ ਝੜੀ ਹਿੱਲ ਨ ਸੱਕੇ
ਪਾਟ ਗਿਆ ਸਿਹਰਾਂ ਦਾ ਅੱਖਰ।

— — — — —

## (ਸਰਾਪ ਅਤੇ ਮਿਹਰ ਦੇ ਪੈਂਡੇ)

ਅੱਧੀ ਰਾਤ ਕਹਿਰ ਦੇ ਪੈਂਡੇ
ਸੁੱਕੇ ਬਾਗ਼ 'ਚ ਸ਼ੂਕੇ।
ਬੇਪਛਾਣ ਰੁੱਖਾਂ ਦੇ ਪਿੰਜਰ
ਨਾਲ ਮਜ਼ਾਰਾਂ ਕੂਕੇ।

ਹੱਡੀਆਂ ਦੀ ਕੁਈ ਰਾਖ ਪੁਰਾਣੀ
ਬੇਰੱਸ ਟਿੰਘ ਹਿਲਾਏ।
ਬੇਅਬਾਦ ਖ਼ੂਹਾਂ ਦੇ ਹੰਝੂ
ਵੈਣਾਂ ਵਿਚ ਛੁਪਾਏ।

ਬੇਰੱਸ ਪੱਤਿਆਂ ਵਿੱਚੋਂ ਲੰਘਦੀ
ਹੂੰਗਰ ਕੋਈ ਖਲੋਏ।
ਧਰ ਵਿਚ ਨੇਸਾਂ ਵਾਂਗ ਖੁਭੇ ਨੇ
ਰੁੱਖ ਬਾਗ਼ਾਂ ਦੇ ਮੋਏ।

ਬੇਅਬਾਦ ਖ਼ੂਹਾਂ 'ਤੇ ਜਗਦਾ
ਦੀਵਾ ਬਹੁਤ ਨਿਮਾਣਾ।
ਸੜਿਆਂ ਮੁੱਢਾਂ 'ਤੇ ਲੋਅ ਪੈਂਦੀ
ਜਿਉਂ ਕੋਈ ਕੌਲ ਪੁਰਾਣਾ।


WWW.SIKHBOOKCLUB.COM

ਦੀਵੇ ਦੀ ਲੋਅ ਸਾਹਵੇਂ ਰੁਲਦੇ
ਉਲਝੇ ਵਾਲ ਅਨੇਕਾਂ।
ਬਾਗ਼ ਦੀ ਸੁੰਞ 'ਤੇ ਭਾਰ ਪਾਉਂਦੀਆਂ
ਧੀਮੀਆਂ ਡੂੰਘੀਆਂ ਰੇਖਾਂ।

ਏਸ ਬਾਗ਼ ਦੀ ਕਾਰ ਨਾ ਟੱਪਣ
ਬੁਝੀ ਹਸ਼ਰ ਦੀਆਂ ਧੂੜਾਂ।
ਏਸ ਬਾਗ਼ ਦੀ ਸੁੰਞ ਨ ਵੇਖਣ
ਕੇਸ ਵਹੁੰਦੀਆਂ ਹੂਰਾਂ।

ਬਾਗ਼ ਦੀ ਰਗ ਨੂੰ ਖ਼ੂਨੀ ਬੁਰਜੋਂ
ਫੜਨ ਵਿਸ਼ੈਲੀਆਂ ਤੰਦਾਂ।
ਮੈਂ ਪਰ 'ਵਾ ਕਨਿਆਨ ਦੀ ਛੂਹ ਕੇ
ਰੋਹ ਕੁਲਜ਼ੁਮ ਦਾ ਲੰਘਾਂ।

ਹੌਲ ਪਿਆ, ਟਿੰਘਾਂ ਵਿਚ ਫਸੀਆਂ,
ਝਲਕਾਂ ਪਾਵਨ ਮੰਜੂ।
ਕੈਦੀਆਂ ਵਾਂਗੂ ਦੇਖ ਰਹੇ ਸੀ
ਮਾਂ ਮੇਰੀ ਦੇ ਹੰਝੂ।

ਤਪ ਤਪ ਤਾਰਿਆਂ ਤੀਕਨ ਉੱਠੇ,
ਰੋਗ ਬਾਗ਼ ਦੇ ਭਾਰੀ।
ਚੰਨ ਸੂਰਜਾਂ ਦੇ ਗਲ ਪਾਈ,
ਗਹਿਰ ਕੋਈ ਦੁਖਿਆਰੀ।

ਪਲ ਵਿਚ ਸੁੰਞ ਦਾ ਕਹਿਰ-ਭਬੂਕਾ,
ਅਜ਼ਲਾਂ ਤੀਕਨ ਬਲਦਾ।
ਪਲ ਵਿਚ ਦੇਖ ਮਾਹੀ ਦੀਆਂ ਵਾਟਾਂ,
ਨਾਲ ਨਮਾਜ਼ਾਂ ਰਲਦਾ।

ਫੇਰ ਕਿਤੇ ਦੀਵੇ ਦੀ ਲੋਅ ਵਿਚ,
ਬੁੱਢੇ ਬਾਜ਼ ਨੂੰ ਦੇਖਾਂ;
ਸੁੱਕੇ ਬਾਗ਼ 'ਚ ਮੋੜ ਲਿਆਂਦਾ
ਜਿਸ ਨੂੰ ਗੁਜ਼ਰੇ ਲੇਖਾਂ।

ਬੁੱਢੇ ਬਾਜ਼ ਦੇ ਸਿਰ 'ਤੇ ਘੁੰਮਣ
ਹਸ਼ਰ ਵਰੋਲੇ ਲੱਖਾਂ।
ਸਾੜ ਦੇਣ ਬੇਅਦਲੀ ਜੀਭਾਂ
ਵਾਂਗ ਨਿਤਾਣੇ ਕੱਖਾਂ।


WWW.SIKHBOOKCLUB.COM

ਸੋਈ ਬੂੰਦ ਬਾਜ਼ ਦੀਆਂ ਨਜ਼ਰਾਂ
ਬਾਗ਼ ਦੀ ਸੁੰਞ 'ਚ ਫੋਲਣ;
ਜਿਹੜੀ ਬੂੰਦ ਨੂੰ ਧੀਆਂ ਵਾਂਗੂੰ
ਸੁੱਕੀਆਂ ਨਦੀਆਂ ਟੋਲਣ।

ਕੋਹਾਂ ਲੰਘ ਫੇਰ ਕੁਈ ਦੀਵਾ
ਰੇਤਾਂ ਦੇ ਵਿਚ ਜਗਦਾ।
ਬਾਗ਼ ਨੂੰ ਫਾਹੀਆਂ ਦੇ ਵਿਚ ਕਸਦਾ
ਬੋਲ ਪਿਆਸੀ ਰਗ ਦਾ।

ਨਦੀ ਦੀ ਸੁੰਞੀ ਪੈੜ ਵਿਚਾਲੇ
ਸ਼ੀਂਹ ਸੁੱਤਾ ਇਕ ਦੇਖਾਂ।
ਗਗਨ ਅਨੰਤ ਨੂੰ ਚੀਰ ਕੇ ਲੰਘਣ
ਜਿਸ ਦੇ ਰਾਹ ਦੀਆਂ ਰੇਖਾਂ।

ਬਾਗ਼ ਦੇ ਖੜ ਖੜ ਪੱਤਿਆਂ ਉਹਲੇ
ਤੁਰਦੇ ਕਾਫ਼ਲੇ ਜਾਪਣ।
ਮੌਤ ਦੀਆਂ ਨੀਂਦਾਂ ਵਿਚ ਰੇਤਾਂ
ਪਾਪ ਨੂੰ ਤੁਰ ਤੁਰ ਨਾਪਣ।

ਸੁੱਤਾ ਸ਼ੀਂਹ ਜਾਗ ਸਿਰ ਚੁੱਕੇ,
ਬਿੜਕ ਲਵੇ ਸੌਂ ਜਾਵੇ।
ਨੀਂਦ ਵਿਚ ਘੋੜਾਂ ਦੀਆਂ ਟਾਪਾਂ
ਸੁਣੇ, ਨੈਣ ਭਰ ਆਵੇ।

ਮੈਂ 'ਕੱਲਾ ਪਰਦੇਸੀ ਭੈਅ ਵਿਚ
ਕਿਸ ਨੂੰ ਪਿਆ ਚਿਤਾਰਾਂ।
ਬਾਰ ਦੇਸ ਦੇ ਮੋਹ ਵਿਚ ਛਿਪੀਆਂ
ਰਾਵੀ ਵਰਗੀਆਂ ਨਾਰਾਂ।

ਸ਼ੀਂਹ ਦੇ ਨੈਣ ਭਰਣ ਭਰ ਡੁੱਲ੍ਹਣ
ਖ਼ਾਲੀ ਰੁੱਖ ਨਿਹਾਲਣ।
ਜੋ ਮੋਇਆਂ ਯਾਰਾਂ ਦੀਆਂ ਗੱਲਾਂ
ਦੱਸ ਕੇ ਜਿੰਦ ਨ ਜਾਲਣ।

ਕੌਣ ਵੈਣ ਪਾਉਣ ਲਈ ਆਈ
ਕਾਲੀ ਰਾਤ ਦੇ ਉਹਲੇ ?
ਪੌਣ ਰਹੀ ਵਾਸਤੇ ਪਾਉਂਦੀ
ਸੁੱਕੇ ਬ੍ਰਿਛ ਨ ਬੋਲੇ।


WWW.SIKHBOOKCLUB.COM

ਇਕ ਪਲ ਹੌਲ ਪਿਆ ਜਿਉਂ ਦੱਸਣ
ਅੱਪਣੇ ਅੱਪਣੇ ਬੇਲੀ।
ਸਹਿਮੇ! ਸੁੰਨ ਪਤਾਲ 'ਚ ਵਗਦੀ
ਨਜ਼ਰ ਨ ਨਦੀ 'ਚ ਠੇਲ੍ਹੀ।

ਕਾਲੀ ਰਾਤ ਬ੍ਰਿਹਾ ਦੀਆਂ ਚੀਸਾਂ
ਬਾਗ਼ ਦੀ ਰਗ ਰਗ ਮੁਠਣ।
ਮਿੱਟੀ ਦੇ ਵਿਚ ਨੀਂਦ ਜਿਨ੍ਹਾਂ ਨੂੰ
ਆਈ, ਅਜੇ ਨ ਉੱਠਣ।

ਸ਼ੀਂਹ ਸਰ੍ਹਾਣੇ ਹੂਰ ਖੜੀ ਕੋ
ਮੈਂ ਤੱਕੀ ਪਹਿਚਾਣੀ।
ਉਹੀਓ ਹੁਸਨ ਅੰਵਾਣਾ ਖੇਡੇ
ਉਹੀਓ 'ਵਾਜ ਪੁਰਾਣੀ।

ਦੂਰ ਪਰੇ ਬੇਲੇ ਛੱਡ ਖੜੀਆਂ
ਤੱਕਣ ਰਾਵੀ ਹੀਰਾਂ।
ਕੋਲ ਨ ਆਵਣ ਰੋਇ ਬੁਲਾਵਣ
ਖੜ੍ਹ ਵਿਚ ਸੰਵ ਦੇ ਨੀਰਾਂ।

ਸੁੱਕੇ ਬਾਗ਼ ਜਗੇ ਪਿਆ ਦੀਵਾ
ਰਾਵੀ ਵੇਖ ਮੈਂ ਰੋਇਆ।
ਪੱਤਿਆਂ ਦੀ ਖੜ ਖੜ ਨਿਰਮੋਹੀ
ਸੁਣ ਸੁਣ ਕੇ ਸ਼ੀਂਹ ਮੋਇਆ।

ਮੈਂ ਕੁਰਲਾਇਆ : "ਬੁੱਢਾ ਸ਼ੀਂਹ ਇਹ
ਕੌਣ ਅਜਨਬੀ ਪਿਆਰੀ ?
ਸ਼ਮਸ਼ਾਨਾਂ ਵਿਚ ਚਿਰਾਂ ਤੋਂ ਜਿਸਦੀ
ਗਰਜ ਸੁਣਾਂ ਮੈਂ ਨਿਆਰੀ।"

ਮੈਂ ਪੁੱਛਾਂ : "ਦੱਸ! ਸੁੱਕੇ ਬਾਗ਼ 'ਚ
ਤਿੰਨ ਦੀਵੇ ਕਿਉਂ ਜਗਦੇ ?
ਬੁੱਢਾ ਬਾਜ਼ ਕਦੋਂ ਦਾ ਏਥੇ,
ਨੀਰ ਨ ਕਦੋਂ ਦੇ ਵਗਦੇ ?"

ਰਾਵੀ ਕਹੇ ਕਿ "ਮੋਹ ਧਰਤੀ ਦੇ
ਫਲੇ ਫੁਲੇ ਜਿਸ ਰੁੱਤੇ।
ਕੌਮ ਤੇਰੀ ਦੇ ਮਨ ਓਦੋਂ ਹੀ
ਗੁਰਾਂ ਦੇ ਵਿਹੜੇ ਸੁੱਤੇ।


WWW.SIKHBOOKCLUB.COM

"ਦਿਲ-ਦੁਪਹਿਰ ਦੇ ਤਿੰਨੇ ਦੀਵੇ
ਹਿੱਸਦੇ ਜਲਦੇ ਜਾਣੋ।
ਧਰਤੀ ਦਾ ਮੋਹ, ਸਿਦਕ ਕਦੀਮੀ,
ਮਾਂ-ਅਸੀਸ ਪਹਿਚਾਣੋ।

"ਸੁੱਕੀਆਂ ਨਦੀਆਂ ਨਾਲ ਹੀ ਸੁੱਕੇ,
ਕੌਮ ਦੇ ਲੰਮੇ ਜੇਰੇ।
ਪਿਆਸੇ ਘੋੜੇ ਲੈ ਕੇ ਤੁਰ ਗਏ,
ਬਾਗ਼ 'ਚੋਂ ਤੇਰੇ ਵਡੇਰੇ।

"ਜਦੋਂ ਕਾਫ਼ਲਾ ਰੋਗ ਨ ਜਾਣੇ
ਹੋ ਕੇ ਦੀਨ ਨਿਥਾਵਾਂ;
ਤਦੋਂ ਵਤਨ ਦੇ ਰੁੱਖਾਂ ਹੇਠਾਂ
ਭੁੱਲਣ ਬਚੜੇ ਮਾਵਾਂ।

"ਘਾਇਲ ਹੁਸੈਨ ਨਦੀ ਦੇ ਕੰਢੇ
ਪਾਣੀ ਪੀਣ ਜਾਂ ਆਵਣ;
ਉਦੋਂ ਫ਼ਰੇਬ ਦੇ ਵਾਣ ਦੋਜ਼ਖ਼ੀ
ਵਗਦੇ ਨੀਰ ਸੁਕਾਵਣ।

"ਬਾਜ਼ ਕੌਮ ਦੇ ਦਿਲ ਦਾ ਸੁਪਨਾ
ਅੱਖੀਆਂ ਵਿਚ ਵਸਾਵੇ।
ਹਿਰਸ ਫ਼ਰੇਬ ਹਸਦ ਦੀ ਲੂ ਵਿਚ
ਕੌਮ ਜਦੋਂ ਸੜ ਜਾਵੇ:

"ਉਡਦੀ ਰਾਖ ਵੇਖਦਾ ਰਹਿੰਦਾ
ਸੁੱਕੇ ਬਾਗ਼ 'ਚ ਬਹਿ ਕੇ,
ਸਿਕਦਾ: ਘੁੰਮਦੇ ਚਰਖ ਆਉਣਗੇ
ਅਸਵਾਰਾਂ ਨੂੰ ਲੈ ਕੇ।

"ਗਈਆਂ ਗਰਕ ਖੂਹਣੀਆਂ ਜਿੱਧਰ
ਉਸ ਪਾਸੇ ਮਨ ਥੀਵੇ।
ਗਹਿਰ 'ਚੋਂ ਉਤਰ ਪੈੜ ਅੰਵਾਣੀ
ਕਹੇ: ਹੀਰ ਪਈ ਜੀਵੇ।

"ਸ਼ੀਂਹ ਦੇ ਲੰਮੇ ਜੇਰੇ ਵੇਖੇ
ਵਿਚ ਫ਼ਜਰਾਂ ਦੀ ਲੋਇ।
ਜਦੋਂ ਕੌਮ ਦੀਆਂ ਨਜ਼ਰਾਂ ਸਾਹਵੇਂ
ਵਗਦੇ ਅਟਕ ਖਲੋਏ।


WWW.SIKHBOOKCLUB.COM

"ਫੇਰ ਜਦੋਂ ਅਸਵਾਰ ਸੀ ਕੋਹੇ
ਟੁੱਟੇ ਸ਼ੀਂਹ ਦੇ ਜੇਰੇ।
ਜਦੋਂ ਸੀ ਧੀਆਂ ਦੀ ਪੱਤ ਰੋਲੀ
ਸਾੜ ਕੇ ਬਾਬਲ-ਵਿਹੜੇ।

"ਕੌਮ ਛੱਡ ਸਿਦਕ ਦੇ ਬੇੜੇ
ਕੱਪਰਾਂ ਦੇ ਵਿਚ ਡੁੱਬੀ।
ਭੁੱਲ ਜਦੋਂ ਧਰਤੀ ਦੇ ਮੋਹ ਨੂੰ
ਗੱਲ ਫ਼ਰੇਬ ਦੀ ਪੁੱਗੀ।

"ਸ਼ੀਂਹ ਸ਼ਮਸ਼ਾਨਾਂ ਦੇ ਵਿਚ ਰੋਂਦਾ
ਦੇਣ ਸਰਾਪ ਹਵਾਵਾਂ;
ਆਉਣ ਸੁੱਕੀਆਂ ਰੇਤਾਂ ਦੇ ਵਿਚ
ਦੀਪ ਜਗਾਵਣ ਮਾਵਾਂ।

"ਸ਼ਮਸ਼ਾਨਾਂ ਤੋਂ ਸੁੱਕੇ ਬਾਗ਼ ਦੇ
ਕਰੇ ਤਵਾਫ਼ ਅਨੇਕਾਂ।
ਤੁੰਦ ਭਟਕਣਾਂ ਸ਼ੀਂਹ ਦੀਆਂ ਹੋਵਣ
ਬਲੀ ਦਹਿਰ ਦੀਆਂ ਰੇਖਾਂ।"

ਮੈਂ ਕਿਹਾ "ਜੋ ਨਾਲ ਤੇਰੇ ਸੀ
ਕਿੱਥੇ ਗਈਆਂ ਹੂਰਾਂ?"
ਰਾਵੀ ਕਹੇ "ਉਹ ਤੁਰ ਨ ਸਕੀਆਂ
ਨਾਲ ਜ਼ਿਮੀਂ ਦੇ ਨੂਰਾਂ।

"ਥਲਾਂ 'ਚ ਸੜਿਆਂ ਬਾਝ ਸੋਹਣੀਆਂ
ਪੀਰ ਮਨਾਵਣ ਗਈਆਂ।
ਖੰਡਰਾਂ ਉੱਤੇ ਅਮਲ ਦੀ ਗਠੜੀ
ਰੋਇ ਵਛਾਵਣ ਪਈਆਂ।"

ਮੈਂ ਕਿਹਾ "ਅੱਜ ਸੁੱਕੇ ਬਾਗ਼ ਦੀ
ਸੁੰਞ ਵਿਚ ਮਰ ਜਾਵਾਂ।"
ਰਾਵੀ ਕਹੇ: "ਦੁਆ ਤੇਰੀ ਨੂੰ,
ਮਿਲ ਮਿਲ ਰੋਣ ਝਨਾਵਾਂ।

"ਰੋਂਦੇ ਕਾਫ਼ਲਿਆਂ ਨੂੰ ਮਿਲਣਾ
ਵਲ ਪੀਰਾਂ ਦੀ ਰੋਹੀ।
ਦਹਿਰ ਦੇ ਪੈਂਡੇ ਵੱਤ ਲੈ ਆਸਨ
ਅਰਜ਼ ਤੇਰੀ ਜੋ ਕੋਹੀ।"

*(ਇਤਿ ਸਰਗ ਦੂਸਰਾ)*

•


WWW.SIKHBOOKCLUB.COM

# ਸਰਗ ਤੀਸਰਾ

## ਨੂਰ ਮਹਿਲ ਨੂੰ ਵਾਪਸੀ
## ਸਫ਼ਰ ਵਿਚ ਉਡਦੇ ਖ਼ਿਆਲ

—1—

ਮੈਂ ਤਕਦਾ ਦਿਲ ਦੀਆਂ ਨਜ਼ੀਰਾਂ
ਕੁਝ ਪਲ ਬੈਠਾ ਨਦੀ ਦੇ ਤੀਰਾਂ।

ਬੀਤੇ ਸਾਲਾਂ ਦੀਆਂ ਤਾਬੀਰਾਂ
ਪੁਛਦਾ ਟੁਰਿਆ ਵਾਂਗ ਫ਼ਕੀਰਾਂ।

ਲਹਿਰ ਦੇ ਸੀਨੇ ਭਾਰ ਸਫ਼ਰ ਦੇ
ਪਾ ਕੇ ਖੁਰੀਆਂ ਸੁਬਕ ਲਕੀਰਾਂ।

ਜੋ ਖ਼ਾਬਾਂ ਵਿਚ ਕਾਫ਼ਲੇ ਘੁੰਮਦੇ
ਢੂੰਡ ਲੈਂਦੀਆਂ ਰੋ ਤਕਦੀਰਾਂ।

ਧੁੰਧ ਚੀਰ ਤੇਗਾਂ ਦੀ ਗਾੜ੍ਹੀ
ਪਾਰ ਵਣਾਂ ਕੁਝ ਤੱਕਿਆ ਨੀਰਾਂ।

ਮੁੱਦਤਾਂ ਬੈਠ ਸਬਰ ਦੇ ਬੂਹੇ
ਦਿਲ ਵਿਚ ਹੌਲ ਪਾਉਣ ਤਕਸੀਰਾਂ।

ਸਮੇਂ ਦੀਆਂ ਛਾਵਾਂ ਦੇ ਉੱਤੇ
ਪਾਉਣ ਉਡਦੀਆਂ ਕੂੰਜਾਂ ਭੀੜਾਂ।

ਸੁਣੇ ਭੈਣ ਦੇ ਵੈਣ ਪੁਰਾਣੇ
ਔਹ ਮੇਲੇ ਵਿਚ ਜੁੜਿਆਂ ਵੀਰਾਂ।

ਨਹਿਰਾਂ, ਬੇਲੇ, ਜੰਗਲ ਬਾਰਾਂ,
ਬੇਰੌਣਕ ਹੋਏ ਬਾਝ ਫ਼ਕੀਰਾਂ।

ਖ਼ਾਲੀ ਹੱਥ ਮੁਰੀਦ ਕੂਕਦੇ
ਕਿੰਞ ਚੁੱਕਣ ਬੇਪੀਰ ਜ਼ਮੀਰਾਂ।


WWW.SIKHBOOKCLUB.COM 

ਨਭ ਪਤਾਲ ਤਕ ਸੁੰਨ ਸਾਲਾਂ ਦੀ
ਕਿਹੜੀ ਰਗ ਚੋਂ ਆਉਣ ਨਫ਼ੀਰਾਂ।

ਦੇਖ ਨਬੀ ਦੇ ਸੁੰਞੇ ਬੂਹੇ
ਆਹੀਂ ਬਦਲ ਗਈਆਂ ਤਕਬੀਰਾਂ।

ਗ਼ਾਰਾਂ ਵਿਚ ਮਿਲਾਂ ਮੈਂ ਜਾ ਕੇ
ਮੰਦੇ ਹਾਲ ਸੌਣ ਸ਼ਮਸ਼ੀਰਾਂ।

ਸੰਞ ਫ਼ਜਰ ਤੋਂ ਲੁਕ ਲੁਕ ਰਾਤੀਂ
ਕਿਹੜੇ ਘਾਟ 'ਤੇ ਜਾਣ ਸਮੀਰਾਂ?

ਹੀਰ ਜੇ ਕਦੇ ਰੰਗਾਵੇ ਸਾਲੂ
ਫੇਰ ਮਿਲਾਂ ਮੈਂ ਕਰ ਤਦਬੀਰਾਂ।

ਭੁੱਲੇ ਬੀਆਬਾਨ ਵਿਚ ਝੁਕ ਕੇ
ਛਾਲੇ ਚੁੱਕੇ ਬਦਰ-ਮੁਨੀਰਾਂ।

ਵਰ੍ਹਿਆਂ ਪਿੱਛੋਂ ਖੂਹ 'ਤੇ ਉਹੀਓ
ਤਾਰਿਆਂ ਦੀ ਛਾਂ ਢੂੰਡੀ ਪੀਰਾਂ।

ਅੱਧੀ ਰਾਤ ਹੇਕ ਪਰਦੇਸੀ
ਬੇਲਿਆਂ ਵਿਚ ਪਛਾਣੇ ਪੀੜਾਂ।

ਧੂੜੀਂ ਸੁੱਤੇ ਨਾਜ਼ 'ਤੇ ਗ਼ਮਜ਼ੇ
ਬਿਜਲੀਆਂ ਵਾਂਗ ਜਗਾਵਣ ਹੀਰਾਂ।

— — — — —

## —2—

ਬ੍ਰਿਹਾ ਕੁੱਲ ਜ਼ਮੀਨ ਦਾ
ਤਾਰਿਆਂ ਵਿਚ ਡੁਬੋ
ਬਗ਼ਲਗੀਰ ਅਸਮਾਨ ਨਾ'
ਮੈਂ ਹੋਇਆ ਰੋ ਰੋ।

ਹਿਜਰ ਦੀ ਤੰਦ 'ਤੇ ਚਿਰਾਂ ਤੋਂ
ਸਿਹਰ ਜਹੀ ਖ਼ੁਸ਼ਬੋ
ਵਲਦੀ ਸਾਰੇ ਚਰਖ ਨੂੰ
ਗਰਦਸ਼ ਵਿਚ ਪਰੋ।


WWW.SIKHBOOKCLUB.COM

ਪਰੀਆਂ ਵਾਂਗੂੰ ਉੱਡ ਕੇ
ਨਾਜ਼ਕ ਹੇਕਾਂ ਕੋ
ਸੰਧਿਆ-ਸਿਖਰ 'ਤੇ ਬੈਠੀਆਂ
ਪਾਰ ਸਮੇਂ ਤੋਂ ਹੋ।

ਹਿਜਰ-ਵਸਲ ਦੇ ਪੈਂਡੜੇ
ਘੁੰਮ ਹਵਾਵਾਂ ਦੋ
ਬਾਬਲ-ਵਿਹੜੇ ਪਰਤੀਆਂ
ਰੱਤ ਦੇ ਜਾਮੇ ਚੋ।

ਬਾਰ ਦੇ ਬ੍ਰਿਛਾਂ ਹੇਠ ਸੀ
ਨਾਰਾਂ ਬੈਠੀਆਂ ਜੋ
ਸੁਬਕ ਸਮੇਂ ਵਲ ਵੇਂਹਦੀਆਂ
ਪੀਲੇ ਪੱਤਰ ਢੋ।

ਗ਼ੈਬੀ ਕਟਕ ਜੋ ਸਮੇਂ ਦਾ
ਜਿੰਦ ਫੜੇ ਵਿਚ ਰੋਹ
ਭੈਣਾਂ ਕੋਲ ਬਹਾਲਿਆ
ਨਜ਼ਰਾਂ ਵਿਚ ਸਮੋ।

ਪੀਰ ਪੈਗ਼ੰਬਰ ਗੁਰੂ ਦੇ
ਸੁੱਤੇ ਖ਼ਾਬ ਅਛੋਹ,
ਕਿੱਥੋਂ ? ਕਦੋਂ ? ਜਗਾ ਲਏ
ਕਿਸੇ ਪੁਰਾਣੇ ਮੋਹ।

ਕਹਿਕਸ਼ਾਂ ਅਧਰੈਣੀਆਂ
ਦੇਣ ਦੁਰੇਡੀ ਸੋਅ,
ਕੰਦਰਾਵਾਂ ਵਿਚ ਉਤਰਦੀ
ਖੁਰ ਖੁਰ ਫ਼ਜਰ ਦੀ ਲੋਅ।

ਪੈਂਡੇ ਨਦੀਆਂ ਵਾਲੜੇ
ਧੂੜਾਂ ਲਏ ਲੁਕੋ,
ਕਾਫ਼ਲਿਆਂ ਦੇ ਭਟਕਦੇ
ਹੌਕੇ ਵੇਹਣ ਖਲੋ।

ਵਲ ਬਾਰ ਦੇ ਵਣਾਂ ਮੈਂ
ਵਿਚ ਇਕੱਲਾਂ ਖੋ
ਮੁੱਢ ਕਦੀਮ ਦੇ ਕੌਲ ਦੀ
ਪਿਆ ਸੁਣਾਂ ਕੰਨਸੋਅ।

— — — — —


WWW.SIKHBOOKCLUB.COM

—3—

ਨੀਰ ਬ੍ਰਿਹਾ ਦੇ ਸੁੱਕ ਗੇ
ਕਿਹੜੇ ਸੁੰਞੇ ਪੱਲ ?
ਮੈਂ ਗਿਰੇਬਾਨ 'ਚ ਦੇਖਦਾ
ਝੁਕ ਕੇ ਕੋਈ ਇਕੱਲ।

ਅੱਥਰੂ ਇਕ ਸੁਕਾਉਣ ਲਈ
ਸਦੀਆਂ ਮਾਰੀ ਛੱਲ,
ਹੁਣੇ ਜੋ ਦੇਖੇ ਕਾਫ਼ਲੇ
ਕਬਰਾਂ ਬੈਠੇ ਮੱਲ।

ਘਾਇਲ ਬੱਚੜੇ ਮਾਂ ਲੈ
ਚੱਲੀ ਸਰਵਰਾਂ ਵੱਲ,
ਹੱਡੀਆਂ ਢੂੰਡਣ ਨਿਕਲੇ
ਕਵਨ ਕੁੰਟ 'ਚੋਂ ਥੱਲ!

ਭਰ ਝੋਲੀ ਫ਼ਰਿਆਦ ਦੀ
ਕਿਸ ਨਾ' ਕਰਾਂ ਮੈਂ ਗੱਲ ?
ਕੱਲ ਜਿਨ੍ਹਾਂ ਸੰਗ ਖੇਡਦੀ
ਅੱਜ ਉਹ ਚੱਲੋ ਚੱਲ।

ਛਿਪੀਆਂ ਕਿੱਥੇ ? ਬਾਗ਼ ਵਿਚ
ਪਾਇ ਰਕਾਨਾਂ ਝੱਲ,
ਪੁੱਛਾਂ: "ਗਈਆਂ ਮੈਂਡੜੇ
ਕਿਹੜੇ ਪਾਸੇ ਖੱਲ੍ਹ ?"

ਪੁੱਛਾਂ: "ਦਿਸਦੇ ਕਾਫ਼ਲੇ
ਛੁਪ ਜਾਵਣ ਪਾ ਸੱਲ੍ਹ
ਅੱਜ ਮਿਲਣ ਕਿਉਂ ਆਏ ਨ
ਨਾਲ ਰਹੇ ਜੋ ਕੱਲ ?"

— — — — —



WWW.SIKHBOOKCLUB.COM 

ਸੱਦ ਸੁਣੀ ਮੈਂ ਖੜੇ ਹੋ
ਕੋਟਾਂ ਰੂਹਾਂ ਨਾਲ,
ਲੰਘੇ ਬੁੱਢੀ ਜਿੰਦ ਤੋਂ
ਚੜ੍ਹ ਸਾਲਾਂ ਦੇ ਸਾਲ:

"ਰੋ ਨ ਮੁੜ ਕੇ ਮਿਲਣਗੇ
ਯਾਰ ਪੁਨੀਤ ਰਸਾਲ,
ਅੱਖੀਆਂ ਦੇ ਵਿਚ ਵੱਸਣਗੇ
ਮੁੱਢ ਕਦੀਮ ਦੇ ਹਾਲ।

"ਇਕ ਪਲ ਜਦੋਂ ਉਤਾਰ ਲੈ
ਕੱਚੀ ਦੁਨੀ ਦੇ ਜਾਲ,
ਭਾਰ ਪਾਉਣ ਜੋ ਜਿੰਦ 'ਤੇ
ਰੀਂਗ ਰਹੇ ਵੱਡ ਕਾਲ,

"ਤਕਸੈਂ ਕੀਕਨ ਡੋਬਦਾ
ਲਖ ਫ਼ਨਾ ਦੇ ਸੁਆਲ,
ਬਾਲਪਨੇ ਦੀ ਅੱਖੀਏਂ
ਕੋਈ ਮਾਸੂਮ ਜਮਾਲ।

"ਕਿਤੇ ਗੁਨਾਹ ਪਛਾਣ ਕੇ
ਦੇਣ ਨ ਤੈਨੂੰ ਜਾਲ!
ਹੰਝੂ ਤੈਨੂੰ ਲੈਣਗੇ
ਨਾਲ ਦੁਆਵਾਂ ਭਾਲ।

"ਕੰਢੜੇ ਖੜ ਕੇ ਵੇਖਸੈਂ
ਕਿਸੇ ਪੁਰਾਣੇ ਖਾਲ,
ਮਿਟਦੀਆਂ ਕੌਮਾਂ ਵਾਲੜੀ
ਬੇਪੀਰ ਕੋਈ ਚਾਲ।

"ਜਦ ਕੁਰਲਾਵਣ ਭਟਕ ਕੇ
ਕੌਮਾਂ ਵਿਚ ਭੁਚਾਲ,
ਮਿਲਸਨ ਪੈੜਾਂ ਤੇਰੀਆਂ
ਪੁਛ ਪੁਛ ਤੇਰੇ ਹਵਾਲ।


WWW.SIKHBOOKCLUB.COM

"ਕਹਿਕਸ਼ਾਂ ਤਕ ਵੇਂਹਦੀਆਂ
ਹੂਰਾਂ ਦੀਵੇ ਬਾਲ,
ਪੁਰਸਲਾਤ ਸੈ ਲੰਘਦੀ
ਪੈੜਾਂ ਦੀ ਇਕ ਪਾਲ।

"ਕਾਫ਼ਲੇ ਤੈਨੂੰ ਮਿਲਣਗੇ
ਮੂੰਹ ਸੁੱਕੇ ਬੇਹਾਲ,
ਜ਼ਮਜ਼ਮ ਦੀ ਇਕ ਬੂੰਦ ਨੂੰ
ਲੈਣਾ ਥਲਾਂ ਸੰਭਾਲ।

"ਨਕਸ਼ ਤੇਰੇ ਜੀ ਮਿਲਣਗੇ
ਅਣਗਿਣ ਅੱਖਰ ਗਾਲ,
ਸਭ ਕੁੰਟਾਂ ਵਿਚ ਖਿੜਣਗੇ
ਜੇ ਤਨ ਸਿਦਕ ਰਵਾਲ।

"ਹਿਜਰ ਭਰੇਗਾ ਥਲਾਂ ਨੂੰ
ਜਦ ਜੀ ਪੈਣ ਕੱਵਾਲ,
ਤੇਰਾ ਦੀਵਾ ਟਿਕੇਗਾ
ਚੰਨ ਸੂਰਜ ਦੇ ਥਾਲ।

"ਐਪਰ ਕੌਮ ਨ ਤੈਂਡੜੀ
ਹੋਣੀ ਤੈਂਡੇ ਨਾਲ,
ਨੂਰ ਓਸ ਵਿਚ ਰੱਖਸੈਂ
ਕੌਮ ਤੋਂ ਵੱਖਰਾ ਤਾਲ।"

•


WWW.SIKHBOOKCLUB.COM Page 647

## —5—

## ਪਹਿਲਾ ਪੜਾ

ਮਾਂ-ਦੇਸ ਮੈਂ ਚੱਲਿਆ
ਕਿੰਨੇ ਲੰਘ ਪੜਾ,
ਦਿਹੁੰ ਰਾਤਾਂ ਦੀ ਧੂੜ ਵਿਚ
ਮਿਲਣ ਗੁਆਚੇ ਸਾਹ।

ਜਿੰਦ ਮੇਰੀ ਨਾ' ਉੱਡਦੇ
ਅਣਦਿੱਸ ਭੈਣ ਭਰਾ,
ਖੰਭ ਕਿਸੇ ਅਸਮਾਨ ਦੇ
ਹਿੱਕ ਨੂੰ ਛੋਂਹਦੇ ਆ।

ਸੰਧਿਆਂ-ਸਿਖਰ 'ਤੇ ਬੈਠੀਆਂ
ਪਰੀਆਂ ਨਜ਼ਰ ਝੁਕਾ,
ਕੂੰਜਾਂ ਟਿੱਬੀਂ ਬੈਠ ਕੇ
ਵੇਹਣ ਕਿਨ੍ਹਾਂ ਦੇ ਰਾਹ?

ਹੱਡੀਆਂ ਦੇ ਰਾਹ ਸੁੰਘਦੀ
ਲੰਘਦੀ ਤੁੰਦ ਹਵਾ,
ਕਿਸੇ ਮਿਰਗ ਦੇ ਕੰਨ ਵਿਚ
ਭੇਦ ਦੇਣ ਕੁਈ ਘਾਹ।

ਵਣਾਂ 'ਚ 'ਕੱਲੇ ਘੁੰਮਦੇ
ਨਾਗ ਪਏ ਕੁਰਲਾ:
"ਧਰਤੀ ਵਿੱਚੋਂ ਸਿੰਮਦੇ
ਲੁਕ ਛਿਪ ਕਰੇ ਗੁਨਾਹ।"

ਧਰ ਦੀ ਓਸੇ ਰਗ 'ਤੇ
ਕਟਕੀ ਕਿਤੋਂ ਬਲਾ
ਜਿਸ ਸਾਹ ਰਗ ਚੋਂ ਲੰਘਦੀ
ਦਰਵੇਸ਼ਾਂ ਦੀ ਹਾ।

ਪੰਛੀ, ਬਿਰਖਾਂ, ਜਲਚਰਾਂ,
ਤੱਕੇ ਗਲਾਂ 'ਤੇ ਫਾਹ।
ਨਾਬੀਨਾ ਅਸਮਾਨ ਕੁਈ
ਲਿਪਟ ਰਿਹਾ ਵਲ ਖਾ।


WWW.SIKHBOOKCLUB.COM

ਅੰਨ੍ਹਾਪਨ ਕੋਈ ਪੌਣ 'ਤੇ
ਉਡਦਾ ਚਾਦਰ ਪਾ।
ਸਾਹ ਧਰਤ ਦੇ ਘੁੱਟ ਕੇ
ਖ਼ੂਹੇ ਰਿਹਾ ਬਣਾ।

ਰਾਹੀ ਕੂਣ ਨ ਆਉਣ ਨ
ਪਾਰ ਨਦੀ ਦੇ ਜਾ,
ਬਾਗ਼ਾਂ ਦੇ ਵਿਚ ਕੁਮਰੀਆਂ
ਸੰਞ ਨੂੰ ਕਰਨ ਦੁਆ।

ਫਿਰ ਮੈਨੂੰ ਛੋਹ ਉੱਡੀਆਂ
ਨਾਲ ਮਾਸੂਮ ਅਦਾ,
ਅੰਨ੍ਹੀਆਂ ਅੱਖਾਂ ਹੋਰ ਹੀ
ਖ਼ੂਹੇ ਕਹਿਰ ਦੇ ਢਾਹ।

ਆਵੇ ਜੋਗੀ ਰਾਂਗਲਾ
ਬੋਲ ਜਲਾਂ ਦਾ ਚਾ,
ਸੁੱਕੇ ਬਾਗ਼ ਨੇ ਸਿੱਕਦੇ
ਲੰਮੇ ਵਰ੍ਹੇ ਲੰਘਾ।

ਪੈੜ ਮਿਰੀ ਕੁਈ ਕੂਕਦੀ
ਵਿਚ ਮਜ਼ਾਰਾਂ ਜਾ:
"ਅੱਥਰੂ ਲੰਘ ਫ਼ਕੀਰ ਦੇ
ਮਿਲਣ ਕਦੇ ਦਰਿਆ।"

ਕੁਲ ਬਾਰਾਂ ਦੀ ਧੂੜ ਨੂੰ
ਅੱਖੀਆਂ ਨਾਲ ਲਗਾ,
ਕਿਸੇ ਮਾਂ ਦੇ ਵੈਣ ਮੈਂ
ਦਿਲ 'ਤੇ ਰਿਹਾ ਸੰਵਾ।

ਦੇਂਦੇ ਨਾਗ ਦਿਲਾਸੜੇ:
"ਖ਼ਾਕ ਨ ਹੋਏ ਫ਼ਨਾ,
ਮਿਲਣਾ ਕਿਸ ਨੂੰ? ਚਿਰਾਂ ਦੇ
ਦੇਈਏ ਬੋਲ ਜਗਾ।"

— — • — —


WWW.SIKHBOOKCLUB.COM

ਸੰਢ ਪਈ ਮੈਂ ਵੇਖਦਾ
ਦੂਰ ਪੱਤਣਾਂ ਵੱਲ।
ਜਾਂ ਕੁਝ ਝਉਲੇ ਸਮੇਂ ਦੇ
ਜਾਂ ਕੁਈ ਕਮਲੀ ਛੱਲ!

ਵੈਣ ਕਿਸੇ ਨੂੰ ਡੱਕਿਆ
ਚੀਸਾਂ ਖਾਇ ਕੇ ਝੱਲ,
ਵਣਾਂ ਕਰੀਰਾਂ ਟਾਹਲੀਆਂ
ਕਿੱਕਰਾਂ ਬੋਹੜਾਂ ਖੱਲ੍ਹ।

ਰੱਖੇ ਬਿਰਖਾਂ ਸਾਂਭ ਕੇ
ਦਿਲਾਂ ਦੇ ਗੁੱਝੇ ਸੱਲ੍ਹ,
ਕਿੱਥੇ ਰੱਤਾਂ ਡੁੱਲੀਆਂ
ਕਦੇ ਨ ਕਰਦੇ ਗੱਲ।

ਕੂੰਜਾਂ ਬਾਜ਼ ਤੇ ਕੁਮਰੀਆਂ
ਬੈਠੀਆਂ ਟਿੱਬੇ ਮੱਲ,
ਬ੍ਰਹਿਮੰਡਾਂ ਦੀ ਜਿਸ ਤਰ੍ਹਾਂ
ਸੁੱਤੀ ਪਈ ਇਕੱਲ।

ਰੱਤ ਗੁਆਚੀ ਮਿਲੇ ਨ
ਲੀਰਾਂ ਰੋਂਦੀਆਂ ਥੱਲ।
ਪੰਛੀ ਬਾਤ ਨ ਪੁੱਛਦੇ
ਸਾਏ ਬਣੇ ਇਕੱਲ।

— — • — —

ਕੰਕਰ ਚੁਗਦੇ ਪੰਖਣੂ
ਸਬਰ ਭਰੇ ਵਿਚ ਮੋਹ।
ਵੱਲ ਨਦੀ ਫਿਰ ਉੱਡਦੇ
ਪਤਾ ਨਹੀਂ ਕਿਉਂ ਰੋ।

ਲਹਿੰਦੇ ਪਲ ਕੁ ਵਣਾਂ 'ਤੇ
ਪਾ ਅੰਬਰ ਨੂੰ ਖੋਹ।
ਪੱਤਰਾਂ ਉੱਤੋਂ ਚੁੱਕਦੇ
ਰੱਬ ਜਾਣੇ ਕੀ ਉਹ!


WWW.SIKHBOOKCLUB.COM

ਪੱਤਣਾਂ ਉੱਤੇ ਕੰਬਦੇ
ਹੁਣੇ ਸੀ ਸਾਏ ਜੋ,
ਵੇਖਣ ਉੱਡਦੇ ਪੰਖਣੂ
ਕਿਰਨਾਂ ਨਾਲ ਖਲੋ।

ਡੁਬਦਾ ਸੂਰਜ ਲਿਸ਼ਕਿਆ
ਕਰ ਪੱਤਣਾਂ 'ਤੇ ਲੋਅ।
ਨਾਰਾਂ ਜਲ ਭਰ ਰੁੰਨੀਆਂ
ਰੱਤੇ ਕੱਪੜ ਧੋ।

ਅੰਬਰ ਚੜ੍ਹ ਕੇ ਪੰਖਣੂ
ਲੈਣ ਮੌਤ ਦੀ ਟੋਹ।
ਰੱਤੀਆਂ ਲਹਿਰਾਂ ਅੰਦਰਾਂ
ਜਲ ਬਲ ਜਾਵਣ ਖੋ।

— — • — —

ਰੱਤ ਦੇ ਕੱਪੜ ਧੋ ਰਿਹਾ
ਸਮਾਂ ਨਦੀ ਦੇ ਪੱਜ,
ਨਾਰਾਂ ਨੈਣ ਡੁਲੇਂਦੀਆਂ
ਲੱਖ ਫ਼ਰਿਆਦਾਂ ਕੱਜ।

ਦੁੱਖ ਬਿਰਖਾਂ ਦੇ ਚੁੱਕਦੇ
ਸਿਰ ਕੱਪਰਾਂ ਦੇ ਵੱਜ,
ਡੁਬ ਡੁਬ ਮੋਏ ਪੰਖਣੂ
ਨਦੀ ਨ ਜਾਣੇ ਰੱਜ।

ਮਾਵਾਂ ਭੈਣਾਂ ਨੱਢੀਆਂ
ਟੋਟੇ ਜਿਗਰ ਦੇ ਤੱਜ,
ਖੜੀਆਂ ਲੇਖਾ ਲੈਣ ਲਈ
ਓਢ ਹਯਾ ਤੇ ਲੱਜ:

"ਕੇਸ ਚਿਰਾਂ ਦੇ ਉੱਜੜੇ
ਫੜਦੇ ਖਾਰ ਨਿਲੱਜ।
ਆਵੇ ਪੀਰ ਜੇ ਦਰਦ ਹੈ
'ਵਾਜ ਕਿਉਂ ਮਾਰਾਂ ਅੱਜ?"

— — • — —



WWW.SIKHBOOKCLUB.COM 

ਨਾਰਾਂ ਖੜੀਆਂ ਧੁੰਧ ਵਿਚ
ਢਹਿਣ ਨਦੀ ਦੇ ਤੀਰ।
ਗੁੱਝੇ ਕਾਲੇ ਕੱਪਰੀਂ
ਜਾਨ ਫਸੀ ਬੇਪੀਰ।

ਨਾਰਾਂ ਦੇ ਮਨ ਭਰਮਦੇ
ਧੁੰਧਾਂ ਪਰੇ ਅਧੀਰ,
ਖ਼ੂਨੀ ਤੇਗਾਂ ਲਿਆਈਆਂ
ਸਿਰ ਸ਼ਾਹਾਂ ਦੇ ਚੀਰ।

ਘੋੜ ਸਵਾਰਾਂ ਜਾਵਣਾ
ਇਕ ਦਿਨ ਹੋ ਦਿਲਗੀਰ,
ਡਿੱਗ ਕੌਮਾਂ ਦੀ ਰੁਲੇਗੀ
ਮਿਹਰਬਾਨ ਸ਼ਮਸ਼ੀਰ।

ਸੂਰਜ ਡੁੱਬਿਆ, ਜਾਵਣਾ
ਮਹਿਰਮ ਬਾਝ ਅਖ਼ੀਰ!
ਅੱਥਰੂ ਫੋਲ ਕੇ ਕੰਬਦੇ
ਅਸਗਾਹਾਂ ਦੇ ਨੀਰ।

ਬ੍ਰਿਹਾ ਦੇ ਦਰਿਆ ਦੇ
ਕੰਢੜੇ ਜੁੜੀ ਵਹੀਰ,
'ਵਾ ਵਗੀ ਉਡ ਜਾਏਗੀ
ਇਹ ਪਰਦੇਸਨ ਭੀੜ।

ਨਾਰਾਂ ਟੁਰਣ ਨ, ਕੂਣ ਨ,
ਕਿੱਧਰ ਜਾਣ ਅਸੀਰ?
ਖੜੀ ਘੇਰ ਅਸਮਾਨ ਤੋਂ
ਕੋਈ ਅਬੋਲ ਲਕੀਰ।

ਧਰਤ ਹਿਲਾ ਕੇ ਫੇਰ ਜਿਉਂ
ਕੂਕੀ ਕੋਈ ਜ਼ਮੀਰ:
"ਖਿਮਾ ਹਲੀਮੀ ਮਿਹਰ ਦੇ
ਪਰ ਕੰਬੇ ਵੇ ਵੀਰ।"

ਆਇਆ ਚੱਲ ਕੇ ਦੂਰ ਤੋਂ
ਕਾਲੇ ਵੇਸ ਫ਼ਕੀਰ;
ਪੈਰ ਬਚਾ ਕੇ ਰੱਖਦਾ,
ਹੇਠ ਧਰਤ ਦੀ ਪੀੜ।


WWW.SIKHBOOKCLUB.COM

ਗਲ ਵੈਣਾਂ ਨੂੰ ਲਾਂਵਦਾ
ਚੁੱਪ ਬਿਰਖ ਜਿਉਂ ਪੀਰ;
ਮੱਥਿਆਂ ਵਿੱਚੋਂ ਕਢਦਾ
ਚਿਰਾਂ ਦੇ ਖੁੱਭੇ ਤੀਰ।

ਕੰਨ ਅਸੰਖ ਅਕਾਸ਼ ਦੇ,
ਆਖੇ ਭੇਦ ਮੁਸ਼ੀਰ।
ਲਿਸ਼ਕੀ ਕਾਲ ਦੇ ਪਰਬਤੀਂ
ਰਹਿਮਤ ਦੀ ਤਕਦੀਰ।

ਸੀਸ ਅਸੰਖ ਅਕਾਸ਼ ਦੇ
ਹੱਥ ਰਖੇਂਦਾ ਪੀਰ।
ਮਾਵਾਂ ਦੀਆਂ ਵਿਚ ਬੁੱਕਲਾਂ
ਬੱਚੜੇ ਬੇ-ਨਜ਼ੀਰ।

ਚੀਰੇ ਸਮਾਂ ਤਾਂ ਮਿਹਰ ਦੇ
ਚਸ਼ਮੇ ਵਗੇ ਕਬੀਰ;
ਧੋਂਦੇ ਬੁੱਕਲ ਵਿਚ ਲੈ
ਤੜਫ ਰਹੀ ਜ਼ੰਜੀਰ।

•

ਧੀਆਂ ਨੂੰ ਧਰਵਾਸ ਦੇ
ਤੁਰਿਆ ਪੀਰ ਅਗਾਂਹ,
ਚਮਕੀ ਵਾਂਗ ਭਬੂਕੜੇ
ਚੌਦਾਂ ਤਬਕ ਦੀ ਜਾਂ।

ਜਿਹੜੇ ਦਾਗ਼ ਗੁਨਾਹ ਦੇ
ਨਜ਼ਰਾਂ ਚੁੱਕਣ ਨਾਂਹ,
ਕਾਲੀ ਕਾਂਗ ਦੇ ਤੀਰ ਲੈ
ਗਰਜੇ ਚੀਰ ਜ਼ਮਾਂ।

ਰਾਹ ਨਾਬੂਦ 'ਤੇ ਚੱਲਿਆ
ਛੱਡ ਕੇ ਭਰੇ ਜਹਾਂ;
ਦਾਮਨ ਫੜਾਂ ਜੇ ਪੀਰ ਦਾ
ਮੁੜ ਪਏ ਸਮਾਂ ਪਿਛਾਂਹ।


WWW.SIKHBOOKCLUB.COM

ਜੰਡ ਕਰੀਰ ਤੇ ਟਾਹਲੀਆਂ
ਸਿੱਕ ਪੁਛਦੇ ਫਰਵਾਂ:
"ਕਿਉਂ ਵਰ੍ਹਿਆਂ ਤੋਂ ਵੇਖਦੇ
ਬੂੰਦ ਬਿਨਾਂ ਅਸਮਾਂ ?

"ਦੱਸੀਂ ਪੌਣੇ ਸਮੇਂ ਨੂੰ
ਜਿਸ ਦੀ ਟੋਰ ਅਨਾਂ,
ਦਾਧੀ ਬਾਂਝ ਜ਼ਮੀਨ 'ਤੇ
ਸੁੱਕੇ ਪਏ ਝਨਾਂ।"

ਸੁਣ ਕੇ ਝਿੜਕੇ ਪੀਰ ਨੇ
ਸੋਹਣੇ ਬ੍ਰਿਛ ਜਵਾਂ,
ਚੁੱਕਦੀ ਸੁੱਟੇ ਬਾਲ ਨੂੰ
ਤਕਦੀਰਾਂ ਦੀ ਬਾਂਹ।

ਜਿੱਥੇ ਰੁੱਤਾਂ ਭੁੱਲੀਆਂ
ਜਿੱਥੇ ਭੁੱਲੇ ਨਾਂ,
ਜਿੱਥੇ ਭੁੱਲੇ ਕਾਫ਼ਲੇ
ਜਿੱਥੇ ਭੁੱਲੀ ਮਾਂ

ਧਰਤੀ ਜੇਡੀ ਪੀਰ ਦੀ
ਝੁਕਦੀ ਓਥੇ ਛਾਂ;
ਬੋਟਾਂ ਵਾਂਗੂੰ ਵਿਲ੍ਕ ਪਏ
ਤਕਸੀਰਾਂ ਦੇ ਥਾਂ।

•

ਖੜਾ ਮੈਂ ਪੀਰ ਦੇ ਰਾਹ 'ਤੇ
ਭਰ ਮਿੱਟੀ ਦੀ ਝੋਲ,
ਨਜ਼ਰਾਂ ਪਾਕ ਜਗਾਂਦੀਆਂ
ਭੁੱਲੇ ਵਿਸਰੇ ਬੋਲ।

ਸੀ ਜੋਬਨ ਜਦ ਆਏ ਉਹ,
ਗਏ ਜਦੋਂ ਦਰਵੇਸ਼:
ਚਿੱਟੇ ਹੋ ਕੇ ਉੱਡਦੇ
ਕਾਲੇ ਮੈਂਡੇ ਕੇਸ।

ਭੁੱਲੀ ਰੱਤ 'ਤੇ ਉੱਤਰੇ
ਜਦ ਦਰਮਾਂਦੇ ਸਾਹ:
ਪੁੱਛਦੀ: "ਕਿਵੇਂ ਪਛਾਣ ਲਏ
ਬਾਲਪਨੇ ਦੇ ਰਾਹ?"

ਬ੍ਰਿਛਾਂ ਉੱਤੇ ਡਿੱਗਦੀ
ਨਭ ਦੇ ਉਹਲਿਓਂ ਰਾਖ,
ਪੌਣਾਂ ਦੇ ਦਰਿਆ ਨੂੰ
ਮੌਤ ਰਹੀ ਹੈ ਨਾਪ।

ਰੁਲਦੇ ਪੌਣਾਂ ਵਿਚ ਪਏ
ਜਲ ਕੌਮਾਂ ਦੇ ਸਾਹ,
ਪੀਰ ਦਾ ਦਾਮਨ ਛੁਹਣ ਲਈ
ਨੱਸ ਰਹੇ ਦਰਿਆ।

ਬੁਰਜ ਸਰਾਪ ਦੇ ਕਾਲੜੇ
ਜਿੱਥੇ ਉੱਡਦੀ ਰਾਖ,
ਓਥੋਂ ਪਾਵਨ ਨੈਣ ਕੁਈ
ਡੁੱਬੇ ਦੋ ਪਲ ਝਾਕ।

ਧਮਕਾਂ ਨਾਜ਼ਕ ਪੈਂਦੀਆਂ
ਕੌਣ ਤੁਰੇ ਵਿਚ ਰਾਤ?
ਦਾਮਨ ਛੂਹ ਕਿੰਞ ਲਵਾਂ ਮੈਂ
ਅਸਗਾਹਾਂ ਦੀ ਰਾਖ!

ਚਹੁੰ ਕੁੰਟਾਂ ਵਿਚ ਪੀਰ ਦਾ
ਲਸਦਾ ਦਾਮਨ ਜੋ,
ਔਹ ਉੱਡਦੇ ਪੰਖੇਰੂਆਂ
ਨਾਲ ਮੈਂ ਛੋਹਾਂ ਹੋ।

ਉਡਦਾ ਉਡਦਾ ਡਿੱਗਿਆ
ਵਿਚ ਚਾਨਣੀ-ਜੂਹ,
ਫੜੀ ਪੰਛੀਆਂ ਚੁੰਝ ਵਿਚ
ਸਾਹ ਮੇਰੇ ਦੀ ਰੂਹ।

•


WWW.SIKHBOOKCLUB.COM

ਤੀਲਾ ਤੀਲਾ ਤੁਲਾ ਜਿਉਂ
ਹੜਿਆ ਮਿਰਾ ਈਮਾਨ।
ਕਿੱਥੇ ਟੁੱਟ ਕੇ ਡਿੱਗਦੀ
ਬੇਨਜ਼ਰ ਹੋ ਜਾਨ।

ਬੇਨਿਸ਼ਾਨ ਇਸ ਸਮੇਂ ਵਿਚ,
ਕਿਤੇ ਨ ਅਪਣੇ ਲੋਕ।
ਮੌਤ ਦੇ ਹੱਥ ਵੀ ਛੁੱਟਦੇ
ਲਗਦੀ ਸੁੰਨ ਦੀ ਚੋਕ।

ਡੂੰਘੇ ਖੂਹੀਂ ਡਿੱਗਦੇ
ਰੇਜ਼ੇ ਜਾਨ 'ਤੇ ਜਾ,
ਤਪਦੇ ਰਹਿੰਦੇ ਕੋਲ ਹੀ
ਖੜ੍ਹ ਪੂਰਨ ਦੇ ਸਾਹ।

ਰਹੀਆਂ ਗਾਰਾਂ ਕਿਤੇ ਨੇ
ਡੈਣਾਂ ਵਾਂਗ ਖਲੋ,
ਲੁਕੀਆਂ ਨਾਥ ਦੀ ਨਜ਼ਰ ਤੋਂ
ਖ਼ੂਨ ਸਿਰੇ ਨੂੰ ਚੋ।

ਐਪਰ ਰਗਾਂ 'ਤੇ ਲੱਗਦੀ
ਠੰਢੀ ਸੱਦ ਮਹੀਨ,
ਲਾਉਣ ਬੇਨਜ਼ਰੀ ਗਲੇ ਜਦ
ਚੁੱਕ ਕੇ ਤੂਰ ਹੁਸੀਨ।

ਰੇਜ਼ੇ ਖਿੰਡਦੀ ਜਾਨ ਦੇ
ਨਾਲ ਪੰਖਣੂ ਆ;
ਕਦੇ ਜਾਂ ਚੁੰਝ ਛੁਹਾਂਵਦੇ
ਲਰਜ਼ੇ ਕੁੱਲ ਖ਼ਲਾ।

ਖੁਰ ਗਏ ਕੱਚੇ ਘੜੇ ਦੀ
ਲੁਛਦੀ ਸਦੀਆਂ ਜਿੰਦ,
ਮੁੜ ਕੇ ਹੜ੍ਹਾਂ 'ਚ ਮਿਲੀ ਨ
ਸੋਹਣੀ ਦੀ ਛੁਹ ਬਿੰਦ;

ਅੰਧ ਦੇ ਭਾਰੀ ਸਿੰਧ ਨੂੰ
ਸੋਹਣੀ ਦਾ ਬੁੱਤ ਚੀਰ,
ਖੁਰ ਗਈ ਘੜੇ ਦੀ ਖ਼ਾਕ ਨੂੰ
ਮਿਲ ਪਏ ਜਿਵੇਂ ਅਖ਼ੀਰ,

WWW.SIKHBOOKCLUB.COM

ਕਦੇ ਕੋਈ ਇਉਂ ਚੁੰਮ੍ਦਾ
ਪਰਵਾਜ਼ਾਂ ਦੀ ਪੀੜ,
ਨਿਕਲਣ ਪਾਸ਼ਵੀ ਅੰਧ ਚੋਂ
ਅਦਭੁੱਤ ਖੰਭ ਮੁਨੀਰ।

ਫੇਰ ਰਾਤ ਮੈਂ ਚਾਨਣੀ
ਦਾਮਨ ਵੇਖਾਂ ਪਾਕ।
ਲਭਦੀ ਫਿਰਾਂ ਮੈਂ ਪੀਰ ਨੂੰ
ਕੱਚੇ ਘੜੇ ਦੀ ਖ਼ਾਕ।

ਚਾਨਣੀ ਉਹਲੇ ਹੋਇਆ,
ਦਾਮਨ ਜਿਉਂਕਰ ਕੂੰਜ।
ਛਾਈ ਸਾਰੇ ਸਮੇਂ 'ਤੇ
ਉਡਦੇ ਨੂਰ ਦੀ ਊਂਘ।

ਥਲ ਡੂਗਰ ਅਸਗਾਹ ਤੋਂ
ਮਿਟੀਆਂ ਪੈੜਾਂ ਚਾ,
ਸਭੇ ਸਮੇਂ ਮੈਂ ਸਾਂਭ ਕੇ
ਖੜਾ ਉਮਰ ਦੇ ਰਾਹ।

ਫ਼ਜਰਾਂ ਸਮੇਂ ਤੋਂ ਵੱਡੀਆਂ
ਫੇਰ ਰਿਹਾ ਮੈਂ ਢੂੰਡ,
ਅਸਗਾਹਾਂ ਤੋਂ ਅੱਡਰੀ
ਵੇਖਾਂ ਸੱਜਰੀ ਬੂੰਦ।

•

ਜਿੱਥੇ ਦਾਮਨ ਡੁੱਬਿਆ
ਓਥੇ ਜੋਬਨ ਕੋ।
ਅੰਬਰ ਦੀਵੇ ਬਾਲ ਕੇ
ਕਰ ਕੇ ਨਾਰ 'ਤੇ ਲੋਅ।

ਰਾਤੀਂ ਰਾਵੀ ਘੁੰਮਦੀ
ਚਾ ਧਰਤੀ ਦੇ ਮੋਹ।
ਕੌਣ ਨੇ ਡਾਢੇ ਰੁੱਠੜੇ
ਮੰਨੇ ਅਜੇ ਨ ਜੋ।

ਹੇੜਾ ਕੂਕ ਪੁਕਾਰਦਾ
ਸੁਣ ਰਾਵੀ ਦੀ ਸੋਅ:
"ਮਿਲਦੇ ਪਏ ਜੋ ਚਿਰਾਂ ਤੋਂ
ਅੰਗ ਗਏ ਸਨ ਖੋ!

"ਸਨ ਉਹ ਪੰਛੀ ਕੌਣ ਜੋ
ਲਾਉਂਦੇ ਚੁੰਝ ਦੀ ਛੋਹ,
ਖੂਹਾਂ ਵਿਚ ਮੈਂ ਡਿੱਗਿਆ
ਜਦ ਨਾਬੀਨਾ ਹੋ?"

ਰਾਵੀ ਕਹੇ "ਉਹ ਪੰਖਣੂ
ਡੁੱਬੇ ਨਦੀ 'ਚ ਰੋ,
ਢੂੰਡ ਰਹੇ ਸਨ ਅਦਲ ਨੂੰ
ਸੁਣਦਾ ਬੋਲ ਜੇ ਕੋ!

"ਮੋਈਆਂ ਰੂਹਾਂ ਸੋਹਣੀਆਂ
ਯਾਰ ਨ ਭੁੱਲਣ ਜੋ;
ਪਾੜ ਕੇ ਛੁਪੇ ਗੁਨਾਹ ਨੂੰ
ਬਣੀਆਂ ਪੰਛੀ ਉਹ।

"ਲਿਆਵਣ ਵਿਛੜੀ ਰੱਤ ਨੂੰ
ਚੁੰਝਾਂ ਵਿਚ ਪਰੋ;
ਜ਼ਖ਼ਮੀ ਰੂਹਾਂ ਨਦੀ 'ਤੇ
ਗਈਆਂ ਫੇਰ ਖਲੋ।

"ਨਾਲੇ ਪਾਪ ਬਿਗਾਨੜੇ
ਹੰਝਾਂ ਵਿਚ ਲੁਕੋ
ਨਾਰਾਂ ਤੱਕੇ ਪੰਖਣੂ
ਕੇਸ ਕਾਲੜੇ ਧੋ।

"ਲਹਿਰਾਂ ਖੰਭ ਵਲੂੰਧਰੇ
ਆਖਣ ਭੈਣਾਂ ਰੋ:
ਨਦੀਏ! ਬਲਦੇ ਕੱਪਰੀਂ
ਮਾਰ ਨ ਪੰਛੀ ਢੋ।

"ਹੌਕੇ ਨੈਂ 'ਤੇ ਭਰਦੀਆਂ
ਕਿਧਰੇ ਗਈਆਂ ਖੋ,
ਬੇਨਿਸ਼ਾਨ ਇਸ ਜ਼ਿਮੀਂ 'ਤੇ
'ਵਾਜ ਨ ਸੁਣਦੀ ਕੋ!


WWW.SIKHBOOKCLUB.COM

"ਕਟਕੇ ਮੌਤ ਦੇ ਹੜ੍ਹਾਂ 'ਤੇ
ਫ਼ਰਿਆਦਾਂ ਦੇ ਰੋਹ,
ਸ਼ਕਰਗੰਜ ਦੇ ਰਹਿਮ ਦੀ
ਫੇਰ ਤੂੰ ਦੇਖੀ ਲੋਅ।

"ਖੂਹਾਂ ਦੇ ਵਿਚ ਡਿੱਗਿਆ
ਜਦ ਤੂੰ ਟੋਟੇ ਹੋ,
ਕਾਲੇ ਸਮੇਂ ਨੂੰ ਚੀਰ ਕੇ
ਚੁੰਝੀਂ ਦਰਦ ਸਮੋ

"ਉਹੀਓ ਪੰਖੀ ਟੱਪ ਕੇ
ਬਾਲਪਨੇ ਦੇ ਕੋਹ,
ਕਾਲੇ ਖੂਹੀਂ ਉੱਤਰੇ
ਲੈ ਸ਼ੀਰੀਂ ਕੰਨਸੋਅ।

"ਸ਼ਕਰਗੰਜ ਦੇ ਦਾਮਨੋਂ
ਨੂਰ ਫੁਟੇ ਤਦ ਦੋ,
ਇਕ ਨੇ ਤੈਨੂੰ ਉਠਾਇਆ
ਨਾਲ ਪੰਖੀਆਂ ਹੋ,

"ਦੂਜਾ ਮੇਰੇ ਬੁੱਤ ਵਿਚ
ਲਸ ਲਸ ਗਿਆ ਖਲੋ;
ਸੁੱਕੇ ਬਾਗ਼ ਜਗਾਂਵਦੀ
ਪੈੜ ਮੇਰੀ ਦੀ ਖੋਹ!"

•

ਤਦ ਬ੍ਰਿਛਾਂ ਤੋਂ ਤੋੜ ਕੇ
ਮਾਂ ਦੇ ਵਿਛੜੇ ਬੋਲ,
ਭਰੀ ਮੈਂ ਭੋਲੇ ਭਾਅ ਹੀ
ਬਾਲਪਨੇ ਦੀ ਝੋਲ।

ਲਿਆਈਆਂ ਓਸ ਮਿਅਰਾਜ ਦੇ
ਥਲਾਂ 'ਚੋਂ ਪੌਣਾਂ ਰਾਜ਼,
ਜਿਸਦੇ ਹੇਠਾਂ ਪੜ੍ਹ ਰਹੇ
ਬੁੱਢੇ ਸਮੇਂ ਨਮਾਜ਼।


WWW.SIKHBOOKCLUB.COM Page 659

ਬ੍ਰਿਛਾਂ ਹੇਠ ਮੈਂ ਦੇਖਦਾ:
ਦੀਵੇ ਬਾਲ ਕੇ ਸ਼ੇਖ਼
ਪੜ੍ਹਦੇ ਪਏ ਸਨ ਆਪਣੇ
ਗਿਰਾਬਾਨ ਮਹਿ ਲੇਖ।

ਖਾ ਕੇ ਘੁੰਮਨ ਘੇਰੀਆਂ
ਆਵਣ ਸੁਬ੍ਹਾ ਤੇ ਸ਼ਾਮ;
ਪਾਕ ਮਿਅਰਾਜਾਂ ਅੰਦਰਾਂ
ਲਿਖ ਨ ਸਕੀਆਂ ਨਾਮ।

ਲਹੂ 'ਚ ਭਿੱਜੀ ਧਰਤ ਸੀ
ਖੜੀ ਦੁਆਵਾਂ ਕੋਲ;
ਸੁੱਤੇ ਤ੍ਰੇਲ ਦੀ ਜੀਭ 'ਤੇ
ਮੂਕ ਵਜਦ ਦੇ ਬੋਲ।

ਸ਼ਕਰਗੰਜ ਨੇ ਕਿਸੇ ਨੂੰ
ਕੀਤਾ ਦੂਰ ਸਲਾਮ,
ਮੈਂ ਪੁੱਛਿਆ ਜਦ "ਕੌਣ ਹੈ?"
ਰਾਵੀ ਲਵੇ ਨ ਨਾਮ।

"ਤੇਰੇ ਸਿਰ 'ਚੋਂ ਉੱਠਦੀ"
ਰਾਵੀ ਕਹੇ "ਮਿਅਰਾਜ,
ਪੀਰ ਮੁਰੀਦ ਦੇ ਸੀਸ 'ਤੇ
ਰੱਖਦੀ ਜਾਵੇ ਤਾਜ;

"ਓਸੇ ਨਾਲ ਹੀ ਜਾ ਰਹੀ
ਵਿਛੜੀ ਧਰ ਦੀ 'ਵਾਜ;
ਮਲਕੁਲ-ਮੌਤ ਦੇ ਖੁੱਲ੍ਹਣੇ
ਕਬਰ ਦੇ ਸਾਹਵੇਂ ਪਾਜ।

"ਤੂੰ ਇਕ ਖ਼ਾਕ ਨੂੰ ਲੱਛਦਾ
ਮੌਤ ਦੇ ਬੂਹੇ ਖੋਲ੍ਹ,
ਨਬੀਆਂ ਦੇ ਰਾਹ ਢੂੰਡਦੇ
ਸਾਹ ਤੇਰੇ ਅਣਭੋਲ।

"ਜੁਗਨੂੰ ਪਰ 'ਤੇ ਚੁੱਕਦਾ
ਤਾਰੇ ਕੋਟ ਦੀ ਲੋਅ,
ਧਰ ਦੇ ਮੁਖ ਨੂੰ ਚੁੰਮਿਆ
ਕੂਕ ਗੁਨਾਹਾਂ ਰੋ।

WWW.SIKHBOOKCLUB.COM

"ਬਾਲਪਨ ਨੇ ਕੰਬ ਕੇ
ਨੀਂਦ ਨੂੰ ਦਿੱਤੀ ਸੱਦ:
ਟਾਹਲੀਆਂ ਸਣੇ ਹਵੇਲੀਆਂ
ਸੁੰਞੀਆਂ ਹੋਈਆਂ ਅੱਜ।

"ਧਰ ਦੀਆਂ ਨੀਂਦਾਂ ਤੋੜੀਆਂ
ਕਿਸੇ ਪੁਰਾਣੇ ਹੌਲ;
ਅੱਧੀ ਰਾਤ ਨੂੰ ਜਾਗਦੇ
ਤਦ ਪੀਰਾਂ ਦੇ ਕੌਲ।

"ਅੱਧੀ ਰਾਤ ਨੂੰ ਬੈਠਦੇ
ਨਾਗ ਸਰ੍ਹਾਣੇ ਆ।
ਡੰਗ ਪੁਰਾਣੇ ਡੁਸਕਦੇ
ਪੀਰਾਂ ਦੀ ਦਰਗਾਹ।

"ਜਿਹੜੇ ਨਾਗ ਦੇ ਫਣ 'ਤੇ
ਖੜ੍ਹੀਆਂ ਸੁਬਹ ਤੇ ਸ਼ਾਮ,
ਜਿਸਦੇ ਨੈਣੀਂ ਰੈਣ ਨੇ
ਰੱਖੇ ਚੰਨ ਦੇ ਜਾਮ

"ਸ਼ਕਰਗੰਜ ਉਸ ਨਾਗ ਨੂੰ
ਸਜਦੇ ਕਰੇ ਅਨਾਂ,
ਪੀਰ ਮੁਰੀਦ ਨੇ ਸੌਂ ਰਹੇ
ਹੇਠ ਓਸਦੀ ਛਾਂ।

"ਧਰਤੀ ਨਾਲ ਨੇ ਖੇਡਦੇ
ਸਭ ਵਲੀਆਂ ਦੇ ਰਾਹ।
ਤੂੰ ਇਸ ਜੂਹ ਦਾ ਬਾਲ ਸੈਂ
ਹੋਸਨ ਤੇਰੇ ਗਵਾਹ!"

•

ਸੁਣ ਰਾਵੀ ਦੇ ਸੁਖਨ ਇਹ
ਪਈ ਚਾਨਣੀ ਝੁੱਲ।
ਧਰਤੀ ਰੰਗ ਪਛਾਣਿਆਂ
ਯੁਗਾਂ ਯੁਗਾਂ ਤਕ ਹੁੱਲ।

WWW.SIKHBOOKCLUB.COM

ਚੰਨ ਨ ਦਿਸਦਾ, ਚਾਨਣੀ
ਰਹੀ ਚੁਫੇਰੇ ਹੁੱਲ।
ਛੁਹ ਛੁਹ ਰਾਵੀ ਲੰਘਦੇ
ਮੁੱਢ ਕਦੀਮ ਦੇ ਫੁੱਲ।

ਕਦਮ ਧਰੇ ਜਾਂ ਅਜਨਬੀ
ਵਿਚ ਬਾਰਾਂ ਦੀ ਖੁੱਲ੍ਹ;
ਕੂਕ ਕਿਹਾ ਅਸਮਾਨ ਨੂੰ
ਵਣ ਬੇਲੇ ਨੇ ਫੁੱਲ:

"ਲੰਮੇ ਪੰਧ ਫ਼ਕੀਰ ਦੀ
ਖੈਰ ਨ ਜਾਵੇ ਡੁੱਲ੍ਹ;
ਇਸ ਪੱਤਣ 'ਤੇ ਮੁੜਦਿਆਂ
ਉਮਰਾਂ ਹੋਸਨ ਗੁੱਲ।"

ਕਿਸ ਜਾਨੀ ਦੇ ਝੁਕੇ ਨੇ
ਨੈਣ ਦੁਆਵਾਂ ਤੁੱਲ!
ਚੜ੍ਹ ਬ੍ਰਿਛਾਂ 'ਤੇ ਵੇਖਦੇ
ਧਰ ਦੇ ਰਾਜ਼ ਬੇਮੁੱਲ।

ਲਾਏ ਬਾਰ ਦੀ ਜਿੰਦ ਨੂੰ
ਵੱਤ ਪਿਆਰੇ ਬੁੱਲ੍ਹ।
ਮੁਦਤਾਂ ਤੋਂ ਪਰਦੇਸ ਵਿਚ
ਹੱਡੀਆਂ ਰਹੀਆਂ ਰੁੱਲ।

ਦੂਰ ਪਰਬਤੀਂ ਚਮਕਦੇ
ਦੇਖਾਂ ਦੀਵੇ ਜੁੱਲ।
ਉੱਚੇ ਚੜ੍ਹ ਅੱਜ ਵੇਖਦੇ
ਗਏ ਜੋ ਸਾਨੂੰ ਭੁੱਲ।

•

ਕੂੰਜਾਂ ਉੱਡਣ ਅੰਬਰੀਂ
'ਵਾਜਾਂ ਮਾਰਨ ਬੂਰ।
ਢੂੰਡ ਰਹੀਆਂ ਨ ਥੱਕੀਆਂ
ਮਾਹੀ ਦੇ ਦਸਤੂਰ।

WWW.SIKHBOOKCLUB.COM

ਤੱਕ ਰਾਵੀ ਨੂੰ ਕੂਕਦੀ
ਝੁਕ ਕੂੰਜਾਂ ਦੀ ਹੂਰ :
"ਜਿਸ ਪੱਤਣ 'ਤੇ ਮਿਲੇ ਸਾਂ
ਅੱਜ ਉਹ ਪੱਤਣ ਦੂਰ।

"ਸਾਲ ਅਸੰਖਾਂ ਬੀਤ ਗਏ
ਸੁੰਨ 'ਚ ਡੁੱਬੇ ਸੂਰ!
ਪਰ ਕੂੰਜਾਂ 'ਤੇ ਸੁੱਟਦੇ
ਕਦੇ ਕਦਾਈਂ ਨੂਰ।

"ਵਿਚ ਗੁਫ਼ਾਵਾਂ ਕਾਲੀਆਂ
ਹੱਡੀਆਂ ਰਹੀਆਂ ਝੂਰ।
ਖ਼ਤ ਲਿਖੇ ਪਰਦੇਸ 'ਚੋਂ
ਪਹੁੰਚੇ ਨਹੀਂ ਹਜ਼ੂਰ।

"ਕੌਣ ਨਿਮਾਣੇ ਰੱਬ ਦੀ
ਖ਼ਾਕ ਨੇ ਦੇਖੇ ਘੂਰ ?
ਮੁੱਦਤਾਂ ਹੋਈਆਂ ਵਿਛੜੇ
ਕਰ ਕੇ ਢੇਰ ਕਸੂਰ।

"ਨਦੀਆਂ ਚੜ੍ਹ ਚੜ੍ਹ ਵੇਂਹਦੀਆਂ
ਕੋਈ ਹੌਲ ਵਿਚ ਚੂਰ!
ਕਦੋਂ ਸਾਹਿਬ ਗਲ ਲਾਵਣੇ
ਗੁਨਾਹਗਾਰ ਬੇਨੂਰ ?

"ਰਾਤ ਚਾਨਣੀ ਡਿੱਗਦੀ
ਕਬਰਾਂ ਦੇ ਵਿਚ ਭੂਰ।
'ਕਿੱਥੋਂ ਆਈ ?' ਢੂੰਡਦੇ
ਭੈਅ ਵਿਚ ਕਹਿਰ-ਕਲੂਰ।

"ਨਜ਼ਰਾਂ ਥਲ ਦੀਆਂ ਲੰਮੀਆਂ
ਜਾਣ ਦੁਪਹਿਰੀਂ ਦੂਰ।
ਮੂਸਾ ਨੂੰ ਪਏ ਸਿੱਕਦੇ
ਮੁੱਦਤਾਂ ਹੋਈਆਂ ਤੂਰ।"

ਰਾਵੀ ਸੁਖਨ ਅਲਾਪਦੀ :
"ਹੋਏ ਜੋ ਮਨਜ਼ੂਰ,
ਬੇੜੀ ਦੇ ਵਿਚ ਬਹਿਣਗੇ
ਨਾਲ ਪੁਰਾਣੇ ਪੂਰ।

WWW.SIKHBOOKCLUB.COM

"ਧਰਤੀ ਉੱਤੇ ਕਰੇਗਾ
ਇੱਕੋ ਹਰਫ਼ ਜ਼ਹੂਰ।
ਭੁੱਲੇ ਪੈਂਡੀਂ ਮਿਲੇਗਾ
ਕੁਈ ਕੁਈ ਕੌਲ ਜ਼ਰੂਰ।

"ਤੱਕਾਂ ਕੂੰਜ ਸਹੇਲੀਓ
ਜ਼ਿਮੀਂ ਦੇ ਚੁੱਕ ਸਰੂਰ।
ਮਿਰਗ ਜਾਂ ਚੱਲੇ ਵਣਾਂ 'ਚੋਂ
ਸੁੱਕੇ ਹਰੇ ਕਚੂਰ।

"ਤੋੜੇ ਕੌਮ ਦੇ ਮੱਥਿਉਂ
ਸਜਦੇ ਜਦੋਂ ਗਫ਼ੂਰ,
ਮਿੱਟੀ ਦੇਸ ਦੀ ਉੱਡਦੀ
ਸੁੱਕੀ ਬਾਂਝ ਮਨੂਰ।

"ਕੂੰਜੋ ਨੀ ਪਰਦੇਸਣੋ,
ਮੁੜੋ, ਨ ਜਾਵੋ ਦੂਰ।
ਖ਼ਾਨਗਾਹਾਂ ਸਿਰ ਬਲਣਗੇ
ਤਾਰੇ ਛੱਡ ਗਰੂਰ।

"ਮੱਥੇ ਏਸ ਮੁਰੀਦ ਦੇ
ਸੁਖਨ ਕੋਈ ਮਸਤੂਰ,
ਖ਼ਾਕ 'ਤੇ ਰੋਸ਼ਨ ਕਰੇਗਾ
ਕੋ ਪਾਵਨ ਦਸਤੂਰ।"

•

ਕਿਹਾ ਮੈਂ "ਕੂੰਜਾਂ ਵੇਂਹਦੀਆਂ
ਵਣ ਸੁੱਤੇ ਦਰਵੇਸ਼,
ਸੁਖਨ ਜਿਨ੍ਹਾਂ ਦੇ ਵੇਂਹਦਿਆਂ
ਕੰਬੀ ਜਾਨ ਹਮੇਸ਼।

"ਸੋਹਣੀ ਜੂਹ ਇਸ ਵਲੀ ਵੀ
ਡੰਗੇ ਕਿਸੇ ਕਲੇਸ਼,
ਰਾਤੀਂ ਮਿਹਰਾਂ ਵੰਡਦੇ
ਗੁਨਾਹਗਾਰ ਦੇ ਭੇਸ।

"ਵੇਖਾਂ ਚਾਨਣੀ ਵਿਚ ਮੈਂ
ਸੁੱਤੀ ਬਾਲ ਵਰੇਸ।
ਕਿਸ ਇਲਹਾਮ ਦੇ ਕੰਢੜੇ
ਰਾਵੀਏ! ਤੇਰਾ ਦੇਸ ?

"ਆਸ਼ਿਕ-ਨਜ਼ਰ ਹੀ ਵੇਖਦੀ
ਪਰਵਾਜ਼ਾਂ ਦੇ ਕੇਸ,
ਨੂਰ ਅਨੰਤ 'ਚ ਤੈਂਡੜੇ
ਥਰਹਰ ਲੁਕਦੇ ਵੇਸ।

"ਕੂੰਜ ਪਿਆਸੀ ਅੰਬਰੀਂ
ਉੱਡ ਰਹੀ ਪਰਦੇਸ;
ਡਾਢੇ ਸਮਿਆਂ ਅਜੇ ਨ
ਸੋਹਣੀ ਨਦੀ ਨੂੰ ਮੇਸ।"

•

ਕੁਝ ਨ ਕੂਇਆ, ਚੁੱਪ ਸੀ
ਸੁਣ ਰਾਵੀ ਫ਼ਰਿਆਦ!
ਐਪਰ ਮਸਤਕ ਲਾਂਵਦੀ
ਸਾਂਦਲ ਬਾਰ ਦੀ ਯਾਦ।

ਕੂੰਜਾਂ ਉੱਡਣ ਅੰਬਰੀਂ
ਕੰਬ ਰਹੇ ਅਸਗਾਹ,
ਰਿਸ਼ਮਾਂ ਉੱਤੇ ਤਿਲ੍ਹਕਦੇ
ਪਾਕ ਨਜ਼ਰ ਦੇ ਰਾਹ।

ਉੱਚੇ ਸਮੇਂ ਦੇ ਕਿੰਗਰੇ
ਉੱਪਰ ਉਡਦੀ ਡਾਰ;
ਇਲਹਾਮਾਂ ਦੀ ਡਿੱਗਦੀ
ਖੰਭਾਂ 'ਤੇ ਚਮਕਾਰ।

ਚੰਨ ਚਾਨਣੀ ਦਿੱਸਦੇ
ਬਾਲ ਵਰੇਸ ਦੇ ਖੂਹ;
ਮਣ 'ਤੇ ਬੈਠੇ ਕੌਣ ਨੇ
ਸਮਾਂ ਨ ਦੇਵੇ ਸੂਹ।

ਬਿਰਖਾਂ ਨਾਲ ਹੈ ਖੇਡਦੀ
ਕੋ ਅਜਨਬੀ ਹੇਕ।
ਜੋ ਜਾਗਣ ਸੋ ਜਾਣਦੇ,
ਸੁੱਤੇ ਰਹੇ ਨੇ ਸ਼ੇਖ਼।

ਬਾਰ 'ਚ ਸਾਡੇ ਸੁਪਨਿਆਂ
ਉਹਲੇ ਖੜੇ ਸੀ ਰਾਜ਼,
ਕਿਹੜੇ ਹਰਫ਼ ਬਣਾਂਦੀਆਂ
ਲਾ ਕੂੰਜਾਂ ਪਰਵਾਜ਼।

ਉਹੀਓ ਬਿਰਖ ਪਛਾਣਦੇ
ਸੈ ਨਬੀਆਂ ਦੇ ਸਾਹ,
ਬਣੀ ਜਿਨ੍ਹਾਂ ਦੀ ਅਜ਼ਲ ਤੋਂ
ਨਜ਼ਰ ਅਨੂਪ ਗਵਾਹ।

ਝੁਕ ਬਾਰਾਂ ਸਿਰ ਡੋਲ੍ਹਦੀ
ਰਾਤ ਚਾਨਣੀ ਨੂਰ,
ਮੂਸਾ ਦੀਆਂ ਮਦਹੋਸ਼ੀਆਂ
ਵੇਖ ਰਹੇ ਜਿਉਂ ਤੂਰ।

ਬਾਲ ਵਰੇਸ ਨਾ' ਖੇਡਦੀ
ਚੁੱਪ ਨਾਰ ਦੀ ਹੇਕ।
ਕੌਮ ਦੇ ਕੌਲ ਦੀ ਲੱਸਦੀ
ਬਾਰ ਦੇ ਸੀਨੇ ਰੇਖ।

ਉੱਡੀ ਸ਼ਾਹ ਰਗ ਚੁੰਮ੍ਹਕੇ
ਰਾਵੀ ਹੜ੍ਹਾਂ ਦੀ ਹੂਕ।
ਪਰਵਾਜ਼ਾਂ ਵਿਚ ਗੁੰਮਦੀ
ਇਲਹਾਮਾਂ ਦੀ ਕੂਕ।

ਪਾਗਲ ਸੁਪਨ ਦੀ ਕਾਂਗ ਮੈਂ
ਲੰਮੀ ਅਜ਼ਲ ਦੀ ਹਾਕ,
ਮੈਂ ਓਥੇ ਸਾਂ ਜਿਸ ਥਾਂ
ਨ ਅੰਬਰ ਨ ਰਾਖ।

ਰਾਵੀ ਵਗਦੀ ਜਾਂਵਦੀ
ਡੂੰਘੇ ਸੁਪਨੇ ਹੇਠ,
ਤ੍ਰੇਲ ਦੇ ਘਰ ਵੀ ਆਵਣਾ
ਲੰਮੇ ਸਾਗਰ ਦੇਖ।


WWW.SIKHBOOKCLUB.COM

ਫੇਰ ਮੈਂ ਤੱਕੀ ਚੁੱਕ ਕੇ
ਮੁੱਢ ਕਦੀਮ ਦੀ ਛੱਲ।
ਕੱਲਮ ਕੱਲੀ ਛਾਂ ਇਕ
ਆਉਂਦੀ ਬਾਰਾਂ ਵੱਲ।

ਬੁੱਢੇ ਵਣਾਂ ਦੇ ਹੇਠ ਮੈਂ
ਤੱਕਾਂ ਸੂਰਤ ਕੋ,
ਜੈਂਦੀ ਛਾਂ ਦੀ ਕਾਰ ਤੋਂ
ਬਾਹਰ ਖੜੇ ਹਰ ਲੋਅ।

ਮੈਂ ਕੁਝ ਵਾਟ ਤੋਂ ਪੁੱਛਿਆ :
"ਸੁਣੀਂ ਪਾਕ ਦਰਵੇਸ਼,
ਹਾਜੀ ਵਾਂਗੂੰ ਪਲਟਿਆ
ਕਿਵੇਂ ਸਮੇਂ ਦਾ ਵੇਸ ?"

ਸੂਰਤ ਪਾਕ ਨੇ ਬੋਲਿਆ :
"ਬ੍ਰਿਹਾ ਤਿਰੇ ਦੀ ਕਾਂਗ,
ਲਿਆਵੇ ਖ਼ਾਬ ਦੇ ਪੈਂਡੜੇ
ਜਦੋਂ ਵੀ ਸਜਦੇ ਵਾਂਗ :

"ਤਾਂ ਕਰ ਡੂੰਘੇ ਪੈਂਡੜੇ
ਵਲੀ ਆਉਣ ਇਸ ਜੂਹ,
ਬੁੱਚੇ ਅੰਗਾਂ ਸੰਦੜੇ
ਭਰੇ ਢੂੰਡਦੇ ਖੂਹ।

"ਲਿਆਵੇ ਤੈਨੂੰ ਏਸ ਜੂਹ
ਖ਼ਾਬ ਦੀ ਜਦੋਂ ਤਰੰਗ,
ਮੁਰਗ ਦੀ ਬਾਂਗ ਜਗਾਂਵਦੀ
ਮੈਨੂੰ ਅਜ਼ਲਾਂ ਲੰਘ।

"ਅਸੀਂ ਵੀ ਤੁਰਦੇ ਵਤਨ ਨੂੰ
ਤੁਰਨ ਜਾਂ ਤੇਰੇ ਖ਼ਾਬ,
ਬਿਨ ਬਾਬੇ ਦੇ ਰੋਂਵਦੀ
ਪੌਣਾਂ ਵਿਚ ਰਬਾਬ।

"ਝੁਕੇ ਸੀ ਜਿਹੜੀ ਵਾਟ 'ਤੇ
ਸ਼ੀਂਹ ਝੱਖੜ ਤੇ ਝੱਲ,
ਸਿੱਕਾਂ ਬਾਬੇ ਓਸ ਦੀ
'ਵਾਜ ਪਵੇ ਅੱਜ ਕੱਲ।


WWW.SIKHBOOKCLUB.COM

"ਸਦੀਆਂ ਅੰਦਰ ਆਪਣੇ
ਵੇਖ ਰਿਹਾ ਮੈਂ ਹੱਜ,
ਸ਼ਬੇ-ਕਦਰ ਦੇ ਵਾਂਗਰਾਂ
ਲਰਜ਼ ਰਹੀ ਇਹ 'ਅੱਜ'।"

•

ਸੁਣ ਕੇ ਸੁਖਨ ਫ਼ਕੀਰ ਦੇ
ਬਾਵਲੇ ਹੜ੍ਹਾਂ ਦੇ ਵਾਂਗ,
ਚੀਰ ਕੇ ਧਰਤੀ ਫੁੱਟਦੀ
ਕਿਸ ਅਪਣੱਤ ਦੀ ਕਾਂਗ।

ਢੱਠੀ ਸੁੰਞ ਅਕਾਲ ਦੀ
ਬ੍ਰਿਹਾ ਦੇ ਦਰਿਆ,
ਰੱਖੀ ਅਜੇ ਵੀ ਖ਼ਾਕ ਨੇ
ਸੋਹਣੀ ਦੀਦ ਛੁਪਾ।

ਓਸ ਦੀਦ ਨੂੰ ਢੂੰਡਦੇ
ਨਭ-ਪਤਾਲ ਬਨਬਾਸ।
ਮਸਤਕ ਬੈਠ ਫ਼ਕੀਰ ਦੇ
ਵੇਖਣ ਹੋਇ ਉਦਾਸ।

ਬਣ-ਬ੍ਰਿਛਾਂ 'ਤੇ ਉੱਤਰੇ
ਬਨਬਾਸਾਂ ਦੇ ਨੈਣ,
ਮਰਦਾਨੇ ਦੀ ਗੋਦ ਵਿਚ
ਸੁੱਤੇ ਆ ਕੇ ਵੈਣ।

ਬਾਬੇ ਬਿਨਾਂ ਹੀ ਚੱਲਦਾ
ਰੋਂਦੇ ਕਾਫ਼ਲੇ ਨਾਲ।
ਰੱਖੇ ਬਿਰਖਾਂ ਅਜੇ ਵੀ
ਘਰ ਦੇ ਭੇਤ ਸੰਭਾਲ।

ਬਿਰਖਾਂ ਆ ਕੇ ਮੰਗਿਆ
ਵੱਤ ਘਰਾਂ ਦਾ ਨੀਰ।
ਕੌਲੇ ਕੰਧਾਂ ਘੁੱਟਦੀ
ਬਨਬਾਸਾਂ ਦੀ ਪੀੜ।


WWW.SIKHBOOKCLUB.COM

ਮੇਰੇ ਘਰ ਦਾ ਬੋਲ ਹੀ
ਬਾਰਾਂ ਰਹੀਆਂ ਟੋਲ।
ਭੈਣ ਭਰਾਵਾਂ ਵਾਂਗਰਾਂ
ਬਿਰਖ ਖੜੇ ਆ ਕੋਲ।

ਮੈਂ ਮਰਦਾਨੇ ਵਲ ਨਾਂਹ
ਸਕਿਆ ਕਦਮ ਉਠਾ।
ਲਿਪਟੇ ਪੈੜਾਂ ਨਾਲ ਸੀ
ਕੋਟਾਂ ਵਿਛੜੇ ਰਾਹ।

ਚਰਨ ਛੁਹਣ ਦਰਵੇਸ਼ ਦੇ
ਧਾਈ ਬਾਰ ਦੀ ਸੁੰਞ।
ਬ੍ਰਿਹਾ ਬਿਰਖਾਂ ਵਾਲੜੇ
ਚਾਏ ਪੰਛੀਆਂ ਚੁੰਝ।

ਗਲ ਲੱਗਣ ਲਈ ਨੱਸਿਆ
ਪਈ ਮੂਰਛਾ ਨਾਲ।
ਲੰਘੇ ਮੈਂਡੇ ਇੰਞ ਹੀ
ਬਹੁਤ ਸੁਹਾਣੇ ਸਾਲ!

ਇੰਞ ਸੀ ਆ ਕੇ ਮੁੱਕਿਆ
ਪਹਿਲਾ ਮੇਰਾ ਪੜਾ।
ਮੇਰੇ ਮੱਥੇ ਲੱਗਦੀ
ਨੂਰ ਮਹਿਲ ਦੀ 'ਵਾ।

•


WWW.SIKHBOOKCLUB.COM

## ਦੂਜਾ ਪੜਾ
## (ਹਵਾ ਦਾ ਗੀਤ)

ਅੱਧੀ ਰਾਤ ਨ੍ਹੇਰ ਵਿਚ ਸ਼ੂਕਣ
ਚੜ੍ਹ ਸਰਸਾ ਦੇ ਪਾਣੀ।
ਭੈਅ ਵਿਚ ਜਾਗ ਰਿਹਾ ਜਗ ਸਾਰਾ
ਰੁੜ੍ਹ ਗਈ ਨੀਂਦ ਨਿਮਾਣੀ।

ਜੰਗਲ ਦੇ ਵਿਚ ਅਗਨ ਬਲੇਂਦੀ
ਕੌਣ ਅਜਨਬੀ ਸੇਕਣ ?
ਜਾਂ ਉਹ ਮੇਰੇ ਵੱਡ-ਵਡੇਰੇ
ਜਾਂ ਉਹ ਮੇਰੇ ਹਾਣੀ।

ਲਹੂ ਬਿਨਾਂ ਕੂਕਨ ਪ੍ਰਛਾਵੇਂ
ਤੱਕਣ ਬੁੱਢੇ ਪੰਛੀ;
ਭੋਲੇ ਬ੍ਰਿਛ ਜਗਾਵਣ ਧਰਤੀ
ਸੁਣ ਸਰਸਾ ਦੀ ਬਾਣੀ।

ਅਨਹੱਦ ਰਾਗ ਜੀਭ ਦੇ ਉੱਤੇ
ਸ਼ੇਸ਼ ਨਾਗ ਜਿਉਂ ਸੁੱਤੇ;
ਕਿਹੜੀ ਜ਼ਹਿਰ ਵਰ੍ਹੇਗੀ ਵਣ 'ਤੇ
ਰਮਜ਼ ਨ ਕਿਸੇ ਪਛਾਣੀ।

ਤਾਰਿਆਂ ਤੀਕ ਸਮੇਂ ਦੇ ਸਫ਼ਰਾਂ
ਕੋਟਾਂ ਰੰਗ ਵਟਾਏ;
ਇੱਕੋ ਲਹਿਰ ਭਾਲਦੀ ਫਿਰਦੀ
ਅਸਗਾਹਾਂ ਦੀ ਮਾਹਣੀ।

•

## (ਜਾਗ ਖੁਲ੍ਹੀ)

ਅੱਧੀ ਰਾਤ ਨੀਂਦਰਾਂ ਟੁੱਟਣ
ਸੁਣ ਪੌਣਾਂ ਦੀਆਂ ਹਾਕਾਂ।
ਮੈਨੂੰ ਦੂਰੋਂ ਸੈਨਤ ਮਾਰੀ
ਅੱਗ ਸੇਕਦੇ ਚਾਕਾਂ।


WWW.SIKHBOOKCLUB.COM

ਬੀਆਬਾਨ ਦੇ ਬੂਹੇ ਅੱਗੇ
ਘਰ ਦੱਸਣ ਲਈ ਮੇਰਾ;
ਚਿਰਾਂ ਤੋਂ ਦੀਵਾ ਬਾਲ ਰੱਖਿਆ
ਕਿਤੇ ਅਜਨਬੀ ਸਾਕਾਂ।

ਤਾਰਿਓ ਭੇਤ ਦੱਸਦੇ ਜਾਣਾ
ਸਫ਼ਰ ਤੁਹਾਡੇ ਲੰਮੇ;
ਮਸਤਕ ਮੇਰਾ ਕਿਉਂ ਨ ਛੋਡਣ
ਲਹੂ-ਲਿਬੜੀਆਂ ਖ਼ਾਕਾਂ।

ਨ ਕੁਕਨੂਸ ਰਾਖ ਚੋਂ ਜਾਗੇ
ਵਲੀਆਂ ਸੰਸਾ ਲਾਇਆ;
ਘਾਇਲ ਧਰਤ ਨੂੰ ਸ਼ਿਕਵਾ ਕੋਈ
ਮੈਂ ਜਾਣਾ, ਨਾ ਆਖਾਂ।

ਖੰਡਰਾਂ ਉੱਤੇ ਸੁੱਤੇ ਪੰਛੀ
ਲੈਣ ਦੂਰ ਅੰਗੜਾਈਆਂ;
ਨ੍ਹੇਰ ਦਿਆਂ ਅਸਗਾਹਾਂ ਅੰਦਰ
ਪਲ ਦੋ ਪਲ ਮੈਂ ਝਾਕਾਂ।

ਜਾਂ ਫਿਰਦੌਸ ਜਾਂ ਤੂਬਾ ਦੇ ਨੇ
ਝਿੰਮ ਝਿੰਮ ਤਾਜ ਝੁਲੇਂਦੇ;
ਘਾਇਲ ਕਰਨ ਕਾਫ਼ਲੇ ਸੁੱਤੇ
ਕਿਸੇ ਹੁਮਾ ਦੀਆਂ ਰਾਖਾਂ।

ਦੂਰੋਂ ਹੜ੍ਹ ਸਰਸਾ ਦੇ ਗਰਜਨ:
"ਇਹ ਤਾਂ ਦੇਸ ਨ ਤੇਰਾ"
ਕਹਿਰਵਾਨ ਰਾਹਾਂ 'ਤੇ ਐਸਾ
ਹੁਕਮ ਨ ਸੁਣਿਆਂ ਆਪਾਂ।

ਕਹੇ ਹੱਕ ਜੋ ਧੁਰੋਂ ਹੀ ਦਿਲ ਵਿਚ
ਰਾਤੀਂ ਖ਼ਾਕ 'ਤੇ ਸੁੱਤਾ:
"ਕਿਵੇਂ ਸੁਣੀਨ ਦੇਸ ਨਹੀਂ ਜੇਕਰ
ਓਸ ਘੋੜ ਦੀਆਂ ਟਾਪਾਂ?"

•


WWW.SIKHBOOKCLUB.COM

## (ਤਾਰਿਆਂ ਦੀ ਛਾਂ ਹੇਠ)

ਤਾਰਿਆਂ ਦੀ ਛਾਂ ਹੇਠ ਖੜਾ ਮੈਂ
ਮੁੱਕੀ ਖੇਡ ਆਵਾਜ਼ਾਂ ਦੀ।
ਮੇਰੀ ਪੈੜ ਆਗਾਸਾਂ ਤੀਕਣ
ਚੁੱਪ ਫੜੇ ਪਰਵਾਜ਼ਾਂ ਦੀ।

ਡੂੰਘੀ ਰਾਤ ਸਿਆਲਾਂ ਸੰਦੀ
ਪਰੇ ਕਿਸੇ ਨਦੀ ਦੀ ਕੰਧੀ;
ਸੱਜੇ ਪਾਸੇ ਅੱਗ ਬਲੰਦੀ
ਸੇਕਣ ਭੁੱਲੇ ਵਿਸਰੇ ਸੰਗੀ—
ਸੂਰਤ ਕੁਝ ਛੁਪੀ ਜੋ, ਕੰਬੀ!

ਸ਼ਾਂਤ ਅੱਗ ਵਿੱਚੋਂ ਫਿਰ ਉੱਠੀ
ਜੀਭ ਗੁਨਾਹ ਦਿਆਂ ਰਾਜ਼ਾਂ ਦੀ।
ਸ਼ਾਹ ਰਗ ਆਣ ਫੜੀ ਵਿਚ ਨ੍ਹੇਰੇ
ਕਿਸ ਫ਼ਰਿਆਦ ਦੇ ਸਾਜ਼ਾਂ ਦੀ। (1)

ਆਈਆਂ ਕਿਧਰੋਂ ਓਢ ਹਨੇਰੇ
ਖੱਬੇ ਪਾਸੇ ਕਬਰਾਂ ਮੇਰੇ—
ਨ ਹਿੱਲਣ ਨ ਆਵਨ ਨੇੜੇ;
ਪਏ ਪਤਾਲਾਂ ਤੀਕਣ ਘੇਰੇ,
ਹੌਲ ਕਰੇ ਬੰਦੀ, ਨ ਛੇੜੇ;

ਕੋਟਾਂ ਕੋਸ ਜਾਏ ਜਦ ਬੰਨ੍ਹੀ
ਰਸਨਾ ਯਾਰ-ਨਵਾਜ਼ਾਂ ਦੀ
ਸਜਦੇ ਪੱਥਰ ਚੀਰ ਵਗਾਵੇ
ਨੂਰੀ ਨਿਗਾਹ ਨਮਾਜ਼ਾਂ ਦੀ। (2)

ਮੁੱਢ ਕਦੀਮੀ ਰਮਜ਼ ਖਲੋਈ
ਅੱਗ ਸੇਕਦਾ ਤੁਰਿਆ ਕੋਈ
ਸੱਜੀ ਕੁੰਟ ਮੇਰੇ ਸੰਗ ਹੋਈ
ਤੁਰੇ ਜਗਾ ਕੇ ਜਿੰਦੜੀ ਮੋਈ
ਚੁੱਕਦਾ ਮੇਰੀ ਚੀਸ-ਲੁਕੋਈ।

ਟਾਪ ਸੁਣੀ ਘੋੜਾਂ ਦੀ ਪਿੱਛੋਂ
ਰਮਜ਼ ਰਣਾਂ ਦੇ ਨਾਜ਼ਾਂ ਦੀ।
ਮੱਥੇ ਸਮੇਂ ਦੇ ਸੂਰਜ ਸਾਜੇ
ਅੱਗ ਇਲਾਹੀ ਬਾਜ਼ਾਂ ਦੀ। (3)

ਗੁਨਾਹਗਾਰਾਂ ਦੀ ਕੰਦਰਾ ਮੂਰ੍ਹੇ
ਕਾਲਾ ਜਬਲ ਸਾਹਮਣੇ ਘੂਰੇ—
ਮੰਜ਼ਿਲ ਖੜੀ ਓਸ ਰਾਹ ਝੂਰੇ,
ਨਾਲ ਰਹੇ ਪਰ ਰਣਾਂ ਦੇ ਸੂਰੇ—
ਸੁਖਨ ਗ੍ਰੰਥ ਕੁਰਾਨ ਦੇ ਪੂਰੇ!

ਕਹਿਰਵਾਨ ਜਬਲ ਤੋਂ ਲਹਿੰਦੀ
ਲੰਮੀ ਬਾਂਹ ਨਿਆਜ਼ਾਂ ਦੀ।
ਰਾਤੀਂ ਪੀੜ ਮਸੀਤੀਂ ਆਵੇ
ਉਜੜੇ ਹੋਏ ਰਿਆਜ਼ਾਂ ਦੀ। (4)

ਦੇਸਨ ਤਾਰੇ ਕਦੇ ਗਵਾਹੀ
ਸੱਜੀ ਕੁੰਟ ਤੁਰੇਂਦਾ ਰਾਹੀ—
ਪੁੱਛਾਂ ਭੇਦ ਤਾਂ ਲਪਕੇ ਫਾਹੀ,
ਜ਼ੋਰ ਲਗਾਵਾਂ, ਪੇਸ਼ ਨ ਜਾਈ।
ਬਾਤ ਰੀਣ ਹੁਣ ਦੱਸੀਂ ਮਾਹੀ:

"ਕੌਣ ਤੂੰ, ਦੇਸ ਤੇਰਾ ਹੈ ਕਿੱਥੇ,
ਖੇਡ ਕੀ ਰੰਗ ਮਜਾਜ਼ਾਂ ਦੀ?
ਜੀਵੇਂ ਤੇਰੇ ਕੌਲ ਸੁਣੀਂਦੀ
ਨਜ਼ਰ ਏ ਉਮਰ ਦਰਾਜ਼ਾਂ ਦੀ।" (5)

•

## (ਅਜਨਬੀ ਦਾ ਜੁਆਬ)

"ਮੈਂ ਯਾਰਾਂ ਦੇ ਹੱਥੋਂ ਮੋਇਆ
ਮੈਂ ਅੱਪਣੇ ਹੀ ਦੇਸ 'ਚ ਖੋਇਆ
ਮੇਰਾ ਮਨ ਪਰਦੇਸੀ ਹੋਇਆ।"
ਮੁੱਦਤਾਂ ਪਿੱਛੋਂ ਇੰਞ ਸੁਣੀ ਮੈਂ
'ਵਾਜ ਵਿਛੜੀਆਂ ਬਾਰਾਂ ਦੀ। (1)

ਰੁਕ ਕੁਝ ਦੇਣ ਲੱਗਾ ਤਫ਼ਸੀਰਾਂ:
"ਮੇਰੀ ਹਯਾਤੀ ਦੀਆਂ ਲਕੀਰਾਂ
ਇਸ਼ਕ-ਨਜ਼ਾਮ ਵਾਂਗ ਤਕਦੀਰਾਂ
ਏਸ ਦੇਸ ਦੀਆਂ ਤਾਬੀਰਾਂ;
ਬਾਰ ਦੇ ਤਨ-ਮਨ ਅੰਦਰ ਵੱਸੀ
ਨਜ਼ਰ ਮੇਰੇ ਅਸਵਾਰਾਂ ਦੀ। (2)

"ਹੋਰ ਖ਼ਾਕ ਦਾ ਜਿਸਮ ਨ ਮੱਲਾਂ
ਪੈਂਡੇ ਹੋਰ ਮੈਂ ਕਿਉਂਕਰ ਚੱਲਾਂ?
ਅਜ਼ਲ-ਹਯਾਤੀ ਰਲੀਆਂ ਛੱਲਾਂ।
ਵਸੇ ਮੇਰੀ ਅਕੀਦਤ ਜਿੱਥੇ
ਸ਼ਾਨ ਮੇਰੇ ਦਰਬਾਰਾਂ ਦੀ। (3)

"ਪੜ੍ਹੀਆਂ ਬਹਿ ਕੇ ਹੱਕ ਦੇ ਨਾਜ਼ਾਂ
ਰੁੱਖਾਂ ਨਦੀਆਂ ਨਾਲ ਨਮਾਜ਼ਾਂ;
ਮਿੱਟੀ ਨਾਲ ਰਹਿਣ ਪਰਵਾਜ਼ਾਂ—
ਪਰਤੇਗੀ ਇਕ ਰਮਜ਼ ਪਿਆਰੀ
ਨਦੀ 'ਚ ਡੁੱਬੀਆਂ ਨਾਰਾਂ ਦੀ। (4)

"ਖ਼ਾਕ ਗੁਦਾਜ਼ ਕਰਾਂ ਜੇ ਝਾਕਾਂ—
ਵੱਡ-ਵਡੇਰੇ ਮਾਰਨ ਹਾਕਾਂ;
ਨਕਸ਼ ਬਣੇ ਓਹੀ, ਜੋ ਆਖਾਂ—
ਬ੍ਰਿਹਾ-ਰੁਮਕ ਕੂੰਜ ਨਾ' ਆਵੇ
ਮੌਤ ਦੇ ਦੂਤੀ ਵਾਰਾਂ ਦੀ।
ਗਲੇ ਨਾਲ ਰੋ ਪੌਣਾਂ ਲਾਵਣ
ਚੀਖ ਕੁਹਨ ਕੋਈ ਦਾਰਾਂ ਦੀ। (5)

"ਅਸੀਂ ਅਜਨਬੀ ਕੱਲਮ ਕੱਲੇ
ਇਸ਼ਕ-ਨਜ਼ਾਮ ਸਾਜ ਕੇ ਖੱਲ੍ਹੇ
ਤੇਰੇ ਜਹੇ ਆਉਣ ਜਦ ਝੱਲੇ
ਬਾਲ ਵਰੇਸ ਦੀਆਂ ਜੂਹਾਂ ਵਿਚ
ਕਰਾਂ ਉਡੀਕ ਮੈਂ ਯਾਰਾਂ ਦੀ।" (6)

ਸੁਣ ਕੇ ਇਸ਼ਕ ਦੇ ਭੁੱਲੇ ਪੈਂਡੇ
ਬਾਰ ਦੀ ਮਿੱਟੀ ਬੁੱਕਲ ਲੈਂਦੇ
ਤੇ ਜੋ ਨਾਲ ਗੁਨਾਹਾਂ ਰਹਿੰਦੇ—
ਅੰਬਰ ਤੀਕਰ ਨਕਸ਼ ਬਣਾ ਗਈ
ਇਹ ਮਿੱਟੀ ਦਿਲਦਾਰਾਂ ਦੀ। (7)

•


WWW.SIKHBOOKCLUB.COM

## ਤੀਸਰਾ ਪੜਾ
## (ਨੂਰ ਮਹਿਲ ਪ੍ਰਵੇਸ਼)

### (ੳ)

ਫੇਰ ਅਜਨਬੀ ਸੱਜੇ ਪਾਸੇ
ਲੰਮੀ ਨਜ਼ਰ ਝੁਕਾਵੇ।
ਗਿਰੇਬਾਨ ਦੀ ਡੂੰਘੀ ਚੁੱਪੋਂ
ਵੰਝਲੀ ਪਿਆ ਜਗਾਵੇ।

ਲੁਕੀ ਵੰਝਲੀ ਵਿੱਚੋਂ ਉੱਠੀ
ਸੱਦ ਕੋਈ ਅਸਮਾਨੀ,
ਨਾਜ਼ਕ ਚਾਪ ਜਿਦੀ ਸਭ ਤਬਕੀਂ
ਸੁਣਨ ਘਾਇਲ ਕਰਵਾਨੀ।

ਜਾਲ ਮਿਰੇ ਜ਼ਖ਼ਮਾਂ ਦੇ ਉਲਝੇ
ਵਿਚ ਜਾਨ ਦੀਆਂ ਤਾਰਾਂ,
ਸ਼ੀਰੀਂ ਨਾਦ ਸੁਣੇ ਜਦ ਮੈਨੂੰ
ਪਾਟੇ ਵਾਂਗ ਲੰਗਾਰਾਂ।

ਜਾਨ ਗ਼ੁਬਾਰਾਂ ਦੇ ਵਿਚ ਸੁੱਟੀ
ਲੂਹ ਕੇ ਖ਼ੂਨੀ ਕਾਲਾਂ,
ਬੋਲ ਵੰਝਲੀ ਦੇ ਇਉਂ ਚਾਵਣ
ਵਲ ਅੰਞਾਣੇ ਸਾਲਾਂ:

ਕਿਸ਼ਤੀ ਜੋ ਭਟਕਦੀ ਫਿਰਦੀ
ਸਾਲ ਅਨੰਤਾਂ ਵੱਲਾਂ,
ਜਿਵੇਂ ਮਾਂ ਦੇ ਦੇਸ ਲਿਆਵਣ
ਗਰਜ ਸਿੰਧ ਦੀਆਂ ਛੱਲਾਂ।

ਗੁਨਹੀ ਭਰੇ ਰੋਣ ਵਿਚ ਪੌਣਾਂ
ਚੜ੍ਹ ਸਰਸਾ ਦੇ ਪਾਣੀ—
ਬੁੱਕਲ ਵਿਚ ਲੈਣ ਅਰਦਾਸਾਂ
ਮੇਰੀ ਅਉਧ ਅੰਞਾਣੀ।


WWW.SIKHBOOKCLUB.COM Page 675

ਕੱਪਰ ਪੈਣ ਵਾਂਗ ਸ਼ੀਂਹ ਮੈਨੂੰ
ਕੰਦਰਾ ਦੇ ਵਿਚ ਜ਼ੋਰੀ,
ਬੀਤੀ ਉਮਰਾ ਦੇ ਸਭ ਪੈਂਡੇ
ਕਰਨ ਉਡੀਕਾਂ ਚੋਰੀ।

'ਵਾਜ ਅਜੇ ਵੀ ਦੇਵਣ ਦੂਰੋਂ
ਕੱਪਰ-ਘਿਰੀਆਂ ਨਾਰਾਂ।
ਜਿਨ੍ਹਾਂ ਧੂੜਾਂ ਲਹੂ ਨ ਪੀਤੇ
ਲੈਣ ਮੇਰੀਆਂ ਸਾਰਾਂ।

ਇਕ ਦਰਿਆ ਦੇ ਪੱਤਣ ਮੈਨੂੰ
ਨਾਦ ਵੰਝਲੀ ਲਿਆਇਆ।
ਪਏ ਸਮੇਂ ਦੇ ਨਾਲ ਨ ਜਿੱਥੇ
ਕਿਸੇ ਗੁਨਾਹ ਦਾ ਸਾਇਆ।

ਕਹਿਕਸ਼ਾਂ ਦੀ ਨਾਭ 'ਚ ਘੁੰਮਦੇ
ਡਾਢੇ ਚਰਖ ਜਨੂੰਨੀ;
ਵੱਲ ਦਰਿਆ ਆਉਣ ਜਦ ਉਤਰੇ
ਬਟਕਾਂ ਜਹੀ ਮਾਸੂਮੀ।

ਵੰਝਲੀ ਦੀ ਸੱਦ ਪਈ ਉਠਾਵੇ
ਵਗਦੇ ਨੂਰ ਚੋਂ ਭੂਰਾਂ;
ਜਦੋਂ ਪਛਾਣਨ ਲੱਗਾ, ਖਿਚਿਆ
ਨੀਂਦ ਦੇ ਸੰਘਣੇ ਨੂਰਾਂ।

ਨੀਂਦ ਨਾਲ ਵਣਾਂ 'ਚੋਂ ਆ ਕੇ
ਪੌਣ ਅਜਿਹੀ ਲੱਗੇ,
ਬਾਲ. ਦੇ ਹੱਥ ਬਿਨਾਂ ਨ ਜਿਸ ਨੂੰ
ਚੀਜ਼ ਕੋਈ ਛੂਹ ਸੱਕੇ।

## (ਅ)

ਬਾਲਪਨ ਦੇ ਵੱਡੇ ਵਣ ਨੇ
ਕਰੀਆਂ ਨੀਂਦ ਨਾ' ਗੱਲਾਂ;
ਬਾਰਾਂ ਦੇ ਪਿੰਡੇ ਨੂੰ ਛੋਹਿਆ
ਜਿਉਂ ਅਣਛੋਹੀਆਂ ਛੱਲਾਂ।


WWW.SIKHBOOKCLUB.COM

ਵੱਡੇ ਵਣ ਦੇ ਪੱਤਰਾਂ ਉੱਤੇ
ਹਰਫ਼ ਬਣਾਏ ਖ਼ਾਬਾਂ।
ਕੀ ਪੜ੍ਹਦੇ ਤਾਰੇ ਨੇ ਏਥੋਂ?
ਫੋਲਣ ਪੀਰ ਕਿਤਾਬਾਂ।

ਖੰਭ ਪੰਛੀਆਂ ਦੇ ਆ ਵੱਜਣ
ਨੀਂਦ ਮੇਰੀ ਦੇ ਨੇੜੇ,
ਚੁਗਣ ਆਏ ਤਾਰਿਆਂ ਉੱਤੋਂ
ਰਾਜ਼ ਅਸੰਖਾਂ ਮੇਰੇ।

ਇਕ ਹੱਥ ਸਮਾਂ ਦੂਸਰੇ ਤਾਰੇ,
ਫੜੀ ਕਿਤਾਬ ਸੀ ਰਾਵੀ।
ਫ਼ਜਰੀਂ ਹਰਫ਼ ਵਾਚਦੇ ਚੁੰਮਣ,
ਮੈਡੀ ਨੀਂਦ ਸੁਹਾਵੀ।

ਸਮੇਂ ਦੇ ਉੱਚੇ ਬੁਰਜੀਂ ਖੜ੍ਹੀਆਂ
ਵੇਹਣ ਮੇਰਾ ਮਨ ਫ਼ਜਰਾਂ।
ਬੁੱਢੇ ਵਣ ਦੇ ਪੱਤਰਾਂ 'ਤੇ ਕੁਝ
ਪੜ੍ਹਣ ਅਸੰਖਾਂ ਨਜ਼ਰਾਂ।

ਪਾਲ ਅਨੰਤ ਜਲਵਿਆਂ ਸੰਦੀ
ਖ਼ਾਕ 'ਚੋਂ ਉਠ ਖਲੋਈ,
ਰਾਜ਼ ਰਮਜ਼ ਸਮਿਆਂ ਵਿਚ ਜਿਸਦੀ
ਜਾਣ ਨ ਸਕਿਆ ਕੋਈ।
ਭੈਅ ਤੋਂ ਬਾਹਰ ਸਮੇਂ ਤੋਂ ਅੱਗੇ
ਅਜਬ ਸਾਦਗੀ ਸੁੱਚੀ,
ਬਾਰ ਸੀਨਿਉਂ ਸਿਰ ਮੇਰੇ ਵੱਲ
ਵਾਂਗ ਅਸੀਸਾਂ ਉੱਠੀ।

ਸਿਕ ਸਿਕ ਵੇਹਣ ਨਹਿਰ ਤੋਂ ਮੈਨੂੰ
ਖੜ੍ਹ ਮਿਰਗਾਂ ਜਿਉਂ ਬਾਰਾਂ,
ਜਿਵੇਂ ਰਾਮ ਨੂੰ ਵਣੀਂ ਉਡੀਕਣ
ਬਾਨਰ ਮੂਕ ਹਜ਼ਾਰਾਂ।

ਘਰ ਮੈਂਡੇ ਤੋਂ ਘੁੰਡ ਉਠਾਵਣ
ਸਫ਼ਰ ਦੁਆਵਾਂ ਝਾਗੇ,
ਚੀਰ ਜਿਵੇਂ ਹਨਵੰਤ ਦਾ ਸੀਨਾ
ਨਕਸ਼ ਰਾਮ ਦਾ ਜਾਗੇ।

ਮੈਂ ਅਰਦਾਸ ਦੀ ਰੁਣ ਝੁਣ ਅੰਦਰ
ਜਲਵੇ ਖ਼ਾਕ ਸ਼ਿੰਗਾਰੇ,
ਅਣਛੋਹ ਪਾਕ ਤਰਬ ਵਿਚ ਬੰਨ੍ਹੇ
ਅੰਬਰ ਜਿਵੇਂ ਸਿਤਾਰੇ।

ਅਜ਼ਲਾਂ ਤੀਕ ਪਛਾਣਨ ਪਈਆਂ
ਨਜ਼ਰਾਂ ਕੋਈ ਬਨੇਰਾ,
ਇਸ ਮਿੱਟੀ ਦਾ ਨਕਸ਼ ਓਸ ਥਾਂ
ਪਹੁੰਚ ਬਣੇ ਘਰ ਮੇਰਾ।

## (ਏ)

ਮੈਂ ਕਿਹਾ "ਵਿਚ ਚਮਕ ਦੁਆਵਾਂ
ਨੂਰ ਮਹਿਲ ਦੀਆਂ ਢੋਕਾਂ,
ਸਮਿਆਂ ਉੱਤੇ ਨਕਸ਼ ਵਿਛਾਏ
ਨਹੀਂ ਪਛਾਣੇ ਲੋਕਾਂ।

"ਜੋ ਅਰਦਾਸ ਕਰੀ ਮੈਂ ਏਥੇ
ਬੱਜਰ ਭੁੱਲ ਕਿਉਂ ਮੇਸੀ ?
ਕਦੋਂ ਤੀਕ ਰਹੇਗਾ ਭੈਣੇ
ਘਰ ਮੇਰਾ ਪਰਦੇਸੀ ?"

"ਫੈਜ਼ ਮਾਹੀ ਦਾ," ਰਾਵੀ ਦੱਸੇ
"ਧਰਤ ਨਾ' ਪਾਏ ਸਾਂਝਾਂ
ਕੌਮਾਂ ਨੂੰ ਫਿਰ ਡੋਬ ਦਿੰਦੀਆਂ
ਕਾਲ-ਕੁਫ਼ਰ ਦੀਆਂ ਕਾਂਗਾਂ।

"ਵਿਚ ਦੁਆਵਾਂ ਫੇਰੇ ਪਾਵਣ
ਘਰ ਦੇ ਨਕਸ਼ ਪਿਆਸੇ।
ਰੁਲਦੀ ਹੋਈ ਧਰਤ ਦੇ ਪੈਂਡੇ
ਮਿਲਣ ਤਾਂ ਦੇਣ ਦਿਲਾਸੇ।

"ਸਿਰ ਤੇ ਪੈਣ ਝੱਖੜਾਂ ਵਾਂਗੂੰ
ਕਹਿਰ-ਕੁਫ਼ਰ ਦੀਆਂ ਡਾਂਗਾਂ।
ਸਿਮਰਣ-ਵਿਰਦ ਕੌਮ ਦੇ ਕੰਠੋਂ
ਬਣੇ ਫ਼ਜਰ ਦੀਆਂ ਬਾਂਗਾਂ।


WWW.SIKHBOOKCLUB.COM

"ਪੱਥਰਾਂ ਦੇ ਵਿਚ ਦੱਬੇ ਸਜਦੇ
ਜੇ ਨ ਕੌਮਾਂ ਫੋਲਣ,
ਪੌਣ ਬਿਰਖ ਨੈਂ ਘਰ ਦੇ ਸੁਪਨੇ
ਪਾਕ ਕੌਲ ਨ ਤੋਲਣ।

"ਉਂਝ ਤਾਂ ਤੂੰ ਸੈਂ ਤੁਰਿਆ ਵੀਰਾ
ਰੱਬ ਦੇ ਬੰਦਿਆਂ ਨਾਲੇ।
ਪਲ ਦੋ ਪਲ ਧੂੜ ਵਿਚ ਰੁਲਦੇ
ਤੂੰ ਕੁਝ ਨਕਸ਼ ਸੰਭਾਲੇ।

"ਲਸ਼ਕਰ ਪਾਕ ਮਲਾਹਾਂ, ਚਾਕਾਂ,
ਤੈਨੂੰ ਦਿੱਤੀਆਂ ਸੱਦਾਂ।
ਕੌਮ ਦੀ ਨਜ਼ਰ ਬਿਨਾਂ ਪਰ ਰਹੀਆਂ
ਤੈਂਡੀ ਨਜ਼ਰ 'ਤੇ ਹੱਦਾਂ।

"ਨਜ਼ਰ ਇਕੱਲੀ, ਨਜ਼ਰ ਕੌਮ ਦੀ,
ਸੁਣ ਤੂੰ ਫਰਕ ਵਡੇਰਾ।
ਇਕ ਨਜ਼ਰ ਦੇ ਨੂਰ ਵੀ ਪੈਂਦਾ
ਕਦੇ ਕੌਮ ਦਾ ਫੇਰਾ।

"ਤੈਂ ਅਰਦਾਸ ਜੋ ਰੂਹ ਬਾਰਾਂ ਦੀ,
ਕੌਮ ਦਾ ਦੇਸ ਨ ਹੋਏ।
ਬਸ ਹੁਣ ਫੈਜ਼ ਨਜ਼ਰ 'ਤੇ ਐਨਾ,
ਤਕਸੈਂ ਕਾਫ਼ਲੇ ਮੋਏ।"

*(ਇਤਿ ਸਰਗ ਤੀਸਰਾ)*

•


WWW.SIKHBOOKCLUB.COM

# ਸਰਗ ਚੌਥਾ

## ਬਾਲ ਵਰੇਸ ਦਾ ਇਕ ਸਫ਼ਰ

—1—

ਯਾਦ ਨੇ ਨੂਰ ਮਹਿਲ ਦੀਆਂ ਛਾਵਾਂ
ਜਿਹਨਾਂ ਹੇਠ ਸਮੇਂ ਦੀਆਂ 'ਵਾਵਾਂ
ਮੋਈਆਂ ਕੌਮਾਂ ਦੀ ਚੁੱਕ ਧੂੜੀ
ਲੰਘ ਆਉਣ ਹਰ ਅਗਨ ਦੀ ਦੂਰੀ।

ਬਾਂਝ ਗ਼ਰੀਬ ਸੁੰਵੀਆਂ ਰਾਖਾਂ
ਰਲਣ ਵਣੀਂ ਇਉਂ ਬਣ ਬਣ ਸ਼ਾਖਾਂ
ਜਿਵੇਂ ਬਾਂਕੀਆਂ ਚੰਚਲ ਨਾਰਾਂ
ਲੁਕ ਜਾਵਣ ਵਿਚ ਭਰੇ ਬਜ਼ਾਰਾਂ।

ਜ਼ਖ਼ਮ ਕਦੇ ਜੋ ਧਰਤ ਨੂੰ ਲੱਗੇ
ਰਾਤੀਂ ਪੌਣਾਂ ਦੇ ਤਨ ਵੱਜੇ,
ਭੇਦ ਭਰੇ ਪਾਣੀਆਂ ਉੱਤੇ
ਸਫ਼ਰ ਬੰਦਗੀ ਦੇ ਕਰ ਸੁੱਤੇ,
ਮਾਂ ਦੇ ਮੋਹ ਜਾਗ ਕੇ ਕੰਬਨ
ਖੈਰ ਪਏ ਜ਼ਖ਼ਮਾਂ ਦੀ ਮੰਗਨ।

ਰਾਹ ਕੁਹਰਾਮ ਦੇ ਜਲੀਆਂ ਜੀਭਾਂ
ਲੁਕੀਆਂ ਚੋਰਾਂ ਵਾਂਗ ਸਲੀਬਾਂ।

ਜਦੋਂ ਸਿੰਧ ਅਜਲ ਦੇ ਵੱਲੋਂ
ਫੁਟ ਫੁਟ ਆਉਣ ਅਗਨ ਦੀ ਛੱਲੋਂ

ਕੰਠ ਪਰੋ ਤਦੋਂ ਚੁੱਪ ਪੂਰੀ
ਨੈਣੀਂ ਡੋਬ ਕਹਿਕਸ਼ਾਂ ਨੂਰੀ

ਵਣਾਂ ਦੇ ਅੰਦਰ ਨਾਲ ਨਸੀਬਾਂ
ਪੰਛੀ ਮਿਲਦੇ ਵਾਂਗ ਤਬੀਬਾਂ।


WWW.SIKHBOOKCLUB.COM

—2—

ਨੂਰ ਮਹਿਲ ਦੀਆਂ ਕੱਚੀਆਂ ਢੋਕਾਂ
ਜਦੋਂ ਵਸਾਈਆਂ ਬਾਰ ਦੇ ਲੋਕਾਂ

ਸਿਦਕ ਬੰਦਗੀ ਕਰਮ ਦੀ ਬਾਣੀ
ਸੰਘਣੇ ਵਣਾਂ ਨੂੰ ਦਿੱਤੇ ਪਾਣੀ।

ਮਾਂ-ਮੋਹ ਵਿਚ ਅਦਭੁਤ ਰੰਗਾਂ
ਤਾਰਿਆਂ ਤੀਕਨ ਪਈਆਂ ਤੰਦਾਂ।

ਫ਼ਜਰ-ਅਜ਼ਾਨਾਂ ਥਲਾਂ ਨੂੰ ਤਾਂਘਣ
ਕੱਚੀਆਂ ਢੋਕਾਂ ਦੇ ਵਿਚ ਆਂਙਣ।

ਨੰਨ੍ਹੇ ਘਰਾਂ ਦੇ ਬੈਠ ਬਨੇਰੇ
ਪੰਛੀ ਵੇਖ ਰਹੇ ਉਹ ਵਿਹੜੇ

ਦਲ ਤਕਦੀਰ ਲੈ ਜਿੱਥੇ ਭਾਰੇ
ਹੱਦ ਸਜਾਉਣ ਗਗਨ ਦੀ ਤਾਰੇ

ਹਸ਼ਰ ਨੂੰ ਦੁਲਹਨ ਵਾਂਗ ਬਣਾਂਦੇ
ਥਿੰਦੇ ਬੂਹੇ ਖੋਲ੍ਹ ਲੰਘਾਂਦੇ।

ਲੰਘੇ ਸੈ ਇਕਰਾਰਾਂ ਥਾਣੀ
ਮਾਂ-ਮੋਹ ਬਣ ਧਰਤ ਦੇ ਪਾਣੀ।

ਕੌਮ ਨੇ ਬਾਰ 'ਤੇ ਹੱਕ ਜਤਾਏ
ਕਰ ਕੇ ਕਾਲ ਦੇ ਸੰਘਣੇ ਸਾਏ।

ਕੌਲ ਚੁੱਕ ਗੁਰੂਆਂ ਦੇ ਭਾਰੇ
ਸੋਹਣੀ ਧਰਤ ਤੋਂ ਮੁੜ ਮੁੜ ਵਾਰੇ।

ਲੰਘੀ ਮੈਂਡੀ ਉਮਰ ਅੰਞਾਣੀ
ਝੱਖੜ-ਖੜ੍ਹੀਆਂ ਪੈੜਾਂ ਥਾਣੀ।

—3—

ਇਕ ਦਿਨ ਢੋਕ ਮੋਰੀ ਦੇ ਬੂਹੇ
ਸੋਅ ਦਿੱਤੀ ਕੁਈ ਸਮੇਂ ਦੇ ਸੂਹੇ।

ਪਲ ਭਰ ਰਾਤ ਦੇ ਆਖ਼ਰੀ ਪਹਿਰੇ
ਸੀ ਪਰਵਾਜ਼ ਅਸੰਖਾਂ ਠਹਿਰੇ

ਝੁਕ ਸ਼ਬਨਮ 'ਤੇ ਅਦਬ 'ਚ ਸਾਰੇ
ਭੇਦ ਕਹਿਣ ਅੰਬਰ ਦੇ ਨਿਆਰੇ।

ਹੱਥ ਦਿਸੇ ਕੋ ਨਾਰ ਦੇ ਸੂਹੇ
ਵੇਖ ਸਕਾਂ ਨ ਲੰਘ ਕੇ ਬੂਹੇ!
ਕੋਟ ਜਨਮ ਜਾਪਣ ਜੇ ਲੰਘਾਂ
ਨਾਰ ਨ ਦਿਸਦੀ, ਛਣ ਛਣ ਵੰਗਾਂ!

ਤੱਕਿਆ ਬੇਬਸ ਆਂਙਣ ਵੱਲੇ
ਸੁੱਤੀ ਮਾਂ ਰਹਿਮ ਪਈ ਘੱਲੇ।
ਲਿਪਟ ਕੇ ਬਹੁੰ ਜਨਮਾਂ ਦੀ ਲੋਇ
ਭੈਣ ਭਰਾ ਨੀਂਦ ਵਿਚ ਖੋਏ।

ਦਾਮਨ ਕਰਮ ਦਾ ਅਖੀਏਂ ਲਾ ਕੇ
ਸੋ ਦਰ ਦੇਖ ਲਿਆ ਮੈਂ ਜਾ ਕੇ।

ਨਾਰ ਨ ਦਰ ਤੇ, ਦੀਦ ਸੀ ਬਾਕੀ
ਹੱਜ ਦੇ ਨੂਰ ਨੇ ਛਲਿਆ ਸਾਕੀ।

ਕੌਣ ਫੜੇ ਹੁਣ ਖੰਭ ਨੂਰਾਨੀ
ਘੁੰਮਨਘੇਰ ਪਈ ਅਸਮਾਨੀ।

ਬੂਹੇ ਖੜ੍ਹਾ ਘੋੜ ਹੁਸ਼ਨਾਕੀ
ਕਰਾਂ ਪਛਾਣ, ਅਜੇ ਪਰ ਬਾਕੀ।

ਪੰਛੀ ਫ਼ਜਰ ਦਾ ਪਿਆ ਪੁਕਾਰੇ:
"ਕਰ ਦਿਲਬਾਗ਼ 'ਤੇ ਸਫ਼ਰ ਪਿਆਰੇ।"

x x x x x

ਨੂਰ ਮਹਿਲ ਦੀਆਂ ਮੋਹਣੀਆਂ ਗਲੀਆਂ
ਸਜਦੇ ਜਿਵੇਂ ਸੁਆਏ ਵਲੀਆਂ।

ਘੋੜ? ਖਾਮੋਸ਼ ਬਿਜਲੀਏਂ ਝਾਕੀ
ਫ਼ਜਰਾਂ ਨਜ਼ਰ ਪਾਉਣ ਲੌਲਾਕੀ।

ਦਰ ਦਿਲਬਾਗ ਖੜ੍ਹਾ ਵਿਚ ਧੰਮੀ
ਜ਼ੋਰ ਭਰੇ ਦਰਿਆ ਦੇ ਬੰਨ੍ਹੀ।

WWW.SIKHBOOKCLUB.COM

ਦਿਸਦੀ! ਦਿਸੇ ਨ! ਅਜਬ ਨਿਸ਼ਾਨੀ
ਜਿਵੇਂ ਬੁਰਾਕ ਦੀ ਗਲੇ 'ਚ ਗਾਨੀ।

ਤਨ ਉੱਤੇ ਵਡ ਪਰਬਤ ਬੰਨ੍ਹੇ
ਲਸ਼ਕਰ ਡੋਬ ਖਪਾਏ ਹੰਨੇ।

ਘੋੜ ਵਿੱਚੋਂ ਦਰਿਆ ਕੋ ਤਰਿਆ
ਰੀਣ ਖ਼ਾਕ 'ਤੇ ਸੂਰਜ ਚੜ੍ਹਿਆ।

ਰੂਹ ਦੇ ਮੇਲੇ ਕਿਤੇ ਗੁਆਚੇ
ਛਡ ਕੇ ਘੋੜ ਦੇ ਤਨ 'ਤੇ ਖ਼ਾਕੇ।

ਮੈਂ ਦਿਲਬਾਗ ਦੇ ਨੈਣੀਂ ਝਾਕਾਂ
ਲਸ਼ਕਰ ਮਾਰ ਚਲੇ ਗਏ ਹਾਕਾਂ।

ਮੁੱਢ ਕਦੀਮ ਦੀਆਂ ਚੁੱਕ ਛੱਲਾਂ
ਹੋ ਅਸਵਾਰ ਮੈਂ ਨਦੀਏਂ ਠੱਲ੍ਹਾਂ?!

x x x x x

ਤੱਕੇ ਬਹਿ ਦਿਲਬਾਗ ਦੇ ਉੱਤੇ
ਇਕ ਪਲ ਭੈਣ-ਭਰਾ ਮੈਂ ਸੁੱਤੇ।

ਜਨਮੀ ਨਵੀਂ ਉਡਾਰ ਸਰੂਰੋਂ
ਮਾਂ ਦਾ ਰਹਿਮ ਪੁਕਾਰੇ ਦੂਰੋਂ।

ਬਾਰਾਂ ਦੇ ਵਿਚ ਬਾਲ ਵਰੇਸੇ
ਮੈਂ ਚੱਲਿਆ ਅਸਵਾਰ ਦੇ ਭੇਸੇ।

x x x x x

ਪਿੰਡ ਦੀਆਂ ਜੂਹਾਂ ਵਿਚ ਫ਼ਜਰੀਂ
ਪਿਆ ਕੁਝ ਦਿਲਬਾਗ ਦੀ ਨਜ਼ਰੀਂ:

ਬਾਂਕੀ ਚਾਲ ਗਗਨ ਵਿਚ ਸਾਰੇ
ਲਰਜ਼ ਰੁਕੀ ਸਮਿਆਂ ਵਿਚਕਾਰੇ।

ਕੌਲ ਇਲਾਹੀ ਦੇ ਵਿਸਮਾਦਾਂ
ਕੀਲੀਆਂ ਘੋੜ ਮਿਰੇ ਦੀਆਂ ਯਾਦਾਂ

ਅੰਬਰ ਦੇ ਵਿਚ ਇਕ ਦੋ ਤਾਰੇ
ਵਲ ਦਿਲਬਾਗ ਦੇ ਕਰਨ ਇਸ਼ਾਰੇ


WWW.SIKHBOOKCLUB.COM

ਲਿਆਈਆਂ ਸੁਪਨੇ ਵਾਂਗ ਧਰੇਕਾਂ
ਪੀਲੂ-ਲੱਦੇ ਵਣਾਂ ਚੋਂ ਹੇਕਾਂ।

ਭੇਦ ਅਸੰਖਾਂ ਚੀਰ ਕੇ ਲੰਘੀ
ਰਮਜ਼ ਕਿਸੇ ਸਿਹਰ ਦੀ ਡੰਗੀ
ਜਿਸਦੇ ਕਹਿਰ-ਹੁਸਨ ਵਿਚ ਬਲਕੇ
ਪੰਜ ਦਰਿਆ ਚਾਨਚੱਕ ਛਲਕੇ।

ਮੈਂ ਮਸਤਕ ਧਾ ਲੱਗੀਆਂ ਬੂੰਦਾਂ
ਜਿਵੇਂ ਗੁਆਚ ਜੁਗਾਂ ਵਿਚ ਕੂੰਜਾਂ
ਸੰਗ ਕੁਰਲਾਟ ਚੀਰ ਗੁਮਨਾਮੀ
ਘਰ ਦੇ ਨਕਸ਼ ਵਾਹੁਣ ਅਸਮਾਨੀ।

x x x x x
x x x x x

ਸੈ ਪੁਸ਼ਤਾਂ ਦੀ ਸੋਚ ਉਚੇਰੀ
ਸਿਦਕ ਬੰਦਗੀ ਕਰਮ 'ਚ ਜਿਹੜੀ
ਵਣ-ਤ੍ਰਿਣ ਦੇ ਵਿਚ ਫੇਰੀ ਪਾਵੇ
ਧਰ ਇੰਞ ਸੀਨੇ ਪੈੜ ਛੁਪਾਵੇ

ਸਤਲੁਜ ਕੋਲ ਜਿਵੇਂ ਰਹਿ ਪਿਆਸਾ
ਬੁੱਢਣ ਸ਼ਾਹ ਦੇ ਦੁੱਧ ਦਾ ਕਾਸਾ
ਉਹਲੇ ਬਹਿ ਫ਼ਜਰਾਂ ਤਿਰਕਾਲਾਂ
ਵਿਚ ਉਡੀਕ ਰਿਹਾ ਸੈ ਸਾਲਾਂ।

x x x x x
x x x x x

ਫੇਰ ਦਿਸੇ ਪਿੰਡ ਦੀ ਜੂਹੇ
ਉਹੀਓ ਹੱਥ ਨਾਰ ਦੇ ਸੂਹੇ
ਵਾਟ ਪਰੋ ਗਗਨ ਦੀ ਗਾਨੀ
ਪਾਉਣ ਘੋੜ ਦੇ ਗਲੇ ਨਿਸ਼ਾਨੀ।

ਸੋਹਣੀ ਸਾਹਿਬਾਂ ਹੀਰ ਦੇ ਨੈਣਾਂ
ਤੇ ਸੱਸੀ ਦੇ ਡੂੰਘੇ ਵੈਣਾਂ

ਵੱਡ ਚਰਖਾਂ ਦੇ ਜ਼ੋਰ ਵਿਚਾਲੇ
ਉੱਡ ਧ੍ਰਵਾਂ ਸੂਰਜਾਂ ਨਾਲੇ


WWW.SIKHBOOKCLUB.COM 

ਚੁੱਕ ਜ਼ਿਮੀਂ ਦੇ ਸੁੱਚੇ ਕਾਸੇ
ਢੂੰਡ ਢੂੰਡ ਰਹਿਮ ਦੇ ਪਾਸੇ

ਆ ਬੈਠੇ ਨਦੀਆਂ ਦੀ ਬੰਨੀ
ਕਰਦੇ ਕੌਲ ਅਬੋਲ ਅਗੰਮੀ

ਪੁਸ਼ਤਾਂ ਘਣੇ ਵਣਾਂ ਵਿਚ ਸੁੱਤੇ
ਤਕ ਦਿਲਬਾਗ ਕਾਂਗ ਜਿਉਂ ਉੱਠੇ

ਰਾਹ ਚਰਖਾਂ ਦੇ ਗਾਨੀ ਝਮਕੇ
ਨਾਲੇ ਬਾਰ ਦੇ ਝੁੰਮਰ ਧਮਕੇ

ਸੋਹਣੇ ਹੱਥਾਂ ਉਹੀਓ ਗਾਨੀ,
ਮਨ ਪੁਸ਼ਤਾਂ ਦੇ, ਰੂਹ ਅਸਮਾਨੀ,

ਇਹ ਤ੍ਰੈ 'ਬਾਗ਼' ਦੇ ਗਲ ਵਿਚ ਪਾਏ
ਪੰਖੀ-ਕੰਠ 'ਚ ਕਾਰਵਾਂ ਗਾਏ।

ਸੰਘਣੇ ਬ੍ਰਿਛੀਂ ਕੋਲ ਇਲਾਹੀ
ਕੌਮ ਮਿਰੀ ਦੀ ਦੇਣ ਗਵਾਹੀ।

x x x x x
x x x x x

ਮੈਂ ਤੇ ਘੋੜ ਹਜ਼ਾਰਾਂ ਕੋਹਾਂ
ਲੰਘੇ ਬਾਗ਼ ਬੇਲੜੇ ਰੋਹਾਂ।

ਨਾਲ ਨਾਲ ਪੁਸ਼ਤਾਂ ਦੇ ਖ਼ਾਬਾਂ
ਕਾਲਾ ਹਰਨ ਫਿਰੇ ਪੰਜਾਬਾਂ।

ਸਾਰੰਗ ਕੋਇਲ ਮੋਹ ਦੀਆਂ ਕੂਕਾਂ
ਸਾਉਣ ਮਾਹ ਨਾਗਾਂ ਦੀਆਂ ਸ਼ੂਕਾਂ
ਰਾਤਾਂ ਦੇ ਝੁੰਮਰ ਵਿਚ ਹੁੱਲਣ
ਅਲਬੇਲੇ ਹਰਨਾਂ ਸੰਗ ਜੁੱਲਣ।

ਕਈ ਪੁਸ਼ਤਾਂ ਦੀਆਂ ਡੂੰਘੀਆਂ ਨੀਂਦਾਂ
ਲੁਕ ਪਾਉਣ ਖ਼ਾਬਾਂ ਦੀਆਂ ਪੀਂਘਾਂ।

ਬੇਲਿਆਂ ਵਿਚ ਜੋ ਹੋਈਆਂ ਗੱਲਾਂ
ਰਾਜ਼ ਸਾਂਭ ਲਏ ਜੋ ਛੱਲਾਂ
ਚਮਕ ਉਹੀ ਜੁਗਨੂੰ ਜਿਉਂ ਉੱਠੇ
ਕਾਲੇ ਹਰਨ ਮੌਜ ਵਿਚ ਸੁੱਤੇ।

x x x x x

ਜਦੋਂ ਦਹਿਲ ਸੁੰਢ ਦੇ ਭਾਰੇ
ਗੋਰਾਂ ਨੇ ਹਰ ਕਦਮ ਉਤਾਰੇ
ਗੁਮਨਾਮੀ ਦੇ ਕਹਿਰ ਧਿੰਙਾਣੇ
ਰੋਹੀਏਂ ਕੋਹ ਸੁੱਟਣ ਜਰਵਾਣੇ

ਤਦੋਂ ਨਿਤਾਣੀ ਖ਼ਾਕ 'ਚ ਰਹਿੰਦੇ
ਹੱਕ ਦੇ ਬਲੀ ਚਰਖ 'ਤੇ ਵਹਿੰਦੇ
ਮਾਂ-ਮੋਹ ਦੇ ਡੂੰਘੇ ਪਾਣੀ
ਤ੍ਰੇਲ ਵਿਚ ਅਰਦਾਸ ਅੰਞਾਣੀ
ਬਣ ਧਰਤੀ 'ਤੇ ਨਾਜ਼ਲ ਹੋਵਣ
ਚੌਦਾਂ ਤਬਕਾਂ ਨਾਲ ਖਲੋਵਣ।

ਓਦੋਂ ਕਾਲੇ ਹਰਨ ਨੂੰ ਦੇਖਾਂ
ਖੇਡ ਸੁਣੇ ਨਦੀਆਂ ਦੀਆਂ ਹੇਕਾਂ।
ਲੁਕ ਨ ਭਾਲ ਲਵਾਂਗਾ ਤੈਨੂੰ
ਰਾਹ ਦੱਸੇ ਦਿਲਬਾਗ ਨੇ ਮੈਨੂੰ।

x x x x x
x x x x x

ਸਿਖਰ ਦੁਪਹਿਰੇ ਜੰਡ ਦੇ ਲਾਗੇ
ਇਕ ਦਿਨ ਘੋੜ ਮਿਰਾ ਵੈਰਾਗੇ।

ਟੁੱਟ ਰਿਹਾ ਕੋਈ ਸੂਰਜ ਭਾਰਾ
ਹੇਠਾਂ ਰੂਪ ਨਦੀ ਦਾ ਨਿਆਰਾ।

ਪਿੰਡ ਦੇ ਬਾਹਰ ਖ਼ਾਨਗਾਹ ਉੱਤੇ
ਪੈਂਡੇ ਮਾਰ ਕਲੰਦਰ ਸੁੱਤੇ।

ਠਾਠਾਂ ਮਾਰ ਰਿਹਾ ਕੁਈ ਮੇਲਾ
ਚੋਭੇ ਖਾਰ ਕਮੀਨਾ ਬੇਲਾ।


WWW.SIKHBOOKCLUB.COM

ਦੇ ਗਏ ਪੀਰ-ਫ਼ਕੀਰ ਅਜ਼ਾਨਾਂ
ਸੁੱਤੀਆਂ ਮਸਜਿਦ ਕੋਲ ਰਕਾਨਾਂ।

ਸੁੱਤਾ ਹੇਠ ਕਹਿਰ ਦੇ ਧਾਗੇ
ਆਤਸ਼ ਹੇਠ! ਨਾਂਹ ਜੋਬਨ ਜਾਗੇ।

x x x x x
x x x x x

ਜੋ ਸੁੱਤੀਆਂ ਉਹ ਵਿਚ ਨ ਮੇਲੇ
ਝੁੰਮਰ ਛੱਡ ਉਮਰ ਦੇ ਬੇਲੇ
ਚੁੱਕ ਕੁਰਾਨ ਹਸ਼ਰ ਵੱਲ ਗਈਆਂ
ਸੁਰਤਾਂ ਉੱਡ ਜੁਗਾਂ 'ਤੇ ਰਹੀਆਂ।

ਸਿੰਧ ਵਿਰਾਟ ਘੇਰਦੇ ਲਾਂਬੂ
ਚੌਦਾਂ ਤਬਕ ਗੇਰਦੇ ਲਾਂਬੂ
ਠੰਢ ਪਾਉਣ. ਸੁਰਤਿ ਦੀਆਂ ਕੂੰਜਾਂ
ਹੱਕ ਦੇ ਹਰਫ਼ੋਂ ਕੇਰ ਕੇ ਬੂੰਦਾਂ।

x x x x x
x x x x x

ਲੰਮੇ ਸਜਦੇ ਸੌਣ ਕਲੰਦਰ
ਪੈਰ ਨਬੀ ਦੇ ਹਸ਼ਰ ਦੇ ਅੰਦਰ
ਪਰਤਣ ਚੁੰਮ੍ਹਿ ਸੁਰਤਿ ਦੇ ਆਂਙਣ
ਜਿਸ ਲਈ ਬੈਠ ਧਿਆਨ ਦੇ ਵਾਂਗਨ
ਦਿਲ ਵਿਚ ਹੱਕ ਤਕੇਂਦੇ ਰਾਂਝਣ
ਰੁੱਖ ਜਿਵੇਂ ਸ਼ਬਨਮਾਂ ਤਾਂਘਣ।

x x x x x

ਮੇਲੇ ਵਿਛੜ ਰਹੇ ਇਕ ਸੰਙਾਂ
ਮਸਜਿਦ ਕੋਲ ਛਣਕੀਆਂ ਵੰਗਾਂ।

ਧੂਹ ਪਾਈ ਕਿਧਰੋਂ ਬਨਬਾਸਾਂ
ਅੱਥਰੂ ਆਉਣ ਧਾਰ ਕੇ ਆਸਾਂ।

ਉਸ ਪਾਸੇ ਦਿਲਬਾਗ ਮੈਂ ਛੇੜਾਂ
ਡਾਢੇ ਹੌਲ ਪੈਣ ਸੁਣ ਭੇਰਾਂ।


WWW.SIKHBOOKCLUB.COM

ਚੁੰਮ੍ਹ ਰਹੀਆਂ ਅਜ਼ਲਾਂ ਆ ਗਾਨੀ
ਜਿੱਥੇ ਕੌਲ ਦਗਣ ਅਸਮਾਨੀ।

ਨਾਲ ਕਲੰਦਰ ਨਬੀ ਦੇ ਯਾਰਾਂ
ਗਾਨੀ ਜਾਗ ਤੱਕਣ ਮੁਟਿਆਰਾਂ।

ਪਾਕ ਤਸਬੀਆਂ ਗਲੇ ਜੋ ਪੀਰਾਂ
ਰਹਿਸਨ ਨਾਲ ਜੋ ਵਕਤ ਅਖੀਰਾਂ

ਨੂਰ ਨਮਾਜ਼ ਭਰਨ ਵਿਚ ਗਾਨੀ
ਜ਼ੋਰ ਕਰਨ ਜਲਵੇ ਨੂਰਾਨੀ।

ਲੈਣ ਦੀਦ ਦਿਲਬਾਗ ਦੀ ਹੀਰਾਂ
ਨਾਲ ਕਲੰਦਰ ਸੇਖਾਂ ਪੀਰਾਂ।

ਅਜ਼ਲੋਂ ਲੰਮੀ ਬਾਂਹ ਰਕਾਨਾਂ
ਦੂਰ ਹੁਲਾਰਣ ਜਿਵੇਂ ਅਜ਼ਾਨਾਂ।

ਮੁੜ ਉਹ ਹੱਥ ਅਜਨਬੀ ਪਿਆਰੇ
ਉਹੀਓ ਮਹਿੰਦੀ ਨਾਲ ਸ਼ਿੰਗਾਰੇ

ਮਸਜਿਦ ਦੀ ਮਹਿਰਾਬ ਦੇ ਥੱਲੇ
ਦਿਸਦੇ ਮੇਲੇ ਵਿਚ ਇਕੱਲੇ।

ਆ ਦਿਲਬਾਗ ਦੇ ਨੈਣੀਂ ਲੱਸੇ
ਜ਼ਿਮੀਂ ਜ਼ਮਾਨ ਹੱਕ ਜੋ ਵੱਸੇ।

x x x x x
x x x x x

ਮੈਂ ਦਿਲਬਾਗ ਨਾਲ ਇਕ ਵਾਰੀ
ਰਾਤ ਸਾਂ ਕੱਟਦਾ ਸਿਖਰ ਪਹਾੜੀ

ਚਾਨਚੱਕ ਇਕ ਜਾਲ ਡਰੌਣਾ
ਕੋਹਾਂ ਤੀਕਰ ਚੁੱਕਿਆ ਪੌਣਾਂ
ਸੀਸ ਪਹਾੜੀ ਕੰਬਦਾ ਆਇਆ
ਤੰਦੀਂ ਬੰਨ੍ਹ ਮੌਤ ਦਾ ਸਾਇਆ।

ਸਾਹ ਨ ਲਵਾਂ ਕਿ ਕਣ ਕਣ ਵਾਵਾਂ
ਘੁੱਟੀਆਂ ਕਹਿਰਾਂ ਨਾਲ ਬਲਾਵਾਂ।


WWW.SIKHBOOKCLUB.COM

ਪੰਜਾ ਛੁਪੇ ਫ਼ਨਾ ਦਾ ਜ਼ਹਿਰੀ
ਨੇਸਾਂ ਸੁੱਟ ਚੁਫੇਰੇ ਕਹਿਰੀ

ਅਣਦਿੱਸ ਵਿਚ ਹਨੇਰ ਖਲੋਵੇ
ਘੁੱਟ ਕਿਆਮਤ-ਕੰਠ ਪਰੋਵੇ।

x x x x x
x x x x x

ਸੁੰਞ ਪਹਾੜ ਘਿਰੇ ਅਣਜਾਣੇ
ਅਸੀਂ ਅਸੀਰ ਗ਼ਰੀਬ ਨਿਮਾਣੇ।

ਕੀੜੇ ਵਾਂਗ ਬਦੀ ਦਾ ਨਾਵਾਂ
ਲੁਕ ਬੈਠਾ ਵਿਚ ਮਧੁਰ ਸਦਾਵਾਂ!

ਖਿੱਚਾਂ ਤੁਰਸ਼ ਪਤਾਲਾਂ ਵੱਲੋਂ
ਤੁੰਦ ਬੇਦੀਨੇ ਸਾਲਾਂ ਵੱਲੋਂ
ਤੋੜ ਉਡਾਉਣ ਜਾਨ ਦੇ ਰੇਜ਼ੇ
ਸਿੰਨ੍ਹੇ ਘੂਰ ਲਸ਼ਕਰਾਂ ਨੇਜ਼ੇ
ਜਿਉਂ ਹੋ ਕਹਿਰ ਕਲੂਰ ਨਾਬੀਨੇ
ਕੁੰਡੀਆਂ ਸੁਟ ਸੁਟ ਫੋਲਣ ਸੀਨੇ
ਤਦੋਂ ਮੈਂ ਅਰਜ਼ ਕਰਾਂ ਵਿਚ ਦੁੱਖਾਂ
ਬੂੰਦ ਜਿਵੇਂ ਵਿਚ ਲੂਸੇ ਰੁੱਖਾਂ।

ਤੱਕਾਂ! ਕਰੀ ਜਾਂ ਜੁਗਨੂੰ ਲੋਇ
ਯਾਰ ਦੇ ਨੈਣ ਅਜ਼ਲ ਤਕ ਰੋਇ।

ਤੜਪੇ ਰਹਿਮ 'ਬਾਗ਼' ਦੇ ਨੈਣੀਂ
ਲੁਕਿਆ ਦੇਖ ਰਿਹਾ ਕੁਝ ਰੈਣੀਂ:

ਖੜ ਲੱਖਾਂ ਸ਼ਮਸ਼ਾਨ ਬਲਾਵਾਂ
ਰਾਖ ਉਡਾਵਣ ਵਿਚ ਹਵਾਵਾਂ

ਸਾੜ ਹੱਡੀਆਂ ਕੋਹ ਕੇ ਕੌਮਾਂ
ਜਲ ਸਹਿਰਾ ਧਸਣ ਵਿਚ ਰੋਮਾਂ

ਲੋ ਕਰੇ ਜੁਗਨੂੰ ਬਨਬਾਸੀ
ਰਾਖ ਕੌਮ ਦੀ ਫਿਰੇ ਪਿਆਸੀ।

x x x x x


WWW.SIKHBOOKCLUB.COM

ਮੈਂ ਤੇ 'ਬਾਗ਼' ਉਦਾਸ ਅਸੀਰਾਂ
ਅਰਦਾਸ ਕਰੀ ਵਾਂਗ ਦੋ ਵੀਰਾਂ

ਰੂਹ ਹਰ ਕਿਹਾ: 'ਅਟਕ ਵਿਚ ਠੱਲ੍ਹਾਂ'
ਪਰਬਤ-ਪੈਰ ਗਰਜੀਆਂ ਛੱਲਾਂ

ਚੀਰ ਜਿਵੇਂ ਨਾਬੂਦ ਦਾ ਕੀਨਾ
ਜ਼ੋਰ ਕਰੇ ਦਰਿਆ ਦਾ ਸੀਨਾ;

ਕੱਪਰਾਂ ਲਿਆ ਪਹਾੜ ਸ਼ਿਕੰਜੇ
ਲਹਿਰਾਂ ਜਿਉਂ ਸ਼ੀਂਹਾਂ ਦੇ ਪੰਜੇ!

ਬੇੜੇ ਟੁੱਟ ਪਾਂਵਦੇ ਭੀੜਾਂ
ਉਂਞ ਧਰਵਾਸ ਦਿੱਤੇ ਕੁਝ ਨੀਰਾਂ।

ਕੌਮ ਦੇ ਲਸ਼ਕਰ ਰਣਾਂ 'ਚ ਪੁੱਗੇ
ਸ਼ੂਕ ਰਹੇ ਦਰਿਆ ਵਿਚ ਡੁੱਬੇ।

x x x x x

ਮੈਂ ਦਿਲਬਾਗ ਦੀ ਕਰਾਂ ਸਵਾਰੀ
ਪੌੜ ਫੜੇ ਕੋ ਸਿਖਰ ਪਹਾੜੀ।
ਜੰਮ ਗਿਆ ਘੋੜਾ ਜਿਉਂ ਪੱਥਰ
ਰਹੇ ਗਾਨੀ ਅਰਦਾਸ ਦੇ ਅੱਖਰ!

x x x x x

ਦਿੱਤੀ ਕੌਮ ਦੇ ਰੁਲੇ ਸਵਾਰਾਂ
ਸੈਨਤ ਵਾਂਗ ਕਦੀਮੀ ਯਾਰਾਂ

ਬਲੇ ਸਿਦਕ! ਦਿਲਬਾਗ ਮੈਂ ਛੇੜਾਂ,
ਵਲ ਹੜਾਂ ਦੇ, ਵਿਚ ਹਨੇਰਾਂ।

ਜਦ ਦਿਲਬਾਗ ਦੇ ਸੀਨੇ ਕਾਂਗਾਂ
ਸੁੱਟੀ ਚਮਕ ਸ਼ਹਾਬ ਦੇ ਵਾਂਗਾਂ
ਮਾਰੀ ਛਾਲ ਜਨੂੰਨ ਅਮੋੜੇ
ਸ਼ੀਂਹ ਬਾਜ਼ਾਂ ਦੇ ਕਹਿਰ ਨੂੰ ਖੋਰੇ।

ਤਦੋਂ ਕੰਡ ਮਿਰੀ ਵਿਚ ਸਾਂਗਾਂ
ਖੁਭੀਆਂ ਮਾਰ ਹਨੇਰ 'ਚ ਚਾਂਗਾਂ


WWW.SIKHBOOKCLUB.COM

ਸੁੱਟਿਆ ਪਰਬਤ ਘੁੰਮ ਹਵਾਵਾਂ
ਥੰਮ੍ਹ ਲਿਆ ਰਹਿਮ ਕਰ ਮਾਵਾਂ।

ਸ਼ੋਰ! ਜ਼ਲਜ਼ਲੇ! ਫੇਰ ਬੇਹੋਸ਼ੀ।
ਰਹਿਮ ਦੀ ਗੋਦ ਧਰਤ ਬੇਦੋਸ਼ੀ!

x x x x x
x x x x x

ਜਦੋਂ ਵੜੇ ਭੰਵਰ ਜੋ ਖ਼ੂਨੀ
ਅਟਕੇ ਜੁਗਾਂ ਦੇ ਜ਼ੋਰ ਜਨੂੰਨੀ;

ਮਗਰ ਸਾਡੇ ਕੰਬਦੇ ਅਸਵਾਰਾਂ
ਲਸ਼ਕਰ ਠੇਲ੍ਹ ਦਿੱਤੇ ਵਿਚ ਧਾਰਾਂ।

ਹਰ ਹਰ ਬੂੰਦ 'ਚ ਸਬਰ ਸਬੂਰੀ
ਨੀਰ ਦੀ ਛੁਹ ਬੰਦਗੀ ਪੂਰੀ।

ਮੈਂ, ਦਿਲਬਾਗ, ਉਡਦੀਆਂ ਛੱਲਾਂ,
ਵਹਦਤ ਦੇਸ ਦੀਆਂ ਕੁਝ ਗੱਲਾਂ।

x x x x x

ਪਰਬਤ ਦੂਰ ਦਿਸੇ ਤਰ ਪਾਣੀ
ਜਲਦੇ ਜਾਲ ਸਿਖਰ ਹੁਣ ਤਾਣੀ।

ਤੱਕਿਆ ਅਸੀਂ ਪਾਰ ਦੇ ਪੱਤਣ
ਰੋਹੀਆਂ ਵਿਚ ਰਕਾਨਾਂ ਕੱਤਣ।

ਤੰਦਾਂ ਪਾਉਣ ਉਡਿ ਵਿਸਮਾਦਾਂ
ਛੱਡ ਇਕੱਲਾਂ ਜਾਣ ਨ ਯਾਦਾਂ।

ਦੀਵੇ ਚੁੱਕ ਫਿਰਦੀਆਂ ਨਾਰਾਂ
ਪੈੜਾਂ ਦਿਸਣ, ਗੁਆਚਣ ਡਾਰਾਂ।

ਚਾ ਕੇ ਕੌਲ ਕੌਮ ਦੇ ਕੂੰਜਾਂ
ਸੁਣ ਆਵਣ ਆਤਣ ਦੀਆਂ ਗੂੰਜਾਂ।

ਤੰਦਾਂ ਪਾਰ ਮੌਤ ਤੋਂ ਹੋਈਆਂ
ਦੀਵੇ ਬਲਣ ਪਏ ਵਿਚ ਰੋਹੀਆਂ।

x x x x x
x x x x x


WWW.SIKHBOOKCLUB.COM

ਅੱਧੀ ਰਾਤ ਰਕਾਨਾਂ ਹੱਸਣ
ਪੀਂਘਾਂ ਚਾੜ੍ਹ ਫ਼ਨਾ ਨੂੰ ਡੱਸਣ।

ਨ ਕੁਝ ਪੀਰ ਫ਼ਕੀਰ ਨੂੰ ਦੱਸਣ
ਰਮਜ਼ਾਂ ਪਕੜ ਥਲਾਂ ਵਿਚ ਕੱਸਣ।

ਇਕ ਪਲ ਮੈਂ ਦਿਲਬਾਗ ਨੂੰ ਛੇੜਾਂ
ਅਣਛੋਹ ਵਿਚ ਇਕੱਲਾਂ ਫੇਰਾਂ।

ਕਾਲੇ ਹਰਨ ਨਾਲ ਵਿਚ ਰੋਹੀਆਂ
ਸੰਮੀ ਖੜੀ ਨੂੰ ਉਮਰਾਂ ਹੋਈਆਂ।

ਬੁੱਤ ਨਾਲ ਕੰਬਣ ਪਏ ਤਾਰੇ
ਨਭ ਨੇ ਵੇਖੇ ਹੱਥ ਨ ਸਾਰੇ।

ਮਹਿੰਦੀ ਪੈਰਾਂ ਹੇਠ ਬਲੰਦੀ
ਝੁੰਮਰ ਵਿਚ ਖ਼ਾਬ ਜਿਉਂ ਬੰਦੀ।

ਸੂਹੇ ਹੱਥ ਸਮੇ ਦੇ ਕੰਮੀ
ਛੁਪੀ ਰਹੀ ਬਾਰਾਂ ਵਿਚ ਸੰਮੀ।

ਲੋ ਅਸੀਸ ਨਬੀਆਂ ਦੀ ਜੁੱਲੇ
ਚੁੱਕ ਖ਼ੁਸ਼ਬੋ ਲੈਣ ਕੁਝ ਬੁੱਲੇ।

ਕੌਲ ਕੌਮ ਦੇ ਸੁੱਤੇ ਦਾਰੀਂ
ਜਾਗ ਤੁਰਨ ਸੰਮੀ ਨਾ' ਬਾਰੀਂ।

x x x x x

ਆਇ ਖੜੀ ਦਿਲਬਾਗ ਦੇ ਅੱਗੇ
ਸ਼ਾਹ ਪਰੀ ਮਜ਼੍ਹਬਾਂ ਦੀ ਲੱਗੇ।

ਤ੍ਰਿੰਞਣ ਵਲ ਸੁੱਟ ਕੇ ਰਮਜ਼ਾਂ
ਨਾਲ ਸੁਬਕ ਸੋਹਣੀਆਂ ਸਮਝਾਂ
ਕਹੇ: "ਕੌਮ ਦੇ ਹੱਕ ਨਿਆਰੇ
ਕਰ ਪਰਵਾਜ਼ ਰਹੇ ਚੱਕ ਚਾਰੇ।

ਹੱਕ ਨਾਲ ਜੇ ਰਹਿਣਾ ਸੁਆਰਾਂ
ਗਾਨੀ ਚਮਕ ਪਊ ਵਿਚ ਬਾਰਾਂ।

ਚਮਕ ਇਹੋ ਮਾਵਾਂ ਦੀ ਕੁੱਖੀਂ।
ਵਸਦੀ ਰਹੇ ਝੋਕ ਦੇ ਰੁੱਖੀਂ।


WWW.SIKHBOOKCLUB.COM 

ਆਤਣ ਛੋਪ ਪਾਉਣ ਜਦ ਭੈਣਾਂ
ਸਿਮਰ ਸਵਾਰ ਲੈਣ ਵਿਚ ਰੈਣਾਂ।

ਤੰਦਾਂ ਚੜ ਜਾਵਣ ਅਸਮਾਨੀ
ਬਣ ਜਾਵਣ ਦਿਲਬਾਗ ਦੀ ਗਾਨੀ।"

x x x x x

ਸੁਣ ਨਿਗਾਹ ਵਲੀਆਂ ਦੀ ਸੁੱਚੀ
ਹੋਈ ਧ੍ਰਵ ਤਾਰੇ ਤੋਂ ਉੱਚੀ।

ਤੇਜ ਸਮੇ ਦਾ ਹੋਇ ਇਕੱਠਾ
ਨਭ ਦੀ ਬਲੀ ਨਿਗਾਹ ਵਿਚ ਢੱਠਾ।

ਖੋਰ ਕੇ ਸੂਰਜ ਚੰਨ ਅਗੰਮੀ
ਖੜ੍ਹ ਗਈ ਲੀਕ ਫ਼ਜਰ ਦੀ ਲੰਮੀ।

ਰੁਕੇ ਅਡੋਲ ਨਿਗਾਹ ਵਿਚ ਸਾਰਾ
ਵੇਗ ਸਮੇ ਦਾ ਬੇ-ਮੁਹਾਰਾ।

ਵਜਦ ਕੂਕ ਰਿਹਾ ਅਸਮਾਨੀ;
"ਰੁਕੀਂ ਬੁਰਾਕ ਨਬੀ ਦੇ ਜਾਨੀ।"

ਵੇਗ ਨਵਾਂ ਦਿਲਬਾਗ ਦਾ ਬਣਿਆਂ
ਖਿਲਰ ਗਿਆ ਛਿਪ ਕੇ ਵਿਚ ਸਮਿਆਂ।

ਸੰਮੀ ਤਕ ਅਬੋਲ ਸੀ ਹੋਈ
ਦੂਰ ਉਡੀਕਣ ਲਸ਼ਕਰ ਕੋਈ।

ਉੱਡ ਦਿਲਬਾਗ ਨਾਲ ਮੈਂ ਚੱਲਾਂ
ਸੰਮੀ ਖੜ੍ਹੀ ਰਹੀ ਵਿਚ ਝੱਲਾਂ।

x x x x x

ਔਹ ਲਸ਼ਕਰ ਕੀ ਦੇਣ ਗਵਾਹੀ
ਨੇਜ਼ਿਆਂ ਨਾਲ ਚਰਖ ਅਟਕਾਈ।

ਮੋੜਿਆਂ ਮੁੜੇ ਨ ਘੁੱਲੂਘਾਰੇ
ਗੁਰੂ ਗ੍ਰੰਥ ਰਿਹਾ ਵਿਚਕਾਰੇ।

ਚਲ ਰਹੇ ਕਰਦੇ ਅਰਦਾਸਾਂ
ਡਾਢੇ ਲਸ਼ਕਰ ਜਰਣ ਪਿਆਸਾਂ।


WWW.SIKHBOOKCLUB.COM

ਬਿਨ ਦੱਸਿਆਂ ਮੈਂ ਬੋਲ ਪਛਾਣੇ
ਵੱਡ ਵਡੇਰੇ, ਸਬਰ ਪੁਰਾਣੇ!

ਫੇਰ ਅੱਖ ਦਿਲਬਾਗ ਦੀ ਰੋਈ
ਸੁਣਿ ਸਭਰਾਵਾਂ ਵਿਚ ਜੋ ਹੋਈ।

ਇੰਞ ਟੱਪ ਰਾਤ ਦੇ ਪਹਿਰੇ
ਨਨਕਾਣੇ ਤਕ ਸਿਖਰ ਦੁਪਹਿਰੇ
ਆਏ ਲਸ਼ਕਰ ਨਾਲ ਅਸਾਡੇ
ਚਲੇ ਗਏ ਬਿਨ-ਦੱਸਿਆਂ ਡਾਢੇ।

x x x x x
x x x x x

ਨਨਕਾਣੇ 'ਤੇ ਪਈਆਂ ਸੰਞਾਂ
ਮੈਂ ਵੱਤ ਢੋਕ ਬਾਬਾਣੀ ਵੰਞਾਂ।

ਟਿਮਕ ਪਿਆ ਨਹਿਰਾਂ 'ਤੇ ਤਾਰਾ
ਉਹੀਓ ਵੇਸ, ਅਜੇ ਵਣਜਾਰਾ!

ਨੂਰ ਮਹਿਲ ਦੇ ਬਿਰਖਾਂ ਨੇੜੇ
ਕਰ ਦਿਲਬਾਗ ਨੇ ਡਾਢੇ ਜੇਰੇ

ਰੋਕੇ ਕਦਮ ਸਮੇ ਸੰਗ ਨਾਪੇ
ਸਾਹਮੇ ਕਿਸੇ ਹੁਕਮ ਦੇ ਆਪੇ।

ਉੱਤਰ ਹਿਠਾਂਹ ਅੱਥਰੂ ਕੇਰਾਂ
ਨ ਦਿਲਬਾਗ ਮੁੜੇ ਇਕ ਵੇਰਾਂ।

ਤਦ ਮਿਲਿਆ ਇਕ ਸਿੱਖ ਕਲੰਦਰ
ਨੂਰ ਮਹਿਲ ਦੀਆਂ ਜੂਹਾਂ ਅੰਦਰ।

ਮਾਂ-ਮੋਹ ਚੜ੍ਹਿ ਅੱਖੀਏਂ ਛਲਕੇ
ਜਦ ਬੋਲੇ ਸੁਪਨੇ ਜਿਉਂ ਝਲਕੇ:

"ਕਿਉਂ ਡੁਸਕੇਂ ਲਾ ਡੂੰਘੀ ਤਾਰੀ
ਹੁਕਮ ਦੀ ਲਿਵ 'ਤੇ ਕਰ ਅਸਵਾਰੀ?

ਨਸਦਾ ਆਦਿ ਜੁਗਾਦਿ ਦੀ ਧੰਮੀ
ਹੁਕਮ ਦੀ ਲਿਵ? ਦਿਲਬਾਗ ਅਗੰਮੀ।


WWW.SIKHBOOKCLUB.COM

ਹੱਕ ਜਦੋਂ ਬਖ਼ਸ਼ਣ ਅਸਵਾਰੀ
ਕੱਪਰ ਕੌਮ ਚੀਰਦੀ ਭਾਰੀ।

ਚੁੰਮੇ ਆ ਮੀਰੀ ਤੇ ਪੀਰੀ
ਪੰਥ ਨੂੰ ਬਖ਼ਸ਼ੇ ਨਾਮ-ਫ਼ਕੀਰੀ।

ਖੂਹੋਂ ਕੱਢ ਪੂਰਨ ਦੁਖਿਆਰੇ
ਮਾਂ-ਮੋਹ ਦੇ ਬਾਗ਼ ਉਤਾਰੇ।

ਹੁਕਮ ਦੀ ਲਿਵ ਤਰਸ ਦੇ ਪੈਂਡੇ
ਸਾਜ ਲਵੇ ਧਰਤੀ 'ਤੇ ਵਹਿੰਦੇ।

ਅਕਸ ਮਹੀਨ ਤਰਸ ਦੇ ਪਾਵੇ
ਘਰਾਂ 'ਚ ਕੌਮ ਦੇ ਨਕਸ਼ ਬਣਾਵੇ।

ਉੱਚੇ ਬੁਰਜ ਮੌਤ ਦੇ ਖੜੀਆਂ
ਘੇਰਨ ਹਵਸ-ਬਲਾਵਾਂ ਬੜੀਆਂ।

ਚੜ੍ਹ ਦਿਲਬਾਗ ਦੇ ਵੇਗ ਜਨੂੰਨੀ
ਤਰੀ ਤੂੰ ਹੜ੍ਹ ਦੀ ਬਾਲ-ਮਾਸੂਮੀ।

ਜਦੋਂ ਕਦੇ ਬੇਦੀਨੇ ਤੀਰਾਂ
ਮੈਨੂੰ ਕੋਹਿਆ ਸੰਗ ਫ਼ਕੀਰਾਂ

ਓਦੋਂ ਨਜ਼ਰ ਗ਼ੈਬ ਦੀ ਲੈ ਕੇ
ਹੁਕਮ-ਲਿਵ ਦੇ ਪੈਂਡੇ ਪੈ ਕੇ

ਤਕਸੈਂ ਬ੍ਰਿਹਾ-ਰੈਣ 'ਚ ਮੈਨੂੰ
ਤੁਰਸੈਂ ਵੰਝਲੀ ਸੁਣੇ ਜਾਂ ਤੈਨੂੰ।

ਸ਼ਾਲਾ! ਕਦੇ ਨ ਭੁੱਲੇਂ ਦੁਆਵਾਂ
ਦਰੀਂ ਉਡੀਕ ਰਹੀਆਂ ਨੇ ਮਾਵਾਂ।"

*(ਇਤਿ ਸਰਗ ਚੌਥਾ)*

•


WWW.SIKHBOOKCLUB.COM

# ਸਰਗ ਪੰਜਵਾਂ

## ਕੁਰਲਾਉਂਦੇ ਕਾਫ਼ਲੇ

## (ੳ)

## ਬੇਸਿਦਕੀ ਦੇ ਆਲਮ

—1—

ਰਹੀ ਘਾਇਲ ਮਿਰਗ ਦੀ ਫ਼ਜਰੀਂ
ਡੂੰਗਰ ਵਿੰਨ੍ਹ ਹਵਾਵਾਂ:
"ਗੁਰੂ ਗ੍ਰੰਥ ਡੋਬਿਆ ਕਿਸ ਨੇ
ਵਿਚ ਬੇਦਰਦ ਖਲਾਵਾਂ?

"ਲਾਲ ਬਿਜਲੀਏਂ ਸੜ ਕੁਰਲਾਵਣ
ਤ੍ਰੀਹ ਚੌਦਾਂ ਸੌ ਪੰਨੇ।
ਪ੍ਰਲੈ ਨਾਲ ਖ਼ਾਲਸਾ ਲਸ਼ਕਰ
ਬੇਬਸ ਸਿਰਾਂ ਨੂੰ ਭੰਨੇ।"

ਮਾਂ ਮਿਰੀ ਸੁਪਨੇ ਵਿਚ ਰੋਈ:
"ਸੋਨ-ਮਿਰਗ ਇਹ ਛਲਦਾ!
ਨ ਵੰਝ, ਦਗ਼ਾ ਫ਼ਰੇਬ ਚੁਫੇਰੇ
ਮੌਤ ਦੀ ਚੁੰਝ 'ਚ ਬਲਦਾ।

"ਦਿਸੇ ਅਨੀਲ ਸ਼ਬਦ ਜਿਉਂ ਲਟਕੇ
ਵਿਚ ਬੇ-ਸਿਦਕ ਦਰਾੜਾਂ;
ਏਸ ਦਗ਼ੇ ਨੇ ਕੋਹੀਆਂ ਨਸਲਾਂ
ਬੇਦਰੇਗ਼ ਵਿਚ ਜਾੜ੍ਹਾਂ।"

ਮੈਂ ਅਣਸੁਣੇ ਬੋਲ ਕਰ ਦੇਖਾਂ
ਫ਼ਜਰੀਂ ਹਾੜ ਮਹੀਨੇ।
ਪਿੰਡ ਦੀ ਪਾਕ ਗੜ੍ਹੀ ਸਿਰਿ ਪੈਂਦੇ
ਲੁਕ ਗਏ ਹੱਥ ਬੇਦੀਨੇ।


WWW.SIKHBOOKCLUB.COM

ਖੌਲਣ ਦਗ਼ੇ ਫ਼ਰੇਬ ਚੁਫੇਰੇ
ਹੱਥ ਛੁਪੇ ਜਾ ਡੂੰਘੇ।
ਸੁੰਨ-ਜ਼ੰਜੀਰ ਧਰਤ ਦੇ ਗਲ ਵਿਚ
ਸਮਾਂ ਪਾਇ ਕੇ ਊਂਘੇ।

ਅੱਗ ਉਗਲਦੇ ਰੁੱਖਾਂ ਕੋਲੇ
ਕੌਮਾਂ ਖੜੀਆਂ ਕੰਬਣ।
ਤਾਂਬੇ ਰੰਗੀਆਂ ਰੇਤਾਂ 'ਤੇ ਤੁਰ
ਅਦਲ ਧਰਤ ਦੇ ਹੰਭਣ।

—2—

ਸ਼ਾਹ ਦਰਵਾਜ਼ੇ ਵੱਲੋਂ ਆਉਂਦੇ
ਦੱਸਿਆ ਪਹਿਰੇਦਾਰਾਂ:
"ਰਹੇ ਰਾਤ ਗਲੀਆਂ ਵਿਚ ਘੁੰਮਦੇ
ਚਾ ਕੇ ਬੁੱਤ ਉਜਾੜਾਂ।

"ਪਾਕ ਗੜ੍ਹੀ ਦੀ ਕੰਧੀਂ ਖੋਭਣ
ਦਲ ਬੁੱਤਾਂ ਦੇ ਨਜ਼ਰਾਂ
ਫੰਧੇ ਪਏ ਰਹੇ ਗਲ ਸਾਡੇ
ਨੇੜੇ ਆਉਣ ਨ ਫ਼ਜਰਾਂ।

"ਸੁੰਨ ਬੇਅੰਤ ਪਤਾਲਾਂ ਵਿੱਚੋਂ
ਪਾੜ ਜ਼ਿਮੀਂ ਨੂੰ ਉੱਠੇ
ਸੱਚ ਬਜ਼ੁਰਗਾਂ ਵਾਲੇ ਡੂੰਘੇ
ਦੂਤੀ ਨਜ਼ਰਾਂ ਕੁੱਠੇ।

"ਤ੍ਰੰਡ ਪਿਆਸਾਂ ਸੁੱਕੇ ਕੰਠੋਂ
ਬੁੱਤ ਜ਼ਿਮੀਂ 'ਤੇ ਮਾਰਨ।
ਮੋਈਆਂ ਨਸਲਾਂ ਦੀਆਂ ਬੋਟੀਆਂ
ਗਲੀਆਂ ਵਿਚ ਖਲਾਰਨ।"

ਅਣਦਿੱਸ ਫੰਧਿਆਂ ਸਾਹਮੇ ਮੈਨੂੰ
ਛੋਡ ਉਹ ਵੀ ਘਰ ਚੱਲੇ।
ਪਾਣੀ ਅਜੇ ਛਲਕਦੇ ਖੂਹੀਂ
ਹੂੰਗਰ ਕਿਸਦੇ ਥੱਲੇ?


WWW.SIKHBOOKCLUB.COM

ਨੂਰ ਮਹਿਲ ਦੇ ਖੂਹ 'ਤੇ ਖੜੀਆਂ
ਸੁਖਨ ਕਰਨ ਦੋ ਨਾਰਾਂ:
"ਰਾਤੀਂ ਬੁੱਤ ਵੇਖਕੇ ਭੈੜੇ
ਚੈਨ ਤੁਰੇ ਛਡ ਬਾਰਾਂ।

"ਅਰਜ਼ ਕਰਨ ਅੰਬਰ ਨੂੰ ਰਾਤੀਂ
ਹੂਰਾਂ ਖੂਹ ਵਿਚ ਕੋਹੀਆਂ।
ਪੀਰ ਮਹਿਲ ਤੋਂ ਕੂੰਜਾਂ ਉੱਡੀਆਂ
ਨੂਰ ਮਹਿਲ ਵਿਚ ਮੋਈਆਂ।

"ਭੈਣੇ ਮਾਂ ਮਿਰੀ ਨੇ ਰਾਤੀਂ
ਝਾਤ ਬਨੇਰਿਉਂ ਮਾਰੀ।
ਗਲੀਆਂ ਵਿਚ ਘਾਇਲ ਇਕ ਘੋੜਾ
ਫਿਰਦਾ ਬਿਨ ਅਸਵਾਰੀ।

"ਗਲੀਆਂ ਵਿਚ ਰੋਕਦੇ ਘੋੜਾ
ਮਾਂ ਦਸਦੀ ਹਤਿਆਰੇ।
ਫੜਕੇ ਪੌੜ ਬੁੱਤ ਕੋਈ ਗੋਤਾ
ਸੁੰਨ ਪਤਾਲ 'ਚ ਮਾਰੇ।

"ਉੱਡਿਆ ਘੋੜ ਤਾਂ ਬੁੱਤਾਂ ਜੋਬਨ
ਲੂਹਿਆ ਗਾਨੀ ਸੰਦਾ;
ਵਰਭੰਡਾਂ ਗਲ ਤਦੋਂ ਕਹਿਕਸ਼ਾਂ
ਬਣੀ ਵਿਸ਼ੈਲਾ ਫੰਧਾ।"

—3—

ਆਇਆ ਯਾਦ 'ਬਾਗ਼' ਮਨ ਭਰਿਅਮੁ
ਪਰ ਉਹ ਯਾਦ ਵਿਹਾਣੀ।
ਧਰਤ ਦੀਆਂ ਨਾੜਾਂ ਕੁਲ ਰੁਕੀਆਂ
ਪੌਣੀਂ ਰਹੇ ਨ ਪਾਣੀ;

ਜਿਵੇਂ ਕਾਲ ਵਿਚ ਰੁਕੇ ਮੱਛ ਨੇ
ਜਲ ਥਲ ਨਿਗਲੇ ਸਾਰੇ;
ਧਰ ਦੇ ਸਾਹ ਘੇਰ ਵਿਚ ਨੇਸਾਂ
ਪੇਟ-ਅਗਨ ਵਿਚ ਵਾੜੇ।


WWW.SIKHBOOKCLUB.COM

ਮੈਂ ਵਿਚ ਨੂਰ ਮਹਿਲ ਦੀਆਂ ਗਲੀਆਂ
ਨਸਿਆ ਵਾਂਗ ਵਰੋਲੇ,
ਲੂਆਂ ਫਿਰਨ ਹਾੜ ਵਿਚ ਰੋਹੀਏਂ
ਨਨਕਾਣੇ ਦੇ ਕੋਲੇ।

ਦੂਰ ਥਲਾਂ ਦੀ ਖ਼ਾਕ 'ਚ ਹਿਲਦਾ
ਕੋ ਬਿਰਧ ਦੀਵਾਨਾ।
ਜਾਇ ਵਰੋਲਿਆਂ ਉੱਤੇ ਲੱਦੀ
ਸਮਿਆਂ ਦਾ ਬੁੱਤਖ਼ਾਨਾ।

ਥਲ ਦੀ ਰੇਤ ਖਾ ਕੇ ਪਲੀਆਂ
ਕੋਟ ਬੁੱਤਾਂ ਦੀਆਂ ਰੇਖਾਂ;
ਬਿਰਧ ਦੀਆਂ ਅੱਖਾਂ ਵਿਚ ਵੜਕੇ
ਬਾਹਰ ਆਉਣ ਮੈਂ ਵੇਖਾਂ।

ਉਸ ਨੂੰ ਸਮੇਂ ਨਾ' ਉੱਠ ਮਿਲਾਇਆ
ਦਿਲੇ 'ਚ ਲੁਕੇ ਗੁਨਾਹਾਂ;
ਹਰ ਕੂੰਬਲ ਚੋਂ ਫੁੱਟ ਕੇ ਆਈਆਂ
ਛੁਪੀਆਂ ਆਜ਼ਰ-ਰਾਹਾਂ।

ਕਾਲੀ ਲਾਸ ਪਵੇ ਹਰ ਦਿਲ 'ਤੇ
ਨਜ਼ਰ ਵਰੋਲਿਉਂ ਵੱਜੇ।
ਧਰ ਦੀ ਬਾਂਝ ਕੁੱਖ ਦਾ ਟੂਣਾ
ਕਲਬ ਸੁਕਾਵੇ ਕੱਜੇ।

ਹੜ੍ਹ ਸੁਕਾਉਣ ਦੀ ਸਾਜ਼ਿਸ਼ ਬਣਕੇ
ਨੀਰ ਅਜ਼ਲ ਤਕ ਸੂਤੇ;
ਬਾਂਝ ਸੁੰਨ ਖੜ੍ਹਦੀ ਜਦ ਬੁਝਦੇ
ਦਿਲ ਦੇ ਤੇਜ਼ ਭਬੂਕੇ।

ਰੋ ਤੱਕੀ ਪੈਰਾਂ ਵਿਚ ਰੁਲਦੀ
ਮੈਂ ਦਿਲਬਾਗ ਦੀ ਗਾਨੀ
ਘੇਰ ਬੁੱਲਿਆਂ ਦੇ ਵਿਚ ਕੋਂਹਦਾ
ਆਜ਼ਰ ਘੋੜ ਨੂਰਾਨੀ।

ਛਬੀਆਂ ਪਾੜ ਜ਼ਿਮੀਂ ਨੂੰ ਉੱਡਣ,
ਢਕੇ ਵਰੋਲੇ ਰੱਤਾਂ;
ਸੋਹਣੀ ਨਾਰ ਗਲੀ ਵਿਚ ਰੋਂਦੀ:
"ਸੂਤ ਡੈਣਾਂ ਦੇ ਕੱਤਾਂ।"


WWW.SIKHBOOKCLUB.COM

ਕਿਸ ਹਰਨਾਖ਼ਸ਼ ਬੁੱਲਿਆਂ ਅੰਦਰ
ਖ਼ੂਨੀ ਥੰਮ੍ਹ ਨੇ ਬਾਲੇ;
ਧਰਤੀ ਦੇ ਮਾਸੂਮ ਦਿਲਾਂ ਨੂੰ
ਫੜ ਫੜ ਧੂਹਣ ਵਿਚਾਲੇ।

ਰਾਹ ਸੂਰਜ ਦੇ ਘਾਇਲ ਘੋੜ ਦੀ
ਨਜ਼ਰ ਜੁਗੋ ਜੁਗ ਪੁੱਗੇ।
ਚੀਰ ਵਰੋਲੇ ਖ਼ੂਨ 'ਚ ਭਿੱਜੇ
ਵਲ ਸਲੀਬਾਂ ਉੱਡੇ।

ਮੈਂ ਜਾਣਾਂ ਧਰਤੀ ਵੱਲ ਆਵਣ
ਘਾਇਲ ਲਹੂ ਦੀਆਂ ਬੂੰਦਾਂ।
ਲੂਹੇ ਰੁੱਖ ਤਿੱਪ ਇਕ ਮੰਗਣ
ਲੂਛਦੇ ਵਾਂਗਰ ਕੂੰਜਾਂ।

—4—

ਨੂਰ ਮਹਿਲ ਦੀਆਂ ਗਲੀਆਂ ਦੇ ਵਿਚ
ਮੈਂ ਅੱਤ ਸਿਖਰ ਦੁਪਹਿਰੇ;
ਤੱਕੇ ਤਿੰਨ ਫ਼ਰਿਆਦੀ ਫਿਰਦੇ
ਤੁੰਦ ਡਰੇ ਤੇ ਗਹਿਰੇ।

ਸਦਮੇ ਤੁਰਸ਼ ਜ਼ਿਮੀਂ ਦੇ ਦੱਬੇ
ਅੱਖੀਏਂ ਫਿਰਨ ਭਖਾ ਕੇ;
ਚੋਰ ਜਾਸੂਸ ਜਹੀ ਕੁਈ ਸਾਜ਼ਿਸ਼
ਬੁੱਢੇ ਸੁਪਨਿ ਡੁਬਾ ਕੇ।

ਰੋ ਕਿਹਾ ਪਹਿਲੇ ਫ਼ਰਿਆਦੀ
"ਰਮਜ਼ ਬਿਨਾਂ ਜਗ ਜੀਂਦਾ।
ਕੋਟ ਕੋਹਾਂ ਦੇ ਪੈਂਡੇ ਸੁੰਞੇ
ਗੁਰੂ ਗ੍ਰੰਥ ਨ ਥੀਂਦਾ।

"ਗੁਰੂ ਪੈਗ਼ੰਬਰ ਦੀਵੇ ਨਿੱਕੇ
ਭਰਮ ਦੀ ਓਟ 'ਚ ਬਾਲੇ।
ਧਰਤ ਅਜੇ ਨ ਖੰਡਰ ਹੋਈ,
ਹੋਏ ਹੌਲ 'ਚ ਕਾਲੇ।


WWW.SIKHBOOKCLUB.COM

"ਬਹੁੰ ਇਲਹਾਮ, ਖਸਮ ਦੀ ਬਾਣੀ,
ਰੂਹ ਵਿਚ ਜਾਨ ਨਿਵਾਜੇ।
'ਬੇਅਰਥ' ਆਖ, ਨ ਅੰਬਰ
ਅੱਖਰ ਇਕ ਵਿਹਾਜੇ।

"ਇਲਮ ਦੇ ਸਾਦਾ ਅੱਖਰ ਤੋਂ ਵਧ
ਕੂਕ ਨ ਸੱਕੀ ਬਾਣੀ;
ਇਨੇ ਫ਼ਨਾ ਦੇ ਮਰਕਜ਼ ਤੀਕਣ
ਘੁੱਟ ਨ ਖੜਿਆ ਪਾਣੀ।

"ਗੁਰਾਂ ਦੇ ਅਮਲ ਦੁਨੀ ਦਾ ਪੈਂਡਾ
ਘੇਰ ਘੇਰ ਕੇ ਨਾਪੇ;
ਹੌਲ ਹਕੀਰ, ਫ਼ਨਾ ਦੀ ਕੁੱਖੋਂ,
ਫੁਟਦੀ ਬਾਣੀ ਜਾਪੇ।

"ਖੁਰ ਜਾਣ ਪੁਸ਼ਤਾਂ ਦੀਆਂ ਯਾਦਾਂ,
ਕਬਜ਼ੇ ਭੁੱਲ ਜਮਾਂਦੀ;
ਭੁੱਲ ਦੇ ਪਿੱਛੋਂ ਦੈਵੀ ਬੋਲ ਦੀ
ਨਾਂਹ ਇਕ ਥਰਕ ਰਹਾਂਦੀ।"

ਕੂਕ ਕਿਹਾ ਦੂਜੇ ਫ਼ਰਿਆਦੀ
"ਇਸ ਸੁੰਢੇ ਤਰਨਾਪੇ,
ਗੁਰ ਦਾ ਬੋਲ ਕਿਤੇ ਕੋਈ ਮਰਕਜ਼
ਸਦਾ ਲਈ ਨ ਥਾਪੇ।

"ਗੁਰ-ਅਰਦਾਸ ਰੀਂਗਦਾ ਸੁਪਨਾ
ਵਿਚ ਇਕੱਲਾਂ ਖੋਵੇ,
ਵੇਲ ਖ਼ਾਕ ਦੀ ਤਾਜ ਨਭਾਂ ਦੇ
ਨ ਵੇਖੇ ਨ ਛੋਹਵੇ।

"ਹਰ ਧਰਵਾਸ ਖ਼ਾਕ ਦਾ ਲੁਕਮਾ,
ਜੋ ਦੇਵੇ ਗੁਰ-ਸਾਖੀ।
ਕੱਚੇ ਮੋਹ ਸੱਚ ਦੇ ਲਾਵੇ,
ਸੱਚ ਜਰਜਰੀ ਝਾਕੀ!

"ਗੁਰ ਦੇ ਪਾਕ ਜਿਸਮ ਦੀਆਂ ਛੋਹਾਂ
ਖ਼ਾਕੂ ਵਿਚ ਨ ਰਹੀਆਂ।
ਗੁਰ ਦੇ ਖ਼ਿਆਲ ਦੀਆਂ ਨਜ਼ਰਾਂ ਨ
ਰਾਜ਼ ਅੰਤ ਤਕ ਗਈਆਂ।"


WWW.SIKHBOOKCLUB.COM

ਨੈਣ ਉਗਲ ਤੀਜਾ ਫ਼ਰਿਆਦੀ
ਤ੍ਰਭਕ ਮੌਤ ਜਿਉਂ ਬੋਲੇ;
ਤੁੰਦ ਨਜ਼ਰ ਵਿਚ ਬੇਸਿਦਕੀ ਦੀ
ਉਡਦੀ ਗਹਿਰ ਫਰੋਲੇ:

"ਗੁਰ ਦੀ ਮਿਹਰ ਲਿਸ਼ਕ ਨ ਅੱਪਣੇ
ਚਰਖ਼ ਅਜ਼ਾਦ ਬਣਾਵੇ।
ਲਾ-ਮਕਾਂ ਵਿਚ ਅਪਣੇ ਲਹੂ ਦਾ
ਕੋਈ ਨਿਸ਼ਾਨ ਨ ਲਾਵੇ।

"ਸ਼ਬਦ-ਨਾਦ ਦਾ ਬੂਹਾ ਕੋਈ
ਨਫ਼ਸਾਂ ਵਲ ਵੀ ਖੁੱਲ੍ਹੇ;
ਦੈਵੀ ਲਹੂ ਦੀ ਇਕ ਸ਼ਾਖ ਨ
ਗੁਮਨਾਮੀ ਵਿਚ ਹੁੱਲੇ।

"ਦਿਸੇ ਨਾਬੂਦ 'ਚ ਹੁਣ ਤਕ ਦੱਸੇ
ਹੱਕ ਦਾ ਨ ਕੋਈ ਬੰਨਾ।
ਪੀਰ ਸੰਤ ਦੀ ਬੋਲੀ ਘਿਰਦੀ
ਜਿਵੇਂ ਚੋਰ ਵਿਚ ਸੰਨ੍ਹਾਂ।"

ਚੁੱਪ ਹੋਏ ਕੂ ਵਾਰੋ ਵਾਰੀ
ਇੰਞ ਤਿੰਨ ਫ਼ਰਿਆਦੀ।
ਅੱਥਰੂ ਬਾਲ ਵਰੇਸ ਵਾਰਿਅਮੁ
ਵਿਚ ਗੁਨਾਹ ਦੀ ਵਾਦੀ।

ਕੌਮਾਂ ਜਾਲ ਵਿਰਾਟ ਲਗਾ ਕੇ
ਫਾਹੁਣ ਧਰਤ ਦੀਆਂ ਚੀਸਾਂ।
ਲੂਹ ਲੂਹ ਮਨਾਂ 'ਚ ਰਾਖ ਬਣਾ ਕੇ
ਸੁੱਟਣ ਪਰੇ ਹਦੀਸਾਂ।

ਕੌਣ ਪੁੱਤਰਾਂ ਦੇ ਕਰ ਬੇਰੇ
ਇਉਂ ਮਾਵਾਂ ਵਲ ਸਿੰਨ੍ਹਣ?
ਥਲ ਵਿਚ ਖਾਰ ਹਸੂਦ ਦੇ ਫ਼ਜਰੀਂ
ਪੈਰ ਨਬੀ ਜਿਉਂ ਵਿੰਨ੍ਹਣ।

ਉਤਰ ਰਿਹਾ ਕੌਮਾਂ ਦੇ ਮਨ 'ਤੇ
ਭੈਅ ਨਾਬੂਦ ਧਿੰਙਾਣੇ।
ਜਗਮਗ ਸ਼ਬਦ ਛੋਡ ਕੇ ਤੁਰ ਗੇ
ਮਿਰਗਾਂ ਵਾਂਗ ਠਿਕਾਣੇ।

WWW.SIKHBOOKCLUB.COM

ਸਿਖਰ ਦੁਪਹਿਰੇ ਮੈਂ ਕੁਰਲਾਵਾਂ:
"ਗੁਰੂ ਗ੍ਰੰਥ ਨ ਜਾਲੋ।
ਠੰਢੀ ਛਾਂ ਮਰਗ 'ਤੇ ਜਿਸਦੀ
ਰੱਬੀ ਮੰਤ ਨ ਜਾਲੋ!"

—5—

ਵੱਡੇ ਵਣ ਦੇ ਹੇਠ ਖੜਾ ਮੈਂ
ਸਿੱਖ ਕਲੰਦਰ ਵੇਖਾਂ;
ਜਿਸਦੇ ਕੰਬਦੇ ਹੱਥ 'ਚ ਗਾਨੀ
ਜਿਉਂ ਕੁਮਲਾਈਆਂ ਹੇਕਾਂ।

ਤੋੜ ਵਿਛੋੜ ਪੰਥ ਦੇ ਲਸ਼ਕਰ
ਕੋਹੇ ਲੰਘਦੇ ਸਾਲਾਂ;
ਜਿਵੇਂ ਕਹਿਕਸ਼ਾਂ ਦੀ ਰਗ ਟੁੱਟੇ
ਵਿਚ ਅਨੰਤ ਭੁਚਾਲਾਂ।

ਸੰਞ ਉਦਾਸ ਪਿੰਡ ਦੀ ਜੂਹ ਵਿਚ
ਸਿੱਖ ਕਲੰਦਰ ਰੋਵੇ।
ਮੁੱਢ ਕਦੀਮ ਦਿਆਂ ਦਰਦਾਂ ਦਾ
ਪੈਂਡਾ ਨਾਲ ਖਲੋਵੇ।

ਗਗਨੀਂ ਹਰਫ਼ ਇਲਾਹੀ ਜਲਦੇ
ਭਸਮ ਕਿਰੇ ਸਿਰ ਰੁੱਖਾਂ—
ਧਰਤੀ ਨਾਲ ਯਰਾਨੇ ਚਿਰ ਦੇ
ਭੁੱਲ ਗਏ ਵਿਚ ਦੁੱਖਾਂ।

ਮੋਏ ਮੋਇਆਂ ਨੂੰ ਚਾ ਬਾਹੀਂ
ਭਟਕ ਰਹੇ ਵਿਚ ਗਹਿਰਾਂ।
ਪੁਲ ਮਹੀਨ 'ਤੇ ਫਾਹੀਆਂ ਲਟਕਣ
ਲੁਕੇ ਸ਼ਿਕਾਰੀ ਲਹਿਰਾਂ।

ਡੁਬਦੇ ਸੂਰਜ ਨਾਲ ਸੀ ਤੁਰਦਾ
ਬ੍ਰਿਹੀ ਮੁੰਦਰਾਂ ਵਾਲਾ।
ਪਾਪੀ ਵਾਂਗ ਕੰਬਿਆ ਭੈਅ ਵਿਚ
ਧਰ ਦਾ ਜ਼ਹਿਰ-ਪਿਆਲਾ।

WWW.SIKHBOOKCLUB.COM

ਬਹਿ ਡੁਬਦੇ ਸੂਰਜ ਦੀ ਸਫ਼ 'ਤੇ
ਹੱਥ ਹਿਲਾਵਣ ਡੈਣਾਂ:
"ਇਸ ਰਾਹ ਤੋਂ ਮੁੜ ਜਾ ਏਧਰ,
ਲਹੂ ਵਿਛਾਇਆ ਰੈਣਾਂ।"

ਸੈਨਤ ਮਾਰ ਵਣਾਂ ਦੇ ਹੇਠੋਂ
ਬਾਲ ਵਰੇਸੇ ਮੈਨੂੰ;
ਸੱਦ ਕਹੇ ਫਿਰ ਸਿੱਖ ਕਲੰਦਰ:
"ਰਾਜ਼ ਕਹਾਂ ਇਕ ਤੈਨੂੰ।

"ਨਸਲਾਂ ਕੋਟ ਮਜ਼੍ਹਬ ਤੇ ਕੌਮਾਂ
ਹਿਰਸ ਵਿਚ ਜਾਂ ਥੀਵਣ;
ਮਾਂ-ਮੋਹ ਦੀਆਂ ਸੂਖਮ ਤਰਬਾਂ
ਜ਼ਹਿਰ ਭਰੀ ਵਾ ਪੀਵਣ।

"ਅਜ਼ਲੀ ਨਾਲ ਮੰਗੂਆਂ ਯਾਰੀ
ਛੱਡ ਬਹਿਣ ਜਾਂ ਨਸਲਾਂ
ਓਦੋਂ ਮਾਂ-ਮੋਹ ਦੀਆਂ ਬੇਟੇ
ਸਾੜ ਦੇਂਵਦੇ ਫਸਲਾਂ।

"ਸਿਖਰ ਦੁਪਹਿਰੀਂ ਜਦੋਂ ਘੋੜ 'ਤੇ
ਵਾ ਨਾਗ ਜਿਉਂ ਮੇਲ੍ਹੇ;
ਤਦੋਂ ਰੀਂਗਦੀ ਸੜੀ ਖ਼ਾਕ ਦੀ
ਅੱਖ ਸੀ ਵੇਂਹਦੀ ਬੇਲੇ।

"ਰੂਹ ਦੇ ਬਿਰਖ 'ਤੇ ਜਦੋਂ ਨ ਚਿਲਕੀ
ਸ਼ਬਨਮ ਵਾਂਗ ਨਿਸ਼ਾਨੀ;
ਰੁਲ ਗਈ ਵਿਧਵਾ ਦੇ ਨੈਣਾਂ ਜਿਉਂ
ਸ਼ਮਸ਼ਾਨਾਂ ਵਿਚ ਗਾਨੀ।

"ਜਦੋਂ ਨ ਮਾਂ ਦੇ ਮੋਹ 'ਚ ਸਾਂਭੇ
ਦੇਣ ਨਿਸ਼ਾਨ ਗਵਾਹੀ;
ਰੁਲਦੇ ਮਰਦੇ ਜਾਂ ਤੁਰ ਜਾਂਦੇ
ਰੋ ਕੇ ਘੋੜ ਇਲਾਹੀ।

"ਗੁਰ ਪੀਰਾਂ ਦੇ ਖ਼ਿਆਲ ਬਿਨਾਂ ਹਰ
ਬਣਦੀ ਕੌਮ ਬੇਗਾਨੀ;
ਬਾਜ਼ ਵਾਂਗ ਹੋਰ ਥਾਂ ਉੱਡਦੀ
ਜਜ਼ਬੇ ਜਹੀ ਨਿਸ਼ਾਨੀ।


WWW.SIKHBOOKCLUB.COM

"ਗੁਰੂ ਪੀਰ ਦਾ ਨੇਮ ਜਾਂ ਲੋਕੀਂ
ਕੋਹ ਸੁੱਟਣ ਵਿਚ ਖ਼ਾਕਾਂ;
ਬੂਟ ਬਿਰਖ ਉਸ ਦੇਸ ਦੇ ਬਣਦੇ
ਵਾਂਗ ਦੁਰੇਡੇ ਸਾਕਾਂ।"

ਬੁੱਕਲ ਵਿਚ ਫੇਰ ਲੈ ਮੈਨੂੰ
ਕਹੇ "ਤੁਸਾਂ ਤੁਰ ਜਾਣਾ;
ਮਿੱਟੀ ਨਾਲ ਨਵਾਂ ਕੁਈ ਰਿਸ਼ਤਾ
ਪਰਦੇਸਾਂ ਵਿਚ ਪਾਣਾ।"

ਮੈਂ ਕਿਹਾ "ਦਿਲਬਾਗ ਦੇ ਵਾਂਗੂੰ
ਨਾਲ ਅਸਾਡੇ ਚੱਲੋ;
ਬਾਲ ਵਰੇਸ, ਕਹਿਰ ਦੇ ਪੈਂਡੇ!
ਹੌਲ ਰਹੇ ਦਿਲ ਠੱਲ੍ਹੋ।"

ਉਸ ਕਿਹਾ: "ਇਸ ਧਰਤੀ ਮਿਲਣਾ
ਵਾਂਗ ਗੁਰੂ ਮੁੜ ਤੈਨੂੰ;
ਛੱਡੀ ਖ਼ਾਕ 'ਚ ਰਜ ਮਰਨ ਦੇ
ਮਜ਼ੇ ਲੈਣ ਦੇ ਮੈਨੂੰ।

"ਵੇਲ ਬਣੇ ਮਾਂ-ਪਿਆਰ ਦੀਆਂ ਜਾਂ
ਵਣੀਂ ਜਗਾਸੇਂ ਛੱਲਾਂ।
ਕਿਸੇ ਰਾਤ ਦੇ ਪੈਂਡੇ ਓਦੋਂ,
ਹੋਣ ਸਾਡੀਆਂ ਗੱਲਾਂ।

"ਕਦੇ ਅਨੰਤ ਰਾਤ ਦੀ ਮੁਰਲੀ
ਨਾਦ ਭਰੇਗੀ ਯਾਦੀਂ
ਮੌਤ-ਹਯਾਤੀ ਦੇ ਜੁਗ ਲੰਮੇ
ਧਾਹ ਮਿਲਣ ਵਿਸਮਾਦੀਂ।"

**(ਅ)**

**(ਵਿਛੜੇ ਦੇਸਾਂ ਦੀਆਂ ਸੁੰਞਾਂ)**

ਸਾਉਣ ਮਹੀਨਾ ਹੁੱਲਿਆ
ਸੁੰਞੇ ਪੈਂਡੇ ਧੋ;
ਚੜ੍ਹਿਆ ਸਾਵਨ ਜਦੋਂ ਦਾ
ਮਿਰਗ ਗਏ ਕਿਉਂ ਖੋ ?


WWW.SIKHBOOKCLUB.COM 

ਕੁੜੀਆਂ ਚਿੜੀਆਂ ਚੱਲੀਆਂ
ਛਡ ਪੀਂਘਾਂ ਦੇ ਮੋਹ;
ਕਿਸੇ ਤੋਂ ਡਰ ਕੇ ਸੋਹਣੀਆਂ
ਜੋਬਨ ਲੈਣ ਲੁਕੋ!

ਚੜ੍ਹ ਚੜ੍ਹ ਨਦੀਆਂ ਲੱਥੀਆਂ
ਨਾਂਹ ਠਰਦੀ ਖ਼ੁਸ਼ਬੋ;
ਤਾਰੇ ਛਡ ਅਸਮਾਨ ਨੂੰ
ਲੈਣ ਧਰਤ ਦੀ ਟੋਹ।

ਸਮੇਂ ਦੇ ਕਾਲੇ ਸਾਗਰੀਂ
ਲਾਏ ਜਾਲ ਧਰੋਹ;
ਮੌਤ ਨੇ ਕਬਰਾਂ ਰੱਖੀਆਂ
ਹੇਠ ਪਤਾਲ ਡੁਬੋ।

ਕੰਬਦੀ ਕੰਬਦੀ ਲੰਘਦੀ
ਸੁਪਨਿਆਂ ਵੇ, ਤੇਰੀ ਲੋਅ!
ਪਤਲੇ ਜ਼ਹਿਰੀ ਪੁਲਾਂ ਤੇ
ਜਿੰਦੜੀ ਡੋਲੇ ਹੋ।

ਨ੍ਹੇਰਾਂ ਵਿਚ ਮੈਂ ਚੱਲਿਆ
ਨਾਲ ਕਾਫ਼ਲੇ ਰੋ;
ਹੌਲ ਦੇ ਜਲਦੇ ਵਣਾਂ 'ਚੋਂ
ਅੱਗ ਸੀ ਬੋਲੀ ਕੋ :
"ਜੇ ਜਾਣਾ ਤਾਂ ਡੁਸਕ ਨ
ਤਾਰਿਆਂ ਹੇਠ ਖਲੋ;
ਧਰ ਦੀਆਂ ਰਗਾਂ 'ਚ ਵਗਦੇ
ਲਹੂ ਦਿਲਾਂ ਦੇ ਜੋ
ਸਮਿਆਂ ਪਿੱਛੋਂ ਦੇਣਗੇ
ਰਾਹੀਆਂ ਨੂੰ ਕੰਨਸੋਅ।" (1)

ਪਹਿਲੇ ਪਹਿਰੇ ਰੈਣ ਦੇ
ਬੋਲੀ ਧਰਤ ਕਠੋਰ।
ਬ੍ਰਹਿਮੰਡਾਂ ਦਾ ਘੁੱਟਿਆ
ਸਾਹ ਨ ਲੈਂਦਾ ਸ਼ੋਰ।

ਬੰਨ੍ਹੇ ਹੱਥ ਪਰਦੇਸੀਆਂ
ਅੱਗੇ ਖ਼ਾਕ ਨ ਜ਼ੋਰ।
ਪੰਛੀ ਕੂਕਨ ਲੱਗਦੇ
'ਵਾਜ ਨਿਕਲਦੀ ਹੋਰ।

ਸੁਣ ਵੇ ਸਾਉਣ ਮਹੀਨਿਆਂ
ਕਿਉਂ ਕੁਰਲਾਉਂਦਾ ਮੋਰ ?
ਸੋਅ ਇਸਨੂੰ ਉਸ ਸਿੰਧ ਦੀ
ਰਿਹਾ ਜੋ ਤਾਰੇ ਖੋਰ।

ਕੰਢੇ ਜੁਗਾਂ ਦੇ ਸਿਸਕਦੇ
ਵਲੀ ਪਿਆਸੇ ਤੋਰ।
ਰੋਵਾਂ, ਆਏ ਨ ਪੱਤਣੀਂ
ਸੱਦ ਉਹ ਨਵੀਂ ਨਕੋਰ।

ਰੱਤ ਵਹੀ ਦੀ ਡਿੱਗਦੀ
ਕਾਂਗ ਸਮੇਂ 'ਤੇ ਘੋਰ—
ਚੜ੍ਹੇ ਜਨੂੰਨ ਅਕਾਸ਼ ਦੇ
ਸੁੰਨ ਹੋਏ ਵਿਚ ਗੋਰ।

ਤੱਕਣ ਡਰੀਆਂ ਡਾਚੀਆਂ
ਕਹਿਕਸ਼ਾਂ ਦੇ ਮੋੜ।
ਭੇਦ ਨ ਲੱਭੇ ਦਿਲਾਂ ਦਾ
ਸਾਰੇ ਚਰਖ ਨਿਚੋੜ।

ਢੂੰਡੇ ਵਿਛੜੀ ਧੂੜ ਨੂੰ
ਮੀਂਹਾਂ ਦੀ ਘਨਘੋਰ।
ਮੱਝੀਂ ਗਾਈਂ ਗਲੇ ਅੱਜ
ਸੁਥਕ ਅਜਲ ਦੀ ਡੋਰ।

ਪਹਿਲੇ ਪਹਿਰੇ ਰੈਣ ਦੇ
ਅਸੀਂ ਟੁਰੇ ਜਿਉਂ ਚੋਰ
ਨੂਰ ਮਹਿਲ ਚੋਂ ਚੁੱਕ ਕੇ
ਦਰਦ ਕੁਹਨ ਦੇ ਲੋਰ। (2)

— — — —

— — — —


WWW.SIKHBOOKCLUB.COM

ਦੂਜੇ ਪਹਿਰੇ ਰੈਣ ਦੇ
ਜਲ ਜਲ ਝੜਦੇ ਬੂਰ।
ਟੁੱਟ ਰਹੇ ਅਸਮਾਨ ਦੇ
ਕੋਟਾਂ ਹੀ ਦਸਤੂਰ।

ਬਾਜ਼ ਮਾਹੀ ਦਾ ਉੱਡਦਾ
ਸੁੰਞੇ ਘਰਾਂ ਤੋਂ ਦੂਰ।
ਨੇਮ ਕੋਈ ਇਸ ਧਰਤ ਦਾ
ਕਿਤੋਂ ਹੋਏ ਬੇਨੂਰ।

ਘੜੇ ਰੱਤ ਦੇ ਦੱਬਦਾ
ਵਣਾਂ 'ਚ ਕਹਿਰ-ਕਲੂਰ।
ਭੈਣਾਂ ਦੀ ਪੱਤ ਉੱਜਲੀ
ਬਰਸ ਰਹੀ ਜਿਉਂ ਭੂਰ।

ਬੁੱਤ ਵਾਂਗ ਬੇਰੰਗ ਸੀ,
ਸਿਖਰ ਯੁਗਾਂ ਦੇ ਤੂਰ।
ਪੰਧ ਇਲਾਹੀ ਕਰਨ ਜੋ
ਸ਼ਰਮ ਨਾਲ ਸੀ ਚੂਰ।

ਓਧਰ ਘੜੇ 'ਚ ਦੱਬਿਆ
ਜ਼ਿਮੀਂ ਦਾ ਕਾਲ-ਸਰੂਰ,
ਪੁੱਟ ਸਾਗਰ ਚੋਂ ਤੋੜਦਾ
ਬੇ-ਕਿਰਕ ਜਮ ਘੂਰ।

ਕਾਲੀ ਰਾਤ ਤੋਂ ਪੁੱਛਦੇ
ਕਾਰਵਾਨ ਮਜਬੂਰ;
"ਕਿੰਨੇ ਤਾਰੇ ਭਟਕ ਕੇ
ਘਰ ਵੇਖੇ ਗੀ ਧੂੜ?" (3)

— — — — —
— — — — —

ਤੀਜੇ ਪਹਿਰੇ ਰੈਣ ਦੇ
ਨਦੀਆਂ ਡੋਬਣ ਪੂਰ।
ਰੋਂਦੀ ਕਾਫ਼ਲੇ ਵੇਖਦੀ
ਬ੍ਰਿਛਾਂ ਓਹਲੇ ਹੂਰ

ਬੇਬਸ ਡੋਲਣ ਕਾਫ਼ਲੇ
ਕੀਨੇ ਤਪਣ ਫਤੂਰ;
ਝੁਕ ਤਾਰਿਆਂ ਤੋਂ ਵੇਂਹਦੀਆਂ
ਬੈਠ ਜ਼ਮੀਰਾਂ ਕੂੜ।

ਬੇਲੀਂ ਚਿਖਾ 'ਚ ਕੂਕਦਾ
ਬੋਟ ਵਾਂਗ ਸੰਧੂਰ:
"ਕਦੇ ਕਾਫ਼ਲੇ ਕਰਨਗੇ
ਜਾ ਫ਼ਰਿਆਦ ਹਜ਼ੂਰ।"

ਕੰਚਨ-ਵੰਨੇ ਤਾਰਿਓ!
ਭੁਰੇ ਨ ਹੋਇ ਮਨੂਰ।
ਚੌਦਾਂ ਤਬਕਾਂ ਬਾਝ ਵੀ
ਜੀਣਾ ਕਿਸੇ ਜ਼ਰੂਰ।

ਵਣ ਵਣ ਹਰਫ਼ ਬਣਾਂਦੀਆਂ
ਬਾਲ ਵਰੇਸਾਂ ਝੂਰ।
ਜਲੀ ਜਾਂ ਕਾਇਆ ਸਮੇਂ ਦੀ
ਤਦੋਂ ਵਰ੍ਹਾਸਨ ਭੂਰ। (4)

— — — — —

— — — — —

ਚੌਥੇ ਪਹਿਰੇ ਰੈਣ ਦੇ
ਜਲ ਥਲ ਛੁਪਦੇ ਨੈਣ।
ਸ਼ਰਮਾਂ ਰੱਖਣ ਵਾਲਿਓ
ਕਿਹੜੀ ਜ਼ਿਮੀਂ 'ਤੇ ਸੈਣ।

ਅੱਖੀਆਂ ਦੇ ਵਿਚ ਸੁੰਨ ਦੇ
ਕੰਕਰ ਮੁੜ ਮੁੜ ਪੈਣ।
ਵਾਵਾਂ ਸੁੱਕੇ ਬਾਗ਼ ਦੇ
ਕਿਵੇਂ ਸੁਨੇਹੇ ਲੈਣ!

ਤਲੇ ਕੜਾਹੇ ਬੁਲਬਲਾਂ
ਲਾਹ ਬ੍ਰਿਛਾਂ ਤੋਂ ਡੈਣ।
ਸੁੱਕੇ ਬਾਗ਼ੀਂ ਕਾਫ਼ਲੇ
ਡੰਗੇ! ਰੋਂਦੀ ਭੈਣ।


WWW.SIKHBOOKCLUB.COM

ਤਲਖ਼ ਵਿਰਾਟ ਜੋ ਮੂਰਛਾ
ਤੁਰਦੀ ਵਾਂਗ ਸ਼ੁਦੈਣ,
ਕਾਫ਼ਲਿਆਂ ਦੇ ਗਲੇ ਨੂੰ
ਘੁਟਦੀ ਤੰਦ ਬੇਚੈਨ।

ਬਿਹਬਲ ਕਾਂਗਾਂ ਉੱਵ ਤਾਂ
ਖ਼ਾਕ 'ਚ ਸੁੱਤੀਆਂ ਹੈਣ;
ਜੋ ਰੂਹਾਂ ਪਰਦੇਸਨਾਂ
ਨਾਲ ਮਹਿਕ ਜਿਉਂ ਰਹਿਣ।

ਮੰਗੂ-ਕੰਠ 'ਚ ਖ਼ਾਕ ਦੇ
ਮੋਹ ਜਗਾਵਣ ਵੈਣ;
ਨਭ ਤੋਂ ਖ਼ਾਲੀ ਘਰਾਂ ਤਕ
ਬਾਹਾਂ ਕਸੀਆਂ ਰੈਣ। (5)

## (ਣ)

ਫ਼ਜਰਾਂ ਵੇਲੇ ਕੋਲ ਸ਼ਰੀਂਹਾਂ
ਸਦੀਆਂ ਪਾਉਣ ਜ਼ਿਮੀਂ 'ਤੇ ਲੀਹਾਂ।

ਖ਼ਾਲੀ ਨੈਣ ਵੇਖਦੇ ਮੇਰੇ
ਨੂਰ ਮਹਿਲ ਦੇ ਦੂਰ ਬਨੇਰੇ।

ਮਿਲਣ ਉੱਡ ਘਰਾਂ ਦੀਆਂ ਛਾਵਾਂ
ਚੁਪ ਸਨ ਵਾਂਗ ਅਜਨਬੀ ਵਾਵਾਂ।

ਦੂਰ ਕਿਸੇ ਪਿੰਡ ਦੀਆਂ ਵੀਹਾਂ
ਝੁਕ ਵੇਖਣ ਕਬਰਾਂ ਦੀਆਂ ਨੀਹਾਂ।

ਆਈਆਂ ਬੰਨ੍ਹ ਕਾਫ਼ਲੇ ਬਾਰਾਂ
ਜਿਵੇਂ ਘਾਇਲ ਪੰਖਣੂੰ-ਡਾਰਾਂ।

ਫ਼ਜਰਾਂ ਵੇਲੇ ਕੋਲ ਸ਼ਰੀਂਹਾਂ
ਸੁੱਟੇ ਹੌਲ ਲਹੂ ਦੇ ਮੀਂਹਾਂ।

ਰੋ ਕੇ ਵੇਹਣ ਕਾਫ਼ਲੇ ਝੱਲੇ
ਚੁਕ ਚੁਕ ਗਿਰੇਬਾਨ ਦੇ ਪੱਲੇ।

ਰੂਹਾਂ ਦੀ ਅਰਦਾਸ ਸੁਕਾ ਕੇ
ਦੱਬੇ ਕਿਸੇ ਸਰਾਪ ਨੇ ਆ ਕੇ

ਜਿਵੇਂ ਸਿੰਧ ਚਾਨਚੱਕ ਸੁੱਕੇ
ਧਰ ਦੇ ਖ਼ਿਆਲ-ਸੁਪਨ 'ਚੋਂ ਮੁੱਕੇ।

ਸ਼ਮਸ਼ਾਨ ਬਲੇ ਸਮਿਆਂ 'ਤੇ ਡਾਢਾ
ਕੁਝ ਨ ਨਭ ਪਤਾਲ ਤਕ ਸਾਡਾ!

ਕਿੱਥੇ ਯਾਰ ਜੋ ਮੰਗਣ ਖੈਰਾਂ,
ਸੁੰਞੇ ਕੋਟ! ਮਾਹੀ ਨ ਪੈੜਾਂ!

ਮੌਤ ਨੂੰ ਸੁੰਘ, ਜ਼ਹਿਰ ਪੀ ਕਾਢੇ,
ਦੌੜ ਰਹੇ ਪੈਰਾਂ ਵਿਚ ਸਾਡੇ।

ਜੜਾਂ ਨੂੰ ਖੋਰ ਰਹੇ ਧਾਹ ਸਾਰੇ
ਭਾਲ ਕਿਲ੍ਹੇ ਕੋਟ ਜੋ ਨਿਆਰੇ।
ਲੁਕਦੇ ਜਾ ਰਹੇ ਵਿਚ ਗਹਿਰਾਂ
ਪੁੱਟ ਮੇਸ ਗੁਰਾਂ ਦੀਆਂ ਪੈੜਾਂ।
ਪਰਬਤ ਕੂਕ ਵਲੀ ਦੇ ਕੰਬੇ
ਭੋਰ ਨ ਦੇਣ ਇਲਾਹੀ ਪੰਜੇ!

ਹਾਸੇ ਢੀਠ ਛੁਪੇ ਵਿਚ ਜੂਹਾਂ
ਆਪਣੇ ਬੋਲ ਰਹੇ ਨ ਰੂਹਾਂ।

ਹੜ੍ਹ ਫ਼ਰੇਬ ਅਣਦਿੱਸ ਦਾ ਛੋਹੇ—
ਕਿਸ ਨੇ ਲੁੱਟ ਲਏ, ਕਿਸ ਕੋਹੇ?

ਕਿਸ ਲਈ ਲਹੂ ਮੰਗਦੀਆਂ ਸੁੰਵਾਂ?
ਕਾਂ ਨ ਦਿਸਣ, ਦਿਸਦੀਆਂ ਚੁੰਝਾਂ।

ਸ਼ਮਸ਼ਾਨ ਬਲੇ ਰੂਹਾਂ ਵਿਚ ਡਾਢਾ,
ਨ ਕੋਈ ਸਾਕ ਦੇਸ ਨ ਸਾਡਾ। (1)

x x x x x
x x x x x

ਮਾਹ ਭਾਦੋਂ ਦੀਆਂ ਸਿਖਰ ਦੁਪਹਿਰਾਂ
ਕਾਲੇ ਕੋਹ ਵਿਛੇ ਵਿਚ ਪੈਰਾਂ।

ਦਰ ਖੜੀ ਥਲਾਂ ਦੀ ਨ੍ਹੇਰੀ
ਹੰਭ ਗਈਆਂ ਕੌਮਾਂ ਨੂੰ ਘੇਰੀ।

ਭਖੇ ਧਰਤ ਦੇ ਸੀਨੇ ਆਵਾ
ਨ ਹਠ ਸੁਆਲ ਨਹੀਂ ਕੋ ਦਾਵਾ।

ਬੇਪੀਰ ਜਿੰਦਾਂ ਦਾ ਪੈਂਡਾ
ਭਾਰੇ ਸੋਗ ਨਾਲ ਲੈ ਵੈਂਦਾ।

ਜਦ ਤੁਰੀਆਂ ਗੱਡਿਆਂ ਦੀਆਂ ਡਾਰਾਂ
ਬੈਲ ਉਦਾਸ ਦੇਖਦੇ ਬਾਰਾਂ।

ਸੋਚਣ ਵਛੜੇ ਗਾਈਂ ਮਾਹਰੂ
"ਮੁੱਢ ਕਦੀਮ ਦੇ ਕਿੱਥੇ ਤਾਰੂ ?
ਕਿੱਥੇ ਊਠ ? ਕਿੱਥੇ ਥਲ ਮਾਰੂ ?
ਸਾਜ਼ਿਸ਼ ਕੋਈ ਧਰਤ 'ਤੇ ਭਾਰੂ !"

ਨਾਲ ਗੁਨਾਹ ਭਾਰੀਆਂ ਧੁੱਪਾਂ
ਹੌਲ ਹੌਲ ਲੁਕੀਆਂ ਵਿਚ ਰੁੱਖਾਂ।

ਬੇਪੀਰ ਨਜ਼ਰਾਂ ਦੇ ਕੀਨੇ
ਸਾੜਨ ਜ਼ਿਮੀਂ ਕਾਲ ਦੇ ਸੀਨੇ।

ਤੰਬੂਆਂ ਵਿਚ ਕਾਲ ਦੇ ਸਿਖਰਾਂ
ਮਾਵਾਂ ਘੇਰ ਲਈਆਂ ਵੱਡ ਫ਼ਿਕਰਾਂ।

ਵਿਚ ਕਾਫ਼ਲੇ ਸੁਣੀ ਮੈਂ ਕੱਲੇ
ਕੂਕ ਦੁਰੇਡੇ ਮਾਰਨ ਝੱਲੇ।

ਢੋਲ ਦੀ ਵਾਜ ਕੋ ਤੁਰੇ ਅਗਾਹਾਂ
ਅੱਗੇ ਬਲ ਬਲ ਨੱਸਣ ਰਾਹਾਂ।

ਸੁੱਕੇ ਘਾਹ ਜਿਉਂ ਸੜਦੇ ਸਾਲਾਂ
ਧਾਹ ਮਾਰੀ ਵੇਖ ਵਲ ਬਾਲਾਂ:

"ਆਓ" ਉਲਾਰਣ ਬਾਹਾਂ ਦੂਰੋਂ
"ਸੱਖਣੇ ਅਰਸ਼ ਬਾਲ ਦੇ ਨੂਰੋਂ।

"ਅਸੀਂ ਤੱਕ ਵਲ ਸੁੰਞੇ ਘਾਟਾਂ
ਵਲ ਆਦਮ ਦੀਆਂ ਛੱਡੀਆਂ ਵਾਟਾਂ,
"ਸਦੀਆਂ ਦੇ ਕੋਹਾਂ ਤਕ ਪਿਆਸੇ
ਮੀਤ ਦੀ ਛੋਹ ਨ ਸਾਡੇ ਪਾਸੇ।

"ਮੰਗੂ ਰੁੱਖ ਘਾਹ ਨਰ ਨਾਰੀ
ਹਰ ਪੰਖੀ ਦੀ ਅਜਬ ਉਡਾਰੀ
"ਸਾਡੀ ਵਾਜ ਸੁਣੇ ਤਾਂ ਨੱਸੇ
ਕੇਹਾ ਫ਼ਰੇਬ ਕੰਠ ਵਿਚ ਵੱਸੇ!

ਹੋ ਬੇਦੀਨ ਸੜਦਿਆਂ ਸਾਲਾਂ
ਤੱਕਿਆ, ਅਰਜ਼ ਸੁਣੀ ਨਾ ਬਾਲਾਂ। (2)

x x x x x
x x x x x

ਮੈਂ ਤੱਕਾਂ ਵਿਚ ਸਿਖਰ ਦੁਪਹਿਰਾਂ
ਜਿੱਧਰ ਨਿਗ੍ਹਾ ਜਾਏ, ਨਾਂਹ ਖੈਰਾਂ!

ਦੂਰ ਸੜਣ ਪੀਰਾਂ ਦੇ ਚੋਲੇ
ਬਲਦੇ ਬਿਰਖਾਂ, ਲਾਸ਼ਾਂ ਕੋਲੇ।

ਢਹਿਣ ਮਸਜਿਦਾਂ ਪਿੰਡ ਪੁਰਾਣੇ
ਜਲੇ ਕੁਰਾਨ, ਤਬੱਰੁਕ, ਨਿਆਣੇ।

ਜਦ ਨ ਰਹੇ ਨਜ਼ਰੀ ਦੇ ਵਾਲੀ
ਸਦੀਆਂ ਤਕ ਇਸਮਤਾਂ ਖ਼ਾਲੀ।

ਕਰੇ ਤਵਾਫ਼ ਜੋ ਡੂੰਘੇ ਵੈਣਾਂ
ਘਾਇਲ ਹੋਏ ਕਾਅਬੇ ਦੇ ਨੈਣਾਂ
ਤੱਕੇ ਗਜ਼ਬ ਖਾਏ ਦਿਹੁੰ ਰੈਣਾਂ
ਤਲਬ ਇਹੋ ਕਿ ਬਖ਼ਸ਼ਣ ਭੈਣਾਂ।

ਹਾਂ, ਦੂਰ ਮਾਵਾਂ ਦੇ ਸੱਜਦੇ
ਮੋਇਆਂ ਪੁੱਤਾਂ ਦੇ ਤਨ ਕੱਜਦੇ।

ਕੌਣ ਰੋਇ ਦੇਸਾਂ ਤੋਂ ਚੱਲੇ?
ਉਠੀ ਸੜਾਂਦ, ਦੀਨ ਨ ਪੱਲੇ।

ਰੋਹ ਧਰਤ ਦੇ ਡੂੰਘੇ ਗੁੱਝੇ
ਹੜ੍ਹ ਲਿਆਏ, ਪਰ ਕੁਝ ਨ ਸੁੱਝੇ।

ਪਏ ਗੱਡਿਆਂ 'ਤੇ ਸਿਖਰ ਦੁਪਹਿਰਾਂ
ਸਾਏ ਵਾਂਗ ਪੁਰਾਣੇ ਵੈਰਾਂ।

ਕਿਤੇ ਕਾਫ਼ਲੇ ਵਿਚ ਨਮਾਜ਼ੀ
ਸਾਨੂੰ ਵੇਹਣ ਵਾਂਗ ਫ਼ਰਿਆਦੀ।

ਨੀਰ ਸੜੇ ਧਰਤ ਜਿਉਂ ਮੋਈ
ਸਾਡੇ ਕੋਲ ਬੂੰਦ ਨ ਕੋਈ! (3)

x x x x x

WWW.SIKHBOOKCLUB.COM

ਦੂਰ ਤੁਰੇ ਵਿਚ ਸਿਖਰ ਦੁਪਹਿਰਾਂ
ਸਿੱਖ ਕਲੰਦਰ ਮੰਗਦਾ ਖੈਰਾਂ।

'ਆਵੋ' ਕਾਫ਼ਲੇ ਬੋਲ ਨ ਸੱਕੇ
ਸਦੀਆਂ ਤੀਕ ਹੋਏ ਬੇ-ਹੱਕੇ।

ਧਰਮਸਾਲ ਧਰਤੀ ਚੋਂ ਕੱਢੇ
ਚੀਕਣ ਵਿਚ ਉਜਾੜਾਂ ਗੱਡੇ।

ਗੱਡਿਆਂ 'ਤੇ ਫ਼ਰਿਆਦੀ ਨੰਗੇ
ਵੇਖਣ ਕਿਤੇ ਮਸਾਨ ਬਲੰਦੇ।

ਕੁਝ ਜੀਂਦੇ ਕੁਝ ਕਾਫ਼ਲੇ ਮੋਏ
ਸਿੱਖ ਕਲੰਦਰ ਦੇਖ ਕੇ ਰੋਏ।

ਬਾਝ ਨ ਅੱਖੀਆਂ ਦੇ ਪਰ ਬੋਲੇ
ਦਿਲ ਦੇ ਰਾਜ਼ ਨਾਲ ਧਰ ਡੋਲੇ।

ਮੋਹ ਧਰਤੀ 'ਚੋਂ ਕੱਢ ਕੇ ਸਾਰੇ
ਕਾਫ਼ਲਾ ਬਾਹਾਂ ਨਾਲ ਉਲਾਰੇ।

ਉਲਰੇ ਤੇਗ ਦੇ ਪਰਖੇ ਜੇਰੇ
ਉਲਰੇ ਵੱਡ-ਵਡੇਰੇ ਮੇਰੇ।

ਸਿੱਖ ਕਲੰਦਰ ਅਸਾਂ ਵਿਚਾਲੇ।
ਪਰ ਸਾਗਰ ਕੁਈ ਜ਼ੋਰ ਦਿਖਾਲੇ।

ਕਾਲੀਆਂ ਜੀਭਾਂ ਵਿਸ਼ ਮਚਾਵਣ;
ਨਸਲਾਂ ਖਾਣ, ਕਾਲ ਲੰਘ ਜਾਵਣ।

ਜਦੋਂ ਕਾਫ਼ਲਾ ਹੋਏ ਅਗਾਹਾਂ
ਸਾਡੀਆਂ ਸ਼ਕਲਾਂ ਆਉਣ ਉਤਾਹਾਂ।

ਪੁੱਤ ਪੋਤੇ ਤੇ ਪਿਤਾ ਪਿਤਾਮੇ
ਦੇ ਪਲੀਤ ਇਸ ਸਿੰਧ 'ਚ ਜਾਮੇ।

ਸੈਨਤ ਕਰੀ ਕਲੰਦਰ ਭੋਲੇ
ਪਰ ਆਵੇ ਨ ਕਾਫ਼ਲੇ ਕੋਲੇ।

ਉਸ ਕੋਲ ਕੋਈ ਬੋਲ ਪੁਰਾਣਾ
ਸੁਣਨ ਲਈ ਮਾਵਾਂ ਸੀ ਜਾਣਾ।


WWW.SIKHBOOKCLUB.COM

ਰੋਕ ਲਿਆ ਰੋਹ-ਸਿੰਧ ਅਸਾਨੂੰ:
"ਕੋਟ ਗੁਨਾਹ ਦਿਸਣ ਨ ਤੁਹਾਨੂੰ।"

ਉੱਡਣ ਕਲੰਦਰ ਹੱਥੋਂ ਵਰਕੇ
ਲਿਖ ਸਾਡੇ ਨਾਂ ਸਿੰਧ 'ਚ ਗਰਕੇ। (4)

— — — — —

ਨਾਲ ਆਪਣੇ ਪਾਗਲ ਲੇਖਾਂ
ਜਾਂਦੀ ਨੀਂਦ ਫੇਰ ਮੈਂ ਦੇਖਾਂ।

ਹਫ਼ ਕੁਰਲਾ ਮੈਂ ਨਸਦਾ ਰਲਿਆ
ਖ਼ਾਬ ਬੇਚੈਨ ਖ਼ਲਾ ਤਕ ਬਲਿਆ।

ਕੋਟਾਂ ਮੋਨ ਰੇਤ ਦੇ ਟਿੱਬੇ
ਭੁਰ ਭੁਰ ਨ੍ਹੇਰ 'ਚ ਤਾਰੇ ਡਿੱਗੇ।

ਚੋਰੀ ਮੌਤ ਨਾਗ ਜਿਉਂ ਸਰਕੇ
ਉਂਵ ਚੁੱਪ ਅਸਮਾਨ ਦੇ ਵਰਕੇ!

ਖ਼ਾਬ ਝੰਜੋੜ ਮੂਰਛਾ ਕੋਈ
ਫਿਰ ਬਹਿ ਨਾਲ ਕਾਫ਼ਲੇ ਰੋਈ।

ਡੇਰੇ, ਬਾਲ, ਜਨਮ ਤੇ ਪੰਜੇ[1]
ਖ਼ਾਲੀ ਚੁੱਪ ਰੇਤ ਵਿਚ ਕੰਬੇ।

ਜਿਉਂ ਜਿਉਂ ਢਹਿਣ ਗੁਰੂ-ਘਰ ਮੇਰੇ
ਕਾਲੀ ਰੇਤ ਦਿਸੇ ਚੌਫੇਰੇ।

ਦਿਲਾਂ 'ਤੇ ਢਹਿਣ ਕਾਲ ਦੇ ਲੇਖੇ,
ਗਾਰ ਅਨੰਤ ਕਾਫ਼ਲਾ ਦੇਖੇ।

ਟੁੱਟ ਟੁੱਟ ਡਿੱਗਣ ਸੀਸ ਹਜ਼ਾਰਾਂ
ਮਾਰਣ ਝਪਟ ਡੂੰਘੀਆਂ ਗਾਰਾਂ।

ਸਭ ਗ਼ਾਰਾਂ ਇਕ ਗਾਰ 'ਚ ਗਰਕਣ
ਚੜ੍ਹੇ ਹੌਲ ਵਿਚ ਨਾਗ ਜਿਉਂ ਸਰਕਣ।

ਗਰਕਣ ਪਾਵਨ ਜਾਂ ਬੇਦੀਨੇ
ਬਣਦੀ ਗ਼ਾਰ ਹੌਲ ਦੇ ਸੀਨੇ।

1. ਡੇਰਾ ਸਾਹਿਬ (ਲਾਹੌਰ), ਬਾਲ ਲੀਲਾ ਤੇ ਜਨਮ ਅਸਥਾਨ (ਨਨਕਾਣਾ ਸਾਹਿਬ) ਅਤੇ ਪੰਜਾ ਸਾਹਿਬ ਤੋਂ ਮੁਰਾਦ ਹੈ।


WWW.SIKHBOOKCLUB.COM

ਕਿਰ ਪਈਆਂ ਕਲਸਾਂ ਚੋਂ ਰੇਤਾਂ
ਖਾ ਕੰਧਾਂ ਦੀਆਂ ਪਾਵਨ ਰੇਖਾਂ।

ਗਰਕ ਰਹੇ ਧਰਤੀ ਦੇ ਜੇਰੇ
ਰੇਤ 'ਚ ਰਲਦੇ ਪਾਕ ਬਨੇਰੇ

ਧਰਮਸਾਲ ਧਰਤੀ ਦੀ ਢਾਵਣ
ਆਦਮ ਦੀਆਂ ਨਸਲਾਂ ਹੀ ਆਵਣ।

ਮਿਟਦਾ ਸਮਾਂ! ਚਰਖ਼ ਦੀ ਵਾਰੀ!
ਰੇਤ ਕਿਰੇ ਟਿੱਬਿਆਂ 'ਤੇ ਭਾਰੀ।

ਪਰੇ ਖੜਾ ਟਿੱਬਿਆਂ ਤੋਂ ਉਂਘੇ
ਚਿਰ ਦੇ ਰੋਗ? ਕਾਫ਼ਲਾ ਹੂੰਗੇ।

ਡਿੱਗ ਰਹੇ ਕਲਸਾਂ ਦੇ ਕੋਲੋਂ
ਮਿਹਰਬਾਨ ਧਰਤੀ ਦੀ ਝੋਲੋਂ
ਬੋਲ ਕਿਸੇ ਅਰਦਾਸ ਦੇ ਮੰਗਣ
ਖ਼ਾਲੀ ਹੱਥ ਕਾਫ਼ਲੇ ਕੰਬਣ।

ਪਹਿਲਾਂ ਅਜ਼ਲ-ਹੜ੍ਹਾਂ ਜਿਉਂ ਚਾਂਗਾਂ
ਚੜ੍ਹੀਆਂ ਜਦੋਂ ਹੌਲ ਦੀਆਂ ਕਾਂਗਾਂ—
ਕੁਝ ਮੈਂ ਮੌਤ ਵਿਚ, ਕੁਝ ਜਾਗਾਂ,
ਥੰਮ੍ਹ ਰਹੇ ਕਾਫ਼ਲੇ ਵਾਗਾਂ।

ਮੁੜ ਤਕੀਆਂ ਗੱਡਿਆਂ ਦੀਆਂ ਪਾਲਾਂ
ਰਾਵੀ ਕੋਲ ਪਈਆਂ ਤਿਰਕਾਲਾਂ। (5)

•

## (ਸ)
## (ਕਾਫ਼ਲੇ ਦੀ ਵੇਦਨਾ ਵਿਚ ਰਹਿਮ ਦੀ ਕੰਨਸੋਅ)

### —1—

ਸਿਵੇ ਦੀ ਰਾਖ ਵਾਂਗ ਫਿਰ ਆ ਕੇ
ਲੂਹਿਆ ਜਿਗਰ ਸਰਾਪਾਂ;
ਸੁਣਾਂ ਮੈਂ ਦੂਰ ਕਾਫ਼ਲੇ ਪਿੱਛੇ
ਕਿਸੇ ਬਾਲ ਦੀਆਂ ਹਾਕਾਂ।


WWW.SIKHBOOKCLUB.COM

ਬੱਲੋ ਦਾ ਪੁਲ ਰੋਕ ਸੀ ਖੜ੍ਹੀਆਂ
ਆ ਮੋਇਆਂ ਦੀਆਂ ਛਾਵਾਂ।
ਕੰਧਾਂ ਕੌਲਿਆਂ ਕੋਠਿਆਂ ਉਹਲੇ
ਸਿਸਕਣ ਦੂਰ ਹਵਾਵਾਂ।

ਅਜੇ ਵੀ ਵਿਛੜੇ ਪਿੰਡਾਂ ਦਾ ਕੁਈ
ਕਾਫ਼ਲਿਆਂ ਦੇ ਪਿੱਛੇ
ਨਸਦਾ ਆਉਂਦਾ ਹੌਕਾ ਦੱਸੇ
ਕੋਹੇ ਹੱਕ ਦੇ ਕਿੱਸੇ।

ਰਾਵੀ ਦੀਆਂ ਲਹਿਰਾਂ ਦੀ ਡਿੱਗੇ
ਠੰਢੀ ਬੂੰਦ ਨ ਬੂਹੇ,
ਜ਼ਖ਼ਮੀ ਭੇਦ ਧਰਤ ਦਾ ਛੁਪਿਆ
ਲੂਸੇ ਦਿਲਾਂ ਦੇ ਖੂਹੇ।

ਪੈੜ ਦੇ ਅੰਦਰ ਬੰਨ੍ਹੇ ਹੋਏ
ਸਫ਼ਰ ਹਜ਼ਾਰਾਂ ਸਾਲਾਂ
ਬਿਰਖਾਂ ਹੇਠ ਚਾਨਚੱਕ ਤੜਪੇ
ਵਾਂਗ ਭੁਸਕਦੇ ਬਾਲਾਂ।

ਤਪਦਾ ਭੱਠ ਵੇਖਕੇ ਮਾਰੇ
ਧਰ ਸੂਲਹੀ ਜਿਉਂ ਚਾਂਗਾਂ,
ਗੁਰਾਂ ਨੂੰ ਛੁਹ ਬੂੰਦ ਨ ਦੇਵਣ
ਇਸ ਰਾਵੀ ਦੀਆਂ ਕਾਂਗਾਂ।

ਅਣਜੰਮੇ ਬਾਲਾਂ ਦੇ ਲੱਖਾਂ
ਨਾਲ ਟੋਰ ਪਛਾਵੇਂ,
ਆਈਆਂ ਸਾਨੂੰ ਛੱਡਣ ਬਾਰਾਂ
ਕਿਸੇ ਪੁਰਾਣੀ ਥਾਵੇਂ।

"ਇਹ ਪਰਦੇਸ ਤੁਸਾਂ ਬਿਨ ਸਾਨੂੰ"
ਕਿਹਾ ਛਬੀਲੇ ਚੋਰਾਂ।
"ਧਰ ਦੇ ਮਸਤਕ ਰੇਖ ਪੁਰਾਣੀ"
ਕਿਹਾ "ਰਹੀ ਨ" ਮੋਰਾਂ।

ਰਾਵੀ ਦੇ ਪੱਤਣਾਂ 'ਤੇ ਖੜ੍ਹੀਆਂ
ਬੇਆਸ ਤਿਰਕਾਲਾਂ,
ਪੁਲ ਨੂੰ ਦੇਖ ਚਾਨਚੱਕ ਰੋਈਆਂ
ਸੈ ਗੱਡਿਆਂ ਦੀਆਂ ਪਾਲਾਂ।


WWW.SIKHBOOKCLUB.COM

ਮੈਂ ਕੂਕਾਂ "ਕੋਈ ਨਾਲ ਅਸਾਡੇ,
ਮਾਏ! ਕੇਰ ਨ ਹੰਝਾਂ।
ਅੱਗੇ ਲੰਮੇ ਪੁਲ ਤੋਂ ਲੰਘਣ
ਨਾਲ ਫ਼ਕੀਰਾਂ ਸੰਢਾਂ।"

—2—

ਆਈਆਂ ਪੁਲ ਤਕ ਨਾਲ ਅਸਾਡੇ
ਮੁੱਢ ਕਦੀਮੀ ਥਾਵਾਂ,
ਉਹਨਾਂ ਨਾਲ ਮਿਰੇ ਬਿਨ ਮੁੜਿਆ
ਮਿਰਾ ਬਾਲ-ਪਰਛਾਵਾਂ।

ਚੁੱਪ ਇਕਰਾਰ ਕਰਨ ਕੁਈ ਗੁੱਝਾ
ਲੰਮੀ ਨਦੀ ਦੇ ਪਾਣੀ।
ਪੁਲ ਤੋਂ ਝੁਕ ਕਾਫ਼ਲੇ ਵੇਖਣ
ਖੁਰਦੀ ਜਿੰਦ ਨਿਮਾਣੀ।

ਏਧਰ ਧਰ ਦੇ ਹਰਫ਼ 'ਚੋਂ ਮਿਟੀਆਂ
ਕਾਫ਼ਲਿਆਂ ਦੀਆਂ ਗੱਲਾਂ,
ਓਧਰ ਰਾਵੀ ਦੇ ਪੱਤਣਾਂ 'ਤੇ
ਖੇਡ ਰਹੀਆਂ ਸੰਗ ਛੱਲਾਂ।

ਸੰਝ ਦੀ ਕਿਰਨੋਂ ਸਮੇਂ ਦੀ ਤਿਲ੍ਹਕੀ
ਕਾਲੇ ਸਿਹਰ ਦੀ ਤਾਣੀ;
ਝੁਕ ਲਹਿਰਾਂ 'ਤੇ ਧਰਤ ਕਰੇਂਦੀ
ਤਾਂ ਅਰਦਾਸ ਅੰਞਾਣੀ।

ਬਾਲਪਨ ਦੇ ਬੇਲੀ ਕੰਬਣ
ਸੁਣ ਕਹਿਰ ਦੀਆਂ ਗੂੰਜਾਂ।
ਰਾਵੀ ਦੀਆਂ ਲਹਿਰਾਂ 'ਤੇ ਬਚੜੇ
ਉੱਡੀਆਂ ਛੋਡ ਕੇ ਕੂੰਜਾਂ।

ਬੱਚਿਆਂ ਨੂੰ ਧਰਵਾਸ ਦੇਂਦੀਆਂ
ਮਾਵਾਂ ਬਿਰਧ ਦਿਖਾਵਣ
ਲਹਿਰੀਂ ਗੁਰ ਸ਼ਹੀਦ ਦਾ ਪੰਜਾ
ਕੂੰਜਾਂ ਵੇਂਹਦੀਆਂ ਜਾਵਣ।


WWW.SIKHBOOKCLUB.COM

ਸਮੇਂ ਦੀਆਂ ਖੁੱਡਾਂ 'ਚੋਂ ਉਛਲੀ
ਜ਼ਹਿਰ ਗੁਨਾਹ ਦੀ ਭਾਰੀ
ਆਈ ਲਹਿਰ ਪੀਣ ਲਈ ਦੂਰੋਂ
ਨੀਲ ਕੰਠ ਤੋਂ ਪਿਆਰੀ।

ਬਾਲਪਨ ਦੇ ਬੇਲੀ ਪੁੱਛਣ
ਲੰਮੇ ਪੁਲਾਂ 'ਤੇ ਆਏ
"ਕਿਉਂ ਨ ਸਾਡੇ ਹਾਣ ਦੇ ਬਿਰਖਾਂ
ਲੰਮੇ ਪੰਧ ਮੁਕਾਏ?"

ਦੂਰੋਂ ਸਿੱਖ ਕਲੰਦਰ ਕੂਕੇ:
"ਕਰਨ ਉਡੀਕਾਂ 'ਕੱਲੇ
ਸੁਣਨ ਲਈ ਅਰਦਾਸ ਕੌਮ ਦੀ
ਰਹਿਸਨ ਬਿਰਖ ਉਹ ਖੱਲੇ।"

ਬੱਲੋ ਦੇ ਪੁਲ ਉੱਤੋਂ ਗੁਜ਼ਰਨ
ਡਰੇ ਚੋਰ ਜਿਉਂ ਰੁੱਤਾਂ;
ਚੁਕ ਧਰਤੀ ਦਾ ਦਰਦ ਲੰਘਾਇਆ
ਕਾਫ਼ਲਿਆਂ ਦੇ ਬੁੱਤਾਂ।

—3—

ਦਹਿਲ ਖੜੇ ਅਸੀਂ ਨੈਂ ਨੇੜੇ
ਪਸ਼ੂ ਨਿਤਾਣੇ ਗੱਡੇ।
ਬਚੜੇ ਖਾਣ ਲਈ ਧਰਤੀ ਦੇ
ਮੂੰਹ ਚਰਖਾਂ ਨੇ ਅੱਡੇ।

ਸ਼ੀਂਹ ਜਿਵੇਂ ਪਾੜ ਕੇ ਸੁੱਟੈ
ਮਿਰਗ ਮਾਸੂਮ ਅਨੇਕਾਂ;
ਰੱਤ-ਪੀਂਦੀਆਂ ਕੰਦਰਾਵਾਂ ਤੇ
ਇੰਵ ਡਿਗਦੀਆਂ ਹੇਕਾਂ।

ਨਾਗਾਂ ਵਾਂਗ ਸਰਾਪਾਂ ਨੇ ਆ
ਜਾਨ ਇਕੱਲੀ ਡੱਸੀ।
ਦੇਸਾਂ ਵਿਚ ਪਰਦੇਸਾਂ ਦੀ ਰੂਹ
ਸਦਾ ਲਈ ਹੀ ਵੱਸੀ।

ਰਾਵੀ ਪਾਰ ਛਿਪੇ ਪਿਆ ਸੂਰਜ
ਘੇਰੇ ਅਸੀਂ ਇਕੱਲਾਂ।
ਕੈਦੀ ਵਾਂਗ ਉਦਾਸ ਕਾਫ਼ਲੇ
ਬੰਨ੍ਹ ਲਿਆਈਆਂ ਛੱਲਾਂ।

ਘੋੜੇ ਊਠ ਤੇ ਮਾਹਰੂ ਗੋਕੇ
ਬਲੀ ਸਮੇਂ ਨੇ ਠੱਗੇ
ਜਦੋਂ ਪੈੜ 'ਤੇ ਜ਼ਿਮੀਂ ਆਪਣੀ
ਸਦਾ ਤੋਂ ਵਿਛੜੀ ਲੱਗੇ।

ਰੇਜ਼ਾ ਰੇਜ਼ਾ ਹੋ ਕੇ ਖਿੰਡੀਆਂ
ਕੂਕ ਸਮੇਂ ਦੀਆਂ ਗਲੀਆਂ,
ਜਿੱਥੇ ਕਾਫ਼ਲਿਆਂ ਦੀਆਂ ਰੱਤਾਂ
ਬੰਦੀਵਾਨ ਹੋ ਬਲੀਆਂ।

ਕੋਹ ਅਨੰਤ ਤਕ ਸਮਾਂ ਟੁੱਟਿਆ
ਕਰ ਕੌਮਾਂ ਦੇ ਬੇਰੇ,
ਕਿਤੇ ਟਾਪੂਆਂ ਦੇ ਵਿਚ ਰੁਲਸਨ
ਭੈਣ ਵੀਰ ਸਭ ਮੇਰੇ।

ਬਲਦੀ ਰਹੇਗੀ ਰੱਤ ਬਹੁਤ ਚਿਰ
ਕੋਈ ਨ ਆਸੀ ਨੇੜੇ।
ਪਰਲੋਂ ਤੀਕ ਲੀਕ ਪਰਦੇਸੀ
ਦਿਸੇਗੀ ਸਾਡੇ ਵਿਹੜੇ।

ਭੁਲ ਜਾਵਣਗੀਆਂ ਆਖਰ ਸਾਨੂੰ
ਧਰ ਦੀਆਂ ਪਾਕ ਜ਼ਮੀਰਾਂ।
ਦੈਵੀ ਬੰਸ ਦੀਆਂ ਸਭ ਪੈੜਾਂ
ਖੋਰ ਦੇਣੀਆਂ ਨੀਰਾਂ।

ਅਪਣੇ ਦੇਸ ਹਸ਼ਰ ਤਕ ਸਾਨੂੰ
ਲੋਕ ਬੇਗਾਨੇ ਕਿਆਸਨ।
ਯਾਦ ਕਰਾਉਣ ਦੀਆਂ ਤਦਬੀਰਾਂ
ਸਭ ਸਾਨੂੰ ਭੁਲ ਜਾਸਨ।

ਮੇਸੇ ਯਾਦ ਧਰਤ, ਜਦ ਰੁਲਦਾ
ਮਾਂ-ਮੋਹ ਕੋਸ ਅਨੰਤਾਂ।
ਨ ਉਹ ਨਜ਼ਰ ਦੇਸ ਨ ਓਹੀ,
ਗਗਨ ਨ ਉਹੀ ਬਸੰਤਾਂ।


WWW.SIKHBOOKCLUB.COM

ਆਸਨ ਕਦੇ ਅਜਨਬੀ ਦੂਰੋਂ
ਮੋਹ-ਪਿਆਸ ਦੇ ਹਾਣੀ,
ਚਾ ਥੇਹਾਂ ਤੋਂ ਖ਼ਾਬ ਘਰਾਂ ਦੇ
ਲੈ ਦੇਸਾਂ ਦੇ ਪਾਣੀ।

ਪਟਕੇ ਹੋਏ ਦਿਸਣ ਅਸਮਾਨੋਂ
ਕੋਹਾਂ ਦੇ ਵਿਚ ਗੱਡੇ।
ਹੌਕਾ ਸੁਣੇ ਘਰਾਂ ਦਾ ਦੂਰੋਂ
ਦਰਦ ਗੁਨਾਹ ਤੋਂ ਵੱਡੇ!

ਗਿਰਾਬਾਨ ਵਿਚ ਝੁਕ ਕੇ ਧਰਤੀ
ਸਿਸਕੇ ਵੇਖਕੇ ਸਾਂਝਾਂ।
ਪੀਣ ਸਰਾਲਾਂ ਜਿਉਂ ਸਾਹਾਂ ਨੂੰ
ਪਰਦੇਸਾਂ ਦੀਆਂ ਕਾਂਗਾਂ।

ਰਾਵੀ ਦੀਆਂ ਲਹਿਰਾਂ ਨੂੰ ਮਿਲਦੇ
ਧਾਰ ਕੇ ਵੈਣ ਅਨੇਕਾਂ;
ਜਿਸ ਰਾਹ ਅਸੀਂ ਕਦੇ ਨਹੀਂ ਜਾਣਾ
ਸਿਕ ਸਿਕ ਉਸਨੂੰ ਦੇਖਾਂ।

—4—

ਰਾਤ ਪਈ ਰਾਵੀ ਦੇ ਕੰਢੇ
ਦਿਸਦੀਆਂ ਸੂਹੀਆਂ ਲਾਟਾਂ।
ਧਰਤੀ ਦੇ ਸੁਪਨੇ 'ਚੋਂ ਉੱਠਣ
ਗੁਨਾਹਗਾਰ ਲਖ ਵਾਟਾਂ।

ਰਗਾਂ ਅਦਿੱਸ ਜ਼ਿਮੀਂ ਦੀਆਂ ਕਲਵਲ!
ਮੱਚੀਆਂ ਗੁਪਤ ਜ਼ਮੀਰਾਂ।
ਰਾਵੀ ਵਲ ਤੁਰਾਂ ਮੈਂ ਵੇਖਣ
ਕਾਫ਼ਲਿਆਂ ਦੀਆਂ ਭੀੜਾਂ।

ਤੁਰਾਂ, ਖੜਾਂ, ਰੁਕ ਜਾਵਾਂ, ਰੋਵਾਂ,
ਕਾਫ਼ਲਾ ਅਥਰੂ ਕੇਰੇ।
ਪਨਾਹਗੀਰ ਪਰਦੇਸੀ ਮਾਵਾਂ
ਪਸ਼ੂ ਮੀਤ ਸਭ ਮੇਰੇ।


WWW.SIKHBOOKCLUB.COM

ਗੱਡਿਆਂ ਕੋਲ ਲਿਸ਼ਕਦੇ ਚੁੱਲ੍ਹੇ
ਰਿਜ਼ਕ ਦਰਦ ਨਾ' ਪੱਕੇ।
ਕਿਤੋਂ ਉਦਾਸ ਪੈਗ਼ਾਮ ਸਮੇਂ ਨੇ
ਹਰ ਇਕ ਤਾਮ 'ਤੇ ਰੱਖੇ।

ਗ਼ਮ ਵਿਚ ਸਬਰ, ਸਬਰ ਵਿਚ ਗ਼ਮ ਦੇ
ਦਿਸਣ ਹਜ਼ਾਰਾਂ ਚਿਹਰੇ।
ਬਲੀ ਨਭ ਬ੍ਰਿਹਾ ਦੇ ਮਾਵਾਂ
ਤਾਮ ਪਕਾਂਦਿਆਂ ਫੇਰੇ।

ਲਹੂ ਵਰ੍ਹਾ, ਮਾਰ ਫਿਰ ਚੀਕਾਂ,
ਬੁੱਲਿਆਂ ਮੈਨੂੰ ਵਲਿਆ।
ਬਲਦੇ ਰੁੱਖਾਂ ਰਾਵੀ ਕੰਢੇ
ਬਾਲ ਅੰਞਾਣਾ ਛਲਿਆ।

ਬਲਦੇ ਰੁੱਖਾਂ ਹੇਠ ਸੀ ਸੁੱਤੇ
ਸ਼ੀਂਹ ਰਾਵੀ ਦੇ ਪੱਤਣ।
ਸੀਸ ਮੁਨਾ ਕੇ ਫਫੇਕੁੱਟਣਾਂ
ਚੰਦਰੀ ਡਉ 'ਚ ਕੱਤਣ।

ਡੈਣਾਂ ਤੰਦ ਲਹੂ ਦੀ ਪਾਵਣ
ਸ਼ੀਂਹਾਂ ਪੱਤਣ ਮੱਲੇ।
ਨਾਰ ਕੋਈ ਲਹਿਰਾਂ 'ਚੋਂ ਉੱਠੀ
ਨਾਲ ਮੇਰੇ ਜੋ ਚੱਲੇ।

ਡੂੰਘੇ ਬਹੁਤ ਨਦੀ ਦੇ ਪਾਣੀ,
ਫੜਨ ਨਾਰ ਦਾ ਜਾਮਾ।
ਸਿਰ ਤੋਂ ਪੈਰਾਂ ਤੀਕ ਲਹਿੰਦੀਆਂ
ਛਲਕ ਸਵੇਰਾਂ ਸ਼ਾਮਾਂ।

ਮੈਂ ਨਾਰ ਨੂੰ ਰਾਵੀ ਆਖਾਂ,
ਜਿਸਦੀਆਂ ਡੂੰਘੀਆਂ ਮੰਤਾਂ।
ਜਿਸਦੇ ਅੰਗਾਂ ਦੀਆਂ ਲਹਿਰਾਂ ਲਸ
ਤਾਰੇ ਛੁਹਣ ਅਸੰਖਾਂ।

ਝਿਮ ਝਿਮ ਚਹੁੰ ਕੁੰਟਾਂ ਵਿਚ ਸੁੱਟੇ
ਨਾਲ ਕਦਮ ਹਰ ਰਾਵੀ।
ਡਉ ਤੋਂ ਪਾਰ ਸ਼ਾਖ ਲੈ ਲੰਮੀ
ਪਰਸੇ ਕੂਲ ਸੁਹਾਵੀ।


WWW.SIKHBOOKCLUB.COM 

ਮੁੜ ਮੈਂ ਜਲਦੇ ਰੁੱਖਾਂ ਤਾਈਂ
ਸੈ ਕੋਹਾਂ ਤਕ ਦੇਖਾਂ।
ਲੰਙ ਮਾਰਦੇ ਘੋੜੇ ਜਾਂਦੇ
ਲੈ ਅਸਵਾਰ ਅਨੇਕਾਂ।

ਫੜ ਕੰਨੋਂ ਬਲੀਆਂ ਦੇ ਘੋੜੇ,
ਹਸ ਹਸ ਧੂਹਣ ਬਲਾਵਾਂ।
ਘੰਡੀਆਂ ਵਿੰਨਿ ਸ਼ੂਕ ਕੇ ਚੁੱਕਣ,
ਜਲਦੇ ਅੰਗ ਹਵਾਵਾਂ।

"ਭੈਣੇ" ਫੜ ਰਾਵੀ ਦੀ ਉਂਗਲ
ਕਿਹਾ ਮੈਂ ਬਾਲ ਵਰੇਸੇ:
"ਘਾਹ ਬ੍ਰਿਛ ਪਸ਼ੂਆਂ ਨੂੰ ਕਿਹੜਾ
ਸਾੜ ਰਿਹਾ ਇਸ ਦੇਸੇ?"

ਤਦ ਬੋਲੀ ਖ਼ੂਨੀ ਡਉ ਉੱਤੇ
ਕਰ ਨੈਣਾਂ ਦੀਆਂ ਛਾਵਾਂ
ਜਿਉਂ ਸੁੱਕੀਆ ਨਦੀਆਂ ਚੋਂ ਉੱਠੇ
ਪਾਣੀ ਕਰਨ ਦੁਆਵਾਂ।

"ਬੇਪੀਰ ਕੌਮਾਂ ਦਾ ਸੁਪਨਾ
ਤੋੜ ਦੇਵੇ ਹਰ ਯਾਰੀ।
ਬੀਜ ਪੁਨੀਤ ਧਰਤ ਦੇ ਗੁੱਝੇ
ਸਾੜ ਦੇਵੇ ਇਕ ਵਾਰੀ।

"ਸੜ ਜਾਵਣ ਇਲਹਾਮ ਰਹਿਮ ਦੇ
ਸੰਗ ਫੜਣ ਹੱਥ ਪਿਆਸਾਂ;
ਲਹੂ-ਲੁਹਾਣ ਧਰਤ ਨੂੰ ਕਰ ਕੇ
ਵਰ੍ਹਣ ਸੀਸਿ ਅਰਦਾਸਾਂ।

"ਡੰਗੇ ਲੱਭ ਧਰਤ ਦੀ ਰੂਹ ਨੂੰ
ਸਾਹ ਬੀਜਾਂ ਦੇ ਪੀਵੇ;
ਹਰੇ ਨਕਸ਼ ਜੁਗਾਂ ਤਕ ਫੜ ਫੜ
ਅੱਗ ਦੇ ਚੋਲੇ ਸੀਵੇ।

"ਬੇਪੀਰ ਕੌਮਾਂ ਦਾ ਸੁਪਨਾ
ਕੱਢ ਅਗਨ ਦੀਆਂ ਜੀਭਾਂ;
ਮਾਵਾਂ ਦੀ ਰੱਤ ਵੀਟ ਪੁੱਤਾਂ 'ਤੇ
ਸੁੱਟਦਾ ਵਲ ਸਲੀਬਾਂ।


WWW.SIKHBOOKCLUB.COM

"ਬੇਪੀਰ ਕੌਮਾਂ ਜਦ ਸੜੀਆਂ
ਸਾਰ ਨ ਲਈ ਤਬੀਬਾਂ;
ਡੈਣ ਸ਼ੀਂਹ ਜਿਉਂ ਖ਼ਾਬ ਇਨ੍ਹਾਂ ਦੇ
ਖੜੇ ਨੇ ਵਿਚ ਨਸੀਬਾਂ।

"ਬੇਪੀਰ ਲਸ਼ਕਰ ਵਿਚ ਡਉ ਦੇ
ਪਾਉਣ ਸਮੇਂ 'ਤੇ ਸਾਏ;
ਮੇਰੇ ਦਿਲ ਦੇ ਬੂਹਿਆਂ ਅੱਗੇ
ਇਕ ਪਲ ਰੋਣ ਤਿਹਾਏ।

"ਫੜਕੇ ਲਸ਼ਕਰ ਬਾਰ ਪਰਾਏ
ਸਣ ਘੋੜਾਂ ਦੇ ਕੋਹੇ;
ਜ਼ਿਮੀਂ ਦੀਆਂ ਤੈਹਾਂ 'ਤੇ ਧੂੰਏਂ
ਹੌਕੇ ਦੱਬ ਖਲੋਏ।

"ਜੀਣਗੇ ਸੁਬਕ ਹੁਸਨ ਦੇ ਰਿਸ਼ਤੇ
ਜਦੋਂ ਰਹਿਮ ਮੁੜ ਹੋਵੇਂ;
ਗੁਨਾਹਗਾਰ ਕੌਮਾਂ ਨਾ' ਤੁਰ ਕੇ
ਅਰਦਾਸਾਂ ਵਿਚ ਰੋਵੇਂ"।

—5—

ਡਉ 'ਚੋਂ ਨਿਕਲ ਬੇਨਾਮ ਦੇਸ ਦੇ
ਬੀਆਬਾਨ ਕਈ ਲੰਘੇ।
ਬੇਨਿਸ਼ਾਨ ਰਾਹਾਂ 'ਤੇ ਡਿਗਿਆ
ਖੰਭ ਪਿਆ ਕੁਈ ਕੰਬੇ।

ਖੰਭ ਕਿਸੇ ਪੰਛੀ ਦਾ ਹੌਕਾ
ਬੇਅਵਾਜ਼ ਹੀ ਦੱਸੇ—
ਕਈ ਜਨਮਾਂ ਦਾ ਭੇਦ ਅਨੋਖਾ
ਬਿਸਮਿਲ ਖ਼ਾਕ 'ਚ ਵੱਸੇ।

ਯਾਰ ਗੁਆਚ ਗਏ ਤੇ ਭੁੱਲੇ,
ਹੁਣੇ ਸੀ ਕੋਲ ਦੀ ਜਾਂਦੇ।
ਚੁੱਪ ਅਬੋਲ ਸੁਨੇਹੇ ਲੱਖਾਂ
ਪੌਣ ਵਿਚ ਦਰਮਾਂਦੇ।


WWW.SIKHBOOKCLUB.COM

ਗੁਜ਼ਰੇ ਅਤੇ ਨਾਲ ਪਏ ਚਲਦੇ,
ਮੈਂ ਖ਼ਲਾ ਵਲ ਦੇਖਾਂ।
ਅੰਬਰੀਂ ਨਜ਼ਰ ਜਗਾਂਦੀ ਮੇਰੀ
ਸੁੱਤੀਆਂ ਬ੍ਰਿਹੁੰ-ਰੇਖਾਂ।

ਕਦੇ ਕਦੇ ਤਾਰਿਆਂ ਦਾ ਜੋਬਨ
ਝੁਲਸੀ ਖ਼ਾਕ ਨੂੰ ਛੋਹੇ।
ਤਪਦੀਆਂ ਨਜ਼ਰਾਂ 'ਤੇ ਮੀਂਹਾਂ ਦੀ
ਜਿਵੇਂ ਫੁਹਾਰ ਖਲੋਏ।

ਪਲ ਭਰ ਜਦੋਂ ਵਿਛੜਦੀ ਰਾਵੀ
ਹੌਲ ਜਦੋਂ ਰੂਹ ਸੱਲ੍ਹੇ;
ਸੀਸ ਚੁੱਕ ਤੇਗਾਂ ਦੀ ਛਾਵੇਂ
ਨਾਲ ਮੇਰੇ ਕੋਈ ਚੱਲੇ।

ਪਲ ਵਿਛੜੇ ਰਾਵੀ ਤਾਂ ਦਿਸਦੇ
ਮਹਿਰਮ ਰਣਾਂ ਦੇ ਘੋੜੇ।
ਸਭਰਾਵਾਂ ਤੋਂ ਵਾਗਾਂ ਕੋਈ
ਬਿਰਧ ਮੇਰੇ ਵਲ ਮੋੜੇ।

ਜਦ ਨਿਰਮੋਹ ਜਹੇ ਵਿਚ ਰਾਵੀ
ਸੁੱਟ ਜਾਏ ਵਿਚ ਛੱਲਾਂ
ਤਦ ਗੁਜਰਾਤ ਵਿਚ ਜੋ ਮੋਏ
ਕਰਨ ਮੇਰੇ ਨਾਲ ਗੱਲਾਂ।

ਪਈ ਬੇਨਾਮ ਦੇਸ ਵਿਚ ਤੁਰਦੀ
ਨ ਉਜਾੜ ਨ ਰੋਹੀਆਂ।
ਰਾਵੀ ਨਾਲ ਸਾਹ ਮੈਂ ਲੈਂਦਾ
ਉਂਝ ਹਵਾਵਾਂ ਮੋਈਆਂ।

ਮੋਰਾਂ ਵਾਂਗ ਦੇਸ ਛੱਡ ਗਈਆਂ
ਜਾਂ ਫਿਰ ਮੋਈਆਂ ਪੌਣਾਂ।
ਸਮਿਆਂ ਤਕ ਬੇਨਾਮ ਲਹੂ ਨੇ
ਤੜਪ ਖ਼ਲਾ ਵਿਚ ਸੌਣਾਂ।

ਕੋਈ ਵੀ ਬੋਲ ਨ ਬੋਲੇ ਪਿਆਰੀ
ਉਜੜੇ ਪਿੰਡ ਪੁਕਾਰਨ।
ਸ਼ਾਹ ਮੌਤ ਦੇ ਨਾਗਾਂ ਵਾਂਗੂੰ
ਡੰਗ ਨ੍ਹੇਰ ਵਿਚ ਮਾਰਨ।

ਬੇਨਿਸ਼ਾਨ ਨਿਰਮੋਹ ਰਾਖ 'ਤੇ
ਤੁਰ ਤੁਰ ਅਸੀਂ ਤਿਹਾਏ
ਕੀਤਾ ਸ਼ੁਕਰ ਜਾਂ ਉਜੜੇ ਪਿੰਡ ਦੇ
ਬੋਹੜ ਦੇ ਹੇਠਾਂ ਆਏ।

—6—

ਉਜੜੇ ਪਿੰਡ ਦੀ ਸੱਥ ਦੇ ਅੰਦਰ
ਘਣੇ ਬੋਹੜ ਦੇ ਥੱਲੇ।
ਅਸੀਂ ਖੜੇ ਸਮਿਆਂ ਤੋਂ ਵੱਡੀ
ਸੁੰਞ ਦੇ ਫੜ ਕੇ ਪੱਲੇ।

ਸੁੰਞ ਸਰਾਪ ਕਿਸੇ ਦੀ ਭਾਰੀ
ਪਈ ਦੇਸ ਕੁੱਲ ਦੱਬੇ।
ਤਦ ਮੈਂ 'ਵਾਜ ਸੁਣੀ ਕੁਈ ਰੁਖ 'ਤੇ
ਪਲ ਸੱਜੇ, ਪਲ ਖੱਬੇ।

ਸਾਗਰ ਗਿਰੀ ਮੇਦਨੀ ਸੁੱਤੇ,
ਵਿਚ ਮੇਰੇ ਦਿਲ-ਰਾਜ਼ਾਂ।
ਰਾਤ 'ਚ ਲੁਕੇ ਹੌਲ ਜਿਉਂ ਲਰਜ਼ੇ
ਸੁਣਿ ਇਹ ਦੁਖੀ ਅਵਾਜ਼ਾਂ।

ਰਾਵੀ ਮਨ ਮੇਰੇ ਚੋਂ ਲੰਘਦੀ
ਚੁੰਮ੍ਹਿ ਅਗੋਚਰ ਮੁੰਜਾਂ।
ਕਹੇ ਅਬੋਲ "ਬੋਹੜ 'ਤੇ ਬੋਲਣ
ਤਿੰਨ ਦੂਰ ਦੀਆਂ ਕੂੰਜਾਂ।"

ਇਕ ਕੂੰਜ ਦੂਜੀ ਨੂੰ ਆਖੇ:
"ਹਾਲ ਅਜਨਬੀ ਤੇਰੇ।
ਹੁਣੇ ਤੂੰ ਖੰਭਾਂ ਨਾਲ ਸੀ ਆਂਦੇ
ਵੈਣ ਭਟਕਦੇ ਕਿਹੜੇ?"

ਉਜੜੇ ਖੰਭ ਕੂੰਜ ਦੇ ਤੜਪੇ
ਨਾਲ ਰਾਤ ਦੀ ਹੂੰਗਰ।
ਮਿੱਟ ਚੁੱਕੇ ਅੰਬਰ 'ਚੋਂ ਉੱਠੀ
ਆਦਮ ਜ਼ਾਤ ਦੀ ਹੂੰਗਰ।


WWW.SIKHBOOKCLUB.COM

ਕੂੰਜ ਕਹੇ "ਗੀਤ ਤੋਂ ਕੋਮਲ
ਧਰਤੀ ਦੀਆਂ ਜ਼ਬਾਨਾਂ
ਹਰੇ ਭਰੇ ਬ੍ਰਿਛਾਂ ਦੇ ਸਾਹਵੇਂ
ਜਾਲੀਆਂ ਸੰਗ ਕੁਰਾਨਾਂ।

"ਜੋ ਇਲਹਾਮ ਜ਼ਿਮੀਂ ਦੇ ਜ਼ਾਮਨ
ਤੜਪੇ ਰੋ ਇਕ ਵਾਰੀ,
ਜਦੋਂ ਮਹੀਨ ਫ਼ਰੇਬਾਂ ਲੁੱਟੀ
ਜਗਮਗ ਸ਼ਰਮ ਕੁਆਰੀ।

"ਸਫ਼ਾਂ ਕਰਬਲਾ ਵਾਂਗ ਵਿਛਾਵਣ
ਰੋਹੀਆਂ ਵਿਚ ਪਿਆਸਾਂ,
ਅੰਗ ਤੜਪਦੇ ਚੁੱਕ ਨ ਸਕੀਆਂ
ਗਗਨ ਜੇਡ ਅਰਦਾਸਾਂ।

"ਬਿਆਸ ਦੇ ਆਰ ਪਾਰ ਕੁਝ ਦੇਖੇ
ਕੁਝ ਸਤਲੁਜ ਤੋਂ ਅੱਗੇ,
ਜਲਾਂ ਥਲਾਂ ਦੀ ਸ਼ੀਰੀਂ ਰੋ ਕੇ
ਧਾਹ ਰੋਹੀਆਂ ਤਨ ਲੱਗੇ।

"ਲੱਗ ਮਾਸੂਮਾਂ ਦੇ ਕੰਠਾਂ ਨੂੰ
ਬਾਲਾਂ ਵਾਂਗ ਨਮਾਜ਼ਾਂ,
ਤੱਕਣ ਭੈਅ ਵਿਚ ਅਸਮਾਨਾਂ ਦੀਆਂ
ਦਗ਼ੇਬਾਜ਼ ਪਰਵਾਜ਼ਾਂ।

"ਮੋਏ ਕਿੰਵ ਜਾਗ ਕੇ ਸੁਣਦੇ
ਰੋਹੀਆਂ ਵਿਚ ਅਜ਼ਾਨਾਂ ?
ਛਬੀਆਂ ਹੇਠ ਸੁੱਤੀਆਂ ਪਈਆਂ
ਲਹੂ-ਲੁਹਾਣ ਰਕਾਨਾਂ।

"ਜਦੋਂ ਮਾਸੂਮ ਯਾਦ 'ਚੋਂ ਮਿਟ ਗਏ
ਕੌਲ ਜੋ ਨਬੀਆਂ ਕੀਤੇ
ਉੱਮਤ ਦੀ ਇਸਮਤ ਦੇ ਚੋਲੇ
ਤਦੋਂ ਗਏ ਨ ਸੀਤੇ।

"ਖੁਰੀਆਂ ਨਾਲ ਇਬਾਦਤਾਂ ਲਿਖੀਆਂ
ਆਇਤਾਂ ਧਰਤ ਦੇ ਸੀਨੇ।
ਬੁੱਢੇ ਕਾਫ਼ਲਿਆਂ ਦੀ ਹੂੰਗਰ
ਰੁਲਸੀ ਸਾਲ ਮਹੀਨੇ।

"ਇਲਹਾਮਾਂ ਦੇ ਬੀਜ ਬਖੇਰੇ
ਜਲਾਂ ਥਲਾਂ ਵਿਚ ਸਦੀਆਂ।
ਜਾਂ ਉਹ ਹਰੇ ਹੋਏ ਜਾਂ ਸੜ ਗਏ
ਯਾਦ ਨ ਰੱਖੇ ਨਬੀਆਂ।

"ਮਿਟਿਆ ਤਾਲ ਇਲਾਹੀ, ਹੋ ਗਏ
ਮੇਰੇ ਖੰਭ ਬੇਗਾਨੇ।
ਰੁਲ ਗਏ ਕੇਸ ਸੱਸੀ ਦੇ ਜਿਉਂਕਰ
ਥਲ ਵਿਚ ਕਿਸੇ ਜ਼ਮਾਨੇ।"

ਸੁਣ ਕੂੰਜ ਤੀਜੀ ਕੁਰਲਾਈ
ਬੈਠ ਕੇ ਚੁੱਪ-ਬਨੇਰੇ
ਖੰਭਾਂ ਉੱਤੇ ਝੁਕੇ ਸੀ ਜਿਸਦੇ
ਜੁਗਾਂ ਦੇ ਘੋਰ ਹਨੇਰੇ।

"ਭੈਣੋ! ਪਾਣੀਆਂ ਨੂੰ ਕੀ ਹੋਇਆ ?[1]
ਹੂੰਗਰ ਮਾਰ ਬੁਲਾਣਾ।
ਸਦੀਆਂ ਦਾ ਇਕ ਗੀਤ ਸਾਂਭਿਆ
ਮਾਂਝੀ ਨੂੰ ਭੁੱਲ ਜਾਣਾ।

"ਔਹ ਤਾਰਾ ਬਰਬਾਦ ਹੋ ਗਿਆ,
ਬਰਬਾਦੀ ਦੀਆਂ ਸੋਆਂ,
ਏਸ ਉਜੜਦੇ ਪਿੰਡ ਵਿਚ ਆਈਆਂ
ਵਿਹੜੇ ਤਕ ਤਕ ਰੋਆਂ।

"ਵਤਨ ਦਾ ਪਾਣੀ ਚਹੁੰ ਕੂੰਟਾਂ 'ਚੋਂ
ਕੂੰਜਾਂ ਨੂੰ ਨ ਥਿਆਏ,
ਥੱਕੀਆਂ ਅਰਸ਼ਾਂ ਦੀਆਂ ਪੌਣਾਂ ਵਿਚ
ਰਾਖ ਉਡੰਦੀ ਜਾਏ।

"ਸੂਰਜ ਪਰਾਂ 'ਤੇ ਚਾਨਣ ਲਾਏ
ਜਦ ਪਰਦੇਸੋਂ ਉੱਡੀ।
ਵਤਨਾਂ ਦੇ ਵਿਚ ਰੌਲੇ ਮੱਚੇ
ਕੂੰਜ ਨਿਮਾਣੀ 'ਕੱਲੀ।

---

1. ਇਹ ਅਤੇ ਇਸ ਤੋਂ ਪਿੱਛੋਂ ਆਉਣ ਵਾਲੇ ਤਿੰਨ ਬੰਦ ਬਟਵਾਰੇ ਤੋਂ 9 ਸਾਲ ਪਿੱਛੋਂ ਲਿਖੇ ਸਨ (ਵੇਖੋ: ਪਹਿਲੀ ਕਾਵਿ-ਪੁਸਤਕ—ਸਫ਼ਾ 59)। ਏਥੇ ਅਨੁਭਵ ਦੀ ਨਿਰੰਤਰਤਾ ਦਰਸਾਉਣ ਲਈ ਸ਼ਾਮਿਲ ਕੀਤੇ ਹਨ।


WWW.SIKHBOOKCLUB.COM

"ਚੰਬਿਉਂ ਬੱਲੋ ਤੀਕ ਜ਼ਮਾਨੇ
ਪੱਤਣ ਨਦੀ ਦੇ ਢਾਂਦੇ।
ਸੈ ਮਲਾਹ ਪਤਾ ਨਹੀਂ ਕਿਹੜੀ
ਚੁੱਪ ਵਿਚ ਦਰਮਾਂਦੇ।"

ਪਹਿਲੀ ਕੂੰਜ ਨਾਲ ਸਭ ਧਰ ਦੇ
ਘਾਇਲ ਪੰਖਣੂੰ ਬੋਲੇ।
ਚੰਨ ਤਾਰਿਆਂ ਦੇ ਸਭ ਮਰਕਜ਼
ਜਿਵੇਂ ਸਹਿਮ ਕੇ ਡੋਲੇ।:

"ਅਣਹੋਈ 'ਵਾਜ਼ ਵਿਚ ਮੈਂ ਇਕ
ਪੰਖੀ ਸੁਣਾਂ ਪੁਕਾਰੇ:
ਕੋਈ ਅਨਾਦਿ ਕਾਲ ਤਕ ਜਾ ਕੇ
ਰਗਾਂ ਫ਼ਜਰ ਦੀਆਂ ਸਾੜੇ।

"ਵਾਂਗ ਮਾਂਝੀਆਂ ਗੂੰਗੇ ਹੋ ਗਏ
ਪੰਖੀ ਫੇਰ ਹਜ਼ਾਰਾਂ।
ਭਰ ਨਜ਼ਰਾਂ ਵਿਚ ਲਾਅਨਤ ਖ਼ੂਨੀ
ਪਾਉਣ ਸਮੇਂ ਵਿਚ ਖਾਰਾਂ।

"ਲਾਅਨਤ ਛੁਪੇ ਬੀਜ ਕੁੱਲ ਸਾੜੇ
ਅਉਧ ਵਣਾਂ ਦੀ ਮੁੱਕੇ।
ਗੀਤ ਰਹਿਮ ਅਜ਼ਲਾਂ ਤੋਂ ਪਲਦੇ
ਨਰ ਨਾਰਾਂ 'ਚੋਂ ਸੁੱਕੇ।"

## —7—

ਉਜੜੇ ਪਿੰਡ ਦੇ ਬੋਹੜ ਦੀ ਟੀਸੀ
ਰਲ ਕੂੰਜਾਂ ਫਿਰ ਰੋਈਆਂ।
ਜੁਗਾਂ ਦੇ ਨ੍ਹੇਰ 'ਚੋਂ ਨਿਕਲ ਉਜਾੜਾਂ
ਸਾਹਾਂ ਕੋਲ ਖਲੋਈਆਂ।

ਤੇਗ ਅਦਿੱਖ ਕੱਟਦੀ ਯਾਦਾਂ
ਉਗਲਣ ਜ਼ਹਿਰ ਉਜਾੜਾਂ।
ਮੈਨੂੰ ਬਾਘ ਦੇਖਦੇ ਭੁੱਖੇ
ਖੜੇ ਕੋਲ ਮੂੰਹ ਗਾਰਾਂ।

ਹਰ ਇਕ ਤੁਰਸ਼ ਨ੍ਹੇਰ ਦੇ ਉਹਲੇ
ਜਿਉਂਕਰ ਝਿੰਮਣ ਸਿਤਾਰੇ;
ਮੌਤ ਨੂੰ ਛੋਂਹਦੇ ਸਾਹਾਂ 'ਤੇ ਇਉਂ
ਰਾਵੀ ਨੈਣ ਉਲਾਰੇ।

ਲਹੂ-ਭਰੀ ਉਸ ਨੈਂ ਦੇ ਵਿੱਚੋਂ
ਤੱਕੇ ਉਡਦਿਆਂ ਹੰਸਾਂ,
ਡਉ ਤੋਂ ਪਾਰ ਕਰਨ ਅਰਦਾਸਾਂ
ਉੱਠੇ ਹੱਥ ਅਸੰਖਾਂ।

ਸਾਨੂੰ ਕਾਫ਼ਲਿਆਂ ਦੀਆਂ ਖੋਹਾਂ
ਨੈਂ ਵਲ ਵੱਤ ਲੈ ਗਈਆਂ।
ਗੱਡਿਆਂ ਕੋਲ ਵਿਛੜੀਆਂ ਭੈਣਾਂ
ਤਾਮ ਪਕਾਵਣ ਪਈਆਂ।

ਪਨਾਹਗੀਰ ਪਰਦੇਸੀ ਸੁੱਤੇ
ਨਾਲ ਡੂੰਘਿਆਂ ਵੈਣਾਂ।
ਲੰਮੀ ਰਾਤ ਕਰਨ ਅਰਦਾਸਾਂ
ਤਾਮ ਪਕਾਂਦੀਆਂ ਭੈਣਾਂ।

ਜਿਉਂ ਅਰਦਾਸ ਉਮਰ ਦੀ ਪੂਰਨ
ਰਾਵੀ ਨਾਲ ਸੀ ਮੇਰੇ।
ਸੰਤ ਫ਼ਕੀਰ ਵੇਖਦੇ ਮੈਨੂੰ
ਕਿਸ ਅਸਮਾਨ-ਬਨੇਰੇ!

ਵਿਛੜੇ ਦੇਸ ਦਾ ਦਰਦ ਘੁੱਟ ਕੇ[1]
ਅੱਖੀਆਂ ਵਿਚ ਮੈਂ ਸਾਰਾ।
ਰੋਂਦੀਆਂ ਭੈਣਾਂ ਕੋਲ ਖਲੋ ਕੇ
ਦਿੱਤਾ ਬੋਲ ਸਹਾਰਾ:

"ਤਾਮ ਪਕਾਂਦੀਓ ਬਾਰ ਦੀ ਜਾਈਓ!
ਕਾਹਨੂੰ ਅੱਥਰੂ ਕੇਰੇ।
ਮਾਂ ਦੇ ਦੇਸ ਨੂੰ ਵੱਤ ਲੈ ਆਵਣ
ਸਬਰ-ਸ਼ੁਕਰ ਦੇ ਜੇਰੇ।

---

1. ਇਹ ਅਤੇ ਇਸ ਤੋਂ ਪਿੱਛੋਂ ਆਉਣ ਵਾਲੇ ਦੋ ਬੰਦ ਬਟਵਾਰੇ ਤੋਂ 9 ਸਾਲ ਪਿੱਛੋਂ ਲਿਖੇ ਸਨ (ਵੇਖੋ: ਪਹਿਲੀ ਕਾਵਿ-ਪੁਸਤਕ—ਸਫ਼ਾ 59)


WWW.SIKHBOOKCLUB.COM

"ਕੱਚੇ ਘਰਾਂ ਦੇ ਦਰ 'ਤੇ ਤੱਕੀਆਂ[1]
ਰੋਂਦੀਆਂ ਮਾਵਾਂ ਆਈਆਂ।
ਕਣਕਾਂ ਪੱਕੀਆਂ ਦੀ ਰੁੱਤੇ ਸੀ
ਦਰਦ ਉਮਰ ਦੇ ਲਿਆਈਆਂ।

"ਹੁਣ ਇਸ ਰੋਹੀ ਵਿੱਚੋਂ ਆਵਣ
ਮੌਤ ਮਿਰੀ ਦੀਆਂ 'ਵਾਜਾਂ।
ਦੂਰ ਨਗਾਰੇ ਸੂਰਮਿਆਂ ਦੇ
ਗੂੰਜਣ ਸੁਣ ਫ਼ਰਿਆਦਾਂ।

"ਸਾਡੇ ਵੱਡ-ਵੱਡੇਰਿਆਂ ਤੋਂ ਸੀ
ਮਿਰਗਾਂ ਨਾਲ ਯਰਾਨੇ।
ਮਾਵਾਂ ਰੋਹੀਆਂ ਨੂੰ ਨ ਛੱਡਕੇ
ਵੱਸਣਾ ਦੇਸ ਬਿਗਾਨੇ।"

ਫਿਰ ਮੈਂ ਨਾਲ ਤਾਰਿਆਂ ਰੋਇਆ
ਹੱਥ ਰਾਵੀ ਦੇ ਫੜ ਕੇ।
ਕੁਕਨੂਸਾਂ ਦੇ ਕੰਠ ਅਸੰਖਾਂ
ਜਲੀ ਧਰਤ ਵਿਚ ਥਰਕੇ।

ਮੋਏ ਤਾਰਿਆਂ ਦੇ ਹੜ੍ਹ ਲਿਸ਼ਕੇ
ਕਦੇ ਸੜੇ ਜੋ ਅੰਬਰ
ਕੁਕਨੂਸਾਂ ਦੀਆਂ ਰਗਾਂ ਜਾਂ ਹਿੱਲਣ
ਝੁਲਸੀ ਧਰਤ ਦੇ ਅੰਦਰ।

ਨਭ ਕਾਲ ਧਰਤੀ ਦੀਆਂ ਸੜੀਆਂ
ਹਰੀਆਂ ਕੀਤੀਆਂ ਨੀਂਹਾਂ।
ਵਰ੍ਹ ਰਾਵੀ ਦੇ ਨੈਣਾਂ ਵਿੱਚੋਂ
ਝਿਮ ਝਿਮ ਤਰਸ ਦੇ ਮੀਂਹਾਂ।

*(ਮਾਰਚ, 1984)*

(ਇਤਿ)


WWW.SIKHBOOKCLUB.COM



# 7

# ਸ਼ਹੀਦ ਦੀ ਅਰਦਾਸ

ਦਰਸਨੁ ਦੇਖਿ ਪਤੰਗ ਜਿਉ
ਜੋਤੀ ਅੰਦਰਿ ਜੋਤਿ ਸਮਾਣੀ॥
ਸਬਦੁ ਸੁਰਤਿ ਲਿਵ ਮਿਰਗ ਜਿਉ
ਭੀੜ ਪਈ ਚਿਤਿ ਅਵਰੁ ਨ ਆਣੀ॥

(ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਬਾਰੇ ਭਾਈ ਗੁਰਦਾਸ ਦਾ ਕਥਨ)

ਅੱਜ ਤਪਦੀ ਭੱਠੀ ਬਣ ਗਿਆ
ਮੇਰਾ ਸਗਲੇ ਵਾਲਾ ਪੈਰ।
ਅੱਜ ਵੈਰੀਆਂ ਕੱਢ ਵਖਾਲਿਆ
ਹਾਇ! ਪੰਜ ਸਦੀਆਂ ਦਾ ਵੈਰ।

ਕੋਈ ਨ ਉਹਨੂੰ ਬੌਹੜਿਆ
ਉਹਨੂੰ ਵੈਰੀਆਂ ਮਾਰਿਆ ਘੇਰ।
ਉਂਜ ਡੱਕੇ ਰਹਿ ਗਏ ਘਰਾਂ ਵਿਚ
ਮੇਰੇ ਲੱਖਾਂ ਪੁੱਤਰ ਸ਼ੇਰ।

ਅੱਜ ਤਪਦੀ ਭੱਠੀ ਬਣ ਗਈ
ਮੇਰੀ ਚੂੜੇ ਵਾਲੀ ਬਾਂਹ।
ਅੱਜ ਵਿਚ ਸ਼ਹੀਦੀ ਝੰਡਿਆਂ
ਹੈ ਮੇਰਾ ਝੰਡਾ ਤਾਂਹ।

*(ਅਫ਼ਜ਼ਲ ਅਹਿਸਨ ਰੰਧਾਵਾ)*

# ਸਮਰਪਣ

ਜਿਹੜੇ ਕੌਮ ਦੀ ਲਹੂ-ਭਿੱਜੀ ਤਕਦੀਰ ਉੱਤੇ
ਗ਼ਮਗੀਨ ਹੋਏ, ਜਿਹੜੇ ਸਿਦਕ ਦੇ ਬਾਜ਼ ਦੇ ਹਾਣੀ ਸਨ,
ਜਿਹਨਾਂ ਦੇ ਮੱਥੇ ਉੱਤੇ ਬੇ-ਅਣਖੇ ਲੋਕਾਂ ਲਈ ਕੋਈ ਸਦੀਵੀ
ਉਲਾਂਭਾ ਲਿਖਿਆ ਸੀ, ਜਿਹਨਾਂ ਦੇ ਕਹਿਰ ਨੂੰ ਦੂਰ-ਦੁਰੇਡੀ ਕਿਆਮਤ
ਨੇ ਦੇਖਿਆ—ਉਹਨਾਂ ਕੌਮ ਦੀ ਪੱਤ ਰੱਖਣ ਵਾਲੇ ਦੋ ਸ਼ਹੀਦਾਂ ਦੇ ਨਾਂ।

# ਸ਼ਹੀਦ ਦੀ ਅਰਦਾਸ

## ਬਾਰੇ

ਦਸਵੀਂ ਅਤੇ ਗਿਆਰਵੀਂ ਕਵਿਤਾ ਨੂੰ ਛੱਡ ਕੇ *ਸ਼ਹੀਦ ਦੀ ਅਰਦਾਸ* ਦੀਆਂ ਸਭ ਕਵਿਤਾਵਾਂ ਜੂਨ, 1984 ਪਿੱਛੋਂ ਲਿਖੀਆਂ ਗਈਆਂ। ਇਹਨਾਂ ਸਾਲਾਂ ਵਿਚ ਮੇਰੇ ਸੀਨੇ ਦੀ ਖ਼ਾਮੋਸ਼ੀ ਵਿਚ ਪਲਦੀ ਅਥਾਹ ਵੇਦਨਾ ਅਤੇ ਬੇਪੱਤੀ ਦੇ ਨਾਂਹ ਦੱਸੇ ਜਾ ਸਕਣ ਵਾਲੇ ਅਕਹਿ ਅਹਿਸਾਸ ਵਿੱਚੋਂ ਇਹਨਾਂ ਕਵਿਤਾਵਾਂ ਦਾ ਜਨਮ ਹੋਇਆ। ਇਹਨਾਂ ਨਜ਼ਮਾਂ ਨੂੰ ਲਿਖਣ ਸਮੇਂ ਮੈਂ ਸੱਚ ਦੀ ਅਨੁਭੂਤੀ ਤੋਂ ਇਕ ਪਲ ਲਈ ਵੀ ਵੱਖ ਨਹੀਂ ਹੋਇਆ।

ਇਸ ਕਾਵਿ-ਸੰਗ੍ਰਹਿ ਦੀਆਂ ਨਿੱਕੀਆਂ ਕਵਿਤਾਵਾਂ ਸ਼ਹੀਦ ਦੇ ਅਸੀਮ ਕਰਮ-ਖੇਤਰ ਦੀਆਂ ਝਲਕਾਂ ਦਿੰਦੀਆਂ ਹਨ। ਮਹਾਨ ਸ਼ਹੀਦਾਂ ਦਾ ਚਿੰਤਨ ਧਰਤੀ ਦੀ ਖ਼ੂਬਸੂਰਤੀ ਤੋਂ ਸ਼ੁਰੂ ਹੋ ਕੇ ਮੌਤ ਨੂੰ ਸਰ ਕਰਦਾ ਹੋਇਆ ਉੱਪਰ-ਪ੍ਰਕ੍ਰਿਤਕ ਮੰਡਲਾਂ ਤਕ ਪਹੁੰਚਦਾ ਹੈ। ਇੱਕੋ ਸਮੇਂ ਇਹ ਰੂਹਾਨੀ, ਕੌਮੀ, ਸਮਾਜਿਕ ਅਤੇ ਵਿਸ਼ਵ-ਵਿਆਪੀ ਬਰਕਤਾਂ ਦਾ ਸੁਆਮੀ ਹੁੰਦਾ ਹੈ। ਜਦੋਂ ਸ਼ਹੀਦ ਦੇ ਅਮਲ ਨੂੰ ਰੂਹ ਦੀ ਨਿਰੰਕੁਸ਼ ਸੁਤੰਤਰਤਾ ਸਿਦਕੀ ਜਲਾਲ ਨਾਲ ਅੰਦਰੋਂ-ਬਾਹਰੋਂ ਰੰਗ ਦੇਵੇ ਅਤੇ ਜਦੋਂ ਉਹ ਸੰਤ ਵਾਂਗ ਹਰ ਕਿਸਮ ਦੀ ਜ਼ਾਤੀ ਗਰਜ਼ ਤੋਂ ਪਾਕ ਹੋ ਜਾਵੇ, ਤਾਂ ਉਹ ਸ਼ਹੀਦਾਂ ਦਾ ਸਿਰਤਾਜ ਹੋ ਜਾਂਦਾ ਹੈ, ਜਿਵੇਂ ਮਨਸੂਰ ਜਾਂ ਸ਼ਾਮ ਸਿੰਘ ਅਟਾਰੀ ਵਾਲਾ। ਜਦੋਂ ਸ਼ਹੀਦ ਨਿੱਜੀ ਲਾਲਸਾਵਾਂ ਦਾ ਬੰਧਨ ਅਪਣਾ ਲਵੇ, (ਜਿਵੇਂ ਹਰ ਪੱਖੋਂ ਸੱਚ ਨੂੰ ਪ੍ਰਗਟਾਉਂਦੀ ਸੰਤ ਰਣਧੀਰ ਸਿੰਘ ਦੀ ਚਿੱਠੀ ਭਗਤ ਸਿੰਘ ਬਾਰੇ ਦਸਦੀ ਹੈ), ਤਾਂ ਉਸਦੀ ਅਹਿਮੀਅਤ ਆਮ ਨੇਕ ਆਦਮੀ ਨਾਲੋਂ ਕੁਝ ਹੀ ਵੱਧ ਰਹਿ ਜਾਂਦੀ ਹੈ। ਇਹੋ ਕਾਰਨ ਹੈ, ਕਵੀ *ਸ਼ਹੀਦ ਦੀ ਅਰਦਾਸ* (ਲੰਮੀ ਕਵਿਤਾ) ਵਿਚ ਭਗਤ ਸਿੰਘ ਦਾ ਜ਼ਿਕਰ ਕਰਨਾ ਅਚੇਤ ਹੀ ਭੁੱਲ ਗਿਆ। ਜਦੋਂ ਮਾਨਵਤਾ ਨੂੰ ਇਤਿਹਾਸਕ ਪ੍ਰਬੰਧ ਵਿਚ ਚਲਾਉਂਦੀਆਂ ਰੂਹਾਨੀ ਕੀਮਤਾਂ ਦਾ ਸਿਲਸਿਲਾ ਟੁੱਟ ਜਾਂਦਾ ਹੈ, ਤਾਂ ਸ਼ਹੀਦ ਦੇ ਇਸ਼ਕ ਦੀ ਇੰਤਹਾ ਦੁਨੀਆ ਦੇ ਸਭ ਤਬਕੇ ਦੇ ਇਨਸਾਨਾਂ ਨੂੰ ਆਪਣੀ ਵਿਸ਼ਾਲ ਬੁੱਕਲ ਵਿਚ ਘੁੱਟ ਲੈਂਦੀ ਹੈ। ਉਸ ਦੀ ਸਰੀਰਕ ਹਸਤੀ ਮਿਟ ਕੇ ਮਾਨਵਤਾ ਦਾ ਅਨੰਤ ਸਰੀਰ ਹੋ ਜਾਂਦੀ ਹੈ। ਉਦੋਂ ਉਸ ਦੀ ਅਰਦਾਸ ਨਾਲ ਪੈਗ਼ੰਬਰ, ਧਰਮ ਅਤੇ ਕਬੀਲੇ ਕਤਾਰਾਂ ਬੰਨ੍ਹ ਕੇ ਖਲੋ ਜਾਂਦੇ ਹਨ। ਕਵੀ ਸ਼ਹੀਦ ਦੇ ਅਜਿਹੇ ਸੱਚ ਦੇ ਪ੍ਰਗਟਾ ਲਈ ਕਿਸੇ ਵੀ ਵਿਸ਼ਵ-ਤ੍ਰਾਸਦੀ ਦਾ ਕੋਈ ਲਘੂ ਜਾਂ ਲੰਮਾ ਦ੍ਰਿਸ਼ਟਾਂਤ ਚੁਣ ਸਕਦਾ ਹੈ। ਇਹ ਕਵਿਤਾ ਵੀ ਮੈਂ ਕਿਸੇ ਐਸੇ ਹੀ ਆਵੇਸ਼ ਵਿੱਚੋਂ ਲਿਖੀ ਸੀ, ਜਦੋਂ ਮੈਂ ਆਪਣੇ ਅਜ਼ੀਮ ਦੋਸਤ ਪਾਲ ਅਤੇ ਦੋ ਹੋਰ ਯਾਰਾਂ ਨਾਲ ਰਾਜਸਥਾਨ ਦੇ ਸ਼ਹਿਰਾਂ, ਕਿਲਿਆਂ ਅਤੇ ਥਲ ਨੂੰ ਵੇਖ ਕੇ ਅਤੇ ਗੁਰੂ-ਰਾਹਾਂ ਦੀ ਦੈਵੀ ਝਲਕ ਲੈ ਕੇ ਪੰਜਾਬ ਪਰਤਿਆ ਸਾਂ।

*(25-7-1989)*

# 1

# ਸ਼ਹੀਦ ਦੀ ਅਰਦਾਸ

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

*(ਗੁਰੂ ਨਾਨਕ ਸਾਹਿਬ—ਮਾਝ ਕੀ ਵਾਰ)*

## ਭਾਗ ਪਹਿਲਾ

**—1—**

ਅਧ ਵਿਚ ਉਮਰ ਮੇਰੀ ਦਾ ਪੈਂਡਾ
ਵਿਸੁ-ਧੂੰਏਂ ਜਦ ਲੁੱਤਾ;
ਬਾਲਪਨ ਦੇ ਬਿਰਖ ਦੇ ਹੇਠਾਂ
ਲੰਮੀਆਂ ਤਾਣ ਮੈਂ ਸੁੱਤਾ।

ਕੌਮਾਂ ਦੀਆਂ ਆਹਾਂ ਦਾ ਯਾਰੋ,
ਹੌਲ ਪਤਾਲ ਤੋਂ ਭਾਰੀ;
ਮਾਹੀ ਦੇ ਚਰਨਾਂ ਨਾ' ਲੱਗੀ
ਖਿਚਦਾ ਜਾਨ ਪਿਆਰੀ।

ਨੀਂਦ ਨੂੰ ਸੇਕ ਪਵੇ ਤਾਂ ਵੇਖਾਂ,
ਰੋਣ ਕਾਫ਼ਲੇ 'ਕੱਲੇ।
ਕੌਮਾਂ ਦੇ ਸ਼ਮਸ਼ਾਨ ਬਲਣ ਪਏ,
ਗਯਾ ਬ੍ਰਿਛ ਦੇ ਥੱਲੇ।

ਸਿਰ 'ਚੋਂ ਨਿਕਲ ਅਗਨ ਦੀਆਂ ਜੀਭਾਂ
ਬੈਠ ਥਲੀਂ ਕੁਝ ਲਿੱਖਣ,
ਸਾਹ ਮੇਰੇ ਨੂੰ ਕਿਸੇ ਖ਼ਲਾ ਵੱਲ
ਸ਼ੂਕ ਸਰਾਲਾਂ ਖਿੱਚਣ।


WWW.SIKHBOOKCLUB.COM

ਬੰਨ੍ਹ ਤੂਫ਼ਾਨ ਕਾਲ ਚੋਂ ਲਿਆਇਆ
ਬੰਦੀਵਾਨ ਜ਼ਮੀਰਾਂ,
ਧੌਲੀ ਦਾੜ੍ਹੀ ਖ਼ੁਸ਼ਕ ਕੇਸ ਨੂੰ
ਵਾਹੁੰਦਾ ਘੱਤ ਵਹੀਰਾਂ।

ਲੂਹੇ ਪਿੰਡ ਲੰਘ ਕੁਰਲਾਟਾਂ
ਸੁਪਨੇ ਦੇ ਵਿਚ ਢੱਲਣ,
ਤਪ ਤੋੜ ਰਿਸ਼ੀਆਂ ਦੇ ਭਾਰੀ
ਨੀਂਦ ਦਾ ਬੂਹਾ ਮੱਲਣ।

ਜਦੋਂ ਮਾਸੂਮਾਂ ਦੀ ਮਕਤਲ 'ਚੋਂ
ਚੜ੍ਹਨ ਵਿਸ਼ੈਲੀਆਂ ਛੱਲਾਂ;
ਖੜ੍ਹੀ ਨੀਂਦ ਦੇ ਬੂਹੇ ਪਾਉਂਦੀ
ਬੂੰਦ ਜ਼ਮਜ਼ਮੀ ਠੱਲ੍ਹਾਂ।

ਮਿਟ ਚੁੱਕਿਆਂ ਮਜ਼੍ਹਬਾਂ ਦੀਆਂ ਪੈੜਾਂ
ਕਰਨ ਨੀਂਦ ਤੇ ਛਾਵਾਂ।
ਗੁਫ਼ਾ ਅਜਿੱਤ 'ਚੋਂ ਛੇਕ ਸੁੱਟਿਆ
ਜਮ ਨੇ ਵਕਤ ਨਿਥਾਵਾਂ।

ਇੰਞ ਕਲੇਸ਼ ਪੁਸ਼ਤ ਦਰ ਪੁਸ਼ਤਾਂ
ਡਸਣ ਨੀਂਦ ਦੀਆਂ ਜੂਹਾਂ।
ਕਬਰ ਜੇਹੀ ਕਾਇਆਂ ਵਿਚ ਹੱਸਣ
ਅਣਪਛਾਣੀਆਂ ਰੂਹਾਂ।

ਤੱਕ ਮੋਏ ਲਸ਼ਕਰ ਦੀਆਂ ਰਾਹਾਂ
ਪੀੜ ਜਰਾਂ ਵਿਚ ਆਸਾਂ।
ਧਰਤੀ ਦੀਆਂ ਪੌਣਾਂ 'ਤੇ ਰਹੀਆਂ
ਕੋਟ ਬੇਨਾਮ ਪਿਆਸਾਂ।

ਭੈਅ ਹੈ ਇਕ ਦਿਨ ਵਿਛੜ ਸਜਣ ਤੋਂ
ਨਾਲ ਗੁਨਾਹਾਂ ਜਾਸਾਂ।
ਅੱਜ ਮੈਂ ਤਾਹੀਉਂ ਨੀਂਦ ਦੇ ਦਰ 'ਤੇ
ਜ਼ਾਮਨ ਕੋਈ ਬੈਠਾਸਾਂ।

ਪੀਲੇ ਪੱਤਾਂ ਦੇ ਹੜ੍ਹ ਆਉਂਦੇ
ਚਾ ਗੁਮਨਾਮ ਅਵਾਜ਼ਾਂ।
ਕਦੇ ਹਰੇ ਵਣਾਂ ਦੇ ਜਲਵੇ
ਲਾਉਣ ਪਏ ਪਰਵਾਜ਼ਾਂ।


WWW.SIKHBOOKCLUB.COM

ਕੋਮਲ ਨੀਂਦ 'ਤੇ ਵਕਤ ਦਾ ਪਹਿਰਾ
ਜਕੜ ਕਠੋਰ ਬਣਾਵੇ।
ਉਂਵ ਤਾਂ ਸਭ ਸਮਿਆਂ ਤੋਂ ਅੱਗੇ
ਕੋਈ ਪੈਗ਼ੰਬਰ ਗਾਵੇ।

ਚਾਏ ਰੁੱਖ ਬਾਲਪਨ ਹੇਠਾਂ
ਘੜੇ ਸਕੂਨ ਦੇ ਫ਼ਜਰਾਂ—
ਤਦੋਂ ਮੇਰੀ ਨੀਂਦ 'ਤੇ ਜੁੜੀਆਂ
ਸਦੀ ਸਦੀ ਦੀਆਂ ਨਜ਼ਰਾਂ।

ਆਖਰ ਮੇਰੀ ਨੀਂਦ 'ਤੇ ਢਿਲਕੇ
ਕੋਟ ਕੰਵਲ ਅਸਮਾਨੀ।
ਆਏ ਦੂਰ ਚਾਨਣੀ ਵਿੱਚੋਂ
ਸੈ ਵਰ੍ਹਿਆਂ ਦੇ ਜਾਨੀ।

ਲੰਘੀ ਨੀਂਦ ਜੁਗਾਂ ਦੇ ਰੌਲੇ
ਚਾ ਨਿਰਵਾਨ ਦੀ ਖਾਰੀ।
ਲਿਪਟ ਲਿਪਟ ਕੰਵਲਾਂ ਨੂੰ ਮਹਿਕੇ
ਚੰਨ ਚਾਨਣੀ ਪਿਆਰੀ।

ਅਧ ਵਿਚ ਉਮਰ ਮੇਰੀ ਦਾ ਪੈਂਡਾ
ਜਦ ਹੋਇਆ ਬੇ-ਰੁੱਤਾ।
ਬਾਲਪਨ ਦੇ ਬਿਰਖ ਦੇ ਹੇਠਾਂ
ਲੰਮੀਆਂ ਤਾਣ ਮੈਂ ਸੁੱਤਾ।

—2—

ਵਗਿਆ ਮੇਰੀ ਨੀਂਦ 'ਤੇ,
ਲੰਮਾ ਕੋਈ ਸਕੂਨ।
ਸਿਰ ਮੇਰੇ ਵਿਚ ਥੰਮ੍ਹਿਆ
ਪਰਬਤ ਜੇਡ ਜਨੂੰਨ।

ਮੈਂ ਨਿਰਵਾਣ ਦਾ ਜਾਪ ਕਰ
ਪਾ ਕੇ ਸਮੇਂ ਦੀ ਥਾਹ।
ਭੀਸ਼ਮ ਵਾਂਗ ਸਾਂ ਲੈ ਰਿਹਾ
ਤਿਲ ਤਿਲ ਵਿੰਨ੍ਹਿਆਂ ਸਾਹ।


WWW.SIKHBOOKCLUB.COM

ਏਸ ਸਕੂਨ 'ਚ ਛੁਪੇ ਸੀ
ਕੋਟ ਕਲੇਸ਼ ਮਹੀਨ।
ਅਣਬੁੱਝ ਲੱਖ ਬੇਚੈਨੀਆਂ,
ਮੌਤ ਦੇ ਅਜਬ ਯਕੀਨ;

ਛਹਿ ਕੇ ਬਹਿੰਦਾ ਨਾਗ ਜਿਉਂ
ਵਿਚ ਪੁਰਾਣੀ ਗੋਰ,
ਗੁਫ਼ਾ 'ਚ ਔਝੜ ਕੂਟ ਤੇ
ਚਿਰ ਤੋਂ ਛੁਪਣ ਜਿਉਂ ਚੋਰ।

ਰਾਹੀਆ ਪਰਬਤ ਦੂਰ ਦੇ
ਕੌਣ ਰਿਹਾ ਹੈ ਚੀਰ,
ਆਹ ਤੇਸੇ ਦੀ ਉਠਦੀ,
ਜਾਂ ਮਜ਼ਬਾਂ ਦੀ ਪੀੜ।

ਵਿੰਨ੍ਹੇ ਪਲ ਪਲ ਨੀਂਦ ਨੂੰ,
ਦੱਬੀ ਚੀਖ ਅਧੀਰ।
ਸੁੱਤੀਆਂ ਕੌਮਾਂ ਕੁਹਣ ਲਈ
ਤਕਦੀ ਨਜ਼ਰ ਬੇ-ਪੀਰ।

ਸਈਓ ਬੋਧੀ ਬ੍ਰਿਛ ਤੋਂ
ਕੌਣ ਲਿਆਇਆ ਨੀਰ ?
ਨੀਂਦ ਦਾ ਬੂਹਾ ਧੋਣ ਲਈ
ਫ਼ਜਰੀਂ ਆਏ ਫ਼ਕੀਰ।

ਨੈਣ ਸਬਰ ਤੇ ਸਿਦਕ ਦੇ
ਨੀਂਦ 'ਤੇ ਕਰਦੇ ਲੋਅ।
ਪੱਤ ਲੁੱਟਣ ਦੇ ਹਾਦਸੇ
ਕਿੱਥੇ ਲਵਾਂ ਲੁਕੋ ?

ਪਾਲੇ ਧੀਆਂ ਵਾਂਗ ਮੈਂ,
ਕੁਝ ਨਦੀਆਂ ਦੇ ਮੋਹ;
ਹਿਜਰ ਹੰਡਾਉਣਾ ਉਹਨਾਂ ਦਾ
ਬਾਰ ਪਰਾਏ ਰੋ।

ਵਿਚ ਨੀਂਦ ਮੈਂ ਥੰਮ੍ਹਿਆ,
ਲਖ ਸਾਲਾਂ ਦਾ ਰੋਹ;
ਬਾਲਪਨ ਦੇ ਬ੍ਰਿਛ 'ਤੇ
ਚੰਨ ਚਾਨਣੀ ਕੋ !

— — — — —


WWW.SIKHBOOKCLUB.COM

ਇਕ ਪਲ ਹੁਜਰੇ ਸਿਦਕ ਦੇ
ਦੀਵੇ ਬੁਝਦੇ ਆ,
ਦੂਜੇ ਪਲ ਵਿਚ ਚਮਕਦੇ
ਜ਼ਖ਼ਮ ਮੇਰੇ ਸ਼ਰਮਾ।

ਬੇਵਫ਼ਾ ਸਦੀਆਂ ਦੀ ਹੁੰਗਰ
ਭਾਵੇਂ ਰਹੀ ਸਤਾ,
ਦਰ ਮੂਰਛਾ ਭੀਸ਼ਮ ਵਾਂਗੂੰ
ਸਿਦਕਾਂ ਲਈ ਪਨਾਹ।

ਮੈਂ ਉੱਚੇ ਅਸਮਾਨ ਦੇ
ਟਿਮ ਟਿਮ ਤਾਜ ਸਜਾ,
ਬਾਲਪਨ ਦੇ ਬਿਰਖ ਦਾ
ਪੱਤ ਪੱਤ ਲਿਆ ਜਗਾ।

x x x x x

—3—

ਅੱਧੀ ਰਾਤ ਸੀ ਉਮਰ ਦਾ ਪਹਿਰ ਦੂਜਾ
ਬਾਲਪਨ ਦਾ ਬ੍ਰਿਛ ਪਛਾਣਿਆਂ ਮੈਂ।
ਡੂੰਘੀ ਨੀਂਦ ਦੇ ਮੁਲਕ ਮਾਸੂਮ ਮੁੜਕੇ,
ਪੱਤਣ ਫੇਰ ਝਨਾਂ ਦਾ ਛਾਣਿਆਂ ਮੈਂ।
ਕੱਚੇ ਵਿਹੜਿਆਂ ਵਿਚ ਤ੍ਰਿੰਞਣਾਂ ਦਾ,
ਯਾਰੋ ਰਾਗ ਅਨੋਖੜਾ ਮਾਣਿਆਂ ਮੈਂ।
ਕੌਮਾਂ ਬਹੁਤ ਜਹਾਨ ਦੇ ਵਿਚ ਆਈਆਂ,
ਪੰਥ ਜੇਡ ਨ ਕਿਸੇ ਨੂੰ ਜਾਣਿਆਂ ਮੈਂ।

ਤੇਰੇ ਬਾਜ਼ ਨੂੰ ਰਹੇ ਉਡੀਕਦੇ ਸੀ,
ਮਿੱਟੀ ਵਿਚ ਗੁਨਾਹਾਂ ਦੇ ਬੋਲ ਮੇਰੇ।
ਲੁੱਟੀ ਪੱਤ ਨਾਲ ਕੌਮ ਨੇ ਕੌਲ ਕੀਤੇ,
ਨੈਣ ਬਣੇ ਗਵਾਹ ਅਨਭੋਲ ਮੇਰੇ।
ਗਿਆ ਸਬਰ ਅਸਮਾਨ ਨੂੰ ਚੀਰ ਜਿਹੜਾ
ਰਿਹਾ ਬਿਖੜੇ ਪੈਂਡੇ ਫਰੋਲ ਮੇਰੇ।
ਸੌਂ ਗਏ ਨਾਲ ਮਾਸੂਮੀਆਂ ਵਾਂਗ ਬਾਲਾਂ,
ਵੈਰ ਦੂਤੀਆਂ ਵਾਲੜੇ ਕੋਲ ਮੇਰੇ।


WWW.SIKHBOOKCLUB.COM 

ਕਿੱਸੇ ਲੱਥੜੀ ਪੱਗ ਤੇ ਪੱਤ ਵਾਲੇ,
ਸਾਂਭ ਜਿਗਰ 'ਤੇ ਰੱਖੇ ਦੀਵਾਨਿਆਂ ਨੇ।
ਚੁਭਿਆ ਰਹੇਗਾ ਜਿੰਦ ਵਿਚ ਕੋਟ ਬਰਸਾਂ,
ਤਾਹਨਾ ਮਾਰਿਆ ਜਿਹੜਾ ਬੇਗਾਨਿਆਂ ਨੇ।
ਬ੍ਰਿਹਾ ਵਿਚ ਹੀ ਵਕਤ ਦਾ ਪਾਟ ਲੰਮਾ,
ਬੰਨ੍ਹ ਲਿਆ ਸ਼ਹੀਦ ਦੇ ਗਾਨਿਆਂ ਨੇ।
ਅੱਜ ਰਾਤ ਬੇਦਾਵੇ ਦੇ ਸਫ਼ਰ ਮੁੱਕੇ,
ਅੰਬਰ ਲੱਭ ਲਏ ਨਵੇਂ ਨਿਸ਼ਾਨਿਆਂ ਨੇ।

ਰਾਤ ਗੀਤ ਦੀ ਨੂਰ ਦੇ ਲੈ ਚੱਪੂ,
ਮਾਂਝੀ ਚਲੇ ਗਏ ਨਦੀਆਂ ਦੇ ਮੋੜਦਾ ਮੈਂ।
ਘਾਇਲ ਹੋਇਆਂ ਦੀ ਕੂਕ ਨੂੰ ਗਲੇ ਲਾਵਾਂ,
ਰਾਹ ਕੂੰਜਾਂ ਦੇ ਕਦੇ ਨ ਤੋੜਦਾ ਮੈਂ।
ਚੁੱਕ ਸ਼ਾਹ ਅਸਵਾਰਾਂ ਦੀ ਧੂੜ ਸੋਹਣੀ,
ਨਾਲ ਮਜਲਸ ਫ਼ਕੀਰਾਂ ਦੀ ਜੋੜਦਾ ਮੈਂ।
ਅੱਧੀ ਰਾਤ ਨੂੰ ਬਾਲਪਨ ਬ੍ਰਿਛ ਹੇਠਾਂ,
ਰਮਜ਼ ਮਾਹੀ ਦੀ ਆਖ਼ਰੀ ਲੋੜਦਾ ਮੈਂ।

ਨਦੀਆਂ ਵਾਂਗ ਧਰਵਾਸ ਦਾ ਬੋਲ ਡੂੰਘਾ,
ਘਣੇ ਬ੍ਰਿਛ ਦੀ ਚੁੱਪ ਵਿਚ ਟੋਲਦਾ ਮੈਂ।
ਮਿੱਟੀ ਵਿਚ ਅਸਮਾਨ ਦੇ ਰਾਜ਼ ਬਲਦੇ,
ਅਨਲਹੱਕ ਦੇ ਨਾਅਰੇ ਵਿਚ ਘੋਲਦਾ ਮੈਂ।
ਦੂਰ ਜਾਂਦੇ ਮੁਸਾਫ਼ਰਾਂ 'ਕੱਲਿਆਂ ਨੂੰ,
ਸੁਖਨ ਕਿਸੇ ਮਹਿਬੂਬ ਦੇ ਬੋਲਦਾ ਮੈਂ।
ਖ਼ੂਨੀ ਵਾ ਵਰੋਲੇ ਦੀ ਵਾਗ ਫੜਕੇ,
ਖ਼ਾਬ ਸ਼ਬਨਮਾਂ ਦੇ ਫਿਰਾਂ ਟੋਲਦਾ ਮੈਂ।

ਜਿੱਥੇ ਕਿੱਥੇ ਵੀ ਰੁਲੇ ਨਸੀਬ ਮੇਰੇ,
ਪੈਂਡੇ ਬਣੇ ਵੈਰਾਗੀਆਂ ਜੋਗੀਆਂ ਦੇ।
ਧੀਆਂ ਵਾਂਗ ਉਸ ਗਲੇ ਦੇ ਨਾਲ ਲਾਏ,
ਅੱਜ ਰਾਤ ਸਭ ਪੰਧ ਵਿਜੋਗੀਆਂ ਦੇ।
ਸ਼ੱਬੇ-ਕਦਰ ਦਾ ਰਹਿਮ ਹੀ ਦਸ ਸੱਕੇ,
ਸਾਲ ਬੀਤਦੇ ਕਿਵੇਂ ਨੇ ਸੋਗੀਆਂ ਦੇ।
ਚੜ੍ਹਣੀ ਫ਼ਜਰ ਨਿਰਵਾਣ ਦੀ ਓਸ ਉੱਤੇ,
ਰੱਖੇ ਸੀਸ ਜਿਸ ਗੋਦ ਵਿਚ ਰੋਗੀਆਂ ਦੇ।

ਮਹਾਂ ਸਿੰਘ ਦੇ ਦਰਦ ਦੀ ਚੀਸ ਡੂੰਘੀ,
ਜਪਾਂ ਤਪਾਂ ਤੋਂ ਅੱਗੇ ਸੰਭਾਲਦਾ ਮੈਂ।
ਗੁਨਾਹਗਾਰਾਂ ਦੇ ਮਜਮਿਆਂ ਵਿਚ ਬੈਠਾ,
ਬਖ਼ਸ਼ਣਹਾਰ ਦੀ ਨਜ਼ਰ ਨੂੰ ਪਾਲਦਾ ਮੈਂ।
ਜਿਹੜੀ ਮਿੱਟੀ ਸ਼ਹੀਦਾਂ ਦੀ ਰੁੱਤ ਵੇਖੀ,
ਸ਼ਬਨਮ ਓਸੇ ਹੀ ਰੁੱਤ ਦੀ ਭਾਲਦਾ ਮੈਂ।
ਆਖ਼ਿਰ ਸਮੇਂ 'ਚੋਂ ਸੱਚ ਦੀ ਨਜ਼ਰ ਲੱਭੀ,
ਨਹੀਂ ਤਾਂ ਕੁੱਲ ਅਸਮਾਨ ਹੀ ਜਾਲਦਾ ਮੈਂ।

ਤਪੇ ਰਣਾਂ ਵਿਚ ਸਿਖਰ ਦੁਪਹਿਰ ਵੇਲੇ,
ਪਾਣੀ ਦੇਣ ਹਰ ਘਾਇਲ ਨੂੰ ਚੱਲਿਆ ਮੈਂ।
ਰਾਤ ਦਿਹੁੰ ਦੇ ਅਦਲ ਦੀ ਅਜਬ ਲੀਲਾ,
ਵੈਰੀ ਮੀਤ ਦੇ ਨਾਲ ਹੱਸ ਖੱਲਿਆ ਮੈਂ।
ਬਖ਼ਸ਼ਣਹਾਰ ਵਲ ਸਿੰਨ੍ਹਿਆ ਤੀਰ ਦੂਤੀ,
ਕਿਸੇ ਬਲੀ ਹੰਝੂ ਸੰਗ ਠੱਲਿਆ ਮੈਂ।
ਰਾਹ ਨ ਭੁੱਲਿਆ ਮਿੱਠੜੇ ਘਰਾਂ ਸੰਦਾ,
ਨਦੀ ਸਾਗਰ ਪਹਾੜ ਨੂੰ ਝੱਲਿਆ ਮੈਂ।

ਓਸ ਰਾਤ ਮੈਂ ਬਾਲਪਨ ਬਿਰਖ ਹੇਠਾਂ,
ਕਦੇ ਮੂਰਛਿਤ ਕਦੇ ਮੈਂ ਸੁੱਤੜਾ ਸਾਂ।
ਦੇਂਦਾ ਕਦੇ ਦਿਲਾਸੜੇ ਭੱਠ ਝੋਕਾਂ,
ਸੁਲੇਮਾਨ ਵਿਚਾਰੇ ਦਾ ਦੁੱਖੜਾ ਸਾਂ।
ਵੱਡੇ ਤਪਾਂ ਵਿਚ ਰਣਾਂ ਦੇ ਵੈਣ ਸੁਣਦਾ,
ਚੀਸ ਛਾਲੇ ਦੀ ਥਲਾਂ ਦਾ ਮੁੱਖੜਾ ਸਾਂ।
ਜਿਹੜੀ ਨਦੀ ਨੂੰ ਸੁੱਕਿਆਂ ਬਰਸ ਬੀਤੇ,
ਉਹਦੇ ਮਾਂਝੀ ਦੀ ਕਬਰ ਦਾ ਰੁੱਖੜਾ ਸਾਂ।

ਰਾਤੀਂ ਨਿਕਲ ਚਮਕੌਰ ਦੀ ਗੜ੍ਹੀ ਵਿੱਚੋਂ,
ਛਾਲੇ ਹੋਇ ਵਿਚ ਕੰਡਿਆਂ ਉੱਗਿਆ ਮੈਂ।
ਹਰ ਇਕ ਸਮੇਂ ਵਿਚ ਅਜਨਬੀ ਪੈੜ ਮੇਰੀ,
ਕੌਮਾਂ ਲੱਖਾਂ ਦੇ ਚੋਗੇ ਨੂੰ ਚੁੱਗਿਆ ਮੈਂ।
ਬਣਕੇ ਰੇਤ ਕੋਈ ਸਿਦਕ ਦੇ ਮੋਤੀਆਂ ਦੀ,
ਫਲਗੂ ਨਦੀ ਦੇ ਪਾਣੀਏਂ ਡੁੱਬਿਆ ਮੈਂ।
ਸਿੱਪ ਸਿੱਪ ਸਮੁੰਦਰਾਂ ਵਿਚ ਵਿਛਿਆ,
ਚੰਚਲ ਲਹਿਰ ਹਰ ਸਾਮ੍ਹਣੇ ਪੁੱਗਿਆ ਮੈਂ।


WWW.SIKHBOOKCLUB.COM

ਜਿਵੇਂ ਸ਼ੁਤਰ ਦੇ ਕਾਫ਼ਲੇ ਥਲੀਂ ਸੁਣਦੇ,
ਹੇਕ ਮੁੱਢ ਕਦੀਮ ਦੇ ਤਾਰਿਆਂ ਦੀ।
ਮੇਰੀ ਨੀਂਦ ਇਉਂ ਆਖਰੀ ਸੱਦ ਆਈ,
ਮਿਟੀਆਂ ਕੌਮਾਂ ਦੇ ਲਸ਼ਕਰਾਂ ਭਾਰਿਆਂ ਦੀ।
ਅੱਜ ਰਾਤ ਫ਼ਰਿਆਦ ਮੈਂ ਹਿੱਕ ਲਾਵਾਂ,
ਲੱਖਾਂ ਸੁੱਤਿਆਂ ਕਪਟ ਵਿਚ ਮਾਰਿਆਂ ਦੀ।
ਵਾਰੇ ਨੂਰ ਅਸਵਾਰ ਤੇ ਥਲਾਂ ਅੰਦਰ,
ਲੋਅ ਉੱਚੀ ਜੋ ਨੀਂਦ ਚੁਬਾਰਿਆਂ ਦੀ।

ਡੂੰਘੀ ਨੀਂਦ 'ਚੋਂ ਕੌਣ ਜਗਾਂਵਦਾ ਹੈ,
ਫਾਹੁੰਦੇ ਜਿੰਦ ਨੂੰ ਜਾਲ ਚੁਰਾਸੀਆਂ ਦੇ।
ਕਿਉਂ ਨ ਸੁਣੇ ਫ਼ਕੀਰ ਕੋਈ ਦਰਦ ਆ ਕੇ,
ਬੋਧੀ ਬ੍ਰਿਛ ਤੇ ਕੂੰਜਾਂ ਪਿਆਸੀਆਂ ਦੇ।
ਕਿਸੇ ਸੱਦ ਮਹੀਨ ਨੇ ਵਿੰਨ੍ਹਿਆ ਮੈਂ,
ਜਿਵੇਂ ਬੋਲ ਪੁਰਾਣੇ ਬਨਬਾਸੀਆਂ ਦੇ।
ਲਹੂ ਡਿੱਗਦਾ ਸਮੇਂ ਦੇ ਖੰਭ ਵਿੱਚੋਂ,
ਫਨੀਅਰ ਕੀਲਦੇ ਪੰਧ ਉਦਾਸੀਆਂ ਦੇ।

—4—

ਫਿਰ ਕੀ ? ਨੀਂਦ ਨੂੰ ਤੋੜਕੇ
ਨਸ ਗਿਆ ਕੁਈ ਰਾਗ।
ਜਾਂ ਤਾਂ ਭਰਮ ਫ਼ਕੀਰ ਦਾ
ਜਾਂ ਔਹ ਬੁਝੇ ਚਰਾਗ਼।

ਸੋਗ ਮਨਾਉਂਦੇ ਬ੍ਰਿਛ 'ਤੇ,
ਤਕਦੀਰਾਂ ਦੇ ਕਾਗ।
ਡੰਗੇ ਨਭ ਨੂੰ ਨਾਗ ਜਿਉਂ
ਬੇਚੈਨ ਇਕ ਜਾਗ।

ਕਿਸ ਨੇ ਘੋੜਾ ਮਾਰਿਆ ?
ਕਿਸ ਨੇ ਤੋੜੀ ਵਾਗ ?
ਕਾਲੇ ਪੈਂਡੇ ਸ਼ੂਕਦਾ
ਕੱਲਮ ਕੱਲਾ ਨਾਗ।


WWW.SIKHBOOKCLUB.COM

ਫਿਰ ਮੈਂ ਜ਼ਖ਼ਮੀ ਬਾਜ਼ ਕੋਈ,
ਤੱਕਾਂ ਅਜ਼ਲਾਂ ਲਾਗ;
ਜਿਸਦੇ ਸਿਰ 'ਤੇ ਉੱਡਦੇ
ਸੈ ਵਰ੍ਹਿਆਂ ਤੋਂ ਕਾਗ।

ਘਾਇਲ ਬਾਜ਼ ਦੀ ਸੁਣੀ ਮੈਂ
ਕਿਲਕਾਰੀ ਜਿਉਂ ਕਾਲ!
ਫਾਂਸੀ ਵਾਂਗੂੰ ਚੰਬੜੀ
ਸ਼ਾਹ ਰਗ ਮੇਰੀ ਨਾਲ।

ਪਿੰਜਰ ਬੇਪੱਤ ਕੌਮ ਦੇ
ਚੂੰਡ ਅੱਖਾਂ ਦੇ ਵਾਲ;
ਦੂਰ ਕਾਗ ਗਏ ਉੱਡਦੇ
ਜਿਉਂ ਉਮਰਾ ਦੇ ਸਾਲ।

x x x x x

ਰਾਤੀਂ ਬੈਠੀ ਕੂੰਜ ਕੋ,
ਬਾਲਪਨੇ ਦੇ ਰੁੱਖ।
ਨੂਹ ਦੇ ਸਮੇਂ ਤੋਂ ਵਿਛੜੀ,
ਜਿਸ ਦੀ ਤੜਪੇ ਕੁੱਖ।

ਜ਼ਖਮੀ ਬਾਜ਼ ਨੂੰ ਤੱਕ ਕੇ,
ਹੋਰ ਹੋਈ ਦਿਲਗੀਰ।
"ਬਚੜੇ ਛੋਡ ਬਿਗਾਨੜੀ
ਮੈਂ ਹੋਈ ਵੇ ਵੀਰ।"

ਕਿਹਾ ਬਾਜ਼ ਨੇ ਕੂੰਜ ਨੂੰ,
ਰਾਜ਼ ਕਦੀਮ ਲੁਕੋ:
"ਛੱਡ ਨ ਭੈਣੇ ਅਜੇ ਤੂੰ,
ਬ੍ਰਿਛ ਹਰੇ ਦੇ ਮੋਹ।

"ਨੂਹ ਸਮੇਂ ਤੋਂ ਵਿਛੜੇ
ਤੇਰੇ ਬਚੜੇ ਜੋ,
ਮਿਲਸਨ ਤੈਂ ਅਰਦਾਸ ਦੇ,
ਸਾਹਮੇ ਜਾਣ ਜੇ ਹੋ।


WWW.SIKHBOOKCLUB.COM 

"ਪਰ ਅਰਦਾਸਾਂ ਅਮਲ ਬਿਨ
ਸੁਕ ਸੁਕ ਜਾਵਣ ਖੋ,
ਹਾਰੀ ਹੋਈ ਕੌਮ ਦੇ
ਜ਼ਖ਼ਮ ਨ ਮਿਲਦੇ ਰੋ।

"ਸ਼ਾਮ ਸਿੰਘ ਜੋ ਵੇਖਿਆ,
ਵਿਚ ਸਭਰਾਵਾਂ ਬਾਜ਼;
ਮੈਂ ਓਸੇ ਹੀ ਸਿਦਕ ਦਾ,
ਘਾਇਲ ਨਿਥਾਵਾਂ ਰਾਜ਼।

"ਹਾਰੇ ਪੁੱਤ ਅਰਦਾਸ ਦੇ,
ਸੁੱਟ ਰੋਂਦੀ ਸ਼ਮਸ਼ੀਰ।
ਕੌਮਾਂ ਛਲ ਵਿਚ ਬੰਨ੍ਹਦੇ,
ਕੋਟ ਸੁਪਨ ਬੇ-ਪੀਰ।

"ਅਦਨੋਂ ਆਉਂਦੀ ਸੁਣੇ ਤੂੰ,
ਜੋ ਕੁਰਲਾਟ ਨਿਸ਼ੰਗ।
ਬੇਰਾਹ ਥਲ ਵਿਚ ਬੋਟ ਜਿਉਂ,
ਲੁਛਦੀ ਦਰਦ-ਤਰੰਗ।

"ਜਿੰਦ ਮਾਸੂਮ ਦਲੀਪ ਦੀ,
ਖੁਭੇ ਮਸੀਹੀ ਡੰਗ।
ਬੂੰਦ ਸਜਨ ਦੇ ਦੇਸ ਦੀ,
ਗਗਨ ਤੋਂ ਮਿਲੇ ਨ ਮੰਗ।

"ਬਰਸਾਂ ਜਿੰਦ ਮਲੂਕ 'ਤੇ,
ਮਜ਼ਬ ਸਲੀਬੀ ਟੰਗ।
ਸੁਪਨ ਬੇ-ਪੀਰ ਹੀ ਰਿਹਾ ਸੀ
ਬਦਨਸੀਬ ਦੇ ਸੰਗ।

"ਮਨ ਦੇ ਥੰਮ੍ਹ ਤਪਾਂਵਦਾ,
ਹਫ ਹਫ ਥਲਾਂ ਨੂੰ ਲੰਘ।
ਕਾਲੇ ਅੰਬਰੋਂ ਸੁੱਟਦਾ,
ਟੁਕ ਟੁਕ ਜਿੰਦ ਦੇ ਅੰਗ।

"ਕੀਤੇ ਸੁਪਨ ਬੇ-ਪੀਰ ਨੇ,
ਲੁਕ ਲੁਕ ਲਖ ਫ਼ਰੇਬ।
ਅਜਬ ਮਸੀਹੀ ਭੇਸ ਵਿਚ,
ਛੇੜ ਹਿਰਸ ਦੇ ਵੇਗ।


WWW.SIKHBOOKCLUB.COM

"ਲਿਸ਼ਕੀ ਨਜ਼ਰ ਦਲੀਪ ਦੀ,
ਇਕ ਪਲ ਗੁਰੂ ਦੀ ਤੇਗ।
ਪਲ ਦੂਜੇ ਛਲ ਸਮੇਂ ਦੇ,
ਉਠ ਪਏ ਬੇਦਰੇਗ।

"ਸਿਰ ਕੌਮਾਂ ਦੇ ਰਿੱਝਦੇ,
ਵਿਚ ਸ਼ੈਤਾਨੀ ਦੇਗ।
ਝੁੱਲਿਆ ਸੀਸ ਦਲੀਪ 'ਤੇ,
ਵਿਸ ਦਾ ਭਰਿਆ ਮੇਘ।"

x x x x x

## ਗੀਤ

ਘਾਇਲ ਬਾਜ਼ ਦੇ ਸੁਖਨ ਸੁਣ,
ਕੂੰਜ ਨੇ ਨੈਣ ਭਰੇ।
ਅਦਨ ਦੇ ਸਾਗਰ ਸਾਹਮਣੇ,
ਪਿਆਸ ਦੇ ਰੰਗ ਬੜੇ।
ਲੱਖਾਂ ਸਾਲ ਦਲੀਪ ਦੇ,
ਸਾਹਵੇਂ ਆਣ ਖੜੇ।
ਦੇਵਣ ਅਮਿਉ ਬੂੰਦ ਨੂੰ,
ਜੇ ਅਰਦਾਸ ਕਰੇ।
ਭਾਵੇਂ ਪੱਤ ਦੇ ਜਾਣ ਦੇ,
ਡਾਢੇ ਤਾਪ ਜਰੇ।
ਨੂਰ ਬਿਨਾਂ ਅਰਦਾਸ ਦਾ
ਦਾਮਨ ਕੌਣ ਫੜੇ ?
ਬਣਦੇ ਨਜ਼ਰ ਜੇ ਪੰਥ ਦੀ,
ਪੱਤ ਦੇ ਖੰਭ ਸੜੇ,
ਆਉਂਦਾ ਘੋੜਾ ਬੀੜ ਮੈਂ
ਮੋੜ ਮੁਹਾਰ ਘਰੇ।
ਬਾਲਪਨ ਦੇ ਬਿਰਖ 'ਤੇ,
ਜੀਅੜਾ ਕੂੰਜ ਡਰੇ।
ਨਾਂਹ ਰੋ ਬਿਰਖਾ ਸੋਹਣਿਆਂ,
ਹਾਲੇ ਪੱਤ ਹਰੇ।

x x x x x


WWW.SIKHBOOKCLUB.COM

—5—

ਨਹੀਂ! ਨਹੀਂ! ਰੁੱਖ ਨਹੀਂ ਹਰਿਆ।
ਖ਼ਾਬ ਨਿਆਣੀ ਉਮਰ ਦਾ ਸੜਿਆ।

ਦੂਰ ਗੁਫ਼ਾਵਾਂ! ਬੰਦੀ ਕੂਕੇ,
ਸ਼ਾਹ ਰਗ ਲੁਕੇ ਨਾਗ ਸੀ ਸ਼ੂਕੇ।

ਪਾਕ ਜ਼ਮੀਰ ਦੇ ਗੁੱਝੇ ਬੂਹੇ
ਛੁਪੀ ਪੜੋਸਣ ਹਿਰਸ ਨੇ ਲੂਹੇ।

ਖਾ ਖਾ ਨੀਂਦ ਦੁਪਹਿਰੇ ਰੈਣਾਂ
ਸਾਜ਼ਿਸ਼ ਓਢ ਤੁਰਨ ਸੰਗ ਡੈਣਾਂ।

ਵਾਵਰੋਲੇ ਝੱਖੜ ਸੂਹੇ,
ਪੂਰਨ ਸਾੜਕੇ ਸੁੱਟਣ ਖੂਹੇ।

ਜ਼ਖ਼ਮੀ ਬਾਜ਼ ਕਦੇ ਹੀ ਦਿਸਦਾ,
ਕਾਲ-ਜੀਭ ਦੇ ਓਹਲੇ ਹਿਸਦਾ।

ਸ਼ਹਿਰ ਗਰਾਮ ਵਣਾਂ ਦੇ ਸਾਏ,
ਜਿੱਧਰ ਵੇਖਾਂ ਬਾਰ ਪਰਾਏ।

ਅਜਬ ਬੇਗਾਨਾ ਭਾਰ ਕਿਸੇ ਦਾ
ਮੈਂ ਚੁੱਕਾਂ, ਨਾਂਹ ਯਾਰ ਕਿਸੇ ਦਾ!

ਉਡ ਗਈ ਕੂੰਜ, ਮੈਂ ਉਸ ਵਲ ਵੇਖਾਂ
ਸੀਨੇ ਜਿਸਦੇ ਗੱਡੀਆਂ ਮੇਖਾਂ।

ਖ਼ਾਬ ਗੁਆਚੇ ਮਾਰਨ ਅਣੀਆਂ
ਮੀਂਹ ਵਰ੍ਹਦੇ, ਨਾਂਹ ਠੰਢੀਆਂ ਕਣੀਆਂ।

ਤਾਜ ਗੁਆਇਆ ਬੁਰੇ ਨਸੀਬਾਂ।
ਉਸਦੀਆਂ ਚੁੱਕੇ ਕੌਣ ਸਲੀਬਾਂ?

ਝਲ ਝਲ ਆਇਆ ਸਿਖਰ ਦੁਪਹਿਰਾਂ
ਸਤਲੁਜ ਕੰਢੇ ਵਾਂਗ ਮੈਂ ਗ਼ੈਰਾਂ।

× × × × ×
× × × × ×

ਸੰਢ ਪਈ, ਨ ਉਮਰ ਅੰਞਾਣੀ!
ਵਗਨ ਵਗਨ ਸਤਲੁਜ ਦੇ ਪਾਣੀ।

ਵਿਚ ਬੇਟ ਦੀ ਸੰਘਣੀ ਕਾਹੀ,
ਹੌਕੇ ਛੋਡ ਗਏ ਲਖ ਰਾਹੀ।

ਛੁਪ ਛੁਪ ਬੋਲ ਅਜਨਬੀ ਆਵੇ,
ਘਾਇਲ ਪੱਤਣਾਂ ਨੂੰ ਗਲ ਲਾਵੇ।

ਦਰਦ ਦੇ ਪਤੇ ਦੇਣ ਵਿਚ ਝੱਲਾਂ,
ਬੇਨਿਆਜ਼ ਭਾਰੀਆਂ ਛੱਲਾਂ।

ਅੰਬ ਦਾ ਬੂਰ ਤੜਪਦਾ ਦੇਖਾਂ,
ਕਿਤੇ ਤੂਫ਼ਾਨ ਕੁਚਲਦੇ ਹੇਕਾਂ।

ਪੱਤ ਵੀਰਾਨ ਪੱਤਣ 'ਤੇ ਸੁੱਤੀ,
ਰੋ ਪੈੜ ਜ਼ਾਮਨ ਦੀ ਉੱਠੀ।

ਲਹਿਰਾਂ ਦੱਸਣ ਲਈ ਖਲੋਈਆਂ,
ਜਿੰਦਾਂ ਬਿਨ ਅਰਦਾਸ ਜੋ ਮੋਈਆਂ।

ਜ਼ਖਮੀ ਸ਼ੇਰ ਗਵਾਹੀ ਦੇਂਦੇ,
ਸੌਣ ਨਾਂਹ, ਰਾਤ ਦਿਹੁੰ ਜੋ ਵੇਂਹਦੇ:
"ਆਉਣ ਸ਼ਹੀਦ ਦੀਆਂ ਜਦ ਆਹਟਾਂ
ਨਾਂਹ ਮੁੱਕਣ ਘੋੜਾਂ ਦੀਆਂ ਵਾਟਾਂ।"

x x x x x

ਸੰਢ ਗਈ ਜਿਉਂ ਉਮਰ ਵਿਹਾਣੀ;
ਦਹਿਲ ਗਏ ਸਤਲੁਜ ਦੇ ਪਾਣੀ।

ਕਲਵਲ ਹੌਲ ਪਵੇ ਮਨ ਮੇਰੇ
ਤਾਰੇ ਲਰਜ਼ਣ, ਢਹਿਣ ਬਨੇਰੇ।

ਖਿੱਚੇ ਕੌਣ? ਖ਼ਲਾ ਵਿਚ ਵੇਖਾਂ,
ਰੂਹ ਮਿਰੀ ਵਿੰਨ੍ਹੀ ਸੰਗ ਮੇਖਾਂ।

ਦੇਹ ਮੇਰੀ ਨੂੰ ਤੋੜ ਧਿੰਗਾਣੇ,
ਰੂਹ ਨੂੰ ਧੂਹਣ ਪਏ ਜਰਵਾਣੇ।

ਅਜਬ ਖ਼ਲਾ ਸੀ ਸਮੇਂ ਤੋਂ ਖ਼ਾਲੀ,
ਪੀੜ ਖ਼ੁਸ਼ੀ ਜਿੱਥੇ ਨ ਹਾਲੀ;

ਜ਼ਿਦੀ ਅਨੰਤ ਸੁੰਞ 'ਤੇ ਲੇਟੇ
ਮਾਰ ਅਦਿੱਸ ਮੌਤ ਪਲਸੇਟੇ।

ਓਸ ਖ਼ਲਾ 'ਚੋਂ ਉੱਡ ਗੁਫ਼ਾਵਾਂ
ਰੂਹ ਨੂੰ ਘੁੱਟਣ ਨਾਲ ਗੁਨਾਹਾਂ।

ਪਕੜ ਲੈਣ ਸ਼ਾਹ ਰਗ 'ਚੋਂ ਬਾਣੀ,
ਸਾੜ ਦੇਣ ਮਾਂ-ਪਿਆਸ ਦੇ ਪਾਣੀ।

ਔਹ ਵਿਕਰਾਲ ਕਬਰ ਕੁਈ ਪੁੱਟੇ,
ਜਾਂ ਕੋਈ ਸੰਘ ਅਕਾਸ਼ ਦਾ ਘੁੱਟੇ।

ਭੂਤ-ਝੁੰਡ ਸ਼ਮਸ਼ਾਨ ਨੂੰ ਬਾਲਣ,
ਵਣ ਬੁੱਢੇ ਰਿਸ਼ੀਆਂ ਦੇ ਜਾਲਣ।

ਚੁੱਪ ਅਚਿਹਨ ਸਮੇਂ ਨੂੰ ਝੰਬੇ,
ਪਕੜ ਖ਼ਲਾ ਦੀ ਦਾਰ 'ਤੇ ਟੰਗੇ।

ਸੰਘ ਖ਼ਲਾ ਦਾ ਪਾੜ ਕੇ ਸਾਰਾ,
ਨ੍ਹੇਰ ਦਾ ਹੌਲ ਵੇਖਦੀ ਗਾੜ੍ਹਾ।

ਜਿਸ ਖ਼ਲਾ ਦੀ ਸਿਖਰ 'ਤੇ ਖੁੱਲਣ,
ਝੱਖੜ ਥਲਾਂ ਥਲਾਂ ਦੇ ਝੁੱਲਣ।

ਤੋੜ ਅਸੰਖ ਨਭਾਂ ਦੇ ਖੂੰਜੇ
ਜਿਸਦੀ ਤੇਗ ਪਤਾਲ ਨੂੰ ਹੂੰਝੇ

ਮੈਨੂੰ 'ਵਾਜ ਪਵੇ ਕਿਉਂ ਉਸਦੀ?
ਨਿੱਕੀ ਜਾਨ ਮੇਰੀ ਪਈ ਕੁਸਦੀ?

ਨਦੀ ਤੋਂ ਨਭ ਤਕ ਨਜ਼ਰ ਮੈਂ ਮਾਰੀ
ਮੌਤ ਦੀ ਕਾਂਗ ਚੜ੍ਹੀ ਦੋ-ਧਾਰੀ!

ਓਸ ਬੇਨਾਮ ਖ਼ਲਾ ਵਿਚ ਤਾਰੀ
ਤੰਦੂਆ ਲਾ ਰਿਹਾ ਇਕ ਭਾਰੀ।

x x x x x


WWW.SIKHBOOKCLUB.COM

ਦੰਦ ਖ਼ਲਾ ਵਿਚ ਕਢਦਾ,
ਮੌਤ ਦਾ ਗਾੜ੍ਹਾ ਅੰਧ।
ਤੰਦੂਆ ਪਿਆ ਖਿਲਾਰਦਾ,
ਵਿਸੁ ਦੇ ਕੁਹਜੇ ਤੰਦ।

ਸ਼ੂਕ ਕੇ ਜਿਸ 'ਚੋਂ ਨਿਕਲਦੇ,
ਵਲ ਖਾਂਦੇ ਸੈ ਫੰਧ।
ਗੁੰਨ੍ਹੇ ਪਾਥੀ ਗੋਲ ਵਿਚ,
ਸੱਭੇ ਸਮੇਂ ਕੇ ਦੰਭ।

ਤੱਕਾਂ: ਤੰਦੂਆ ਰਿਹਾ ਸੀ
ਤੰਦ ਅਸੰਖ ਘੁਮਾ,
ਮੌਤ ਦੇ ਪਾਣੀ ਰਿੜਕਦਾ
ਝੁੰਡ ਕੌਮਾਂ ਦੇ ਫਾਹ;

ਜਿਉਂ ਪਾਪੀ ਤੈਮੂਰ ਨੇ
ਲਾ ਸ਼ਾਹਾਂ ਦੀ ਕੰਡ
ਰਥ ਨਾ' ਬੰਨ੍ਹੇ ਸੋਚ ਇਉਂ
ਪੱਤ ਜਾਵੇਗੀ ਹੰਭ।

ਤੰਦੂਏ 'ਚੋਂ ਉਡ ਜਾਲ ਕੋ,
ਸ਼ਾਹ ਰਗ ਪਕੜ ਅਦਿੱਸ;
ਸਾਹ ਕੌਮਾਂ ਦੇ ਡੋਬਦਾ,
ਵਿਚ ਜੁਗਾਂ ਦੀ ਵਿਸੁ।

ਤੰਦਾਂ ਲਟਕ ਖ਼ਲਾ ਵਿਚ
ਸੱਦਣ ਜਿੰਨ ਬਲਾ।
ਸਤਲੁਜ ਨੂੰ ਬੇਹੋਸ਼ ਕਰ
ਪੀਣ ਸਰਾਲਾਂ ਸਾਹ।

ਕੋਹੀਆਂ ਕੌਮਾਂ ਜਿਹੜੀਆਂ,
ਗਲ ਵਿਚ ਤੰਦਾਂ ਪਾ;
ਅੱਧਾ ਸਤਲੁਜ ਸੁੱਕਿਆ,
ਨਾਲ ਉਹਨਾਂ ਦੀ ਆਹ।

ਅੱਧ ਤੱਕ ਰੇਤਾਂ ਬਲਦੀਆਂ,
ਅੱਧ ਤੱਕ ਵਗਦੇ ਨੀਰ।
ਵੈਣ ਅਜਨਬੀ ਲੰਘਦੇ,
ਲੰਮੀਆਂ ਲਹਿਰਾਂ ਚੀਰ।

ਘਾਇਲ ਬਾਜ਼ ਫਿਰ ਡਿੱਗਿਆ,
ਪਾ ਰੇਤਾਂ ਨੂੰ ਹੌਲ।
ਅੱਧ ਤੱਕ ਨਦੀ 'ਚ ਵਗਦੇ,
ਹੜ੍ਹ ਰੱਤਾਂ ਦੇ ਖੌਲ।

ਉਰਲੇ ਪੱਤਣ ਲਹੂ ਸੀ,
ਪਰਲੇ ਪੱਤਣ ਨੀਰ।
ਰੋਵਾਂ ਉਰਲੇ ਪੱਤਣੀਂ,
ਮੈਂ ਮਨਮੁਖ ਬੇਪੀਰ।

ਤਦ ਮੇਰੇ ਸਿਰ ਟਿਕੀ ਆ,
ਝੂਠੀ ਬਿਪਰ-ਸੌਗੰਧ।
ਜਿਉਂਕਰ ਬੰਨ੍ਹੀ ਕਪਟ ਦੀ,
ਲੱਖ ਸਾਲਾਂ ਨੇ ਪੰਡ।

x x x x x

—7—

ਪਰਲੇ ਪੱਤਣ ਵੇਖਿਆ,
ਫਿਰ ਅਸਵਾਰ ਮੈਂ ਕੋ।
ਜਿਸਦੇ ਪੈਂਡੇ ਵੇਖਦੇ,
ਅਣਦਿੱਸ ਰਾਹੀ ਰੋ।

ਜਿਸਦੇ ਮਸਤਕ ਲਿਸ਼ਕਦੇ,
ਸਭ ਨਦੀਆਂ ਦੇ ਮੋਹ;
ਜਿਸ ਦੀ ਹਿੱਕ 'ਤੇ ਬੰਨ੍ਹਿਆ
ਮੰਝਧਾਰਾਂ ਦਾ ਰੋਹ।

ਸਜਦੇ ਸਮੇਂ ਦੇ ਉੱਕਰੇ
ਜਿਸਦੀ ਵਿਚ ਸੰਜੋਅ,
ਸੱਚ ਕਦੀਮੀ ਸਮੇਂ ਤੋਂ
ਚਿੱਟੇ ਕੇਸਾਂ ਖੋਹ,


WWW.SIKHBOOKCLUB.COM

ਕੀਤੀ ਚਿੱਟੀ ਪੱਗ 'ਤੇ
ਅੱਜ ਮਾਹੀ ਦੀ ਲੋਅ।

ਚਿੱਟੇ ਘੋੜੇ ਵਾਲੜਾ
ਬਰਧ ਸ਼ਹੀਦ ਹੈ ਉਹ;
ਚੰਨ ਦੇ ਸੀਨੇ ਖਿੱਚਦਾ
ਲੀਕ ਲਹੂ ਦੀ ਜੋ।

ਸਭਰਾਵਾਂ ਨੂੰ ਲੰਘ ਕੇ
ਰਾਹ ਗੁਜਰਾਤ ਦੇ ਹੋ;
ਸਤਲੁਜ ਦੀ ਇਸ ਲਹਿਰ ਵਿਚ
ਛੁੱਪ ਜਾਂਦੀ ਕੰਨਸੋਅ।

x x x x x

ਚਿੱਟੇ ਘੋੜੇ ਵਾਲੜਾ
ਠਿਲ੍ਹ ਪਿਆ ਦਰਿਆ
ਵਹਿਣ ਲਹੂ ਦੇ ਚੀਰਦਾ
ਪੱਤਣੀਂ ਲੱਥਾ ਆ

ਸੱਚ ਬਜ਼ੁਰਗੀ ਵਾਲੜਾ
ਲੰਘ ਵਕਤ ਦੇ ਝੱਲ,
ਪਾਵਨ ਚਿੱਟੀ ਪੱਗ 'ਤੇ
ਮਾਰ ਰਿਹਾ ਕੋਈ ਛੱਲ।

ਦਾੜ੍ਹੇ ਪਾਕ ਸਫ਼ੈਦ ਤੇ,
ਚਮਕਣ ਕਾਲ-ਰਹੱਸ।
ਰਲ ਤਾਰੇ ਅਸਮਾਨ ਦੇ,
ਭੇਦ ਨ ਸੱਕਣ ਦੱਸ।

ਝੁਕ ਝੁਕ ਪੁੱਛੇ ਚਾਨਣੀ,
ਓਢ ਨੂਰਾਨੀ ਮੇਘ।
ਸਤਲੁਜ ਕੰਢੇ ਚਮਕਦੀ,
ਕਿਸ ਅਸਵਾਰ ਦੀ ਤੇਗ ?

ਚਿੱਟੇ ਘੋੜੇ ਵਾਲੜੇ,
ਚੁੱਕਿਆ ਮਿਹਰ ਦਾ ਹੱਥ।
ਜ਼ਾਲਮ ਸਮੇਂ ਦੇ ਸਾਹਮਣੇ,
ਜਿਉਂ ਮਾਵਾਂ ਦੀ ਰੱਖ।


WWW.SIKHBOOKCLUB.COM

ਕੂੰਦਾ ਅੱਪਣੇ ਨਾਲ ਫਿਰ,
ਭਰ ਸੁਬਕ ਜਹੀ ਆਹ:
"ਮਾਹੀ ਤੈਂਡੇ ਸਿਦਕ ਬਿਨ,
ਅਸਾਂ ਲਏ ਕਿਉਂ ਸਾਹ।"

ਚਾਨਚੱਕ ਮੈਂ ਪੁੱਛਿਆ,
ਪਾਰ ਚਾਨਣੀ ਝਾਕ:
"ਅੱਗੇ ਸਮੇਂ ਦੀ ਨਜ਼ਰ ਤੋਂ
ਤੇਰੀ ਬਜ਼ੁਰਗੀ ਪਾਕ।

"ਪਰ ਤੇਰੀ ਇਸ ਤੇਗ਼ 'ਤੇ,
ਅੱਜ ਚਾਨਣੀ ਰਾਤ;
ਸੁਣ ਸੁਣ ਹੰਝੂ ਛਲਕਦੇ
ਕਿਹੜੇ ਰਣਾਂ ਦੀ ਬਾਤ?

"ਕੀ ਤੰਦੂਏ ਦਾ ਭੈਅ ਸੀ?
ਕੌਣ ਸੀ ਜ਼ਖ਼ਮੀ ਬਾਜ਼?
ਸੰਤ ਸਿਪਾਹੀਆ ਦਸ ਜਾ,
ਰੱਤੀ ਨਦੀ ਦਾ ਰਾਜ਼।"

ਕਹਿੰਦਾ: "ਗੁਰ ਬਿਨ ਜੀਣ ਦਾ,
ਰੱਤੀ ਨਦੀ ਗੁਨਾਹ।
ਹਾਰੀ ਹੋਈ ਕੌਮ ਦਾ,
ਜ਼ਖ਼ਮੀ ਬਾਜ਼ ਗਵਾਹ।

"ਰਹਿਮ ਬਿਨਾਂ ਜਦ ਪੁਟਦੀਆਂ,
ਕੌਮਾਂ ਹਿਰਸ ਦੇ ਤਾਲ।
ਅੰਨ੍ਹੀਆਂ ਹੋ ਕੇ ਡਿਗਦੀਆਂ
ਅੱਪਣੀ ਵਿਸ ਦੇ ਨਾਲ।

"ਹੁੰਦੇ ਕੁੱਲ ਅਕਾਸ਼ ਤਦ,
ਗੁਫ਼ਾ ਦੇ ਵਾਂਗੂੰ ਬੰਦ;
ਭੈਅ ਵਿਚ ਕੌਮਾਂ ਕਤਦੀਆਂ
ਜ਼ਹਿਰੀਲੀ ਕੁਈ ਤੰਦ।

"ਬੰਨ੍ਹ ਲੈਂਦੀਆਂ ਓਸ ਵਿਚ,
ਅੱਤ ਮਹੀਨ ਜ਼ਮੀਰ।
ਨਭ-ਪਤਾਲ ਦੀ ਗੁਫ਼ਾ ਵਿਚ,
ਨਸਲਾਂ ਪਾਵਣ ਭੀੜ।


WWW.SIKHBOOKCLUB.COM

"ਪੁਸ਼ਤਾਂ ਦੇ ਮਨ ਪਾਂਵਦਾ,
ਘੁੰਮ ਘੁੰਮ ਤੰਦੂਆ ਹੌਲ।
ਨਿਭਣ ਨ ਦੇਂਦਾ ਸਿੱਖ ਦੇ,
ਗੁਰੂ ਨਾ' ਕੀਤੇ ਕੌਲ।"

ਕਿਹਾ ਮੈਂ: "ਦਿਸੇਂ ਸ਼ਹੀਦ ਤੂੰ,
ਮੌਤ ਦਾ ਸੋਹਣਾ ਕੰਤ।
ਉਸ ਦੇ ਮਸਤਕ ਉੱਕਰੇਂ,
ਅਮਰ ਸਮੇਂ ਦਾ ਮੰਤ।

"ਵਿਜੈ ਧਿਆ ਪਰ ਜਦੋਂ ਮੈਂ,
ਤਕਦਾ ਤੇਰੀ ਤੇਗ;
ਇਸ ਨੂੰ ਰੇਤ ਜਿਉਂ ਭੋਰਦਾ,
ਕਿਉਂ ਤਕਦੀਰ ਦਾ ਵੇਗ ?"

ਕਹਿੰਦਾ: "ਦੁਲਹਨ ਮੈਂਡੜੀ,
ਭਾਵੇਂ ਮੌਤ-ਰਕਾਨ।
ਕੌਮ ਦੇ ਪੈਂਡੇ ਸਦਾ ਹੀ,
ਨਾਲ ਸ਼ਹੀਦ ਦੇ ਜਾਣ।

"ਰੌਸ਼ਨ ਕਰਨ ਸ਼ਹੀਦ ਜਾਂ,
ਰਣਾਂ 'ਚ ਅੱਪਣੇ ਖ਼ਾਬ।
ਕੌਮਾਂ ਕੋਲੋਂ ਮੰਗਦੇ,
ਅੱਪਣਾ ਕੋਈ ਹਿਸਾਬ।

"ਰਹਿਣ ਸ਼ਹੀਦ ਇਕੱਲੜੇ,
ਸੁੰਨੇ ਲੱਖ ਵਰੇ;
ਗੁਰੂ ਦੇ ਪੈਂਡੇ ਕੌਮ ਨ,
ਜਦ ਤਕ ਸਫ਼ਰ ਕਰੇ।

"ਰੁਲਦੇ ਤਦੋਂ ਸ਼ਹੀਦ ਨੇ,
ਵਿਚ ਇਕਲਾਪੀ ਗੋਰ।
ਨਭ ਦੀ ਗੁਫ਼ਾ ਵਖਾਂਵਦੀ,
ਸੈ ਗਹਿਰਾਈਆਂ ਮੋੜ।

"ਵਿਚ ਮੂਸਾ ਦੀ ਤੇਗ ਦੇ,
ਜਾਗਣ ਲਖ ਭੁਚਾਲ;
ਵੇਹਣ ਜਾਂ ਕੌਮਾਂ ਤੂਰ ਨੂੰ,
ਰਹਿਮ ਦਿਲਾਂ ਦੇ ਨਾਲ।


WWW.SIKHBOOKCLUB.COM

"ਰੁਲਦੀ ਤੇਗ ਸ਼ਹੀਦ ਦੀ,
ਸ਼ਾਹ ਅਸਵਾਰ ਨੇ ਦੂਰ।
ਅਣਖਾਂ ਨਾਲ ਹੀ ਪੈਣਗੇ,
ਪੰਥ-ਸੁਰਤਿ ਨੂੰ ਬੂਰ।

"ਸੁਰਤਾਂ ਸਤਗੁਰ ਜੇਡੀਆਂ,
ਮਾਵਾਂ ਜੇਡ ਦਰੇਗ,
ਪੰਥ ਨੇ ਛੱਡੇ ਚਿਰਾਂ ਤੋਂ,
ਭੁਰ ਭੁਰ ਜਾਵੇ ਤੇਗ।"

ਕਿਹਾ ਮੈਂ: "ਇਹ ਤਕਦੀਰ ਕੀ,
ਕਿਉਂ ਇਹ ਲੱਗਿਆ ਦਾਗ਼ ?
ਲੜ ਲੜ ਡਿੱਗਣ ਸੂਰਮੇ,
ਰੋਹੀਏਂ ਚੂੰਡਣ ਕਾਗ।"

ਕਹਿੰਦਾ: "ਗੁਰੂ ਦੇ ਬੋਲ ਨੂੰ,
ਕੌਮ ਜੇ ਰੱਖਦੀ ਪਾਕ।
ਜਲ ਜਲ ਪੈਂਦੀ ਕਦੇ ਨਾਂਹ,
ਅਮਲ ਦੀ ਸਮੇਂ 'ਤੇ ਰਾਖ।

"ਪੁਸ਼ਤਾਂ ਤੀਕ ਜੇ ਤਾਣਦਾ,
ਪੰਥ ਸਿਦਕ ਦੀ ਝੋਲ।
ਛਡਦੇ ਨ ਪਰਵਾਜ਼ ਨੂੰ,
ਕਦੇ ਸ਼ਹੀਦ ਦੇ ਬੋਲ।

"ਜਾਂਦੀ ਵਤਨ ਸ਼ਹੀਦ ਦੀ,
ਪਾਰ ਤਾਰਿਆਂ ਲੀਕ;
ਨਭ ਚਮਕਣ ਅਰਦਾਸ ਦੇ,
ਜੇਕਰ ਪੁਸ਼ਤਾਂ ਤੀਕ।

"ਜਾ ਕੇ ਤੱਕ ਪਰਦੇਸੀਆ,
ਉਹਨਾਂ ਵਣਾਂ ਦੇ ਪਾਰ।
ਦੇਖ ਕਿਨ੍ਹਾਂ ਦੇ ਝੁਕੇ ਨਹੀਂ,
ਸੀਸ ਪਰਾਏ ਬਾਰ।

ਮੈਂ ਉਸ ਬੇੜੇ ਬੈਠਣਾ,
ਜਿਹੜਾ ਨਦੀ ਦੇ ਪਾਰ।
ਜਿਸ ਨੇ ਆਉਣਾ ਠਿਲ੍ਹ ਕੇ
ਨੀਰ ਲਹੂ ਵਿਚਕਾਰ।"


WWW.SIKHBOOKCLUB.COM

ਬੇੜਾ ਕੱਪਰ ਵਿਚ ਮੈਂ
ਤੱਕਾਂ ਚਾਨਣੀ ਰਾਤ;
ਜਿਸ ਵਿਚ ਰੂਹਾਂ ਸੂਰਮੇ
ਕੁਝ ਨਬੀਆਂ ਦੀ ਜ਼ਾਤ।

ਲੈ ਘੋੜਾ ਅਸਵਾਰ ਨੂੰ,
ਠਿਲ੍ਹ ਪਿਆ ਦਰਿਆ।
ਬੇੜੇ ਸਣੇ ਸ਼ਹੀਦ ਉਹ,
ਲਹਿਰੀਂ ਗਿਆ ਸਮਾ।

x x x x x


WWW.SIKHBOOKCLUB.COM

## ਭਾਗ ਦੂਸਰਾ

ਵੈਣ ਪਏ ਜਦ ਹੋਈਆਂ ਹਾਰਾਂ,
ਜਦੋਂ ਨਹੀਂ ਸਨ ਵਸੀਆਂ ਬਾਰਾਂ।

ਸਤਲੁਜ ਪਾਰ ਦੇਸ ਜਦ ਲੰਮੇ,
ਬਿਆਸ ਬੇਟ ਰਾਵੀ ਦੇ ਬੰਨੇ,
ਮੈਂ ਜਾ ਹਰੇ ਵਣਾਂ ਦੀਆਂ ਛਾਵਾਂ
ਮਸਤਕ ਲਾਈਆਂ ਸਮਝ ਦੁਆਵਾਂ।

ਏਥੇ ਵੱਸ ਮੈਂ ਸਾਲ ਮਹੀਨੇ
ਭੁੱਲਿਆ ਦੋਸਤੀਆਂ ਤੇ ਕੀਨੇ।

ਮੈਂ ਭੁੱਲਿਆ ਅੱਪਣਾ ਪ੍ਛਾਵਾਂ
ਲੱਗੇ ਤੀਰ ਜੋ ਵਿਚ ਸਭਰਾਵਾਂ।

x x x x x

ਚਾਨਚੱਕ ਵਿਚ ਮਿੱਠੀਆਂ ਵਾਟਾਂ
ਦੇਵੇ ਮੂਕ ਚੀਸ ਕੋਈ ਆਹਟਾਂ।

ਰੁੱਖ ਜੋ ਰੂਪ ਝਨਾਂ ਦੇ ਮਾਤੇ
ਯਾਰ ਮਿਰੇ ਇਸ ਚਾਨਣੀ ਰਾਤੇ

ਮੈਨੂੰ ਕਰਨ ਇਸ਼ਾਰੇ ਲੰਮੇ
ਕੋਈ ਨ ਦੇਸ ਰਾਵੀ ਦੇ ਜੰਮੇ!

'ਵਾਵਾਂ ਵਿਚ ਨੇ ਬੇਵਫ਼ਾਈਆਂ
ਦੱਸਣ ਜੰਡ ਕਰੀਰ ਫਲਾਹੀਆਂ।

ਕਦੇ ਕਦੇ ਮਿਰਜ਼ੇ ਦੀਆਂ ਢੋਕਾਂ
ਸੁਣੀਆਂ ਵੈਣ ਪਾਉਂਦੀਆਂ ਲੋਕਾਂ।

ਕੀ ਕਿਹਾ ਸ਼ਾਖ਼ਾਂ ਨੂੰ ਤੀਰਾਂ ?
ਜੰਡਾਂ ਹੇਠ ਅਜੇ ਵੀ ਪੀੜਾਂ!

ਦੇਣ ਕਿਸੇ ਤਾਰੇ ਦੀਆਂ ਲੋਆਂ,
ਮਾੜੇ ਵਕਤ ਦੀਆਂ ਕੰਨਸੋਆਂ।

ਕਦੇ ਕਦੇ ਤੰਦੂਏ ਦੀਆਂ ਤਾਰਾਂ
ਰੁੱਖਾਂ ਦੀਆਂ ਰਗਾਂ ਵਿਚਕਾਰਾਂ


WWW.SIKHBOOKCLUB.COM

ਫਿਰਨ ਜਾਸੂਸ ਵਾਂਗ ਹਰ ਪਾਸੇ
ਵਿਸ ਘੋਲ ਸੁਕਰਾਤ ਦੇ ਕਾਸੇ।

ਕਦੇ ਝਨਾਂ ਦੇ ਰਾਠ ਛਬੀਲੇ
ਜ਼ਹਿਰ ਘੋਲਦੇ ਪੈਣ ਦਲੀਲੇ,

ਚਿੰਤਾ ਹੀਰ ਦੀ ਝੰਗ ਦੇ ਬੇਲੇ
ਦੇਂਦੀ ਡੋਬ ਭਰੇ ਹੋਏ ਮੇਲੇ।

ਜਾਨ ਮੇਰੀ ਵਿਚ ਨੀਂਦ ਭੁਲਾਕੇ
ਜ਼ਹਿਰ ਦੇ ਭੈਅ ਘੇਰਦੇ ਆਕੇ।

ਜਿੰਦ 'ਚ ਸੁੱਟ ਸ਼ਮਸ਼ਾਨ ਹਜ਼ਾਰਾਂ
ਮੱਚ ਪੈਣ ਤੰਦੂਏ ਦੀਆ ਤਾਰਾਂ।

ਟੀਸੀ ਕਹਿਰ ਦੀ ਚੜ੍ਹਣ ਭਬੂਕੇ
ਕੁਲ ਦੋਜ਼ਖ਼ ਨਾਗ ਬਣ ਸ਼ੂਕੇ।

ਖਿਚ ਖਿਚ ਤੀਰ ਔਣ ਇਕਲਾਪੇ,
ਪੀਲੂ ਟਸਕ ਪੈਣ ਕਿਉਂ ਆਪੇ ?

ਕੂਕ ਕਿਹਾ ਸੋਹਣੀ ਦੇ ਲੇਖਾਂ
"ਮੋਹ ਪਾ ਨਾਲ ਝਨਾਂ ਨ ਵੇਖਾਂ।

"ਅਸੀਂ ਸ਼ਹੀਦ ਚਿਰਾਂ ਦੇ ਜਾਨੀ
ਸੀਨੇ ਖੁਭੀ ਝਨਾਂ ਦੀ ਕਾਨੀ।"

ਕਿਹਾ ਕਦੇ ਦੁੱਲੇ ਦੀਆਂ ਹੇਕਾਂ
"ਮੇਸ ਦਿਓ ਕੁਦਰਤ ਦੀਆਂ ਰੇਖਾਂ।

"ਵਣ ਦਰਿਆ 'ਤੇ ਪਾ ਪਾ ਕਾਮਨ
ਤੋੜ ਤੋੜ ਗਏ ਦਿਲ ਸਾਵਨ
ਬਿਰਖ ਮਾਸੂਮ ਬਣੇ ਨ ਜ਼ਾਮਨ।

"ਅਣਖ ਕਬੀਲੇ ਦੀ ਦੇ ਹੋਕੇ
ਤੇਜ਼ ਤੂਫ਼ਾਨ ਹੋਣੀ ਦੇ ਰੋਕੇ।

"ਅਸੀਂ ਸ਼ਹੀਦ ਸ਼ਾਹ ਦੇ ਬਾਗ਼ੀ
ਕੁਦਰਤ ਨਾਲ ਨਾਂਹ ਸਾਡੇ ਜਾਗੀ।"

ਤੜਪ ਪੈਂਦੀਆਂ ਵਾਂਗ ਗੁਲਾਮਾਂ
ਸੁਣ ਸੁਣ ਕੇ ਰਾਵੀ ਦੀਆਂ ਸ਼ਾਮਾਂ।


WWW.SIKHBOOKCLUB.COM

ਅੱਗ ਦੋਜ਼ਖ਼ ਦੀ ਡੱਕ ਛਬੀਲੇ
ਹੋਏ ਸ਼ਹੀਦ ਕਿ ਜੀਣ ਕਬੀਲੇ।

"ਪੱਤ ਸਾਡੀ ਹੀ ਇਕ ਪੈਗ਼ੰਬਰ"
ਇਸ ਨਾਅਰੇ ਹੇਠ ਸਭ ਅੰਬਰ।

ਝੂੰਮਣ ਰੁੱਖ ਕਬਰ ਦੇ ਉੱਤੇ
ਲਾ ਨਾਅਰੇ ਅਣਖਾਂ ਦੇ ਸੁੱਤੇ।

ਕੁਦਰਤ ਦੀ ਬੇਨੇਮੀ ਅੰਦਰ
ਦਿਸੇ ਸ਼ਹਾਦਤ ਦਾ ਨ ਅੰਬਰ।

ਜਦੋਂ ਅਦਲ ਦੀਆਂ ਰਹਿਣ ਨ ਰੱਖਾਂ
ਬੇਨੂਰ ਕੁਦਰਤ ਦੀਆਂ ਅੱਖਾਂ!

ਕੁਦਰਤ ਵਿਚ ਚੀਸਾਂ ਹਰ ਪਾਸੇ,
ਜਲ ਥਲ ਬੇਵਸੀਆਂ ਦੇ ਵਾਸੇ।

ਹੋਣ ਸ਼ਹੀਦ, ਤੇ ਦੇਣ ਉਲਾਂਭੇ
"ਬੇਨੇਮ ਕੁਦਰਤ ਨਾਂਹ ਸਾਂਭੇ।"

ਦੂਰ ਗੁਨਾਹ ਗਏ ਪਛਤਾਂਦੇ
ਜਲ ਥਲ ਧਰ ਅਸਮਾਨ ਦੇ ਕਾਂਬੇ।

ਨਾਂਹ ਹੰਭਦੇ ਕੁਦਰਤ ਦੇ ਪੈਂਡੇ
ਜੇ ਅਰਦਾਸ ਦੇ ਸੁਪਨੇ ਲੈਂਦੇ।

x x x x x

ਮੁੜ ਡੰਗਾਂ ਨੇ ਮਾਰ ਉਡਾਰੀ
ਨੰਗੇ ਕੀਤੇ ਪਰਬਤ ਭਾਰੀ।

ਰੂਹ ਨੂੰ ਤੋੜ ਕੱਢੀਆਂ ਗਾਰਾਂ,
ਪਲ ਪਲ ਭੁਰਨ, ਪੈਂਦੀਆਂ ਖਾਰਾਂ।

ਲਿਪਟ ਰਹੀ ਸ਼ੱਕਾਂ ਦੀ ਤੰਦੀ
ਸ਼ਾਹ ਰਗ ਖ਼ਿਆਲ ਮਿਰੇ ਦੀ ਕੰਬੀ।

ਜਿਉਂ ਪਾਪੀ ਤੈਮੂਰ ਦੇ ਬੰਦੀ
ਡੌਰ ਭੌਰ ਰੂਹ ਮੇਰੀ ਹੰਭੀ।

ਦੌੜ ਪੈਣ ਸਮੇਂ ਦੀਆਂ ਜ਼ਹਿਰਾਂ,
ਘੁੰਮ ਛਲਕ ਪਾ ਤੰਦੀਂ ਲਹਿਰਾਂ।


WWW.SIKHBOOKCLUB.COM

ਟਿਕ ਟਿਕ ਚੀਰ ਪਹਾੜ ਨੂੰ ਸੁਣਦੀ,
ਅਣਦਿੱਸ ਦੰਭ ਮੌਤ ਦੇ ਬੁਣਦੀ।

ਤਨ 'ਚੋਂ ਹੌਲ ਜ਼ਮੀਰਾਂ ਪੁੱਟੇ,
ਘੁੱਟ ਸਮਾਂ ਗਾਰਾਂ ਵਿਚ ਸੁੱਟੇ।

ਕੌਣ, ਲਿਖੀ ਜੋ ਉੱਪਰ ਤੇਸੇ,
ਕੁਹਕਨ ਦੀ ਤਕਦੀਰ ਨੂੰ ਮੇਸੇ?

ਡੂੰਘੀਆਂ ਖੱਡਾਂ, ਫਿਰਨ ਛਲੇਡੇ!
ਵਾ ਵਰੋਲੇ ਪਰਬਤ ਜੇਡੇ।

ਖਿੰਦੇ ਸੈ ਬਰਸਾਂ ਦੇ ਬੂਹੇ,
ਕਿਸ ਚੰਗੇਜ਼ ਹਲਾਕੂ ਲੂਹੇ?

ਪਤਾ ਨਹੀਂ ਕਿਸ ਮਚਦੇ ਖੂਹੇ,
ਕੂਕਨ ਫੱਟ ਕੌਮਾਂ ਦੇ ਸੂਹੇ!

ਵਿਚ ਹਰੇ ਵਣਾਂ ਦੇ ਝੁੰਡਾਂ,
ਹੌਲ ਭਰੇ ਸੁਪਨੇ ਦੀਆਂ ਧੁੰਧਾਂ।

ਕਿਸ ਨੇ ਮੇਰੇ ਤਨ 'ਤੇ ਸਿੱਟੀ
ਬੇਪੱਤ ਹੋਏ ਘਰ ਦੀ ਮਿੱਟੀ?

ਤਲਖ ਨਸ਼ੇ ਸੀਨੇ ਨਾ' ਬੱਝੇ।
ਕੋਈ ਨ ਪੱਤ ਮੇਰੀ ਨੂੰ ਕੱਜੇ।

ਨੀਮ ਬੇਹੋਸ਼ ਜੰਡ ਦੇ ਥੱਲੇ,
ਪੱਤ ਜਾਵਣ ਦੇ ਡੰਗ ਮੈਂ ਝੱਲੇ।

ਰੋਗ ਅਮਿੱਟ ਰਿਹਾ ਵਿਚ ਸੀਨੇ,
ਲੰਘੇ ਭੈਅ ਵਿਚ ਸਾਲ ਮਹੀਨੇ।

ਲੰਘੇ ਅਣਗਿਣ ਸਿਖਰ ਦੁਪਹਿਰੇ,
ਨੀਮ ਮੂਰਛਾ ਦਿੱਤੇ ਪਹਿਰੇ।

ਨੋਚ ਨੋਚ ਵਕਤ ਨੇ ਛਾਤੀ
ਸਾਜ਼ਿਸ਼ ਵਾਂਗ ਫੇਰ ਕੇ ਕਾਤੀ

ਪਾਰ ਪਰੇ ਬ੍ਰਹਿਮੰਡੀਂ ਲੁਕੀਆਂ
ਡਰੇ ਸੂਰਜਾਂ ਦੇ ਸਿਰ ਝੁਕੀਆਂ

ਤੋੜ ਤੋੜ ਬੇਰਹਿਮ ਇਕੱਲਾਂ
ਦੇ ਦੇ ਸਦਮੇ, ਪਾ ਪਾ ਸੱਲਾਂ

ਭਰ ਦਿੱਤੇ ਇਸ ਦਿਲ ਦੇ ਖੰਡਰ
ਮੇਰੀ ਨੀਮ ਮੂਰਛਾ ਅੰਦਰ।

ਤਨ ਮਨ ਨੀਮ ਮੂਰਛਾ ਛਾਈ,
ਤਦ ਕੋਈ ਸਦ ਹਵਾ 'ਚੋਂ ਆਈ।

ਮੋਰ ਦੀ ਕੂਕ ਚੰਨ ਤਕ ਕੰਬੀ,
ਵਣਾਂ ਦੀ ਚੁੱਪ ਲਹੂ 'ਚੋਂ ਲੰਘੀ।

ਅਰਦਾਸ ਕਰੀ ਵਿਚ ਸੁੱਕੇ ਸਾਲਾਂ
ਚਸ਼ਮੇ ਵਾਰ ਹਸਨ ਅਬਦਾਲਾਂ।

ਤਾਰਿਆਂ ਤਕ ਸਫ਼ਰ ਕਰ ਪੂਰੇ,
ਮੈਂ ਤੱਕੇ ਅਸਮਾਨ ਅਧੂਰੇ।

ਜਿਉਂ ਅਰਦਾਸ ਹੋਏ ਵਿਚ ਸਾਵਨ
ਉੱਠੇ ਹੱਥ ਜ਼ਿਮੀਂ 'ਚੋਂ ਪਾਵਨ;

ਮਾਂ ਦੇ ਮੋਹ ਜਿਉਂ ਖ਼ਾਕ 'ਚ ਸੁੱਤੇ
ਵਿਛੜੇ ਪੁੱਤ ਮਿਲਣ ਲਈ ਉੱਠੇ

ਜਿਵੇਂ ਮਿਹਰ ਨਾਥ ਦੀ ਜਾਗੀ
ਸਾਬਤ ਅੰਗ ਕਰੇ ਜੋ ਦਾਗ਼ੀ;

ਇੰਞ ਤੂਰ ਮੂਸਾ ਤੋਂ ਉੱਕੇ
ਕਾਮਲ ਜਾਗ ਮੇਰੀ ਨੇ ਚੁੱਕੇ।

x x x x x

## ਭਾਗ ਤੀਸਰਾ

—1—

ਲਾ-ਮਕਾਂ ਨਜ਼ਰ ਨ ਜਿੱਥੇ
ਨਾਂ ਥਾਂ ਆਸ ਨ ਕੋਈ
ਹੜ੍ਹ ਤਾਰਿਆਂ ਦੇ ਉਗਮ ਕੇ ਉਥੋਂ
ਜਿਵੇਂ ਕਰਨ ਦਿਲਜੋਈ;

ਇੰਞ ਦਿਲਗੀਰ ਕੌਮ ਦੀਆਂ ਰਮਜ਼ਾਂ
ਨਜ਼ਰ ਛੁਹਾ ਕੇ ਰਾਹੀ
ਚੀਰ ਸਰਾਪ ਧਰਤ ਦੇ ਮੈਨੂੰ
ਮਿਲਿਆ ਬੁੱਤ ਇਲਾਹੀ।

ਮੈਂ ਲਿਵਲੀਨ ਦਾ ਦਾਮਨ ਫੜਿਆ,
ਚਾ ਬਾਲ-ਫ਼ਰਿਆਦਾਂ;
ਸੁੱਟੀ ਸੁੰਨ ਅਹਲਿਆ ਉੱਤੇ
ਬੂੰਦ ਹਸਨ ਅਬਦਾਲਾਂ।

ਮੌਤ-ਖ਼ਲਾ-ਸੁੰਨ ਵਿਚ ਛਲਕੇ,
ਚੜ੍ਹ ਜ਼ਮਜ਼ਮ ਦੇ ਪਾਣੀ;
ਕੋਟ ਪੈਗ਼ਾਮ ਦਿੱਤੇ ਜਬਰਾਈਲਾਂ
ਚਮਕ ਤਾਰਿਆਂ ਥਾਣੀ।

ਬੂਹੇ ਸਬਜ਼ ਵਣਾਂ ਦੇ ਧੋਤੇ,
ਲੰਮੇ ਦੇਸ 'ਚ ਰੈਣਾਂ।
ਉੱਡੇ ਜਬਰਾਈਲਾਂ ਦੇ ਸੁਪਨੇ,
ਵਿਚ ਲਿਵਲੀਨ ਦੇ ਨੈਣਾਂ।

ਤੋੜ ਖ਼ਲਾ ਮੌਤ ਦੇ ਡਾਢੇ,
ਢਾ ਬਲੀ ਤਕਦੀਰਾਂ;
ਤਾਰੇ ਚੜ੍ਹੇ ਸਮੇਂ ਦੇ ਅੰਬਰ
ਵਾਂਗ ਸ਼ਹੀਦ-ਜ਼ਮੀਰਾਂ।

ਪਾਪ ਮਿਰੇ ਅਰਦਾਸ ਕਰਨ ਲਈ
ਛਾਂ ਲਿਵਲੀਨ ਦੀ ਆਏ,
ਜਿਉਂਕਰ ਬਟਕ ਆਉਣ ਵਲ ਨਦੀਆਂ,
ਪਿਆਸ ਨਾਲ ਕੁਮਲਾਏ।

ਜੁਗਾਂ ਪੁਰਾਣੇ ਸੁੱਕੇ ਚਸ਼ਮੇ,
ਢੂੰਡ ਲੈਣ ਵਿਚ ਫ਼ਜਰਾਂ;
ਡੂੰਘੇ ਤਪੇ ਥਲਾਂ 'ਤੇ ਝੁਕ ਕੇ
ਕਿਸੇ ਬੂੰਦ ਦੀਆਂ ਨਜ਼ਰਾਂ।

ਮੇਰੇ ਤਨ ਮਨ ਨੂੰ ਜੋ ਵਿੰਨ੍ਹਣ,
ਡੰਗ ਚੁਗਣ ਲਈ ਸਾਰੇ;
ਸ਼ਬਦ ਕਿਸੇ ਅਰਦਾਸ ਦੇ ਬਣ ਗਏ,
ਸਭ ਅੰਬਰ ਦੇ ਤਾਰੇ।


WWW.SIKHBOOKCLUB.COM

## —2—
## (ਸੈਲਾਨੀ ਛੰਦ)

ਸਾਗਰਾਂ ਦੇ ਸਾਗਰ ਗੁੰਮਨਾਮੀਆਂ ਵਾਲੇ
ਮੇਰੇ ਦਿਲ ਦੀਆਂ ਅਨੰਤ ਗਹਿਰਾਈਆਂ 'ਚ ਹਿੱਲਣ
ਜਿਸ ਵਿਚ ਹਸਤੀ ਦੀ ਧੁਰ ਦੀ ਰੌਸ਼ਨੀ ਫੜਣ ਲਈ
ਸਮੇਂ ਦੀਆਂ ਕੁੱਲ ਸਿਖਰਾਂ ਤਕ ਮੂੰਹ ਅਡ ਅਡ
ਮਗਰਮੱਛ ਹੌਂਕ ਹੌਂਕ ਦੌੜਣ।

ਪਰ
ਬਾਹਰ ਦੀ ਚੁੱਪ ਸੀ ਪਿਆਰੀ!
ਮੈਂ ਦੇਖਾਂ ਦੂਰ ਅਸਮਾਨਾਂ ਤਕ
ਲਿਵਲੀਨ ਦੇ ਤਾਜ ਪਏ ਚਮਕਣ।
ਉਸ ਦੀ ਇਕ ਨਜ਼ਰ ਨਿਆਰੀ
ਰੇਗਸਤਾਨਾਂ ਦੀਆਂ ਆਂਧੀਆਂ 'ਚ
ਅਰਦਾਸ ਦਾ ਦੀਵਾ ਬਾਲਦੀ।
ਉਸ ਪਾਕ ਹੂਰ ਦੇ ਇਸ਼ਾਰੇ 'ਤੇ
ਮੈਂ ਗੁੰਮਨਾਮ ਰੋਹੀਆਂ 'ਚ ਦੌੜਿਆ
ਜਿਹਨਾਂ ਦਾ ਆਰ ਨ ਪਾਰ
ਜੋ ਦੂਰ ਤੋਂ ਦੂਰ ਸਨ।
ਮੈਂ ਦੌੜਦਾ ਕਿਸੇ ਸੁੱਚੀ ਲਾਟ ਨੂੰ ਫੜਣ ਲਈ
ਜੋ ਅਣਦੱਸੇ ਸਿਮਰਣ ਦੇ ਕੰਵਲ 'ਚੋਂ ਟਿਮਟਿਮਾਵੇ।
ਲਿਵਲੀਨ ਦੀ ਛੋਹ ਨਿਆਰੀ
ਜਦ ਵੀ ਥਲਾਂ ਸਾਗਰਾਂ 'ਚ ਛੁਪਦੀ
ਤਾਂ ਬਾਹਰ ਆਉਂਦੀ ਨਵੇਂ ਅਸਮਾਨਾਂ ਨੂੰ ਮਿਲਣ ਲਈ;
ਪਰ ਅਜਬ ਗਲ!
ਜ਼ਹਿਰ ਦੇ ਭੰਵਰਾਂ 'ਚ ਘਿਰੀਆਂ
ਮੇਰੀਆਂ ਗੁੰਮਨਾਮੀਆਂ ਨੂੰ ਮਿੱਠੇ ਸਕੂਨ ਦਾ
ਇਕ ਨਿੱਕਾ ਜਿਹਾ ਦੀਵਾ ਹੀ ਬਖ਼ਸ਼ੇ।
ਸਮਝ ਨ ਆਵੇ
ਦੀਵੇ ਦਾ ਰਾਜ਼ ਨ ਜਾਣਾਂ!

## —3—

ਮੈਂ ਵੇਖਿਆ ਚਾਨਚੱਕ ਬਾਜ਼ ਅਸਮਾਨੀ
ਲਿਵਲੀਨ ਦੀਆਂ ਨਜ਼ਰਾਂ ਦੇ ਸਾਹਵੇਂ
ਉੱਡਦਾ ਵਕਤ ਦੇ ਨਿਰਮਲ ਕਪਾਟ ਦੇ ਅੰਦਰ।
ਬਹੁਤ ਪੁਨੀਤ ਸਨ ਰਾਹਾਂ
ਲੰਮਾ ਦੇਸ ਝਨਾਂ ਦਾ ਪਿਆਰਾ
ਉੱਪਰ ਸਿਖਰ ਦੁਪਹਿਰਾਂ ਦਾ ਜੋਬਨ
ਹੇਠਾਂ ਸਬਜ਼ ਵਣ ਬਾਰਾਂ ਦੇ।
ਬਾਜ਼ ਦੀਆਂ ਨਜ਼ਰਾਂ 'ਚ ਝਲਕਣ
ਸਿਦਕ ਦੀਆਂ ਮਹੀਨ ਲਿਸ਼ਕੋਰਾਂ।
ਕੌਮਾਂ ਦੇ ਜ਼ਖ਼ਮੀ ਖ਼ਾਬਾਂ 'ਤੇ
ਮਹਿਕ ਸਮੀਰਾਂ ਜਿਉਂ ਲਹਿੰਦੀਆਂ ਕੰਨਸੋਆਂ
ਮੈਂ ਸੁਣੀਆਂ ਬਜਬਜ ਘਾਟ ਤੋਂ ਆਉਂਦੀਆਂ
ਅਰਦਾਸ ਦੀਆਂ ਤਰਬਾਂ ਜਗਾਉਂਦੀਆਂ
ਇਤਿਹਾਸ ਦੇ ਭੇਦ-ਭਰੇ ਪ੍ਰਛਾਵਿਆਂ 'ਚ ਲੁਕਦੀਆਂ
ਸ਼ਹੀਦਾਂ ਦੇ ਗੁਲਜ਼ਾਰਾਂ 'ਤੇ ਮੰਡਲਾਉਂਦੀਆਂ।
ਮੈਨੂੰ ਮਿਲੀਆਂ ਜਮਰੋਦ ਦੇ ਕਿਲੇ ਤਕ
ਸਮੇਂ ਦੀ ਧੂੜ ਨੂੰ ਲੰਘ ਕੇ ਆਉਂਦੀਆਂ
ਤਾਜ਼ੇ ਬਨਵਾਸ ਦੀਆਂ ਆਵਾਜ਼ਾਂ
ਸਾਂਦਲ ਬਾਰ ਦੀਆਂ ਹੇਕਾਂ 'ਚ
ਰਾਵੀ ਚਨਾਬ ਤੋਂ ਡੂੰਘੇ ਦਰਦ ਜਗਾਉਂਦੀਆਂ
ਰਿਜ਼ਕ ਨੂੰ ਨਿਕਲੇ ਪੰਛੀਆਂ ਦੇ ਬ੍ਰਿਹੁੰ ਨੂੰ ਮਿਲਦੀਆਂ
ਨੀਲੀ ਬਾਰ ਦੀਆਂ ਰਾਹਾਂ 'ਤੇ
ਮੱਝਾਂ ਗਾਵਾਂ ਊਠਾਂ ਨਾਲ ਚਲ ਚਲ ਪੁੱਛਦੀਆਂ
ਬੇਲਿਆਂ 'ਚ ਸੁੱਤੀ ਪਰੀ ਜਿਉਂ ਸੁੱਤੀਆਂ
ਮਿੱਟੀ ਪਾਣੀ ਤੋਂ ਵੀ ਪ੍ਰਾਚੀਨ ਸੱਦਾਂ।
ਇੰਝ ਮੈਂ ਮਿਲਿਆ ਤਾਜ਼ੇ ਬਨਵਾਸ ਦੀਆਂ ਅਵਾਜ਼ਾਂ ਨੂੰ।

ਮੈਂ ਬਾਜ਼ ਅਸਮਾਨੀ ਦੇ ਨੈਣਾਂ 'ਚੋਂ
ਉਲਰਦੀ ਢਾਲ ਇਕ ਵੇਖੀ
ਜੋ ਉਬਲਦੇ ਤੜਪਦੇ ਸੂਰਜ ਦੀ ਛਾਤੀ 'ਚੋਂ
ਕਿਰਨਾਂ ਦੇ ਹੜਾਂ ਦੇ ਹੜ ਖਿੱਚਦੀ,
ਬੋਚਦੀ, ਸੀਨੇ 'ਤੇ ਝੱਲਦੀ।
ਇਸੇ ਢਾਲ ਨੂੰ ਨਨਕਾਣੇ ਦੀ ਜੂਹ ਵਿਚ

ਮੈਂ ਜੰਡ ਦੇ ਸਾਹਮਣੇ ਜਲਦੇ
ਸਿੰਘਾਂ ਦੇ ਹੱਥਾਂ 'ਚ ਵੇਖਿਆ।
ਪੰਜੇ ਦੀ ਰੇਲ ਦੀ ਪਟੜੀ 'ਤੇ
ਇਹੋ ਢਾਲ ਸਿੰਘਾਂ ਦੇ ਨਾਲ ਸੀ ਲੇਟੀ;
ਹਾਂ! ਹਾਂ! ਟਿੱਬਿਆਂ ਉਹਲੇ ਸਿਖਰ ਦੁਪਹਿਰੇ
ਜੈਤੋ 'ਚ ਮਾਹੀ ਦਾ ਭਾਣਾ ਮੰਨਦੇ
ਮਿੱਟੀ 'ਚ ਰੁਲਦੇ, ਲਹੂ ਨਾਲ ਲਿਬੜੇ
ਅਕਾਲੀਆਂ ਨਾਲ ਖੜੀ ਹੋਈ
ਇਹ ਨੂਰੀ ਢਾਲ ਮੈਂ ਤੱਕੀ।
ਗਰਬ ਗੁਮਾਨੀ ਪਰਬਤਾਂ ਨੂੰ ਥੰਮ੍ਹਣ ਦਾ
ਇਸ ਵਿਚ ਤਾਣ ਸੀ ਯਾਰੋ—
ਪਰ ਇਸਦੇ ਖ਼ੁਸ਼ਕ ਪੈਰਾਂ ਦੇ ਹੇਠੋਂ
ਕੋਈ ਵੀ ਚਸ਼ਮਾ ਨਾਂਹ ਫੁੱਟਦਾ।
ਇਸ ਸਿਦਕ ਦੀ ਢਾਲ ਦੇ ਸਾਹਵੇਂ
ਮਾਹੀ ਦੀ ਨਜ਼ਰ ਵਿਚ ਮਨਜ਼ੂਰ ਹੋਣ ਦੇ ਦਰ
ਬੱਸ ਪਲ ਕੁ ਲਈ ਖੁੱਲ੍ਹਦੇ।
ਫਿਰ ਗੁੰਮਨਾਮੀ ਦੇ ਬੇਕਿਰਕ ਹਨੇਰੇ
ਅੰਨ੍ਹੀਆਂ ਮੰਝਧਾਰਾਂ 'ਚ ਘੁੰਮਦੇ
ਜਿਹਨਾਂ 'ਚ ਪਾਤਾਲਾਂ ਪਾਤਾਲ ਤਕ
ਬੰਦ ਗਾਰਾਂ ਦੀਆਂ ਪੌੜੀਆਂ
ਬੇ-ਰਾਹ, ਬੇ-ਨਾਮ, ਬੇ-ਆਸ
ਸਮੇਂ ਵਿਚ ਗਰਕਣ ਤੇ ਡੁੱਬਣ!
ਮਨਜ਼ੂਰੀ ਦੇ ਮਾਸੂਮ ਦਰਾਂ ਨੂੰ ਭੁਲਦੀਆਂ
ਉਹਨਾਂ ਦੀ ਤੁਛ ਹੋਂਦ ਤੇ ਨਿੱਕੀ ਉਮਰ 'ਤੇ ਹੱਸਦੀਆਂ।

—4—

ਮੈਂ ਲਿਵਲੀਨ ਤੋਂ ਪੁੱਛਿਆ "ਭੈਣੇ!
ਕਿਉਂ ਬਲੀ ਸਿਦਕ ਦੇ ਹੁੰਦਿਆਂ
ਅਰਦਾਸ ਦੇ ਬੋਲ ਨਾਂਹ ਪੁੱਗੇ?"

ਲਿਵਲੀਨ ਨੇ ਨਾਜ਼ਕ ਪਲਕਾਂ ਝੁਕਾ ਕੇ
ਸ਼ੀਰੀਂ ਬੋਲ ਵਿਚ ਹੁਸਨ ਦੇ ਰਾਜ਼ ਜਗਾ ਕੇ
ਗੁਲਨਾਜ਼ ਬੁੱਲੀਆਂ 'ਚੋਂ ਉਚਰਿਆ "ਵੀਰਾ
ਬਜਬਜ ਘਾਟ, ਨਨਕਾਣੇ ਤੇ ਜੈਤੋ ਵਿਚ


WWW.SIKHBOOKCLUB.COM

ਹਸਨ ਅਬਦਾਲ ਦੇ ਸਿਕਦੇ ਪਰਬਤਾਂ ਅੰਦਰ
ਭਾਵੇਂ ਖ਼ਾਲਸੇ ਨੇ ਅਰਦਾਸ ਤਾਂ ਕੀਤੀ
ਪਰ ਇਤਿਹਾਸ ਦੇ ਸਗਲ ਜ਼ਖ਼ਮਾਂ, ਹਸਰਤਾਂ, ਪੀੜਾਂ ਨੂੰ
ਮਾਂ ਜੇਹੀ ਬੁੱਕਲ 'ਚ ਲਏ ਬਿਨ
ਗਹਿਰ-ਗੰਭੀਰ ਸਿਮਰਣ ਤੋਂ ਸੱਖਣੀ
ਇੱਕੋ ਫਲ ਲਈ ਅਰਦਾਸ ਸੀ ਕੀਤੀ।
ਬੇਜਾਨ ਰਹੇ ਤਾਹੀਉਂ ਧਿਆਨ ਦੇ ਪੈਂਡੇ
ਤਾਹੀਉਂ ਖ਼ਿਆਲ ਦੀ ਰਮਜ਼ ਸੀ ਨਿੱਕੀ।"

—5—

ਫੇਰ ਮੈਨੂੰ ਬਾਜ਼ ਅਸਮਾਨੀ ਨੇ ਛੱਡਿਆ
ਸੱਚਮੁੱਚ ਮੈਂ ਲਿਵਲੀਨ ਤੋਂ ਵਿਛੜਿਆ
ਇਕ ਜ਼ਖ਼ਮੀ ਬਾਜ਼ ਮੇਰੇ ਨਾਲ ਸੀ ਉੱਡਿਆ।
ਇਕ ਬੇਚੈਨ ਜੇਹਾ ਹੌਲ ਪੈਂਦਾ
ਪਿੰਡਾਂ, ਸ਼ਹਿਰਾਂ, ਕੁੱਲੀਆਂ ਢੋਕਾਂ ਨੂੰ
ਜਿਹੜਾ ਸਮੇਂ ਦੇ ਪੰਧ ਨੂੰ
ਤੋੜਦਾ, ਆਪ ਵੀ ਟੁੱਟਦਾ।
ਭਾਵੇਂ ਅਜੇ ਵੀ ਮੋਂਹਦੀਆਂ ਮੈਨੂੰ
ਫ਼ਜਰਾਂ, ਦੁਪਹਿਰਾਂ, ਸੰਞਾਂ ਨੂੰ
ਪੰਜਾਬ ਦੇ ਪਿੰਡਾਂ ਦੇ ਖੂਹਾਂ 'ਤੇ
ਗੁਟਕ ਗੁਟਕ ਪਾਣੀ ਭਰਦੀਆ ਕੁੜੀਆਂ,
ਜੋ ਪਰਾਇਆਂ ਦੇ ਸਾਹਵੇਂ
ਸ਼ਰਮਾ ਕੇ ਗੱਲ ਕਰਦੀਆਂ ਕੰਤ ਪਰਦੇਸੀ ਦੀ।
ਅਜੇ ਵੀ ਨਜ਼ਰ ਇਲਾਹੀ ਜਗਾਉਂਦੀਆਂ ਮੇਰੀ
ਸੰਘਣੇ ਵਣਾਂ 'ਚ ਪਰੀਆਂ ਜਿਉਂ ਲੁਕੀਆਂ
ਅੱਧ-ਲੁਕੀਆਂ ਪੀਲੂ ਤੋੜਦੀਆਂ ਨਾਰਾਂ
ਜੋ ਟੀਸੀਆਂ 'ਤੇ ਬੈਠੀਆਂ
ਪੀਲੂਆਂ ਦੇ ਅਜਬ ਸੁਆਦ ਵਿਚ ਉਡਦੀਆਂ
ਧਰਤੀਆਂ, ਅਸਮਾਨਾਂ ਤੇ ਰੁੱਤਾਂ ਨੂੰ
ਨਸ਼ੀਲੀਆਂ ਜੀਭਾਂ ਦੇ ਟੂਣੇ 'ਚ ਬੰਨ੍ਹਦੀਆਂ
ਪਰ
ਜ਼ਖ਼ਮੀ ਬਾਜ਼ ਦੀ ਛਾਂ ਵਿਚ ਤੁਰਦਿਆਂ
ਬੇਪੱਤ ਹੋਣ ਦੀ ਚੀਸ ਜਿਹੀ ਪੈਂਦੀ—
ਬਾਰ ਪਰਾਏ ਬਹਿਣ ਦਾ ਦਰਦ ਜਿਹਾ ਉੱਠੇ;

ਮੇਰੀਆਂ ਨਾਜ਼ਕ ਰਗਾਂ 'ਤੇ ਭਾਰ ਜਿਹਾ ਪੈਂਦਾ।
ਪੰਜਾਬ ਦੀਆਂ ਰਾਹਾਂ 'ਤੇ ਪੰਥ ਨੂੰ
ਕੋਈ ਅਣਦਿੱਸ ਜਕੜ ਪਿਆ ਕੱਸੇ।
ਗੁਰਦੁਆਰਿਆਂ ਦੀਆਂ ਪਾਕ ਦਹਿਲੀਜ਼ਾਂ 'ਤੇ
ਮੇਰੇ ਤਪੇ ਹੋਏ ਮਸਤਕ ਨੂੰ
ਵਿਸ਼ੈਲੇ ਕੰਡਿਆਂ ਦੇ ਸੂਖਮ ਜਾਲ ਸੀ ਵਿੰਨ੍ਹਦੇ
ਹਰ ਪਰਕਰਮਾ ਦੇ ਉੱਤੇ
ਬਿਪਰ-ਸਾਜ਼ਿਸ਼ਾਂ ਦੇ ਜਾਸੂਸੀ ਹਜੂਮ ਸੀ ਫਿਰਦੇ।
ਛੁਪ ਛੁਪ ਕੇ ਪੈਰਾਂ ਨੂੰ ਲਿਪਟਣ
ਬਾਂਝ ਧਰਤੀਆਂ 'ਚ ਛਹਿ ਕੇ ਬੈਠੇ
ਨਾਗਾਂ ਜਹੀਆਂ ਸਰਾਪੀਆਂ ਤੰਦਾਂ।

## ਭਾਗ ਚੌਥਾ

ਮੈਂ ਤੇ ਜ਼ਖ਼ਮੀ ਬਾਜ਼ ਸੰਞ ਨੂੰ,
ਬਿਰਧ ਬੋਹੜ ਵਲ ਆਏ।
ਜਿਸਦੀ ਬਲੀ ਦਾੜ੍ਹੀਆਂ ਦੇ ਵਿਚ,
ਥਲਾਂ ਆਹਲਣੇ ਪਾਏ।

ਤਣੇ 'ਚ ਪੱਥਰ ਹੋਕੇ ਮਿਟੀਆਂ
ਮਜ਼੍ਹਬਾਂ ਦੀਆਂ ਜ਼ਮੀਰਾਂ;
ਜਿਸ ਥਾਂ ਕੌਮ ਯਤੀਮ ਦੇ ਪੈਂਡੇ
ਹੋਣ ਬੇਨੂਰ ਲਕੀਰਾਂ।

ਵੱਡੇ ਛਤਰ ਵਿਚ ਸੀ ਖੁੱਭੇ
ਸਮੇਂ ਦੇ ਵਾਣ ਕਰਾਰੇ,
ਸ਼ੇਰ ਦੀ ਨਜ਼ਰ ਤੋਂ ਜੁਗਨੂੰ ਤੀਕਣ
ਭੇਦ ਵਣਾਂ ਦੇ ਸਾਰੇ।

ਟੰਗੀਆਂ ਬੁੱਢੀਆਂ ਸ਼ਾਖਾਂ ਉੱਤੇ,
ਰਾਹ ਗਈਆਂ ਸ਼ਮਸ਼ੀਰਾਂ;
ਜਾਂ ਫਿਰ ਫੰਧਿਆਂ ਉੱਤੇ ਲਟਕਣ
ਪੰਥ ਦੀਆਂ ਤਕਦੀਰਾਂ।

ਬਿਰਧ ਬੋਹੜ ਦੇ ਸਾਹਵੇਂ ਦਿਸਦਾ
ਕਿਲਾ ਪੁਰਾਣਾ ਕੋਈ
ਨਾਂ ਥਾਂ ਸਮੇਂ ਦੀ ਰਮਜ਼ ਤੋਂ ਅੱਗੇ
ਜਿਸਦੀ ਪੈੜ ਖਲੋਈ।


WWW.SIKHBOOKCLUB.COM

ਬੰਦੀ ਹੋਣ ਦੀਆਂ ਆਵਾਜ਼ਾਂ
ਕਿਲੇ ਦੀ ਰਗ ਰਗ ਗੂੰਜਣ,
ਕਦੇ ਸਰਾਪੇ ਪਥਰਾਂ ਉੱਤੇ
ਪਿਰ ਦੀਆਂ ਪੈੜਾਂ ਕੂੰਦਣ।

ਭੁਲੀਆਂ ਕੌਮਾਂ ਦੇ ਖੰਡਰ ਤੋਂ
ਉਡ ਉਡ ਮਕੜੀ-ਜਾਲੇ
ਰਾਤ ਪਈ ਬੋਹੜ 'ਤੇ ਡਿੱਗਣ
ਜਿਉਂ ਟਿੱਡੀ-ਦਲ ਕਾਲੇ।

ਬੋਹੜ ਦੀਆਂ ਖੁੱਡਾਂ ਵਿਚ ਵਸਦੇ
ਨਾਗ ਦੇ ਤਪਦੇ ਸਾਹਾਂ
ਨਿਗਲ ਬੇਨਾਮ ਕੀਤੀਆਂ ਆਖਿਰ
ਬੇਪੱਤ ਹੋਈਆਂ ਰਾਹਾਂ।

ਕੋਟ ਖੜੀ ਫ਼ਰਿਆਦੀ ਹੂੰਗਰ
ਅੱਗੇ ਕਿਲੇ ਦੇ ਬੂਹੇ
ਕਿਸ ਨੇ ਵੱਡ-ਵੱਡੇਰਿਆਂ ਦੇ ਪਰ
ਨੀਂਦ-ਅੰਞਾਣ 'ਚ ਲੂਹੇ।

ਮੁੱਢ ਕਦੀਮੀ ਪਹਿਰੇਦਾਰ ਦਾ
ਸੁਣੇ ਸ਼ਹੀਦੀ ਹੌਕਾ:
"ਰੰਨ ਕੁਲੱਛਣੀ ਦੀ ਭੱਠੀ 'ਤੇ
ਬਲੀ ਲਾਉਣ ਨ ਝੋਕਾ।"

ਦੂਰ ਘਿਰੇ ਲਸ਼ਕਰਾਂ ਸੁਣਕੇ
ਖੋਲ੍ਹ ਦਿੱਤੀਆਂ ਵਾਗਾਂ।
ਕਿਲੇ ਦੀਆਂ ਕੰਧਾਂ 'ਤੇ ਝਿਮੀਆਂ
ਤਾਰਿਆਂ ਵਾਂਗੂੰ ਜਾਗਾਂ।

ਵਿਛੜੇ ਘਾਇਲ ਬਾਜ਼ ਨੇ ਤਕ ਕੇ
ਪਹਿਰੇਦਾਰ ਪੁਰਾਣਾ
ਪੁੱਛਿਆ "ਕਿਉਂ ਉਲਝਿਆ ਚਿਰ ਤੋਂ
ਕੌਮ ਮੇਰੀ ਦਾ ਤਾਣਾ?

"ਕਰਵਟ ਲਈ ਦਹਿਲ ਕੇ ਹੁਣ ਕਿਉਂ
ਬਿਰਧ ਬੋਹੜ ਦੇ ਨਾਗਾਂ;
ਕਿਲੇ 'ਤੇ ਝਾਂਜੇ ਵਾਂਗੂੰ ਵਰ੍ਹੀਆਂ
ਪੰਥ ਦੀਆਂ ਕਿਉਂ ਜਾਗਾਂ?"


WWW.SIKHBOOKCLUB.COM

ਸੁਣ ਕਹਿੰਦਾ ਜਰਨੈਲ ਬਲੀ ਜੋ,
ਪਹਿਰੇਦਾਰ ਚਿਰੋਕਾ:
"ਬੁੱਤ ਤੋੜ ਕੇ ਅਸੀਂ ਬੁਤਾਂ ਦੇ
ਯਾਰ ਰਹੇ ਵੇ ਲੋਕਾ।

"ਗੁਰੂ ਛੋਡ ਬੁੱਤ ਜਦ ਟੋਲਣ,
ਕੌਮਾਂ ਖਾਂਦੀਆਂ ਧੋਖਾ।
ਰੰਨ ਛੰਨਾਰ ਦੀ ਭੱਠੀ ਲਾਉਂਦੇ,
ਸੁਲੇਮਾਨ ਜਦ ਝੋਕਾ।

"ਬੁੱਤ ਨੂੰ ਵੇਖ ਰੂਹ ਦੀਆਂ ਤਰਜ਼ਾਂ
ਗੁੰਮ ਸੁੰਮ ਡਿੱਗਣ ਖੂਹੇ।
ਬੇਰਾਹ ਹੋ ਕੇ ਸਿਦਕ ਦੇ ਸੂਰਜ
ਮਹਿਲ ਕੌਮ ਦੇ ਲੂਹੇ।

ਬੁੱਤ ਦੇ ਨਾਲ ਹਿਰਸ ਦੇ ਲਸ਼ਕਰ
ਥਲਾਂ ਦੀ ਰੇਤ ਉਡਾਵਣ,
ਗੁਰੂ ਦੇ ਬੋਲ ਪੰਥ ਦੇ ਆਂਗਣ
ਕੰਕਰ ਜਿਉਂ ਬਰਸਾਵਣ।"

ਮੈਂ ਤਦ ਜਿਗਰਾ ਕਰ ਕੇ ਕੂੰਦਾ
ਘਾਇਲ ਬਾਜ਼ ਦੀ ਬੋਲੀ:
"ਸਦੀਆਂ ਤੀਕ ਪੰਥ ਨੇ ਖੇਡੀ,
ਵਾਂਗ ਸ਼ਹੀਦਾਂ ਹੋਲੀ।

"ਕਿਉਂ ਫਿਰ ਹੋਣੀ ਬਾਰ ਪਰਾਏ
ਰੋਲ ਕੇ ਸਾਨੂੰ ਹੱਸੀ;
ਗੁਰ ਦੀ ਧਰਤ ਛੋਡ ਕਿਉਂ ਸਾਨੂੰ
ਵਲ ਰਸਾਤਲ ਧੱਸੀ?"

ਸੁਣੀ ਮੈਂ ਮੁੱਖ ਜਰਨੈਲ ਦੇ ਵਿੱਚੋਂ
ਧੀਮੀ ਬਾਣ ਫ਼ਕੀਰੀ—
ਸੁਣੀ ਮੈਂ ਚੀਸ ਦਰਦ ਤੋਂ ਲੰਮੀ,
ਗਲੀ ਸਮੇਂ ਦੀ ਭੀੜੀ!

"ਦੇਸ ਪੰਜਾਬੇ ਬੀਜ ਨਦਰ ਦੇ
ਆ ਬੀਜੇ ਮਿਰਗਿੰਦਾਂ,
ਗੁਰੂ ਦੇ ਬੋਲ ਪੁਗਾਵਣ ਦੇ ਲਈ
ਵਾਰ ਵਾਰ ਕੇ ਜਿੰਦਾਂ।


WWW.SIKHBOOKCLUB.COM

"ਕੱਚੀ ਸੁਰਤਿ ਪੰਥ ਦੀ ਐਪਰ,
ਬੀਜ ਅਮਲ ਦਾ ਖੋਇਆ।
ਨ ਫਿਰ ਕਿਸੇ ਸ਼ਹਾਦਤ ਸੰਦਾ,
ਰੰਗ ਮਜੀਠੀ ਹੋਇਆ।

"ਸੱਭੇ ਨਕਸ਼ ਸ਼ਹਾਦਤ ਸੰਦੇ,
ਹੁੰਦੇ ਗਏ ਬੇਗਾਨੇ।
ਸਤਲੁਜ ਤੀਰ ਪੰਥ ਦੇ ਪੈਂਡੇ,
ਮਿਟ ਗਏ ਵਿਚ ਵੀਰਾਨੇ।

"ਬੁੱਤ-ਪੂਜਣ ਡੈਣ ਵਿਚ ਰਾਤਾਂ,
ਵਾਂਗ ਸਰਾਲਾਂ ਫਿਰਦੀ।
ਸੁੱਤਿਆਂ ਉੱਤੇ ਵਾਰ ਕਰਨ ਦੀ,
ਬਾਣ ਗਈ ਨ ਚਿਰਦੀ।

"ਲੱਖ ਫ਼ਰੇਬ ਸੁਖਨ ਤੋਂ ਸ਼ੀਰੀਂ
ਪ੍ਰਛਾਵੇਂ ਤੋਂ ਕੂਲੇ।
ਭਰੀਆਂ ਨਦੀਆਂ ਪਾਰ ਨ ਲਾਉਣਾ
ਇਹ ਸੱਪਾਂ ਦੇ ਪੂਲੇ।

"ਰਣ ਵਿਚ ਪੰਥ ਸ਼ਹੀਦਾਂ ਸੰਦੇ,
ਨੈਣ ਸੁਰਤਿ ਦੇ ਮੁੰਦੇ;
ਨਾਜ਼ਕ ਤਿੱਖੇ ਦਗ਼ੇ ਦਿਸੇ ਨਾਂਹ
ਬੁੱਤ-ਪੂਜਾਂ ਦੇ ਗੁੰਦੇ।"

ਪਹਿਰੇਦਾਰ ਦਾ ਬੋਲ ਨਿਆਰਾ
ਬੋਹੜ ਦੇ ਹੇਠੋਂ ਜੀਕਣ;
ਜਿੰਨ ਫਰਿਸ਼ਤੇ ਲੈ ਕੇ ਉੱਡੇ
ਗਗਨ ਪਤਾਲਾਂ ਤੀਕਣ।

ਵਗੇ ਕਿਲੇ ਦੀਆਂ ਕੰਧਾਂ ਉੱਤੇ,
ਨਵ-ਇਲਹਾਮ ਦੇ ਪਾਣੀ।
ਆਦਿ ਕਾਲ ਦੇ ਸਾਗਰ ਕੰਢੇ,
ਮੈਂ ਲਿਵਲੀਨ ਪਛਾਣੀ।

ਕਿਲੇ ਦੇ ਭਾਰੀ ਪਿੰਜਰ ਵਿੱਚੋਂ
ਸੁਣੀਆਂ ਅਸਾਂ ਦੁਆਵਾਂ।
ਸਬਜ਼ ਪੱਤਿਆਂ ਦੇ ਹੜ੍ਹ ਵਾਂਗੂੰ
ਹੱਥ ਕਰਨ ਦੋ ਛਾਵਾਂ।


WWW.SIKHBOOKCLUB.COM

ਜਿਉਂ ਕੁਕਨੂਸ ਰਾਖ 'ਚੋਂ ਗਾਵੇ,
ਮੁੜ ਮੀਂਹਾਂ ਦੀ ਰੁੱਤੇ।
ਇਉਂ ਰਿਸ਼ਮਾਂ ਬਣ ਹੱਥ ਦੋ ਫੈਲੇ,
ਕਿਲੇ ਦੇ ਬੂਹੇ ਉੱਤੇ।

ਸੁਬਕ ਜ਼ੀਲ ਵਾਂਗ ਸੀ ਥਰਕੀ,
ਇਉਂ ਲਿਵਲੀਨ ਦੀ ਬਾਣੀ:
"ਸੰਤ ਜੀ ਸੁਣੀ ਫੇਰ ਮੈਂ ਥਲ ਵਿਚ
ਉਹੀਓ 'ਵਾਜ਼ ਪੁਰਾਣੀ।

"ਵਿਸ਼ ਤੰਦੂਏ ਦੀ ਜਲ ਥਲ ਜਕੜੇ
ਬੁੱਤ ਨ ਤੋੜੇ ਕੋਈ।
ਇਸ ਵਡ ਜਿੰਨ ਪਹਾੜ ਦੇ ਅੰਦਰ
ਸੱਦ ਹੜ੍ਹਾਂ ਦੀ ਮੋਈ।

"ਭਾਰੀ ਬਲ ਆਵੇਗਾ ਕਿੱਥੋਂ,
ਦਸ ਦਰਵੇਸ਼ ਇਕੱਲੇ?
ਕਿਵੇਂ ਸਵਾਰ ਆਉਣਗੇ ਦੂਰੋਂ,
ਤੋੜ ਕੇ ਜਾਲ ਅਵੱਲੇ?"

ਮੁੱਢ ਕਦੀਮੀ ਪਹਿਰੇਦਾਰ ਨੇ,
ਕਿਹਾ: "ਮੈਂ ਭੈਣੇ ਜਾਣਾਂ।
ਪੱਤ ਪਛਾਣੇ ਬਿਨ ਰੁਲ ਜਾਸੀ,
ਪਿਰ ਦਾ ਬੋਲ ਪੁਰਾਣਾ।

"ਬੁੱਤ-ਪੂਜਾਂ ਪਹਿਚਾਣ ਲਏ ਜੋ,
ਦਰਦ ਮਿਰੇ ਮਨ ਧੁੰਮਣ—
ਅਜਬ ਬਰੀਕ ਸਾਜ਼ਿਸ਼ਾਂ ਮੇਰੀ,
ਸ਼ਾਹ ਰਗ ਨੇੜੇ ਘੁੰਮਣ।

"ਨਾਰ ਕੁਲੱਛਣੀ ਤੋੜਨਾ ਚਾਹੇ,
ਅਣਖ ਮੇਰੀ ਜਿਉਂ ਵੰਗਾਂ।
ਫੰਧੇ ਕੋਟ ਗਗਨ ਵਿਚ ਉਡਦੇ,
ਪਾਉਣ ਰਗਾਂ ਨੂੰ ਗੰਢਾਂ।

"ਹਰਿਮੰਦਰ ਦੀ ਮਿੱਟੀ ਵਿਚ ਮੈਂ,
ਕੌਲ ਮਾਹੀ ਦਾ ਪਾਲਾਂ;
ਸੁੱਚੀਆਂ ਦਹਿਲੀਜ਼ਾਂ ਦੇ ਉੱਤੇ,
ਪਾਕ ਰੋਹ ਨੂੰ ਬਾਲਾਂ।


WWW.SIKHBOOKCLUB.COM

"ਪੰਥ ਜੇ ਬੋਲ ਸੁਣੇ ਨ ਮੇਰਾ,
ਰਮਜ਼ ਅਣਖ ਦੀ ਮੇਸੀ;
ਪਾਕ ਰੋਹ ਦੇ ਨਾਲ ਮੈਂ ਰਹਿਸਾਂ,
ਹਸ਼ਰਾਂ ਤਕ ਪਰਦੇਸੀ।

"ਸੁਪਨਾ ਪਾਕ ਬਾਜ਼ ਦਾ ਮੇਰਾ,
ਇਹ ਅਰਦਾਸ ਪਿਆਸੀ।
ਆਖਿਰ ਲਸ਼ਕਰ ਆਉਣਗੇ ਦੂਰੋਂ,
ਪੁਰੀ ਆਨੰਦ ਦੇ ਵਾਸੀ।

"ਪਾਕ ਰੋਹ ਨੂੰ ਇਲਹਾਮਾਂ ਦਾ,
ਸੰਗ ਮਿਲੇਗਾ ਪੂਰਾ।
ਬਲਦੇ ਜਗ ਵਿਚ ਦੇਗ ਤੇਗ ਨੂੰ,
ਰੰਗ ਚੜ੍ਹੇਗਾ ਗੂੜ੍ਹਾ।"

ਸੁਣਕੇ ਪਾਕ ਰੋਹ ਨੇ ਲਾਈ,
ਝਖੜਾਂ ਵਿਚ ਉਡਾਰੀ।
ਭਾਵੇਂ ਕੌਮ ਮੂਰਛਾ ਦੇ ਵਿਚ,
ਤਾਜ ਦਿਸੇ ਕੋਈ ਭਾਰੀ।

ਸੁੱਚੀਆਂ ਦਹਿਲੀਜ਼ਾਂ 'ਤੇ ਰੱਤਾਂ!
ਘਾਇਲ ਬਾਜ਼ ਤਕ ਰੋਇਆ।
ਤਕ ਮੈਂ ਪੰਥ ਦੀ ਨੀਮ ਬੇਹੋਸ਼ੀ,
ਇਕ ਪਲ ਅਜਨਬੀ ਹੋਇਆ।

ਸਾਲੂ ਖਿੱਚ ਗਗਨ ਦੇ ਪਿਆਰੇ,
ਝਿਮ ਝਿਮ ਕਰਦੀਆਂ ਰੈਣਾਂ।
ਸਿਮਰਣ ਲਸੇ ਤਾਰਿਆਂ ਵਾਂਗੂੰ,
ਵਿਚ ਲਿਵਲੀਨ ਦੇ ਨੈਣਾਂ।

*(10-7-88)*

•


WWW.SIKHBOOKCLUB.COM

## 2

# ਸੁੰਞੇ ਵਿਹੜੇ

### (ਇਕ ਗੀਤ)

ਸਿਖਰ ਦੁਪਹਿਰਾਂ, ਹੁੱਲੇ ਕਣਕਾਂ ਦੀ ਵੱਥ ਵੇ।
ਕੇਸੂਏ ਦਾ ਫੁੱਲ ਵੇਂਹਦਾ ਦੂਰ ਕੋਈ ਸੱਥ ਵੇ।

ਰੋਹੀਆਂ ਨੇ ਪੁੱਤ ਸਾਂਭੇ, ਪਿੱਛੇ ਮਾਵਾਂ 'ਕੱਲੀਆਂ,
ਸਿਖਰ ਦੁਪਹਿਰਾਂ ਲਾਹੀ ਸੋਹਣੀਆਂ ਨੇ ਨੱਥ ਵੇ।

ਜ਼ਾਲਿਮਾਂ ਨੇ ਪਹਿਰੇ ਲਾਏ ਬੇਟ ਦਰਿਆਵਾਂ 'ਤੇ,
ਪਿੰਡ ਦੀਆਂ ਗਲੀਆਂ 'ਚ ਸੁੰਞ ਕੁਈ ਅਕੱਥ ਵੇ।

ਅੰਬਾਂ ਨੂੰ ਅੰਬੀ ਪਈ, ਜਿੰਦੜੀ ਨੂੰ ਅੱਥਰੂ,
ਵਲੀਆਂ ਤੋਂ ਹੋਇਆ ਨਹੀਉਂ ਭੇਦ ਐਸਾ ਕੱਥ ਵੇ।

ਚਟਾਲੜੇ ਦੇ ਖੇਤ ਲੱਗੀ ਪਿਆਸ ਕਿਹੜੀ ਜਿੰਦ ਨੂੰ ?
ਪਿੰਡ ਵਾਲੇ ਖੂਹ ਰੋਵੇ 'ਵਾਜ ਕੋਈ ਲੱਥ ਦੇ।

ਤੂਤਾ ਵੇ ਤੇਰੀ ਛਾਵੇਂ ਛਾਹ ਵੇਲਾ ਰੁੱਲਿਆ,
ਵੱਡੇ ਦਰਵਾਜ਼ੇ ਖੜਾ ਖ਼ਾਲੀ ਕੋਈ ਰੱਥ ਵੇ।

ਕੇਸੂਏ ਦੇ ਜੋਬਨੇ ਨੂੰ ਪਵੇ ਕੰਨਸੋਅ ਵੇ,
ਡਿੱਗ ਰਿਹਾ ਸਮਿਆਂ 'ਤੇ ਭੌਜਲ ਉਲੱਥ ਵੇ।

ਅੱਕਾਂ ਨੂੰ ਦੁੱਖ ਦੱਸਣ ਕਣਕ ਦੀਆਂ ਬੱਲੀਆਂ,
ਵਾਢਿਆਂ ਦੀ ਬਾਂਹ ਡਿੱਗੀ ਧੂੜਾਂ ਦੇ ਪੱਥ ਵੇ।

ਕੂੰਜਾਂ ਨੂੰ ਦੇਸ ਹੋਏ ਸੱਭੇ ਹੀ ਬਿਗਾਨੜੇ,
ਖੰਭੜੀ ਦੇ ਵਾਂਗ ਰੁਲਦੇ ਸਮਿਆਂ ਦੇ ਤੱਥ ਵੇ।

ਬੁੱਲਿਆਂ ਤੋਂ ਰੱਤ ਡਿੱਗੀ ਕੇਸੂਏ ਦੀ ਜੀਭ 'ਤੇ,
ਕਣਕਾਂ ਨੇ ਹੌਕਾ ਲਿਆ ਜੋਬਨੇ ਨੂੰ ਮੱਥ ਵੇ।


WWW.SIKHBOOKCLUB.COM

ਸੁੰਞੇ ਸੁੰਞੇ ਵਿਹੜਿਆਂ ਨੂੰ ਲੂਆਂ ਤਪ ਦੱਸਿਆ,
ਸ਼ਾਹ ਅਸਵਾਰਾਂ ਬੰਨ੍ਹੇ ਝੱਖੜਾਂ ਦੇ ਹੱਥ ਵੇ।

ਹੜ੍ਹਾਂ ਤੇ ਹਨੇਰੀਆਂ ਤੋਂ ਮਿਟੇ ਸਾਡੀ ਪੈੜ ਨਾਂਹ,
ਕ੍ਰਿਸ਼ਨ-ਮਾਰੂ ਸਮਾਂ ਭਾਵੇਂ ਬੜਾਂ ਸਮਰੱਥ ਵੇ।

ਦੂਰ ਤੇਗਾਂ ਕੀਤੀਆਂ ਨੇ ਸੈਨਤਾਂ ਨਵੇਲੀਆਂ,
ਦੂਰ ਹਰੀ ਟਾਹਲੀਆਂ 'ਤੇ ਬਾਜ਼ ਰਹੇ ਲੱਥ ਵੇ।

ਸਿਖਰ ਦੁਪਹਿਰਾਂ, ਹੁੱਲੇ ਕਣਕਾਂ ਦੀ ਵੱਥ ਵੇ।
ਕੇਸੂਏ ਦਾ ਫੁੱਲ ਵੇਂਹਦਾ ਦੂਰ ਕੋਈ ਸੱਥ ਵੇ।

*(26-4-87)*

•


WWW.SIKHBOOKCLUB.COM 

## 3

# ਮੁੜ ਆ ਮਾਹੀ

ਮੁੜ ਛੇੜੋ ਓਸ ਫ਼ਕੀਰ ਦੀ ਗੱਲ।
ਤੁਰ ਗਏ ਝਨਾਂ ਦੇ ਵੀਰ ਦੀ ਗੱਲ।

ਹੜ੍ਹ ਆਉਂਦੇ ਰਹੇ ਨਾਂਹ ਦਸ ਸੱਕੇ,
ਉਸ ਮੁੱਢ ਕਦੀਮੀ ਨੀਰ ਦੀ ਗੱਲ।

"ਨਾਂਹ ਡਾਚੀ ਉਹੀਓ" ਕਿਹਾ ਥਲਾਂ,
ਇਹ ਗਈ ਸਮੇਂ ਨੂੰ ਚੀਰਦੀ ਗੱਲ।

ਥਲ ਡੂਗਰ ਦੇਸ ਬੇਅੰਤ ਬੜੇ,
ਨਹੀਂ ਭੁਲਦੀ ਸੁਬਕ ਲਕੀਰ ਦੀ ਗੱਲ।

ਕਿੰਞ ਸੁਣਾਂ ਨਭਾਂ ਦੇ ਸੁਪਨੇ ਵਿਚ,
ਕਿਤੇ ਦੂਰ ਲੁਕੀ ਤਨਵੀਰ ਦੀ ਗੱਲ।

ਬਹੁੰ ਕਰਨ ਮਿਅਰਾਜਾਂ ਨਬੀ ਪਏ,
ਦਰ ਤੈਂਡਾ ਅਜੇ ਅਖੀਰ ਦੀ ਗੱਲ।

ਤੂੰ ਓਸੇ ਢੋਕ 'ਚ ਜਾ ਬੈਠੋਂ
ਜਿਸ ਢੋਕ 'ਚ ਛਿੜਣੀ ਪੀਰ ਦੀ ਗੱਲ।

ਸਭ ਮੰਗੂ ਖ਼ਾਲੀ ਨਜ਼ਰ ਖੜੇ,
ਰਹੀ ਘਾਹ ਨੂੰ ਯਾਦ ਨ ਹੀਰ ਦੀ ਗੱਲ।

ਕੁਲ ਸਮੇਂ 'ਚ ਵਰਤੀ ਸੁੰਞ ਪਈ,
ਜੰਡ ਭੁੱਲਿਆ ਅਥਰੇ ਤੀਰ ਦੀ ਗੱਲ।

ਹਰ ਪਾਸੇ ਮੁੱਖ ਪਰਦੇਸਾਂ ਦੇ,
ਵਿਚ ਰਲੀ ਧੂੜ ਤਕਦੀਰ ਦੀ ਗੱਲ।

ਸ਼ਾਹ ਰਗ ਤੋਂ ਨੇੜੇ ਹੌਕਾ ਜੋ,
ਉਹ ਪੱਤ ਮਾਸੂਮ ਦੀ ਲੀਰ ਦੀ ਗੱਲ



WWW.SIKHBOOKCLUB.COM

ਲੱਖ ਰੋਣ ਰਕਾਨਾਂ ਖੂਹੇ 'ਤੇ,
ਇਹ ਕੋਹੇ ਕਿਸੇ ਅਸੀਰ ਦੀ ਗੱਲ।

ਉਹ ਹਰ ਅਸਮਾਨ ਨੂੰ ਵਲ ਲੈਸੀ,
ਜੋ ਹੇਠ ਪਤਾਲ ਜ਼ੰਜੀਰ ਦੀ ਗੱਲ।

ਅੱਗ ਵਰ੍ਹੇ ਰੱਤੜੇ ਸਰ ਉੱਤੇ,
ਨਾਂਹ ਛਡਦਾ ਅੱਪਣੇ [1]ਮੀਰ ਦੀ ਗੱਲ।

ਉਹ ਵਲੀ ਪੀਰ ਵੀ ਕੋਸੇਗੀ,
ਜੋ ਸਾਂਭੀ ਅਸਾਂ ਜ਼ਮੀਰ ਦੀ ਗੱਲ।

ਹਰ ਰੁੱਖ ਨੂੰ ਲੱਗਣ ਰੋਗ ਨਵੇਂ,
ਸੁਣ ਲਹੂ-ਲੁਹਾਣ ਵਹੀਰ ਦੀ ਗੱਲ।

ਮੁੜ ਛੇੜੋ ਓਸ ਫ਼ਕੀਰ ਦੀ ਗੱਲ।
ਤੁਰ ਗਏ ਝਨਾਂ ਦੇ ਵੀਰ ਦੀ ਗੱਲ।

*(1-4-87)*

•

---

1. ਮੀਰ : ਹਰਿਮੰਦਰ ਸਾਹਿਬ ਦਾ ਨੀਂਹ-ਪੱਥਰ ਰੱਖਣ ਵਾਲੇ ਸਾਈਂ ਮੀਆਂ ਮੀਰ।


WWW.SIKHBOOKCLUB.COM

# 4

# ਮੁਹੰਮਦ ਸਾਹਿਬ ਦੇ ਇਕ ਸੁਪਨੇ ਪਿੱਛੋਂ

ਕਾਲੀ ਕੰਬਲੀ ਬੈਠ ਉਣੀ ਮੈਂ,
ਸਿਖਰ ਦੁਪਹਿਰਾਂ ਵੇਲੇ।
ਨਬੀ ਦੇ ਲਈ ਦਸਤਾਰ ਚੁਣੀ ਮੈਂ,
ਸਿਖਰ ਦੁਪਹਿਰਾਂ ਵੇਲੇ।
ਚੌਦਾਂ ਤਬਕਾਂ ਤੋਂ ਵੀ ਭਾਰੀ
ਸੱਦ ਖੜੀ ਕੋਈ ਸੀਨੇ,
ਨਬੀ ਦੀ ਵਿਚ ਨਮਾਜ਼ ਸੁਣੀ ਮੈਂ,
ਸਿਖਰ ਦੁਪਹਿਰਾਂ ਵੇਲੇ।

[1]ਜ਼ਮਜ਼ਮ ਕੋਲ ਮੈਂ ਰੋ ਨ ਸਕਿਆ,
ਸਿਖਰ ਦੁਪਹਿਰਾਂ ਵੇਲੇ।
ਪਾਕ ਪੈਰ ਮੈਂ ਛੋਹ ਨ ਸਕਿਆ,
ਸਿਖਰ ਦੁਪਹਿਰਾਂ ਵੇਲੇ।
ਉੱਞ ਨਬੀ ਦੀ ਨਜ਼ਰ ਨੇ ਮੈਨੂੰ
ਡਾਚੀ ਵਾਂਗ ਘੁਮਾਇਆ,
ਪਰ ਮੈਂ ਥਲਾਂ ਦਾ ਹੋ ਨ ਸਕਿਆ,
ਸਿਖਰ ਦੁਪਹਿਰਾਂ ਵੇਲੇ।

ਕਿਸੇ ਸ਼ਹੀਦ ਦੀ ਝਾਤ ਪਈ ਸੀ,
ਸਿਖਰ ਦੁਪਹਿਰਾਂ ਵੇਲੇ।
ਸਿਰ 'ਤੇ ਤਪਦੀ ਰਾਖ ਪਈ ਸੀ,
ਸਿਖਰ ਦੁਪਹਿਰਾਂ ਵੇਲੇ।
ਵਾਂਗ ਬੁਰਾਕ[2] ਫਿਰੇ ਵਿਚ ਤਬਕਾਂ
ਬੂੰਦ ਕੋਈ ਜ਼ਮਜ਼ਮ ਦੀ,
ਹਰ ਪਿਆਸੇ ਨੂੰ ਹਾਕ ਪਈ ਸੀ,
ਸਿਖਰ ਦੁਪਹਿਰਾਂ ਵੇਲੇ।

---

1. ਜ਼ਮਜ਼ਮ : ਇਸਲਾਮੀ ਚੇਤਨਾ ਦਾ ਪਵਿੱਤਰ ਖੂਹ।
2. ਬੁਰਾਕ : ਮੁਹੰਮਦ ਸਾਹਿਬ ਦਾ ਮਿਅਰਾਜ ਸਮੇਂ ਦਾ ਇਲਾਹੀ ਘੋੜਾ।


WWW.SIKHBOOKCLUB.COM

ਸਮੇ ਦੇ ਘੋਰ ਹਨੇਰ ਵੜੀ ਮੈਂ,
ਸਿਖਰ ਦੁਪਹਿਰਾਂ ਵੇਲੇ।
ਕਿਹੇ ਜਗਾ ਕੇ ਨਾਗ ਖੜੀ ਮੈਂ,
ਸਿਖਰ ਦੁਪਹਿਰਾਂ ਵੇਲੇ।
ਸੱਤ ਅਰਸ਼ ਸੈਂ ਉੱਡਣਾ ਚਾਂਹਦਾ
ਮੇਰੇ ਗੁਨਾਹ ਛੱਡ ਕੱਲੇ,
ਰੋ ਬੁਰਾਕ ਦੀ ਵਾਗ ਫੜੀ ਮੈਂ,
ਸਿਖਰ ਦੁਪਹਿਰਾਂ ਵੇਲੇ।

•


WWW.SIKHBOOKCLUB.COM

## 5
# ਸੱਸੀ ਦੇ ਤਿਲ੍ਹਕਦੇ ਰੰਗ

ਬੈਠ ਕੁਰਾਨ ਪੜ੍ਹੇ ਪਈ ਸੱਸੀ,
ਵਿਚ ਬਾਬਲ ਦੇ ਬਾਗ਼ਾਂ।
ਦੂਰ ਗਹਿਰ ਵਿਚ ਥਲ ਨੂੰ ਤੱਕਿਆ,
ਕੇਚਮ ਦਿਆਂ ਚਰਾਗਾਂ।
ਉਮਰ ਦਾ ਪੱਤਣ ਮਲ ਲੈਣਗੇ,
ਸ਼ੀਂਹ ਮੂੰਹ-ਜ਼ੋਰ ਦੀਵਾਨੇ;
ਰੱਬ ਦਾ ਹਰਫ਼ ਪੜ੍ਹਦਿਆਂ ਆਈਆਂ,
ਜਦੋਂ ਹੁਸਨ ਨੂੰ ਜਾਗਾਂ।

ਸੀਨੇ ਘੁੱਟ ਰਾਤ ਉਹ ਜ਼ਾਲਿਮ,
ਸੋਹਣੇ ਨਾਲ ਗੁਜ਼ਾਰੀ।
ਓੜਕ ਦੌੜ ਪਈ ਵਿਚ ਥਲ ਦੇ,
ਮਾਰ ਚੀਕ ਦੁਖਿਆਰੀ।
ਐਨਾ ਯਾਦ ਹੋਤ ਨੂੰ ਕੀਤਾ,
ਕੂਕ ਕਿਹਾ ਇੰਞ ਸੱਸੀ :
"ਜਿਸ ਨੇ ਐਸੀ ਰਾਤ ਲਿਆਂਦੀ,
ਨੀਂਦ ਓਸ ਤੋਂ ਵਾਰੀ।"

ਧੂੜ ਜੋ ਬਾਹਰ ਸਮੇਂ ਤੋਂ, ਓਥੇ,
ਹੂੰਗਰ ਸੁਣਦੀ ਥਲ ਦੀ।
ਸੂਰਜ ਕਿਵੇਂ ਸਾਂਭਦੇ ਅਗਨੀ,
ਨਾਲ ਮਹਿੰਦੀਆਂ ਬਲਦੀ!
ਹੁਸਨ ਸੱਸੀ ਦਾ ਵਿਚ ਕਲਾਵੇ,
ਲੈਣ ਲਈ ਥਲ ਛੋਟਾ;
ਸਾਜ ਆਗਾਸ ਆਪਣੇ ਲੰਮੇ,
ਵਾਟ ਇਸ਼ਕ ਦੀ ਚਲਦੀ।


WWW.SIKHBOOKCLUB.COM

ਜੁਗ ਜੁਗ ਗਹਿਰ ਚੜ੍ਹੇ ਕੋਈ ਭਾਰੀ
ਸੁਪਨੇ ਲੈਂਦੇ ਥਲ ਦੀ।
ਕਿਸੇ ਦੀ ਹਾਕ ਸੁਣੇ, ਨਾਂਹ ਜਾਣਾਂ,
ਘੋਰ ਹਨੇਰੀ ਚਲਦੀ।
ਕਹਿਕਸ਼ਾਂ ਦੇ ਹਰਫ਼ ਪੁਰਾਣੇ,
ਭੇਦ ਹੁਸਨ ਦਾ ਜਾਨਣ;
ਰੋਹੀਆਂ ਦੇ ਦੀਵੇ ਦੀ ਕੰਪਨ,
ਦਿਲ ਪੀਰਾਂ ਦੇ ਛਲਦੀ।

ਅੱਜ ਮੈਂ ਨਾਲ ਤਾਰਿਆਂ ਚੱਲਾਂ,
ਰਾਤ ਪੁਰਾਣੀ ਲੈ ਕੇ।
ਪੀਰ ਪੈਗ਼ੰਬਰ ਨੂੰ ਮੈਂ ਮਿਲਣਾ,
ਬਾਤ ਪੁਰਾਣੀ ਲੈ ਕੇ।
ਕੀ ਹੋਇਆ ਜੇ ਥਲ ਲੰਮੇ ਨੂੰ
ਸ਼ਹਿਰ ਸ਼ੈਤਾਨ ਦੇ ਢਕਿਆ;
ਅੱਜ ਮੈਂ ਯਾਰ ਪੁੰਨਣ ਨੂੰ ਮਿਲਣਾ,
ਵਾਟ ਪੁਰਾਣੀ ਲੈ ਕੇ।

ਹੱਸ ਮੈਂ ਨਾਲ ਤਾਰਿਆਂ ਚੱਲਾਂ,
ਪਰੀ ਦੁਰੇਡੇ ਨੂਰਾਂ ਦੀ।
ਥਲ ਵਿਚ ਪਲੀ ਬਾਗ਼ ਜਾ ਮੱਲਾਂ,
ਸੱਦ ਪਵੇ ਜਦ ਬੂਰਾਂ ਦੀ।
ਸਣ ਜੋਬਨ ਬਾਗ਼ ਲੱਦ ਚੱਲੇ,
ਤ੍ਰਿੰਞਣ ਕੱਤ ਮੈਂ ਥੱਕੀ—
ਬਣਦੀ ਜਦ ਮੈਂ ਪੱਤਣ ਖੱਲਾਂ,
ਗੱਲ ਝਨਾਂ ਦੀਆਂ ਹੂਰਾਂ ਦੀ।

ਤਾਣ ਸ਼ਹੀਦ ਸੱਸੀ ਦਾ ਸੁਪਨਾ,
ਥਲ ਸੁੱਤਾ ਵਿਚ ਫ਼ਜਰਾਂ।
ਲਭ ਰਹੀਆਂ ਹੁਸਨਾਂ ਦੇ ਅਥਰੂ,
ਕੋਟ ਤੂਫ਼ਾਨੀ ਨਜ਼ਰਾਂ।
ਕੈਦ ਹੋਏ ਗੁੰਮਨਾਮ ਸਮੇਂ ਵਿਚ
ਦਰਦ ਕਿਤੇ ਨ ਦਿੱਸਣ;
"ਤੇਗ ਮੁਜਾਹਿਦ ਦੀ ਮੁੜ ਲਿਸ਼ਕੇ!"
ਕਿਹਾ ਪਿਆਸੇ ਬਦਰਾਂ।

ਝੱਖੜ ਵਗਣ ਪਸ਼ੂ ਨ ਪੰਛੀ!
ਵਿਚ ਵਿਕਰਾਲ ਵੀਰਾਨੇ।
ਤਦੋਂ ਨਮਾਜ਼ ਪੜ੍ਹੀ ਵਿਚ ਥਲ ਦੇ
ਕਿਸੇ ਫ਼ਕੀਰ ਦੀਵਾਨੇ।
ਵਿਛਿਆ ਰਿਹਾ ਰੇਤ 'ਤੇ ਸਦੀਆਂ,
ਗ਼ੈਬ ਦਾ ਕੋਈ ਮੁਸੱਲਾ;
ਵੇਂਹਦੇ ਪੀਰ ਤੇਰੇ ਇਹ ਪੈਂਡੇ,
ਕਿਵੇਂ ਸ਼ਹੀਦ ਰਕਾਨੇ?

ਸਾਂਭ ਲਏ ਸੀ ਸਿਖਰ ਦੁਪਹਿਰੇ,
ਖੜ੍ਹ ਵਿਚ ਹੁਸਨ ਹਜ਼ੂਰੀ।
ਕਹਿਕਸ਼ਾਂ ਨੇ ਨਾਲ ਸਿਦਕ ਦੇ,
ਖੰਭ ਹਿਜਰ ਦੇ ਨੂਰੀ।
ਬਲੇ ਇਹ ਰਾਜ਼ ਪੰਛੀਆਂ ਸੀਨੇ,
ਜਦੋਂ ਨਮਾਜ਼ ਗੁਜ਼ਾਰਨ;
ਤਪਦਾ ਸੂਰਜ ਸਮਝ ਨ ਸਕਿਆ,
ਬਾਤ ਵਸਲ ਦੀ ਪੂਰੀ।

ਨੈਂ ਦੇ ਤੀਰ ਤ੍ਰਿੰਵਣ ਵੇਖੇ,
ਥਲ ਦੀਏ ਛੈਲ ਰਕਾਨੇ:
ਹਿਜਰ ਤੇਰਾ ਚੁਗਣ ਵਿਚ ਰੇਤਾਂ,
ਕੂੰਜਾਂ ਚੋਗ ਬਹਾਨੇ।
"ਲੰਮੀ ਤੰਦ ਯਾਰ ਦੇ ਨਾਂ 'ਤੇ
ਪਾ ਪਰਦੇਸਨ ਭੈਣੇ;
ਅਸਾਂ ਇਹ ਤੱਕਣਾ ਸੂਰਜ ਕਿੰਨਾ,
ਤਪਿਆ ਵਿਚ ਜ਼ਮਾਨੇ।

x x x x x

•


WWW.SIKHBOOKCLUB.COM 

# 6
# ਵੇਦਨਾ ਦੇ ਚਾਰ ਪਹਿਰ

ਕੋਹੀਆਂ ਘਾਇਲ ਧਰਤੀਆਂ ਦੇ ਜਦ,
ਸੁਪਨ ਹੋਏ ਕੁਝ ਗਹਿਰੇ।
ਮੈਂ ਸਦੀਆਂ ਦੇ ਵੈਣ ਸੁਣੇ ਤਦ,
ਰਾਤ ਦੇ ਪਹਿਲੇ ਪਹਿਰੇ।
ਕੋਈ ਨ ਮੁੜਦਾ, ਕੋਈ ਨ ਰੁਕਦਾ,
ਖਿਚਦੀ ਮੌਤ ਤਣਾਵਾਂ,
ਕਾਇਮ ਰਹੇ ਤਾਂ ਬਣਸਨ ਦੁਆਵਾਂ,
ਜ਼ਾਮਨ ਸਿਖਰ ਦੁਪਹਿਰੇ।

ਹੇਠ ਤੂਫ਼ਾਨ ਵਕਤ ਦੇ ਸ਼ੂਕਣ,
ਸਿਰ 'ਤੇ ਅੰਬਰ ਗਹਿਰੇ।
ਕਿਤੇ ਨ ਆਹ ਯਤੀਮ ਦੀ ਰੁਕਦੀ,
ਰਾਤ ਦੇ ਦੂਜੇ ਪਹਿਰੇ।
ਰਾਤ ਦਿਹੁੰ ਨੇ ਵਾਂਗ ਜ਼ੰਜੀਰਾਂ,
ਅਣਦਿੱਸ ਰਹਿਮ ਖਲੋਤਾ,
ਦਿਸਣ ਪਹਾੜ ਖ਼ੂਨੀਆਂ ਉੱਤੇ,
ਹੱਥ ਕੁਸ਼ਗਣੇ ਭੈੜੇ।

ਮੈਂ ਫ਼ਰਿਆਦ ਕਰੀ ਤਾਂ ਉੱਠੇ,
ਤੁੰਦ ਵਿਕਰਾਲ ਕਟਹਿਰੇ।
ਰਿੱਧਾਂ ਸਿੱਧਾਂ ਵੀ ਮੁੜ ਆਈਆਂ,
ਰਾਤ ਦੇ ਤੀਜੇ ਪਹਿਰੇ।
ਮੁੱਢ ਕਦੀਮੀ ਮਾਵਾਂ ਦੇ ਦਿਲ,
ਤ੍ਰਭਕ ਥਲਾਂ ਵਿਚ ਬੋਲਣ:
"ਛਾਂ ਦਿੱਤੇ ਬਿਨ ਟੁੱਟ ਨ ਜਾਵਣ,
ਅਦਲ ਦੇ ਟਾਹਣ ਇਕਹਿਰੇ।"


WWW.SIKHBOOKCLUB.COM

ਫੰਧੇ ਕੋਟ ਬਿਜਲੀਆਂ ਪੀਂਦੇ,
ਨਾਲ ਦਹਿਸ਼ਤਾਂ ਲਹਿਰੇ।
ਹਾਕ ਸੁਣੀ ਵਣਜਾਰੇ ਦੀ ਮੈਂ,
ਰਾਤ ਦੇ ਚੌਥੇ ਪਹਿਰੇ:
"ਭਾਰੀ ਹੜ੍ਹ ਵਿਚ ਘਰ ਤੇਰੇ ਨੂੰ
ਹੜ੍ਹਿਆਂ ਮੁੱਦਤ ਹੋਈ,
ਸਿਦਕ ਦਾ ਬੂਹਾ ਅਜੇ ਸਲਾਮਤ,
ਵੇਖ ਰਿਹਾ ਵਿਚ ਦਹਿਰੇ।"

x x x x x

•


WWW.SIKHBOOKCLUB.COM

# 7
# ਸਿੱਖ ਕੌਮ ਦੇ ਸਮੇਂ ਨੂੰ ਸ਼ਿਕਵੇ

ਬਿਸਮਿਲ ਕੌਮਾਂ ਨਾਲ ਤੂੰ ਸਮਿਆਂ,
ਕੌਲ ਕਰੇਂ ਕਿਉਂ ਝੂਠੇ ?
ਝੰਗ ਸਿਆਲ ਦਾ ਲਾਰਾ ਲਾ ਕੇ,
ਜ਼ਹਿਰ ਪਾਏਂ ਵਿਚ ਠੂਠੇ !
ਮੇਰੀ ਜ਼ਮੀਰ ਬਿਜਲੀਆਂ ਬਣਕੇ
ਕਹਿਕਸ਼ਾਂ ਤਕ ਲਰਜ਼ੇ;
ਕਿਚਰਕ ਨ੍ਹੇਰ ਅਥਾਹ 'ਚ ਰਖਸੇਂ,
ਰਾਜ਼ ਮਹੀਨ ਅਨੂਠੇ ?

ਬੇਪੱਤ ਕਰ ਕੇ ਸਾਨੂੰ ਸਮਿਆਂ,
ਕਿਸ ਪਾਸੇ ਨੂੰ ਜਾਵੇਂ ?
ਠਹਿਰੀਂ ! ਅਜੇ ਖ਼ਿਆਲ ਜੇ ਸਾਡਾ,
ਅਪਣਾ ਮੀਤ ਬਣਾਵੇਂ।
ਬਿਨ ਅਰਦਾਸ ਜ਼ਮੀਰ ਬਿਨਾਂ ਹੀ
ਦੂਤੀ ਘੇਰਣ ਸਾਨੂੰ;
ਘਾਇਲ ਜਿਗਰ ਮੇਰੇ ਵਿਚ ਹੁਣ ਵੀ,
ਕਿਉਂ ਕੋਈ ਰਮਜ਼ ਛੁਪਾਵੇਂ ?

ਬੇਖਬਰਾਂ 'ਤੇ ਕਟਕ ਚਾੜ੍ਹ ਨਾਂਹ,
ਸੁਣ ਸਮਿਆਂ ਬੇਦਰਦਾ।
ਰਾਤੋ ਰਾਤ ਘਰਾਂ ਨੂੰ ਖੋਹ ਕੇ,
ਬਾਰ ਪਰਾਏ ਕਰਦਾ।
ਘੂਕ ਸੁੱਤੀਆਂ ਜਿੰਦਾਂ ਦਾ ਨਾਂਹ,
ਕੋਈ ਗੁਨਾਹ ਸਮਝਾਵੇਂ—
ਹੜ੍ਹ ਅੰਨ੍ਹਾ ਕੋਈ ਤਾਰਿਆਂ ਤੀਕਣ,
ਕਹਿਰਵਾਨ ਹੋ ਚੜ੍ਹਦਾ।


WWW.SIKHBOOKCLUB.COM

ਸਮਿਆਂ ਕਰੀਂ ਬੇਪੱਤ ਨ ਮੈਨੂੰ,
ਸਮਝ ਨਿਮਾਣਾ ਖ਼ਾਕੀ।
ਜੋ ਅਸਵਾਰ ਤੇਰੇ 'ਤੇ ਹੋਇਆ
ਖ਼ਿਆਲ ਮਿਰਾ ਕੁਈ ਬਾਕੀ।
ਥਲਾਂ ਦਾ ਯਾਰ ਮੈਂ ਚਿਰ ਤੋਂ ਮੈਨੂੰ,
ਰਹੀਆਂ ਢੂੰਡ ਹਵਾਵਾਂ;
ਨਵਾਂ ਹੀ ਪੈਂਡਾਂ ਸਾਜ ਲਵੇ ਨਾਂਹ,
ਪੈੜ ਮਿਰੀ ਕੁਈ ਆਕੀ।

x x x x x

•


WWW.SIKHBOOKCLUB.COM

## 8

# ਖ਼ੂਨੀ ਸਾਕਿਆਂ ਪਿੱਛੋਂ

ਖ਼ੂਨ ਲਿਬੜੀ ਪਰਕਰਮਾ 'ਤੇ,
ਕਹਿਰ ਰਾਤ ਦਾ ਛਾਇਆ।
ਤਖਤ ਅਕਾਲ ਦੇ ਖੰਡਰ ਉੱਤੇ,
ਕੋਈ ਬਾਜ਼ ਕੁਰਲਾਇਆ।
ਜੋ ਤਾਰੇ ਸਮਿਆਂ ਤੋਂ ਅੱਗੇ,
ਵਿਚ ਅਰਦਾਸ ਖਲੋਏ;
ਭੇਦ-ਭਰੀ ਕਲਗੀ 'ਤੇ ਪੈਂਦਾ,
ਨਜ਼ਰ ਮਿਰੀ ਦਾ ਸਾਇਆ।

ਮੇਰਾ ਜ਼ਖ਼ਮ ਅਜਨਬੀ 'ਕੱਲਾ,
ਬਿਨ ਚਾਨਣ ਬਿਨ ਆਸਾਂ।
ਰੋ ਤਾਰੇ ਅਰਦਾਸ ਕਰੇਂਦੇ,
ਝਿਮ ਝਿਮ ਪਾਰ ਆਗਾਸਾਂ।
ਫੜ ਕੇ ਬਾਂਹ ਸਮੇਂ ਦੀ ਰਾਜੇ
ਜਿਚਰਕ ਪਾਪ ਕਰੇਂਦੇ;
ਖ਼ਾਬ ਬੇਅੰਤ ਕਹਿਰ ਦੀਆਂ ਅਣੀਆਂ
ਚੁੰਮ੍ਹ ਕਰੇ ਅਰਦਾਸਾਂ।

ਬੇ-ਪੀਰ ਕੌਮਾਂ ਨੂੰ ਆਖੇ,
ਵਗਦੀ ਵਗਦੀ ਰਾਵੀ:
"ਬਾਂਝ ਪਲੀਤ ਨਜ਼ਰ ਦੇ ਹੁੰਦਿਆਂ,
ਧਰਤੀ ਰਹੇਗੀ ਸਾਵੀ।
ਬੁੱਤ-ਹਜੂਮ ਭਸਮ ਹੋ ਜਾਸਣ,
ਨਾਲੇ ਹੱਥ ਫ਼ਰੇਬੀ"
ਦੂਰ ਬੇਅੰਤ ਮੌਤ ਦੇ ਰਾਹ 'ਤੇ,
ਥੰਮ੍ਹ ਖੜਾ ਕੋਈ ਭਾਵੀ।


WWW.SIKHBOOKCLUB.COM

ਕਿਸ ਦੇ ਵੈਣ ਸੁਣਾਂ ਮੈਂ ਦੂਰੋਂ,
ਕੌਣ ਮਿਰੇ ਵਲ ਆਵੇ।
ਪਥਰੀਲੇ ਨ੍ਹੇਰਾਂ ਨੂੰ ਲੰਘਦਾ,
ਘੋੜ ਮਿਰਾ ਘਬਰਾਵੇ।
ਜਦ ਮੈਂ ਅਣਦਿੱਸ ਛੋਹ ਕਿਸੇ ਵਲ
ਰਹਿਮ ਦਾ ਹੱਥ ਉਠਾਵਾਂ;
ਲੱਗ ਫ਼ਰੇਬੀ ਜੀਭ ਕਿਸੇ ਨੂੰ,
ਹੱਥ ਮਿਰਾ ਸੜ ਜਾਵੇ।

ਇਸ ਪਾਸੇ ਮਾਹੀ ਦਾ ਆਉਣਾ,
ਫੇਰ ਮਿਲਣ ਦੀ ਵਾਰੀ।
ਸਦੀਆਂ ਪਿੱਛੋਂ ਰੁਲ ਨ ਜਾਵੇ,
ਫ਼ਰਿਆਦਾਂ ਦੀ ਖਾਰੀ।
ਦਿੱਲੀ ਦੇ ਦਰਵਾਜ਼ੇ ਉੱਤੇ
ਸੁਨਣ ਲਈ ਕੋਈ ਹੂੰਗਰ;
ਆਵੇ ਬਾਜ਼ ਫੇਰ ਉੱਡ ਜਾਵੇ,
ਵਕਤ ਦੀ ਚੁੱਕ ਕਟਾਰੀ।

ਪਹਿਣ ਲਿਬਾਸ ਸਮੇਂ ਦੇ ਪੌਣੇ,
ਅੱਧੀ ਰਾਤ ਨੂੰ ਵੱਗੇਂ।
ਕਬਰਾਂ ਥਲਾਂ ਵਿਚ ਸ਼ਮਸ਼ਾਨਾਂ,
ਲੁਕ ਲੁਕ ਮਾਹੀ ਸੱਦੇਂ।
ਇਕ ਦਿਨ ਦਿੱਲੀ ਦੇ ਦਰਵਾਜ਼ੇ
ਢਾਹ ਦੇਸਣ ਫ਼ਰਿਆਦਾਂ;
ਕਿਸ ਅਸਮਾਨ ਤੋਂ ਡਰਦੀ ਪੌਣੇ
ਰੋ ਧਰਤੀ ਗਲ ਲੱਗੇਂ।

ਬੇਮੁਹਾਰ ਜਜ਼ਬੇ ਦੀਆਂ ਕਿਧਰੋਂ,
ਡਿਗ ਰਹੀਆਂ ਆਬਸ਼ਾਰਾਂ।
ਕਿਹੜੀ ਕੁੰਟ ਚੋਂ ਸਮਝ ਨ ਪੈਂਦੀ,
ਹੁਕਮ ਦੇਣ ਸਰਕਾਰਾਂ।
ਮਿਰੇ ਲਿਬਾਸ 'ਤੇ ਬਿਨ-ਦੱਸਿਆਂ ਹੀ
ਕਿਤੋਂ ਪੈਂਦੀਆਂ ਚਮਕਾਂ;
ਕਿਹੜੇ ਰੱਬ ਦੀ ਬੁੱਕਲ ਦੇ ਵਿਚ,
ਧਰਤੀ ਦੀਆਂ ਪੁਕਾਰਾਂ?


WWW.SIKHBOOKCLUB.COM

ਕੋਟ ਨਭਾਂ ਦੇ ਖੰਡਰ ਘੁੱਟੇ
ਜਮਾਂ ਜਹੇ ਕਾਲੇ ਪੈਂਡੇ।
ਨੈਣ ਵਟਾਊ ਖੜੇ ਨਿਕਰਮੇ,
ਬਿੰਗ ਪੱਥਰਾਂ ਦੇ ਸਹਿੰਦੇ।
ਸਮੇਂ ਦੀ ਹੂੰਗਰ ਚੀਰ ਨ ਹੋਵੇ,
ਬੇਬਸ ਗਰਕ ਨ ਸੱਕਾਂ;
ਤਦੋਂ ਤੇਰੀ ਕਲਗੀ ਦੇ ਸੁਪਨੇ,
ਵਲ ਸ਼ਹੀਦਾਂ ਵੈਂਦੇ।

ਹੁਣ ਕਿਉਂ ਸਿਦਕ ਮੇਰਾ ਅਜ਼ਮਾਵੇਂ,
ਨੀਲੇ ਦੇ ਅਸਵਾਰਾ ?
ਮੈਂ ਅਰਦਾਸ ਕਰਾਂ ਕਿਸ ਥਾਂ 'ਤੇ,
ਬਲੇ ਪਿਆ ਜਗ ਸਾਰਾ!
ਵਾਟ ਮੇਰੀ ਸਦੀਆਂ ਦੀ ਹੋਈ
ਤਖਤ ਅਕਾਲ 'ਤੇ ਖੰਡਰ;
ਝੁਲਸੇ ਟੁੱਟੇ ਚਰਖ ਮਿਰੇ 'ਤੇ,
ਚਾੜ੍ਹ ਨਵਾਂ ਕੋਈ ਤਾਰਾ।

ਲੰਮੀ ਰਾਤ! ਬਲਦੀਆਂ ਪਈਆਂ,
ਤਾਰਿਆਂ ਤੀਕ ਜ਼ਮੀਰਾਂ।
ਰਾਹ ਵਿਚ ਰੋਹ ਬਲੀ ਦੇ ਪਰਬਤ,
ਕਿੰਞ ਰੋਕਣ ਤਕਦੀਰਾਂ।
ਸੱਚ ਦੀਆਂ ਸਫ਼ਾਂ ਦੇ ਉੱਤੇ
ਗੁਰੂ ਵਲੀ ਆ ਬੈਠੇ;
ਧਰਤੀ ਦਸ ਸਕੇ ਨ, ਕਿੱਥੇ
ਰੋਣ ਮੁਸਾਫ਼ਰ ਹੀਰਾਂ।

ਰੋਹੀਆਂ ਦੇ ਵਿਚ ਲਸ਼ਕਰ ਮੋਏ,
ਹਵਾ ਪਈ ਕੁਰਲਾਵੇ।
ਧੂੜ ਕੋਂਪਲਾਂ ਦੇ ਕੰਨਾਂ ਤਕ,
ਛੁਪੇ ਫ਼ਰੇਬ ਲਿਆਵੇ।
ਨੀਂਦਾਂ ਸਣੇ ਮਾਸੂਮ ਖਪਾਏ,
ਕੋਟ ਸਾਜ਼ਿਸ਼ਾਂ ਹੋਈਆਂ;
ਦਗ਼ੇਬਾਜ਼ ਸਮਿਆਂ ਦੇ ਸਾਹਵੇਂ,
ਬੋਲ ਸ਼ਹੀਦ ਪੁਗਾਵੇ।


WWW.SIKHBOOKCLUB.COM

ਰਲ ਵਿਚ ਦੂਰ ਦੀਆਂ ਪਰਵਾਜ਼ਾਂ,
ਅੱਥਰੂ ਘੁੰਮਨ ਖਾਰੇ।
ਅਣਸੋਚੇ ਨੁਕਤੇ ਜੋ ਰੂਹ ਵਿਚ,
ਝੁਕ ਝੁਕ ਵੇਖਣ ਤਾਰੇ।
ਭੋਲੇ ਭਾਅ ਮੈਂ ਬ੍ਰਿਛ ਲਗਾਵਾਂ,
ਦੇਣ ਅਸੀਸ ਪੈਗ਼ੰਬਰ;
ਕਿਸੇ ਸ਼ਹੀਦ ਦੀਆਂ ਅਰਦਾਸਾਂ,
ਚੌਦਾਂ ਤਬਕ ਖਲ੍ਹਾਰੇ।

ਬੀਆਬਾਨ ਵਿਚ ਬਾਜ਼ ਗੁਆਚੇ,
ਘੋਰ ਇਕੱਲਾਂ ਛਾਈਆਂ।
ਕਿਉਂ ਤੂੰ ਸਿਦਕ ਮਿਰਾ ਅਜ਼ਮਾਵੇਂ,
ਉਮਰਾਂ ਅਜੇ ਨ ਆਈਆਂ।
ਦੀਵਾ ਬਾਲ ਸਕਾਂ ਨ ਰਾਤੀਂ,
ਉਜੜੇ ਤ੍ਰਿੰਵਣ ਰੁਲਦੇ;
ਘੋੜ ਤਿਰੇ ਦੀ ਟਾਪ ਸੁਣੀਂਦੀ,
ਤਾਰਿਆਂ ਸ਼ਰਤਾਂ ਲਾਈਆਂ।

ਨਾ-ਸ਼ੁਕਰ ਬੁੱਤ-ਪੂਜ ਨਗਰ ਵਿਚ,
ਹਾਕ ਸੁਣੀ ਇਕ ਮੈਨੂੰ:
"ਖ਼ਾਕ ਵਿਸ਼ੈਲੀ ਖੋਰ ਦੇਵੇਗੀ
ਬੀਆਬਾਨ ਵਿਚ ਤੈਨੂੰ।"
ਨਾਗਾਂ ਵਾਂਗ ਸਾਜ਼ਿਸ਼ਾਂ ਘੁੰਮਨ,
ਹੋਇ ਹੈਰਾਨ ਮੈਂ ਸੋਚਾਂ:
"ਜੇ ਨ ਤਿਰੇ ਮੁਰੀਦ, ਬਾਜ਼ ਦੀ
ਨਜ਼ਰ ਦੇਖਦੀ ਕੈਨੂੰ?"

ਬੇਪੱਤ ਹੋਈਆਂ ਕੌਮਾਂ ਦੇ ਘਰ,
ਦੂਰ ਫ਼ਰੇਬੀ ਧਰ 'ਤੇ।
ਬਦਨਸੀਬ ਪੈਰਾਂ ਦੇ ਹੇਠਾਂ,
ਖ਼ਾਕ ਵਿਸ਼ੈਲੀ ਗਰਕੇ।
ਮੂੰਹ-ਜ਼ੋਰ ਸਮਾਂ ਨ ਕੌਮੇ!
ਨਿਗਲ ਸਕੇਗਾ ਤੈਨੂੰ;
ਅੱਪਣੀ ਪੱਤ ਪਛਾਣ ਲਵੇਂ ਜੇ,
ਲੜ ਮਾਹੀ ਦਾ ਫੜ ਕੇ।

*(1986)*

•

# 9

# ਰਮਜ਼ਾਂ

[ਬੇਲਿਆਂ, ਦਰਿਆਵਾਂ, ਜ਼ਖ਼ਮੀ ਦਿਲਾਂ, ਸ਼ਹੀਦਾਂ ਦੇ ਬੋਲਾਂ ਅਤੇ ਫ਼ਕੀਰਾਂ ਦੇ ਸੀਨੇ ਵਿੱਚੋਂ ਉੱਠੀਆਂ ਰਮਜ਼ਾਂ]

## ਲੱਖੀ ਜੰਗਲ ਵਿਚ

ਲੱਖੀ ਜੰਗਲ ਦੇ ਬ੍ਰਿਛਾਂ 'ਤੇ,
ਕੋਇਲਾਂ ਬ੍ਰਿਹੇ ਵਾਰੇ।
ਤਿੰਨ[1] ਸੌ ਵਰ੍ਹਿਆਂ ਤੀਕਣ ਧੁੱਪਾਂ,
ਜਲ ਥਲ ਨਗਰ ਸ਼ਿੰਗਾਰੇ।
ਮੂਨ ਪਿਆਸੇ ਟਿੱਬਿਆਂ ਉੱਤੇ,
ਵਣਾਂ ਹੇਠ ਕੋਈ ਕੁਆਰੀ;
ਪਤਾ ਨਹੀਂ ਕਿਸ ਪਾਸੇ ਦੇਖਣ,
ਸੋਚਣ ਗਗਨ ਵਿਚਾਰੇ! (1)

•

## ਬੀਤਿਆ ਹੁਸਨ

ਸਿਖਰ ਦੁਪਹਿਰਾਂ ਨੂੰ ਕੁਈ ਖ਼ੂਨੀ,
ਧੂੜ ਮਿਰੇ ਵਲ ਉੱਡੇ।
ਬ੍ਰਿਛ ਬਾਲਪਨ ਦੇ ਹੋਏ ਨੇ,
ਨਾਲ ਘੋੜਿਆਂ ਬੁੱਢੇ।
ਦੂਰ ਗਏ ਲਸ਼ਕਰ ਨ ਪਰਤੇ
ਬਾਂਕਪਨ ਗਿਆ ਨੈਣੋਂ;
ਸਿੱਕ ਸਿੱਕ ਸਖੀਆਂ ਨੂੰ ਸੁੱਤੇ,
ਵਿਚ ਤ੍ਰਿੰਵਣ ਮੁੱਢੇ। (2)

---

1. ਕਲਗੀਧਰ ਦੇ ਲੱਖੀ ਜੰਗਲ ਵਿਚ ਹੋਣ ਤੋਂ ਹੁਣ ਤਕ ਦਾ ਲਗਪਗ ਸਮਾਂ।


WWW.SIKHBOOKCLUB.COM 

(ਸਰਸਬਜ਼ ਬੇਲਿਆਂ ਅਤੇ ਉਦਾਸ ਰਾਹਾਂ ਤੋਂ ਆਉਂਦੀਆਂ ਸਮੇਂ ਦੀਆਂ ਕੰਨਸੋਆਂ)

ਪੁਰੇ ਦੀ ਵਾ ਵਗੇ ਮੈਂ ਸੁੱਤਾ,
ਮੋਰਾਂ ਕੂਕ ਜਗਾਇਆ।
ਵਿਛੜ ਗਿਆ ਕੋਈ ਰਾਹ ਪੁਰਾਣਾ,
ਧੂੜ ਅਜਨਬੀ ਲਿਆਇਆ।
ਧੁਰ ਦੇ ਰਾਜ਼ ਹਜ਼ਾਰਾਂ ਯਾਰੋ,
ਸਮੇਂ ਦਾ ਗੀਤ ਬਨਾਵਣ;
ਮੌਤ ਦੇ ਬਲੀ ਦਰਾਂ 'ਤੇ ਪੈਂਦਾ,
ਪੈੜ ਮਿਰੀ ਦਾ ਸਾਇਆ। (3)

ਰੂਪ ਅਨੂਪ ਕਹਿਕਸ਼ਾਂ ਵਾਲੇ,
ਸਦੀਆਂ ਦਿਲ 'ਤੇ ਤਾਣਦੀਆਂ।
ਤ੍ਰਿੰਞਣ ਪਾ ਕੇ ਬੈਠੀਆਂ ਕੁੜੀਆਂ,
ਤੰਦ ਨ ਕੱਢਣ ਜਾਣਦੀਆਂ।
ਜਦੋਂ ਫ਼ਰੇਬ ਚੜ੍ਹੇ ਆ ਖ਼ੂਨੀ,
ਰੁਲਸੈਂ ਬਾਰ ਪਰਾਏ ਤੂੰ।
ਘਰ ਮੈਂਡੇ ਦਾ ਦਰਦ ਨ ਜਾਨਣ,
ਕੁਲ ਰਮਜ਼ਾਂ ਅਸਮਾਨ ਦੀਆਂ। (4)

ਕਰਨ ਮਸ਼ਕਰੀ ਨਾਲ ਪੀਰ ਦੇ,
ਨਾਰਾਂ ਡਾਚੀਆਂ ਵਾਲੜੀਆਂ।
ਤੈਨੂੰ ਇਕ ਦਿਨ ਪੁਰਸਲਾਤ 'ਤੇ,
ਬੰਨ੍ਹਣ ਜ਼ੁਲਫ਼ਾਂ ਕਾਲੜੀਆਂ।
ਮੁਦਤਾਂ ਤੋਂ ਤੂੰ ਹੁਜਰੇ ਸਾਹਵੇਂ
ਬੀਜੇਂ ਰੰਗ ਕੁਸੰਭੜੇ ਦੇ,
ਪਾਕ ਹਰਫ਼ 'ਚੋਂ ਉਠ ਉਠ ਤੈਨੂੰ,
ਹੂਰਾਂ ਦੇਣ ਵਖਾਲੜੀਆਂ। (5)

ਮਿੱਟੀ ਵਿਚ ਜਗਾਵਣ ਲੱਗਾ,
ਮੈਂ ਕੋਈ ਖ਼ਾਬ ਪੁਰਾਣੇ।
ਕਿੱਥੇ ਬਿਰਖ, ਪੰਖਣੂ, ਵਾਟਾਂ!
ਜਲ ਥਲ ਕੋਈ ਨ ਜਾਣੇ।
ਮਹਿਰਮ ਸਮਾਂ ਹੋਇਆ ਪਰਦੇਸੀ,
ਰਾਖ ਫਿਰੇ ਕੁਰਲਾਂਦੀ;
ਉਹੀਓ ਨੈਂ ਵਗੇ ਤਾਂ ਸਾਨੂੰ,
ਉਹੀਓ ਯਾਰ ਪਛਾਣੇ। (6)


WWW.SIKHBOOKCLUB.COM

ਸਾਉਣ ਮਹੀਨਾ ਉਮਰ ਮੇਰੀ ਦੀਆਂ,
ਚਾਰ ਚੁਫੇਰੇ ਪੈੜਾਂ।
ਖ਼ੂਨੀ ਖ਼ੂਹ ਦੇ ਨੇੜੇ ਉਤਰੇ,
ਜੋਗੀ ਕਰਦੇ ਸੈਰਾਂ।
ਗੁਨਾਹਗਾਰ ਲੂਣਾ ਅਸਮਾਨੋ
ਮੰਗ ਰਹੀ ਦੋ ਅੱਥਰੂ;
ਉਸ ਦਰ ਅਲਖ ਜਗਾਵਣ ਪੂਰਨ,
ਪਾਉਣ ਰਾਣੀਆਂ ਖੈਰਾਂ। (7)

ਸਮਿਆਂ ਨਾਲ ਝੂਟ ਨ ਕੁੜੀਏ,
ਝਾਂਜਰ ਕਢਦੀ ਹਾੜੇ।
ਪੀਰ ਫ਼ਕੀਰ ਮਨਾਂਦੀ ਤੁਰਸੈਂ,
ਅਜਬ ਮੌਤ ਦੇ ਕਾਰੇ।
ਅਜੇ ਨ ਰੋਕ ਉਡੀਕਾਂ ਸਾਨੂੰ,
ਅਜੇ ਤਾਂ ਪੈਣ ਫੁਹਾਰਾਂ;
ਉਹ ਅਸਵਾਰ ਮਿਲਣਗੇ ਸਾਨੂੰ,
ਜਿਹੜੇ ਕਦੇ ਨ ਹਾਰੇ। (8)

ਸਾਉਣ ਮਹੀਨਾ ਜ਼ਾਲਿਮ ਡਾਢਾ,
ਪੈੜ ਤੇਰੀ ਧੋ ਜਾਵੇ।
ਦਿਨ ਭਰ ਖੇਡ ਯਾਦ ਕੋਈ ਚੰਚਲ
ਸ਼ਾਮ ਪਈ ਖੋ ਜਾਵੇ।
ਲੰਮੀਆਂ ਦੂਰ ਖਜੂਰਾਂ ਵੇਖਣ,
ਭਾਰੀ ਬੋਹੜ 'ਤੇ ਸੁੰਞਾਂ!
ਉਹੀਓ ਨਦੀ ਦੀ ਪਿਆਸ ਸਤਾਂਦੀ,
ਦੀਦ ਬਿਨਾਂ ਲੋਅ ਜਾਵੇ। (9)

ਪੀਂਘਾਂ ਨਿੱਤ ਚੜ੍ਹਾਈਏ ਰਾਹੀਆ,
ਅਸੀਂ ਨਾਂਹ ਤੈਨੂੰ ਜਾਣਦੀਆਂ।
ਕੂੰਜਾਂ ਨਾਲ ਉਡਾਰੀ ਲਾਕੇ,
ਬ੍ਰਿਛ ਦਾ ਦਰਦ ਪਛਾਣਦੀਆਂ।
ਰੋਗ ਪੁਰਾਣੇ ਵੈਦ ਕਿਸੇ ਨੂੰ,
ਦੱਸਣ ਚੱਲੀ ਦੁਨੀਆ ਵੋ;
ਹਿਜਰ ਹੰਡਾਈਏ ਭਾਵੇਂ ਉਮਰਾਂ,
ਅਸੀਂ ਹਾਂ ਤੇਰੇ ਹਾਣ ਦੀਆਂ। (10)


WWW.SIKHBOOKCLUB.COM

ਵਰ੍ਹਦੇ ਮੀਂਹਾਂ ਵਿਚ ਅਸਾਨੂੰ,
ਮਿਲਣ ਲਈ ਕੁਈ ਆਇਆ।
ਘੋੜ ਸਵਾਰ ਵਿਛੜਿਆ ਚਿਰ ਦਾ,
ਲਸ਼ਕਰ ਨਾਲ ਲਿਆਇਆ।
ਨਿੱਕਾ ਹੁਜਰਾ, ਦਾਮਨ ਚਮਕੇ,
ਕਿਵੇਂ ਮੈਂ ਸਾਂਭਾਂ ਯਾਰਾ;
ਜਦ ਜੋਬਨ ਸੀ, ਥਲਾਂ 'ਚ ਤੇਰਾ
ਪਹਿਰੇਦਾਰ ਬਣਾਇਆ। (11)

ਕੁੜੀਆਂ ਝੰਗ ਸਿਆਲ ਦੇ ਰਾਹ ਨੂੰ,
ਮੀਂਹਾਂ ਵਿਚ ਪਛਾਣਦੀਆਂ।
ਬਹੁਤ ਝਨਾਵਾਂ ਚੜ੍ਹ ਚੜ੍ਹ ਆਈਆਂ,
ਡੂੰਘੇ ਦਰਦ ਨ ਜਾਣਦੀਆਂ।
ਬ੍ਰਿਹਾ ਦਾ ਸੁਲਤਾਨ ਹਸੰਦਾ,
ਚੁਗੇਂ ਬਿਜਲੀਆਂ ਕੂੰਜੇ ਤੂੰ;
ਭਰੇ ਬਾਗ਼ 'ਚੋਂ ਥਲ ਵਲ ਜਾਵਣ,
ਤੰਦਾਂ ਕਿਸੇ ਰਕਾਨ ਦੀਆਂ। (12)

ਸਮਿਆਂ ਉੱਤੇ ਆਣ ਉਤਰੀਆਂ,
ਇਲਹਾਮਾਂ ਦੀਆਂ ਡਾਰਾਂ।
ਸੁੰਞੀ ਧਰਤ ਵੇਖ ਉਡ ਜਾਵਣ,
ਨੈਣ ਭਰੇ ਅਸਵਾਰਾਂ।
ਨਾਂਹ ਉਹ ਬੇਲੇ ਨ ਉਹ ਮੰਗੂ,
ਨ ਉਹ ਪੱਤਣ ਪਿਆਰੇ;
ਤੱਕਿਆ ਦੂਰ ਝਨਾਂ ਸੁੱਕੇ ਨੂੰ,
ਪੀਂਘ ਚਾੜ੍ਹ ਮੁਟਿਆਰਾਂ। (13)

ਨਹੀਂ ਸੀ ਪਾਈ ਮਜ਼੍ਹਬ ਦੀ ਹਾਲੇ
ਜਦੋਂ ਪੁਸ਼ਾਕ ਫ਼ਕੀਰਾਂ;
ਜਦੋਂ ਕਹਿਕਸ਼ਾਂ ਤੀਕ ਨਹੀਂ ਸਨ
ਖ਼ਿਆਲਾਂ ਦੀਆਂ ਲਕੀਰਾਂ;
ਇਲਮ ਸ਼ਰਾ ਨੂੰ ਜਿਨ੍ਹਾਂ ਹਾਲੇ
ਸੱਦ ਨਹੀਂ ਸੀ ਦਿੱਤੀ,
ਦੱਸ ਸਮਿਆਂ ਉਹ ਕਿੱਥੇ ਗਈਆਂ,
ਕਰ ਪਰਵਾਜ਼ ਜ਼ਮੀਰਾਂ। (14)

•


WWW.SIKHBOOKCLUB.COM

## ਸ਼ਹੀਦ ਦੀ ਆਵਾਜ਼

ਨੀਲ ਅਨੀਲ ਤਾਰਿਆਂ ਦੇ ਦਰ,
ਸੋਅ ਕਿਸੇ ਦੀ ਆਵੇ।
ਕਿਸ ਅਸਮਾਨ ? ਸਮਝ ਨ ਕਿਹੜੀ,
ਪੈੜ ਚਮਕ ਲੁਕ ਜਾਵੇ।
ਰੱਤ ਭਰੀ ਪਰਕਰਮਾ ਵਿੱਚੋਂ
ਯਾਰ ਪਾਸਵਾਂ ਕੂਕੇ :
"ਭੇਦ ਸ਼ਹੀਦਾਂ ਦੇ ਦਿਲ ਸੰਦਾ,
ਕੋਲ ਰਹੇ, ਨ ਥਿਆਵੇ।" (15)

•

## ਦਿਲ ਬਨਬਾਸੀ

ਦਿਲ ਮੇਰੇ ਲਈ ਸੂਲੀ ਢੂੰਡਣ,
ਜੁਗ ਜੁਗ ਚਲੀਆਂ ਗੱਲਾਂ।
ਘੁੰਮ ਘੁੰਮ ਆਗਾਸ ਸਮੇਂ ਵਿਚ,
ਲਭਦੇ ਫਿਰੇ ਇਕੱਲਾਂ।
ਮੈਂ ਯਤੀਮ ਬਨਬਾਸ ਮਿਰੇ ਵਿਚ
ਵੈਣ ਹਨੇਰ ਦੇ ਸੁੱਤੇ,
ਫਿਰ ਵੀ ਕਿਸ ਸਾਗਰ ਦੀਆਂ ਸੀਤਲ,
ਪੈਣ ਦਿਲੇ 'ਤੇ ਛੱਲਾਂ। (16)

•

## ਗੁੰਮਨਾਮ ਰਾਹਾਂ ਤੇ ਸਿਦਕ

ਮੈਨੂੰ ਵਿਚ ਖ਼ਲਾਵਾਂ ਰੋਲਣ,
ਨਾਮ ਨਿਸ਼ਾਨ ਮਿਟਾ ਕੇ।
ਕਾਲੇ ਝਖੜਾਂ ਵਾਂਗੂੰ ਉੱਠੇ,
ਗਗਨ ਸੂਲੀਆਂ ਚਾ ਕੇ।
ਨ ਕੋਈ ਗਗਨ ਨ ਵਕਤ ਕਦੇ ਵੀ,
ਵੇਖ ਸਕੇ ਉਹ ਮੇਲਾ,
ਜਿਸ ਦਿਨ ਮੈਨੂੰ ਮਿਲਣੇ ਆਉਣਾ
ਯਾਰਾਂ ਹੁੰਮ ਹੁਮਾ ਕੇ। (17)

•


WWW.SIKHBOOKCLUB.COM

## ਬੁੱਤਪ੍ਰਸਤ ਫ਼ਿਲਾਸਫ਼ਰ ਨੂੰ

ਕਰੇਂ ਫ਼ਰੇਬ ਦਲੀਲਾਂ ਦੇਵੇਂ,
ਝੂਠ ਜੁਗਾਂ ਤੋਂ ਬੋਲੇਂ।
ਲਾ ਅੰਬਾਰ ਫ਼ਿਲਾਸਫ਼ੀਆਂ ਦੇ,
ਰਹਿਮ ਬਿਨਾਂ ਪਿਆ ਫੋਲੇਂ।
ਲਾਏਂ ਹਿਸਾਬ ਘਿਰੇਂ ਵਿਚ ਜੋਤਸ਼,
ਖੁਰਣ ਦਗ਼ੇ ਨ ਤੇਰੇ;
ਆਖ਼ਿਰ ਆਪਣੇ ਪੱਥਰਾਂ ਨਾਲ ਹੀ
ਜਾਨ ਆਪਣੀ ਤੋਲੇਂ। (18)

•

## ਨੀਲੇ ਦੀ ਅਗੰਮੀ ਟਾਪ

ਸੁੱਕੇ ਭਰੇ ਸਰਾਂ ਦੇ ਪਾਣੀ,
ਤੁਰ ਗਏ ਉਮਰ ਦੇ ਬੇਲੀ।
ਫੇਰ ਉਡੀਕ ਕਰਾਂ ਬਾਜ਼ਾਂ ਦੀ,
ਫਿਰ ਫ਼ਰਿਆਦ ਨਵੇਲੀ।
ਚੌਦਾਂ ਤਬਕਾਂ ਦੇ ਵਿਚ ਤੜਪੇ
ਢੂੰਡੇ ਸਿੱਕ ਜੋ ਮੇਰੀ;
ਧੂਹ ਪਵੇ ਦਿਸੇ ਨ ਨੀਲਾ,
ਟਾਪ ਸੁਣੇ ਅਲਬੇਲੀ। (19)

•

## ਸ਼ਹੀਦਾਂ ਦੀ ਰਾਤ

ਮੈਂ ਫ਼ਰਿਆਦ ਆਪਣੀ ਦੂਰੋਂ,
ਸੁਣੀ ਤਾਰਿਆਂ ਛਾਵੇਂ।
"ਕੌਣ ਸ਼ਹੀਦ ਹੋਏ ਇਸ ਘਰ 'ਚੋਂ,
ਕਦੋਂ ਕਦੋਂ ਕਿਸ ਥਾਵੇਂ?"
ਰਾਤ ਹਨੇਰੀ ਕਿਤੇ ਨ ਦੀਵਾ,
ਨ ਕੁਰਲਾਵਾਂ ਯਾਰਾ;
ਕੌਣ ਤੂੰ? ਮੁੱਢ ਕਦੀਮੀ ਖੰਡਰ
ਝੁਕ ਝੁਕ ਵੇਖਦਾ ਜਾਵੇਂ। (20)

•


WWW.SIKHBOOKCLUB.COM

## ਨਾਂਹ ਮੁੜੇ ਸੁਨੇਹੇ

ਦੂਰ ਚੰਨ ਚਾਨਣੀ ਅੰਦਰ,
ਕੌਣ ਅਜਨਬੀ ਜਾਂਦੇ।
ਲੱਖਾਂ ਭੇਦ ਛੁਪੇ ਜੋ ਸੀਨੇ,
ਚੁੱਪ ਨਾਲ ਗਰਮਾਂਦੇ।
ਕਿਉਂ ਨ ਸੁਣੋਂ ਸਨੇਹੜੇ ਯਾਰੋ,
ਭੇਜ ਰਹੇ ਜੋ ਚਿਰ ਤੋਂ,
ਅੱਗ ਦੇ ਛੰਭ 'ਚ ਘਿਰੇ ਅਸਾਡੇ,
ਹੰਸ ਪਏ ਦਰਮਾਂਦੇ। (21)

•

## ਪਛਤਾਵਾ

ਧੂੜਾਂ ਵਿਚ ਖਪਾ ਦਿੱਤੇ ਮੈਂ,
ਪਿਆਰ ਦੇ ਵਰ੍ਹੇ ਯਕੀਨੀ।
ਦੂਰ ਤਾਰਿਆਂ ਵਿੱਚੋਂ ਲੰਘਣ,
ਸੁਪਨੇ ਅਜੇ ਕਦੀਮੀ।
ਹੁਣ ਕਿਉਂ ਖ਼ਾਲੀ ਹਥ ਖੜਾ ਹਾਂ,
ਉੱਡ ਉੱਡ ਨਾਲ ਤੂਫ਼ਾਨਾਂ ?
ਪਿਰ ਦਾ ਦਾਮਨ ਛਡ ਕੇ ਹੋਈ
ਸੱਦ ਅਣਖ ਦੀ ਧੀਮੀ। (22)

•

## ਸ਼ਹੀਦਾਂ ਦੀ ਬਰਕਤ

ਗੁੰਮਨਾਮੀ ਦੇ ਭੌਜਲ ਡੁੱਬਣ
ਜਦੋਂ ਕੌਮ ਦੀਆਂ ਪੈੜਾਂ,
ਜਦੋਂ ਮਾਸੂਮਾਂ ਦੇ ਤਨ ਡੰਗੇ,
ਛੁਪੇ ਪੁਰਾਣੇ ਵੈਰਾਂ;
ਸਾਰ ਲਵੇ ਜੇ ਮਾਵਾਂ ਵਾਂਗੂੰ
ਕੌਮ ਸ਼ਹੀਦਾਂ ਸੰਦੀ—
ਫਿਰ ਨ ਕਦੇ ਉਲਾਂਭਾ ਦੇਵਣ
ਸਮੇਂ ਵਾਂਗ ਹੋ ਗ਼ੈਰਾਂ। (23)

•


WWW.SIKHBOOKCLUB.COM

## ਸ਼ਹੀਦਾਂ ਦੀ ਵਾਟ

ਯਾਦ ਮਾਹੀ ਦੀ ਸਾਬਤ ਹੋਵੇ,
ਸੁਪਨੇ ਰਹਿਣ ਨ ਪਾਟੇ।
ਸਿਦਕ ਦੇ ਉੱਚੇ ਬੁਰਜਾਂ ਹੇਠਾਂ,
ਜੁੜੇ ਸਮੇਂ ਦੇ ਘਾਟੇ।
ਕਹਿਰਵਾਨ ਰੇਤਾਂ ਨੇ ਡੀਕੇ
ਖ਼ੂਨ ਮਾਸੂਮਾਂ ਸੰਦੇ,
ਘਰ ਕੌਮਾਂ ਦੇ ਆਉਂਦੇ ਜਾਵਣ
ਹਰ ਸ਼ਹੀਦ ਦੀ ਵਾਟੇ। (24)

•

## ਧਰਤੀ ਦਾ ਮੋਹ

ਖ਼ਿਆਲ ਮੇਰੇ ਦੇ ਸਿਰ 'ਤੇ ਰਹਿਸਨ,
ਧਰਤ ਗਗਨ ਦੀਆਂ ਛਾਵਾਂ।
ਸਮੇਂ ਦੀ ਕਹਿਰ ਭਰੀ ਅਗਨੀ 'ਚੋਂ,
ਧੜਕਣ ਕੋਈ ਬਚਾਵਾਂ।
ਤੁਰੇ ਇਲਾਹੀ ਪੈਂਡੇ ਉੱਤੇ
ਮੇਰੀ ਜ਼ਮੀਰ ਪਿਆਸੀ;
ਰੱਬ ਦੇ ਰਹਿਮ ਵਲ ਮੈਂ ਭੇਜਾਂ,
ਮੁੜ ਮੁੜ ਇਹੋ ਹਵਾਵਾਂ। (25)

•

## ਸ਼ਹੀਦਾਂ ਦੀ ਉਡੀਕ

ਸ਼ਮਸ਼ਾਨਾਂ ਵਿਚ ਘੁੰਮਨ ਚੋਰੀ,
ਪਾਰ ਗਗਨ ਦੀਆਂ ਛਾਵਾਂ।
ਲੁਕ ਛਿਪ ਕੌਣ ਕਰੇ ਪਿਆ ਯਾਰੋ,
ਮੋਇਆਂ ਲਈ ਦੁਆਵਾਂ।
ਪੈਣ ਸ਼ਹੀਦ ਮੁਰੀਦਾਂ ਉੱਤੇ
ਕਲਗੀ ਦੇ ਝਲਕਾਰੇ;
ਲੁੱਟੇ ਸੜੇ ਘਰਾਂ ਵਿਚ ਬਹਿਕੇ
ਪੁਤਰ ਉਡੀਕਣ ਮਾਵਾਂ। (26)

•


WWW.SIKHBOOKCLUB.COM

## ਸਬਰ-ਉਡੀਕਾਂ

ਦੂਰ ਸ਼ਹੀਦਾਂ ਵਲ ਮੈਂ ਵੇਖਾਂ,
ਸੁੰਨ-ਮੁਸਾਨ ਚੁਫੇਰੇ!
ਕਿਸੇ ਕਿਸੇ ਅੱਥਰੂ ਵਿਚ ਸੁੱਤੇ,
ਘਾਇਲ ਸ਼ੀਂਹਾਂ ਦੇ ਜੇਰੇ।
ਕਿਸੇ ਕਿਸੇ ਪੱਤਣ 'ਤੇ ਬੈਠੇ
ਸਬਰ ਉਡੀਕਾਂ ਕਰਦੇ;
ਕੋਟ ਸਵਾਰ ਆਏ ਨ ਮੁੜਕੇ,
ਰਾਹ ਸਾਮਿਆਂ ਨੇ ਘੇਰੇ। (27)

•

## ਅੰਤ ਨ ਅੰਤ ਦੀਆਂ ਮੰਜ਼ਿਲਾਂ

ਪਾਰ ਅਨੰਤਾਂ ਤੀਕ ਬਲਦੀਆਂ,
ਤਾਰਿਆਂ ਦੀਆਂ ਕਤਾਰਾਂ।
ਕਿਹੜੀ ਸੁਰਤਿ ਜਗਾਵਣ ਪਈਆਂ,
ਬੀਤੇ ਬਰਸ ਹਜ਼ਾਰਾਂ।
ਸਾਡੇ ਸਫ਼ਰ ਦਾ ਕੁਝ ਨ ਬਣਿਆਂ,
ਖੁਰ ਚੱਲੀ ਇਹ ਦੁਨੀਆ;
ਬਿਨਾਂ ਹਿਸਾਬ ਦਿੱਤਿਆਂ ਪੁਟਦਾ,
ਮਲਕ ਮਸੀਹ ਦੀਆਂ ਦਾਰਾਂ। (28)

•

## ਅਗੰਮ ਵਿਚ ਧਰਤੀ ਦੀ ਯਾਦ

ਚੌਦਾਂ ਤਬਕ ਨਾਲ ਕੁਝ ਅੰਬਰ,
ਸੁਰਤਿ ਮਾਹੀ ਦੀ ਹੋਸਨ।
ਕਾਫ਼ਰ ਕੋਟ ਜੁਗਾਂ ਦੇ ਰਲਕੇ,
ਇਕ ਸਜਦੇ ਵਿਚ ਰੋਸਨ।
ਚੰਨ ਸੂਰਜ ਤਾਰੇ ਸਭ ਮਿਟਣੇ,
ਬਨਣ ਇਲਾਹੀ ਥਰਕਣ;
ਫਿਰ ਵੀ ਯਾਦ ਮਿੱਟੀ ਦੀ ਆਉਣੀ,
ਨੂਰ ਅਗੰਮ ਦੇ ਕੋਸਨ। (29)

•


WWW.SIKHBOOKCLUB.COM

## ਬੇਨਿਆਜ਼ ਮਾਹੀ ਨੂੰ

ਮੈਂ ਕੁਝ ਸਾਲ ਗੁਜ਼ਾਰੇ ਮਾਹੀ,
ਦਰ ਤੈਂਡੇ ਦੇ ਸਾਹਵੇਂ।
ਜਾਂਦਾ ਰਿਹਾ ਮੈਂ ਵਾਰੇ ਮਾਹੀ,
ਦਰ ਤੈਂਡੇ ਦੇ ਸਾਹਵੇਂ।
ਦੂਰ ਅਨੰਤਾਂ ਧੁੱਪਾਂ ਤੀਕਣ
ਲਰਜ਼ ਰਹੇ ਖੰਭ ਮੇਰੇ;
ਇਕ ਨੁਕਤੇ 'ਤੇ ਹਾਰੇ ਮਾਹੀ,
ਦਰ ਤੈਂਡੇ ਦੇ ਸਾਹਵੇਂ। (30)

•

ਕੱਢਦਾ ਰਿਹਾ ਮੈਂ ਹਾੜੇ ਮਾਹੀ,
ਦਰ ਤੈਂਡੇ ਦੇ ਸਾਹਵੇਂ।
ਭੁੱਲੇ ਸਜਦੇ ਚਾੜ੍ਹੇ ਮਾਹੀ,
ਦਰ ਤੈਂਡੇ ਦੇ ਸਾਹਵੇਂ।
ਇਸ ਦੁਨੀਆ ਤੇ ਉਸ ਦੁਨੀਆ ਦੇ
ਕਿੱਥੇ ਮਿਲਣ ਕਿਨਾਰੇ ?
ਪੈਂਦੇ ਰਹੇ ਪੁਆੜੇ ਮਾਹੀ,
ਦਰ ਤੈਂਡੇ ਦੇ ਸਾਹਵੇਂ। (31)

•

## ਅਮਰ ਦਰਦ

ਅੰਤ ਨ ਅੰਤ ਦੇ ਵਿਚ ਲਰਜ਼ ਕੇ
ਤਕਦੀਰਾਂ ਦੀਆਂ ਛੱਲਾਂ।
ਕਿਤੇ ਨ ਕਿਤੇ ਜਾ ਢੂੰਡ ਲੈਂਦੀਆਂ,
ਛੁਪੇ ਦਰਦ ਦੀਆਂ ਗੱਲਾਂ।
ਸ਼ਾਹ ਰਗ ਪੀਰ ਪੈਗ਼ੰਬਰ ਦੀ ਵੀ,
ਜਮ ਮੁੱਠੀ ਵਿਚ ਘੁੱਟੇ;
"ਧਰ-ਅੰਬਰ ਨੂੰ ਸਿਦਕ ਦੀ ਖਾਰੀ,"
ਕਿਸੇ ਕਿਹਾ : "ਪਾ ਚੱਲਾਂ।" (32)

•

## ਮਾਂ-ਅਸੀਸ ਦੀ ਬਰਕਤ

ਗਹਿਰੀ ਚੁੱਪ ਤਾਰਿਆਂ ਸਾਹਵੇਂ,
ਖੁਰ ਖੁਰ ਜਾਵਣ ਰਾਹ।
ਕੁੱਲ ਤਬਕਾਂ 'ਚੋਂ ਕੌਣ ਗਿਆ ਹੈ,
ਮਨ ਮੇਰੇ ਨੂੰ ਭਾ?
ਮੈਂ ਤਰਨਾ ਅਸਗਾਹ ਲੰਮੇ ਨੂੰ
ਮਾਂ ਜੇ ਮੰਗੇ ਖੈਰ;
ਸੁਪਨੇ ਚੀਰ ਗਈ ਤੇ ਗੂੰਜੀ
ਭੀਸ਼ਣ ਕੋਈ ਸਦਾ। (33)

•

## ਤੈਂਡੀ ਦਾਤ

ਖਾ ਭੁਆਟਣੀ ਜ਼ਿਮੀਂ 'ਤੇ ਡਿੱਗਾ,
ਖ਼ਿਆਲ ਨਿਮਾਣਾ ਮੇਰਾ।
ਗੋਦ ਅਨੰਤ ਤਾਰਿਆਂ ਸੰਦੀ
ਰਹਿਮ ਵਿਖਾਵੇ ਤੇਰਾ।
ਮੈਂ ਯਤੀਮ ਪਰਦੇਸੀ ਧੁਰ ਦਾ,
ਦਹਿਲ ਕਟਕਦਾ ਦੂਰੋਂ,
ਚਿਰ ਤੋਂ ਦਾਤ ਤੇਰੀ ਨੂੰ ਢੂੰਡੇ,
ਕਿਸ ਕਿਣਕੇ ਦਾ ਜੇਰਾ? (34)

•

## ਭੈਅ ਅਤੇ ਬਖ਼ਸ਼ਿਸ

ਆਦਮ ਵੇਲੇ ਦਾ ਕੋਈ ਭੈੜਾ,
ਦਹਿਲ ਪਵੇ ਵਿਚ ਸੀਨੇ।
ਚੰਦਰੀ ਖ਼ਾਕ ਨੇ ਖਾ ਜਾਣੇ ਨੇ,
ਨੇਕ ਅਤੇ ਬੇ-ਦੀਨੇ।
ਮੈਨੂੰ ਮੰਜ਼ਿਲ ਮੰਨ ਕੇ ਪੈਂਦੀ,
ਝਲਕ ਇਲਾਹੀ ਦੂਰੋਂ—
ਚੜ੍ਹਦੇ ਆਉਣ ਕਾਫ਼ਲੇ ਕਿਧਰੋਂ,
ਕੋਟ ਸਮੇਂ ਦੇ ਜ਼ੀਨੇ। (35)

•



WWW.SIKHBOOKCLUB.COM 

## ਇਕ ਸੁਆਲ

ਗੜੇ-ਮਾਰ ਮੀਂਹਾਂ ਦੇ ਵਾਂਗੂੰ,
ਅਣਦਿੱਸ ਸਮੇਂ ਦੇ ਸੀਨੇ;
ਕਿਵੇਂ ਉਛਾਲ ਰਹੇ ਰਾਜ਼ਾਂ ਦੇ
ਕੋਟਾਂ ਕੋਟ ਸਫ਼ੀਨੇ!
ਕੀ ਕੋਈ ਸਫ਼ਰ ਹੈ ਗੂੜ੍ਹਾ ਹੁੰਦਾ,
ਕਿਸੇ ਖ਼ਿਆਲ ਦਾ ਏਥੇ;
ਨਿਰੀ ਮਿੱਟੀ 'ਤੇ ਪਹਿਰਾ ਦੇਵਣ,
ਜਾਂ ਫਿਰ ਸਾਲ ਮਹੀਨੇ? (36)

•

## ਜੁਆਬ

ਇਸ ਮਿੱਟੀ ਵਿਚ ਗੁਪਤ ਮੰਜ਼ਿਲਾਂ,
ਜਿਸ ਦੇ ਚਰਖ਼ ਚੁਫੇਰੇ।
ਅੱਪਣਾ ਆਪ ਪਛਾਨਣ ਖ਼ਾਤਰ,
ਦੇਣ ਸਮੇਂ ਦੇ ਗੇੜੇ।
ਜਦ ਬੁੱਤਾਂ ਵਿਚ ਰੱਬ ਦੇ ਪੈਂਡੇ
ਢਾਲਣ ਲੋਕ ਕਮੀਨੇ;
ਤਦੋਂ ਸ਼ਹੀਦ ਹੋਣ ਲਈ ਪਾਉਂਦੇ,
ਪੀਰ ਪੈਗ਼ੰਬਰ ਫੇਰੇ। (37)

•

## ਸਿੰਘ ਵਣਜਾਰੇ ਦਾ ਹੋਕਾ

ਮੈਂ ਕੋਈ ਬੁੱਤ-ਸ਼ਿਕਨ ਵਣਜਾਰਾ,
ਕੂਕ ਸੁਣੇ ਵਿਚ ਮੱਕੇ।
ਤੇਗ ਮਿਰੀ ਬਲਵਾਨ ਗਗਨ ਦੇ,
ਕੋਟ ਸਿਰਾਂ ਨੂੰ ਕੱਪੇ।
ਦੇਣ ਆਵਾਜ਼ਾਂ ਦੇਸ ਦੇਸ ਦੇ,
ਚਹੁੰ ਕੁੰਟੀਂ ਘਰ ਮੈਨੂੰ;
ਬੇ-ਸਿਦਕੇ ਬੁੱਤ-ਪੂਜ ਕੀ ਜਾਣਨ,
ਕੌਲ ਸਮੇਂ ਦੇ ਪੱਕੇ। (38)

•


WWW.SIKHBOOKCLUB.COM

## ਸਿੰਘ ਸ਼ਹੀਦ ਦੀ ਕੂਕ

ਮੈਨੂੰ ਉਸ ਨੇ ਬੇਪੱਤ ਕੀਤਾ,
ਜੋ ਪਛਤਾ ਨਾ ਸੱਕੇ।
ਜ਼ੋਰ ਧਿੰਙਾਣਾ ਕਰਕੇ ਮੈਨੂੰ,
ਬੰਨ੍ਹ ਵਿਚ ਬੁੱਤਾਂ ਰੱਖੇ।
ਪਾਰੋਂ ਮੌਤ-ਦਰਾਂ ਦੇ ਅੱਗੋਂ
ਸੱਦ ਨਵੇਲੀ ਲਿਆਵਾਂ;
ਸਿੰਘ ਸ਼ਹੀਦ ਮੈਂ, ਕੂਕ ਮਿਰੀ ਨੂੰ,
ਭੈਅ ਵਿਚ ਧਰਤੀ ਚੱਕੇ। (39)

•

## ਸਦੀਵੀ ਸ਼ਹਾਦਤ

ਯੁਗਾਂ ਯੁਗਾਂ ਦੀ ਅੱਗ ਵਰ੍ਹੇ ਪਈ,
ਜਿੰਦ ਨਿਮਾਣੀ ਉੱਤੇ।
ਤਾਰੇ ਟੱਪ ਕੇ ਅਕਲ ਖੜ੍ਹੇ ਪਈ,
ਜਿੰਦ ਨਿਮਾਣੀ ਉੱਤੇ।
ਨੂਰਾਂ ਦੀ ਬਰਸਾਤ ਅਨੂਠੀ
ਕਿਸ ਲਈ ਮੰਜ਼ਿਲ ਪਾ ਕੇ;
ਅਪਣਾ ਆਪ ਸ਼ਹੀਦ ਕਰੇ ਪਈ,
ਜਿੰਦ ਨਿਮਾਣੀ ਉੱਤੇ। (40)

•

## ਬਾਜ਼ ਦੀ ਆਮਦ

ਬੇਸਿਦਕਾਂ ਦੇ ਸ਼ਹਿਰ 'ਚ ਦੇਵਾਂ,
ਪਿਛਲੇ ਪਹਿਰ ਦਾ ਹੋਕਾ:
"ਕਿਲੇ ਦੀ ਸਿਖਰ 'ਤੇ ਬਾਜ਼ ਕੋਈ ਆ,
ਬੈਠੇ ਫ਼ਜਰ ਨੂੰ ਲੋਕਾ।
ਹੂੰਗਰ ਮਾਰ ਦਰਦ ਦੀ ਪਹਿਲਾਂ,
ਸਮੇਂ ਦਾ ਦਿਲ ਕੰਬਾਵੇ;
ਫੇਰ ਕਹੇਗਾ: "ਦੀਦ ਮਾਹੀ ਦੀ,
ਵੇਖ! ਜ਼ਰਾ ਨਹੀਂ ਧੋਖਾ।" (41)

•



WWW.SIKHBOOKCLUB.COM

## ਮੁੱਢ ਕਦੀਮੀ ਸ਼ਹੀਦ

ਬੇਅਣਖਾਂ ਦੇ ਸੁਸਤ ਹਜੂਮ 'ਚ,
ਮੈਂ ਅਜਨਬੀ ਬੰਦਾ।
ਏਸ ਸ਼ਹਿਰ ਵਿਚ ਕੌਣ ਪਛਾਣੇ,
ਬੋਲ ਸ਼ਹੀਦਾਂ ਸੰਦਾ।
ਕਦੇ ਕਦੇ ਆ ਬਾਜ਼ ਮਾਹੀ ਦਾ
ਲੁਕ ਕੇ ਦਰਦ ਵੰਡਾਵੇ;
ਸਮੇਂ ਦੀ ਨਦੀ ਕੀ ਜਾਣੇ ? ਮੈਂ ਤਾਂ,
ਬਹੁਤ ਪੁਰਾਣਾ ਕੰਢਾ। (42)

•

## ਸ਼ਹੀਦ ਦਾ ਰਹਿਮ

ਇਸ ਵਣ ਦੇ ਹਰ ਪੱਤੇ ਓਹਲੇ,
ਖੜੇ ਰਾਜ਼ ਦੇ ਅੰਬਰ।
ਹਰ ਇਕ ਰਾਜ਼ ਨੇ ਲਭਿਆ ਹੋਇਆ,
ਅਪਣਾ ਕੁਈ ਪੈਗ਼ੰਬਰ।
ਜਮ ਦੀ ਧੂੜ ਚੜ੍ਹੇ, ਨ ਦਿਸਦਾ
ਕੋਈ ਇਲਾਹੀ ਪੈਂਡਾ—
ਸੁਣੀ ਪੁਕਾਰ ਸ਼ਹੀਦ ਕੌਮ ਦੇ,
ਖ਼ੂਨੀ ਧੂੜ ਦੇ ਅੰਦਰ। (43)

•

## ਜਿਉਂਦੇ ਸ਼ਹੀਦਾਂ ਨੂੰ

ਦੁੱਖ ਅਜਰ ਨੂੰ ਜਰਣ ਵਾਲਿਓ
ਕਿੱਥੇ ਦੇਸ ਤੁਹਾਡੇ ?
ਯੱਖ ਹੋਏ ਕੌਮ ਦੇ ਜੇਰੇ,
ਵਸ ਹਿਰਸਾਂ ਦੇ ਜਾਡੇ।
ਹਰ ਪਾਸੇ ਜ਼ਾਲਿਮ ਦੇ ਪਹਿਰੇ,
ਪਰ ਦਰਿਆ ਨੇ ਵਗਣਾਂ;
ਲਿਵ ਸਤਿਗੁਰ ਦੀ ਛੋਡ ਨ ਸਕਦੇ
ਘੋੜ ਸਵਾਰ ਇਹ ਡਾਢੇ। (44)

•


WWW.SIKHBOOKCLUB.COM

## ਸ਼ਹੀਦ ਦਾ ਕਰਜ਼ਾ

ਕੇਸਗੜ੍ਹ ਦੀ ਸਿਖਰੋਂ ਲਿਸ਼ਕੀ,
ਤੇਗ ਜਦੋਂ ਨੂਰਾਨੀ।
ਦਿਲਾਂ ਦੀਆਂ ਹਿਰਸਾਂ ਤੇ ਟੁੱਟੇ,
ਚਿੱਟੇ ਬਾਜ਼ ਤੂਫ਼ਾਨੀ।
ਦੁਨੀ ਦੇ ਏਸ ਹਜੂਮ 'ਚੋਂ ਉੱਠੇ,
ਬਸ ਕੁੱਲ ਪੰਜ ਪਿਆਰੇ;
ਰਿਹਾ ਸ਼ਹੀਦਾਂ ਦੇ ਸਿਰ ਕਰਜ਼ਾ,
ਦੇਖ ਮੇਰੇ ਦਿਲਜਾਨੀ। (45)

•

## ਬਖ਼ਸ਼ਣਹਾਰ ਮਾਹੀ

ਕੇਸਗੜ੍ਹ ਦੀ ਸਿਖਰੋਂ ਲਰਜ਼ੀ,
ਜਦ ਕੋਈ ਤੇਗ ਇਲਾਹੀ;
ਐਸ਼ ਮਿਲਖ ਦੇ ਮਿਟਣ ਦੀ ਦਿੱਤੀ,
ਝੂਠੀ ਦਿਲਾਂ ਗਵਾਹੀ।
ਭਾਰਾ ਦਹਿਲ ਚੁਫੇਰੇ ਛਾਇਆ,
ਪੰਜ ਸੀਸ ਨ ਡੋਲੇ;
ਲਾ ਗਲ ਰੋਂਦੇ ਗੁਨਾਹਗਾਰ ਨੂੰ,
ਬਖਸ਼ ਰਿਹਾ ਕੀ ਮਾਹੀ ? (46)

•

## ਸ਼ਹੀਦ ਸੰਤਾਂ ਦੀ ਅਰਦਾਸ

ਜਦ ਮੈਂ ਸਾਸ ਸਮੇਟੇ ਯਾਰੋ,
ਅੰਤ ਵਾਰ ਇਸ ਧਰ 'ਤੇ।
ਕਲਗੀ ਤੈਂਡੀ ਚਮਕੇ ਮੁੜਕੇ,
ਗਏ ਗੁਆਚੇ ਘਰ 'ਤੇ।
ਜਪੁਜੀ ਦੇ ਇਕ ਬੋਲ ਨੂੰ ਲੈ ਕੇ,
ਪਹੁੰਚਾਂ ਗਾ ਤੈਂ ਦਰ 'ਤੇ।
ਮਾਹੀ ਤੈਂਡੀ ਨਜ਼ਰ ਪਈ ਜੇ,
ਮੇਰੀ ਪੀੜ ਅਜਰ 'ਤੇ। (47)

•


WWW.SIKHBOOKCLUB.COM 

## ਅਣਦਿੱਸ ਮੋਹ

ਬੇ-ਮੁਹਾਰੀਆਂ ਪੌਣਾਂ ਵੱਗਣ,
ਭਟਕ ਰਿਹਾ ਦਿਲ ਕੋ।
ਭੌਂਜਲ ਮੇਟ ਰਿਹਾ ਕੁਈ ਥਲ ਨੂੰ,
ਸਿੰਧ ਦੇਣ ਕੰਨਸੋਅ।
ਜੁੜ ਜੁੜ ਕੁਦਰਤ ਕਰੇ ਪੁਕਾਰਾਂ:
"ਜ਼ਿਮੀਂ ਦੇ ਨਕਸ਼ ਨ ਮੇਟੋ;
ਇਕ ਦਿਨ ਆਦਮ ਨੂੰ ਆਵੇਗਾ,
ਹਰ ਇਕ ਪੈੜ ਦਾ ਮੋਹ।" (48)

•

## ਮੇਘ ਨੂੰ ਮਿਹਨਾ

ਮੇਘਾ ਮਾਣ ਕਰੇਂ ਤੂੰ, ਜਿਉਂ ਵਿਚ
ਮਸਤ ਫ਼ੀਲ ਅਸਮਾਨਾਂ।
ਤੇਰੀ ਬੁੱਕਲ ਬਹਿਣ ਬਿਜਲੀਆਂ,
ਹੋਰਾਂ ਨਾਲ ਯਾਰਾਨਾ।
ਦੂਰ ਨਿਸ਼ਾਨਾ ਢੂੰਡਣ ਨਾਰਾਂ,
ਗਲ ਪਾ ਬਾਹਾਂ ਤੇਰੇ;
ਦੇਂਦੇ ਮੋਰ ਗਵਾਹੀ ਚਿਰ ਤੋਂ,
ਘਰ ਵਿਚ ਚੋਰ ਬਿਗਾਨਾ। (49)

•

ਨਾਜ਼ਕ ਦਿਲ ਸਾਡੇ, ਕਿਉਂ ਗਰਜੇਂ ?
ਘਰ ਸਾਡੇ ਮਹਿਮਾਨਾ।
ਤੇਰੇ ਨਾਲ ਛੰਨਾਰ ਬਿਜਲੀਆਂ,
ਖਿੱਚਣ ਤੀਰ ਕਮਾਨਾਂ।
ਜਿਉਂ ਜਿਉਂ ਮਾਣ ਕਰੇਂ ਵਿਚ ਧਰਤੀ
ਉਤਰ ਰਿਹਾ ਕੁਈ ਸੁਪਨਾ;
ਮੋਰ ਉਡੀਕ ਰਹੇ ਨੇ ਚਿਰ ਤੋਂ,
ਪੀਂਘਾਂ ਪਾਉਂਣ ਰਕਾਨਾਂ। (50)

•


WWW.SIKHBOOKCLUB.COM

## ਜੀਅੜਾ ਥਰਹਰ ਕੰਪੈ

ਸਿਖਰ ਦੁਪਹਿਰ ਦੀਆਂ ਧੁੱਪਾਂ ਵਿਚ,
ਸੁਣਾਂ ਅਬੋਲ ਮੈਂ ਹੇਕਾਂ।
ਬਾਲ ਜੁਆਨੀ ਬਿਰਧ ਸਮੇਂ ਦੇ,
ਸਭ ਰਾਹਾਂ ਨੂੰ ਦੇਖਾਂ।
ਬਹੁੰ ਬਲਵਾਨ ਹਸਰਤਾਂ ਉੱਡਣ,
ਬਾਜ਼ਾਂ ਵਾਂਗ ਦੁਰੇਡੇ;
ਜਾਨ ਦੀ ਕੂੰਜ ਨੂੰ ਲਾਇਆ ਸੰਸਾ,
ਕਿਸ ਪ੍ਰਦੇਸ ਦੇ ਲੇਖਾਂ? (51)

•

## ਵਲੀ-ਆਮਦ ਦੀ ਘੜੀ

ਇਕ ਇਕ ਸਾਲ ਦਾ ਪਰਦਾ ਯਾਰੋ,
ਇਕ ਇਕ ਰਾਜ਼ 'ਤੇ ਪੈਂਦਾ।
ਚੌਦਾਂ ਤਬਕਾਂ ਦਾ ਕੋਈ ਸੁਪਨਾ,
ਇਕ ਇਕ ਹਰਫ਼ 'ਤੇ ਲਹਿੰਦਾ।
ਰਮਜ਼ਾਂ ਜੋੜ ਜੋੜ ਮੈਂ ਨਿਆਰਾ
ਜਦ ਕੋਈ ਫ਼ਰਸ਼ ਵਿਛਾਵਾਂ;
ਮੌਤ ਦਾ ਬੂਹਾ ਖੋਲ੍ਹ ਸਾਮ੍ਹਣੇ,
ਕੋਈ ਵਲੀ ਆ ਬਹਿੰਦਾ। (53)

•

## ਮੋਇਆਂ ਦੀ ਜਾਗ

ਮੋਈਆਂ ਕੌਮਾਂ ਦੇ ਸਿਰ ਪਰਸੇ,
ਤ੍ਰੇਲ ਜਿਉਂ ਮਾਂ ਦੀ ਬਾਣੀ।
ਜੁਗਾਂ ਜੁਗਾਂ ਦੇ ਦਹਿਲ ਦੇ ਹੇਠੋਂ,
ਚਮਕੇ ਸਿਦਕ ਦੇ ਪਾਣੀ।
ਚੀਰ ਸਮੇਂ ਦੀਆਂ ਸੁੰਨੀਆਂ ਗਾਰਾਂ
ਕੂਕ ਸ਼ਹੀਦਾਂ ਮਾਰੀ;
ਦਰ ਕਹਿਰਾਂ ਦੇ ਦਸਤਕ ਦੇਂਦੀ,
ਇਹ ਅਰਦਾਸ ਪੁਰਾਣੀ। (53)

•


WWW.SIKHBOOKCLUB.COM

## ਅਪਹੁੰਚ ਸਫ਼ਰ

ਅਰਬਾਂ ਖ਼ਰਬਾਂ ਰੁੱਤਾਂ ਦਾ ਕੁਈ,
ਖ਼ਾਬ ਮੇਰੇ ਵਿਚ ਸੀਨੇ।
ਰੰਗ ਕਸੁੰਭੜਾ ਚੁਕ ਨ ਜਿਸ ਤਕ,
ਪਹੁੰਚਣ ਸਾਲ ਮਹੀਨੇ।
ਖ਼ਾਕ ਅਤੇ ਸੂਰਜ ਰਲ ਦੋਵੇਂ
ਪੈਂਡੇ ਦੇਖਣ ਮੇਰੇ;
ਅੱਪਣੇ ਹੀ ਸਾਗਰ ਵਿਚ ਭੁੱਲੇ,
ਮੈਨੂੰ ਮਿਰੇ ਸਫ਼ੀਨੇ। (54)

•

## ਹੁਸਨ ਅਤੇ ਸਮਾਂ

ਤ੍ਰੈ ਕਾਲਾਂ ਨੂੰ ਬੁੱਕਲ ਦੇ ਵਿਚ,
ਇਸ ਪਲ ਘੁਟਦਾ ਮੋਹ।
ਸਭ ਵਣਾਂ ਦੀ ਮਹਿਕ ਮੈਂ ਲੱਭੀ,
ਮਿਲਿਆ ਫੁੱਲ ਨ ਉਹ।
ਦੀਵਾ ਬਾਲ ਲਿਆ ਮੈਂ ਚੱਲੀ,
ਰਾਤ ਥਲਾਂ ਦੀ ਸ਼ੂਕੇ;
ਸਮਿਆਂ! ਵਾਰ ਕਮੀਨੇ ਕੀਤੇ,
ਜਾਗਿਆ ਸਾਡਾ ਰੋਹ। (55)

•

## ਸੱਸੀ ਦਾ ਪੈਂਡਾ

ਕਾਮਲ ਹੁਸਨ ਨਜ਼ਰ ਵਿਚ ਮੇਰੀ,
ਨਾਂਹ ਉਸ ਦੇਸ ਕਿਨਾਰਾ।
ਨਾਂਹ ਇਹ ਸਮੇਂ ਅਮਾਨਤ ਸਾਂਭਣ,
ਵਲੀ ਨਾਂਹ ਦੇਣ ਹੁੰਗਾਰਾ।
ਚੌਦਾਂ ਤਬਕਾਂ ਡਾਹਿਆ ਮੋਢਾ
ਉਸ ਪੈਂਡੇ ਦੇ ਹੇਠਾਂ;
ਰੇਤ ਥਲਾਂ ਨੇ ਜਿੱਧਰ ਲੂਹਿਆ,
ਹੁਸਨ ਸੱਸੀ ਦਾ ਨਿਆਰਾ। (56)

•


WWW.SIKHBOOKCLUB.COM

## ਜ਼ਿੰਦਗੀ ਅਤੇ ਮੌਤ

ਜਦੋਂ ਜ਼ਿਮੀਂ ਨਹੀਂ ਸੂਰਜ ਹੀ ਸੀ,
ਫਿਰ ਵੀ ਕਿਤੇ ਸੀ ਮਾਹੀ।
ਨਾਸ਼ਮਾਨ ਦੇ ਬਾਹਰ ਖੜੀ ਸੀ,
ਤਦ ਕੋਈ ਰਮਜ਼ ਇਲਾਹੀ।
ਖ਼ਾਕ ਬ੍ਰਿਛ ਕੰਵਲ ਦੇ ਸੁਪਨੇ
ਲੈਂਦੇ ਲੂੰਬੇ ਬਲ ਬਲ;
ਸਮੇਂ ਦੇ ਨਕਸ਼ ਦੀ ਧੂੜ ਉਡਾਈ
ਜਦੋਂ ਮੌਤ ਦੇ ਰਾਹੀ। (57)

•

## ਪੁਰਾਣੀ ਤੜਪ

ਵਾ-ਵਰੋਲੇ ਤੱਤੀਆਂ ਲੂਆਂ,
ਵਣ ਵਣ ਸਿਖਰ ਦੁਪਹਿਰਾਂ।
ਵਿਚ ਬਾਰਾਂ ਦੇ ਰਾਵੀ ਸੁੱਕੀ,
ਫਿਕਰ 'ਚ ਲੰਮੀਆਂ ਨਹਿਰਾਂ।
ਵਾਂਗ ਮੁਸਾਫ਼ਰ ਪੰਛੀ ਉੱਡੇ,
ਮਿਰਗ ਵੀ ਹੋਏ ਬੇਗਾਨੇ;
ਰਾਤੀਂ ਝੋਕ 'ਤੇ ਆ ਆ ਵੱਜਣ,
ਅਜੇ ਝਨਾਂ ਦੀਆਂ ਲਹਿਰਾਂ। (58)

•

## ਬੇਨਿਆਜ਼ ਰਾਂਝਣ

ਬੁੱਲੇ ਉੱਠਣ, ਸਾੜਣ ਲੂਆਂ,
ਵਣ 'ਤੇ ਕੱਚੀਆ ਪੀਲ੍ਹਾਂ।
ਜ਼ਹਿਰ ਦਾ ਪਿਆਲਾ ਚੂਚਕ ਵਿਹੜੇ,
ਪੇਸ਼ ਨ ਗਈ ਵਕੀਲਾਂ।
ਭੁੱਲੀ ਕਾਲੇ ਬਾਗ਼ ਦੇ ਸਾਹਵੇਂ,
ਕੀਕਨ ਨਾਗ ਨੂੰ ਕੀਲਾਂ!
ਜਿਸ ਨੂੰ ਮਿਲਣ ਲਈ ਮੈਂ ਆਈ,
ਉਹ ਤਾਂ ਵਿਚ ਦਲੀਲਾਂ। (59)

•


WWW.SIKHBOOKCLUB.COM

## ਤਾਂਘਾਂ ਦਾ ਸਫ਼ਰ

ਸੰਘਣੇ ਤਾਰਿਆਂ ਨੂੰ ਜਾ ਪਰਸਨ,
ਸ਼ਰਮੀਲੀਆਂ ਦਿਲ-ਤਾਂਘਾਂ।
ਕਦੇ ਨੂਰ ਦੇ ਖੰਭ ਬਣਦੀਆਂ,
ਕਦੇ ਕਾਲੀਆਂ ਕਾਂਗਾਂ।
ਕਦੇ ਸੁਨੀਣ ਸੁਬਕ ਕੰਨਸੋਆਂ,
ਕਦੇ ਕਹਿਰ ਦੀਆਂ ਚਾਂਗਾਂ।
ਕਦੇ ਕਰਬਲਾ ਦੇ ਵਿਚ ਰੋਵਣ,
ਕਦੇ ਫ਼ਜਰ ਦੀਆਂ ਬਾਂਗਾਂ। (60)

•

## "ਕਿਆ ਮਨਿ ਮੰਤੁ"

ਦੂਰ ਕਹਿਕਸ਼ਾਂ ਨਾਲ ਜਾ ਵੱਜਣ,
ਦਿਲ ਮੇਰੇ ਦੀਆਂ ਵਾਟਾਂ।
ਲੁਕ ਲੁਕ ਪੈਣ ਸਮੇਂ ਦੀ ਸ਼ਾਹ ਰਗ,
ਲਰਜ਼ ਇਲਾਹੀ ਤ੍ਰਾਟਾਂ।
ਸੂਰਜ ਜਾਣ ਸਕੇ ਨ ਯਾਰੋ,
ਖ਼ੂਨ ਖ਼ੂਨ ਕਰ ਲਾਟਾਂ।
ਕਿਸ ਨੂੰ ਮਿਲਣ ਆਏ ? ਕੀ ਮਿਲਸਨ ?
ਉੱਪਰ ਉਮਰ ਦੇ ਘਾਟਾਂ। (61)

•

## ਸ਼ਹੀਦਾਂ ਦੀ ਹਜ਼ੂਰੀ

ਗਯਾ ਦੇ ਬੋਧੀ ਬ੍ਰਿਛ ਦੇ ਹੇਠਾਂ,
ਸੁੰਨ ਭਿਅੰਕਰ ਛਾਵੇ।
ਹਰਿਆ ਬੂਟ ਰਿਹਾ ਬਸ ਕੋਈ,
ਕਲਵਲ ਨੈਂ ਕੁਰਲਾਵੇ।
ਫਲਗੂ ਦੀਆਂ ਰੇਤਾਂ ਦੇ ਉੱਤੇ
ਪੈੜ ਦਿਸੇਗੀ ਉਹੀਓ;
ਜਦੋਂ ਸ਼ਹੀਦ ਨਿਆਰੇ ਦਾ ਦਰ,
ਢੂੰਡ ਸੁਜਾਤਾ ਆਵੇ। (62)

•


WWW.SIKHBOOKCLUB.COM

## ਸ਼ਹੀਦ ਦਾ ਉਲਾਂਭਾ

ਭਾਵੇਂ ਨਿਹੁੰ ਨ ਤੋੜ ਨਿਭਾਇਆ,
ਕੌਮ ਦਿਆਂ ਸਰਦਾਰਾਂ।
ਏਸ ਨਦੀ 'ਤੇ ਕਦੀ ਨ ਪੀਤਾ,
ਭਾਵੇਂ ਜਲ ਅਸਵਾਰਾਂ।
ਨਿੰਦਕ ਚੋਰ ਸਮੇਂ ਦੇ ਭਾਵੇਂ
ਪਲ ਪਲ ਕੋਸਣ ਮੈਨੂੰ;
ਨੀਂਦ 'ਤੇ ਭਾਰ ਪਾਉਣਗੇ ਮੇਰੇ,
ਸ਼ਿਕਵੇ ਸਾਲ ਹਜ਼ਾਰਾਂ। (63)

*(28-7-89)*

•

WWW.SIKHBOOKCLUB.COM

# 10
# ਪੱਛਮੀ ਪੰਜਾਬ ਦੇ ਲੋਕਾਂ ਦੀ ਫ਼ਰਿਆਦ

[ਪੈਗ਼ੰਬਰ ਅਤੇ ਸ਼ਹੀਦਾਂ ਦੇ ਦਰਬਾਰ ਵਿਚ]

(1975 ਵਿਚ *ਦੁੱਖ ਦਰਿਆਉਂ ਪਾਰ* ਦੇ ਕਾਵਿ-ਸੰਗ੍ਰਹਿ ਦੇ ਮੁਖਬੰਧ ਵਿਚ **ਡਾ: ਅਤਰ ਸਿੰਘ** ਨੇ ਸੱਚ ਕਿਹਾ ਸੀ:

"ਬੰਗਲਾ ਦੇਸ ਦੀ ਸਥਾਪਨਾ ਪਾਕਿਸਤਾਨੀ ਕੌਮ ਦੇ ਇਤਿਹਾਸ ਵਿਚ ਇਕ ਬੜੀ ਅਦਭੁਤ ਘਟਨਾ ਹੈ। ਇਸ ਦਾ ਸਦਮਾ ਅਜੇ ਇਤਨਾ ਪ੍ਰਬਲ ਹੈ, ਕਿ ਇਸ ਦਾ ਅਰਥ ਸਮਝਣ ਲਈ ਅਜੇ ਕੁਝ ਦੇਰ ਲੱਗੇਗੀ।"

ਡਾ: ਸਾਹਿਬ ਦੇ ਲਿਖੇ ਲਫ਼ਜ਼ਾਂ ਤੋਂ ਚਾਰ ਸਾਲ ਪਹਿਲਾਂ ਅਤੇ ਬੰਗਲਾ ਦੇਸ ਦੀ ਉਤਪੱਤੀ ਤੋਂ ਸਿਰਫ਼ ਇਕ ਮਹੀਨਾ ਪਿੱਛੋਂ ਲਿਖੀ ਇਹ ਕਵਿਤਾ ਘੱਟੋ ਘੱਟ ਉਹਨਾਂ ਦੀ ਉਪਰੋਕਤ ਟਿੱਪਣੀ ਨੂੰ ਅਤਿ ਪ੍ਰਮਾਣਿਕ ਦਰਸਾਉਂਦੀ ਹੈ।)

x x x x x

ਡੂੰਘੇ ਪੈਂਡੇ ਝੰਗ ਦੇ ਮੁੱਕੇ
ਤੁਰ ਗਏ ਯਾਰ ਅਖੀਰਾਂ ਦੇ।
ਸਾਨੂੰ ਯਾਰ ਨਾ ਮੁੜ ਕੇ ਮਿਲਿਉਂ
ਬੇਲੇ ਛੋਡ ਕੇ ਹੀਰਾਂ ਦੇ।

ਸਾਨੂੰ ਯਾਰ ਨ ਤੂੰ ਸਮਝਾਏ
ਭੇਦ ਡੂੰਘੀਆਂ ਛਾਵਾਂ ਦੇ।
ਤੇਗਾਂ ਵਾਲਿਆ ਦਸ ਨ ਮੋਇਉਂ
ਸੁਖਨ ਪਿਆਰੀਆਂ ਮਾਵਾਂ ਦੇ।

ਸੁਣ ਖਾਂ ਯਾਰ ਨਬੀ ਦਾ ਵਾਅਦਾ
ਸਾਨੂੰ ਦੱਸ ਨ ਮੋਇਉਂ ਤੂੰ?
ਚੁੰਝ 'ਚ ਫੜ ਇਕਰਾਰ ਮਾਹੀ ਦਾ
ਹੋਇ ਹੁਮਾ ਕਿਉਂ ਖੋਇਉਂ ਤੂੰ?


WWW.SIKHBOOKCLUB.COM

ਸੜਣ ਵੇਲੇ ਕੋਈ ਸੁਖਨ ਨਬੀ ਦਾ
ਦਸਿਆ ਕਿਉਂ ਕੁਕਨੂਸਾਂ ਨਾਂਹ?
ਜਿਸ ਖੰਭ ਦਾ ਧਰਵਾਸ ਹੈ ਮੈਨੂੰ
ਲਾ-ਮਕਾਂ ਸੰਗ ਲੂਸਾਂ ਨਾਂਹ।

ਕਿਉਂ ਤੂੰ ਯਾਰ ਡੁਸਕ ਕੇ ਰੋਇਉਂ
ਸੋਹਣੇ ਵਕਤ ਨਮਾਜ਼ਾਂ ਦੇ।
ਮਾਰੂਥਲਾਂ ਦੇ ਗਲ ਵਿਚ ਪਾਏ
ਤੋੜ ਝਨਾਂ ਫ਼ਰਿਆਦਾਂ ਦੇ।

ਭਾਰੇ ਨੈਣ ਨਬੀ ਦੇ ਦਰ 'ਤੇ
ਚੁਕ ਚੁਕ ਸਜਦੇ ਰੁੱਲੇ ਵੋ।
[1]ਬਦਰ-ਹੁਨੀਨ ਦੀਆਂ ਰਾਹਾਂ 'ਤੇ
ਸੁੰਞੀ ਖੰਦਕ[2] ਖੁਲ੍ਹੇ ਵੋ।

ਖੰਦਕ ਦੇ ਵਿਚ ਗਾਜ਼ੀ ਤੇਰੇ
ਵਿਛੜੇ ਮੋੜ ਬਿਗਾਨੇ 'ਤੇ।
ਮਾਰੂਥਲ ਦੇ ਜਾਲ ਹਜ਼ਾਰਾਂ
ਡਿਗਦੇ ਮੇਰੇ ਨਿਸ਼ਾਨੇ 'ਤੇ।

ਕਿਉਂ ਬੇ-ਯਾਰ ਰਹਿਣ ਫ਼ਰਿਆਦਾਂ
ਸਾਹਵੇਂ ਤਖਤ ਮਦੀਨੇ ਦੇ!
ਜੇ ਨਾਂਹ ਕਰਮ ਮਾਹੀ ਦੇ ਸੁਪਨੇ
ਕਿੱਥੇ ਵਕਤ ਮਦੀਨੇ ਦੇ?

*(ਜਨਵਰੀ 1972)*

•

1. ਮੁਹੰਮਦ ਸਾਹਿਬ ਦੀਆਂ ਮੁਜਾਹਿਦੀ ਸ਼ਾਨ ਨੂੰ ਦਰਸਾਉਂਦੀਆਂ ਜੰਗਾਂ
2. ਉਹੀ


WWW.SIKHBOOKCLUB.COM

# 11

# ਗੁਰੂ ਦੀ ਸ਼ਹੀਦਾਂ ਨੂੰ ਅਸੀਸ

[ਸਿਦਕ ਅਤੇ ਬੇਸਿਦਕੀ ਦੇ ਆਲਮ ਵਿਚ]

## —1—

## (ਵਿਆਕੁਲ ਉਤਸੁਕਤਾ)

ਫੈਲਿਆ ਹਨੇਰ ਦੀਆਂ ਕਾਂਗਾਂ ਦਾ ਜੋਸ਼!!
ਬਾਦਸ਼ਾਹ ਦਰਵੇਸ਼ ਹੈ ਕਿੱਥੇ?
ਜਿਸ ਦੇ ਨਾਮ ਦਾ ਸੇਕ ਮਾਰੇ
ਜ਼ਿਮੀਂ-ਅਸਮਾਨ ਦੇ ਰਾਠਾਂ ਵਿਚ;
ਜਿਸ ਦੇ ਹੁਸਨ ਦੀ ਕਣੀ ਦੇ ਵਾਸਤੇ
ਸੂਰਜ ਬਾਲਦੇ, ਉਛਾਲਦੇ, ਸਿੱਕ ਦੀਆਂ ਛੱਲਾਂ;
ਬੰਜਰਾਂ ਦੇ ਅੰਗਿਆਰਾਂ ਦੇ ਭਾਰ ਨੂੰ ਚੁੱਕੀ
ਜਿਸਦੀ ਤੇਗ ਦੇ ਪਾਣੀ ਨੂੰ ਪੀਣ ਲਈ ਬੈਠੇ
ਕੇਸੂਆਂ ਦੇ ਲੱਖਾਂ ਹੀ ਕਾਫ਼ਲੇ;
ਜ਼ੋਰਾਵਰਾਂ ਜਿਸ ਦੇ ਰਾਹਾਂ ਨੂੰ ਰੋਕਣ ਲਈ
ਸੂਰਜ ਉਤਾਰ ਲਿਆਂਦੇ ਉੱਚ ਅਸਮਾਨ 'ਤੋਂ,
ਸੂਹੀ ਚਮਕ ਫੇਰ ਵੀ ਜਿਸ ਦੀ
ਤੇਜ-ਮੱਤੀ, ਗਰਬ-ਲੁੱਟੀ
ਨੱਸਦੀ ਆਵੇ ਤੇਜ਼ ਸ਼ਮਸ਼ੀਰ ਦੀ ਚਮਕ ਜਿਉਂ।
ਸਾਡਾ ਮਨ ਕੰਬਦਾ ਤੱਕ ਕੇ ਜਿਸ ਨੂੰ
ਕੂਕ ਕੇ ਰੋਈਏ ਪਿਆਰ ਦੇ ਰੋਸੇ ਵਿਚ:
ਇਹ ਅੱਗ ਦੀ ਧਾਰ 'ਤੇ ਨੱਸਦਾ ਘੋੜਾ
ਕਿਸ ਅਬਦੀ ਗੀਤ ਦੇ ਨਸ਼ੇ ਵਿਚ ਉੱਡਿਆ?
ਅਸਾਂ ਤਾਂ ਉਸ ਦੇ ਪਿਆਰ ਵਿਚ
ਅਗਲੇ ਪਿਛਲੇ ਜਨਮ ਨੂੰ ਕੁੱਠਿਆ!
ਆਪਣੇ ਖ਼ੂਨ ਵਿਚ ਉਸ ਦੇ ਨਾਮ ਨੂੰ
ਜਿੱਤ ਦੇ ਅਜ਼ਲੀ ਤੀਰ ਸੰਗ ਖਿੱਚਿਆ!
ਉਸ ਦੀ ਫ਼ਤਹ ਦਾ ਗੀਤ ਗੂੰਜੇ

ਜ਼ਿਮੀਂ ਦੀ ਚੁੱਪ ਹੜ੍ਹਾਂ ਵਿਚ ਲਹਿਰਾਂਦੀ
ਰਸਿਕ ਜੀਭਾਂ ਦਾ ਨਸ਼ਾ ਉੱਡਦਾ ਅਕਾਸ਼ ਵਲ,
ਹੋ ਰਿਹਾ ਫ਼ਤਹ ਦਾ ਸਿਮਰਣ।
ਕਦੋਂ, ਕਿੱਥੇ, ਕਿਤ ਦੇਸ ਵਲ
ਲਹਿੰਦੇ ਜਾ ਰਹੇ ਸਮੁੰਦਰਾਂ ਦੇ ਸਮੁੰਦਰ
ਤੇਗਾਂ ਦੀ ਖ਼ੂਨੀ ਛੋਹ ਨੂੰ ਪੀਂਦੇ
ਜੀਵਨ ਦੀ ਕਲਵਲ ਅੱਗ ਨੂੰ ਸਬਰ ਵਿਚ ਬੰਨ੍ਹੀ;
ਜੰਮੇ, ਛਿੜੇ, ਇਹ ਫ਼ਤਹ ਦਾ ਗੀਤ ਓਥੇ
ਜਿੱਥੇ ਨ ਕੋਈ ਵੀ ਜੰਮਿਆ।
ਉਸਦੇ ਗੀਤ ਦੀ ਗੂੰਜ
ਕੰਠ ਬਣ ਗਈ ਸਗਲ ਬ੍ਰਹਿਮੰਡ ਦਾ,
ਤੇ ਉਸਦੀ ਤੇਗ ਦੀ ਛੁਹ ਦੇ ਤਰਸਦੇ ਰਣਾਂ ਵਿਚ
ਬੁੱਲਿਆਂ ਦੇ ਵਾਂਗ ਉਡਦੀਆਂ ਸਿਖਰ ਦੁਪਹਿਰਾਂ
ਲੰਘ ਜਾਣ ਇਸ ਕੰਠ 'ਚੋਂ ਗਾਉਂਦੀਆਂ।
ਮੌਤ ਦੀ ਕੱਚੀ ਤੰਦ ਦੇ ਜਾਲ ਨੂੰ
ਤੋੜ ਜਾਵੇ ਫ਼ਤਹ ਦਾ ਜੋਸ਼ ਅਲਬੇਲਾ।

## —2—
## (ਬੇਸਿਦਕੀਆਂ)

ਚਾਨਚੱਕ ਸੁੱਕੇ ਸਗਲ ਬ੍ਰਹਿਮੰਡ ਦੇ ਖ਼ੂਹੇ
ਬੰਜਰਾਂ, ਬੀਆਬਾਨਾਂ, ਥਲਾਂ ਤੇ ਸਿੰਧਾਂ ਨੇ ਆਖਿਆ:
"ਕਿਤੇ ਨਾਂਹ ਜਾਣੇ ਓਸ ਨੂੰ ਕੋਈ
ਬਾਦਸ਼ਾਹ ਦਰਵੇਸ਼ ਨਾਂਹ ਕੋਈ ਵੀ!
ਕਹਿਰ ਕੀ ਕਰਨਾ ਸੀ ਕਿਸੇ ਨੇ ਓਸ 'ਤੇ?
ਬਲਹੀਣ ਜੁਗਨੂੰ ਤੋਂ ਹੀਣਾ
ਓਸ ਦੇ ਸਿਮਰਣ ਦਾ ਤੇਜ ਹੈ!"

ਅਣਡਿੱਠਿਆਂ ਕਰਨ ਲਈ ਓਸਦੇ ਬਾਜ਼ਾਂ ਨੂੰ
ਤੂਫ਼ਾਨ ਹਨੇਰਿਆਂ ਦੇ ਦਰਾਂ ਨੂੰ ਖੋਲ੍ਹਦੇ ਜਾਂਦੇ,
ਪਤਾਲ ਨਿਗਲਦੇ ਜਾਂਦੇ
ਮਾਣ-ਮੱਤੇ ਅਕਾਸ਼ਾਂ ਨੂੰ,
ਕੁਫ਼ਰ ਦੀ ਸੁੰਨ ਵਖਾਂਵਦੀ ਜਾਂਦੀ
ਗੁੰਮਨਾਮੀਆਂ ਦੇ ਪੈਂਡੇ!
ਧਿਆਨ ਕਿੰਞ ਕਰਦੇ ਲੋਹ ਬਲੀ ਅਸਮਾਨਾਂ ਦੇ


WWW.SIKHBOOKCLUB.COM

ਸਿਮਰਣ-ਅਰਾਧਨਾ ਦੇ ਗੋੜ ਵਿਚ ਬੱਝੇ
ਨਾਮ ਜਪਦੇ  ਉਸ ਗੁਰੂ ਦਰਵੇਸ਼ ਵੱਲ ?
ਸਗਲ ਭਿੱਤ ਓਸਦੀ ਅਮਰ ਹਸਤੀ ਦੇ
ਤੁਛ ਅੰਧਿਆਰਿਆਂ ਨੇ ਡੋਬੇ !
(ਜਾਂ ਮਿੱਠੀਆਂ ਸੁਰਾਂ ਦੇ ਹੁਕਮ ਨੇ ?
ਜਾਂ ਸਿਮਰਣ ਦੀ ਮਿੱਠੀ ਸਮੀਰ ਦੇ ਕਾਂਬਿਆਂ ?)

ਸੁਣੋ ! ਸੁਣੋ ! ਗੁਰੂ-ਧਰਵਾਸ ਦੇ ਪਾਣੀ
ਦੂਰ ਗੁੰਮਨਾਮ ਰੇਤਾਂ 'ਚ ਸੁੱਕੇ !
ਸੱਚ ਦੇ ਬੋਲ ਬੇਜਾਨ ਅੱਖਰਾਂ 'ਚ ਮੁੱਕੇ !
ਗੁਰਾਂ ਦੀ ਨਜ਼ਰ ਵਲ ਤੱਕ ਕੇ
ਜੋ ਨੀਰ ਸੀ ਕਲਵਲ,
ਜੋ ਸਾਗਰ ਬਣੇ ਨਜ਼ਰ ਉਸਦੀ,
ਜਿਹਨਾਂ ਬ੍ਰਹਿਮੰਡਾਂ ਨੇ ਦਿੱਤਾ
ਓਸਦੇ ਤੀਰ ਨੂੰ ਪੈਂਡਾ,
ਫੜਫੜਾਏ ਜਿੰਨੇ ਅਕਾਸ਼
ਉਸਦੇ ਬਾਜ਼ ਦੇ ਉਡਦਿਆਂ
ਉਸਦੀ ਨਦਰ ਦੇ ਉੱਚ ਕੋਟਾਂ ਨੂੰ ਤਕਦਿਆਂ;
ਇਹ ਸਭੋ ਕੁਝ ਅਜਨਬੀ ਹੋਇਆ !
ਗਗਨ, ਵਿਸਮਾਦ ਤੇ ਬਾਣੀ ਅਜਨਬੀ ਹੋਏ !
ਬੱਸ, ਅੱਗ ਦੇ ਇਸ ਨਾਕਾਮ ਜਹੇ ਸ਼ੋਰ ਨੂੰ
ਬੇਨਿਆਜ਼ ਕਾਲੇ ਅਨੰਤਾਂ ਪਿੱਠ ਕਰ ਮੇਟਿਆ।
ਨਾਂਹ ਅਹੁੰ ਦੇ ਕੋਟਾਂ 'ਚ ਵੱਸਦਿਆਂ
ਨਾਂਹ ਤਕਦਿਆਂ ਨਾਂਹ ਹੱਸਦਿਆਂ
ਕਿਸੇ ਵੀ ਮਜ਼੍ਹਬ ਤੋਂ ਉੱਚਿਆਂ
ਨਾਂਹ ਬੇਧਿਆਨੀ ਨਾਂਹ ਧਿਆਨ ਵਿਚ
ਕਾਲੇ ਬੇਨਿਆਜ਼ ਅਨੰਤਾਂ
ਗੁਨਾਹ ਦੇ ਬਲਹੀਣ ਕਤਰਿਆਂ ਵਾਂਗੂੰ
ਉਸ ਸ਼ਹਿਨਸ਼ਾਹ ਨੂੰ ਨਿਗਲਿਆ !!
ਹਰਾਸ ਵਿਚ ਡੁੱਬੇ ਗਗਨ ਦੇ ਤਾਰਿਆਂ
ਸੁਣੀ ਕੌਮਾਂ, ਮੁਰੀਦਾਂ ਤੇ ਦੇਸਾਂ ਦੀ ਚੀਖ :
"ਗਰਕਦੀ ਜਾ ਰਹੀ ਗੁਰਾਂ ਦੇ ਖ਼ੂਨ ਦੀ ਲਾਲੀ
ਬੱਜਰ ਦੁਰੰਤ  ਗੁਮਰੁਠ ਕਾਲ ਦੇ ਜਬਾੜ੍ਹੀਂ।
ਬੇਆਵਾਜ਼ ਹੁੰਦਾ ਜਾ ਰਿਹਾ ਪਲੋ-ਪਲ
ਬੇਸ਼ੁਮਾਰ ਰਣਾਂ ਨੂੰ ਜਿੱਤ ਕੇ ਵਸਾਇਆ ਜਹਾਨ।


WWW.SIKHBOOKCLUB.COM

ਮੌਤ ਪਿੱਛੋਂ ਮੌਤ ਦੇ ਸੀਨੇ ਨੂੰ ਵਿੰਨ੍ਹ ਕੇ, ਧਾਂਕ ਪਾ ਕੇ,
ਲਿਖਿਆ ਨਾਮ ਵੀ ਉਜੜਿਆ!
ਹੰਝੂ ਤੇ ਅਰਜ਼ਾਂ ਛਿੱਜਿਆਂ ਪੱਤਿਆਂ ਦੇ ਵਾਂਗ
ਕੁਰਲਾਉਣ ਖੜ੍ਹੀਆਂ ਬੰਜਰ ਪਹਾੜ ਦੀ ਟੀਸੀ ਤੋਂ
ਜਾਣ ਪਿਆਰੇ ਦੇ ਨਾਲ ਛਿਜਦੀਆਂ ਐਪਰ
ਸਹਿਮ ਸਹਿਮ ਹੁੰਦੀਆਂ ਕੋਟਾਂ ਕੋਟ ਕੰਨਸੋਆਂ।
ਜਿੱਤ ਦੇ ਸਫ਼ਰ ਸਭੇ
ਨਾਲ ਲੈ, ਪਾਲੇ ਰੰਗ ਇਬਾਦਤਾਂ ਵਾਲੇ
ਨ੍ਹੇਰ ਵਲ ਲੁੜ੍ਹਕਦੇ ਜਾਂਦੇ, ਗੁੰਮਨਾਮੀਆਂ ਵਰਦੇ,
ਛੱਡ ਕੇ ਇਲਾਹੀ ਸ਼ਾਨ ਦੇ ਕਾਰਵਾਂ।

ਰੋਣ ਕੌਮਾਂ, ਰੋਂਦੇ ਮੁਰੀਦ,
ਦੇਸ ਭਰਨ ਹੌਕੇ! ਕਾਰਵਾਂ ਕਿਹੜੇ ਥਲਾਂ ਵਿਚ
ਤਾਰਿਆਂ ਹੇਠਾਂ ਫ਼ਰਿਆਦ ਵਿਚ ਮੋਏ ?
ਧਿਆਨ ਦੀ ਪਾਤਸ਼ਾਹੀ ਉਜੜ ਗਈ
ਅਰਦਾਸ ਦਾ ਨਿਮਾਣਾ ਮਾਣ ਵੀ ਟੁੱਟਿਆ!

—3—

## (ਹੌਲ ਵਿਚ ਦੈਵੀ ਕ੍ਰਾਂਤੀਆਂ ਦੇ ਝਲਕੇ)

ਹਾਂ! ਕੋਈ ਕਾਰਵਾਂ ਤੁਰਿਆ ਸ਼ਹੀਦਾਂ ਨੂੰ ਸਿਮਰਕੇ!
ਤਾਂ ਇਕ ਪਲ ਚੌਦਾਂ ਤਬਕਾਂ ਦੇ ਗੁੰਬਦ ਤੋੜ ਕੇ
ਤਾਰਿਆਂ ਦੇ ਸੀਨੇ 'ਤੇ ਲਰਜ਼ੀਆਂ
ਬੇਸ਼ੁਮਾਰ ਲੰਮੀਆਂ ਹਾਕਾਂ।
ਬਿਜਲੀ ਦੇ ਵਾਂਗੂੰ ਡਿੱਗ ਕੇ
ਪਿਰ-ਕੰਨਸੋਆਂ ਦੇ ਨਾਲ ਲਹਿਰਾਈਆਂ
ਕਮਲੀਆਂ ਅਰਜ਼ਾਂ
ਜੋ ਸੰਜੋਗ-ਵਿਜੋਗ ਨੂੰ ਭੁੱਲੀਆਂ।
ਇਕ ਵਾਰ ਤਾਂ ਕੁਲ ਵੀਰਾਨੇ
ਦੂਰ ਨ੍ਹੇਰ ਦੇ ਪੱਥਰਾਂ 'ਚ ਲਿਸ਼ਕਦੀ
ਖੰਜਰ ਦੇ ਨਾਲ ਜਾ ਪਟਕੇ।

ਫੇਰ ਬੇਸਿਦਕੀ ਦੇ ਹੌਲ!
ਮਾਰੀ ਧਾਹ ਲੱਖਾਂ ਮੁਰੀਦਾਂ:
"ਪਿਆਰੇ ਦਾ ਲਹੂ ਗੁਆਚਿਆ
ਸੁੱਕ ਜਾਣ ਖੂਹੇ


WWW.SIKHBOOKCLUB.COM

ਧੁਨੀ ਅਰਦਾਸ ਦੀ ਜਿੱਥੇ ਵੀ ਪਹੁੰਚਦੀ!"
ਕਾਰਵਾਂ ਰੋਇਆ:
"ਗੁਨਾਹ ਹੈ ਏਸ ਧਰਤੀ ਨੂੰ ਛੱਡਣਾ,
ਹਾਂ! ਅਸੀਂ ਏਸੇ ਗੁਨਾਹ ਦੇ ਮਾਰੇ,
ਖੈਰ ਮੰਗੋ ਗ਼ਰੀਬਾਂ ਦੀ, ਅਰਸ਼ ਦੇ ਤਾਰਿਓ!"

ਪਰ ਮੁਰੀਦਾਂ ਦੇ ਏਸ ਝੁਰਮੁਟ 'ਚੋਂ
ਪਾਕ ਉੱਮਤ 'ਚੋਂ ਇਕ ਨ ਰੋਇਆ,
ਹਾਂ! ਉਹ ਮਾਹੀ ਦੇ ਦੇਸ ਦਾ ਉੱਜਲ ਰਬਾਬੀ ਸੀ।
ਉਸ 'ਵਾਜ ਮਾਰੀ ਅਸਮਾਨ ਤੋਂ ਲੰਮੀ:
"ਓ ਦੂਰ ਨਿਕਲ ਗਏ ਕਾਰਵਾਨੋ!
ਕਿਸ ਪਿਆਸ ਖੁਣੋ ਛੱਡ ਗਏ ਮੁਲਕਾਂ ਨੂੰ?
ਪਿਆਰੇ ਦਾ ਪੰਜਾ, ਵੱਡ ਧਰਵਾਸ ਦਾ ਪਰਬਤ,
ਵੇਖੋ ਖਾਂ ਉਸਦੀ ਨਿਗਾਹ ਨਾਲ ਉੱਡੇ!
ਔਹ ਵੇਖੋ
ਲਾਲ ਸੂਹੀ ਵਜਦ ਦੀ ਅੱਗ ਅਸਮਾਨਾਂ ਤਕ!
ਸੁਣੋ ਖਾਂ ਲੱਖਾਂ ਸ਼ਹੀਦਾਂ ਦਾ ਸਿਮਰਣ
ਮੇਰੇ ਇਹ ਰਬਾਬ ਦੀਆਂ ਤਾਰਾਂ 'ਚ ਛੁਪਿਆ
ਜਿਸ ਨੂੰ ਤੁੰਡ ਨ ਸਕਿਆ ਜਬਰ ਗੁੰਮਨਾਮੀ ਦਾ,
ਤਾਹੀਉਂ ਬੇਰਹਿਮ ਕੌਮਾਂ ਦੇ ਨਾਲ
ਮਲਦੇ ਹੱਥ ਖੜੇ ਜੱਲਾਦ ਬੇਬਸ!
ਸਾਜ਼ ਦੀਆਂ ਤਾਰਾਂ 'ਚ ਛਿਪ ਗਏ
ਖ਼ੂਨ ਸ਼ਹੀਦਾਂ ਦੇ ਸਬਰ ਲੰਮੇ—
ਕਹਿਰ ਕਹਿਰ ਨਾਗ ਲਹਿਰਾਉਂਦੇ
ਮੇਰੀਆਂ ਉਂਗਲਾਂ 'ਚੋਂ ਕੂਕ ਕੂਕ ਉੱਡਣ
ਚਾਨਚੱਕ ਜਾਗ ਕੇ, ਕੋਹਿਆਂ ਮਾਸੂਮਾਂ ਦੇ ਬਦਲੇ।
ਫੁੱਟਦਾ ਉਂਗਲਾਂ 'ਚੋਂ ਸਬਰ ਦਾ ਸੇਕ ਅਥਾਹ
ਨਾ-ਮਿਹਰਬਾਨ ਸਮਿਆਂ ਨੂੰ ਯਾਦ ਮੈਂ ਕੀਤਾ,
ਜ਼ਾਲਿਮ ਦੀ ਅੱਖ ਜਦ ਜੁਗਨੂੰ ਦੇ ਸੇਕ ਨੂੰ ਮੇਟਣ ਲਈ
ਤੇਗ-ਦਰਿਆ ਵਿਚ ਈਰਖਾ ਦੀ ਕਾਂਗ ਜਿਉਂ ਲਪਕੀ।

"ਮੇਟ ਦੇਵੋ ਮੇਰੇ ਵਜਦ ਨੂੰ ਭਾਵੇਂ!
ਜਾਬਰਾਂ ਦੇ ਲਸ਼ਕਰ ਤੋੜਦੇ,
ਤੋੜਣਗੇ ਨਾਜ਼ਕ ਸਾਜ਼ ਦੀਆਂ ਤਾਰਾਂ—
ਫੇਰ ਵੀ ਮੇਰੇ ਰਬਾਬ ਦੀਆਂ ਖ਼ਾਬ-ਲਹਿਰਾਂ
ਲਰਜ਼ਣਗੀਆਂ ਕੁਲ ਸਾਜ਼ਿਸ਼ਾਂ ਪਿੱਛੇ।

ਮਾਇਆ ਦੇ ਅੰਨ੍ਹੇ ਤੂਫ਼ਾਨ
ਰੋਲਦੇ ਜਾਵਣ ਸ੍ਰਿਸ਼ਟੀਆਂ ਭਾਵੇਂ
ਨਵੇਂ ਨਵੇਂ ਜਨਮਾਂ ਦੀ ਗੁਫ਼ਾ ਵਿਚ;
ਭਾਵੇਂ ਜੱਲਾਦ ਕਿੰਨੇ
ਦਿੰਦੇ ਜਾਣ ਜੀਵਨ ਦੇ ਅਡੋਲ ਸਿਦਕਾਂ ਨੂੰ
ਬੇਸ਼ੁਮਾਰ ਕੁਫ਼ਰ ਦੇ ਫਤਵੇ;
ਏਕੋ ਰਹੇਗਾ ਸ਼ਹੀਦਾਂ ਦਾ ਸਿਮਰਣ
ਕਰੋਧ ਨ ਕਰੇਗਾ ਨਿਰਲੇਪ ਬਦਲੇ ਦੀ ਚੁੱਪ ਪੀ,
ਤੇ ਨਾਂਹ ਦੱਸੇਗਾ ਆਪਣੇ ਗਾਉਣ ਦਾ ਵੇਲਾ;
ਗਾਵੇਗਾ ਸ਼ਹੀਦਾਂ ਦਾ ਖ਼ੂਨ,
ਜੋ ਸੂਰਜ ਹੈ ਛਿਪਿਆ, ਚੜ੍ਹੇਗਾ!"

## —4—
## (ਨੀਂਦ, ਜਾਗ ਅਤੇ ਵੇਦਨਾ)

ਤਾਰਿਆਂ ਨੇ ਠੰਢੇ ਹੱਥ ਅਨੇਕਾਂ
ਮੁਰੀਦਾਂ ਦੇ ਤਪਦੇ ਮਸਤਕਾਂ 'ਤੇ ਲਾਏ;
ਬ੍ਰਹਿਮੰਡ ਦੇ ਦੂਰ ਦਰਵਾਜ਼ਿਆਂ 'ਤੇ ਬੈਠੇ
ਪਹਿਰੇਦਾਰ ਬਾਜ਼ਾਂ ਦੀ ਓਟ ਨੂੰ ਮੰਨ ਕੇ
ਸੌਂ ਗਏ ਇਹ ਸਹਿਮੀਆਂ ਘੁੱਘੀਆਂ ਵਾਂਗੂੰ।

ਪਰ ਕਈਆਂ ਮੁਰੀਦਾਂ ਨੇ ਜਾਗ ਕੇ
ਰਾਹ ਫੜਿਆ ਮਾਹੀ ਦੇ ਜਨਮ ਦੀ ਨਗਰੀ ਦਾ,
ਤਾਂ ਉਡ ਉਡ ਰਬਾਬੀ ਦੀ ਤਾਨ 'ਚੋਂ
ਸ਼ਹੀਦਾਂ ਦੇ ਜਨਮਾਂ, ਦਰਗਾਹਾਂ ਤੇ ਸਮਿਆਂ ਵਿਚ
ਪਰੇ ਪਰੇ ਤਾਰਿਆਂ ਦੀਆਂ ਸੰਗਮਰਮਰੀ ਜੋਤਾਂ 'ਚ
ਬਲਣ ਲੱਗੇ ਧਰਵਾਸ ਦੇ ਪੈਂਡੇ।
ਥੱਕੇ ਮੁਰੀਦਾਂ ਨੂੰ
ਕਾਲ ਦੀ ਛਾਤੀ ਦਾ ਦੁੱਧ ਭਾਵੇਂ
ਹੁਣ ਵੀ ਜਾਪੇ ਸਦਾ ਲਈ ਤ੍ਰੁੰਡਿਆ;
ਰਬਾਬੀ ਦੇ ਸੀਨੇ ਦਾ ਜ਼ਖ਼ਮ ਹੀ ਦਿਸਦਾ ਚੁਫੇਰੇ!
ਸੁੱਤਿਆਂ ਨੂੰ ਆਉਣ ਸੁਫ਼ਨੇ ਕਾਂਬਿਆਂ ਵਰਗੇ
ਦੇਸ ਦੀਆਂ ਜੂਹਾਂ ਦੇ ਪਾਣੀ ਸੱਖਣੇ ਛੋਡ ਕੇ
ਜੀਂਦੇ ਮੁਰੀਦਾਂ ਨੂੰ ਮੌਤ ਦੀ ਮੂਰਛਾ 'ਚ ਧੱਕ ਕੇ
ਆਪਣੇ ਆਪ 'ਚੋਂ ਪਿਆਰੇ ਦਾ ਲਹੂ ਗੁਆਚਿਆ!


WWW.SIKHBOOKCLUB.COM

ਸੱਚੀਂ ਗੁਰਾਂ ਦੇ ਸੁੰਞੇ ਤਖਤ 'ਤੋਂ 'ਵਾਜ ਆਵੇ;
"ਆਪਣੇ ਆਪ ਨੂੰ ਮੁਰੀਦਾਂ ਨੇ ਛੋਡਿਆ!"

ਇਹ ਕਿਸ ਆਵੇਸ਼ ਦੀ ਟੀਸੀ 'ਤੋਂ
ਕੋਇਲਾਂ ਦੀ 'ਵਾਜ ਸੁਣ ਜਾਗੇ ਮੁਰੀਦ ?
ਦੂਰ ਐਨੀ! ਮੁਲਕ 'ਚੋਂ ਮਹਿਕ ਕਿੰਞ ਆਈ ?
ਕਿਸਦੇ ਲਹੂ ਦਾ ਸੇਕ
ਦਿਲ ਦੇ ਕਿੰਗਰਿਆਂ 'ਤੇ ਪੈਂਦਾ ?
ਬੇਸਬਰ ਪਰਾਂ ਨੂੰ ਸਮੇਟ ਕੇ ਬਿਜਲੀਆਂ
ਸਹਿਮੀਆਂ ਉਮਰਾਂ ਦੀ ਗੋਦ ਵਿਚ
ਕਿੰਞ ਵਜਦ ਦੇ ਨੈਣਾਂ ਨੂੰ ਬੰਦ ਕਰ ਬੈਠੀਆਂ ?
ਸਮਝ ਨ ਆਵੇ, ਜਾਨ ਨ ਜਾਵੇ,
ਕੌਣ ਹੈ ਅਸਾਂ ਵਿਚ ਕੌਣ ਹੈ ?

## [ਮੁਰੀਦਾਂ (ਸਿੰਘਾਂ) ਦਾ ਗੀਤ]

ਰੋਹੀਆਂ 'ਚ ਕੇਸੂ ਦਾ ਸੇਕ ਪਿਆ ਮਾਰੇ
ਸਿਖਰ ਦੁਪਹਿਰਾਂ ਦੇ ਤਿੱਖੇ ਲਿਸ਼ਕਾਰੇ—
ਖੇਡ ਖੇਡ ਹਾਰੇ ਅਸੀਂ ਨਦੀਆਂ ਕਿਨਾਰੇ
ਸੂਰਜਾਂ ਦੀ ਅੱਗ ਸਾੜੇ, ਧਰਤੀ ਦੇ ਢਾਰੇ

ਥੱਕਿਆ ਨ ਹਾਰਿਆ ਨ, ਕੌਣ ਵਾਟਾਂ ਮਾਰੇ ?
ਧਰਤੀ ਦੀ ਗੋਦ ਭੱਖਣ, ਲਾਲ ਅੰਗਿਆਰੇ
ਆਖਰਾਂ ਦੀ ਅੱਗ ਪੈਂਦੀ, ਤੁਰੇ ਵਣਜਾਰੇ
ਦੇਸ ਬੇਗਾਨੇ, ਜ਼ੋਰਾਵਰਾਂ ਦੇ ਦੁਆਰੇ
ਕਿਵੇਂ ਆਏ ਦੁਖਿਆਰੇ ?

ਰੋਹੀਆਂ 'ਚੋਂ ਕੇਸੂ ਦਾ ਸੇਕ ਪਿਆ ਮਾਰੇ
ਡਾਢਿਆਂ ਜ਼ਮਾਨਿਆਂ ਨੇ ਲੁੱਟ ਲਏ ਸਾਰੇ
ਦੂਰੋਂ ਆਏ ਚੱਲ ਤੇਰੇ ਦੇਸ ਦੇ ਦੁਲਾਰੇ
ਮਾਏ ਰੁਲੇ ਤੇਰੇ ਦੁਆਰੇ
ਉਹਨਾਂ ਅੱਥਰੂ ਜੋ ਵਾਰੇ।

ਸੂਰਜਾਂ ਦੀ ਤੇਗ ਡਿੱਗੀ ਖੇਡ ਵਿਚਕਾਰੇ
ਦੇਸ ਤੇਰੇ ਆਏ, ਮਾਏ, ਅੱਥਰੂ ਸਹਾਰੇ
ਤੇਰੇ ਦਰ ਬਿਟਰੇ ਆ ਦੁਖੜੇ ਕੰਵਾਰੇ
ਅਸੀਂ ਕਿਵੇਂ ਦੁਪਿਆਰੇ ?

ਧਰਤੀ ਦੀ ਅੱਗ ਵਿੱਚੋਂ, ਬਿਰਖਾਂ ਦੇ ਦੁਆਰੇ
ਉੱਠੇ ਨ ਪੈਰ, ਡਾਢੇ ਛਾਲਿਆਂ ਨਾ' ਭਾਰੇ
ਰੁਕੇ ਭਰੇ-ਪੀਤੇ, ਰਾਠ ਅਣਖਾਂ ਦੇ ਲਾੜੇ
ਤੇਰੇ ਪੁੱਤ ਲਡਿਆਰੇ
ਵੱਡੇ ਰੋਸਿਆਂ ਦੇ ਮਾਰੇ
ਮਾਏ ਬੜੇ ਦੁਖਿਆਰੇ!

## —5—

## (ਸ਼ਹੀਦੀ ਆਵੇਸ਼ ਦੀਆਂ ਉਡਦੀਆਂ ਚਿਣਗਾਂ)

ਕਾਰਵਾਂ ਤੁਰਿਆ, ਕਿਤੇ ਨ ਦਿਸਦਾ
ਗੁਰਾਂ ਦੇ ਦੇਸ ਦਾ ਉੱਜਲ ਰਬਾਬੀ।
ਚਾਨਚੱਕ ਵੇਖਦੇ ਸ਼ਹੀਦਾਂ ਦੇ ਲਾਡਲੇ
ਤਪੀ ਹੋਈ ਰਬਾਬ 'ਚੋਂ ਛੁੱਟਦੇ
ਬੇਸ਼ੁਮਾਰ ਬਾਜ਼ਾਂ ਦੇ ਕਾਫ਼ਲੇ—
ਸਬਰ ਨੂੰ ਤੋੜਕੇ, ਲਹੂ ਦਾ ਗਾਇਨ ਕਰਦੇ,
ਸਿਖਰ ਦੁਪਹਿਰਾਂ ਦੇ ਪਰਬਤ ਚੀਰਦੇ—

ਸ਼ਹੀਦਾਂ ਦੇ ਖ਼ੂਨ ਦੇ ਇਕ ਹੀ ਕਤਰੇ ਨੇ
ਉਸਦੀ ਨੋਕ 'ਤੇ ਬੇਪਰਵਾਹੀ 'ਚ ਸੁੱਤਿਆਂ
ਮੌਤ ਦੇ ਜ਼ਹਿਰੀ ਤੀਰ ਨੂੰ ਤੜਪ ਕੇ ਤੋੜਿਆ।
ਸ਼ਹੀਦੀ ਦੇ ਖ਼ੌਫ਼ਨਾਕ ਵਜਦ ਨੇ
ਸਿਦਕ ਦੀ ਆਖਰੀ ਧਾਰ ਨੂੰ ਫੜਣ ਲਈ
ਚੁੰਮ੍ਹੀ ਸ਼ਮਸ਼ੀਰ ਜੱਲਾਦਾਂ ਦੀ।
ਫਾਂਸੀ ਦੇ ਰੱਸਿਆਂ ਨੂੰ ਹੱਸ ਕੇ ਚੁੰਮ੍ਹਦੀ
ਬਦਲਾਂ ਦੇ ਵਾਂਗ
ਘੜੀ ਉਹ ਆਈ ਸਿਰਾਂ 'ਤੇ ਕੜਕਦੀ।

ਉਹ ਸੂਰਜ
ਜਿਹਨਾਂ ਨੂੰ ਗੁਰੂ-ਦੀਦਾਰ ਦੀ ਓਟ ਨਾਂਹ
ਜਿਹਨਾਂ ਨਾਂਹ ਚੁੰਮ੍ਹੇ ਮੁਰੀਦਾਂ ਦੇ ਅੱਥਰੂ—
ਜਿਹਨਾਂ ਦੇ ਕਰਮ ਦੀ ਅੰਨ੍ਹੀ ਨੇਸਤੀ
ਚੇਤਨਾ ਦੇ ਮੂਰਛਿਤ ਹੜ੍ਹਾਂ ਦੇ ਨਾਲ
ਦੂਰ ਦਿਸਹੱਦਿਆਂ ਤਕ ਖਿਲਰੇ
ਗੁਰਾਂ ਦੇ ਦੀਦਾਰ ਨੂੰ ਰੋਲੇ।


WWW.SIKHBOOKCLUB.COM

ਓਸ ਗੁਰੂ-ਦੀਦਾਰ ਦੇ ਲਹੂ ਜਦ ਗਾਇਆ
ਤਾਂ ਬੇਰਹਿਮ ਸੂਰਜ ਲੇਲਿਆਂ ਦੇ ਵਾਂਗ ਨੱਸਦੇ
ਧਾ ਕੇ ਚੁੰਮਣ ਮੁਰੀਦਾਂ ਦੇ ਹੱਥਾਂ ਨੂੰ।

ਕਾਰਵਾਂ ਰੋਇਆ
ਦੁਪਹਿਰਾਂ ਦੀ ਝੋਲ ਵਿਚ ਸਿਰਾਂ ਨੂੰ ਸੁੱਟ ਕੇ—
ਗਲੇਡੂਆਂ ਦੀ ਭੀੜ ਵਿਚ
ਸਿਖਰ ਦੁਪਹਿਰਾਂ ਦੇ ਸਿਸਕਦੇ ਬੁੱਲੇ।
ਸਬਰ ਤਪਿਆ ਕੋਇਲ ਦੇ ਕੰਠ ਵਿਚ
ਸਿਦਕ ਦੇ ਲਹੂ ਨਾਲ ਭਰਿਆ,
ਤੇ ਰੱਬ ਦੇ ਸਾਹਮਣੇ
ਖੜਾ ਏ ਸੱਚਾ ਗਵਾਹ ਸ਼ਹੀਦਾਂ ਦਾ
ਯੁਗਾਂ ਤੋਂ ਕਾਲੀਆਂ ਸਾਜ਼ਿਸ਼ਾਂ ਪਿੱਛੇ
ਮੀਸਣੇ ਬੋਲਾਂ ਦੇ ਪੜਦੇ ਪਾੜਦਾ;
ਓਸਦੇ ਆਸਨ ਅਡੋਲ
ਸਦਾ ਹੀ ਖਿੜਦੇ ਅਜੈ ਸ਼ਮਸ਼ੀਰਾਂ ਦੇ ਸਾਹਮਣੇ।

ਸ਼ਹੀਦਾਂ ਦੇ ਲੰਮੇ ਪੰਧ ਦੇ ਜਫ਼ਰਾਂ ਨੂੰ
ਕਹਿਰ ਵਿਚ ਝੁਲਦੇ-ਝੁਲਾਉਂਦਿਆਂ ਵਜਦਾਂ ਨੂੰ
ਚੁੱਕ ਕੇ ਗੁਰਾਂ ਦੇ ਜਲਾਲ ਦੀ ਅਗਨੀ
ਮੁਰੀਦਾਂ ਦੀ ਅਰਜ਼ ਵਲ ਆਉਂਦੀ,
ਅਰਜ਼ ਹੀ ਹੁੰਦੀ
ਅੱਥਰੂਏਂ ਡੁਬਡੁਬਾਉਂਦੀ।
(ਫੇਰ ਵੀ ਕੋਇਲਾਂ ਦੇ ਕੰਠ ਵਿਚ ਸਬਰ ਜੋ ਤਪੰਦਾ
ਮੌਤ ਦੀ ਕੱਚੀ ਤੰਦ ਵਿਚ ਰਹੇ ਗੁੰਮਨਾਮ।)
ਹਸਤੀ ਦੀ ਸਾਬਤ ਗਸ਼ ਵਾਣ ਜਿਉਂ ਜ਼ਹਿਰੀ
ਕਲਵਲਾਉਂਦੀ ਕੂਕ ਨਾਲ ਸੁਰਤਿ ਨੂੰ ਵਿਨ੍ਹੰਦੀ;
ਸ਼ਹੀਦ ਦੀ ਅਗੰਮਤਾ ਵਿਚ ਡੁੱਬੇ ਨਾਮ ਦੀ ਚੁੱਪ ਨੂੰ
ਤੱਕਦੀ ਤੇ ਭੱਖਦੀ
ਅਮੋੜ ਦੈਵੀ ਰੋਹ ਨਾਲ ਕੰਬਦੀ, ਥਰਕਦੀ।

—6—

## (ਦੈਵੀ ਕ੍ਰਾਂਤੀਆਂ ਦਾ ਜਲਾਲ)

ਅਨੰਤ ਦੇ ਤਖਤ 'ਤੇ ਬੈਠੇ ਸ਼ਹੀਦ
ਪਿਆਰੇ ਨੂੰ 'ਵਾਜਾਂ ਮਾਰਦੇ :
ਅਸੀਂ ਹਾਂ, ਅਸੀਂ ਹਾਂ,
ਪਰਮ ਹੋਂਦ ਦੀ 'ਵਾਜ ਨਵੇਲੀ।
ਤੱਕਦੇ ਤਾਰਿਆਂ ਦੇ ਨਵੇਂ ਨਵੇਂ ਪਰਬਤਾਂ ਵਿਚਕਾਰ
ਸਿਦਕ ਦੀਆਂ ਪਾਵਨ ਚੋਟੀਆਂ 'ਤੇ ਉਤਰਦੇ ਬਾਜ਼
ਬਲੀ ਤੇਗਾਂ ਦੇ ਨਾਜ਼ ਵਿਚ ਖੰਭ ਫੜਫੜਾਂਦੇ;
ਸੀਨੇ ਦੀ ਬੂੰਦ 'ਤੇ
ਰਣਾਂ ਦੇ ਰਣ ਘਾਇਲ ਕਰਦੇ।
ਤਾਰਿਆਂ ਦੇ ਹੜ੍ਹ ਪਏ ਉੱਠਦੇ
ਤੇਗਾਂ ਦੀ ਚਮਕ ਨੂੰ ਫੜਣ ਲਈ ਦੌੜਦੇ,
ਚੁੰਮਣ ਲਈ ਬਾਜ਼ਾਂ ਦੇ ਖੰਭਾਂ ਨੂੰ ਲਰਜ਼ਦੇ
ਬ੍ਰਹਿਮੰਡਾਂ ਦੀ ਕੁੱਲ ਚੁੱਪ ਨੂੰ ਸਿਰਜਦੇ
ਨਵੇਂ ਨਵੇਂ ਵੇਗਾਂ 'ਤੇ ਚੜ੍ਹਕੇ ਗਰਜਦੇ !!

ਕਦੇ ਅਰਦਾਸ ਦੇ ਹੱਥ ਲੰਮੇ
ਅਗੰਮ ਅੰਬਰਾਂ ਨੂੰ ਅੱਥਰੂ ਸਮਝ ਕੇ
ਸ਼ਹੀਦਾਂ ਦੇ ਨੈਣਾਂ ਨਾ' ਲਾਂਦੇ।
ਕਦੇ ਨੈਣ ਅਸਗਾਹ ਨਬੀਆਂ ਦੇ
ਮੰਜ਼ਲਾਂ ਦੀ ਇਕ ਇਕ ਰਮਜ਼ 'ਚੋਂ
ਕੋਟਾਂ ਹੀ ਜਲਵੇ ਇਲਾਹੀ ਵੇਖਦੇ।
ਇਹ ਕੀ ?
ਨੈਣ ਅਸਗਾਹ ਸ਼ਹੀਦਾਂ ਦੇ
ਇਕ ਬੂੰਦ ਵਲ ਤੁਰਦੇ
ਝੱਲਦੇ ਘੱਲੂਘਾਰਿਆਂ ਦੇ ਜ਼ਖਮ ਨੂੰ
ਲਹੂ ਦੀ ਇਕ ਇਕ ਬੂੰਦ 'ਤੇ।
ਇਹ ਕੀ ?
ਰੋਮ ਰੋਮ ਵਿਚ ਫੜਕਣਾ, ਉੱਡਣਾ,
ਬੇਹਾਲ ਸੀਨੇ 'ਤੇ ਝੱਲਣੇ
ਵੈਰਾਗ ਕੁੱਲ ਸ਼ਹੀਦਾਂ ਦੇ।
ਕਦੇ ਆਦਿ-ਜੁਗਾਦਿ ਦੇ ਸੀਨੇ 'ਤੇ
ਘੱਲੂਘਾਰਿਆਂ ਦੀ ਤੇਗ ਨੂੰ ਰੱਖਣਾ;


WWW.SIKHBOOKCLUB.COM

ਇਕ ਪਲ ਸੌਂ ਜਾਣਾ ਬੇਸਿਦਕੀਆਂ ਦੀ ਨੀਂਦ,
ਪਰ ਸੌਣ ਨਾਂਹ ਦੇਂਦੀ
ਫੜਫੜਾਹਟ ਬਾਜ਼ ਦੇ ਪੰਖਾਂ ਦੀ।

ਮੇਘ-ਨਾਦ ਭਾਰੀ
ਰਹਿਮਤਾਂ ਦੇ ਜ਼ੋਰ ਵਾਲਾ
ਬਾਦਸ਼ਾਹ ਦਰਵੇਸ਼ ਦੇ ਚਰਨਾਂ 'ਚੋਂ ਡਿੱਗ ਕੇ
ਉਤਰਦਾ ਘੱਲੂਘਾਰਿਆਂ ਦੀ ਤੇਗ ਦੇ ਜਸ਼ਨ 'ਤੇ।
ਹੱਥ ਲੰਮੇ ਬਲੀ ਗ਼ਜ਼ਬ ਦੇ ਕਰਕੇ
ਡਾਢੇ ਪੰਜੇ 'ਤੇ ਥੰਮ ਲਏ
ਆਦਿ-ਜੁਗਾਦਿ ਦੇ ਸੂਰਜ!

ਵੱਡੇ ਘੱਲੂਕਾਰਿਆਂ ਦੀ ਤੇਗ ਦਾ ਜਸ਼ਨ ਹੁੰਦਾ,
ਕੋਈ ਜਲਾਲ ਧਮਕਦਾ ਡੂੰਘੇ ਸਮੁੰਦਰੀਂ—
ਇਹ ਜੋ ਤੇਗ ਅਬਦਾਲੀਆਂ 'ਤੇ ਕਟਕਦੀ
ਇਹ ਬਿਨਸਨਹਾਰ ਨ੍ਹੇਰ ਦੀ ਕਾਂਇਆਂ 'ਤੇ
ਯੁਗਾਂ ਯੁਗਾਂ ਦੇ ਤਪਾਂ ਦਾ
ਤੇਜ ਸੁੱਟ ਦੇਵੇ।

ਬਾਜ਼ਾਂ ਦੇ ਵਾਂਗ ਨ੍ਹੇਰ ਦਾ ਸੀਨਾ
ਘੱਲੂਕਾਰਿਆਂ ਦੀ ਤੇਗ ਵਲ ਫੜਫੜਾਉਂਦਾ,
ਜਿੱਥੇ ਤੜਪ ਹੈ ਉਥੇ ਹੀ ਤੜਪਦਾ;
ਬੂੰਦ ਬੂੰਦ ਦੇ ਆਸਨ ਤੇ ਬਰਸ ਅਸੰਖਾਂ
ਸ਼ਹੁ ਦਰਿਆਵਾਂ ਦੇ ਜ਼ੋਰ ਨੂੰ ਝੱਲਦਾ।
ਇਸ ਅਜੈ ਤੇਗ ਦੇ ਜਸ਼ਨ ਅੰਦਰ
ਦੈਵੀ ਕ੍ਰਾਂਤੀਆਂ ਦੇ ਹੜ੍ਹ ਪਏ ਦੌੜਦੇ
ਝਿਲਮਿਲਾਉਂਦੇ ਤੇ ਨੱਚਦੇ।

ਗਿਆਨ-ਗੰਭੀਰਤਾ ਦੇ ਅਜਿੱਤ ਪਰਬਤਾਂ 'ਤੇ ਸੁੱਤਾ
ਤੇਗ ਦੀ ਧਾਰ ਅਡੋਲ ਦਾ ਰੌਦਰ;
ਚੌਦਾਂ ਤਬਕਾਂ ਦੀਆਂ ਸਮਾਧੀਆਂ 'ਚ ਡੁੱਬਦੀ
ਉਸ ਦੇ ਤਪਾਂ ਦੀ ਗਰਜ ਰੂਹਾਨੀ;
ਉਸ ਦੀ ਧਾਰ ਅਡੋਲ ਦੇ ਦੁਆਲੇ
ਘੱਲੂਕਾਰਿਆਂ ਦੀ ਭਬਕ ਦੇ ਭੈ ਵਿਚ ਨੱਚਦੇ,
ਸ਼ੀਹਾਂ ਦੀ ਹਿੰਸਾ ਬਾਲ ਕੇ ਗਗਨ ਵਲ ਸੁੱਟਣ,
ਜਾਗੇ ਜੋ ਪ੍ਰਾਚੀਨ ਤਕ ਵਜਦ ਪਰਬਤਾਂ ਦੇ।


WWW.SIKHBOOKCLUB.COM

ਗੁੰਮਨਾਮੀਆਂ ਦੇ ਸਾਗਰ 'ਚ ਲਹਿੰਦੀਆਂ
ਮੌਤ-ਥਰਕਣਾਂ ਦੇ ਸੀਨੇ
ਲਰਜ਼ਦਾ ਜਿਸਮ ਜਮਾਲ ਦਾ
ਅਪਕੜ ਦਿਸਹੱਦੇ ਨਜ਼ਰ ਵਿਚ ਬੰਨ੍ਹੀ।
ਗੁੰਮਨਾਮੀਆਂ ਦੇ ਸਾਗਰ 'ਚ ਬਿੱਜਲੀਆਂ ਵਾਂਗੂੰ
ਪ੍ਰਭਾਤਾਂ ਦਾ ਕਟਕ ਪੈਂਦਾ
ਆਖ਼ਰੀ ਨਿਰਹੋਂਦ ਦੇ ਸੀਸ 'ਤੇ।
ਭੈਅ, ਆਨੰਦ, ਵਿਸਮਾਦ ਦੇ ਬਾਣਾਂ 'ਚ ਛੁੱਟਦਾ
ਹੁਕਮ ਦਾ ਕਹਿਰ ਭਾਰੀ;
ਅਜਬ ਬਲਕਾਰੀ,
ਤੇਗ ਤੀਰ ਤੋਂ ਵਾਰੀ!

ਇਹ ਕੀ ?
ਲਹੂ-ਲੁਹਾਣ ਨੌਂਹਦਰਾਂ ਦੇ ਜਾਲ ਨੂੰ ਤੋੜ ਕੇ
ਕੰਵਲ ਜਿਉਂ ਲਿਸ਼ਕੀ, ਧ੍ਰੂਵ ਤਾਰੇ ਜਿਉਂ ਸਿਰ 'ਤੇ ਖੜੀ,
ਮਹਾਂ ਨਿਰਹੋਂਦ,
ਬ੍ਰਹਿਮੰਡ ਦਾ ਲੁਕਿਆ ਆਖਰੀ ਬੋਲ!
ਤੇਗ ਜਿਉਂ ਉੱਠੀ
ਸਿੰਘ ਦਰਵੇਸ਼ਾਂ ਦੇ ਹੱਥਾਂ 'ਚ ਲਿਸ਼ਕ ਪਈ
ਇਹ ਮਹਾਂ ਨਿਰਹੋਂਦ!
ਮਜ਼੍ਹਬਾਂ ਦੇ ਨਵੇਂ ਜਨਮ ਨੇ ਹੈਰਾਨ ਹੋ ਤੱਕਿਆ
ਮੰਜ਼ਿਲਾਂ ਦੇ ਮਸਤਕ 'ਚ ਖੁਭਿਆ ਸਿਤਾਰਾ।

ਅੰਮ੍ਰਿਤ ਵੇਲੇ ਦੇ ਬ੍ਰਿਛਾਂ ਤੋਂ
ਲੱਖਾਂ ਕੋਇਲਾਂ ਦੇ ਰੁਦਨ ਸੰਗ ਛਲਕਦੀ
ਅਜ਼ਾਨ ਤੋਂ ਲੰਮੀ ਅਕਾਲ ਦੀ ਬਾਣੀ।
ਸਚਮੁੱਚ ਹਨੇਰੀਆਂ ਵਾਂਗ ਉੱਡੀ
ਸ਼ਮਸ਼ੀਰ ਕਾਲ ਕਾਲਾਂ ਦੀ,
ਉਸ ਪਾਰ ਦੇ ਗਗਨ ਨੂੰ ਚੁੰਮ੍ਹਦੀ;
ਜਿੱਥੇ ਨਾਮ ਦੀ ਕੂਕ ਦਿੰਦੇ
ਲੱਖਾਂ ਫ਼ਕੀਰ ਗੁਰੂ ਦੇ ਬੇਟੇ
ਸ਼ਹੀਦੀਆਂ ਦੇ ਕਫ਼ਨ ਬੰਨ੍ਹ ਕੇ ਬੈਠੇ।
ਉੱਡ ਉੱਡ, ਧਾਹ ਧਾਹ
ਨਾਮ ਦੀ ਕੂਕ ਹਨੇਰੀਆਂ ਨੂੰ ਚੁੰਮ੍ਹਦੀ


WWW.SIKHBOOKCLUB.COM

ਜਿਉਂ ਮੋਰ ਦੀਆਂ ਕੂਕਾਂ
ਡੰਗ ਮਾਰਨ
ਬਾਂਵਰੇ ਸਾਵਨ ਦੇ ਸੀਨੇ 'ਤੇ।

ਨਾਮ-ਕੂਕ ਜਦ ਮਹਾਂ ਧਰਵਾਸ ਦੀ ਉੱਠੀ
ਮੋਇਆਂ ਦੇ ਸਿਸਕਦੇ ਰਣਾਂ ਦੇ ਸੀਨੇ 'ਚੋਂ,
ਗੀਤਾਂ ਦੇ ਆਵੇਸ਼ ਜਿਉਂ ਉਠਦੇ ਤਾਰਿਆਂ ਵਾਂਗੂੰ
ਸ਼ਹੀਦਾਂ, ਪੈਗ਼ੰਬਰਾਂ, ਜਪੀਆਂ ਨੇ ਚਮਕਾਂ ਮਾਰੀਆਂ।
ਦੀਨ-ਦੁਖੀਆਂ ਦੇ ਦੁਆਰ 'ਤੇ
ਮੌਤ ਦੇ ਖ਼ੂਨ-ਲਿਬੜੇ ਖ਼ੰਜਰ ਤੋਂ ਉੱਤਰੀ
ਅਸੰਖਾਂ ਹੀ ਅੰਮ੍ਰਿਤ ਵੇਲਿਆਂ ਦੀ ਛਾਂ।
ਤਾਂ ਤਰਸਵਾਨ ਵਲੀ ਕੋਈ ਸੂਰਮਾ
ਸ਼ਹੀਦਾਂ ਲਈ ਯੁਗਾਂ ਤੋਂ ਗੱਡੀਆਂ
ਸੂਲੀਆਂ ਤੋਂ ਉਤਰ ਕੇ, ਹੱਥ ਧਰਵਾਸ ਦਾ
ਲਹੂ-ਲੁਹਾਣ, ਨੌਂਹਦਰਾਂ ਕਿੱਲਾਂ ਨੇ ਵਿੰਨ੍ਹਿਆ,
ਦੀਨ-ਦੁਖੀਆਂ ਦੇ ਸੀਸ 'ਤੇ ਰੱਖਦਾ।
ਕੈਸਾ ਕਮਾਲ ਕਿ ਹਸਤ ਪੈਗ਼ੰਬਰੀ ਵਿਗਸਣ
ਹਿੰਸਾ ਦੇ ਕਰਮ ਦੀ ਖ਼ੰਜਰ ਦੇ ਹੇਠਾਂ।

ਕਿੱਥੇ ਅਜ਼ਾਨ ਤੋਂ ਲੰਮੇ ਜੈਕਾਰੇ
ਲਾਉਣ ਪਏ ਲੱਖਾਂ ਸਿੰਘ ਦਰਵੇਸ਼ ?
ਕਿੱਥੇ ਸ਼ਾਂਤ ਅਨੁਰਾਗ
ਕਾਲ ਦੀਆਂ ਚੜ੍ਹੀਆਂ ਹਨੇਰੀਆਂ ਦੇ ਸਾਹਮਣੇ
ਅਸੰਖ ਤਾਰਿਆਂ ਦਾ ਗੁੱਝਾ ਡੰਗ ਚਮਕਾਉਂਦਾ ?
ਤੇ ਬਰਸ ਅਸੰਖਾਂ ਦੀ ਪ੍ਰਾਚੀਨ ਬਾਣੀ
ਬਖ਼ਸ਼ਦੀ ਕਿੱਥੇ ਕਣ ਕਣ ਨੂੰ ਸ਼ਹਿਨਸ਼ਾਹੀਆਂ ?
ਫ਼ਰਿਹਾਦ ਦੇ ਪਰਬਤਾਂ ਦੀਆਂ ਵਿਸ਼ਾਲ ਛਾਤੀਆਂ
ਇਲਾਹੀ ਤਖ਼ਤਾਂ ਦੇ ਵਾਂਗ ਦਿਲਾਂ ਹੇਠ ਰੱਖੀ
ਕਿੱਥੇ ਥਰਕਦਾ ਜਾਪ ਹੈ ਨਦੀਆਂ ਦਾ ?
ਕਿੱਥੇ ਅਸੰਖ ਬਰਸਾਂ
ਖ਼ੂਨੀ ਜਨੌਰਾਂ ਜਿਉਂ ਗਰਜਕੇ ਅਨੰਤ ਦੇ ਪੈਂਡੇ
ਨੈਣ ਭਰ ਆਏ
ਉਦਿਆਨ-ਨੌਂਹਦਰਾਂ ਤੇ ਤੱਕ ਕੇ
ਮਾਸੂਮਾਂ ਦੀ ਰੱਤ ਦੀ ਇੱਕੋ ਹੀ ਬੂੰਦ ਨੂੰ ?
ਕਿੱਥੇ ਸੰਧ ਕਾਰਵਾਨਾਂ ਦੀ
ਬੇਰਾਹ ਗਾੜ੍ਹੀਆਂ ਧੂੜਾਂ ਦੇ ਓਹਲੇ


WWW.SIKHBOOKCLUB.COM

ਪੌੜਾਂ ਦੀ ਧਮਕ ਨੂੰ ਝੱਲਦਾ
ਨਿਰਵਾਨ-ਆਨੰਦ ਦਾ ਸੀਨਾ;
ਜਿਉਂ ਧਾਹ ਕੇ ਕਲੇਜੇ ਨਾ' ਲੱਗਣ
ਲੁੱਡੀਆਂ ਪਾਉਂਦੀਆਂ ਲੱਖਾਂ ਜੁਆਨੀਆਂ।

ਸਿੰਘ ਸ਼ਹੀਦਾਂ ਦੀ ਰਮਜ਼ ਇਉਂ ਜਿਸ ਤਰ੍ਹਾਂ:
ਰਾਮ ਦੇ ਇਸ਼ਕ ਦੀ ਇੰਤਹਾ ਵੇਖਦਾ
ਸੀਨਾ ਵਿਰਾਟ ਹਨੂਵੰਤ ਦਾ ਪਾਟਕੇ
ਸ੍ਰਿਸ਼ਟੀਆਂ ਦੀ ਰੱਤ ਨਾਲ ਚੁੰਮ੍ਹਦਾ
ਘੱਲੂਕਾਰਿਆਂ ਦੀ ਤੇਗ ਪੈਗ਼ੰਬਰੀ
ਜੋ ਲੱਖਾਂ ਅਜ਼ਾਨਾਂ ਦੇ ਵੇਗ ਨੂੰ ਚੁੱਕਦੀ
ਮਿਅਰਾਜਾਂ ਨੂੰ ਚੀਰਦੀ।
ਜਾਗੇ ਸਿੰਘ ਦਰਵੇਸ਼
ਚੁੱਕ ਕੇ ਘੱਲੂਕਾਰਿਆਂ 'ਚੋਂ ਫੁੱਟੀ
ਬ੍ਰਹਿਮੰਡਾਂ ਨੂੰ ਮਿਲਦੀ ਪ੍ਰਭਾਤ ਦੀ ਤੇਗ ਨੂੰ।
ਮਾਰ ਕਿਲਕਾਰੀਆਂ
ਅਸਲੋਂ ਨਵੇਂ ਜਨਮ ਵਿਚ ਆਏ ਤਾਰਿਆਂ ਵਾਂਗੂੰ
ਲਿਸ਼ਕੋਰਦੇ ਪਰਬਤਾਂ ਦੇ ਬਾਜ਼ੂ।
ਵਜਦ ਦੇ ਇੱਕੋ ਹੀ ਛਿਣ ਤੇ ਚੁੱਕਦੇ
ਮੌਤ-ਨਾਦ ਨਾਲ ਭਰੀਆਂ
ਯੁਗਾਂ ਜੇਡੀਆਂ ਕੰਦਰਾਵਾਂ।
ਫੁੱਲਾਂ ਦੇ ਸਾਹਮਣੇ
ਧਰਵਾਸ ਦੇ ਆਲਮ ਨੂੰ
ਪਰਬਤਾਂ ਵਾਂਗ ਬੰਨ੍ਹਦੇ;
ਫਿਰ ਨੰਨ੍ਹੀ ਜਾਨ 'ਤੇ
ਲੱਖਾਂ ਵਣਾਂ ਦੇ ਬਿਖਮ ਰਾਹ ਲੈਕੇ ਲਟਕਦੇ।

ਖ਼ੂਨੀ ਘੱਲੂਕਾਰਿਆਂ 'ਚੋਂ ਉਠਦੀ ਅਰਦਾਸ
ਹਿੰਸਾ ਹੁਸੀਨ ਨੂੰ ਸੀਨੇ 'ਤੇ ਛੋਹ;
ਰੂਹਾਨੀਅਤ ਦੇ ਸਾਬਤ ਵਜਦ ਵਿਚ ਗੁੰਮਦੀ,
ਨਿਰਲੇਪ ਛਿਣ ਚੁੰਮ੍ਹਦੀ,
ਹਨੇਰੀਆਂ ਹੋ ਧੁੰਮਦੀ!
ਸੂਲੀਆਂ 'ਤੇ ਲਟਕਦੇ ਸ਼ਹੀਦ ਜਗਾਉਂਦੀ
ਮਿੱਟੀ 'ਚ ਸੈਆਂ ਯਾਦਗਾਰਾਂ ਇਲਾਹੀ
ਤਾਰੀਖ਼ਾਂ ਦੇ ਸੈਆਂ ਇਕਰਾਰ ਛੁਪਾਉਂਦੀ


WWW.SIKHBOOKCLUB.COM

ਸੂਰਜ ਚੜ੍ਹਾਣ ਵਾਲਾ
ਫਣ-ਖਿਲਾਰਦਾ ਬਾਣ ਉਡੀਕਦੀ ?
ਅੰਮ੍ਰਿਤ ਵੇਲਿਆਂ ਦੀਆਂ ਛਾਵਾਂ ਚੁੱਕਦਾ
ਕਿੱਥੇ ਜਗਤ ਬਨਵਾਰੀ
ਨੈਣ ਭਰ ਖੜਾ ਸਰਹਾਣੇ ਵੇਖਦਾ
ਘਾਇਲ ਸਿਸਕਦੇ ਰਣ ਦੀ ਮੂਰਛਾ ?
ਕਿੱਥੇ ਅਰਥ ਅਬਿਨਾਸ਼ੀ ਦੇ ਪੰਡਤ
ਮੌਤ ਦੇ ਦਰ 'ਤੇ ਸੁੱਤਿਆਂ ਦੇ ਵਿਰਦ ਨੂੰ
ਪਾ ਕੇ ਅਮਰ ਹੋਣ ਲਈ ਭਟਕਦੇ ?
ਬਸ ਇਕ ਹਰਫ਼ ਨੂੰ ਜਾਨਣ ਲਈ
ਚੁੰਮ੍ਹਦੇ ਤੇਗਾਂ ਜੱਲਾਦਾਂ ਦੀਆਂ।
ਅਰਥ ਅਬਿਨਾਸ਼ੀ ਦੀ ਚੁੱਪ ਦੇ ਖੋਜੀ
ਮੋਇਆਂ ਦੇ ਸਬਰ ਨੂੰ ਵੇਖਣ ਲਈ
ਮੌਤ ਦੇ ਸੂਹਿਆਂ ਤੰਬੂਆਂ ਦੇ ਕੋਲ
ਸੁੱਟ ਕੇ ਆਸਨ ਅਡੋਲ ਵੇ ਸੂਰਜ
ਪਰਮ ਤਪਾਂ ਦੀ ਹਿੰਸਾ ਨੂੰ ਬਾਲ ਕੇ
ਵੇਖਦੇ ਮੌਤ-ਸਿਮਰਣ ਦੇ ਏਕੋ ਹਰਫ਼ ਨੂੰ !

ਅਨੰਤ ਦੇ ਸੱਚੇ ਤਖਤ ਤੇ ਬੈਠੇ
ਪਿਆਰੇ ਨੂੰ ਸੱਦਾਂ ਦੇਂਵਦੇ ਸਿੰਘ ਦਰਵੇਸ਼।
ਸਿਖਰ ਦੁਪਹਿਰਿਆਂ 'ਚ
ਨਵੇਂ ਬ੍ਰਹਿਮੰਡ ਬਣਾਉਂਦੇ ਸਿਤਾਰਿਆਂ ਤੀਕਨ
ਅਜ਼ਾਨਾਂ ਤੋਂ ਲੰਮੇ ਜੈਕਾਰੇ ਮਾਰ ਕੇ
ਜੱਲਾਦਾਂ ਦੀਆਂ ਛੁਰੀਆਂ ਦੇ ਹੇਠੋਂ
ਪ੍ਰਭਾਤਾਂ ਜਗਾਉਂਦੇ।
ਪਾੜ ਕੇ ਸੂਰਜ ਦੀ ਕਲਪਨਾ, ਕੌਲ ਤੇ ਸੁਪਨੇ,
ਪਿਆਰੇ ਦੇ ਚਰਨ ਨੂੰ ਚੁੰਮ੍ਹਣ ਦੀ ਤਿਖਾ ਲੈ,
ਅਣਵੇਖੀਆਂ ਮੰਜ਼ਿਲਾਂ ਵਲ ਤੇਗਾਂ ਵਰ੍ਹਾਉਂਦੇ।

ਸ਼ਹੁ ਦਰਿਆਵਾਂ ਦੇ ਸੀਨੇ
ਬਲੀ ਤਪਾਂ ਦਾ ਸੁੰਮ ਖੜਕਦਾ।
ਅਜ਼ਲ ਦੇ ਵਹਿਣਾਂ ਦੇ ਸਾਹਮਣੇ
ਅਗਨੀਆਂ ਦੀ ਖ਼ੰਜਰ ਮਾਰ ਕੇ
ਸਿੰਧਾਂ ਦੇ ਸਿੰਧ ਚਮਕਾਂਵਦਾ

WWW.SIKHBOOKCLUB.COM

ਜੋ ਜਾਗਣੇ ਕਦੇ ਮਸੀਹਾ ਦੇ ਵਾਂਗ
ਜੋ ਵਿਰਾਟ ਭਵਿੱਖ-ਭਵਾਨ ਵਿਚ ਚਮਕਣੇ
ਜੋ ਬੱਜਰ ਅਤੀਤ ਦੇ ਮਸਤਕ 'ਤੇ ਵੱਜਣੇ।

## —7—
## (ਅਸੀਸ)

ਦੂਰ ਦੁਪਹਿਰਾਂ 'ਚ ਰਬਾਬ ਦੀ ਅੱਗ 'ਚੋਂ
ਨਮੋ-ਨਾਦ ਦਾ ਭੀਸ਼ਣ ਨਜ਼ਾਰਾ
ਚਮਕਦੇ ਤਾਜ ਲੈ ਮੌਤ ਨੂੰ ਵੰਗਾਰੇ:
"ਏਥੋਂ ਦੀਦਾਰ ਫੁੱਟੇਗਾ, ਲਹੂ ਦੀ ਸੂਹੀ ਗੁਲਜ਼ਾਰ ਦਾ,
ਏਥੋਂ ਆਵਾਜ਼ ਆਉਣੀ, ਮਾਹੀ ਦੀ ਚੁੱਪ ਦੀ,
ਅਰਜ਼ ਦੇ ਸੱਥਰ 'ਤੇ ਸੁੱਤਿਆਂ ਸ਼ਹੀਦਾਂ ਨੂੰ
ਏਥੇ ਜਗਾਉਣ ਆਉਣਾ, ਤਾਰਿਆਂ-ਭਿੱਜੀਆਂ ਪੌਣਾਂ ਨੇ।
ਏਥੇ ਬੇਦਾਵੇ ਨੂੰ ਸਜਦਾ ਕਰਨ ਲਈ
ਮਾਹੀ ਦੇ ਤੀਰ 'ਤੇ ਲੱਖਾਂ ਸੁਆਲ ਚਮਕਣੇ।
ਬੇਦਾਵੇ ਦੇ ਅੱਖਰਾਂ 'ਤੇ ਝੁਕ ਝੁਕ
ਸ਼ਮਸ਼ੀਰਾਂ ਨੇ ਮੁੜ ਮੁੜ ਸਲਾਮਾਂ ਕਰਨੀਆਂ।
ਇਹ ਰੋਹੀਆਂ 'ਚ ਸੋਹਣੇ ਦੀ ਚੁੱਪ ਨੂੰ
ਬੇਦਾਵੇ ਦੇ ਅੱਖਰਾਂ ਨੂੰ ਅਰਪਨ ਕਰਨ ਲਈ
ਕਿਤੋਂ ਨ ਇਕ ਵੀ ਅੱਥਰੂ ਥਿਆਉਣਾ!"

ਸੁਣੋ! ਸੁਣੋ! ਸੰਜੋਗ ਦੀ ਬਾਣੀ
ਮੌਤ ਜਿਸਦੇ ਅੱਥਰੂ 'ਚ ਸੁੱਤੀ
ਜਿਸਦੇ ਕੰਧਿਆਂ 'ਤੋਂ ਉੱਡ ਉੱਡ ਪੰਛੀ
ਨਦੀਆਂ ਦੇ ਪੱਤਣੀਂ ਸਬਰ ਦਾ ਰਿਜ਼ਕ ਲਿਆਉਂਦੇ।
ਇਸ ਰਿਜ਼ਕ ਵਿਚ ਸਿਮਟਿਆ
ਅੱਗ ਵਿਚ ਮੱਤਾ
ਵਿਜੋਗ ਰੁੱਤ ਦਾ ਬੀਜ ਕੋਈ ਉੱਜਲ।
ਮੁਰੀਦਾਂ ਦਾ ਰੁੱਸਣਾ
ਸ਼ਹੀਦੀਆਂ ਦਾ ਆਗਮ ਹੈ;
ਪਛਤਾਵੇ ਦੇ ਨਾਲ ਜਦ ਨੂਰੀ ਹੁੰਦੀਆਂ
ਬ੍ਰਹਿਮੰਡਾਂ ਦੀਆਂ ਸੱਭੇ ਇਕੱਲਾਂ,
ਰੋਹੀਆਂ 'ਚ ਰੋਂਦੇ ਮੁਰੀਦ ਯਾਦ ਕਰ ਭੁੱਲਾਂ,


WWW.SIKHBOOKCLUB.COM 

ਤਾਂ ਸਤਿਗੁਰਾਂ ਦੀ ਅਸੀਸ ਮਾਂ ਦੇ ਵਾਂਗ ਆਵੇ।
ਚੁੱਪ ਨਿਆਰੀ ਦੀ ਅੱਗ ਲੈ
ਲਿਪਟਦਾ ਸਬਰ ਸ਼ਹੀਦਾਂ ਦੀ ਰੱਤ ਦੁਆਲੇ।

ਦੂਰ ਦੁਪਹਿਰਾਂ 'ਚ ਗਾਵੇ
ਪਿਆਰੇ ਦੇ ਦੇਸ ਦਾ ਉੱਜਲ ਰਬਾਬੀ।
ਸੂਰਜਾਂ ਦੇ ਭੱਠ 'ਚੋਂ ਸ਼ੋਰ ਸੁਣਦਾ
ਮਾਰੋ ਮਾਰ ਦਾ ਚੜ੍ਹਿਆ ਹਜੂਮ।

ਮੁਰੀਦਾਂ ਦੀਆਂ ਅੱਖੀਆਂ
ਵਹਾਉਂਦੀਆਂ ਬੇਮੁਹਾਰੇ ਅੱਥਰੂ—
ਚੁੱਪ ਵਿਚ ਚੁੱਪ ਦਾ ਜ਼ੋਰ ਹੀ ਧੁੰਮਦਾ!

ਸ਼ਹਾਦਤਾਂ ਦੇ ਸੁਪਨਿਆਂ ਦੇਸ ਆਬਾਦ ਕੀਤਾ
ਔਹ ਆ ਰਿਹਾ ਜਿੰਦ ਦੇ ਕੌਲ ਦਾ ਆਸਰਾ
ਆ ਰਿਹਾ ਘਾਇਲ ਮੁਰੀਦਾਂ ਨੂੰ ਚੁੰਮਣ।

x x x x x


WWW.SIKHBOOKCLUB.COM

# 12

# ਤਿੰਨ ਦੁਆਵਾਂ

## (ਸਾਈਂ ਮੀਆਂ ਮੀਰ ਦੀ ਦੁਆ)

ਉਜੜੇ ਪਾਕ ਸਰੋਵਰ ਉੱਤੇ
ਅੱਥਰੂ ਭਰੇ ਸ਼ਹੀਦਾਂ।
ਕੁੱਲ ਤਬਕਾਂ ਵਿਚ ਰਾਖ ਉਡੰਦੀ
ਬਖ਼ਸ਼ਣਹਾਰ ਨ ਦੀਦਾਂ।
ਪੁਲਿ-ਸਰਾਤ ਹੈ ਚੀਕ ਗਰਕਿਆ
ਸਮਾਂ ਗੁਨਾਹ ਦਾ ਜਾਮਾ,
ਇਕ ਪੁਨੀਤ ਇੱਟ ਦੀ ਨੀਂਹ 'ਤੇ
ਮੀਰ ਨੂੰ ਅਜੇ ਉਮੀਦਾਂ।

•

## (ਸੁੱਖਾ ਸਿੰਘ ਦੇ ਜਾਨਸ਼ੀਨ ਦੀ ਦੁਆ)

ਰੋ ਬੇਅੰਤ ਨੇ ਸਜਦੇ ਕੀਤੇ,
ਘਾਇਲ ਬੇਰੀਆਂ ਥੱਲੇ।
ਕਾਹਨੂੰਵਾਨ[1] ਦੇ ਫੇਰ ਅਲੰਬੇ,
ਸੀਸ ਨਿਮਾਣੇ ਝੱਲੇ।
"ਵਿਸ਼-ਰਿੜਕਦੀ ਜੀਭ ਨੇ ਘੇਰੇ,
ਕੌਮ ਦੇ ਭੋਲੇ ਨੀਂਗਰ;
ਕਹਿੰਦਾ: "ਤੀਰ[2] ਮੁਰੀਦ ਨੂੰ ਬਖਸ਼ੋ,
ਨਾਲ ਮੇਰੇ ਜੋ ਚੱਲੇ।"

•

---

1. ਛੋਟੇ ਘੱਲੂਘਾਰੇ ਸਮੇਂ ਕਾਹਨੂੰਵਾਨ ਦੇ ਜਲਦੇ ਜੰਗਲਾਂ ਵਿਚ ਘਿਰੇ ਸਿੰਘਾਂ ਦੀ ਯਾਦ ਦੇ ਦ੍ਰਿੱਸ਼ ਦਾ ਹਵਾਲਾ।
2. ਬੰਦੇ ਬਹਾਦਰ ਨੂੰ ਕਲਗੀਧਰ ਦੇ ਪੰਜ ਤੀਰ ਬਖ਼ਸ਼ਣ ਦੀ ਘਟਨਾ ਦਾ ਹਵਾਲਾ।


WWW.SIKHBOOKCLUB.COM

## (ਕਵੀ ਦੀ ਦੁਆ)

ਜਦੋਂ ਅਕਾਲ ਤਖਤ ਦੇ ਖੰਡਰ,
ਰੋ ਬੇਅੰਤ ਨੇ ਦੇਖੇ;
ਝੁਕ ਕੀਤੇ ਅਸਮਾਨ ਨੇ ਸਾਡੇ
ਤਿੰਨ[1] ਸਦੀਆਂ ਦੇ ਲੇਖੇ।
ਜ਼ੋਰ ਅਥਾਹ ਬਾਜ਼ ਦੇ ਸੀਨੇ
ਚੀਰ ਮਿਅਰਾਜਾਂ[2] ਉੱਡੇ,
ਸਿਦਕ ਸ਼ਹੀਦ ਦਾ ਸਾਂਭ ਕੇ ਰੱਖੀਂ
ਸੁਬਕ ਸਮੇਂ ਦੀਏ ਰੇਖੇ।

*(ਦਸੰਬਰ 1984)*

•

---

1. ਕਲਗੀਧਰ ਦੇ ਆਨੰਦਪੁਰ ਛੱਡਣ ਤੋਂ ਅੱਜ ਤਕ ਦਾ ਲਗ ਪਗ ਸਮਾਂ।
2. ਮੁਹੰਮਦੀ ਉਡਾਣ ਨੂੰ ਚੀਰ ਜਾਣ ਵਾਲਾ ਇਲਾਹੀ ਬਾਜ਼।


WWW.SIKHBOOKCLUB.COM

# 13

# ਨੀਂਦਾਂ ਦਾ ਕਤਲ

## ਅਤੇ

# ਸ਼ਹੀਦ ਦਾ ਗਜ਼ਬ

ਕੌਮ ਸ਼ਹੀਦ[1] ਗੁਰੂ ਦੇ ਬੂਹੇ
ਕਰ ਸੁੱਤੀ ਅਰਦਾਸਾਂ।
ਡੈਣ ਸਰਾਲ[2] ਚੋਰ ਜਿਉਂ ਸਰਕੀ
ਲੈ ਕੇ ਘੋਰ ਪਿਆਸਾਂ।
ਹੱਥ ਬੇਅੰਤ[3] ਸਮੇਂ ਦੇ ਡਾਢੇ
ਕੋਹਣ ਕੁਪੱਤੀਆਂ ਡੈਣਾਂ,
ਲਹੂ ਸ਼ਹੀਦ ਦਾ ਲਟ ਲਟ ਬਲਿਆ
ਕਾਲ ਦੇ ਕੁੱਲ ਆਗਾਸਾਂ।

ਮੇਰੇ ਸ਼ਹੀਦ ਮਾਹੀ ਦੇ ਦਿਨ ਤੂੰ
ਸੁਣੀਂ ਕਪੁੱਤੀਏ ਨਾਰੇ।
ਕੌਮ ਮੇਰੀ ਦੇ ਬੱਚੜੇ ਭੋਲੇ
ਡੂੰਘੀ ਨੀਂਦ[4] 'ਚ ਮਾਰੇ।
ਜੋ ਜਰਨੈਲ[5] ਮਾਹੀ ਦੇ ਦਰ 'ਤੇ
ਪਹਿਰੇਦਾਰ ਪੁਰਾਣਾ,
ਮਹਾਂਬਲੀ ਸਮੇਂ 'ਤੇ ਬੈਠਾ
ਉਹ ਅਸਵਾਰ ਨ ਹਾਰੇ।

---

1. ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਹਾੜਾ।
2. ਲੋਕ ਬਾਤਾਂ ਵਿਚ ਸੁੱਤਿਆਂ ਦੇ ਸਾਹ ਪੀ ਜਾਣ ਵਾਲੀ ਨਾਗਣੀ।
3. ਪ੍ਰਤੀਕਮਈ ਵਰਤੋਂ।
4. ਡੰਕਨ (ਮੈਕਬਥ) ਦੇ ਕਤਲ ਵਾਂਗ ਸ਼ਹੀਦੀ ਦਿਹਾੜੇ ਉੱਤੇ ਹਮਲਾ, ਸੁੱਤਿਆਂ ਨੂੰ ਮਾਰਨ ਬਰਾਬਰ ਸੀ।
5. ਪ੍ਰਤੀਕਮਈ ਵਰਤੋਂ।


WWW.SIKHBOOKCLUB.COM

[1]ਨੀਂਦ 'ਚ ਨੀਂਦ ਜਹੇ ਬੱਚੜੇ ਖਾਵੇਂ
ਸੁਣ ਬੇਕਿਰਕ ਚੜੇਲੇ[2]।
ਸਮਾਂ ਪੁਰਸਲਾਤ ਜਿਉਂ, ਹੇਠਾਂ
ਦਗੇਬਾਜ਼ ਨੈਂ ਮ੍ਹੇਲੇ!
ਸੁੱਟ ਦੇਵੇਗਾ ਕੀਟ ਜਿਉਂ ਤੈਨੂੰ
ਕਹਿਰ ਬੇਅੰਤ ਦਾ ਝੁੱਲੇ;
ਤੋੜ ਤੇਰੇ ਰਾਜ ਦੇ ਬੂਹੇ
ਨਰਕ-ਨ੍ਹੇਰ ਵਿਚ ਠੇਲ੍ਹੇ।

ਕਟਕ ਅਕ੍ਰਿਤਘਣਾਂ ਦੇ ਧਮਕੇ
ਹਰਿਮੰਦਰ ਦੇ ਬੂਹੇ।
ਮੀਆਂ ਮੀਰ ਦਾ ਖ਼ੂਨ ਵੀਟ ਕੇ
ਕਰੇ ਸਰੋਵਰ ਸੂਹੇ।
ਦੂਰ ਸਮੇਂ ਦੇ ਗਰਭ 'ਚ ਸੁੱਤੇ
ਬੀਜ ਮਾਸੂਮ ਵਣਾਂ ਦੇ,
ਲੂਣ-ਹਰਾਮ ਦੀ ਨਜ਼ਰ ਪੈਂਦਿਆਂ
ਗਏ ਪਲਾਂ ਵਿਚ ਲੂਹੇ।

ਨਾਰ ਸਰਾਲ ਸਰਕਦਾ ਘੇਰਾ
ਹਰਿਮੰਦਰ ਨੂੰ ਪਾਇਆ।
ਰਿਜ਼ਕ ਫ਼ਕੀਰਾਂ ਵਾਲਾ ਸੁੱਚਾ
ਆ ਤਕਦੀਰ ਜਲਾਇਆ।
ਬੁੱਤ-ਪੂਜਾਂ ਦੇ ਸੀਨੇ ਦੇ ਵਿਚ
ਫਫੇਕੁੱਟਨੀ ਸੁੱਤੀ,
ਜਿਸ ਦੀ ਵਿਸ ਨੂੰ ਭਸਮ ਕਰਨ ਲਈ
ਤੀਰ ਬੇਅੰਤ ਦਾ ਆਇਆ।

---

1. ਮੈਕਬਥ ਵਿਚ ਸੁੱਤੇ ਡੰਕਨ ਦੇ ਕਤਲ ਨਾਲ ਮੁਕਾਬਲਾ ਕਰੋ।
2. ਇਹ ਅਤੇ ਹੋਰ ਬੰਦਾਂ ਵਿਚ ਲੋਕ ਬਾਤਾਂ ਦੀ ਚੜੇਲ, ਡੈਣ ਅਤੇ ਕੁਪੱਤੀ ਨਾਰ ਦੀ ਅਸਲੀਅਤ ਦੇ ਪ੍ਰਸੰਗ ਵਿਚ ਕੀਤੀ ਪ੍ਰਤੀਕਮਈ ਵਰਤੋਂ।


WWW.SIKHBOOKCLUB.COM

ਘਾਇਲ[1] ਹੋਏ ਹਰਿਮੰਦਰ ਕੋਲੇ
ਕਿੜਾਂ ਬੇਅੰਤ ਨੂੰ ਪਈਆਂ।
ਤੱਤੀ ਤਵੀ ਦੇ ਵਾਂਗ ਦੁਪਹਿਰਾਂ
ਨਾਲ ਨਾਲ ਬਲ ਰਹੀਆਂ।
ਮੀਆਂ ਮੀਰ ਦੇ ਸੁਪਨੇ ਦੇ ਵਿਚ
ਵਗੇ ਵਗੇ ਪਈ ਰਾਵੀ,
ਵਹਿਣ 'ਚ ਹੱਥ ਉਠੇ, ਸਭ ਲਹਿਰਾਂ
ਉਲਰ ਬੇਅੰਤ 'ਤੇ ਪਈਆਂ।

—ਸਮਾਪਤ—

1. ਇਸ ਰੁਬਾਈ ਵਿਚ ਸਮਕਾਲੀ ਤ੍ਰਾਸਦਿਕ ਸਥਿੱਤੀ, ਗੁਰੂ ਅਰਜਨ ਸਾਹਿਬ ਦੀ ਤੱਤੀ ਤਵੀ ਅਤੇ ਰਾਵੀ ਵਿਚ ਅਲੋਪ ਹੋਣ ਦੀ ਘਟਨਾ ਅਤੇ ਮੀਆਂ ਮੀਰ ਨਾਲ ਰਾਵੀ ਅਤੇ ਹਰਿਮੰਦਰ ਸਾਹਿਬ ਦੇ ਰਿਸ਼ਤੇ—ਇਕ ਸਾਂਝਾ ਅਰਥ ਦੇਣ ਲਈ ਇਕੱਠੇ ਹੋ ਗਏ ਹਨ।


WWW.SIKHBOOKCLUB.COM